# ਪੰਜਾਬੀ ਨਿਬੰਧਕਾਰੀ: ਵਿਧਾ-ਸ਼ਾਸਤਰੀ ਅਧਿਐਨ

## (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿੱਚ)

**Punjabi Nibandhkaari: Vidha-Shastri Adhyan**

**(Ikkivin Sadi De Duje Dahake De Vishesh Sandarbh Vich)**

A

Thesis

Submitted to

LOVELY PROFESSIONAL UNIVERSITY

Transforming Education Transforming India

For the award of

**DOCTOR OF PHILOSOPHY (PhD)**

**IN (PUNJABI)**

**By**

**Mandeep Khokhar**

**(Regd. No. 41400762)**

**Supervised by:** **Dr. Satwant Singh**

**Assistant professor**

**LOVELY FACULTY OF BUSINESS AND ARTS**

**LOVELY PROFESSIONAL UNIVERSITY**

**PUNJAB**

**2020**

# ਪੰਜਾਬੀ ਨਿਬੰਧਕਾਰੀ: ਵਿਧਾ-ਸ਼ਾਸਤਰੀ ਅਧਿਐਨ

## (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿੱਚ)

**Punjabi Nibandhkaari: Vidha-Shastri Adhyan**

**(Ikkivin Sadi De Duje Dahake De Vishesh Sandarbh Vich)**


**ਮਨਦੀਪ ਖੋਖਰ**

**ਰਜਿ. ਨੰ. 41400762**


**ਲਵਲੀ ਪ੍ਰਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ**

**ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ**

**ਪੀਐੱਚਡੀ (ਪੰਜਾਬੀ) ਦੀ ਡਿਗਰੀ ਹਿਤ ਪ੍ਰਸਤੁਤ**

**ਖੋਜ-ਪ੍ਰਬੰਧ**


**ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ**

**ਲਵਲੀ ਪ੍ਰਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ**


**2020**

# ਤਤਕਰਾ

**ਭੂਮਿਕਾ** (i-v)

**ਅਧਿਆਇ ਪਹਿਲਾ: ਨਿਬੰਧਕਾਰੀ ਅਤੇ ਪੰਜਾਬੀ ਨਿਬੰਧਕਾਰੀ: ਸਿਧਾਂਤਕ ਪਰਿਪੇਖ** (1-106)

1.1 ਜਾਣ ਪਛਾਣ

1.1.1 ਖੋਜ ਦਾ ਉਦੇਸ਼ (Objective/Scope of the Study)

1.1.2 ਖੋਜ-ਕਾਰਜ ਦੀ ਵਿਧੀ (Research Methodology)

1.1.3. ਖੋਜ ਨਾਲ ਸੰਬੰਧਿਤ ਪਹਿਲਾਂ ਹੋ ਚੁੱਕਿਆ ਕਾਰਜ (Review of Literature)

1.2. ਪੰਜਾਬੀ ਵਾਰਤਕ: ਸਿਧਾਂਤਕ ਤੇ ਇਤਿਹਾਸਕ ਪਰਿਪੇਖ

1.2.1 ਨਿਬੰਧ: ਸਿਧਾਂਤਕ ਪੱਖ

1.2.2 ਨਿਬੰਧ ਦਾ ਸਰੂਪ-ਵਿਧਾਨ

1.2.3 ਨਿਬੰਧ ਦਾ ਆਧੁਨਿਕ ਸਰੂਪ

1.2.4 ਨਿਬੰਧ ਦੇ ਲੱਛਣ

1.2.5 ਨਿਬੰਧ ਦੇ ਤੱਤ

1.2.6 ਨਿਬੰਧਾਂ ਦੀ ਪ੍ਰਕਾਰ ਵੰਡ

1.2.7 ਨਿਬੰਧ ਅਤੇ ਹੋਰ ਵਾਰਤਕ ਸਾਹਿਤਕ ਰੂਪ: ਅੰਤਰ-ਸੰਬੰਧ

1.2.8 ਵਿਧਾ-ਸ਼ਾਸਤਰੀ ਸਿਧਾਂਤਕ ਪਰਿਪੇਖ

1.2.9 ਆਧੁਨਿਕ ਪੰਜਾਬੀ ਵਾਰਤਕ ਦਾ ਆਰੰਭ ਤੇ ਵਿਕਾਸ

1.3 ਨਿਬੰਧਾਂ ਦੀ ਸਾਹਿਤਕ ਅਤੇ ਸਮਾਜਿਕ ਸਾਰਥਕਤਾ

1.3.1 ਨਿਬੰਧਕਾਰ: ਜੀਵਨ: ਰਚਨਾਵਾਂ

**ਅਧਿਆਇ ਦੂਜਾ: ਡਾ. ਅਮਰ ਕੋਮਲ ਦੀ ਨਿਬੰਧਕਾਰੀ: ਵਿਧਾ-ਸ਼ਾਸਤਰੀ ਅਧਿਐਨ** **(107-188)**

- ਵਿਸ਼ਾ-ਵਸਤੂ ਅਤੇ ਦ੍ਰਿਸ਼ਟੀਕੋਣ
- ਵਿਧਾਗਤ ਜੁਗਤਾਂ

ੳ) ਸ਼ੈਲੀਗਤ ਜੁਗਤਾਂ

ਅ) ਭਾਸ਼ਾਈ ਪ੍ਰਯੋਗ

ੲ) ਕਲਾ-ਜੁਗਤਾਂ

**ਅਧਿਆਇ ਤੀਜਾ: ਡਾ. ਕਰਨੈਲ ਸਿੰਘ ਸੋਮਲ ਦੀ ਨਿਬੰਧਕਾਰੀ: ਵਿਧਾ-ਸ਼ਾਸਤਰੀ ਅਧਿਐਨ** **(189-256)**

- ਵਿਸ਼ਾ-ਵਸਤੂ ਅਤੇ ਦ੍ਰਿਸ਼ਟੀਕੋਣ
- ਵਿਧਾਗਤ ਜੁਗਤਾਂ

ੳ) ਸ਼ੈਲੀਗਤ ਜੁਗਤਾਂ

ਅ) ਭਾਸ਼ਾਈ ਪ੍ਰਯੋਗ

ੲ) ਕਲਾ-ਜੁਗਤਾਂ

**ਅਧਿਆਇ ਚੌਥਾ: ਡਾ. ਅੱਛਰੂ ਸਿੰਘ ਦੀ ਨਿਬੰਧਕਾਰੀ: ਵਿਧਾ-ਸ਼ਾਸਤਰੀ ਅਧਿਐਨ** **(257-318)**

- ਵਿਸ਼ਾ-ਵਸਤੂ ਅਤੇ ਦ੍ਰਿਸ਼ਟੀਕੋਣ
- ਵਿਧਾਗਤ ਜੁਗਤਾਂ

ੳ) ਸ਼ੈਲੀਗਤ ਜੁਗਤਾਂ

ਅ) ਭਾਸ਼ਾਈ ਪ੍ਰਯੋਗ

ੲ) ਕਲਾ-ਜੁਗਤਾਂ

**ਅਧਿਆਇ ਪੰਜਵਾਂ: ਡਾ. ਸੁਰਿੰਦਰਪਾਲ ਸਿੰਘ ਮੰਡ ਦੀ ਨਿਬੰਧਕਾਰੀ: ਵਿਧਾ-ਸ਼ਾਸਤਰੀ ਅਧਿਐਨ (319-374)**

- ਵਿਸ਼ਾ-ਵਸਤੂ ਅਤੇ ਦ੍ਰਿਸ਼ਟੀਕੋਣ
- ਵਿਧਾਗਤ ਜੁਗਤਾਂ

ੳ) ਸ਼ੈਲੀਗਤ ਜੁਗਤਾਂ

ਅ) ਭਾਸ਼ਾਈ ਪ੍ਰਯੋਗ

ੲ) ਕਲਾ-ਜੁਗਤਾਂ

**ਅਧਿਆਇ ਛੇਵਾਂ: ਡਾ. ਹਰਸ਼ਿੰਦਰ ਕੌਰ ਦੀ ਨਿਬੰਧਕਾਰੀ: ਵਿਧਾ-ਸ਼ਾਸਤਰੀ ਅਧਿਐਨ (375-440)**

- ਵਿਸ਼ਾ-ਵਸਤੂ ਅਤੇ ਦ੍ਰਿਸ਼ਟੀਕੋਣ
- ਵਿਧਾਗਤ ਜੁਗਤਾਂ

ੳ) ਸ਼ੈਲੀਗਤ ਜੁਗਤਾਂ

ਅ) ਭਾਸ਼ਾਈ ਪ੍ਰਯੋਗ

ੲ) ਕਲਾ-ਜੁਗਤਾਂ

**ਅਧਿਆਇ ਸੱਤਵਾਂ: 21ਵੀਂ ਸਦੀ ਦੇ ਦੂਜੇ ਦਹਾਕੇ ਦੀ ਨਿਬੰਧਕਾਰੀ: ਤੁਲਨਾਤਮਕ ਅਧਿਐਨ (441-472)**

**ਨਿਸ਼ਕਰਸ਼ (473-488)**

**ਮੁਲਾਕਾਤਾਂ (489-538)**

**ਪੁਸਤਕ ਸੂਚੀ (539-548)**

# ਭੂਮਿਕਾ

ਸਾਹਿਤ ਮਨੁੱਖੀ ਮਨ ਦੇ ਭਾਵਾਂ ਵਿਚਾਰਾਂ ਨੂੰ ਲਿਖਤੀ ਰੂਪ ਵਿਚ ਅਭਿਵਿਅਕਤ ਕਰਨ ਦੀ ਇੱਕ ਮਹੱਤਵਪੂਰਨ ਕਲਾ ਹੈ। ਜਿਸ ਵਿਚ ਸਾਹਿਤਕਾਰ ਸਮੇਂ ਦੇ ਸੱਚ, ਯਥਾਰਥ ਨੂੰ ਚਿਤਾਰਦੇ ਹਨ। ਲੋਕ ਹਿਤ ਪ੍ਰੇਰਨਾ ਦੇਣ ਵਾਲੀ ਇੱਕ ਵਡਮੁੱਲੀ ਰਚਨਾ ਹੈ ਸਾਹਿਤ। ਸਾਹਿਤ ਨੂੰ ਸਮਾਜਿਕ ਵਰਤਾਰੇ ਦਾ ਦਰਪਣ ਕਿਹਾ ਜਾਂਦਾ ਹੈ। ਸਾਹਿਤ ਰਾਹੀਂ ਹੀ ਲੇਖਕ ਸਮਾਜ ਦੀ ਚੰਗੇਰੀ ਤੇ ਮਾੜੀ ਤਸਵੀਰ ਅਭਿਵਿਅਕਤ ਕਰਵਾਉਂਦੇ ਹਨ। ਵਾਰਤਕ ਨੂੰ ਸਾਹਿਤ ਦੀਆਂ ਪ੍ਰਮੁੱਖ ਵਿਧਾਵਾਂ ਵਿਚ ਨਾ ਕੇਵਲ ਬਦਲਦੀਆਂ ਸਮਾਜਿਕ, ਸਭਿਆਚਾਰਕ, ਰਾਜਨੀਤਕ, ਆਰਥਿਕ ਅਤੇ ਧਾਰਮਿਕ ਪ੍ਰਸਥਿਤੀਆਂ ਦੀ ਉਪਜ ਮੰਨਿਆ ਜਾਂਦਾ ਹੈ, ਸਗੋਂ ਅਜੋਕੇ ਸਮਾਜ ਦੇ ਬਦਲਦੀਆਂ ਪ੍ਰਸਥਿਤੀਆਂ ਅਤੇ ਪਰਿਵਰਤਨ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਨ ਦੇ ਸਮਰੱਥ ਹੈ। ਵਾਰਤਕ ਦੀ ਵਿਧਾ ਅਧੀਨ ਨਿਬੰਧ ਬਹੁਤ ਮਹੱਤਵਪੂਰਨ ਅੰਗ ਹੈ, ਜਿਸ ਵਿਚ ਨਾ ਤਾਂ ਇਤਿਹਾਸ ਅਤੇ ਕਲਪਨਾ ਦੇ ਘੋੜੇ ਦੁੜਾਏ ਜਾ ਸਕਦੇ ਹਨ ਅਤੇ ਨਾ ਹੀ ਇਹ ਪੂਰਨ ਰੂਪ ਵਿਚ ਭਾਵਾਂ ਵਿਚ ਰਹਿ ਕੇ ਲਿਖਿਆ ਜਾ ਸਕਦਾ ਹੈ। ਨਿਬੰਧ ਪੰਜਾਬੀ ਸਾਹਿਤ ਦਾ ਇੱਕ ਅਜਿਹਾ ਸਾਹਿਤ ਰੂਪ ਹੈ, ਜਿਹੜਾ ਕਿਸੇ ਵੀ ਵਿਸ਼ੇ ਉੱਪਰ ਲਿਖਿਆ ਜਾ ਸਕਦਾ ਹੈ, ਪਰ ਉਸ ਵਿਚ ਤਰਕ ਮਈ ਢੰਗ ਪੇਸ਼ ਕੀਤਾ ਜਾਣਾ ਜ਼ਰੂਰੀ ਹੈ ਅਤੇ ਮਨੁੱਖੀ ਭਾਵ ਨਿਬੰਧਕਾਰ ਦੇ ਪ੍ਰਗਟਾਵੇ ਦਾ ਅਧਾਰ ਬਣਦੇ ਹਨ, ਜੋ ਬਿਨਾਂ ਖਿੰਡੇ ਪਾਠਕਾਂ ਦੇ ਗਿਆਨ ਵਿਚ ਵਾਧੇ ਦੇ ਨਾਲ-ਨਾਲ ਉਨ੍ਹਾਂ ਨੂੰ ਸਾਹਿਤਕ ਅਨੰਦ ਪ੍ਰਦਾਨ ਕਰਦੇ ਹਨ।

ਹਥਲੇ ਖੋਜ-ਪ੍ਰਬੰਧ ਦਾ ਵਿਸ਼ਾ ਪੰਜਾਬੀ ਨਿਬੰਧਕਾਰੀ ਵਿਧਾ-ਸ਼ਾਸਤਰੀ ਅਧਿਐਨ (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿਚ) ਹੈ। ਆਧੁਨਿਕ ਯੁੱਗ ਗਿਆਨ-ਵਿਗਿਆਨ ਦਾ ਯੁੱਗ ਹੈ ਅਤੇ ਇਸ ਯੁੱਗ ਵਿਚ ਸਮੇਂ ਦੇ ਯਥਾਰਥ ਨੂੰ ਸਭ ਤੋਂ ਢੁਕਵੇਂ ਤੇ ਤਰਕ ਮਈ ਢੰਗ ਨਾਲ ਪੇਸ਼ ਕਰਨ ਵਾਲੀ ਵਿਧਾ ਨਿਬੰਧ ਹੈ। ਨਿਬੰਧ ਬਾਕੀ ਸਾਹਿਤ ਰੂਪ ਜਿਵੇਂ ਨਾਵਲ, ਨਾਟਕ, ਕਵਿਤਾ ਆਦਿ ਨਾਲੋਂ ਵਧੇਰੇ ਸਾਰਥਕ ਅਤੇ ਤਰਕ ਮਈ ਢੰਗ ਨਾਲ ਪੇਸ਼ ਕਰਨ ਵਾਲਾ ਰੂਪ ਹੈ।

ਇੱਕੀਵੀਂ ਸਦੀ ਦੇ ਦੂਜੇ ਦਹਾਕੇ ਨਾਲ ਸੰਬੰਧਿਤ ਹਥਲਾ ਖੋਜ ਕਾਰਜ ਆਧੁਨਿਕ ਯੁੱਗ ਦੇ ਨਿਬੰਧਕਾਰਾਂ ਖ਼ਾਸ ਤੌਰ ਤੇ ਡਾ. ਅਮਰ ਕੋਮਲ, ਡਾ. ਕਰਨੈਲ ਸਿੰਘ ਸੋਮਲ, ਪ੍ਰੋ. ਅੱਛਰੂ ਸਿੰਘ, ਡਾ. ਸੁਰਿੰਦਰਪਾਲ ਸਿੰਘ ਮੰਡ, ਡਾ. ਹਰਸ਼ਿੰਦਰ ਕੌਰ ਦੇ ਨਿਬੰਧਾਂ ਵਿਚ ਪੇਸ਼ ਵਿਸ਼ਿਆਂ ਅਤੇ ਕਲਾਤਮਕ ਜੁਗਤਾਂ ਨਾਲ ਸੰਬੰਧਿਤ ਹੈ। ਇਸ ਖੋਜ ਕਾਰਜ ਤੋਂ ਪਹਿਲਾਂ ਇਸ ਵਿਸ਼ੇ ਉੱਪਰ ਕੋਈ ਖੋਜ ਕਾਰਜ ਨਾ ਹੋਇਆ ਹੋਣ ਕਰ ਕੇ ਇਹ ਮੌਲਿਕ ਖੋਜ ਕਾਰਜ ਹੈ, ਜੋ ਸਮਕਾਲ ਦੇ ਯਥਾਰਥ ਨੂੰ ਪੇਸ਼ ਕਰਦਾ ਹੈ।

ਇਸ ਖੋਜ-ਪ੍ਰਬੰਧ ਨੂੰ ਸੱਤ ਅਧਿਆਇਆਂ ਵਿਚ ਵੰਡ ਕੇ ਇਸ ਦਾ ਅਧਿਐਨ ਕੀਤਾ ਗਿਆ ਹੈ। ਪਹਿਲਾ ਅਧਿਆਇ ਸਿਧਾਂਤਕ ਪਿੱਠ ਭੂਮੀ ਨਾਲ ਸੰਬੰਧਿਤ ਹੈ। ਇਸ ਦੇ ਅੰਤਰਗਤ ਜਾਣ-ਪਛਾਣ, ਖੋਜ ਦਾ ਉਦੇਸ਼, ਖੋਜ ਕਾਰਜ ਦੀ ਵਿਧੀ (ਸਮਾਜ-ਸ਼ਾਸਤਰੀ ਵਿਧੀ, ਤੁਲਨਾਤਮਕ ਵਿਧੀ, ਵਿਸ਼ਲੇਸ਼ਣਾਤਮਕ ਵਿਧੀ)ਖੋਜ ਤੋਂ ਸੰਭਾਵਿਤ ਨਤੀਜੇ, ਖੋਜ ਕਾਰਜ ਨਾਲ ਸੰਬੰਧਿਤ ਪਹਿਲਾਂ ਹੋ ਚੁੱਕਿਆ ਖੋਜ ਕਾਰਜ (Review Of literature) ਸਿਧਾਂਤਕ ਪਰਿਪੇਖ ਦੇ ਅੰਤਰਗਤ ਨਿਬੰਧ ਦੀ ਪਰਿਭਾਸ਼ਾ, ਸਰੂਪ ਅਤੇ ਨਿਬੰਧਾਂ ਦੇ ਸਮਰੂਪਾਂ ਦਾ ਅੰਤਰ ਸਪਸ਼ਟ ਕੀਤਾ ਗਿਆ ਹੈ ਅਤੇ ਨਿਬੰਧ ਦਾ ਰੂਪਗਤ ਅਧਿਐਨ ਕੀਤਾ ਗਿਆ ਹੈ ਅਤੇ ਆਧੁਨਿਕ ਵਾਰਤਕ ਦਾ ਆਰੰਭ ਅਤੇ ਵਿਕਾਸ ਸੰਬੰਧੀ ਅਧਿਐਨ ਵੀ ਕੀਤਾ ਗਿਆ ਹੈ। ਹਥਲੇ ਖੋਜ ਕਾਰਜ ਕਰਨ ਲਈ ਚੁਣੇ ਗਏ ਪੰਜ ਨਿਬੰਧਕਾਰ ਡਾ. ਅਮਰ ਕੋਮਲ, ਡਾ. ਕਰਨੈਲ ਸਿੰਘ ਸੋਮਲ, ਪ੍ਰੋ. ਅੱਛਰੂ ਸਿੰਘ, ਡਾ. ਸੁਰਿੰਦਰਪਾਲ ਸਿੰਘ ਮੰਡ, ਅਤੇ ਡਾ. ਹਰਸ਼ਿੰਦਰ ਕੌਰ ਦੇ ਜੀਵਨ ਅਤੇ ਰਚਨਾ ਦਾ ਵੀ ਸੰਖੇਪ ਰੂਪ ਵਿਚ ਅਧਿਐਨ ਕੀਤਾ ਗਿਆ ਹੈ।

ਹਥਲੇ ਖੋਜ ਕਾਰਜ ਦਾ ਕੇਂਦਰੀ ਨੁਕਤਾ ਵਿਧਾ-ਸ਼ਾਸਤਰੀ ਅਧਿਐਨ ਹੈ। ਪਹਿਲੇ ਅਧਿਆਇ ਤੋਂ ਬਾਅਦ ਅਗਲੇ ਪੰਜ ਅਧਿਆਇਆ ਵਿਚ ਹਥਲੇ ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਦੇ ਨਿਬੰਧਾਂ ਦੇ ਸਾਂਝੇ ਨੁਕਤੇ ਕੇਂਦਰ ਵਿਚ ਰੱਖ ਕੇ ਖੋਜ ਕਾਰਜ ਕੀਤਾ ਗਿਆ ਹੈ। ਜਿਨ੍ਹਾਂ ਵਿਚ ਵਿਸ਼ਾ-ਪੱਖ, ਭਾਸ਼ਾ-ਪੱਖ, ਕਲਾਤਮਕ-ਪੱਖ/ਜੁਗਤਾਂ ਅਤੇ ਸ਼ੈਲੀ-ਪੱਖ ਹਨ। ਹਥਲੇ ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਦੇ ਨਿਬੰਧਾਂ ਦੇ ਇਹਨਾਂ

ਪੱਖਾਂ ਦੇ ਅਧਾਰ ਤੇ ਇਹਨਾਂ ਦੀ ਵਿਲੱਖਣਤਾਵਾਂ, ਸਾਂਝਾ ਤੇ ਵੱਖਰਤਾਵਾਂ ਪਛਾਣਨ ਦਾ ਯਤਨ ਕੀਤਾ ਗਿਆ ਹੈ। ਇਹ ਅਧਿਐਨ ਕਰਨ ਦਾ ਯਤਨ ਵੀ ਕੀਤਾ ਗਿਆ ਹੈ ਕਿ ਇਹਨਾਂ ਦਾ ਨਿਬੰਧ ਲਿਖਣ ਦਾ ਉਦੇਸ਼ ਕੀ ਹੈ? ਇਹ ਕਿਹੋ ਜਿਹੀ ਭਾਸ਼ਾ ਅਤੇ ਕਲਾਤਮਕ ਜੁਗਤਾਂ ਦੀ ਵਰਤੋਂ ਕਰਦੇ ਹਨ? ਇਹਨਾਂ ਦੀ ਸ਼ੈਲੀ ਅਤੇ ਦ੍ਰਿਸ਼ਟੀਕੋਣ ਆਦਿ ਸੰਬੰਧੀ ਜਾਣਨ ਦਾ ਵੀ ਯਤਨ ਕੀਤਾ ਗਿਆ ਹੈ।

ਖੋਜ ਕਾਰਜ ਅਧੀਨ ਆਉਂਦੇ ਲੇਖਕਾਂ ਦੀਆਂ ਆਪਣੀਆਂ-ਆਪਣੀਆਂ ਵਿਲੱਖਣਤਾਵਾਂ ਹਨ। ਅਖੀਰਲੇ ਅਧਿਆਇ ਵਿਚ ਇਹਨਾਂ ਲੇਖਕਾਂ ਦੀਆਂ ਲਿਖਤਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਨਿਬੰਧਕਾਰਾਂ ਦੀਆਂ ਸਾਂਝਾ, ਵਖਰੇਵੇਂ ਅਤੇ ਇਹਨਾਂ ਦੀਆਂ ਵੱਖਰਤਾਵਾਂ ਤੇ ਵਿਲੱਖਣਤਾਵਾਂ ਬਾਰੇ ਖੋਜ ਕੀਤੀ ਗਈ ਹੈ ਅਤੇ ਜਾਣਨ ਦਾ ਯਤਨ ਕੀਤਾ ਗਿਆ ਹੈ ਕਿ ਪੰਜਾਬੀ ਨਿਬੰਧਾਂ ਵਿਚ ਇਹਨਾਂ ਦਾ ਕੀ ਯੋਗਦਾਨ ਹੈ। ਇਨ੍ਹਾਂ ਅਧਿਆਇਆਂ ਉਪਰੰਤ ਨਿਸ਼ਕਰਸ਼ ਪੇਸ਼ ਕੀਤਾ ਗਿਆ ਹੈ। ਅੰਤ ਵਿਚ ਪੁਸਤਕ ਸੂਚੀ ਦਿੱਤੀ ਗਈ ਹੈ। ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਨਾਲ ਮੁਲਾਕਾਤਾਂ ਕੀਤੀਆਂ ਗਈਆਂ ਹਨ, ਜੋ ਅੰਤਿਕਾ ਵਜੋਂ ਖੋਜ ਪ੍ਰਬੰਧ ਦੇ ਅੰਤ ਵਿਚ ਦਰਜ ਹਨ।

ਇਸ ਖੋਜ ਕਾਰਜ ਦੀ ਖੋਜ ਵਿਧੀ ਲਈ ਅੰਤਰਰਾਸ਼ਟਰੀ ਮਿਆਰਾਂ ਤਹਿਤ ਐਮ.ਐਲ.ਏ. ਸਟਾਈਲ ਸ਼ੀਟ (ਸੰਸਕਰਨ ਅੱਠਵਾਂ) ਨੂੰ ਅਧਾਰ ਬਣਾਇਆ ਗਿਆ ਹੈ। ਦੁਨੀਆ ਭਰ ਦੀਆਂ ਭਾਸ਼ਾਵਾਂ ਦੇ ਖੇਤਰ ਵਿਚ ਹੋ ਰਹੀ ਖੋਜ ਲਈ ਇਸੇ ਸਟਾਈਲ ਸ਼ੀਟ ਦੀ ਮਾਨਤਾ ਹੈ। ਇਸ ਸਟਾਈਲ ਸ਼ੀਟ ਦੀ ਮੁੱਖ ਵਿਸ਼ੇਸ਼ਤਾ ਹਵਾਲਿਆਂ ਦਾ ਸਰਲੀਕਰਨ ਹੈ।ਪੰਜਾਬੀ ਅਕਾਦਮਿਕ ਖੇਤਰ ਵਿਚ ਵਰਤੇ ਜਾਂਦੇ ਹਵਾਲਿਆਂ ਦੇ ਢੰਗ ਨਾਲੋਂ ਇਸ ਦੀ ਮੁੱਖ ਵੱਖਰਤਾ ਇਹ ਹੈ ਕਿ ਇਸ ਵਿਚ ਕਿਸੇ ਹਵਾਲੇ ਲਈ ਅੰਕ ਦੀ ਵਰਤੋਂ ਨਾ ਕਰ ਕੇ ਹਵਾਲੇ ਦੇ ਨਾਲ ਹੀ ਸਰੋਤ ਦਾ ਸੰਖੇਪ, ਪਰ ਲੋੜੀਂਦਾ ਵੇਰਵਾ ਦਿੱਤਾ ਜਾਂਦਾ ਹੈ ਤੇ ਸਰੋਤ ਦੀ ਸੰਪੂਰਨ ਜਾਣਕਾਰੀ ਪੁਸਤਕ ਸੂਚੀ ਵਿਚ ਦਿੱਤੀ

ਜਾਂਦੀ ਹੈ। ਪੁਸਤਕ ਸੂਚੀ ਵੀ ਪ੍ਰਚਲਿਤ ਪੰਜਾਬੀ ਢੰਗ ਦੀ ਥਾਂ ਐਮ.ਐਲ.ਏ. ਸਟਾਈਲ ਸ਼ੀਟ (ਸੰਸਕਰਨ ਅੱਠਵਾਂ) ਅਨੁਸਾਰ ਹੀ ਬਣਾਈ ਗਈ ਹੈ, ਜਿਸ ਵਿਚ ਪ੍ਰਕਾਸ਼ਨ ਸਥਾਨ ਨਹੀਂ ਦਿੱਤਾ ਜਾਂਦਾ।

ਜ਼ਿੰਦਗੀ ਵਿਚ ਹਰੇਕ ਵਿਅਕਤੀ ਲਈ, ਜਿੱਥੇ ਉਸ ਦੀ ਆਪਣੀ ਮਿਹਨਤ ਹੁੰਦੀ ਹੈ, ਨਾਲ-ਨਾਲ ਉਸ ਦੇ ਆਪਣਿਆਂ ਦੇ ਸਾਥ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਮੈਂ ਉਨ੍ਹਾਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ ਜਿਨ੍ਹਾਂ ਦੀ ਸਹਾਇਤਾ ਅਤੇ ਯੋਗਦਾਨ ਸਦਕਾ ਇਹ ਖੋਜ ਕਾਰਜ ਸੰਪੂਰਨ ਹੋ ਸਕਿਆ। ਮੈਂ ਤਹਿ ਦਿਲੋਂ ਰਿਣੀ ਹਾਂ ਆਪਣੇ ਨਿਗਰਾਨ ਡਾ. ਸਤਵੰਤ ਸਿੰਘ ਜੀ ਦੀ, ਜਿਨ੍ਹਾਂ ਦੀ ਨਿਰੰਤਰ ਸੇਧ ਅਤੇ ਪ੍ਰੇਰਨਾ ਸਦਕਾ, ਮੈਂ ਇਸ ਖੋਜ ਕਾਰਜ ਨੂੰ ਨੇਪਰੇ ਚਾੜ ਸਕੀ ਹਾਂ। ਮੈਂ ਤਹਿ ਦਿਲੋਂ ਧੰਨਵਾਦ ਕਰਦੀ ਹਾਂ ਮੇਰੀ ਵੱਡੀ ਭੈਣ ਡਾ. ਭੁਪਿੰਦਰ ਕੌਰ ਕਵਿਤਾ ਜੀ ਦੀ  ਜਿਨ੍ਹਾਂ ਨੇ ਸਮੇਂ-ਸਮੇਂ ਮੇਰੀ ਯੋਗ ਅਗਵਾਈ ਕੀਤੀ। ਮੈਂ ਤਹਿ ਦਿਲੋਂ ਰਿਣੀ ਹਾਂ ਡਾ. ਪਰਮਜੀਤ ਸਿੰਘ ਜੀ ਦੀ ਜਿਨ੍ਹਾਂ ਨੇ ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਕੱਢ ਕੇ ਮੇਰੀ ਯੋਗ ਅਗਵਾਈ ਕੀਤੀ। ਮੈਂ ਸ਼ੁਕਰ ਗੁਜ਼ਾਰ ਹਾਂ ਆਪਣੇ ਪੰਜੋਂ ਨਿਬੰਧਕਾਰ ਡਾ. ਅਮਰ ਕੋਮਲ, ਡਾ. ਕਰਨੈਲ ਸਿੰਘ ਸੋਮਲ, ਪ੍ਰੋ. ਅੱਛਰੂ ਸਿੰਘ, ਡਾ. ਸੁਰਿੰਦਰਪਾਲ ਸਿੰਘ ਮੰਡ, ਡਾ. ਹਰਸ਼ਿੰਦਰ ਕੌਰ, ਜਿਨ੍ਹਾਂ ਨੇ ਹਮੇਸ਼ਾ ਮੇਰੀ ਯੋਗ ਅਗਵਾਈ ਕੀਤੀ। ਮੈਂ ਧੰਨਵਾਦੀ ਹਾਂ ਸਮੂਹ ਪੰਜਾਬੀ ਵਿਭਾਗ ਦੇ ਸਟਾਫ਼ ਮੈਬਰਾਂ ਦਾ ਅਤੇ ਪੰਜਾਬੀ  ਵਿਭਾਗ ਦੇ ਮੁਖੀ ਡਾ. ਕਿਰਨਦੀਪ ਸਿੰਘ ਜੀ ਦਾ ਅਤੇ ਡਾ. ਬਲਵਿੰਦਰ ਸਿੰਘ ਥਿੰਦ, ਡਾ. ਬਲਵਿੰਦਰਪਾਲ ਸਿੰਘ, ਡਾ. ਵਿਨੋਦ ਕੁਮਾਰ, ਡਾ. ਕੁਲਵੰਤ ਸਿੰਘ ਰਾਣਾ, ਡਾ. ਅਵਤਾਰ ਸਿੰਘ, ਜਿਹੜੇ ਹਮੇਸ਼ਾ ਮੇਰੇ ਲਈ ਪ੍ਰੇਰਨਾ ਸਰੋਤ ਬਣੇ ਰਹੇ ਅਤੇ ਮੇਰਾ ਮਾਰਗ ਦਰਸ਼ਨ ਕੀਤਾ। ਮੈਂ ਆਪਣੇ ਸਤਿਕਾਰਯੋਗ ਪਿਤਾ ਸੋਹਣ ਸਿੰਘ ਖੋਖਰ ਅਤੇ ਮਾਤਾ ਸਤਵੰਤ ਕੌਰ ਦੀ ਰਿਣੀ ਹਾਂ, ਜਿਨ੍ਹਾਂ ਦੀਆਂ ਦੁਆਵਾਂ ਅਤੇ ਪਿਆਰ ਸਦਕਾ, ਮੈਂ ਇਹ ਉਚੇਰੀ ਵਿੱਦਿਆ ਹਾਸਿਲ ਕਰਨ ਦੇ ਕਾਬਿਲ ਬਣ ਸਕੀ। ਮੈਂ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ ਮੇਰੇ ਜੀਵਨ ਸਾਥੀ ਸ. ਰੁਪਿੰਦਰ ਸਿੰਘ ਜੀ ਦਾ ਜਿਨ੍ਹਾਂ ਦੇ ਸਾਥ ਤੋਂ ਬਿਨਾਂ ਮੇਰੇ ਲਈ ਇਹ ਕਾਰਜ ਅਸੰਭਵ ਸੀ ਅਤੇ ਮੇਰੀਆਂ ਦੋਨੋਂ ਬੱਚੀਆਂ ਪ੍ਰਭਪ੍ਰੀਤ ਕੌਰ ਤੇ ਪ੍ਰਭਰਹਿਮਤ ਕੌਰ ਦਾ ਵੀ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਦਾ ਬਣਦਾ ਬਹੁਤ ਸਾਰਾ ਕੀਮਤੀ ਸਮਾਂ ਮੈਂ ਆਪਣੀ

ਲਿਖਤ ਦੀ ਝੋਲੀ ਵਿਚ ਪਾ ਦਿੱਤਾ ਤੇ ਉਨ੍ਹਾਂ ਨੇ ਪਾਉਣ ਦਿੱਤਾ ਤੇ ਮੇਰੇ ਇਸ ਖੋਜ ਕਾਰਜ ਨੂੰ ਨੇਪਰੇ ਚੜ੍ਹਾਉਣ ਵਿਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਹੈ।

**ਮਨਦੀਪ ਖੋਖਰ**

`

# ਅਧਿਆਇ ਪਹਿਲਾ

# ਨਿਬੰਧਕਾਰੀ ਅਤੇ ਪੰਜਾਬੀ ਨਿਬੰਧਕਾਰੀ: ਸਿਧਾਂਤਕ ਪਰਿਪੇਖ

## 1.1 ਜਾਣ-ਪਛਾਣ

ਹਥਲਾ ਖੋਜ ਕਾਰਜ 'ਪੰਜਾਬੀ ਨਿਬੰਧਕਾਰੀ: ਵਿਧਾ-ਸ਼ਾਸਤਰੀ ਅਧਿਐਨ'(ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿਚ) ਦੂਜੇ ਦਹਾਕੇ ਦੇ ਪੰਜ ਨਿਬੰਧਕਾਰ ਡਾ. ਅਮਰ ਕੋਮਲ, ਡਾ. ਕਰਨੈਲ ਸਿੰਘ ਸੋਮਲ, ਪ੍ਰੋ. ਅੱਛਰੂ ਸਿੰਘ, ਡਾ. ਸੁਰਿੰਦਰਪਾਲ ਸਿੰਘ ਮੰਡ ਅਤੇ ਡਾ. ਹਰਸ਼ਿੰਦਰ ਕੌਰ ਦੇ ਨਿਬੰਧਾਂ ਦਾ ਵਿਧਾ-ਸ਼ਾਸਤਰੀ ਅਧਿਐਨ ਹੈ। ਸਾਹਿਤ, ਸਮਾਜ ਦੀ ਉਪਜ ਹੁੰਦਾ ਹੈ। ਇਹ ਦੋਵੇਂ ਇੱਕ ਦੂਜੇ ਨੂੰ ਪਰਸਪਰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਮਨੁੱਖ ਮੂਲ ਰੂਪ ਵਿਚ ਸਮਾਜਿਕ ਜੀਵ ਹੈ ਤੇ ਉਹ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ ਤੇ ਜਦੋਂ ਉਹ ਸਾਹਿਤ ਰਚਨਾ ਕਰਦਾ ਹੈ ਤਾਂ ਉਸ ਨੂੰ ਉਸ ਸਮੇਂ ਦੀਆਂ ਸਮਾਜਿਕ, ਰਾਜਨੀਤਕ, ਧਾਰਮਿਕ ਪ੍ਰਸਥਿਤੀਆਂ ਦਾ ਅਧਿਐਨ ਵੀ ਅਤਿ ਲੋੜੀਂਦਾ ਹੁੰਦਾ ਹੈ। ਜਦੋਂ ਮਨੁੱਖ ਨੇ ਕਲਾ ਸਿਰਜੀ ਤੇ ਸਮੇਂ ਦੀਆਂ ਤਬਦੀਲੀਆਂ ਤੇ ਸਮਾਜਿਕ ਗੁੰਝਲਦਾਰਤਾ ਦੇ ਨਾਲ-ਨਾਲ ਇਨ੍ਹਾਂ ਵਿਚ ਵਰਗ ਵੰਡ ਹੁੰਦੀ ਰਹੀ। ਪਹਿਲਾਂ ਸਿਰਫ ਕਾਵਿ ਵਿਧਾ ਅਧੀਨ ਹੀ ਸਾਹਿਤ ਸਿਰਜਣਾ ਹੁੰਦੀ ਸੀ, ਪਰ ਬਹੁਤ ਸਾਰੀਆਂ ਤਬਦੀਲੀਆਂ ਨਾਲ ਸਾਹਿਤ ਦੇ ਵਿਭਿੰਨ ਰੂਪ ਹੋਂਦ ਵਿਚ ਆਏ। ਇਨ੍ਹਾਂ ਵਿਚੋਂ ਆਧੁਨਿਕ ਯੁੱਗ ਦੇ ਸੰਦਰਭ ਵਿਚ ਵਾਰਤਕ ਦਾ ਪ੍ਰਮੁੱਖ ਸਥਾਨ ਹੈ ਅਤੇ ਵਾਰਤਕ ਵਿਚ ਨਿਬੰਧ ਵਿਧਾ ਦੀ ਪ੍ਰਮੁੱਖਤਾ ਹੈ।

ਨਿਬੰਧ ਵਿਧਾ ਵਿਚ ਸਾਹਿਤ ਰਸ ਦੇ ਨਾਲ-ਨਾਲ ਬੁੱਧੀ ਤੱਤ ਵੀ ਸ਼ਾਮਿਲ ਹੁੰਦਾ ਹੈ। ਇਸ ਪ੍ਰਕਾਰ ਨਿਬੰਧਕਾਰੀ ਵਿਚ ਕਲਾ-ਪੱਖ ਦੇ ਨਾਲ-ਨਾਲ ਮਨੁੱਖ ਬੌਧਿਕਤਾ ਨੂੰ ਵੀ ਮਾਣ ਸਕਦਾ ਹੈ। ਜੇਕਰ ਨਿਬੰਧ ਨੂੰ ਰੋਚਿਕਤਾ ਤੇ ਜਾਣਕਾਰੀ ਦਾ ਸੁਮੇਲ ਆਖਿਆ ਜਾਵੇ, ਤਦ ਵੀ ਇਹ ਉਚਿੱਤ ਹੋਵੇਗਾ। ਨਿਯਮਾਂ ਦੇ ਵਿਚ ਬੰਨ੍ਹਿਆਂ ਹੋਇਆ ਜਾਣਕਾਰੀ ਭਰਪੂਰ ਲੇਖ ਹਮੇਸ਼ਾ ਹੀ ਪਾਠਕਾਂ ਨੂੰ ਅਕੇਵੇਂ ਤੋਂ ਬਚਾਉਂਦਾ ਹੋਇਆ, ਅਨੰਦ ਦੇ ਸਫ਼ਰ ਵਿਚ

`

ਨਾਲ ਲੈ ਤੁਰਦਾ ਹੈ। ਸਮਕਾਲੀ ਯੁੱਗ ਗਿਆਨ-ਵਿਗਿਆਨ ਦਾ ਯੁੱਗ ਹੈ ਤੇ ਗਿਆਨ-ਵਿਗਿਆਨ ਦੇ ਪ੍ਰਗਟਾਅ ਲਈ ਸਾਹਿਤ ਵਿਚੋਂ ਨਿਬੰਧ ਸਭ ਤੋਂ ਢੁਕਵੀਂ ਤੇ ਮਹੱਤਵਪੂਰਨ ਵਿਧਾ ਹੈ।

ਇੱਕੀਵੀਂ ਸਦੀ ਦੇ ਵਰਤਮਾਨ ਦਹਾਕੇ ਦੇ ਨਿਬੰਧਕਾਰੀ ਪ੍ਰਸੰਗ, ਪਿਛੋਕੜ ਪ੍ਰਸੰਗਾਂ ਨਾਲੋਂ ਕੁੱਝ ਵੱਖਰੇ ਹੋਣਗੇ ਕਿਉਂ, ਜੋ ਸਮੇਂ ਅਤੇ ਸਥਿਤੀਆਂ ਦੇ ਪਰਿਵਰਤਨ ਦੇ ਨਾਲ ਸਾਹਿਤ ਵਿਚ ਪਰਿਵਰਤਨ ਆਉਂਦਾ ਹੈ ਅਤੇ ਸਾਹਿਤਕ ਗੁਣਵੱਤਾ ਦਾ ਪ੍ਰਭਾਵ ਸਮਾਜ ਵਿਚ ਵੀ ਵਿਚਰਦਾ ਹੈ। ਹਥਲੇ ਖੋਜ ਕਾਰਜ ਦਾ ਅਧਾਰ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਨਵੀਨ ਨਿਬੰਧਕਾਰੀ ਦੇ ਸਾਰੇ ਇਤਿਹਾਸਕ, ਸਿਧਾਂਤਕ, ਵਿਸ਼ਾਗਤ ਤੇ ਕਲਾਤਮਕ ਪੱਖਾਂ ਨੂੰ ਉਜਾਗਰ ਕਰਨਾ ਹੈ ਸੋ ਲੋੜ ਮਹਿਸੂਸ ਹੁੰਦੀ ਹੈ ਕਿ ਨਿਬੰਧਾਂ ਨੂੰ ਅਜੋਕੇ ਦੌਰ ਦੀਆਂ ਪ੍ਰਸਥਿਤੀਆਂ ਨਾਲ ਅੰਤਰ-ਸੰਬੰਧਿਤ ਕਰ ਕੇ ਵਿਚਾਰਿਆ ਜਾਵੇ ਕਿ ਨਿਬੰਧ ਸਮਕਾਲੀ ਗਿਆਨ-ਵਿਗਿਆਨ ਅਤੇ ਹੋਰ ਸਰੋਕਾਰਾਂ ਨੂੰ ਕਿਸ ਤਰ੍ਹਾਂ ਪੇਸ਼ ਕਰਦਾ ਹੈ। ਹੁਣ ਤੱਕ ਨਿਬੰਧਾਂ ਦੇ ਵਿਸ਼ਾਗਤ ਪਾਸਾਰ ਅਤੇ ਨਿਬੰਧਾਂ ਵਿਚ ਵਰਤੀਆਂ ਕਲਾਤਮਕ ਜੁਗਤਾਂ ਕਿੰਨੀਆਂ ਕੁ ਸਾਰਥਕ ਸਿੱਧ ਹੋਈਆਂ ਹਨ ਅਤੇ ਉਹ ਅੱਜ ਨਿਬੰਧ ਦਾ ਵਿਸ਼ਾ ਪ੍ਰਗਟਾਉਣ ਵਿਚ ਕਿੰਨੀਆਂ ਸਹਾਇਕ ਸਿੱਧ ਹੁੰਦੀਆਂ ਹਨ। ਇਸ ਦੇ ਨਾਲ ਇਹ ਵੀ ਖੋਜਣਾ ਬਣਦਾ ਹੈ ਕਿ ਨਿਬੰਧਾਂ ਦੀ ਸਮਕਾਲੀ ਸਾਰਥਕਤਾ ਕੀ ਹੈ ?

### 1.1.1 ਖੋਜ ਦਾ ਉਦੇਸ਼ (Objective/Scope Of the Study)

ਹਥਲੇ ਖੋਜ ਪ੍ਰਬੰਧ ਦਾ ਉਦੇਸ਼ ਚੋਣਵੇਂ ਨਿਬੰਧਕਾਰਾਂ ਦੀਆਂ ਰਚਨਾਵਾਂ ਦਾ ਵਿਧਾ-ਸ਼ਾਸਤਰੀ ਅਧਿਐਨ ਕਰਨਾ ਹੈ। ਪ੍ਰਸਤਾਵਿਤ ਖੋਜ ਕਾਰਜ ਵਿਚ ਅਜੋਕੇ ਸਮੇਂ ਵਿਚ ਨਿਬੰਧਾਂ ਦੇ ਮਹੱਤਵਪੂਰਨ ਯੋਗਦਾਨ ਬਾਰੇ ਪ੍ਰੇਰਨਾ ਦਾ ਪਸਾਰ ਹੋਵੇਗਾ। ਇਹ ਖੋਜ ਕਾਰਜ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਚੋਣਵੇਂ ਨਿਬੰਧਾਂ ਉੱਪਰ ਅਧਾਰਿਤ ਹੈ। ਹੇਠ ਲਿਖੇ ਉਦੇਸ਼ਾਂ ਦੀ ਪੂਰਤੀ ਵੀ ਉਨ੍ਹਾਂ ਚੋਣਵੇਂ ਨਿਬੰਧਾਂ ਦੇ ਅਧਾਰ 'ਤੇ ਹੀ ਪ੍ਰਾਪਤ ਹੋਵੇਗੀ।

`

1. ਨਿਬੰਧਾਂ ਦਾ ਇਤਿਹਾਸਕ ਤੇ ਸਿਧਾਂਤਕ ਅਧਿਐਨ ਕਰਨਾ।

2. ਨਿਬੰਧ ਵਿਧਾ ਦੇ ਪਛਾਣ ਚਿੰਨ੍ਹ ਉਜਾਗਰ ਕਰਨਾ ਅਤੇ ਨਿਬੰਧਾਂ ਦੇ ਸਮਰੂਪਾਂ ਦਾ ਅੰਤਰ ਸਪਸ਼ਟ ਕਰਨਾ।

3. ਨਿਬੰਧਾਂ ਵਿਚ ਪੇਸ਼ ਵਿਸ਼ਾਗਤ ਤੇ ਰੂਪਾਕਾਰ ਪਸਾਰਾ ਦੀ ਸ਼ਨਾਖ਼ਤ ਕਰਨਾ।

4. ਚੋਣਵੇਂ ਪੰਜਾਬੀ ਨਿਬੰਧਕਾਰਾਂ ਦੇ ਨਿਬੰਧਾਂ ਦਾ ਤੁਲਨਾਤਮਕ ਅਧਿਐਨ ਕਰਨਾ।

5. ਪੰਜਾਬੀ ਦੇ ਚੋਣਵੇਂ ਨਿਬੰਧਾਂ ਦੀ ਸਮਾਜਿਕ ਸਾਰਥਕਤਾ ਦਾ ਮੁਲਾਂਕਣ ਕਰਨਾ।

### 1.1.2 ਖੋਜ-ਕਾਰਜ ਦੀ ਵਿਧੀ (Research Methodology)

ਕਿਸੇ ਵੀ ਖੋਜ ਲਈ ਨਿਸ਼ਚਿਤ ਸਮੀਖਿਆ ਦੀ ਲੋੜ ਪੈਂਦੀ ਹੈ। ਗਿਆਨ ਦੇ ਇਕੱਤਰੀਕਰਨ ਦੀਆਂ ਵਿਧੀਆਂ ਉੱਪਰ ਹੁਣ ਤੱਕ ਜਿੰਨੀ ਵੀ ਚਰਚਾ ਹੋਈ ਹੈ ਬਹੁਤੇ ਵਿਦਵਾਨਾਂ ਨੇ ਇਹੋ ਸਿੱਟਾ ਕੱਢਿਆ ਹੈ ਕਿ ਕਿਸੇ ਖੋਜ ਨੂੰ ਇੱਕੋ ਹੀ ਵਿਧੀ ਉੱਪਰ ਅਧਾਰਿਤ ਕਰ ਦੇਣਾ ਉਚਿੱਤ ਨਹੀਂ ਹੈ। ਇਸ ਤਰ੍ਹਾਂ ਕਰਨ ਦੇ ਨਾਲ ਖੋਜ ਇੱਕ ਪਾਸੜ ਹੋ ਜਾਂਦੀ ਹੈ, ਕਿੰਨੇ ਹੀ ਪੱਖ ਅਛੂਤੇ ਰਹਿ ਜਾਂਦੇ ਹਨ, ਲੋੜ ਹੁੰਦੀ ਹੈ ਕਿ ਸਥਿਤੀ ਦੇ ਮੁਤਾਬਿਕ ਵਿਧੀ ਦੀ ਵਰਤੋਂ ਕੀਤੀ ਜਾਵੇ ਤੇ ਨਾਲ ਦੀ ਨਾਲ ਇਹ ਵੀ ਧਿਆਨ ਰੱਖਣਾ ਬਣਦਾ ਹੈ ਕਿ ਖੋਜ-ਵਿਧੀ ਨਿਰੋਲ ਪਰੰਪਰਾਵਾਦੀ ਨਾ ਹੋ ਕੇ ਵਿਗਿਆਨਕ ਮਾਡਲ ਉੱਪਰ ਅਧਾਰਿਤ ਹੋਵੇ। ਸਾਹਿਤਕ ਖੋਜ ਵਿਚ ਵਿਧੀਆਂ ਦੀ ਵਰਤੋਂ ਇੱਕ ਤੋਂ ਵਧੀਕ ਇਸ ਕਰ ਕੇ ਵੀ ਜ਼ਰੂਰੀ ਬਣ ਜਾਂਦੀ ਹੈ ਕਿ ਇਹ ਖੋਜ ਸਿਰਫ਼ ਇਕਹਿਰੇ ਆਸੇ ਦੇ ਸਨਮੁੱਖ ਨਹੀਂ ਕੀਤੀ ਜਾਂਦੀ। ਪ੍ਰਯੋਗਸ਼ਾਲਾ ਵਿਚ ਕੀਤੀ ਖੋਜ ਨਾਲੋਂ ਇਸ ਦੀ ਸਮਗਰੀ ਦਾ ਘੇਰਾ ਕਿਤੇ ਵਿਸ਼ਾਲ ਹੁੰਦਾ ਹੈ, ਜਿਸ ਦਾ ਸੂਤਰੀਕਰਨ ਕਰਨ ਲਈ ਵਿਭਿੰਨ ਪੈਰਾਮੀਟਰਾਂ ਦੀ ਲੋੜ ਪੈਂਦੀ ਹੈ। ਇਸ ਖੋਜ ਕਾਰਜ ਦਾ ਮੁੱਖ ਅਧਾਰ ਪਾਠਗਤ ਅਧਿਐਨ (Content Analysis) ਹੈ। ਹਥਲੇ ਖੋਜ ਕਾਰਜ ਵਿਚ ਹੇਠ ਲਿਖੀਆਂ ਵਿਧੀਆਂ ਦੀ ਵਰਤੋਂ ਕੀਤੀ ਗਈ ਹੈ।

`

**ੳ) ਸਮਾਜ-ਸ਼ਾਸਤਰੀ ਵਿਧੀ:-** (**Sociological methodology**) ਕਿਸੇ ਸਮਾਜ ਦਾ ਡੂੰਘਾਈ ਨਾਲ ਕੀਤਾ ਗਿਆ ਅਧਿਐਨ, ਸਮਾਜ ਸ਼ਾਸਤਰ ਕਹਿਲਾਉਂਦਾ ਹੈ। ਸਮਾਜ-ਸ਼ਾਸਤਰੀ ਵਿਧੀ ਦੁਆਰਾ ਮਨੁੱਖਾਂ ਦੇ ਸਮਾਜਿਕ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਪ੍ਰਕਾਰ ਸਮਾਜ-ਸ਼ਾਸਤਰ ਗਿਆਨ ਦਾ ਉਹ ਖੇਤਰ ਹੁੰਦਾ ਹੈ, ਜਿਸ ਵਿਚ ਸਮਾਜਿਕ ਯਥਾਰਥ ਦੇ ਸਮੁੱਚੇ ਪੱਖਾਂ ਨੂੰ ਜਦੋਂ ਸ਼ਾਸਤਰ ਬੱਧ ਕੀਤਾ ਜਾਂਦਾ ਹੈ। ਇਹ ਇੱਕ ਵਿਸ਼ਾਲ ਵਰਤਾਰਾ ਹੁੰਦਾ ਹੈ। ਸਮਾਜ ਸ਼ਾਸਤਰ ਮਨੁੱਖੀ ਜੀਵਨ ਦੇ ਉਨ੍ਹਾਂ ਸਾਰੇ ਪੱਖਾਂ ਦਾ ਅਧਿਐਨ ਕਰਦਾ ਹੈ, ਜਿਹੜੇ ਉਸ ਦੇ ਸਮਾਜਿਕ ਸੰਬੰਧਾਂ ਅਤੇ ਸਮਾਜਿਕ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ। ਮਨੁੱਖੀ ਵਤੀਰੇ ਵਿਚ ਇਸ ਵਿਧੀ ਦੁਆਰਾ ਮਨੁੱਖੀ ਸਮੂਹਿਕ ਜੀਵਨ ਦੇ ਉਦੇਸ਼ਾਂ ਅਤੇ ਸਰੂਪਾਂ ਨੂੰ ਸਮਝਿਆ ਜਾ ਸਕਦਾ ਹੈ ਕਿ ਕਿਸ ਢੰਗ ਨਾਲ ਵੱਖ-ਵੱਖ ਸਰੂਪ ਹੋਂਦ ਵਿਚ ਆਉਂਦੇ ਹਨ, ਕਿਸ ਤਰ੍ਹਾਂ ਇਸ ਦਾ ਵਿਕਾਸ ਹੁੰਦਾ ਹੈ, ਕਿਸ ਤਰ੍ਹਾਂ ਢਹਿ ਜਾਂਦੇ ਹਨ ਅਤੇ ਕਿਸ ਤਰ੍ਹਾਂ ਮੁੜ ਬਣ ਜਾਂਦੇ ਹਨ? ਸਮਾਜ-ਸ਼ਾਸਤਰੀ ਵਿਧੀ ਦਾ ਮੁੱਖ ਉਦੇਸ਼ ਧਾਰਮਿਕ, ਰਾਜਨੀਤਕ, ਸਮਾਜਿਕ, ਆਰਥਿਕ ਤੱਥਾਂ ਆਦਿ ਘਟਨਾਵਾਂ ਦੇ ਵਿਸ਼ੇ ਵਿਚ ਸੱਚ ਦੀ ਖੋਜ ਕਰਨ ਦਾ ਇੱਕ ਯਤਨ ਹੈ। ਸਮਾਜ-ਸ਼ਾਸਤਰੀ ਵਿਧੀ ਦੁਆਰਾ ਲੋਕਾਂ ਵਿਚਕਾਰਲੇ ਸਮਾਜਿਕ ਸੰਬੰਧਾਂ, ਲੋਕਾਂ ਦੇ ਸਮੂਹਾਂ ਵਿਚਕਾਰਲੇ ਸਮਾਜਿਕ ਸੰਬੰਧਾਂ, ਲੋਕਾਂ ਦੇ ਸਮੂਹ ਵਿਚ ਕਾਰ ਸੰਚਾਰ ਤੇ ਅੰਤਰ-ਕਿਰਿਆਵਾਂ ਦੇ ਕਾਰਨਾਂ ਅਤੇ ਪ੍ਰਭਾਵਾਂ ਦਾ ਅਧਿਐਨ ਹੁੰਦਾ ਹੈ।

> ਸਮਾਜ-ਸ਼ਾਸਤਰ, ਉਹ ਵਿਗਿਆਨ ਹੈ, ਜਿਹੜਾ ਸਮਾਜਿਕ ਕਿਰਿਆਵਾਂ ਦਾ ਵਿਸ਼ਲੇਸ਼ਣਾਤਮਕ ਬੋਧ ਕਰਾਉਣ ਦਾ ਯਤਨ ਕਰਦਾ ਹੈ, ਤਾਂ ਜੋ ਇਸ ਦੇ ਸਮਾਜਿਕ ਸਿਲਸਿਲੇ ਅਤੇ ਉਨ੍ਹਾਂ ਦੇ ਸਿੱਟਿਆਂ ਕਾਰਨ ਸਹਿਤ ਵਿਆਖਿਆ ਕੀਤੀ ਜਾ ਸਕੇ। (ਆਨੰਦ ''ਸਮਾਜ-ਸ਼ਾਸਤਰ ਕਾ ਪਰਿਚਯ" 2)

ਸਮਾਜ-ਸ਼ਾਸਤਰ, ਸਮਾਜਿਕ ਸਮੂਹਾਂ ਦਾ ਵਿਗਿਆਨ ਹੈ। (ਜਾਨਸਨ ''ਸਮਾਜ-ਸ਼ਾਸਤਰ ਏਕ ਵਿਧੀਵਤ ਵਿਵੇਚਨ,9)

ਇਸ ਪ੍ਰਕਾਰ ਸਮਾਜ ਸ਼ਾਸਤਰ ਕੇਵਲ ਸਿਧਾਂਤਕ ਪੱਧਰ ਉੱਤੇ ਹੀ ਨਹੀਂ ਵਿਚਰਦਾ, ਸਗੋਂ ਵਿਹਾਰਕ ਪਹੁੰਚ ਨੂੰ ਵੀ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ।

ਇਸ ਕਰ ਕੇ ਹਥਲੇ ਖੋਜ ਕਾਰਜ ਵਿਚ ਸਮਾਜ-ਸ਼ਾਸਤਰੀ ਪਰਿਪੇਖ ਤੋਂ ਵਿਸ਼ੇ ਵਿਚ ਸ਼ਾਮਿਲ ਨਿਬੰਧਕਾਰਾਂ (ਡਾ. ਅਮਰ ਕੋਮਲ, ਡਾ. ਕਰਨੈਲ ਸਿੰਘ ਸੋਮਲ, ਪ੍ਰੋ. ਅੱਛਰੂ ਸਿੰਘ, ਡਾ. ਸੁਰਿੰਦਰਪਾਲ ਸਿੰਘ ਮੰਡ ਅਤੇ ਡਾ. ਹਰਸ਼ਿੰਦਰ ਕੌਰ) ਦੇ ਨਿਬੰਧਾਂ ਦਾ ਪ੍ਰਮੁੱਖਤਾ ਨਾਲ ਅਧਿਐਨ ਕੀਤਾ ਗਿਆ ਹੈ। ਸਮਾਜਿਕ ਯਥਾਰਥ ਨੂੰ ਰੂਪਮਾਨ ਕਰਨ ਲਈ ਸਮਾਜ-ਸ਼ਾਸਤਰੀ ਵਿਧੀ ਦੀ ਵਰਤੋਂ ਅਤਿ ਲੋੜੀਂਦੀ ਹੈ।

**ਅ) ਤੁਲਨਾਤਮਕ ਵਿਧੀ:- (Comparative methodology)** ਤੁਲਨਾਤਮਕ ਖੋਜ ਵਿਧੀ ਤੋਂ ਭਾਵ ਵੱਖ-ਵੱਖ ਪੱਖਾਂ ਦੀ ਤੁਲਨਾ ਕਰ ਕੇ ਉਨ੍ਹਾਂ ਦੀਆਂ ਭਿੰਨਤਾਵਾਂ ਅਤੇ ਸਮਾਨਤਾਵਾਂ ਦੀ ਸੂਖਮ ਪਰਖ ਕਰਨ ਤੋਂ ਹੈ।

> ਤੁਲਨਾਤਮਕ ਸਾਹਿਤ, ਸਾਹਿਤ ਦਾ ਅਜਿਹਾ ਅਧਿਐਨ ਹੈ, ਜਿਸ ਵਿਚ ਇੱਕ ਤੋਂ ਵਧੇਰੇ ਸਾਹਿਤ-ਪਾਠਾਂ/ਧਾਰਾਵਾਂ/ਪ੍ਰਵਿਰਤੀਆਂ ਦਾ ਅਧਿਐਨ ਤੁਲਨਾ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ ਅਤੇ ਇਹਨਾਂ ਵਿਚਲੀਆਂ ਸਮਾਨਤਾਵਾਂ/ਅਸਮਾਨਤਾਵਾਂ/ਪ੍ਰਭਾਵਾਂ/ਵਿਰੋਧਾਂ ਦੀ ਸ਼ਨਾਖ਼ਤ ਕਰ ਕੇ ਵਿਸ਼ਾਲ ਦ੍ਰਿਸ਼ਟੀਕੋਣ/ਵਡੇਰੀ ਸਮਝ ਬਣਾਈ ਜਾ ਸਕਦੀ ਹੈ। ਸਾਹਿਤ ਅਤੇ ਜੀਵਨ ਦੇ ਅੰਤਰ-ਸੰਬੰਧਾਂ ਦੀ ਪਛਾਣ ਕਰ ਕੇ ਸਾਹਿਤ-ਇਤਿਹਾਸ ਦੇ ਕਿਸੇ ਬਿੰਦੂ ਦੀ ਇਤਿਹਾਸਕ ਸਾਪੇਖਤਾ ਬਾਰੇ ਠੋਸ ਸਿੱਟੇ ਕੱਢੇ ਜਾ ਸਕਦੇ ਹਨ। (ਪਰਮਜੀਤ ਸਿੰਘ ''ਵਿਦਰੋਹੀ ਕਾਵਿ (ਪਾਸ਼, ਉਦਾਸੀ, ਮੁਕਤੀ ਬੋਧ ਅਤੇ ਨੇਰੂਦਾ ਦੇ ਸੰਦਰਭ' ਚ)'' 25)

`

ਇਸ ਖੋਜ ਦੇ ਸੰਦਰਭ ਵਿਚ ਹਰੇਕ ਰਚਨਾ ਦੇ ਵੱਖ-ਵੱਖ ਵਿਸ਼ਿਆਂ ਵਿਚ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਦਾ ਪਤਾ ਇਸ ਖੋਜ ਵਿਧੀ ਦੁਆਰਾ ਕੀਤਾ ਜਾ ਸਕਦਾ ਹੈ। ਡਾ. ਅਮਰ ਕੋਮਲ, ਡਾ. ਕਰਨੈਲ ਸਿੰਘ ਸੋਮਲ, ਪ੍ਰੋ. ਅੱਛਰੂ ਸਿੰਘ, ਡਾ. ਸੁਰਿੰਦਰਪਾਲ ਸਿੰਘ ਮੰਡ, ਡਾ. ਹਰਸ਼ਿੰਦਰ ਕੌਰ ਆਦਿ ਦੇ ਨਿਬੰਧਾਂ ਦੀਆਂ ਵਿਸ਼ੇਸ਼ਤਾਵਾਂ, ਵਿਲੱਖਣਤਾਵਾਂ, ਸਮਾਨਤਾਵਾਂ, ਵੱਖਰਤਾਵਾਂ ਆਦਿ ਦਾ ਪਤਾ ਤੁਲਨਾਤਮਕ ਵਿਧੀ ਦੁਆਰਾ ਹੀ ਕੀਤਾ ਜਾ ਸਕਦਾ ਹੈ। ਹਥਲੇ ਖੋਜ ਕਾਰਜ ਵਿਚ ਇਸ ਵਿਧੀ ਦੀ ਵਰਤੋਂ ਕੀਤੀ ਗਈ ਹੈ।

**ੲ) ਵਿਸ਼ਲੇਸ਼ਣਾਤਮਕ ਵਿਧੀ:- (Analytical methodology)** ਇੱਕ ਸਾਹਿਤਕ ਕਿਰਤ ਤੇ ਸਾਰਥਕ ਖੋਜ ਕਰਨ ਲਈ ਜਿੱਥੇ ਤੁਲਨਾਤਮਕ ਤੇ ਮਾਰਕਸਵਾਦੀ ਆਦਿ ਵਿਧੀਆਂ ਦੀ ਜ਼ਰੂਰਤ ਪੈਂਦੀ ਹੈ, ਉੱਥੇ ਵਿਸ਼ਲੇਸ਼ਣਾਤਮਕ ਖੋਜ ਵਿਧੀ ਰਾਹੀਂ ਕੀਤੀ ਗਈ ਖੋਜ ਹੋਰ ਵਧੇਰੇ ਸਾਰਥਕ ਸਿੱਧ ਹੋ ਸਕਦੀ ਹੈ। ਇਸ ਵਿਧੀ ਰਾਹੀਂ ਖੋਜ ਲਈ ਚੁਣੀ ਗਈ ਸਾਹਿਤਕ ਕਿਰਤ ਦਾ ਵਿਸ਼ਲੇਸ਼ਣ ਕਰਦਾ ਹੋਇਆ, ਉਸ ਦੇ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਛੁਪੇ ਤੱਥਾਂ ਨੂੰ ਲੋਕਾਈ ਅੱਗੇ ਪ੍ਰਸਤੁਤ ਕਰਦਾ ਹੈ। ਵਿਸ਼ਲੇਸ਼ਣਾਤਮਕ ਵਿਧੀ ਤੋਂ ਭਾਵ ਵਿਆਖਿਆ ਕਰਨੀ। ਕਿਸੇ ਵਿਸ਼ੇ ਬਾਰੇ ਗਹਿਰਾਈ ਨਾਲ ਕੀਤਾ ਗਿਆ ਅਧਿਐਨ ਵਿਸ਼ਲੇਸ਼ਣਾਤਮਕ ਅਧਿਐਨ ਅਖਵਾਉਂਦਾ ਹੈ। ਕਿਸੇ ਵੀ ਸਾਹਿਤ ਰਚਨਾ ਦੇ ਅਧਿਐਨ ਵਿਚ ਦੋ ਚੀਜ਼ਾਂ ਮਹੱਤਵ ਰੱਖਦੀਆਂ ਹਨ। ਪਹਿਲਾ ਵਿਸ਼ਾ ਪੱਖ ਤੇ ਦੂਜਾ ਅਭਿਵਿਅਕਤੀ ਪੱਖ। ਵਿਸ਼ਾ ਵਸਤੂ, ਜਿਸ ਵਿਚ ਵਿਸ਼ੇ ਬਾਰੇ ਗੱਲ ਕੀਤੀ ਜਾਂਦੀ ਹੈ ਉਹ ਉਸ ਦਾ ਵਿਸ਼ਾ ਹੁੰਦਾ ਹੈ ਤੇ ਜਿਹੜੇ ਢੰਗ ਨਾਲ ਉਹ ਪਾਠਕਾਂ ਨਾਲ ਸੰਚਾਰ ਕਰਦਾ ਹੈ ਉਹ ਉਸ ਦਾ ਅਭਿਵਿਅਕਤੀ ਪੱਖ ਹੁੰਦਾ ਹੈ। ਜਦੋਂ ਵੀ ਕਿਸੇ ਸਾਹਿਤ ਰਚਨਾ ਦਾ ਵਿਸ਼ਲੇਸ਼ਣ ਕਰਨਾ ਹੋਵੇ ਤਾਂ ਦੋਨੋਂ ਪੱਖਾਂ ਦਾ ਅਧਿਐਨ ਕਰਨਾ ਹੁੰਦਾ ਹੈ। ਹਥਲੇ ਖੋਜ ਕਾਰਜ ਵਿਚ ਵਿਸ਼ਲੇਸ਼ਣਾਤਮਕ ਖੋਜ ਵਿਧੀ ਦੀ ਵਰਤੋਂ ਰਾਹੀਂ ਹੀ ਵਾਰਤਕ ਰਚਨਾਵਾਂ ਦੀ ਵਿਸ਼ਾਲਤਾ ਨੂੰ ਦ੍ਰਿੜ੍ਹਤਾ ਨਾਲ ਦਰਸਾਉਂਦਿਆਂ ਵਾਰਤਕ ਦੇ ਵਸਤੂਗਤ ਅਧਾਰ, ਸੰਰਚਨਾ ਤੇ ਪ੍ਰਯੋਜਨ ਨੂੰ ਪੇਸ਼ ਕੀਤਾ ਜਾਵੇਗਾ।

`

## 1.1.3. ਖੋਜ ਨਾਲ ਸੰਬੰਧਿਤ ਪਹਿਲਾਂ ਹੋ ਚੁੱਕਿਆ ਕਾਰਜ (Review of Literature)

ਕਿਸੇ ਵੀ ਖੋਜ ਕਾਰਜ ਨੂੰ ਕਰਨ ਤੋਂ ਪਹਿਲਾਂ ਖੋਜਾਰਥੀ ਨੂੰ ਆਪਣੇ ਦ੍ਰਿਸ਼ਟੀਕੋਣ ਦੀ ਸਪਸ਼ਟਤਾ ਲਈ ਪੂਰਵ ਖੋਜ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਲਈ ਸੰਬੰਧਿਤ ਅਧਿਐਨ ਕਰਨਾ ਜ਼ਰੂਰੀ ਹੈ। ਇਸ ਪ੍ਰਕਾਰ ਪਹਿਲਾਂ ਹੋ ਚੁੱਕਿਆ ਖੋਜ ਕਾਰਜ, ਕਿਸੇ ਵਿਸ਼ੇ ਵਿਚ ਹੋ ਚੁੱਕੇ ਖੋਜ ਕਾਰਜਾਂ ਵਿਚਕਾਰ ਵਿੱਥਾਂ ਪਛਾਣਨ ਦਾ ਕੰਮ ਕਰਦਾ ਹੈ। ਹਥਲੇ ਖੋਜ ਕਾਰਜ ਨੂੰ ਕਰਨ ਤੋਂ ਪਹਿਲਾਂ  ਸਾਹਿਤ ਅਧਿਐਨ ਕੀਤਾ ਗਿਆ ਹੈ, ਉਸ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

### ਐਮ.ਫਿਲ ਦੀ ਡਿਗਰੀ ਲਈ ਪ੍ਰਾਪਤ ਖੋਜ ਕਾਰਜ M. Phil (ਖੋਜ-ਨਿਬੰਧ)

**1)** ਰੇਖਾ ਦੇਵੀ ਦੁਆਰਾ ਮਹਾਂਰਿਸ਼ੀ ਮਾਰਕੰਡੇਸਵਰ ਯੂਨੀਵਰਸਿਟੀ ਮੌਲਾਨਾ ਅੰਬਾਲਾ (ਹਰਿਆਣਾ) ਵਿਖੇ ਖੋਜ-ਨਿਬੰਧ 'ਹੀਰ ਆਖਦੀ ਜੋਗੀਆ ਝੂਠ ਬੋਲੇ ਦਾ ਆਲੋਚਨਾਤਮਕ ਅਧਿਐਨ' 2009 ਨੂੰ ਪੇਸ਼ ਕੀਤਾ ਗਿਆ, ਜਿਸ ਵਿਚ  ਉਨ੍ਹਾਂ ਨੇ ਪ੍ਰਸਿੱਧ ਨਿਬੰਧਕਾਰ ਸੁਰਿੰਦਰਪਾਲ ਸਿੰਘ ਮੰਡ ਦੁਆਰਾ ਰਚਿਤ ਨਿਬੰਧ ਸੰਗ੍ਰਹਿ 'ਹੀਰ ਆਖਦੀ ਜੋਗੀਆ ਝੂਠ ਬੋਲੇ' 1996 ਵਿਚ ਰਚਿਤ 14 ਨਿਬੰਧਾਂ ਦੇ ਵਿਸ਼ਾ ਤੇ ਕਲਾ ਪੱਖ ਨੂੰ ਉਜਾਗਰ ਕੀਤਾ ਹੈ। ਇਹਨਾਂ ਨਿਬੰਧਾਂ ਰਾਹੀ ਨਿਬੰਧਕਾਰ ਨੇ ਇਹ ਸਪਸ਼ਟ ਕਰਨ ਦਾ ਉਪਰਾਲਾ ਕੀਤਾ ਹੈ ਕਿ ਮਨੁੱਖ ਨੂੰ ਜ਼ਿੰਦਗੀ ਵਿਚ ਕਈ ਵਾਰੀ ਅਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਦੇ ਬਾਰੇ ਉਹ ਨੇ ਕਦੀ ਸੋਚਿਆ ਵੀ ਨਹੀਂ ਹੁੰਦਾ। ਇਸ ਪੁਸਤਕ ਵਿਚ  ਅਲੱਗ-ਅਲੱਗ ਵਿਸ਼ੇ ਦਰਜ ਹਨ, ਜਿਨ੍ਹਾਂ ਵਿਚ  ਮਨੁੱਖ ਹਮੇਸ਼ਾ ਜੂਝਦਾ ਹੋਇਆ ਮੁਸ਼ਕਲਾਂ ਦੇ ਹੱਲ ਲੱਭ ਲੈਂਦਾ ਹੈ। ਇਸ ਖੋਜ ਕਾਰਜ ਨਾਲੋਂ ਹਥਲੇ ਖੋਜ ਕਾਰਜ ਦੀ ਵੱਖਰਤਾ ਇਹ ਹੈ ਕਿ ਇਹ ਪੁਸਤਕ 'ਹੀਰ ਆਖਦੀ ਜੋਗੀਆ ਝੂਠ ਬੋਲੇ 1996 ਵਿਚ  ਆਈ ਸੀ, ਜਦ ਕਿ ਹਥਲਾ ਖੋਜ ਕਾਰਜ 2011 ਤੋਂ ਬਾਅਦ ਵਾਲੀ ਪੁਸਤਕ ਤੇ ਅਧਾਰਿਤ ਹੈ। ਇਸ ਖੋਜ-ਨਿਬੰਧ ਤੇ ਹਥਲੇ ਖੋਜ ਕਾਰਜ ਵਿਚ ਸਮਾਨਤਾ ਇਹ ਹੈ

`

ਕਿ ਲੇਖਕ ਇਸ ਖੋਜ ਵਿਸ਼ੇ ਦਾ ਹਿੱਸਾ ਹੈ। ਇਹਦੇ ਵਿਚ ਉਸ ਲੇਖਕ ਬਾਰੇ ਅਤੇ ਨਿਬੰਧ ਕਲਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

**2)** ਕੁਲਜੀਤ ਕੌਰ ਦੁਆਰਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਖੋਜ-ਨਿਬੰਧ ਵਾਰਤਕਕਾਰ ਅਮਰ ਕੋਮਲ 2009 ਵਿਚ ਪੇਸ਼ ਕੀਤਾ ਗਿਆ, ਜਿਸ ਵਿਚ ਉਨ੍ਹਾਂ ਦੀ ਸਮੁੱਚੀ ਵਾਰਤਕ ਨੂੰ ਅਧਾਰ ਬਣਾਇਆ ਗਿਆ ਹੈ। ਨਿਬੰਧ ਪੁਸਤਕਾਂ ਦਾ ਵਿਸ਼ਾਗਤ ਅਧਿਐਨ ਕੀਤਾ ਗਿਆ ਹੈ। ਜਿਸ ਵਿਚ ਸ਼ਾਮਿਲ ਵਿਸ਼ੇ ਸਮਾਜ, ਸਭਿਆਚਾਰ, ਮਾਨਵਵਾਦੀ ਦ੍ਰਿਸ਼ਟੀਕੋਣ, ਆਦਰਸ਼ਵਾਦੀ, ਸਵੈ-ਮੁਲਾਂਕਣ, ਧਾਰਮਿਕ ਕੱਟੜਤਾ ਆਦਿ ਦਾ ਅਧਿਐਨ ਕੀਤਾ ਹੈ। ਅਮਰ ਕੋਮਲ ਵੱਲੋਂ ਰਚਿਤ ਨਿਬੰਧ ਮਨੁੱਖ ਨੂੰ ਗੁੱਝੇ ਭੇਦਾਂ ਨੂੰ ਸਮਝਣ ਦੀ ਪ੍ਰੇਰਨਾ ਦਿੰਦੇ ਹਨ। ਇਸ ਹੋਏ ਖੋਜ ਕਾਰਜ ਨਾਲੋਂ ਹਥਲੇ ਖੋਜ ਕਾਰਜ ਦੀ ਵੱਖਰਤਾ ਇਹ ਹੈ ਕਿ ਇਹ ਖੋਜ ਕਾਰਜ 2009 ਤੋਂ ਪਹਿਲਾਂ ਦੀਆਂ ਪੁਸਤਕਾਂ ਤੇ ਅਧਾਰਿਤ ਹੈ। ਜਦ ਕਿ ਹਥਲਾ ਖੋਜ ਕਾਰਜ 2011 ਤੋਂ ਬਾਅਦ ਵਾਲੀਆਂ ਪੁਸਤਕਾਂ ਤੇ ਅਧਾਰਿਤ ਹੈ। ਇਸ ਖੋਜ-ਨਿਬੰਧ ਤੇ ਹਥਲੇ ਖੋਜ ਕਾਰਜ ਵਿਚ ਸਮਾਨਤਾ ਇਹ ਹੈ ਕਿ ਲੇਖਕ ਇਸ ਹਥਲੇ ਖੋਜ ਵਿਸ਼ੇ ਦਾ ਹਿੱਸਾ ਹੈ ਇਹ ਦੇ ਵਿਚ ਉਸ ਲੇਖਕ ਬਾਰੇ ਅਤੇ ਨਿਬੰਧ ਕਲਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

**3)** ਮਨਪ੍ਰੀਤ ਕੌਰ ਵੱਲੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਖੋਜ-ਨਿਬੰਧ 'ਡਾ. ਨਰਿੰਦਰ ਸਿੰਘ ਕਪੂਰ ਦੀ ਵਾਰਤਕ ਦੇ ਸਮਾਜਿਕ ਸਰੋਕਾਰ' 2006 ਵਿਚ ਪੇਸ਼ ਕੀਤਾ ਗਿਆ, ਜਿਸ ਵਿਚ ਉਨ੍ਹਾਂ ਨੇ ਨਰਿੰਦਰ ਸਿੰਘ ਕਪੂਰ ਦੇ 2006 ਤੱਕ ਪ੍ਰਕਾਸ਼ਿਤ ਅੱਠ ਨਿਬੰਧ-ਸੰਗ੍ਰਹਿਆਂ ਨੂੰ ਅਧਾਰ ਬਣਾਇਆ ਹੈ ਅਤੇ ਖੋਜ ਦੌਰਾਨ ਉਨ੍ਹਾਂ ਦੇ ਨਿਬੰਧਾਂ ਵਿਚੋਂ ਮਿਲਦੇ ਸਮਾਜਿਕ, ਸਭਿਆਚਾਰਕ, ਮਾਨਸਿਕ ਅਤੇ ਵਿਅਕਤੀਗਤ ਪੱਖਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਖੋਜ ਕਾਰਜ ਨਾਲੋਂ ਹਥਲੇ ਖੋਜ ਕਾਰਜ ਦੀ ਵੱਖਰਤਾ ਇਹ ਹੈ ਕਿ ਇਸ ਖੋਜ ਕਾਰਜ ਵਿਚ 2006 ਤੱਕ ਦੀਆਂ ਦੀਆਂ ਪੁਸਤਕਾਂ ਨੂੰ ਅਧਾਰ ਬਣਾਇਆ ਗਿਆ ਹੈ, ਜਦ ਕਿ ਹਥਲਾ ਖੋਜ ਕਾਰਜ 2011 ਤੋਂ ਬਾਅਦ ਵਾਲੀ ਪੁਸਤਕਾਂ ਤੇ ਨਿਵੇਕਲੇ ਨਿਬੰਧਕਾਰਾਂ ਤੇ ਅਧਾਰਿਤ ਹੈ।

`

**4)** ਹਰਪਿੰਦਰ ਕੌਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਖੋਜ-ਨਿਬੰਧ 'ਕਰਨੈਲ ਸਿੰਘ ਸੋਮਲ ਦੀ ਵਾਰਤਕ ਦਾ ਸਭਿਆਚਾਰਕ ਅਤੇ ਵਿਚਾਰਧਾਰਕ ਅਧਿਐਨ' 2004 ਵਿਚ ਪੇਸ਼ ਕੀਤਾ ਗਿਆ, ਜਿਸ ਵਿਚ ਖੋਜਾਰਥੀ ਨੇ ਇਸ ਹੋਏ ਖੋਜ ਕਾਰਜ ਵਿਚ ਕਰਨੈਲ ਸਿੰਘ ਸੋਮਲ ਵੱਲੋਂ ਰਚਿਤ ਨਿਬੰਧਾਂ ਵਿਚ ਮਿਲਦੇ ਪੰਜਾਬੀ ਸਭਿਆਚਾਰਕ ਪੱਖਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਹੋਏ ਖੋਜ ਕਾਰਜ ਨਾਲੋਂ ਹਥਲੇ ਖੋਜ ਕਾਰਜ ਦੀ ਵੱਖਰਤਾ ਇਹ ਹੈ ਕਿ ਇਸ ਖੋਜ ਕਾਰਜ ਵਿਚ 2004 ਤੱਕ ਦੀਆਂ ਦੀਆਂ ਪੁਸਤਕਾਂ ਨੂੰ ਅਧਾਰ ਬਣਾਇਆ ਗਿਆ ਹੈ, ਜਦ ਕਿ ਹਥਲਾ ਖੋਜ ਕਾਰਜ 2011 ਤੋਂ ਬਾਅਦ ਵਾਲੀ ਪੁਸਤਕਾਂ ਤੇ ਅਧਾਰਿਤ ਹੈ। ਇਸ ਖੋਜ-ਨਿਬੰਧ ਤੇ ਹਥਲੇ ਖੋਜ ਕਾਰਜ ਵਿਚ ਸਮਾਨਤਾ ਇਹ ਹੈ ਕਿ ਲੇਖਕ ਇਸ ਹਥਲੇ ਖੋਜ ਵਿਸ਼ੇ ਦਾ ਹਿੱਸਾ ਹੈ ਇਸ ਦੇ ਵਿਚ ਉਸ ਲੇਖਕ ਬਾਰੇ ਅਤੇ ਉਸਦੀ ਨਿਬੰਧ ਕਲਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

**5)** ਹਰਬੰਸ ਕੌਰ ਗਿੱਲ ਦੁਆਰਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਖੋਜ-ਨਿਬੰਧ 'ਸ਼ਰਧਾ ਰਾਮ ਫਿਲੌਰੀ ਦੀ ਪੰਜਾਬੀ ਵਾਰਤਕ ਨੂੰ ਦੇਣ' 1976 ਵਿਚ ਪੇਸ਼ ਕੀਤਾ ਗਿਆ, ਜਿਸ ਵਿਚ ਉਨ੍ਹਾਂ ਦੀਆਂ ਦੋ ਪੁਸਤਕਾਂ ਨੂੰ ਅਧਾਰ ਬਣਾਇਆ ਗਿਆ ਹੈ 'ਸਿੱਖਾਂ ਦੇ ਰਾਜ ਦੀ ਵਿਥਿਆ' ਅਤੇ 'ਪੰਜਾਬੀ ਬਾਤਚੀਤ'। ਇਸ ਖੋਜ ਕਾਰਜ ਵਿਚ ਸ਼ਰਧਾ ਰਾਮ ਫਿਲੌਰੀ ਵੱਲੋਂ ਰਚਿਤ ਨਿਬੰਧਾਂ ਦਾ ਮੂਲ ਵਿਸ਼ਾ ਗੁਰਬਾਣੀ ਤੇ ਧਾਰਮਿਕ ਚਿੰਨ੍ਹਾਂ ਨਾਲ ਸੰਬੰਧਿਤ ਹੈ।

## ਪੀਐੱਚਡੀ ਦੀ ਡਿਗਰੀ ਲਈ ਪ੍ਰਾਪਤ ਕਾਰਜ ਖੋਜ-ਪ੍ਰਬੰਧ (PhD Thesis)

**1)** ਸੁਖਦੀਪ ਕੌਰ ਦੁਆਰਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਖੋਜ-ਪ੍ਰਬੰਧ 'ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਨਿਬੰਧ ਸਾਹਿਤ ਦਾ ਸਮਾਜ ਸਭਿਆਚਾਰਕ ਪਰਿਪੇਖ' 2008 ਵਿਚ ਪੇਸ਼ ਕੀਤਾ ਗਿਆ। ਇਸ ਖੋਜ ਕਾਰਜ ਅਧੀਨ ਸਮਾਜਿਕ ਅਤੇ ਸਭਿਆਚਾਰਕ ਸੰਦਰਭਾਂ ਵਿਚ ਪ੍ਰੀਤਲੜੀ ਦੇ ਨਿਬੰਧਾਂ ਦਾ ਅਧਿਐਨ ਕੀਤਾ ਗਿਆ ਹੈ। ਸਮਾਜਿਕ ਪ੍ਰਸੰਗਾਂ ਨਾਲ ਮੇਲ ਕੇ ਨਿਬੰਧਾਂ ਦਾ ਚਿੰਤਨ ਕੀਤਾ ਗਿਆ ਹੈ, ਜਿਸ ਵਿਚ ਉਨ੍ਹਾਂ ਦੀ ਪੁਸਤਕ 'ਮਨੋਹਰ ਸ਼ਖ਼ਸੀਅਤ' ਨੂੰ ਅਧਾਰ ਬਣਾਇਆ ਗਿਆ ਹੈ। ਇਸ ਹੋਏ ਖੋਜ ਕਾਰਜ ਨਾਲੋਂ ਹਥਲੇ ਖੋਜ ਕਾਰਜ ਦੀ ਵੱਖਰਤਾ

ਇਹ ਹੈ ਕਿ ਇਸ ਖੋਜ ਕਾਰਜ ਵਿਚ ਗੁਰਬਖ਼ਸ਼ ਸਿੰਘ ਦੁਆਰਾਂ ਰਚਿਤ ਪੁਸਤਕਾਂ ਨੂੰ ਅਧਾਰ ਬਣਾਇਆ ਗਿਆ ਹੈ, ਜਦ ਕਿ ਹਥਲਾ ਖੋਜ ਕਾਰਜ 2011 ਤੋਂ ਬਾਅਦ ਵਾਲੀਆਂ ਪੁਸਤਕਾਂ ਤੇ ਨਿਵੇਕਲੇ ਨਿਬੰਧਕਾਰਾਂ ਤੇ ਅਧਾਰਿਤ ਹੈ।

**2)** ਦਵਿੰਦਰ ਕੌਰ ਵੱਲੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਖੋਜ-ਪ੍ਰਬੰਧ 'ਲਾਲ ਸਿੰਘ ਕਮਲਾ ਦੀ ਰੂਪਾਕਾਰ ਵਾਰਤਕ ਦਾ ਅਧਿਐਨ' 2007 ਵਿਚ ਪੇਸ਼ ਕੀਤਾ, ਜਿਸ ਵਿਚ ਉਨ੍ਹਾਂ ਵੱਲੋਂ ਰਚਿਤ ਵਾਰਤਕ ਦਾ ਅਧਿਐਨ ਕੀਤਾ ਗਿਆ ਹੈ। ਹਥਲਾ ਖੋਜ ਕਾਰਜ ਨਿਬੰਧ ਵਿਧਾ ਨਾਲ ਸੰਬੰਧਿਤ ਹੋਣ ਕਾਰਨ ਲਾਲ ਸਿੰਘ ਕਮਲਾ ਅਕਾਲੀ ਵੱਲੋਂ ਰਚਿਤ ਨਿਬੰਧ ਤੇ ਚਾਨਣਾ ਪਾਇਆ ਹੈ। ਖੋਜ ਦੌਰਾਨ ਉਨ੍ਹਾਂ ਦੇ ਨਿਬੰਧਾਂ ਵਿਚ ਵਿਸ਼ਾ-ਪੱਖ ਤੇ ਕਲਾ-ਪੱਖ ਦਾ ਅਧਿਐਨ ਕੀਤਾ ਗਿਆ ਹੈ। ਇਹਨਾਂ ਨਿਬੰਧਾਂ ਵਿਚ ਕਮਲਾ ਅਕਾਲੀ ਨੇ ਰੋਜ਼ ਮਰਾ ਜ਼ਿੰਦਗੀ ਦੀਆਂ ਮੁਸ਼ਕਲਾਂ ਨੂੰ ਸੁਚੱਜੇ ਤਰੀਕੇ ਨਾਲ ਬਿਆਨ ਕੀਤਾ ਹੈ। ਉਨ੍ਹਾਂ ਵੱਲੋਂ ਰਚਿਤ ਨਿਬੰਧਾਂ ਵਿਚ ਧਰਮ, ਦਾਰਸ਼ਨਿਕ ਆਚਰਨ, ਵਿਗਿਆਨ ਅਤੇ ਛੋਟੀਆਂ ਗੱਲਾਂ ਆਦਿ ਵਿਸ਼ਿਆਂ ਸੰਬੰਧੀ ਚਰਚਾ ਕੀਤੀ ਗਈ। ਇਸ ਹੋਏ ਖੋਜ ਕਾਰਜ ਨਾਲੋਂ ਹਥਲੇ ਖੋਜ ਕਾਰਜ ਦੀ ਵੱਖਰਤਾ ਇਹ ਹੈ ਕਿ ਇਸ ਖੋਜ ਕਾਰਜ ਵਿਚ 2007 ਤੱਕ ਦੀਆਂ ਲਾਲ ਸਿੰਘ ਕਮਲਾ ਦੀਆਂ ਪੁਸਤਕਾਂ ਨੂੰ ਅਧਾਰ ਬਣਾਇਆ ਗਿਆ ਹੈ, ਜਦ ਕਿ ਹਥਲਾ ਖੋਜ ਕਾਰਜ 2011 ਤੋਂ ਬਾਅਦ ਵਾਲੀਆਂ ਪੁਸਤਕਾਂ ਤੇ ਨਿਵੇਕਲੇ ਨਿਬੰਧਕਾਰਾਂ ਤੇ ਅਧਾਰਿਤ ਹੈ।

**3)** ਸਤਿੰਦਰ ਕੌਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਖੋਜ-ਪ੍ਰਬੰਧ 'ਆਧੁਨਿਕ ਪੰਜਾਬੀ ਵਾਰਤਕ ਦੇ ਵਿਧਾਗਤ ਪਸਾਰ' 2006 ਵਿਚ ਪੇਸ਼ ਕੀਤਾ ਗਿਆ ਹੈ। ਇਸ ਖੋਜ ਕਾਰਜ ਵਿਚ ਛੇ ਲੇਖਕਾਂ ਵੱਲੋਂ ਰਚਿਤ ਵਾਰਤਕ ਨੂੰ ਅਧਾਰ ਬਣਾਇਆ ਗਿਆ ਹੈ। ਜਿਨ੍ਹਾਂ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਬਲਰਾਜ ਸਾਹਨੀ, ਬਲਵੰਤ ਗਾਰਗੀ, ਡਾ. ਕੁਲਬੀਰ ਸਿੰਘ, ਡਾ. ਅਮਰ ਕੋਮਲ, ਡਾ. ਨਰਿੰਦਰ ਸਿੰਘ ਕਪੂਰ ਆਦਿ ਦੀ ਸਮੁੱਚੀ ਵਾਰਤਕ ਨੂੰ ਅਧਾਰ ਬਣਾਇਆ ਗਿਆ ਹੈ। ਇਹ ਖੋਜ ਕਾਰਜ ਵਿਸ਼ਾ ਪੱਖ ਤੇ ਅਧਾਰਿਤ ਹੈ।

`

**4)** ਸੁਖਬੀਰ ਕੌਰ ਵੱਲੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਖੋਜ-ਪ੍ਰਬੰਧ 'ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਨਿਬੰਧਾਂ ਦਾ ਥੀਮਕ ਤੇ ਰੂਪਾਕਾਰ ਅਧਿਐਨ' 2004 ਵਿਚ ਪੇਸ਼ ਕੀਤਾ, ਜਿਸ ਵਿਚ ਉਨ੍ਹਾਂ ਦੇ ਵਿਸ਼ਾ-ਪੱਖ, ਰੂਪਕ-ਪੱਖ ਅਤੇ ਸ਼ੈਲੀ ਪੱਖਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਖੋਜ ਕਾਰਜ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਨਿਬੰਧਾਂ ਵਿਚ ਮੁੱਖ ਵਿਸ਼ੇ ਆਦਰਸ਼ਵਾਦ, ਉਪਦੇਸ਼ਆਤਮਕ, ਪ੍ਰਚਾਰਕ ਤੇ ਸੁਧਾਰਕ ਦ੍ਰਿਸ਼ਟੀਕੋਣ, ਜੀਵਨ ਜਾਚ ਸੰਬੰਧੀ ਚੇਤਨਾ ਆਦਿ ਵਿਸ਼ਿਆਂ ਨੂੰ ਵਿਚਾਰ ਪੂਰਵਕ ਪੜਚੋਲਿਆ ਗਿਆ ਹੈ। ਇਸ ਹੋਏ ਖੋਜ ਕਾਰਜ ਨਾਲੋਂ ਹਥਲੇ ਖੋਜ ਕਾਰਜ ਦੀ ਵੱਖਰਤਾ ਇਹ ਹੈ ਕਿ ਇਹ ਖੋਜ ਕਾਰਜ 2004 ਵਿਚ ਪੇਸ਼ ਕੀਤਾ ਗਿਆ ਹੈ, ਜਦ ਕਿ ਹਥਲਾ ਖੋਜ ਕਾਰਜ 2011 ਤੋਂ ਬਾਅਦ ਰਚਣ ਵਾਲੀਆਂ ਪੁਸਤਕਾਂ ਤੇ ਨਿਵੇਕਲੇ ਨਿਬੰਧਕਾਰਾਂ ਤੇ ਅਧਾਰਿਤ ਹੈ।

**5)** ਗੁਰਪ੍ਰੀਤ ਸਿੰਘ ਸੰਧੂ ਦੁਆਰਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਖੋਜ-ਪ੍ਰਬੰਧ 'ਬਲਰਾਜ ਸਾਹਨੀ ਦੀ ਪੰਜਾਬੀ ਵਾਰਤਕ ਦਾ ਵਿਧਾਗਤ ਅਧਿਐਨ' 2002 ਵਿਚ ਪੇਸ਼ ਕੀਤਾ ਗਿਆ। ਇਸ ਖੋਜ ਕਾਰਜ ਵਿਚ ਬਲਰਾਜ ਸਾਹਨੀ ਵੱਲੋਂ ਰਚਿਤ ਸਮੁੱਚੀ ਵਾਰਤਕ ਨੂੰ ਅਧਾਰ ਬਣਾਇਆ ਗਿਆ ਹੈ। ਹਥਲਾ ਖੋਜ ਕਾਰਜ ਨਿਬੰਧ ਵਿਧਾ ਨਾਲ ਸੰਬੰਧਿਤ ਹੋਣ ਕਾਰਨ ਬਲਰਾਜ ਸਾਹਨੀ ਵੱਲੋਂ ਰਚਿਤ ਨਿਬੰਧ ਤੇ ਚਾਨਣਾ ਪਾਇਆ ਹੈ। ਇਸ ਖੋਜ ਕਾਰਜ ਵਿਚ ਖੋਜਾਰਥੀ ਨੇ ਸਾਹਨੀ ਦੇ ਨਿਬੰਧਾਂ ਨੂੰ ਚਾਰ ਭਾਗਾਂ ਵਿਚ ਵੰਡ ਕੇ ਪੇਸ਼ ਕੀਤਾ ਹੈ।1) ਜਿਸ ਵਿਚ ਕਲਾ ਤੇ ਸਿਨੇਮੇ ਨਾਲ ਸੰਬੰਧਿਤ ਵਿਚਾਰਾਤਮਕ ਨਿਬੰਧ, 2) ਸੰਸਮਰਣਾਤਮਕ ਅਤੇ ਆਤਮ ਸੰਸਮਰਣਾਤਮਕ ਨਿਬੰਧ, 3) ਵਿਅਕਤੀ ਵਿਸ਼ੇਸ਼, 4) ਸ਼ਰਧਾ ਮੂਲਕ ਨਿਬੰਧ ਆਦਿ ਵਿਸ਼ਿਆਂ ਨੂੰ ਅਧਾਰ ਬਣਾਇਆ ਹੈ। ਇਸ ਹੋਏ ਖੋਜ ਕਾਰਜ ਨਾਲੋਂ ਹਥਲੇ ਖੋਜ ਕਾਰਜ ਦੀ ਵੱਖਰਤਾ ਇਹ ਹੈ ਕਿ ਇਹ ਖੋਜ ਕਾਰਜ 2002 ਵਿਚ ਕੀਤਾ ਗਿਆ ਹੈ, ਜਦ ਕਿ ਹਥਲਾ ਖੋਜ ਕਾਰਜ 2011 ਤੋਂ ਬਾਅਦ ਰਚਣ ਵਾਲੀਆਂ ਪੁਸਤਕਾਂ ਤੇ ਨਿਵੇਕਲੇ ਨਿਬੰਧਕਾਰਾਂ ਤੇ ਅਧਾਰਿਤ ਹੈ।

**6)** ਵਰਿੰਦਰ ਕੌਰ ਦੁਆਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਖੋਜ-ਪ੍ਰਬੰਧ ਡਾ. ਬਲਬੀਰ ਸਿੰਘ ਦੀ ਵਾਰਤਕ: ਵਿਧਾਗਤ ਅਧਿਐਨ 2002 ਵਿਚ ਪੇਸ਼ ਕੀਤਾ ਗਿਆ। ਇਸ ਖੋਜ ਕਾਰਜ ਵਿਚ

`

ਬਲਬੀਰ ਸਿੰਘ ਦੀ ਸਮੁੱਚੀ ਵਾਰਤਕ ਨੂੰ ਅਧਾਰ ਬਣਾਇਆ ਗਿਆ ਹੈ। ਹਥਲਾ ਖੋਜ ਕਾਰਜ ਨਿਬੰਧ ਵਿਧਾ ਨਾਲ ਸੰਬੰਧਿਤ ਹੋਣ ਕਾਰਨ ਬਲਬੀਰ ਸਿੰਘ ਵੱਲੋਂ ਰਚਿਤ ਨਿਬੰਧਾਂ ਤੇ ਚਾਨਣਾ ਪਾਇਆ ਹੈ। ਬਲਬੀਰ ਸਿੰਘ ਵੱਲੋਂ ਰਚਿਤ ਨਿਬੰਧਾਂ ਦਾ ਵਿਸ਼ਾਗਤ ਅਧਿਐਨ ਕੀਤਾ ਗਿਆ ਹੈ, ਜਿਨ੍ਹਾਂ ਵਿਚ ਧਾਰਮਿਕ ਨਿਬੰਧ, ਦਾਰਸ਼ਨਿਕ ਨਿਬੰਧ, ਸਮਾਜਿਕ ਅਤੇ ਸਦਾਚਾਰਕ ਨਿਬੰਧ, ਇਤਿਹਾਸਗਤ ਨਿਬੰਧਾਂ ਨੂੰ ਅਧਾਰ ਬਣਾਇਆ ਗਿਆ ਹੈ। ਇਸ ਹੋਏ ਖੋਜ ਕਾਰਜ ਨਾਲੋਂ ਹਥਲੇ ਖੋਜ ਕਾਰਜ ਦੀ ਵੱਖਰਤਾ ਇਹ ਹੈ ਕਿ ਇਹ ਖੋਜ ਕਾਰਜ 2002 ਵਿਚ ਕੀਤਾ ਗਿਆ ਹੈ, ਜਦ ਕਿ ਹਥਲਾ ਖੋਜ ਕਾਰਜ 2011 ਤੋਂ ਬਾਅਦ ਵਾਲੀ ਪੁਸਤਕਾਂ ਤੇ ਨਿਬੰਧਕਾਰਾਂ ਤੇ ਅਧਾਰਿਤ ਹੈ।

**7)** ਸਰਬਜੋਤ ਕੌਰ ਵੱਲੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਖੋਜ-ਪ੍ਰਬੰਧ 'ਪ੍ਰੋ. ਸਾਹਿਬ ਸਿੰਘ ਦਾ ਵਾਰਤਕ ਸਾਹਿਤ ਵਿਚ ਸਥਾਨ' 1989 ਵਿਚ ਪੇਸ਼ ਕੀਤਾ ਗਿਆ ਹੈ। ਇਸ ਖੋਜ ਕਾਰਜ ਵਿਚ ਸਾਹਿਬ ਸਿੰਘ ਦੁਆਰਾ ਰਚਿਤ ਸਮੁੱਚੀ ਵਾਰਤਕ ਨੂੰ ਅਧਾਰ ਬਣਾਇਆ ਗਿਆ ਹੈ। ਹਥਲਾ ਖੋਜ ਕਾਰਜ ਨਿਬੰਧ ਵਿਧਾ ਨਾਲ ਸੰਬੰਧਿਤ ਹੋਣ ਕਾਰਨ ਸਾਹਿਬ ਸਿੰਘ ਵੱਲੋਂ ਰਚਿਤ ਨਿਬੰਧਾਂ ਤੇ ਚਾਨਣਾ ਪਾਇਆ ਹੈ। ਇਸ ਖੋਜ ਕਾਰਜ ਵਿਚ ਸਾਹਿਬ ਸਿੰਘ ਵੱਲੋਂ ਰਚਿਤ ਨਿਬੰਧਾਂ ਦਾ ਮੂਲ ਸਿਧਾਂਤ ਗੁਰਬਾਣੀ ਤੇ ਧਾਰਮਿਕ ਚਿੰਨ੍ਹਾਂ ਨਾਲ ਸੰਬੰਧਿਤ ਹੈ। ਸਾਹਿਬ ਸਿੰਘ ਵੱਲੋਂ ਚੁਣੇ ਵਿਸ਼ੇ ਗੁਰਬਾਣੀ ਦੀ ਪ੍ਰੋੜ੍ਹਤਾ ਕਰਦੇ ਹਨ। ਇਸ ਹੋਏ ਖੋਜ ਕਾਰਜ ਨਾਲੋਂ ਹਥਲੇ ਖੋਜ ਕਾਰਜ ਦੀ ਵੱਖਰਤਾ ਇਹ ਹੈ ਕਿ ਇਹ ਖੋਜ ਕਾਰਜ 1989 ਵਿਚ ਕੀਤਾ ਗਿਆ ਹੈ, ਜਦ ਕਿ ਹਥਲਾ ਖੋਜ ਕਾਰਜ 2011 ਤੋਂ ਬਾਅਦ ਵਾਲੀ ਪੁਸਤਕਾਂ ਤੇ ਅਧਾਰਿਤ ਹੈ।

**8)** ਸੰਤੋਖ ਸਿੰਘ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਖੋਜ-ਪ੍ਰਬੰਧ 'ਤੇਜਾ ਸਿੰਘ ਦੀ ਨਿਬੰਧਕਾਰੀ' 1982 ਵਿਚ ਪੇਸ਼ ਕੀਤਾ ਗਿਆ। ਇਸ ਖੋਜ-ਪ੍ਰਬੰਧ ਵਿਚ ਤੇਜਾ ਸਿੰਘ ਦੇ ਨਿਬੰਧ ਕਲਾ ਦੀ ਵਿਲੱਖਣਤਾ ਨੂੰ ਉਜਾਗਰ ਕੀਤਾ ਗਿਆ ਹੈ। ਇਸ ਕਾਰਜ ਅਧੀਨ ਪ੍ਰਸਤੁਤ ਨਿਬੰਧਕਾਰਾਂ ਦੀ ਸ਼ੈਲੀ, ਵਿਸ਼ਿਆਂ ਤੇ ਕਲਾ ਦੇ ਪ੍ਰਸੰਗ ਵਿਚ ਸਮਾਜਿਕ ਸੰਬੰਧਾਂ ਦਾ ਵਿਵਰਨ ਕੀਤਾ ਗਿਆ।

`

ਉੱਨ੍ਹੀਵੀਂ ਸਦੀ ਵਿਚ ਵਾਰਤਕ ਦੀਆਂ ਵਿਭਿੰਨ ਵਿਧਾਵਾਂ ਬਾਰੇ ਭਰਪੂਰ ਖੋਜ ਕਾਰਜ ਹੋਇਆ ਹੈ। ਵਾਰਤਕ ਦੇ ਵਿਸ਼ਾਲ ਖੇਤਰ ਵਿਚ ਨਿਬੰਧਾਂ ਦੇ ਪ੍ਰਸੰਗ ਵਿਚ ਹੁਣ ਤੱਕ ਕੀਤਾ ਗਿਆ ਖੋਜ ਕਾਰਜ ਆਟੇ ਵਿਚ ਲੂਣ ਦੇ ਸਮਾਨ ਹੀ ਹੋਇਆ ਹੈ। ਬਹੁਤੇ ਨਿਬੰਧ ਸੰਗ੍ਰਹਿ ਵਿਸ਼ੇ 'ਤੇ ਕੇਂਦਰਿਤ ਹੈ। ਵੱਖ-ਵੱਖ ਯੂਨੀਵਰਸਿਟੀਆਂ ਵਿਖੇ ਜਾ ਕੇ ਅਧਿਐਨ ਕਰਨ ਉਪਰੰਤ ਇਹ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਬਹੁਤਾ ਖੋਜ ਕਾਰਜ ਨਿਰੋਲ ਵਾਰਤਕ, ਡਾਇਰੀ ਸਫ਼ਰਨਾਮਾ, ਸਵੈਜੀਵਨੀ, ਪੱਤਰਕਾਰੀ, ਰੇਖਾ-ਚਿੱਤਰ, ਸੰਸਮਰਣ ਅਤੇ ਜੀਵਨੀ ਆਦਿ ਪ੍ਰਸੰਗ ਵਿਚ ਮੁਕੰਮਲ ਕੀਤਾ ਗਿਆ ਹੈ, ਸੋ ਅੰਤ 'ਤੇ ਪੂਰਵ ਖੋਜ ਕਾਰਜ ਦੇ ਸੰਪੂਰਨ ਅਧਿਐਨ ਤੋਂ ਬਾਅਦ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਹਥਲਾ ਖੋਜ ਕਾਰਜ ਨਿਵੇਕਲੇ ਨਿਬੰਧਕਾਰਾਂ ਨਾਲ ਸੰਬੰਧਿਤ ਹੈ।

## ਖੋਜ ਪੱਤਰ (Research Paper)

1. ਡਾ. ਜਤਿੰਦਰ ਕੌਰ ਵੱਲੋਂ ਇਹ ਖੋਜ ਪੱਤਰ 'ਵਾਰਤਕ ਦੇ ਅੰਬਰ ਦਾ ਤਾਰਾ ਡਾ. ਕਰਨੈਲ ਸਿੰਘ ਸੋਮਲ' ਪਟਿਆਲਾ ਵਿਖੇ ਹੋਈ ਇੱਕ ਕਾਨਫ਼ਰੰਸ ਵਿਖੇ ਪੜ੍ਹਿਆ, ਜਿਸ ਵਿਚ ਉਨ੍ਹਾਂ ਨੇ ਦੱਸਿਆ ਕਿ ਲੇਖਕ ਦੀਆਂ ਲਿਖਤਾਂ ਦਾ ਧੁਰਾ ਸੁਚੱਜੀ ਜੀਵਨ ਜਾਚ ਹੈ। ਉਨ੍ਹਾਂ ਵੱਲੋਂ ਰਚਿਤ ਵਾਰਤਕ ਦੇ ਵੱਖ-ਵੱਖ ਵਿਸ਼ਿਆਂ ਬਾਰੇ ਚਰਚਾ ਕੀਤੀ ਅਤੇ ਉਨ੍ਹਾਂ ਦੇ ਨਿਬੰਧਾਂ ਵਿਚ ਪੇਸ਼ ਪੰਜਾਬੀ ਸਭਿਆਚਾਰ ਦੇ ਤੱਥਾਂ ਦੀ ਪੇਸ਼ਕਾਰੀ ਕੀਤੀ।

## ਆਲੋਚਨਾਤਮਕ ਪੁਸਤਕਾਂ

1. ਵੀਰਵੰਤੀ ਕੌਰ ਵੱਲੋਂ ਰਚਿਤ ਪੁਸਤਕ 'ਆਧੁਨਿਕ ਪੰਜਾਬੀ ਵਾਰਤਕ ਵਿਚ ਪ੍ਰੋ. ਅੱਛਰੂ ਸਿੰਘ ਦਾ ਯੋਗਦਾਨ' ਜੋਹਰਾ ਪਬਲੀਕੇਸ਼ਨਜ਼, ਪਟਿਆਲਾ 2017 ਵਿਚ ਪ੍ਰਕਾਸ਼ਿਤ ਹੋਈ ਹੈ। ਜਿਸ ਵਿਚ ਲੇਖਿਕਾ ਨੇ ਲੇਖਕ ਦੇ ਸਮੁੱਚੇ ਜੀਵਨ ਤੇ ਝਾਤ ਪਾਈ ਹੈ ਅਤੇ ਉਨ੍ਹਾਂ ਵੱਲੋਂ ਰਚਿਤ ਵੱਖ-ਵੱਖ ਪੁਸਤਕਾਂ ਵਿਚ ਛੋਹੇ ਗਏ, ਵਿਸ਼ਿਆਂ ਬਾਰੇ ਚਰਚਾ ਕੀਤੀ ਹੈ ਕਿ ਆਧੁਨਿਕ ਮਨੁੱਖ ਦੀ ਜੀਵਨ-ਜਾਚ ਉਸ ਦੀ ਜੀਵਨ ਸ਼ੈਲੀ, ਰਿਸ਼ਤੇ-ਨਾਤੇ, ਮਾਨਵੀ ਕਦਰਾਂ-ਕੀਮਤਾਂ ਆਦਿ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ।

`

2. ਸਤਿੰਦਰ ਕੌਰ ਰੰਧਾਵਾ ਵੱਲੋਂ ਸੰਪਾਦਿਤ ਪੁਸਤਕ 'ਡਾ. ਅਮਰ ਕੋਮਲ ਦਾ ਨਿਬੰਧ-ਜਗਤ', ਨਵਰੰਗ ਪਬਲੀਕੇਸ਼ਨਜ਼, ਸਮਾਣਾ 2017 ਵਿਚ ਪ੍ਰਕਾਸ਼ਿਤ ਹੋਈ ਹੈ, ਜਿਸ ਵਿਚ ਲੇਖਿਕਾ ਨੇ ਡਾ. ਕੋਮਲ ਦੇ ਨਿਬੰਧਾਂ ਤੇ ਚਾਨਣਾ ਪਾਇਆ ਹੈ, ਉੱਥੇ ਵੱਖ-ਵੱਖ ਵਿਦਵਾਨਾਂ ਦੇ ਖੋਜ-ਪੱਤਰ, ਜੋ ਅਮਰ ਕੋਮਲ ਦੇ ਨਿਬੰਧਾਂ ਤੇ ਲਿਖੇ ਹਨ ਆਦਿ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ ਅਤੇ ਉੱਘੇ ਵਿਦਵਾਨਾਂ ਦੇ ਅਮਰ ਕੋਮਲ ਦੀ ਨਿਬੰਧਕਾਰੀ ਸੰਬੰਧੀ ਵਿਚਾਰ ਵੀ ਦ੍ਰਿਸ਼ਟੀਗੋਚਰ ਕੀਤੇ ਗਏ ਹਨ।

3. ਡਾ. ਕਮਲਜੀਤ ਕੌਰ ਬਾਂਗਾਂ ਵੱਲੋਂ ਸੰਪਾਦਿਤ ਪੁਸਤਕ 'ਸੰਤੋਖੇ ਅਨੁਭਵਾਂ ਦੀ ਪਰਵਾਜ਼', ਸੰਗਮ ਪਬਲੀਕੇਸ਼ਨਜ਼, ਸਮਾਣਾ 2013 ਵਿਚ ਪ੍ਰਕਾਸ਼ਿਤ ਹੋਈ ਹੈ, ਜਿਸ ਵਿਚ ਲੇਖਿਕਾ ਨੇ ਡਾ. ਕੋਮਲ ਦੇ ਨਿਬੰਧਾਂ ਦੇ ਵਿਸ਼ਿਆਂ ਤੇ ਚਾਨਣਾ ਪਾਇਆ ਹੈ, ਉੱਥੇ ਹੀ ਕੋਮਲ ਦੇ ਨਿਬੰਧਾਂ ਦੇ ਅਧਾਰ ਭੂਤ ਤੱਤਾਂ ਅਤੇ ਜੀਵਨ ਬਿਉਰਾ ਅਤੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ।

4. ਡਾ. ਸਤਿੰਦਰ ਕੌਰ ਰੰਧਾਵਾ ਵੱਲੋਂ ਸੰਪਾਦਿਤ ਪੁਸਤਕ 'ਡਾ. ਅਮਰ ਕੋਮਲ ਦੀ ਨਿਬੰਧ-ਚੇਤਨਾ", ਨਵਰੰਗ ਪਬਲੀਕੇਸ਼ਨਜ਼, ਸਮਾਣਾ 2018 ਵਿਚ ਪ੍ਰਕਾਸ਼ਿਤ ਹੋਈ ਹੈ। ਜਿਸ ਵਿਚ ਲੇਖਿਕਾ ਨੇ ਡਾ. ਕੋਮਲ ਵੱਲੋਂ ਰਚਿਤ ਨਿਬੰਧ ਸੰਗ੍ਰਹਿ ਤੇ ਚਾਨਣਾ ਪਾਇਆ ਹੈ।

5. ਬਲਦੇਵ ਸਿੰਘ ਬੱਦਨ ਵੱਲੋਂ ਰਚਿਤ ਪੁਸਤਕ 'ਦਾਰਸ਼ਨਿਕ ਤੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਡਾ. ਅਮਰ ਕੋਮਲ ਦੀ ਨਿਬੰਧ-ਚੇਤਨਾ ਦੇ ਮਾਨਵੀ-ਸਰੋਕਾਰ(ਇੱਕ ਸਾਹਿਤਕ ਵਿਵੇਚਨ)' ਲਕਸ਼ਯ ਪਬਲੀਕੇਸ਼ਨਜ਼, ਦਿੱਲੀ 2019 ਵਿਚ ਪ੍ਰਕਾਸ਼ਿਤ ਹੋਈ ਹੈ। ਜਿਸ ਵਿਚ ਲੇਖਕ ਨੇ ਡਾ. ਅਮਰ ਕੋਮਲ ਦੀ ਨਿਬੰਧਕਾਰੀ ਤੇ ਕਲਾਤਮਕ ਵਿਵੇਚਨ ਤੇ ਚਰਚਾ ਕੀਤੀ ਹੈ।

`

## ਖੋਜ ਪੱਤ੍ਰਿਕਾ:-

1. ਪ੍ਰੋ. ਰਤਨ ਸਿੰਘ ਜੱਗੀ ਵੱਲੋਂ ਸੰਪਾਦਿਤ ਖੋਜ ਪੱਤ੍ਰਿਕਾ 'ਨਿਬੰਧ ਅੰਕ' ਪਟਿਆਲਾ 1987 ਵਿਚ ਨਿਬੰਧ ਨਾਲ ਸੰਬੰਧਿਤ ਵੱਖ-ਵੱਖ ਵਿਦਵਾਨਾਂ ਵੱਲੋਂ ਲਿਖਿਤ 29 ਖੋਜ-ਪੱਤਰ ਸ਼ਾਮਿਲ ਹਨ, ਜਿਨ੍ਹਾਂ ਵਿਚ ਨਿਬੰਧ ਵਿਧਾ ਦਾ ਸਰੂਪ, ਵਿਕਾਸ ਅਤੇ ਲੇਖਕਾਂ ਦੀ ਨਿਬੰਧ ਕਲਾ, ਸ਼ੈਲੀਆਂ ਬਾਰੇ ਜਾਣਕਾਰੀ ਭਰਪੂਰ ਖੋਜ ਪੱਤਰ ਲਿਖੇ ਗਏ ਹਨ। ਜਿਹੜੇ ਸਿੱਧੇ ਤੌਰ ਤੇ ਹਥਲੇ ਖੋਜ ਕਾਰਜ ਨਾਲ ਸੰਬੰਧਿਤ ਹਨ।

## 1.2. ਪੰਜਾਬੀ ਵਾਰਤਕ: ਸਿਧਾਂਤਕ ਤੇ ਇਤਿਹਾਸਕ ਪਰਿਪੇਖ

ਕਵਿਤਾ ਅਤੇ ਵਾਰਤਕ ਸਾਹਿਤ ਦੇ ਮੁੱਖ ਰੂਪ ਹਨ। ਪੰਜਾਬੀ ਸਾਹਿਤ ਦਾ ਅਧਿਐਨ ਕਰਦਿਆਂ ਇਹ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ ਕਿ ਮਨੁੱਖ ਨੇ ਆਪਣੀਆਂ ਭਾਵਨਾਵਾਂ ਦੇ ਪ੍ਰਗਟਾਵੇ ਲਈ ਸਭ ਤੋਂ ਪਹਿਲਾਂ ਕਵਿਤਾ ਨੂੰ ਚੁਣਿਆ ਕਿਉਂਕਿ ਮੁੱਖ ਰੂਪ ਵਿਚ ਕਵਿਤਾ ਦਾ ਸੰਬੰਧ ਮਨ ਦੇ ਵਲਵਲਿਆਂ ਨਾਲ ਹੈ ਅਤੇ ਉਸ ਸਮੇਂ ਛਾਪੇਖ਼ਾਨੇ ਤਕਨੀਕ ਦੀ ਅਣਹੋਂਦ ਸੀ। ਇਸ ਦੇ ਨਾਲ ਜੀਵਨ ਦੀ ਸਰਲਤਾ ਅਤੇ ਤਕਨੀਕ ਦੀ ਅਣਹੋਂਦ ਨੇ ਕਵਿਤਾ ਨੂੰ ਪੈਦਾ ਤੇ ਮਕਬੂਲ ਕਰੀ ਰੱਖਿਆ, ਦੂਜੇ ਪਾਸੇ ਜਦੋਂ ਜੀਵਨ ਗੁੰਝਲਦਾਰ ਹੋ ਜਾਂਦਾ ਹੈ ਅਤੇ ਤਕਨੀਕ ਦਾ ਵਿਕਾਸ ਹੁੰਦਾ ਹੈ ਅਤੇ ਮਨੁੱਖ ਮਨ ਦੀ ਜਗ੍ਹਾ ਬੌਧਿਕਤਾ ਦਾ ਸਹਾਰਾ ਲੈਂਦਾ ਹੈ ਤਾਂ ਵਾਰਤਕ ਦਾ ਜਨਮ ਹੁੰਦਾ ਹੈ। ਵਾਰਤਕ ਸਾਹਿਤ ਰੂਪ ਦਾ ਸੰਬੰਧ ਮਨੁੱਖ ਦੀ ਬੁੱਧੀ, ਭਾਵ ਦਿਮਾਗ਼ ਖ਼ਾਸਕਰ ਤਰਕ ਨਾਲ ਹੁੰਦਾ ਹੈ। ਤਰਕ ਦਾ ਸੰਬੰਧ ਆਧੁਨਿਕਤਾ ਨਾਲ ਹੈ। ਇਸ ਲਈ ਵਾਰਤਕ ਆਧੁਨਿਕ ਵਿਧਾ ਹੈ। ਜਿਹੜੀ ਵਾਰਤਕ ਮੱਧਕਾਲ ਵਿਚ ਲਿਖੀ ਗਈ, ਉਹ ਤਰਕ ਦੀ ਥਾਂ ਭਾਵ ਪ੍ਰਧਾਨ ਕਾਵਿਮਈ ਵਾਰਤਕ ਹੈ।

ਹਰ ਇੱਕ ਭਾਸ਼ਾਈ ਰਚਨਾ ਨੂੰ ਸਾਹਿਤ ਨਹੀਂ ਕਿਹਾ ਜਾ ਸਕਦਾ, ਸਗੋਂ ਸਾਹਿਤਕ ਕਿਰਤਾਂ ਸਮਾਜਿਕ ਸਰੋਕਾਰਾਂ, ਦਾਰਸ਼ਨਿਕ ਪਸਾਰਾ, ਮਨੁੱਖੀ ਮਨ ਦੀਆਂ ਉਡਾਣਾਂ ਦਾ ਕਲਾਤਮਕ ਤੇ ਸੁਹਜ ਪ੍ਰਗਟਾਵਾ ਅਤੇ ਕੁੱਝ ਵਿਸ਼ੇਸ਼ ਗੁਣ ਹੁੰਦੇ ਹਨ। ਵਿਦਵਾਨਾਂ ਦੁਆਰਾ ਸਾਹਿਤ ਨੂੰ ਦੋ ਰੂਪਾਂ ਵਿਚ ਵੰਡ ਕੇ ਪੇਸ਼ ਕੀਤਾ ਜਾਂਦਾ ਹੈ।

`

1.ਪਦ ਜਾਂ ਕਵਿਤਾ (Poetry)

2.ਗੱਦ ਜਾਂ ਵਾਰਤਕ (Prose)

ਇਹ ਸਰਬ-ਪ੍ਰਮਾਣਿਤ ਤੱਤ ਹੈ ਕਿ ਦੁਨੀਆ ਦੀ ਹਰ ਭਾਸ਼ਾ ਵਿਚ ਪਹਿਲਾਂ ਕਵਿਤਾ ਦਾ ਜਨਮ ਹੋਇਆ ਅਤੇ ਕਾਫ਼ੀ ਸਮੇਂ ਬਾਅਦ ਜਾ ਕੇ ਵਾਰਤਕ ਉਪਜੀ। ਇਸ ਪਹਿਲ ਕਦਮੀ ਦਾ ਕਾਰਨ ਬੜਾ ਸਪਸ਼ਟ ਹੈ ਕਿ ਕਵਿਤਾ, 'ਦਿਲ ਦੀ ਬੋਲੀ' ਹੈ ਅਤੇ ਵਾਰਤਕ 'ਦਿਮਾਗ਼ ਦੀ ਭਾਸ਼ਾ' ਹੈ। ਕਵਿਤਾ ਅਤੇ ਵਾਰਤਕ ਸਾਹਿਤ ਦੋ ਪ੍ਰਮੁੱਖ ਰੂਪ ਹਨ। ਜਿੱਥੇ ਕਵਿਤਾ ਵਿਚ ਭਾਵ, ਲੈਅ-ਤਾਲ, ਅਲੰਕਾਰ, ਤੇ ਤੁਕਾਂਤ ਹੁੰਦੇ ਹਨ, ਉੱਥੇ ਵਾਰਤਕ ਲਈ ਵਾਕ-ਰਚਨਾ ਜ਼ਰੂਰੀ ਅੰਸ਼ ਹਨ:

> 'ਵਾਰਤਕ' ਸ਼ਬਦ ਲਾਤੀਨੀ ਭਾਸ਼ਾ ਦੇ 'Prose'ਜਾਂ 'Prosus' ਦਾ ਪਰਿਆਇ-ਵਾਚੀ ਹੈ। ਜਿਸ ਦੇ ਅਰਥ ਹਨ 'ਸਿੱਧੀ' ਗੱਲ ਜਾਂ ਸ਼ਬਦਾਂ ਦੀ ਸਿੱਧੀ-ਸਾਦੀ ਬਣਤਰ, ਜਿਹੜੀ ਛੰਦਾਬੰਦੀ ਤੋਂ ਮੁਕਤ ਹੋਵੇ। ਸਧਾਰਨ ਗੱਲਬਾਤ ਨੂੰ ਵੀ'Prose'ਕਹਿੰਦੇ ਹਨ। (ਸੀਤਲ ''ਵਾਰਤਕ ਤੇ ਵਾਰਤਕ ਸ਼ੈਲੀ'' 1)

ਇਸ ਦਾ ਸਪਸ਼ਟ ਅਰਥ ਇਹ ਹੋਇਆ ਕਿ ਕਾਵਿ ਤੋਂ ਬਾਅਦ ਹੋਂਦ ਵਿਚ ਆਉਣ ਵਾਲੀ ਵਿਧਾ ਦਾ ਨਾਮਕਰਨ ਵਾਰਤਕ 'ਚ ਹੋਇਆ ਹੈ:

> ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵੋਲੀਅਮ 18 ਅਨੁਸਾਰ: ਮਨੁੱਖ ਦੇ ਉਨ੍ਹਾਂ ਸਾਫ਼ ਤੇ ਸਿੱਧੇ ਬਚਨਾਂ ਨੂੰ ਪਰੋਜ਼ ਕਿਹਾ ਜਾਂਦਾ ਹੈ। ਜਿਨ੍ਹਾਂ ਨੂੰ ਸਿਰਜਣ ਤੇ ਅੰਕਿਤ ਕਰਨ ਲਈ ਕਵਿਤਾ ਦੇ ਨਿਯਮਾਂ ਦੀ ਲੋੜ ਨਾ ਪਵੇ।(591)
>
> ਜੀਤ ਸਿੰਘ ਸੀਤਲ ਅਨੁਸਾਰ: ਅਰਬੀ ਫ਼ਾਰਸੀ ਵਿਚ ਵਾਰਤਕ ਨੂੰ 'ਨਸਰ' ਕਹਿੰਦੇ ਹਨ। ਜਿਸ ਦੇ ਅਰਥ ਹਨ- ਖਿਲਾਰਨਾ, ਬਿਖੇਰਨਾ, ਜਾਂ ਸਿਰ ਤੋਂ ਵਾਰ ਕੇ ਸੁੱਟਣਾ। ਇਸ ਤਰ੍ਹਾਂ

`

ਖਿੱਲਰੇ ਜਾਂ ਨਿਛਾਵਰ ਕੀਤੇ ਬੋਲਾਂ ਤੇ ਬਚਨਾਂ ਨੂੰ 'ਨਸਰ' ਕਹਿੰਦੇ ਹਨ।(''ਵਾਰਤਕ ਤੇ ਵਾਰਤਕ ਸ਼ੈਲੀ'' 1)

ਸੰਸਕ੍ਰਿਤ ਸਾਹਿਤ ਵਿਚ ਵਾਰਤਕ ਸ਼ਬਦ ਦਾ ਧਾਤੂ 'ਵਿਤ੍ਰਿ' ਹੈ। ਜਿਸ ਦੇ ਅਰਥ ਹਨ 'ਟੀਕਾ' ਜਾਂ ਸੂਤਰਾਂ ਦੀ ਵਿਆਖਿਆ ਕਰਨ ਵਾਲਾ ਗ੍ਰੰਥ। (ਬਲ ''ਖੋਜ ਪੱਤ੍ਰਿਕਾ ਪੁਰਾਤਨ ਵਿਸ਼ੇਸ਼ ਅੰਕ, 29'' 421)

ਇਸੇ ਤਰ੍ਹਾਂ ਸੋਲ੍ਹਵੀਂ, ਸਤ੍ਹਾਰਵੀ ਸਦੀ ਵਿਚ, ਜੋ ਵਾਰਤਕ ਪੰਜਾਬੀ ਵਿਚ ਰਚੀ ਗਈ ਉਹ ਮੁੱਖ ਰੂਪ ਵਿਚ ਧਾਰਮਿਕ ਲਿਖਤਾਂ ਉੱਤੇ ਟੀਕਾ ਟਿੱਪਣੀ ਦੇ ਰੂਪ ਵਿਚ ਮਿਲਦੀ ਹੈ। (ਬਲ ''ਖੋਜ ਪੱਤ੍ਰਿਕਾ ਪੁਰਾਤਨ ਵਿਸ਼ੇਸ਼ ਅੰਕ, 29'' 422)

ਵਾਰਤਕ ਸਾਹਿਤ ਦਾ ਅਜਿਹਾ ਰੂਪ ਹੈ ਜਿਸ ਵਿਚ ਸਾਹਿਤਕਾਰ ਬੌਧਿਕ ਪੱਧਰ ਤੇ ਪਾਠਕ ਨੂੰ ਸੁਹਜ ਸੁਆਦ ਦੇਣ ਦਾ ਯਤਨ ਕਰਦਾ ਹੈ। ਪ੍ਰਗਟਾਅ ਆਪਣੀ ਵਿਚਾਰ ਅਭਿਵਿਅਕਤੀ ਦੀ ਛਾਪ ਪਾਠਕਾਂ ਤੇ ਪਾਉਂਦਾ ਹੈ। ਵਾਰਤਕ ਦੀ ਮੂਲ ਵਾਰਤਾ ਭਾਵ ਕਿਸੇ ਸਿਆਸੀ ਗਈ ਕੁੱਲ ਦੀ ਕਹਾਣੀ ਹੈ। (ਕੇਸਰ ''ਗੱਦ-ਪਰਿਭਾਸ਼ਾ ਤੇ ਪ੍ਰਕਿਰਤੀ'' 9)

ਮੁੱਖ ਰੂਪ ਵਿਚ ਹਰ ਦਲੀਲ ਜਾਂ ਵਾਰਤਾ ਵਾਰਤਕ ਦੀ ਜਿੰਦ-ਜਾਨ ਹਨ। ਸੰਸਕ੍ਰਿਤ ਦੇ ਹਵਾਲੇ ਨਾਲ ਇਹ ਸਪਸ਼ਟ ਹੋ ਗਿਆ ਹੈ ਕਿ ਵਾਰਤਕ ਦਾ ਪਹਿਲਾ ਕੰਮ ਵਿਆਖਿਆ ਕਰਨੀ ਸੀ। ਵਾਰਤਕ ਵਿਚ ਉਹ ਕਿਰਤਾਂ ਤੇ ਲੇਖ ਸ਼ਾਮਲ ਹੁੰਦੇ ਹਨ, ਜਿਨ੍ਹਾਂ ਵਿਚ ਮਨੁੱਖੀ ਸੰਸਾਰ ਦੀਆਂ ਕਦਰਾਂ-ਕੀਮਤਾਂ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਹੁੰਦਾ ਹੈ। ਵਾਰਤਕ ਦਾ ਕੇਂਦਰੀ ਨੁਕਤਾ ਸਧਾਰਨ ਮਨੁੱਖ ਨੂੰ ਸਧਾਰਨ ਭਾਸ਼ਾ ਵਿਚ ਗਿਆਨ ਦੇਣਾ ਹੁੰਦਾ ਹੈ, ਭਾਵ ਇਹ ਆਮ ਮਨੁੱਖ ਨੂੰ ਗਿਆਨਵਾਨ ਬਣਾਉਣ ਵਿਚ ਪ੍ਰਮੁੱਖ ਯੋਗਦਾਨ ਪਾਉਂਦੀ ਹੈ। ਭਾਵੇਂ ਮਨੁੱਖ ਦੇ ਹੋਸ਼ ਸੰਭਾਲਣ ਤੋਂ ਬਹੁਤ ਚਿਰ ਪਿੱਛੋਂ ਕਾਵਿ ਉਪਰੰਤ ਵਾਰਤਕ ਦਾ ਜਨਮ ਤੇ ਵਿਕਾਸ ਹੋਇਆ ਹੈ। ਕਵਿਤਾ ਵਿਚ ਛੰਦਾਂ

`

ਤੇ ਅਲੰਕਾਰਾਂ, ਰਸਾਂ, ਬਿੰਬਾਂ ਪ੍ਰਤੀਕਾਂ ਤੇ ਭਾਵਾਂ ਦੀ ਅਭਿਵਿਅਕਤੀ ਹੁੰਦੀ ਹੈ, ਪਰ ਵਾਰਤਕ ਸ਼ਿੰਗਾਰ ਮਈ ਕਾਲਪਨਿਕ ਪ੍ਰਤੀਕਾਤਮਕ ਵੀ ਹੋ ਸਕਦੀ ਹੈ। ਸਾਹਿਤ ਵਾਰਤਕ ਕਲਪਨਾ ਪ੍ਰਧਾਨ, ਸ਼ਿੰਗਾਰ ਮਈ ਨਿਆਇਸ਼ੀਲ ਹੋ ਸਕਦੀ ਹੈ। ਵਾਰਤਕ ਦਾ ਪ੍ਰਵੇਸ਼ ਭਾਵੇਂ ਕਾਵਿ ਆਮਦ ਤੋਂ ਸਦੀਆਂ ਪਿੱਛੋਂ ਹੋਇਆ ਹੋਵੇਗਾ, ਪਰੰਤੂ ਕਾਵਿ ਤੇ ਵਾਰਤਕ ਦਾ ਸਾਹਿਤ ਵਿਚ ਆਪਣੇ-ਆਪਣੇ ਸਥਾਨ ਤੇ ਯੋਗਦਾਨ ਹੈ। ਨਿਰਸੰਦੇਹ ਆਮ ਬੋਲ ਚਾਲ ਦੀ ਬੋਲੀ ਜੇਕਰ ਲਿਖੀ ਜਾਵੇ ਤਾਂ ਉਹ ਕਲਾਤਮਕ ਵਾਰਤਕ ਨਹੀਂ ਹੋ ਸਕਦੀ। ਜਿਸ ਵਾਰਤਕ 'ਚ ਲਿਖਤੀ ਕਥਨ ਵਿਚਾਰਾਂ ਦੀ ਚਾਸ਼ਨੀ ਨਾ ਹੋਵੇ, ਕਲਪਨਾ ਦੀ ਉਡਾਰੀ ਨਾ ਹੋਵੇ, ਦਿਲ ਦਿਮਾਗ਼ ਦੀ ਚਾਹਤ ਨਾ ਹੋਵੇ, ਨਾ ਹੀ ਸੁਹਜ ਸੁਆਦ ਦੀ ਰੰਗਤ ਹੋਵੇ ਤਾਂ ਅਜਿਹੀ ਵਾਰਤਕ ਨੂੰ ਸਾਰਥਕ ਵਿਆਪਕ ਅਤੇ ਸਹਿਜ ਸਿਆਣਪ ਵਾਲੀ ਵਾਰਤਕ ਨਹੀਂ ਕਹਿ ਸਕਦੇ।

ਪਿਛਲੇ 100 ਸਾਲਾਂ ਵਿਚਕਾਰ ਵਾਰਤਕ ਦਾ ਆਮ ਜੀਵਨ ਖੇਤਰ ਦੇ ਵਿਆਪਤ ਸਮਾਜਿਕ, ਸਭਿਆਚਾਰਕ, ਆਰਥਿਕ, ਵਿਗਿਆਨਕ, ਕਾਰਜਾਂ ਵਿਚ ਵਾਰਤਕ ਦੀ ਵਧੇਰੇ ਉਪਯੋਗਤਾ ਵਧੀ ਹੈ। ਭਾਵੇਂ ਕੰਪਿਊਟਰ ਦੀ ਆਪਣਾ ਭਾਸ਼ਾ ਹੈ, ਫਿਰ ਵੀ ਹਰ ਭਾਸ਼ਾ ਦੀਆਂ ਪਾਠ ਪੁਸਤਕਾਂ, ਦਫ਼ਤਰੀ ਕਾਗ਼ਜ਼ਾਂ ਪੱਤਰਾਂ, ਫ਼ਰਮਾਨ ਪੱਤਰਾਂ, ਹਦਾਇਤਾਂ, ਹੁਕਮਾਂ ਵਾਰਤਕ ਲਈ ਸਾਰਥਕ ਸਾਧਨ ਹਨ। ਇਤਿਹਾਸ ਸਾਹਿਤ ਗਿਆਨ-ਵਿਗਿਆਨ, ਪ੍ਰਾਂਤਕ ਭਾਸ਼ਾਵਾਂ ਦੇ ਸਮਾਚਾਰ ਪੱਤਰਾਂ, ਰਸਾਲਿਆਂ ਪੁਸਤਕਾਂ ਆਦਿ ਵਾਰਤਕ ਦੀ ਉਪਯੋਗਤਾ ਦਾ ਲਾਭ ਉਠਾਉਣ ਵਾਲੇ ਆਧੁਨਿਕ ਯੁੱਗ ਦੇ ਸਿਰਮੌਰ ਅਦਾਰੇ ਹਨ।

ਸਮੇਂ ਦੇ ਬੀਤਣ ਨਾਲ ਪੰਜਾਬੀ ਵਾਰਤਕ ਦੇ ਅਨੇਕਾਂ ਰੰਗ ਪ੍ਰਸੰਗ ਰੂਪ ਅਤੇ ਉਚਾਰਨ ਬਦਲਦੇ ਰਹੇ ਹਨ। ਪੰਜਾਬੀ ਸਾਹਿਤ ਵਿਚ ਵੀ ਵਾਰਤਕ, ਕਵਿਤਾ ਤੋਂ ਪਿੱਛੋਂ ਹੀ ਸੁਸਤ ਚਾਲ ਚਲਦੀ ਆਰੰਭ ਹੋਈ ਹੈ:

> ਪੰਜਾਬੀ ਵਿਚ ਵਾਰਤਕ ਸਿੱਖਣ ਵਾਲਾ ਤਾਂ ਸਤਾਰ੍ਹਵੀਂ ਸਦੀ ਤੋਂ ਪਹਿਲਾਂ ਇੱਕ ਵੀ ਨਹੀਂ ਲੱਭਦਾ। ਯੂਰਪ ਦੇ ਜਨ-ਭਾਸ਼ਾਵਾਂ ਦੇ ਲੇਖਕਾਂ ਤੇ ਵੀ ਇਹੀ ਗੱਲ ਢੁਕਦੀ ਹੈ। ਕਵਿਤਾ ਵੱਲ

`

> ਰੁਚੀ, ਇਸ ਲਈ ਵੀ ਵਧੇਰੇ ਸੀ ਕਿ ਕਵੀ ਨੂੰ ਉਤਸ਼ਾਹ ਮਿਲਦਾ ਸੀ, ਪਰੰਤੂ ਵਾਰਤਕਕਾਰ ਦੀ ਕੋਈ ਸੁਣਦਾ ਨਹੀਂ ਸੀ। ਉਸ ਦੀ ਘਾਲ ਦੀ ਪ੍ਰਸੰਸਾ ਕਰਨ ਵਾਲੇ ਘੱਟ ਲੋਕ ਸਨ। (ਸੀਤਲ ''ਵਾਰਤਕ ਤੇ ਵਾਰਤਕ ਸ਼ੈਲੀ'' 3)

ਵਾਰਤਕ ਦੀ ਉੱਨਤੀ ਅਤੇ ਪਸਾਰ ਸਮੇਂ ਦੇ ਨਾਲ-ਨਾਲ ਪ੍ਰਫੁਲਿਤ ਹੋਣ ਲੱਗਾ। ਆਰੰਭਿਕ ਸਮੇਂ ਦੀ ਵਾਰਤਕ ਦੀ ਸੰਰਚਨਾ ਦੇ ਉਸਾਰੂ ਨਿਯਮ ਅਥਵਾ, ਵਿਆਕਰਨ ਨਿਯਮ ਨਹੀਂ ਸਨ। ਪੰਜਾਬੀ ਭਾਸ਼ਾ ਦੀ ਅੱਜ ਵਾਂਗ ਨਾ ਹੀ ਉਪਯੁਕਤ ਲਿਪੀ ਵਿਕਸਤ ਸੀ, ਨਾ ਹੀ ਵਾਰਤਕ ਦੀ ਭਾਸ਼ਾ ਪੈਰ ਪਸਾਰ ਰਹੀ ਸੀ। ਉਰਦੂ ਫ਼ਾਰਸੀ ਅੰਗਰੇਜ਼ੀ ਹਿੰਦੀ ਭਾਸ਼ਾ ਦਾ ਸੀਮਤ ਪ੍ਰਯੋਗ ਕਿਸੇ ਭਾਸ਼ਾ ਦੀ ਸੁ ਵਰਤੋਂ ਲਈ ਬਹੁਤ ਘੱਟ ਸੀ। ਸਕੂਲਾਂ ਕਾਲਜਾਂ ਵਿਚ ਭਾਸ਼ਾ ਵਜੋਂ ਪੰਜਾਬੀ ਨੂੰ ਮਾਤ-ਭਾਸ਼ਾ ਦਾ ਦਰਜਾ ਦੇਣ ਦਾ ਉਪਕਾਰ ਕਰਨ ਦੀ ਗੱਲ ਸੋਚੀ ਵੀ ਨਹੀਂ ਗਈ ਸੀ।

ਵਾਰਤਕ ਦੀ ਸਾਰਥਕਤਾ ਉਸ ਦੇ ਆਪਣੇ ਪਾਠਕਾਂ ਲਈ ਗਿਆਨ, ਉਹੀ ਸੰਚਾਰਨ ਵਿਚ ਹੈ, ਜੋ ਉਨ੍ਹਾਂ ਦੇ ਭਾਵਾਂ ਨੂੰ ਚਮਤਕਾਰੀ ਬਣਾਵੇ। ਵਾਰਤਕ ਦੀ ਉਦੇਸ਼ ਪੂਰਤੀ, ਕਿਸੇ ਵਿਸ਼ੇ ਸਥਿਤੀ ਪਰਸਥਿਤੀ ਉੱਪਰ ਬੌਧਿਕ ਪਰਪੱਕਤਾ ਨਾਲ ਵਿਚਾਰਾਂ ਨੂੰ ਲਿਖ ਕੇ ਪੇਸ਼ ਕਰਨ ਵਿਚ ਹੈ। ਬੌਧਿਕਤਾ ਦਾ ਸੰਚਾਰਨ, ਸ਼ਬਦਾਂ ਦੀ ਕਲਾਤਮਕ ਸ਼ੈਲੀ ਵਿਚ ਅਭਿਵਿਅਕਤ ਕਰਨਾ ਵਾਰਤਕ ਦਾ ਮੂਲ ਉਦੇਸ਼ ਹੈ। ਕਾਵਿ ਜਾਂ ਵਾਰਤਕ ਦੇ ਮੁੱਖ ਅੰਗ ਵਿਸ਼ਾ ਵਸਤੂ ਅਤੇ ਅਭਿਵਿਅਕਤੀ ਪੱਖ ਦਾ ਸੰਚਾਰਨ ਹੁੰਦਾ ਹੈ। ਲੇਖਕ ਦੀ ਮਨੋਭਾਵਨਾ ਅਨੁਸਾਰ ਪੇਸ਼ ਵਿਚਾਰ ਦੀ ਢੁਕਵੀਂ ਅਭਿਵਿਅਕਤੀ ਲਈ, ਭਾਸ਼ਾ ਦੇ ਸ਼ਬਦਾਂ ਦੀ ਚੋਣ ਸੁਭਾਵਿਕ ਢੁਕਵੀਂ ਅਤੇ ਕਲਾਤਮਕ ਜਾਪੇ। ਭਾਵੁਕਤਾ ਸੰਚਾਰਨ ਵਾਲੇ ਸ਼ਬਦ ਲੇਖਕ ਦੀ ਸ਼ਬਦ ਚੋਣ ਦੀ ਯੋਗਤਾ ਤੇ ਸੂਝ ਦੀ ਗਵਾਹੀ ਦਿੰਦੇ ਹਨ। ਭਾਵੁਕਤਾ ਦੀ ਸਾਰਥਕ ਵਰਤੋਂ ਲਈ ਭਾਸ਼ਾ ਦੀ ਢੁਕਵੀਂ ਸ਼ਬਦ ਚੋਣ, ਸੋਨੇ, ਤੇ ਸੁਹਾਗੇ ਵਿਚਾਰਾਂ ਦੀ ਸੰਪੂਰਨਤਾ ਪ੍ਰਭਾਵ ਦੀ ਏਕਤਾ ਅਤੇ ਵਿਸ਼ੇ ਦੀ ਸਾਰਥਕਤਾ ਲਈ ਜ਼ਰੂਰੀ ਹੈ।

`

ਵਾਰਤਕ ਦਾ ਆਰੰਭ, ਅੰਗਰੇਜ਼ਾਂ ਦੇ ਆਉਣ ਨਾਲ ਹੀ ਹੁੰਦਾ ਹੈ, ਜਦੋਂ ਪੰਜਾਬੀ ਨੌਜਵਾਨਾਂ ਨੇ ਅੰਗਰੇਜ਼ੀ ਭਾਸ਼ਾ ਤੇ ਸਾਹਿਤ ਦਾ ਅਧਿਐਨ ਕੀਤਾ ਤਾਂ ਉਨ੍ਹਾਂ ਦੇ ਮਨਾਂ ਅੰਦਰ ਇਹ ਰੀਝ ਜਾਗੀ ਕਿ ਪੰਜਾਬੀ ਵਾਰਤਕ ਨੂੰ ਸੀਮਤ ਅਦਾਰੇ ਵਿਚ ਕੱਢਿਆ ਜਾਏ। ਇਹ ਠੀਕ ਹੈ, ਇਸ ਲਗਨ ਪਿੱਛੇ ਜਨਮ-ਸਾਖੀਆਂ ਤੇ ਹੋਰ ਫੁਟਕਲ ਉਲੱਥਾਕਾਰੀ ਦੀ ਅਮੀਰ ਪਰੰਪਰਾ ਨੇ ਵੀ ਹਿੱਸਾ ਪਾਇਆ, ਪਰ ਸੁਚੇਤ ਪੱਧਰ ਤੇ ਅੰਗਰੇਜ਼ੀ ਵਾਰਤਕ ਦੀ ਅਮੀਰੀ ਤੇ ਪੰਜਾਬੀਆਂ ਦੀ ਆਪਣੀ ਲੋੜ ਨੇ ਕੰਮ ਕੀਤਾ। ਫਲਸਰੂਪ ਪੰਜਾਬੀ ਵਾਰਤਕ ਦੇ ਪ੍ਰਸਾਰ-ਪਿੜ ਨੂੰ ਨਵੇਂ-ਨਵੇਂ ਵਿਸ਼ੇ ਦੇ ਬਿਆਨ ਕਰ ਕੇ ਮੋਕਲਾ ਕੀਤਾ ਗਿਆ। ਵਾਰਤਕ ਨੂੰ ਕੇਵਲ ਧਰਮ ਦਾ ਮਾਧਿਅਮ ਨਾ ਸਮਝ ਕੇ, ਇਸ ਦੇ ਸਮਾਜਿਕ ਕਿਰਦਾਰ ਤੇ ਵਾਰਤਕ ਲਿਖਾਰੀ ਦੀ ਸਮਾਜਿਕ ਭਾਈਚਾਰਕ ਜ਼ਿੰਮੇਵਾਰੀ ਬਾਰੇ ਵਿਚਾਰਿਆ ਗਿਆ। ਸ਼ਰਧਾ ਦੀ ਥਾਂ ਗੱਲ ਮੰਨਵਾਉਣ ਦੀ ਵਿਵੇਕ ਪ੍ਰਧਾਨ ਰੁਚੀ ਨੂੰ ਸਲਾਹਿਆ ਗਿਆ ਤੇ ਸੰਸਾਰ ਦੀ ਹਰ ਕਲਾਤਮਕ ਤੇ ਸੁਹਜਮਈ ਚੀਜ਼ ਵੱਲ ਪੰਜਾਬੀ ਮਨ ਨੂੰ ਉਤੇਜਿਤ ਕੀਤਾ ਗਿਆ। ਇਸ ਬਾਰੇ ਵਾਤਾਵਰਣ ਦਾ ਇਹ ਨਤੀਜਾ ਨਿਕਲਿਆ ਕਿ ਪੰਜਾਬੀ ਦੀ ਪੁਰਾਤਨ ਵਾਰਤਕ ਦੀ ਪਰੰਪਰਾ ਨੇ, ਇੱਕ ਨਵਾਂ ਮੋੜ ਦਿੱਤਾ। ਪੰਡਿਤ ਸ਼ਰਧਾ ਰਾਮ ਫਿਲੌਰੀ, ਹਰਿੰਦਰ ਸਿੰਘ ਰੂਪ, ਪ੍ਰਿੰ. ਨਿਰੰਜਨ ਸਿੰਘ, ਗਿਆਨੀ ਗੁਰਦਿੱਤ ਸਿੰਘ, ਪ੍ਰਿੰ. ਗੁਰਬਚਨ ਸਿੰਘ ਤਾਲਿਬ, ਕਪੂਰ ਸਿੰਘ ਨੇ ਇਨ੍ਹਾਂ ਆਸ਼ਾਵਾਂ ਨਾਲ ਪੰਜਾਬੀ ਵਾਰਤਕ ਦੇ ਇਤਿਹਾਸ ਵਿਚ ਨਵੇਂ ਪੂਰਨੇ ਪਾਏ। ਇੰਨਾ ਹੀ ਨਹੀਂ, ਸਗੋਂ ਵਾਰਤਕ ਆਪਣੇ ਅਤਿ ਸੂਖਮ ਰੂਪਾਂ ਜਿਵੇਂ ਸਵੈ ਜੀਵਨੀ, ਨਿਬੰਧ, ਲੇਖ, ਰੇਖਾ-ਚਿੱਤਰ ਆਦਿ ਵਿਚ ਸਾਹਮਣੇ ਆਈ:

> ਸਮਕਾਲੀ ਪੰਜਾਬੀ ਲਿਖਾਰੀ ਆਪਣੇ ਬੌਧਿਕ ਪ੍ਰਗਟਾਵੇ ਲਈ ਵਾਰਤਕ ਦੇ ਮਾਧਿਅਮ ਨੂੰ ਚੁਣ ਰਿਹਾ ਹੈ ਅਤੇ ਅਜੋਕੇ ਸਮੇਂ ਵਿਚ ਵਾਰਤਕਕਾਰੀ ਦੇ ਉੱਤਮ ਨਮੂਨੇ ਵੇਖ ਕੇ ਇਹ ਆਸ ਪ੍ਰਗਟ ਕੀਤੀ ਜਾ ਸਕਦੀ ਹੈ ਕਿ ਪੰਜਾਬੀ ਵਾਰਤਕ ਦਾ ਭਵਿੱਖ ਉੱਜਲ ਹੈ। (ਕੇਸਰ ''ਗੱਦ ਪਰਿਭਾਸ਼ਾ ਤੇ ਪ੍ਰਕਿਰਤੀ'' 13)

`

**ਵਾਰਤਕ ਦੀਆਂ ਨਵੀਨ ਵੰਨਗੀਆਂ:-**

1.)ਲੇਖ 2.) ਨਿਬੰਧ 3.) ਲਲਿਤ ਨਿਬੰਧ

**ਲੇਖ**:- ਲੇਖ ਵਾਰਤਕ ਦਾ ਇੱਕ ਅਜਿਹਾ ਰੂਪ ਹੈ, ਜਿਸ ਵਿਚ ਲੇਖਕ ਦੇ ਆਪਣੇ ਨਿੱਜੀ ਭਾਵਾਂ ਨੂੰ ਜਜ਼ਬਾਤੀ ਰੰਗ ਵਿਚ ਕੇ ਪੇਸ਼ ਕੀਤਾ ਜਾਂਦਾ ਹੈ। ਲੇਖ ਵਿਚ ਲੇਖਕ ਨਿੱਜ ਬੋਲਦਾ ਹੈ। ਲੇਖ ਰਾਹੀਂ ਲੇਖਕ ਦੇ ਚਰਿੱਤਰ ਪ੍ਰਧਾਨ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿਨ੍ਹਾਂ ਨੂੰ ਕਲਪਨਾ ਦੀ ਉੱਚੀ ਉਡਾਰੀ ਨਾਲ ਸਵਰਗੀ ਝਲਕੀਆਂ ਵਿਚ ਜਾਂ ਨਰਕਾਂ ਦੇ ਦੁਖਾਂਤ ਬਣਾ ਕੇ ਪੇਸ਼ ਕੀਤਾ ਜਾ ਸਕਦਾ ਹੈ। ਲੇਖ ਵਿਚ ਸੋਚ ਉਡਾਰੀ ਦੀ ਉੱਚਤਮ ਟੀਸੀ ਦੀ ਕੋਈ ਸੀਮਾ ਨਹੀਂ ਹੁੰਦੀ, ਬਲਕਿ ਭਾਵਾਂ ਦਾ ਹੜ੍ਹ ਵੀ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਲੇਖ ਨੂੰ ਅਕਸਰ ਅਸੀਂ ਗੈਰ ਰਸਮੀ ਕਲਾ ਰਹਿਤ ਰਚਨਾ ਕਹਿ ਸਕਦੇ ਹਾਂ, ਜਿਸ ਵਿਚ ਨਿੱਜੀ ਭਾਵਾਂ ਦੀ ਪ੍ਰਧਾਨਤਾ ਹੁੰਦੀ ਹੈ। ਲੇਖ ਅੰਦਰ ਯਥਾਰਥ ਸੰਤੁਲਿਤ ਘੱਟ ਹੁੰਦਾ ਹੈ। ਨਿਯਮਾਂ, ਵਿਆਕਰਨ ਹਦਾਇਤਾਂ ਅਤੇ ਪਾਬੰਦੀਆਂ ਦਾ ਨਾ-ਮਾਤਰ ਖ਼ਿਆਲ ਰੱਖਿਆ ਜਾਂਦਾ ਹੈ। ਇਹ ਅਨਿਯਮਿਤ ਵਿਅਕਤੀਗਤ ਬੌਧਿਕ ਦੀ ਥਾਂ ਰਸਾਤਮਕ ਹੁੰਦਾ ਹੈ। ਲੇਖ ਦਾ ਸਰੂਪ ਤੇ ਦ੍ਰਿਸ਼ਟੀਕੋਣ ਨਿਰੋਲ ਵਿਅਕਤੀਗਤ ਹੁੰਦਾ ਹੈ।

> ਡਾ. ਸਵਿੰਦਰ ਸਿੰਘ ਉੱਪਲ ਲਿਖਦੇ ਹਨ: ਜਿਸ ਵਾਰਤਕ-ਰਚਨਾ ਵਿਚ ਲੇਖਕ ਇਕੱਠੇ ਕੀਤੇ ਜਾਂ ਆਪਣੇ ਵਿਚਾਰਾਂ ਨੂੰ ਇੰਜ ਪੇਸ਼ ਕਰ ਜਾਏ ਕਿ ਉਸ ਵਿਚੋਂ ਲੇਖਕ ਦੀ ਨਿਵੇਕਲੀ ਸ਼ਖ਼ਸੀਅਤ ਦੀ ਰੰਗਣ ਅਤੇ ਸਾਹਿਤਕ ਸੇਧ ਨਾ ਦਿਸੇ, ਉਹ ਲੇਖ ਹੈ, ਪਰ ਜਿਸ ਵਾਰਤਕ ਰਚਨਾ ਵਿਚ ਲੇਖਕ ਦੀ ਕਲਾਤਮਕ ਵਿਉਂਤ, ਨਿੱਜੀ ਸ਼ਖ਼ਸੀਅਤ ਦੀ ਮੋਹਰ ਪਾਠਕ ਨਾਲ ਬਣਾਇਆ ਨਿੱਜੀ ਕਲਾਤਮਕ-ਰਿਸ਼ਤਾ ਅਤੇ ਨਿੱਜੀ ਸ਼ੈਲੀ ਦੀ ਸੁਗੰਧ ਪਾਠਕ ਨੂੰ ਮਸ਼ਹੂਰ ਕਰ ਜਾਏ, ਉਹ ਰਚਨਾ ਨਿਬੰਧ ਹੈ। (ਉੱਪਲ ''ਪ੍ਰਸਿੱਧ ਪੰਜਾਬੀ ਨਿਬੰਧਕਾਰ'' 101)

`

ਪੰਜਾਬੀ ਵਿਚ ਨਿਬੰਧ ਸ਼ਬਦ ਤੋਂ ਪਹਿਲਾਂ ਲੇਖ (Article) ਸ਼ਬਦ ਵਰਤਿਆਂ ਜਾਂਦਾ ਸੀ, ਜਿਸ ਨੂੰ ਸਾਹਿਤਕ ਲੇਖ ਕਿਹਾ ਜਾਂਦਾ ਸੀ। ਪ੍ਰੋ. ਪੂਰਨ ਨੇ ਆਪਣੇ ਸਾਹਿਤਕ ਨਿਬੰਧਾਂ ਦਾ ਨਾਂ ਖੁੱਲ੍ਹੇ ਲੇਖ ਹੀ ਰੱਖਿਆ ਸੀ। ਪ੍ਰੋ. ਸਾਹਿਬ ਸਿੰਘ ਦੇ ਸਿੱਖ ਧਰਮ ਦੀ ਮਰਯਾਦਾ ਅਤੇ ਆਦਰਸ਼ ਮੂਲਕਤਾ ਸੰਬੰਧੀ ਜੋ ਲੇਖ ਲਿਖੇ ਸਨ, ਉਹ ਧਾਰਮਿਕ ਲੇਖ ਪੁਸਤਕ ਦੇ ਨਾਂ ਹੇਠ ਉਨ੍ਹਾਂ ਪ੍ਰਕਾਸ਼ਿਤ ਕਰਵਾਏ ਸਨ। ਲੇਖ ਸ਼ਬਦ ਦਾ ਮੂਲ ਵੀ ਬੇਸ਼ੱਕ ਸੰਸਕ੍ਰਿਤ ਭਾਸ਼ਾ ਵਿਚ ਹੈ, ਪਰ ਸੰਨ ਸੰਤਾਲੀ ਤੋਂ ਭਾਰਤ ਨੂੰ ਸੁਤੰਤਰਤਾ ਮਿਲਣ ਤੋਂ ਪਹਿਲਾਂ ਪੰਜਾਬੀ ਸਾਹਿਤ ਵਿਚ ਲੇਖ ਸ਼ਬਦ ਨਿਬੰਧ ਨਾਲੋਂ ਵਧੇਰੇ ਪ੍ਰਚਲਿਤ ਸੀ।

> ਲੇਖ ਵਿਚ ਲਿਖਾਰੀ ਨਿੱਜ ਦਾ ਪ੍ਰਦਰਸ਼ਨ ਕਰਦਾ ਹੈ ਤੇ ਇਸ ਲਈ ਲੇਖ ਇੱਕ ਵਿਅਕਤੀਗਤ ਰਚਨਾ ਹੋ ਕੇ ਰਹਿ ਜਾਂਦੀ ਹੈ। ਲੇਖ ਵਿਚ ਤਾਂ ਲਿਖਾਰੀ ਇਹ ਪ੍ਰਗਟਾਉਂਦਾ ਹੈ ਕਿ ਮੈਂ ਕਿਵੇਂ ਸੋਚਦਾ ਹੈ। ਇਸ 'ਮੈਂ' ਦਾ ਪ੍ਰਤੀਬਿੰਬ ਉਸ ਨੂੰ ਕਈ ਵਾਰੀ ਭਾਵੁਕ ਵਹਿਣਾ ਵਿਚ ਲੈ ਜਾਂਦਾ ਹੈ, ਜਿਸ ਨੂੰ ਵਾਰਤਕਕਾਰੀ ਵਿਚ ਦੋਸ਼ ਸਮਝਿਆ ਜਾਂਦਾ ਹੈ। ਲੇਖ ਵਿਚ ਕਲਪਨਾ ਬੁੱਧੀ ਦੇ ਅਧੀਨ ਨਹੀਂ ਕੰਮ ਕਰਦੀ, ਸਗੋਂ ਇਸ ਦੀ ਆਪਣੀ ਵੱਖਰੀ ਹੋਂਦ ਹੁੰਦੀ ਹੈ। ਕਲਪਨਾ ਦੇ ਆਉਣ ਨਾਲ ਜਿੱਥੇ ਲੇਖ ਵਿਚ ਰੰਗਤ ਆਉਂਦੀ ਹੈ। ਉੱਥੇ ਇਸ ਵਿਚਲਾ ਬੌਧਿਕ ਗੁਣ ਮਰ ਜਾਂਦਾ ਹੈ ਤੇ ਵਾਰਤਕ ਕਾਵਿਮਈ ਹੋ ਕੇ ਰਹਿ ਜਾਂਦੀ ਹੈ। ਲੇਖ ਦਾ ਰੂਪ ਵਿਧਾਨ ਅਜਿਹਾ ਹੈ ਕਿ ਲਿਖਾਰੀ ਆਪਣੇ ਵਿਚਾਰਾਂ ਨੂੰ ਆਪਣੀ ਮਰਜ਼ੀ ਮੁਤਾਬਿਕ, ਕਿਸੇ ਵੀ ਢੰਗ ਵਿਚ ਢਾਲ ਕੇ ਪੇਸ਼ ਕਰ ਸਕਦਾ ਹੈ। (ਕੇਸਰ ''ਪਰਿਭਾਸ਼ਾ ਤੇ ਪ੍ਰਕਿਰਤੀ'' 42)

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਲੇਖ ਸਾਹਿਤ ਦੀ ਅਜਿਹੀ ਵਿਧਾ ਹੈ ਕਿ ਜਿਸ ਰਾਹੀਂ ਮਾਨਵੀ ਮਨੋਭਾਵਾਂ ਨੂੰ ਅਭਿਵਿਅਕਤ ਕਰਨ ਲਈ ਬੌਧਿਕਤਾ ਦੇ ਸਾਧਨਾਂ ਦੀ ਵਰਤੋਂ ਕਰਦਾ ਹੋਇਆ ਵੀ ਨਿੱਜੀ ਰੁਚੀਆਂ ਕਲਪਨਾ ਦੀ ਵੀ ਵਰਤੋਂ ਕਰ ਸਕਦਾ ਹੈ।

`

**ਲਲਿਤ ਨਿਬੰਧ:** ਲਲਿਤ ਨਿਬੰਧ ਮੁੱਖ ਰੂਪ ਵਿਚ ਉਨ੍ਹਾਂ ਨਿਬੰਧਾਂ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਲੇਖਕ ਦੀ ਲਿਖਤ ਵਿਚ ਕਵੀ ਤੇ ਨਿਬੰਧਕਾਰ ਵਾਲੇ ਦੋਨੋਂ ਗੁਣ ਮੌਜੂਦ ਹੋਣ। ਲਲਿਤ ਨਿਬੰਧਾਂ ਵਿਚ ਕਲਪਨਾ, ਰਾਗ ਮਕਤਾ ਤੇ ਭਾਵਨਾਵਾਂ ਦਾ ਰਤਾ ਵਧੇਰੇ ਪ੍ਰਯੋਗ ਹੁੰਦਾ ਹੈ। ਪ੍ਰਤੀਕ ਮਈ ਭਾਸ਼ਾ ਦੀ ਵਰਤੋਂ ਜ਼ਿਆਦਾ ਹੁੰਦੀ ਹੈ।

> ਹਿੰਦੀ ਸਾਹਿਤ ਕੋਸ਼ ਅਨੁਸਾਰ: ਲਲਿਤ ਨਿਬੰਧ ਵਿਚ ਬੋਧ-ਪੱਖ ਪ੍ਰਧਾਨ ਨਹੀਂ ਹੁੰਦਾ, ਸਗੋਂ ਭਾਵ-ਪੱਖ ਪ੍ਰਧਾਨ ਹੁੰਦਾ ਹੈ। ਇਸ ਸਾਹਿਤ ਰੂਪ ਵਿਚ ਬੁੱਧੀ ਦੀ ਥਾਂ ਹਿਰਦੇ ਨੂੰ ਸਪਰਸ਼ ਕਰਨ ਦੀ ਸਮਰੱਥਾ ਵਧੇਰੇ ਹੁੰਦੀ ਹੈ। ਕਲਾਤਮਕ ਸੌਂਦਰਯ ਦੁਆਰਾ ਜੋ ਅਨੰਦ ਪ੍ਰਾਪਤ ਹੁੰਦਾ ਹੈ, ਉਸੇ ਪ੍ਰਕਾਰ ਦੇ ਅਨੰਦ ਦੀ ਚੇਸ਼ਟਾ ਲਲਿਤ ਨਿਬੰਧ ਤੋਂ ਕੀਤੀ ਜਾਂਦੀ ਹੈ। (ਦਿਲ "ਪੰਜਾਬੀ ਨਿਬੰਧ: ਸਰੂਪ, ਸਿਧਾਂਤ ਅਤੇ ਵਿਕਾਸ" 66)

ਹਥਲੇ ਖੋਜ-ਕਾਰਜ ਵਿਚ ਸਮਕਾਲੀ ਪੰਜਾਬੀ ਵਾਰਤਕ ਦੀ ਪ੍ਰਮੁੱਖ ਵਿਧਾ ਨਿਬੰਧ ਦਾ ਅਧਿਐਨ ਕੀਤਾ ਜਾ ਰਿਹਾ ਹੈ। ਉਪਰੋਕਤ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਵਾਰਤਕ ਦਾ ਜਨਮ ਵਿਆਖਿਆ ਕਰਨ ਹਿਤ ਸਧਾਰਨ/ਆਮ ਭਾਸ਼ਾ ਦੀ ਵਰਤੋਂ ਕਰਦਿਆਂ ਹੋਇਆ, ਪਰ ਗਿਆਨ-ਵਿਗਿਆਨ ਦੇ ਯੁੱਗ ਵਿਚ ਇਹ ਤਰਕ ਨੂੰ ਪੇਸ਼ ਕਰਨਾ ਦਾ ਮੁੱਖ ਮਾਧਿਅਮ ਬਣ ਗਈ ਅਤੇ ਸਮਕਾਲ ਵਿਚ ਇਹ ਸਮਕਾਲੀ ਸਰੋਕਾਰਾਂ ਨੂੰ ਪੇਸ਼ ਕਰਨ ਵਾਲੀ ਪ੍ਰਮੁੱਖ ਵਿਧਾ ਹੈ।

ਪੰਜਾਬੀ ਵਿਚ ਵਾਰਤਕ ਦਾ ਜਨਮ ਧਾਰਮਿਕ ਰਚਨਾਵਾਂ ਦੇ ਰੂਪ ਵਿਚ ਹੋਇਆ ਮਿਲਦਾ ਹੈ। ਮੁੱਢਲੀ ਪੰਜਾਬੀ ਵਾਰਤਕ ਬਾਰੇ ਵਿਸਤਾਰ ਵਿਚ ਚਰਚਾ ਕਰਨ ਤੋਂ ਪਹਿਲਾਂ ਇਸ ਦੇ ਪ੍ਰਮੁੱਖ ਰੂਪਾਂ ਦਾ ਸੰਖੇਪ ਜਾਇਜ਼ਾ ਹੇਠ ਲਿਖੇ ਅਨੁਸਾਰ ਹੈ। ਸੋਲ੍ਹਵੀਂ ਸਤਾਰ੍ਹਵੀਂ ਸਦੀ ਵਿਚ ਪੁਰਾਤਨ ਪੰਜਾਬੀ ਵਾਰਤਕ ਨਿਮਨ ਲਿਖਤ ਰੂਪਾਂ ਵਿਚ ਰਚੀ ਗਈ ਪ੍ਰਾਪਤ ਹੁੰਦੀ ਹੈ:

`

1.ਜਨਮ ਸਾਖੀਆਂ

2.ਬਚਨ

3.ਗੋਸ਼ਟੀਆਂ (ਇਨ੍ਹਾਂ ਲਈ ਮਸਲੇ ਸ਼ਬਦ ਵੀ ਪੰਜਾਬੀ ਵਿਚ ਵਰਤਿਆ ਗਿਆ ਹੈ।)

4.ਟੀਕੇ ਜਾਂ ਪਰਮਾਰਥ

5.ਪਰਚੀਆਂ

6.ਹੁਕਮਨਾਮੇ

7.ਅਨੁਵਾਦ

**1. ਜਨਮ-ਸਾਖੀਆਂ:-** ਜਨਮ-ਸਾਖੀਆਂ ਪੁਰਾਤਨ ਪੰਜਾਬੀ ਵਾਰਤਕ ਦਾ ਉਤਕ੍ਰਿਸ਼ਟ ਰੂਪ ਹੈ। ਸਤਾਰ੍ਹਵੀਂ ਸਦੀ ਤੋਂ ਪੰਜਾਬੀ ਸਾਹਿਤ ਵਿਚ ਜਨਮ-ਸਾਖੀ ਪਰੰਪਰਾ ਬੜੀ ਬਲਵਾਨ ਰਹੀ ਹੈ। ਜਨਮ-ਸਾਖੀ ਪੰਜਾਬੀ ਸਾਹਿਤ ਦੀ ਅਜਿਹੀ ਵਿਧਾ ਹੈ, ਜੋ ਕਿ ਅਧਿਆਤਮਕ ਮਹਾਂਪੁਰਖ ਦੀ ਜਾਂ ਭਗਤ ਦੀ ਸ਼ਖ਼ਸੀਅਤ ਉੱਪਰ ਅਧਾਰਿਤ ਹੁੰਦੀ ਹੈ। ਇਸ ਵਿਚ ਕਿਸੇ ਮਹਾਂਪੁਰਖ ਦੇ ਜਨਮ, ਜੀਵਨ, ਪ੍ਰਾਪਤੀਆਂ ਦੇ ਪੂਰੇ ਬਿਉਰੇ ਨੂੰ ਬਿਆਨ ਕੀਤਾ ਗਿਆ ਹੁੰਦਾ ਹੈ:

> ਜਨਮ-ਸਾਖੀ ਸ਼ਬਦ ਦੋ ਸ਼ਬਦ 'ਜਨਮ' ਅਤੇ 'ਸਾਖੀ' ਤੋਂ ਬਣਿਆ ਹੈ। 'ਜਨਮ' ਸ਼ਬਦ ਦਾ ਇੱਥੇ ਅਰਥ 'ਜਨਮ' ਨਹੀਂ, ਸਗੋਂ 'ਜੀਵਨ' ਹੈ ਕਿਉਂਕਿ ਜਨਮ-ਸਾਖੀ ਵਿਚ ਨਾਇਕ ਦੇ ਜੀਵਨ ਬਿਰਤਾਂਤ ਹੀ ਨਹੀਂ, ਸਗੋਂ ਸਮੁੱਚੇ ਜੀਵਨ ਦੀਆਂ ਚੋਣਵੀਂਆਂ ਘਟਨਾਵਾਂ ਦਾ ਵਰਣਨ ਮਿਲਦਾ ਹੈ। ਕਈ ਵਾਰ ਜਨਮ-ਸਾਖੀ ਦੀ ਥਾਂ ਕੇਵਲ 'ਸਾਖੀ' ਸ਼ਬਦ ਹੀ ਵਰਤ ਲਿਆ ਜਾਂਦਾ ਹੈ। (ਜੱਗੀ ''ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ'' 432)

`

> ਪੰਜਾਬੀ ਵਿਚ ਸਭ ਤੋਂ ਪ੍ਰਾਚੀਨ ਜਨਮ-ਸਾਖੀ ਜੋ ਉਪਲਬਧ ਹੈ, ਉਹ ਪੁਰਾਤਨ ਜਨਮ-ਸਾਖੀ ਹੈ, ਜਿਹੜੀ 1588 ਈ. ਦੇ ਨੇੜੇ-ਤੇੜੇ ਕਿਸੇ ਸ਼ਰਧਾਵਾਨ ਸਿੱਖ ਨੇ ਲਿਖੀ। (ਜੱਗੀ ''ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ'' 432)

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਮੱਧਕਾਲੀ ਪੰਜਾਬੀ ਵਾਰਤਕ ਦਾ ਪ੍ਰਮੁੱਖ ਰੂਪ ਜਨਮ-ਸਾਖੀ ਹੈ। ਸੋਲ੍ਹਵੀਂ-ਸਤਾਰ੍ਹਵੀਂ ਸਦੀ ਵਿਚ ਰਚੀਆਂ ਗਈਆਂ ਜਨਮ-ਸਾਖੀ ਮੁੱਖ ਰੂਪ ਵਿਚ ਹੇਠ ਲਿਖੇ ਅਨੁਸਾਰ ਹਨ:-

1.ਪੁਰਾਤਨ ਜਨਮ-ਸਾਖੀ

2.ਆਦਿ ਸਾਖੀਆਂ ਬਾਬੇ ਕੀਆਂ।

3.ਸੋਢੀ ਮਿਹਰਬਾਨ ਵਾਲੀ ਜਨਮ-ਸਾਖੀ ਸ੍ਰੀ ਗੁਰੂ ਨਾਨਕ ਦੇਵ ਦੀ।

4.ਪੈੜਾ ਮੋਖਾ ਜਾਂ ਭਾਈ ਬਾਲੇ ਵਾਲੀ ਜਨਮ ਸਾਖੀ।

5.ਬਿਧੀ ਚੰਦ ਜਾਂ ਹੰਦਾਲੀਆਂ ਵਾਲੀ ਜਨਮ ਸਾਖੀ।

6.ਸਤਿਗੁਰੂ ਜੀ ਦੇ ਮੂੰਹ ਦੀਆਂ ਸਾਖੀਆਂ।

7. ਜਨਮ-ਸਾਖੀ ਸ੍ਰੀ ਮਿਹਰਬਾਨ ਜੀ ਕੀ।

8. ਜਨਮ-ਸਾਖੀ ਭਗਤ ਕਬੀਰ ਜੀ ਕੀ।

> ਮੱਧਕਾਲੀ ਪੰਜਾਬੀ ਸਾਹਿਤ ਵਿਚ ਜਨਮ-ਸਾਖੀਆਂ ਦੀ ਪਰੰਪਰਾ ਰਾਹੀਂ ਅਸੀਂ ਗੁਰੂ ਨਾਨਕ ਦੇਵ ਜੀ ਦੇ ਗਹਿਰ-ਗੰਭੀਰ, ਬਹੁਪਰਤੀ ਤੇ ਅਨਿੱਖੜਵੇਂ ਚਰਿੱਤਰ ਤੋਂ ਜਾਣੂ ਹੁੰਦੇ ਹਾਂ। ਜਨਮ-ਸਾਖੀਆਂ ਵਿਚਲੇ ਕਥਾ ਰੂਪ, ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਨੂੰ ਵਧੇਰੇ ਸੰਜੀਵ

`

> ਰੂਪ ਵਿਚ ਵੇਖ ਸਕਦੇ ਹਾਂ। (ਕੋਮਲ ''ਖੋਜ ਪੱਤ੍ਰਿਕਾ ਪੁਰਾਤਨ ਵਾਰਤਕ ਵਿਸ਼ੇਸ਼ ਅੰਕ, 21'' 63)

ਉਪਰੋਕਤ ਸ਼ਬਦਾਂ ਤੋਂ ਭਾਵ, ਇਹਨਾਂ ਜਨਮ-ਸਾਖੀਆਂ ਵਿਚ ਮਹਾਨ ਧਾਰਮਿਕ ਵਿਅਕਤੀਆਂ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ, ਉਨ੍ਹਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਅਤੇ ਉਨ੍ਹਾਂ ਦੇ ਵਿਸ਼ੇਸ਼ ਰੂਪ ਵਿਚ ਕੀਤੇ ਕਾਰਨਾਮਿਆਂ ਦਾ ਬੜਾ ਭਾਵੁਕ ਜਿਹਾ ਵਰਣਨ ਮਿਲਦਾ ਹੈ। ਇਹਨਾਂ ਜਨਮ-ਸਾਖੀਆਂ ਵਿਚ ਪਹਿਲੀਆਂ ਛੇ ਸਾਖੀਆਂ, ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਹੈ। ਸੱਤਵੀਂ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਦੀ ਅਤੇ ਅੱਠਵੀਂ ਜਨਮ-ਸਾਖੀ ਭਗਤ ਕਬੀਰ ਜੀ ਦੇ ਜੀਵਨ ਨਾਲ ਸੰਬੰਧਿਤ ਹੈ।

**2 ਟੀਕੇ:-** ਗੁਰੂ ਸਾਹਿਬਾਨਾਂ ਦੇ ਉਪਦੇਸ਼ਾਂ, ਦਾਰਸ਼ਨਿਕ ਵਿਚਾਰਾਂ ਅਤੇ ਸਿੱਖਿਆਵਾਂ ਆਦਿ ਨੂੰ ਸਮਝਣ ਦੀ ਲੋੜ ਨੇ ਟੀਕੇ ਰੂਪ ਨੂੰ ਪ੍ਰਚਲਿਤ ਕੀਤਾ। ਟੀਕਾ ਪੰਜਾਬੀ ਸਾਹਿਤ ਦਾ ਅਜਿਹਾ ਰੂਪ ਹੈ, ਜਿਸ ਵਿਚ ਕਿਸੇ ਜਟਿਲ, ਰਹੱਸਮਈ ਤੇ ਉਤਕ੍ਰਿਸ਼ਟ ਰਚਨਾ ਦੇ ਅਰਥ ਬੋਧ ਨੂੰ ਜਾਣੂ ਕਰਵਾਇਆ ਜਾਂਦਾ ਹੈ। ਟੀਕਾ ਇੱਕ ਤਰ੍ਹਾਂ ਨਾਲ ਪੰਜਾਬੀ ਆਲੋਚਨਾ ਦਾ ਮੁੱਢਲਾ ਰੂਪ ਕਿਹਾ ਜਾ ਸਕਦਾ ਹੈ:

> 'ਟੀਕਾ' ਸ਼ਬਦ ਦੀ ਵਿਉਤਪਤੀ ਸੰਸਕ੍ਰਿਤ ਭਾਸ਼ਾ ਦੀ 'ਟੀਕ' ਧਾਤੂ ਤੋਂ ਹੋਈ ਹੈ ਅਤੇ ਇਸ ਦੇ ਅਰਥ ਹਨ, ਕਿਸੇ ਵਸਤੂ ਜਾਂ ਤੱਥ ਦਾ ਬੋਧ ਅਥਵਾ ਪ੍ਰਕਾਸ਼ਨ ਕਰਵਾਉਣ ਵਾਲਾ ਵਾਕ ਸਾਧਨ। (ਜੱਗੀ ''ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ'' 448)

ਪੰਜਾਬੀ ਸਾਹਿਤ ਵਿਚ ਟੀਕਾ-ਪਰੰਪਰਾ ਬਹੁਤ ਪੁਰਾਣੀ ਹੈ। ਪੰਜਾਬੀ ਵਿਚ ਸਭ ਤੋਂ ਪਹਿਲਾਂ 'ਜਪੁਜੀ' ਦੇ ਟੀਕੇ ਕੀਤੇ ਗਏ। ਮੁੱਢਲੇ ਕਾਲ ਵਿਚ ਵਧੇਰੇ ਟੀਕੇ ਗੁਰੂ ਨਾਨਕ ਸਾਹਿਬ ਦੀ ਬਾਣੀ ਨਾਲ ਸੰਬੰਧਿਤ ਲਿਖੇ ਮਿਲਦੇ ਹਨ। ਜਿਵੇਂ:

`

- ਜਪੁ ਪਰਮਾਰਥ
- ਟੀਕਾ ਸਿੱਧ ਗੋਸ਼ਟੀ
- ਟੀਕਾ ਦੱਖਣੀ ਓਅੰਕਾਰ
- ਟੀਕਾ ਪੱਟੀ
- ਟੀਕਾ ਕੀਰਤਨ ਸੋਹਲਾ
- ਟੀਕਾ ਆਸਾ ਦੀ ਵਾਰ
- ਟੀਕਾ ਬਾਰਾਮਾਂਹ (ਤੁਖਾਰੀ ਰਾਗ)
- ਸੁਖਮਨੀ ਸਹੰਸਰ ਨਾਮਾ

3) **ਗੋਸ਼ਟਾਂ:-** ਟੀਕੇ ਵਾਂਗ ਗੋਸ਼ਟੀ ਦਾ ਕੇਂਦਰੀ ਨੁਕਤਾ ਵੀ ਵਿਚਾਰ-ਚਰਚਾ ਤੇ ਵਿਆਖਿਆ ਹੈ:

> 'ਗੋਸ਼ਟ' ਸ਼ਬਦ ਸੰਸਕ੍ਰਿਤ ਦੇ ਗੋਸ਼ਠ ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਇਕੱਠਾ ਕਰਨਾ। ਪਹਿਲਾਂ ਇਹ ਸ਼ਬਦ ਗਊਆਂ ਦੇ ਠਹਿਰਨ ਦੀ ਥਾਂ ਲਈ ਵਰਤਿਆਂ ਜਾਂਦਾ ਸੀ, ਪਰ ਕਾਲਾਂਤਰ ਵਿਚ ਇਸ ਦੀ ਵਰਤੋਂ ਇਕੱਠੇ ਮਿਲ ਕੇ ਬੈਠੇ ਹੋਏ, ਲੋਕਾਂ ਵਿਚਲੀ ਗੱਲਬਾਤ, ਵਾਰਤਾਲਾਪ ਜਾਂ ਵਿਚਾਰ-ਚਰਚਾ ਹੋਣ ਲੱਗੀ ਅਤੇ ਇਸ ਵਿਚਾਰ ਚਰਚਾ ਦਾ ਲਿਖਤ ਰੂਪ 'ਗੋਸ਼ਟਿ' ਕਿਹਾ ਜਾਣ ਲੱਗ ਪਿਆ। (ਜੱਗੀ ''ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ'' 398)

ਪੰਜਾਬੀ ਸਾਹਿਤ ਵਿਚ ਗੋਸ਼ਟ ਸਾਹਿਤ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ 'ਸਿੱਧ ਗੋਸ਼ਟਿ' ਤੋਂ ਮੰਨਿਆ ਹੈ। ਅਧਿਐਨ ਦੀ ਸੁਵਿਧਾ ਲਈ ਗੋਸ਼ਟਾਂ ਨੂੰ ਦੋ ਮੁੱਖ ਵਰਗਾਂ ਵਿਚ ਵੰਡਿਆ ਗਿਆ ਹੈ।

`

1.ਗੁਰੂ ਨਾਨਕ ਨਾਲ ਸੰਬੰਧਿਤ ਗੋਸ਼ਟਾਂ

2.ਗੁਰੂ ਨਾਨਕ ਤੋਂ ਭਿੰਨ ਗੋਸ਼ਟਾਂ

> ਮੁੱਖ ਰੂਪ ਵਿਚ ਗੋਸ਼ਟਾਂ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨਾਲ ਸੰਬੰਧਿਤ ਹਨ। ਗੋਸ਼ਟ ਵਿਚ ਦੋ ਸੱਜਣਾ ਜਾਂ ਧਿਰਾਂ ਵਿਚਾਲੇ ਕਿਸੇ ਖ਼ਾਸ ਵਿਸ਼ੇ ਸੰਬੰਧੀ ਗੱਲਬਾਤ ਜਾਂ ਚਰਚਾ ਹੁੰਦੀ ਹੈ। (ਕੋਹਲੀ ''ਪੁਰਾਤਨ ਪੰਜਾਬੀ ਵਾਰਤਕ ਸਰੂਪ, ਸਿਧਾਂਤ ਅਤੇ ਵਿਕਾਸ'' 81)

ਗੁਰੂ ਨਾਨਕ ਸਾਹਿਬ ਨੇ ਗੋਸ਼ਟ ਵਿਧਾ ਰਾਹੀਂ, ਇੱਕ ਨਵੀਂ ਸਾਧਨਾ ਪੱਧਤੀ ਅਤੇ ਇੱਕ ਨਵਾਂ ਦ੍ਰਿਸ਼ਟੀਕੋਣ ਆਮ ਲੋਕਾਂ ਸਾਹਮਣੇ ਰੱਖਿਆ। ਇਹਨਾਂ ਗੋਸ਼ਟਾਂ ਵਿਚ ਮੁੱਖ ਰੂਪ ਵਿਚ ਅਧਿਆਤਮਕ ਵਿਸ਼ਿਆਂ ਬਾਰੇ ਵਿਚਾਰਾਂ ਦਰਜ ਹੋਈਆਂ ਮਿਲਦੀਆਂ ਹਨ।

**4) ਬਚਨ/ਸੁਖਨ:-** ਬਚਨ/ਸੁਖਨ ਦਾ ਸੰਬੰਧ ਧਾਰਮਿਕ ਹਸਤੀਆਂ ਦੇ ਪ੍ਰਵਚਨਾਂ ਨਾਲ ਹੈ। ਗੁਰੂ ਸਾਹਿਬਾਨਾਂ ਦੇ ਬਚਨਾਂ ਨੂੰ ਰੱਬੀ ਹੁਕਮ ਦਾ ਦਰਜਾ ਮੰਨ ਕੇ ਸ਼ਰਧਾਲੂਆਂ ਨੇ ਸੰਭਾਲਣ ਦੀ ਪਿਰਤ ਪਾਈ। ਬਚਨ ਅਧਿਆਤਮ ਨਾਲ ਸੰਬੰਧਿਤ ਪ੍ਰਸ਼ਨਾਂ ਨੂੰ ਨਜਿੱਠਦੇ ਹਨ:

> ਰਤਨ ਸਿੰਘ ਜੱਗੀ ਅਨੁਸਾਰ: 'ਬਚਨ ਸੰਸਕ੍ਰਿਤ ਦੇ 'ਵਚਨ' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਅਰਥ ਹੈ ਬੋਲ, ਕਥਨ, 'ਸੁਖਨ' ਫ਼ਾਰਸੀ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਵੀ ਗੱਲ-ਬਾਤ ਜਾਂ ਬੋਲ ਹੈ। ਇਸ ਤਰ੍ਹਾਂ ਦੋਵੇਂ ਸ਼ਬਦ ਸਮਾਨ ਅਰਥ ਸੂਚਕ ਹੈ। (''ਪੁਰਾਤਨ ਪੰਜਾਬੀ ਵਾਰਤਕ ''171)
>
> ਜੋ ਉਪਦੇਸ਼ ਕਥਨ ਹਿੰਦੂ/ਸਿੱਖ ਧਰਮ ਸਾਧਕਾਂ ਨਾਲ ਸੰਬੰਧਿਤ ਹਨ, ਉਨ੍ਹਾਂ ਨੂੰ 'ਬਚਨ ਗੋਬਿੰਦ ਲੋਕਾਂ ਕੇ' ਨਾਂ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਜੋ ਮੁਸਲਮਾਨ ਫ਼ਕੀਰਾਂ ਨਾਲ ਸੰਬੰਧ ਰੱਖਦੇ ਹਨ, ਉਹ 'ਸੁਖਨ ਫ਼ਕੀਰਾਂ' ਦੇ ਨਾਂ ਨਾਲ ਪ੍ਰਸਿੱਧ ਹੋਏ ਹਨ। ਕਈ ਵਾਰ ਇਨ੍ਹਾਂ ਦੋਹਾਂ

`

> ਸਿਰਲੇਖਾਂ ਨੂੰ ਮਿਲਾ ਕੇ 'ਬਚਨ ਸਾਈ ਲੋਕ ਕੇ' ਨਾਂ ਵੀ ਰੱਖ ਦਿੱਤਾ ਜਾਂਦਾ ਹੈ। (ਜੱਗੀ ''ਪੁਰਾਤਨ ਪੰਜਾਬੀ ਵਾਰਤਕ ''171)

ਪੰਜਾਬੀ ਵਾਰਤਕ ਵਿਚ ਇਹ ਦੋਵੇਂ ਸੇਵਾ-ਪੰਥੀ ਸਾਧਕਾਂ ਦੀ ਦੇਣ ਹਨ। ਮਨੁੱਖ ਦੁਆਰਾ ਸ਼ੁਰੂ ਤੋਂ ਹੀ ਇਹ ਪ੍ਰਵਿਰਤੀ ਰਹੀ ਹੈ ਕਿ ਉਹ ਆਪਣੇ ਤੋਂ ਵੱਡਿਆਂ ਦੇ ਕਹੇ ਬੋਲਾਂ ਨੂੰ ਹਮੇਸ਼ਾ ਆਦਰ ਨਾਲ ਸੁਣਿਆ ਜਾਵੇ ਤੇ ਨਾਲ ਹੀ ਨਾਲ ਉਨ੍ਹਾਂ ਬੋਲਾਂ ਤੇ ਅਮਲ ਵੀ ਕੀਤਾ ਜਾਵੇ। ਜੇਕਰ ਇਹ ਬੋਲ ਪੀਰਾਂ-ਫ਼ਕੀਰਾਂ, ਗੁਰੂਆਂ ਜਾਂ ਕਿਸੇ ਅਧਿਆਤਮਕ ਮਹਾਂਪੁਰਸ਼ਾਂ ਦੇ ਹੋਣ ਤਾਂ ਇਹਨਾਂ ਪ੍ਰਤੀ ਹੋਰ ਵੀ ਵਧੇਰੇ ਆਦਰ ਦੀ ਭਾਵਨਾ ਪ੍ਰਗਟ ਕੀਤੀ ਜਾਂਦੀ ਹੈ।

**5) ਪਰਚੀਆਂ:-** ਪਰਚੀ ਜਾਂ ਪਰਚੀਆਂ ਦਾ ਅਰਥ 'ਪਰਿਚੈ' ਹੈ, ਭਾਵ ਕਿਸੇ ਦੀ ਜਾਣ-ਪਛਾਣ। ਪਰਚੀ ਪੁਰਾਤਨ ਵਾਰਤਕ ਦੀ ਵੰਨਗੀ ਵਿਚ ਕਿਸੇ ਅਧਿਆਤਮਕ ਨਾਇਕ ਦੀ ਸੰਖੇਪ ਜਾਣ ਪਛਾਣ ਕਰਵਾਈ ਜਾਂਦੀ ਹੈ:

> ਅੱਡਣਸ਼ਾਹੀ ਸੰਤਾਂ ਜਾਂ ਸੇਵਾ-ਪੰਥੀ ਮਹੰਤਾਂ ਵਿਚੋਂ ਭਾਈ ਅੱਡਣ ਸ਼ਾਹ, ਭਾਈ ਕਨ੍ਹਈਆ ਤੇ ਭਾਈ ਸੇਵਾ ਰਾਮ ਹੋਰਾਂ ਦੇ ਨਾਂ ਬੜੇ ਪ੍ਰਸਿੱਧ ਹਨ। ਅੱਡਣਸ਼ਾਹੀਆਂ ਦੁਆਰਾ ਰਚੇ ਸਾਹਿਤ ਵਿਚ ਇਹਨਾਂ ਤਿੰਨਾਂ ਦੀਆਂ ਪਰਚੀਆਂ ਜਾਂ ਸਾਖੀਆਂ ਮਿਲਦੀਆਂ ਹਨ। ਸਾਖੀਆਂ ਦਾ ਨਾਂ ਪਰਚੀਆਂ ਇਸ ਲਈ ਪੈ ਗਿਆ ਹੋਵੇ, ਇਹ ਕਿਸੇ ਖ਼ਾਸ ਤੇ ਮਹਾਨ ਵਿਅਕਤੀ ਦੇ ਜੀਵਨ ਸੰਬੰਧੀ ਪਰਿਚੈ ਜਾਂ ਜਾਣਕਾਰੀ ਦਿੰਦੀਆਂ ਹਨ। ਅਸਲ ਵਿਚ ਪਰਚੀ ਸ਼ਬਦ 'ਪਰਿਚਯ' ਦਾ ਹੀ ਤਦਭਵ ਰੂਪ ਹੈ। (ਜੱਗੀ ''ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ'' 558)

ਪੰਜਾਬੀ ਵਿਚ ਮੁੱਖ ਰੂਪ ਵਿਚ ਹੇਠ ਲਿਖੀਆਂ ਪਰਚੀਆਂ ਪ੍ਰਸਿੱਧ ਹਨ;

1) ਪਰਚੀਆਂ ਸੇਵਾ ਦਾਸ

2) ਪਰਚੀਆਂ ਭਾਈ ਕਨ੍ਹਈਆ

`

3) ਸਾਖੀਆਂ ਅੱਡਣ ਸ਼ਾਹ

**6) ਹੁਕਮਨਾਮੇ**:- ਮੱਧਕਾਲੀਨ ਪੰਜਾਬੀ ਵਾਰਤਕ ਦਾ ਇੱਕ ਰੂਪ ਹੁਕਮਨਾਮੇ ਹਨ। ਹੁਕਮਨਾਮਿਆਂ ਵਿਚ ਗੁਰ ਵਿਅਕਤੀ ਆਪਣੇ ਹੁਕਮ ਨੂੰ ਆਪਣੇ ਸਿੱਖਾਂ ਵੱਲ ਭੇਜਿਆ ਕਰਦੇ ਸਨ। ਇਹਨਾਂ ਹੁਕਮਨਾਮਿਆਂ ਵਿਚ ਗੁਰੂ ਸਾਹਿਬਾਨ ਵੱਲੋਂ ਪ੍ਰਮੁੱਖ ਰੂਪ ਵਿਚ ਆਪਣੇ ਸਿੱਖਾਂ ਨੂੰ ਲੰਗਰ ਲਈ ਮਾਇਆ, ਸੈਨਾ, ਘੋੜੇ, ਹਾਥੀ, ਆਦਿ ਜਾਂ ਆਪ ਗੁਰੂ ਦੇ ਦਰਬਾਰ ਵਿਚ ਹਾਜ਼ਰ ਹੋਣ ਦਾ ਹੁਕਮ ਦਿੱਤਾ ਹੁੰਦਾ ਹੈ:

> ਇਹਨਾਂ ਵਿਚੋਂ ਗੁਰੂ ਹਰਿ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਦੀ ਬੋਲੀ ਵਧੇਰੇ ਠੇਠ ਪੰਜਾਬੀ ਰੰਗ ਵਾਲੀ ਹੈ, ਪ੍ਰੰਤੂ ਗੁਰੂ ਤੇਗ਼ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੇ ਦੇ ਹੁਕਮਨਾਮਿਆਂ ਵਿਚ ਬ੍ਰਜ ਭਾਸ਼ਾ ਦੀ ਰੰਗਣ ਕਾਫ਼ੀ ਹੈ।(ਬੇਦੀ ''ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ'' 42)

ਇਹਨਾਂ ਹੁਕਮਨਾਮਿਆਂ ਦੀ ਸਮਾਜਿਕ ਅਤੇ ਇਤਿਹਾਸਕ ਮਹਾਨਤਾ ਬਹੁਤ ਹੈ ਅਤੇ ਇਹਨਾਂ ਵਿਚ ਉਸ ਸਮੇਂ ਦੀਆਂ ਕਈ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਬਾਰੇ ਬੜੀ ਗਿਆਨ ਭਰਪੂਰ ਜਾਣਕਾਰੀ ਮਿਲਦੀ ਹੈ।

**7) ਅਨੁਵਾਦ:-** ਅਨੁਵਾਦ ਪ੍ਰਮੁੱਖ ਰੂਪ ਵਿਚ ਪੁਰਾਤਨ ਭਾਰਤੀ ਤੇ ਸ਼ਾਸਤਰੀ ਰਚਨਾਵਾਂ ਦੇ ਹੋਏ ਹਨ, ਜਿਵੇਂ ਰਮਾਇਣ, ਵਿਸ਼ਨੂੰ ਪੁਰਾਣ, ਗੀਤਾ, ਮਹਾਤਮ ਅਤੇ ਭਗਵਤ ਗੀਤਾ ਆਦਿ:

> ਡੂੰਘੇ ਅਤੇ ਪ੍ਰਤਿਭਾਸ਼ਾਲੀ ਵਿਦਵਾਨ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸਰਪ੍ਰਸਤੀ ਹੇਠ ਕਈ ਉੱਘੇ ਸਾਹਿਤਕਾਰਾਂ ਕੋਲੋਂ ਬੇਅੰਤ ਮੌਲਿਕ ਤੇ ਅਨੁਵਾਦ ਸਾਹਿਤ ਦੀ ਰਚਨਾ ਕਰਵਾਈ। ਇਸ ਬਾਰੇ ਰਚੇ ਸਾਹਿਤ ਭੰਡਾਰ ਨੂੰ 'ਵਿੱਦਿਆ ਸਾਗਰ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। (ਬੇਦੀ ''ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ'' 42)

`

ਉਪਰੋਕਤ ਚਰਚਾ ਤੋਂ ਇਹ ਪ੍ਰਤੱਖ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਇਨ੍ਹਾਂ ਵਿਚ ਜਿਹੜੇ ਪਾਤਰਾਂ ਨੂੰ ਲਿਆ ਗਿਆ ਹੈ, ਉਹ ਮੁੱਖ ਰੂਪ ਵਿਚ ਆਦਰਸ਼ ਜੀਵਨ ਵਾਲੇ ਤੇ ਸਿੱਖੀ ਦੇ ਧਾਰਨੀ ਹਨ ਅਤੇ ਇਨ੍ਹਾਂ ਪਰਚੀਆਂ ਵਿਚ ਸਿੱਖੀ ਜੀਵਨ ਬਾਰੇ ਅਤੇ ਦਰਸਾਈਆ ਰਹਿਤ ਮਰਿਆਦਾਵਾਂ ਬਾਰੇ ਸਪਸ਼ਟੀਕਰਨ ਵੀ ਮਿਲਦਾ ਹੈ। ਇਨ੍ਹਾਂ ਵੰਨਗੀਆਂ ਦਾ ਕੇਂਦਰੀ ਨੁਕਤਾ ਵਿਆਖਿਆ ਅਤੇ ਵਰਣਨ ਹੈ ਅਤੇ ਇਨ੍ਹਾਂ ਵਿਚ ਤਰਕ-ਵਿਤਰਕ ਦੇ ਅੰਸ਼ ਵੀ ਸ਼ਾਮਿਲ ਹਨ। ਇਸ ਤਰ੍ਹਾਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਮੱਧਕਾਲੀ ਵਾਰਤਕ ਦੀਆਂ ਸਾਰੀਆਂ ਵੰਨਗੀਆਂ ਦਾ ਖੇਤਰ ਧਾਰਮਿਕ ਹੈ, ਵਾਰਤਕ ਵੰਨਗੀਆਂ ਆਧੁਨਿਕ ਪੰਜਾਬੀ ਵਾਰਤਕ ਦਾ ਅਧਾਰ ਬਣਦੀਆਂ ਹਨ।

ਹਥਲੇ ਖੋਜ-ਕਾਰਜ ਦਾ ਸੰਬੰਧ ਆਧੁਨਿਕ ਵਾਰਤਕ ਦੇ ਪ੍ਰਮੁੱਖ ਰੂਪ ਨਿਬੰਧ ਨਾਲ ਹੈ। ਆਧੁਨਿਕ ਵਾਰਤਕ ਦੇ ਹੋਰ ਰੂਪ: ਨਿਬੰਧ, ਜੀਵਨੀ, ਸਵੈਜੀਵਨੀ, ਸਫ਼ਰਨਾਮਾ, ਰੇਖਾ-ਚਿੱਤਰ, ਸੰਸਮਰਣ, ਡਾਇਰੀ ਆਦਿ ਹਨ, ਜਿਨ੍ਹਾਂ ਦਾ ਵੇਰਵੇ ਹੇਠ ਲਿਖੇ ਅਨੁਸਾਰ ਹੈ:

**1.ਜੀਵਨੀ**:- ਜੀਵਨੀ ਵਾਰਤਕ ਦੀਆਂ ਪ੍ਰਮੁੱਖ ਵਿਧਾਵਾਂ ਵਿਚੋਂ ਇੱਕ ਹੈ। ਜੀਵਨੀ ਇੱਕ ਲੇਖਕ ਦੇ ਅੰਦਰ ਅਤੇ ਬਾਹਰੀ ਸਰੂਪ ਦਾ ਇੱਕ ਕਲਾਤਮਕ ਨਿਰੂਪਣ ਹੁੰਦੀ ਹੈ।

> ਵਾਰਤਕ ਸਾਹਿਤ ਦਾ ਇੱਕ ਕਲਾਤਮਕ ਰੂਪ ਜੀਵਨੀ ਹੈ। ਕਿਸੇ ਵਿਸ਼ੇਸ਼ ਵਿਅਕਤੀ ਦੇ ਜੀਵਨ ਬਿਰਤਾਂਤ ਨੂੰ ਜੀਵਨੀ ਆਖਦੇ ਹਨ, ਇਸ ਲਈ ਅੰਗਰੇਜ਼ੀ ਪਰਿਆਇ 'ਬਾਇਓਗ੍ਰਾਫੀ' (Biography) ਯੂਨਾਨੀ ਸ਼ਬਦ 'ਬਾਇਓਸ' (Bios) ਅਤੇ 'ਗ੍ਰਾਫੋਸ' (Graphos) ਦੇ ਸੁਮੇਲ ਤੋਂ ਬਣਿਆ ਹੈ। ਇਸ ਤਰ੍ਹਾਂ ਜੀਵਨੀ ਜਾਂ ਬਾਇਓਗ੍ਰਾਫੀ ਵਿਚ ਮਨੁੱਖ ਦੇ ਜੀਵਨ ਦਾ ਲੇਖਾ ਜੋਖਾ ਹੁੰਦਾ ਹੈ। ਆਮ ਤੌਰ ਤੇ ਜੀਵਨੀ ਵਿਚ ਸਾਰੇ ਜੀਵਨ ਵਿਚ ਕੀਤੇ ਹੋਏ ਕਾਰਜਾਂ ਦਾ ਵੇਰਵਾ ਹੁੰਦਾ ਹੈ। (ਜੱਗੀ ''ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ'' 436)

`

ਜੀਵਨੀ ਵਿਚ ਕਿਸੇ ਵਿਅਕਤੀ ਦੇ ਜੀਵਨ ਦਾ ਇਤਿਹਾਸ ਹੁੰਦੀ ਹੈ। ਜਦੋਂ ਕਿਸੇ ਵਿਅਕਤੀ ਦੇ ਜੀਵਨ ਬਾਰੇ, ਕਿਸੇ ਹੋਰ ਲੇਖਕ ਦੁਆਰਾ ਲਿਖੀ ਜਾਂਦੀ ਹੈ, ਜਿਸ ਵਿਚ ਉਸ ਵਿਅਕਤੀ ਦੇ ਜੀਵਨ ਦੀ ਗਤੀਵਿਧੀਆਂ ਨੂੰ ਅਤੇ ਉਸ ਦੇ ਵਿਅਕਤਿਤਵ ਨੂੰ ਪੁਨਰ ਸੁਰਜੀਤ ਕੀਤਾ ਗਿਆ ਹੋਵੇ।

**2. ਸਵੈ ਜੀਵਨੀ:-** ਸਵੈ ਜੀਵਨੀ ਵਾਰਤਕ ਦਾ ਉਹ ਪ੍ਰਮੁੱਖ ਰੂਪ ਹੈ, ਜਿਸ ਵਿਚ ਲੇਖਕ ਆਪਣੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ ਅਤੇ ਤਜਰਬਿਆਂ ਨੂੰ ਦੂਜਿਆਂ ਨਾਲ ਸਾਂਝੇ ਕਰਦਾ ਹੈ:

> ਸਵੈ ਜੀਵਨੀ, ਜਿਸ ਵਿਚ ਲੇਖਕ ਦੇ ਨਿੱਜੀ ਜੀਵਨ ਇਤਿਹਾਸ ਹੁੰਦਾ ਹੈ।ਜਿਸ ਵਿਚ ਉਹ ਆਪਣੇ ਅਤੀਤ ਨੂੰ ਪੁਨਰ ਸਥਾਪਿਤ ਕਰਦਾ ਹੈ। ਆਤਮ ਕਥਾ ਦੁਨੀਆ ਦੀ ਭੀੜ ਵਿਚ ਆਪਣੇ ਆਪ ਨੂੰ ਪਛਾਣਨ ਦਾ ਕਲਾਤਮਕ ਯਤਨ ਹੈ, ਪਰ ਬੰਦੇ ਦੀ ਹੋਣੀ ਇਹ ਹੈ ਤਦ ਤੱਕ ਉਹ ਆਪਣੇ ਆਪ ਨੂੰ ਹੀ ਤਾਂ ਚੰਗੀ ਤਰ੍ਹਾਂ ਪਛਾਨਣੋ ਅਸਮਰਥ ਹੁੰਦਾ ਹੈ। ਉਸ ਦਾ ਸਵੈ-ਭੀੜ ਵਿਚ ਰਲਿਆਂ ਗੁਆਚ ਜਾਂਦਾ ਹੈ ਤੇ ਸਮੇਂ ਦੀ ਧੂੜ ਨਾਲ ਰੰਗ ਬਦਲ ਲੈਂਦਾ ਹੈ ਤੇ ਫਿਰ ਭੀੜ ਨਾਲੋਂ ਸਵੈ ਨੂੰ ਨਿਖੇੜ ਕੇ ਅਤੇ ਸਮੇਂ ਦੀ ਧੂੜ ਹੇਠੋਂ ਪੁੱਟ ਕੇ ਮੂਲ ਰੂਪ ਵਿਚ ਆਪਾਂ ਲੱਭਣਾ ਸੌਖਾ ਕਾਰਜ ਨਹੀਂ ਹੁੰਦਾ। (ਬੇਦੀ ''ਅੱਧੀ ਮਿੱਟੀ ਅੱਧਾ ਸੋਨਾ ''4)
>
> ਡਾ. ਸਤਿੰਦਰ ਸਿੰਘ ਅਨੁਸਾਰ: ਸਵੈ ਜੀਵਨੀ ਕਿਸੇ ਵਿਅਕਤੀ ਵਿਸ਼ੇਸ਼ ਦੇ ਜੀਵਨ ਦਾ ਬਿਰਤਾਂਤ ਹੈ, ਜਿਸ ਵਿਚ ਲੇਖਕ ਆਪਣੇ ਵਿਅਕਤਿਤਵ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਕੇ ਬੀਤ ਚੁੱਕੇ ਜੀਵਨ ਦਾ ਪੁਨਰ ਨਿਰਮਾਣ ਕਰਦਾ ਹੈ। ਉਹ ਆਪਣੇ ਤਜਰਬਿਆਂ ਨੂੰ ਇੱਕ ਲੜੀ ਵਿਚ ਪਰੋ ਕੇ ਪੇਸ਼ ਕਰਦਾ ਹੈ। (ਤਲਵਾੜ ''ਪੰਜਾਬੀ ਸਾਹਿਤ ਦੇ ਬਦਲਦੇ ਝੁਕਾਵਾਂ ਦਾ ਅਧਿਐਨ'' 338)

`

ਉਪਰੋਕਤ ਪਰਿਭਾਸ਼ਾ ਤੋਂ ਸਪਸ਼ਟ ਹੁੰਦਾ ਹੈ ਕਿ ਸਵੈਜੀਵਨੀ ਵਿਚ ਲੇਖਕ ਆਪਣੀ ਜ਼ਿੰਦਗੀ ਦੇ ਅਨੁਭਵਾਂ ਨੂੰ ਸ਼ੁੱਧ ਰੂਪ ਵਿਚ ਅਭਿਵਿਅਕਤ ਕਰਨ ਦਾ ਯਤਨ ਕਰਦਾ ਹੈ ਅਤੇ ਆਪਣੇ ਤਜਰਬਿਆਂ ਨਾਲ ਪਾਠਕਾਂ ਦੀ ਸਾਂਝ ਪਾਉਂਦਾ ਹੈ।

**3. ਸਫ਼ਰਨਾਮਾ:-**

> 'ਬਾਲ ਵਿਸ਼ਵ ਕੋਸ਼' ਅਨੁਸਾਰ: ਸਫ਼ਰ' ਅਤੇ 'ਨਾਮਾ' ਦੋ ਸ਼ਬਦਾਂ ਦੇ ਜੋੜ ਤੋਂ ਬਣੇ ਸ਼ਬਦ, 'ਸਫ਼ਰਨਾਮਾ' ਦਾ ਸ਼ਾਬਦਿਕ ਅਰਥ ਹੈ, ਸਫ਼ਰ ਦਾ ਬਿਆਨ ਅਰਥਾਤ ਸਫ਼ਰ ਦਾ ਬਿਰਤਾਂਤ। ਅੰਗਰੇਜ਼ੀ ਵਿਚ ਸਫ਼ਰਨਾਮੇ ਦੇ ਸਮਾਨਾਰਥੀ 'travelogue' ਸ਼ਬਦ ਵਰਤਿਆ ਜਾਂਦਾ ਹੈ, ਜਿਸ ਤੋਂ ਭਾਵ ਸਫ਼ਰ ਦੇ ਸਚਿਤਰ ਬਿਰਤਾਂਤ ਤੋਂ ਹੈ। ਹਿੰਦੀ ਵਿਚ ਸਫ਼ਰਨਾਮੇ ਲਈ 'ਯਾਤਰਾ ਸਾਹਿਤਯ' ਅਥਵਾ 'ਯਾਤਰਾ ਬਿਰਤਾਂਤ' ਸ਼ਬਦ ਦੀ ਵਰਤੋਂ ਹੁੰਦੀ ਹੈ। (ਡੀ.ਬੀ.ਰਾਏ "ਪੰਜਾਬੀ ਪੀਡੀਆਂ")

ਉਪਰੋਕਤ ਸ਼ਬਦਾਂ ਤੋਂ ਭਾਵ ਸਫ਼ਰ ਦਾ ਬਿਆਨ ਵਿਧਾ ਆਧੁਨਿਕ ਕਾਲ ਦੇ ਸਾਹਿਤ ਵਿਚ ਇੱਕ ਮਹੱਤਵਪੂਰਨ ਵਿਧਾ ਹੈ, ਜਿਸ ਵਿਚ ਕਿਸੇ ਵਿਅਕਤੀ ਦੁਆਰਾ ਕੀਤੀਆਂ ਗਈਆਂ ਯਾਤਰਾਵਾਂ ਦੇ ਹਾਲ ਨੂੰ ਅੰਕਿਤ ਕੀਤਾ ਜਾਂਦਾ ਹੈ। ਕਿਸੇ ਦੇਸ਼ ਦੀ ਕੀਤੀ ਯਾਤਰਾ ਨੂੰ ਆਪਣੇ ਅਨੁਭਵਾਂ ਨੂੰ ਘਟਨਾਵਾਂ ਆਦਿ ਬਾਰੇ, ਜੋ ਅਨੁਭਵ ਕਰਦਾ ਹੈ ਆਦਿ ਨੂੰ ਇਕੱਠਾ ਕਰ ਕੇ ਲਿਖਤੀ ਰੂਪ ਦੇਣ ਵੇਲੇ ਉਸ ਨੂੰ ਸਾਹਿਤਕ ਰੂਪ ਵਿਚ ਪੇਸ਼ ਕਰਦਾ ਹੈ। ਕਿਸੇ ਵੀ ਦੇਸ਼ ਦੇ ਰੀਤੀ ਰਿਵਾਜ਼ਾਂ, ਸਮਾਜਿਕ ਮੁੱਲਾਂ, ਧਾਰਮਿਕ ਵਿਸ਼ਵਾਸ, ਜੀਵਨ ਪੱਧਰ ਬਾਰੇ ਗਹਿਰੀ ਚਰਚਾ ਹੁੰਦੀ ਹੈ।

**4. ਰੇਖਾ ਚਿੱਤਰ:-** ਰੇਖਾ ਚਿੱਤਰ ਆਧੁਨਿਕ ਵਾਰਤਕ ਦੀ ਇੱਕ ਨਵੀਨ ਵੰਨਗੀ ਹੈ। ਰੇਖਾ-ਚਿੱਤਰ ਆਧੁਨਿਕ ਪੰਜਾਬੀ ਸਾਹਿਤ ਦਾ ਨਵਾਂ ਤੇ ਨਵੇਕਲਾ ਸਾਹਿਤ ਰੂਪ ਹੈ।

`

> ਰੇਖਾ ਚਿੱਤਰ ਵਿਚ ਵਿਅਕਤੀ ਦੇ ਚਰਿੱਤਰ ਜਾਂ ਸੁਭਾਉ ਦੇ ਇੱਕ ਪੱਖ ਤੇ ਵਿਦਵਾਨਾਂ ਪਾਈ ਜਾਂਦੀ ਹੈ। ਇਹ ਇੱਕ ਤਰ੍ਹਾਂ ਦਾ ਕਲੋਜ਼ ਅੱਪ ਹੁੰਦਾ ਹੈ ਤੇ ਵਿਅਕਤੀ ਦੇ ਚਿਹਰੇ ਮੁਹਰੇ ਦੀਆਂ ਬਾਰੀਕੀਆਂ ਨੂੰ ਉਘਾੜਦਾ ਹੈ। ਉਹੀ ਰੇਖਾ ਚਿੱਤਰ ਪ੍ਰਭਾਵਸ਼ਾਲੀ ਹੋ ਸਕਦਾ ਹੈ, ਜਿਸ ਵਿਚ ਵਿਸ਼ਾ ਨਿਰੋਲ ਕਾਲਪਨਿਕ ਨਾ ਹੋ ਕੇ ਅਨੁਭਵ ਤੇ ਅਧਾਰਿਤ ਹੋਵੇ ਅਤੇ ਲੇਖਕ ਦੇ ਆਪੇ ਦਾ ਅੰਗ ਬਣ ਚੁੱਕਿਆ ਹੋਵੇ।(ਚੰਦ ''ਸਮੀਖਿਆ ਸ਼ਾਸਤਰ" 102)

ਰੇਖਾ ਚਿੱਤਰ ਜੀਵਨੀ ਅਤੇ ਸੰਸਮਰਣ ਦੇ ਵਿਚਕਾਰਲੀ ਚੀਜ਼ ਹੈ। ਰੇਖਾ ਚਿੱਤਰ ਵਿਚ ਲੇਖਕ ਕਿਸੇ ਉੱਘੇ ਤੇ ਸੰਵੇਦਨਸ਼ੀਲ ਵਿਅਕਤੀ ਦਾ ਚਿੱਤਰ ਅਜਿਹੇ ਰੂਪ ਵਿਚ ਪੇਸ਼ ਕਰਦਾ ਹੈ, ਜਿਸ ਵਿਚ ਉਸ ਵਿਅਕਤੀ ਦਾ ਪ੍ਰਸੰਗ ਸਾਕਾਰ ਹੋ ਜਾਂਦਾ ਹੈ। ਰੇਖਾ ਚਿੱਤਰ ਵਿਚ ਅਜਿਹੀ ਵਡਮੁੱਲੀ ਜਾਣਕਾਰੀ ਪੇਸ਼ ਕੀਤੀ ਹੁੰਦੀ ਹੈ ਕਿ ਸੰਬੰਧਿਤ ਲੇਖਕ ਦਾ ਚਿਹਰਾ ਪਾਠਕਾਂ ਦੇ ਸਾਹਮਣੇ ਸਾਕਾਰ ਰੂਪ ਵਿਚ ਖੜ੍ਹਾ ਹੋ ਜਾਂਦਾ ਹੈ। ਆਧੁਨਿਕ ਵਾਰਤਕ ਸਾਹਿਤ ਦਾ ਇੱਕ ਨਿਵੇਕਲਾ ਰੋਚਕ ਗੱਦ ਰੂਪ ਹੈ। ਰੇਖਾ ਚਿੱਤਰ ਦਾ ਸ਼ਾਬਦਿਕ ਅਰਥ ਹੈ, ਰੇਖਾਵਾਂ ਦੇ ਮਾਧਿਅਮ ਰਾਹੀਂ, ਜਦੋਂ ਕਿਸੇ ਵਸਤੂ ਘਟਨਾ ਵਿਸ਼ੇ ਆਦਿ ਨੂੰ ਅੰਕਿਤ ਕੀਤਾ ਜਾਂਦਾ ਹੈ। ਰੇਖਾ ਚਿੱਤਰ ਵਿਚ ਚਿੱਤਰਕਾਰ ਦਾ ਮੁੱਖ ਮੰਤਵ ਕਿਸੇ ਘਟਨਾ ਜਾਂ ਦ੍ਰਿਸ਼ ਨੂੰ ਉਘਾੜ ਕੇ ਪੇਸ਼ ਕਰਨਾ ਹੈ ਤੇ ਇਸ ਲਈ ਉਹ ਇਹਨਾਂ ਨੂੰ ਇਸ ਢੰਗ ਨਾਲ ਪੇਸ਼ ਕਰਦਾ ਹੈ ਕਿ ਜਿਸ ਨਾਲ ਪਾਠਕਾਂ ਸਾਹਮਣੇ ਉਸ ਦੀ ਜਿਉਂਦੀ ਜਾਗਦੀ ਤਸਵੀਰ ਸਾਕਾਰ ਹੋ ਉੱਠੇ।

**5. ਸੰਸਮਰਣ:-** ਸੰਸਮਰਣ ਜਿਸ ਦਾ ਅਰਥ ਹੈ, ਯਾਦ ਕਰਨਾ। ਸੰਸਮਰਣ ਆਧੁਨਿਕ ਵਾਰਤਕ ਦੀ ਇੱਕ ਸਰਬ ਸ੍ਰੇਸ਼ਠ ਵਿਧਾ ਹੈ, ਜਿਸ ਵਿਚ ਵਿਅਕਤੀ ਆਪਣੇ ਜਾਂ ਕਿਸੇ ਹੋਰ ਨਿਕਟਵਰਤੀ ਵਿਅਕਤੀ ਬਾਰੇ ਅਤੀਤ ਵਿਚ ਬਿਤਾਈਆਂ ਅਭੁੱਲ ਘਟਨਾਵਾਂ ਅਤੇ ਆਪਣੇ ਜੀਵਨ ਦੇ ਨਿੱਜੀ ਤਜਰਬਿਆਂ ਨੂੰ ਆਪਣੀ ਯਾਦ ਸ਼ਕਤੀ ਦੁਆਰਾ, ਲਿਖਤੀ ਰੂਪ ਵਿਚ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਸੰਸਮਰਣ ਆਧੁਨਿਕ ਵਾਰਤਕ ਦਾ ਇੱਕ ਸੂਖਮ ਨਿਖਾਰ ਹੈ:

`

> ਸੰਸਮਰਣ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਮੈਮਾਇਰ (Memerios) ਦਾ ਪਰਿਆਇਵਾਚੀ ਸ਼ਬਦ ਹੈ, ਜਿਸ ਦਾ ਅਰਥ ਹੈ ਯਾਦ ਕਰਨਾ। ਇਸ ਹਿੰਦੀ ਦੇ ਸ਼ਬਦ ਸੰਸਮਰਣ ਵਿਚ 'ਸੰ' ਅਗੇਤਰ ਹੈ, ਜੋ ਸੰਪੂਰਨਤਾ ਦਾ ਸੂਚਕ ਹੈ, ਇਸ ਸੰਸਮਰਣ ਦਾ ਅਰਥ ਨਿਕਲਦਾ ਹੈ, ਪੂਰੀ ਤਰ੍ਹਾਂ ਯਾਦ ਕਰ ਕੇ ਲਿਖੀ ਗਈ ਘਟਨਾ ਜਾਂ ਘਟਨਾਵਾਂ। (ਪਿਆਰਾ ਸਿੰਘ ''ਪੰਜਾਬੀ ਵਾਰਤਕ: ਸਿਧਾਂਤ ਇਤਿਹਾਸ ਤੇ ਪ੍ਰਵਿਰਤੀ''111)

ਸੰਸਮਰਣ ਨੂੰ ਇੱਕ ਤਰ੍ਹਾਂ ਦਾ ਆਤਮ ਕਥਾ ਦੇ ਨੇੜੇ ਦੀ ਵਿਧਾ ਕਿਹਾ ਜਾ ਸਕਦਾ ਹੈ। ਸੰਸਮਰਣ ਵਿਚ ਉਨ੍ਹਾਂ ਸਾਰੀਆਂ ਘਟਨਾਵਾਂ ਦਾ ਜ਼ਿਕਰ ਹੁੰਦਾ ਹੈ, ਜਿਸ ਵਿਚ ਕਿਸੇ ਹੋਰ ਵਿਅਕਤੀ ਦੇ ਜੀਵਨ ਤੋਂ ਲੇਖਕ ਪ੍ਰਭਾਵਿਤ ਹੋਇਆ ਹੁੰਦਾ ਹੈ ਅਤੇ ਇਹ ਲੰਮੇ ਅਰਸੇ ਤੱਕ ਲੇਖਕ ਦੇ ਚੇਤ ਅਚੇਤ ਮਨ ਵਿਚ ਕਿਧਰੇ ਨਾ ਕਿਧਰੇ ਸਾਂਭੀਆਂ ਪਾਈਆ ਹੁੰਦੀਆਂ ਹਨ।

> ਅੰਗਰੇਜ਼ੀ ਦੇ ਸ਼ਬਦ Memerios ਅਤੇ Reminiscence (ਰੇਮਿੰਨਸੰਸ) ਦੋਵੇਂ ਹੀ ਸੰਸਮਰਣ ਦੇ ਸ਼ਬਦਾਂ ਵਿਚ ਵਰਤੇ ਜਾਂਦੇ ਸ਼ਬਦ ਹਨ, ਜਦੋਂ ਕਿ ਲੇਖਕ ਕਿਸੇ ਦੂਜੇ ਵਿਅਕਤੀ ਨਾਲ ਸੰਬੰਧਿਤ ਯਾਦਾਂ ਨੂੰ ਲਿਖਦਾ ਹੈ ਤਾਂ ਉਸ ਨੂੰ (Memiors) ਮੇਮਾਰਯਸ ਆਖਦੇ ਹਨ ਅਤੇ ਜਦੋਂ ਕੋਈ ਲੇਖਕ ਆਪਣੇ ਨਾਲ ਸੰਬੰਧਿਤ ਯਾਦਾਂ ਲਿਖਦਾ ਹੈ ਤਾਂ ਉਸ ਨੂੰ ਰੇਮਿਨੰਸੰਸ (Reminiscence) ਆਖਦੇ ਹਨ। (ਪਿਆਰਾ ਸਿੰਘ ''ਪੰਜਾਬੀ ਵਾਰਤਕ ਸਿਧਾਂਤ ਇਤਿਹਾਸ ਤੇ ਪ੍ਰਵਿਰਤੀ'' 111))

`

**6. ਡਾਇਰੀ:-** ਡਾਇਰੀ ਵਾਰਤਕ ਸਾਹਿਤ ਦਾ ਰੂਪ ਹੈ:

> 'ਬਾਲ ਵਿਸ਼ਵ ਕੋਸ਼' ਡਾਇਰੀ ਸ਼ਬਦ ਅੰਗਰੇਜ਼ੀ ਭਾਸ਼ਾ ਦਾ ਹੈ, ਜਿਸ ਦਾ ਮੂਲ ਸਰੋਤ ਲੇਟਿਨ ਸ਼ਬਦ(diariun) ਹੈ, ਜਿਸ ਦਾ ਅਰਥ ਹੈ ਰੋਜ਼ਾਨਾ ਜਾਂ ਪ੍ਰਤੀ ਦਿਨ। ਪੰਜਾਬੀ ਅਤੇ ਹਿੰਦੀ ਵਿਚ ਇਸ ਨੂੰ ਜਿਉਂ ਦਾ ਤਿਉਂ ਅਪਣਾ ਲਿਆ ਗਿਆ ਹੈ। (ਅੰਮ੍ਰਿਤਪਾਲ ਕੌਰ "ਪੰਜਾਬੀ ਪੀਡੀਆਂ")

ਡਾਇਰੀ ਨੇ ਇੱਕ ਸੁਤੰਤਰ ਵਿਧਾ ਦੇ ਰੂਪ ਵਿਚ ਆਧੁਨਿਕ ਵਾਰਤਕ ਸਾਹਿਤ ਵਿਚ ਆਪਣੀ ਥਾਂ ਬਣਾ ਲਈ ਹੈ। ਡਾਇਰੀ ਵਿਚ ਇੱਕ ਲੇਖਕ ਆਪਣੇ ਜੀਵਨ ਦੀਆਂ ਘਟਨਾਵਾਂ ਦਾ ਲੇਖਾਂ ਦਿਨ ਪ੍ਰਤੀ ਦਿਨ ਰੱਖਦਾ ਹੈ ਅਤੇ ਜਦੋਂ ਇੱਕ ਵਿਅਕਤੀ ਆਪਣੇ ਨਿੱਜੀ ਜੀਵਨ ਵਿਚ ਵਾਪਰੀਆਂ, ਸੋਚੀਆਂ-ਸਮਝੀਆਂ ਗੱਲਾਂ ਅਤੇ ਵੇਖੀਆਂ ਘਟਨਾਵਾਂ ਨੂੰ ਤਿੱਥਾਂ ਸਮੇਤ ਇੱਕ ਡਾਇਰੀ ਤੇ ਉਲੀਕਦਾ ਹੈ ਤਾਂ ਡਾਇਰੀ ਰੂਪ ਦੀ ਰਚਨਾ ਹੁੰਦੀ ਹੈ।

ਇਨ੍ਹਾਂ ਵੰਨਗੀਆਂ ਦਾ ਕੇਂਦਰੀ ਨੁਕਤਾ ਵਿਆਖਿਆ, ਵਰਣਨ ਹੈ ਅਤੇ ਇਨ੍ਹਾਂ ਵਿਚ ਤਰਕ-ਵਿਤਰਕ ਦੇ ਅੰਸ਼ ਵੀ ਸ਼ਾਮਿਲ ਹਨ।

## 1.2.1 ਨਿਬੰਧ: ਸਿਧਾਂਤਕ ਪੱਖ

ਹਥਲੇ ਖੋਜ ਕਾਰਜ ਦਾ ਸੰਬੰਧ ਨਿਬੰਧ ਨਾਲ ਹੋਣ ਕਰ ਕੇ ਨਿਬੰਧ ਦੇ ਇਤਿਹਾਸਕ ਤੇ ਸਿਧਾਂਤਕ ਪਰਿਪੇਖ ਦਾ ਜਾਇਜ਼ਾ ਵਿਸਤਾਰ ਵਿਚ ਲਿਆ ਜਾ ਰਿਹਾ ਹੈ। ਜਦੋਂ ਮਨੁੱਖ ਆਪਣੇ ਜੀਵਨ ਨੂੰ ਮਿਥਿਹਾਸਕ ਦ੍ਰਿਸ਼ਟੀਕੋਣ ਤੋਂ ਨਹੀਂ ਦੇਖਦਾ, ਬਲਕਿ ਉਸ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਦੇਖਣ-ਪਰਖਣ ਲੱਗ ਪਿਆ ਤਾਂ ਇਸ ਸਮੇਂ ਉਸ ਨੇ ਵਾਰਤਕ ਸਾਹਿਤ ਨੂੰ ਆਪਣਾ ਮਾਧਿਅਮ ਬਣਾਇਆ । ਸੋਲ੍ਹਵੀਂ ਸਦੀ ਦੇ ਉੱਤਰ ਅੱਧ ਵਿਚ ਅੰਗਰੇਜ਼ੀ ਸਾਹਿਤ ਵਿਚ ਨਿਬੰਧ ਵਿਧਾ ਦਾ ਆਰੰਭ ਮੰਨਿਆ ਜਾਂਦਾ ਹੈ। ਨਿਬੰਧ ਵਿਧਾ ਦਾ ਆਰੰਭ ਪੰਜਾਬੀ ਸਾਹਿਤ ਵਿਚ ਸਾਹਿਤ ਦੀਆਂ ਹੋਰ ਆਧੁਨਿਕ ਵਿਧਾਵਾਂ ਵਾਂਗ ਵੀਹਵੀਂ ਸਦੀ ਦੇ ਮੁੱਢ ਵਿਚ ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਅਧੀਨ ਹੋਇਆ। ਵੱਖ-ਵੱਖ ਸਮਿਆਂ ਵਿਚ ਵੱਖ-ਵੱਖ ਪੱਛਮੀ ਅਤੇ ਭਾਰਤੀ ਚਿੰਤਕਾਂ ਨੇ ਨਿਬੰਧ ਸੰਬੰਧੀ

`

ਆਪਣੇ ਜੋ ਮੱਤ ਪ੍ਰਗਟਾਏ ਹਨ, ਉਨ੍ਹਾਂ ਦਾ ਅਧਿਐਨ ਕਰਦੇ ਹੋਏ, ਨਿਬੰਧ ਦੇ ਸਰੂਪ ਨੂੰ ਨਿਰਧਾਰਿਤ ਕਰਨ ਦਾ ਯਤਨ ਕੀਤਾ ਗਿਆ ਹੈ:

> ਪੱਛਮੀ ਸਾਹਿਤ ਵਿਚ ਜਿੱਥੇ ਨਿਬੰਧ ਕਲਾ ਦਾ ਇਤਿਹਾਸ ਚਾਰ ਸਦੀਆਂ ਤੋਂ ਵੱਧ ਪੁਰਾਣਾ ਹੈ।ਉੱਥੇ ਭਾਰਤ ਦੇ ਕਿਸੇ ਆਧੁਨਿਕ ਭਾਸ਼ਾ ਵਿਚ ਨਿਬੰਧ ਸਾਹਿਤ ਦੀ ਕੋਈ ਵਰਣਨ ਯੋਗ ਵੰਨਗੀ ਇੱਕ ਸਦੀ ਤੋਂ ਵੱਧ ਪੁਰਾਣੀ ਨਹੀਂ ਮਿਲਦੀ, ਸੱਚ ਆਖਿਆ ਜਾਵੇ ਤਾਂ ਧਰਮ ਨਿਰਪੱਖ ਜਾਂ ਨਿਰੋਲ ਮਨੁੱਖੀ ਜਜ਼ਬਿਆਂ ਦੀ ਤਰਜਮਾਨੀ ਕਰਨ ਵਾਲੀ ਵਾਰਤਕ ਵੀ ਉੱਨ੍ਹੀਵੀਂ ਸਦੀ ਦੇ ਉਤਰਾਅੱਧ ਤੋਂ ਪਹਿਲਾਂ ਘੱਟ ਹੀ ਦਿਖਾਈ ਦਿੰਦੀ ਹੈ। (ਦਿਲ ''ਪੰਜਾਬੀ ਨਿਬੰਧ ਸਰੂਪ ਸਿਧਾਂਤ ਅਤੇ ਵਿਕਾਸ'' 6)

ਨਿਬੰਧ ਵਿਧਾ ਪੰਜਾਬੀ ਸਾਹਿਤ ਵਿਚ ਸਭ ਤੋਂ ਹਰਮਨ ਪਿਆਰੀ ਵਿਧਾ ਹੋ ਨਿੱਬੜੀ ਹੈ। ਕਵਿਤਾ ਵਿਚ ਜਿੱਥੇ ਦਿਲ ਦੇ ਵਲਵਲੇ ਭਾਰੂ ਹੁੰਦੇ ਹਨ, ਉੱਥੇ ਨਿਬੰਧਾਂ ਵਿਚ ਦਿਮਾਗ਼ ਵੀ ਸ਼ਾਮਿਲ ਹੁੰਦਾ ਹੈ। ਨਿਬੰਧ ਵਿਧਾ ਵਿਚ ਸਾਹਿਤ ਦੇ ਰਸ ਦੇ ਨਾਲ-ਨਾਲ ਬੁੱਧੀ ਤੱਤ ਦੀ ਵੀ ਪ੍ਰਧਾਨਤਾ ਸ਼ਾਮਿਲ ਹੁੰਦੀ ਹੈ। ਇਸ ਪ੍ਰਕਾਰ ਨਿਬੰਧਕਾਰੀ ਵਿਚ ਕਲਾ-ਪੱਖ ਦੇ ਨਾਲ-ਨਾਲ ਵਿਅਕਤੀ ਬੌਧਿਕਤਾ ਨੂੰ ਵੀ ਮਾਣ ਸਕਦਾ ਹੈ। ਜੇਕਰ ਨਿਬੰਧ ਨੂੰ ਰੋਚਿਕਤਾ ਤੇ ਜਾਣਕਾਰੀ ਦਾ ਸੁਮੇਲ ਆਖਿਆ ਜਾ ਸਕਦਾ ਹੈ।

**1.2.2 ਨਿਬੰਧ ਦਾ ਸਰੂਪ-ਵਿਧਾਨ:** ਵਾਰਤਕ ਦੇ ਹੋਰਨਾਂ ਰੂਪਾਂ ਵਿਚੋਂ ਨਿਬੰਧ ਸਭ ਤੋਂ ਵੱਧ ਮਕਬੂਲ ਹੈ:

> ਸ਼ਾਬਦਿਕ ਤੌਰ ਤੇ ਨਿਬੰਧ ਦਾ ਮੌਲਿਕ ਅਰਥ ਹੈ, ਬੰਨ੍ਹਣਾ। ਸੰਸਕ੍ਰਿਤ ਵਿਚ ਨਿਬੰਧ ਸ਼ਬਦ ਦਾ ਪ੍ਰਯੋਗ ਲਿਖੇ ਹੋਏ ਭੋਜ ਪੱਤਰਾਂ ਨੂੰ ਸਵਾਰ ਕੇ, ਪਰੋ ਕੇ, ਸਾਂਭ ਕੇ ਰੱਖਣ ਲਈ ਕੀਤਾ ਜਾਂਦਾ ਸੀ।(ਜੱਗੀ ''ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ'' 539)

`

ਪੁਰਾਤਨ ਸਮਿਆਂ ਵਿਚ ਮਨੁੱਖ ਲਿਖਣ ਲਈ ਤਾਲ ਦੇ ਪੱਤਿਆ, ਸੂਤੀ ਕੱਪੜਿਆਂ, ਚਮੜੇ, ਭੋਜ-ਪੱਤਰਾਂ ਤੇ ਰੇਸ਼ਮੀ ਕੱਪੜੇ ਆਦਿ ਦੀ ਵਰਤੋਂ ਕਰਦਾ ਸੀ, ਪ੍ਰੰਤੂ ਕਿਤੇ ਨਾ ਕਿਤੇ ਇਹਨਾਂ ਪੱਤਰਾਂ ਦੇ ਨਸ਼ਟ ਹੋਣ ਦਾ ਡਰ ਮਨੁੱਖ ਦੇ ਅੰਦਰ ਬਣਿਆ ਰਹਿੰਦਾ ਸੀ। ਇਹਨਾਂ ਦੀ ਸਾਂਭ-ਸੰਭਾਲ ਲਈ ਉਸ ਨੇ ਇਹਨਾਂ ਨੂੰ ਸਿਲ ਕੇ ਪੁਸਤਕ ਦਾ ਰੂਪ ਦੇਣ ਦੀ ਕਿਰਿਆ ਨੂੰ 'ਨਿਬੰਧ' ਕਿਹਾ ਜਾਂਦਾ ਹੈ। ਉਸ ਤੋਂ ਬਾਅਦ ਚੰਗੀ ਤਰ੍ਹਾਂ ਨਾਲ ਬੰਨ੍ਹੇ, ਗੁੰਦੇ ਅਤੇ ਸੰਗ੍ਰਹਿ ਕੀਤੇ ਜਾਣ ਵਾਲੇ, ਭਾਵਾਂ ਵਾਲੀ ਰਚਨਾ ਨੂੰ ਨਿਬੰਧ ਕਿਹਾ ਜਾਣ ਲੱਗ ਪਿਆ।

> ਆਧੁਨਿਕ ਕਾਲ ਵਿਚ 'ਨਿਬੰਧ' ਅੰਗਰੇਜ਼ੀ ਦੇ 'Essay' ਸ਼ਬਦ ਦਾ ਰੂਪਾਂਤਰ ਹੈ।ਫਰੈਂਚ ਵਿਚ ਇਸ ਨੂੰ Essai ਕਹਿੰਦੇ ਹਨ। ਇਹ ਦੋਵੇਂ ਸ਼ਬਦ ਲੈਟਿਨ ਦੇ ਸ਼ਬਦ Exagium' ਤੋਂ ਨਿਕਲੇ ਹਨ। ਇਸ ਮੂਲ ਲੈਟਿਨ ਦਾ ਅਰਥ ਹੈ 'ਜਤਨ' ਕਿਸੇ ਵਿਸ਼ੇ ਜਾਂ ਸਮੱਸਿਆ ਦੇ ਗਿਆਨ ਦਾ ਜਾਂ ਉਸ ਦੇ ਗੁਣਾਂ ਤੇ ਦੋਸ਼ਾਂ ਆਦਿ ਦੇ 'ਸੰਤੁਲਨ' ਦਾ ਯਤਨ ਕਰਨਾ ਹੈ, ਪਰ ਇਹ 'ਨਿਬੰਧ' ਸ਼ਬਦ ਅਨੇਕ ਅਰਥਾਂ ਵਿਚ ਭਾਰਤੀ ਸਾਹਿਤ ਵਿਚ ਪ੍ਰਯੁਕਤ ਹੋਇਆ ਮਿਲਦਾ ਹੈ। (ਵੋਹਰਾ ''ਖੋਜ ਪੱਤ੍ਰਿਕਾ ਨਿਬੰਧ ਅੰਕ 29'' 2)

ਨਿਬੰਧਾਂ ਦਾ ਮੂਲ ਮੰਤਵ ਹੈ, ਮਾਇਆ ਤੇ ਕਲਪਨਾ ਮਈ ਸੰਸਾਰ ਤੋਂ ਪਰੇ, ਜ਼ਿੰਦਗੀ ਦੀਆਂ ਠੋਸ ਸਮੱਸਿਆਵਾਂ ਤੇ ਗੰਭੀਰ ਮਨਨ ਤੇ ਸੂਖਮ ਚਿੰਤਨ ਦੀ ਪ੍ਰੇਰਨਾ ਦੇ ਕੇ ਪਾਠਕਾਂ ਦੇ ਗਿਆਨ ਵਿਚ ਵਾਧਾ ਕਰਨਾ ਤੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਉਦਾਰ ਬਣਾਉਣਾ। ਭਾਵ ਇਹ ਹੈ ਕਿ ਨਿਬੰਧ ਦਾ ਜਨਮ ਬਹੁਤ ਹੀ ਸੰਗਠਿਤ ਰੂਪ ਵਜੋਂ ਹੋਇਆ। ਇਹ ਵਿਚਾਰਾਂ, ਤਰਕਾ ਦੀ ਬਹੁਤ ਸਰਲ ਸੰਖੇਪ ਤੇ ਸ਼ਬਦਾਂ ਵਿਚ ਪਰੋਈ, ਸੰਗਠਿਤ ਰਚਨਾ ਹੁੰਦੀ ਹੈ। ਆਧੁਨਿਕ ਯੁੱਗ ਦੇ ਤਰਕ ਦਾ ਪ੍ਰਮੁੱਖ ਪ੍ਰਗਟਾਵਾ ਨਿਬੰਧਾਂ ਜ਼ਰੀਏ ਹੁੰਦਾ ਹੈ, ਖ਼ਾਸ ਕਰ ਕੇ ਇਹ ਗਿਆਨ-ਵਿਗਿਆਨ ਦੇ ਵਿਸ਼ਿਆਂ ਨੂੰ ਪੇਸ਼ ਕਰਨ ਦਾ ਪ੍ਰਮੁੱਖ ਸਾਧਨ ਹੈ।

`

## 1.2.3 ਨਿਬੰਧ ਦਾ ਆਧੁਨਿਕ ਸਰੂਪ:

ਵਾਰਤਕ ਦੀਆਂ ਵਿਭਿੰਨ ਵਿਧਾਵਾਂ ਵਿਚੋਂ ਨਿਬੰਧ ਸਭ ਤੋਂ ਹਰਮਨ ਪਿਆਰੀ ਤੇ ਪ੍ਰਚਲਿਤ ਵਿਧਾ ਹੋ ਨਿੱਬੜੀ ਹੈ।ਨਿਬੰਧ ਇੱਕ ਬੱਝਵਾਂ ਵਿਚਾਰ ਪ੍ਰਬੰਧ ਹੈ, ਜਿਸ ਰਾਹੀਂ ਲੇਖਕ ਆਪਣੇ ਜ਼ਿੰਦਗੀ ਦੇ ਨਿੱਕੇ-ਨਿੱਕੇ ਅਨੁਭਵਾਂ ਨੂੰ ਇੱਕ ਲੜੀ ਵਿਚ ਪਰੋਂਦਾ ਹੈ ਅਤੇ ਆਪਣੇ ਆਲੇ-ਦੁਆਲੇ ਨੂੰ ਚੇਤਨਾ ਪ੍ਰਦਾਨ ਕਰਦਾ ਹੈ। ਆਧੁਨਿਕ ਯੁੱਗ ਦੀ ਪ੍ਰਚਲਿਤ ਵਿਧਾ ਨਿਬੰਧ ਹੈ। ਬਾਕੀ ਸਾਹਿਤ ਰੂਪਾਂ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਹ ਆਪਣੇ ਘੇਰੇ ਵਿਚ ਲੈਣ ਦੀ ਸਮਰੱਥਾ ਰੱਖਦਾ ਹੈ ਕਿਉਂਕਿ ਨਿਬੰਧ ਦਾ ਸਿੱਧਾ ਸੰਬੰਧ ਮਨੁੱਖ ਦੇ ਬੌਧਿਕ ਵਿਕਾਸ ਨਾਲ ਹੁੰਦਾ ਹੈ:

> ਨਿਬੰਧ ਕਲਾ ਦਾ ਪਿਤਾਮਾ ਫਰਾਂਸ ਦੇ ਪ੍ਰਸਿੱਧ ਲੇਖਕ ਮੋਨਤੇਨ (Montainge) ਨੂੰ ਮੰਨਿਆ ਜਾਂਦਾ ਹੈ। ਜਿਸ ਦਾ ਪਹਿਲਾਂ ਨਿਬੰਧ ਸੰਗ੍ਰਹਿ 1580 ਵਿਚ ਪ੍ਰਕਾਸ਼ਿਤ ਹੋਇਆ। ਮੋਨਤੇਨ ਨੇ ਆਪਣੇ ਨਿਬੰਧਾਂ ਦੀ ਪੁਸਤਕ 'ਐਸੇਜ਼'(Essais) ਸਿਰਲੇਖ ਹੇਠ ਛਾਪੀ। ਇਹਨਾਂ ਨਾਲ ਗੱਲਬਾਤ ਦਾ ਢੰਗ ਅਤੇ ਪਾਠਕ ਨਾਲ ਨੇੜਤਾ ਦੇ ਗੁਣਾਂ ਨਾਲ ਵਿਅਕਤੀਗਤ ਨਿਬੰਧਾਂ ਦਾ ਮੁੱਢ ਬੱਝਾ। ਉਸ ਦੀ ਰਚਨਾ ਉਸ ਦੇ ਨਿੱਜੀ ਭਾਵਾਂ, ਵਿਚਾਰਾਂ, ਤਜਰਬਿਆਂ ਤੇ 'ਮਾਪਿਆਂ ਦਾ ਬੱਚਿਆਂ ਨਾਲ ਪਿਆਰ','ਸੁਸਤੀ ਬਾਰੇ','ਹੰਕਾਰ ਬਾਰੇ','ਇਮਾਨ ਬਾਰੇ' ਆਦਿ ਉਸ ਦੇ ਵਿਸ਼ੇ ਸਨ। (''Encyclopedia Americana"  Volume10, 562)

> ਆਪਣੇ ਨਿਬੰਧਾਂ ਦੇ ਵਿਸ਼ੇ ਬਾਰੇ ਉਹ ਲਿਖਤਾਂ ਹੈ, ਆਪਣੇ ਨਿਬੰਧਾਂ ਦਾ ਵਿਸ਼ਾ 'ਮੈਂ' ਹੀ ਹਾਂ। (''Encyclopedia Americana " Volume10, 562)

ਮੋਨਤੇਨ ਨੇ, ਜੋ ਨਿਬੰਧ ਸੰਬੰਧੀ ਆਪਣੇ ਵਿਚਾਰ ਪ੍ਰਗਟਾਏ ਹਨ, ਉਨ੍ਹਾਂ ਤੋਂ ਇਹ ਜਾਣਕਾਰੀ ਮਿਲਦੀ ਹੈ:

> ਉਸ ਦੇ ਨਿੱਜੀ ਵਿਚਾਰਾਂ ਅਤੇ ਤਜਰਬਿਆਂ ਨੂੰ ਦੂਜਿਆਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਜਾਂ ਇੱਕ ਯਤਨ ਹੈ। (''Encyclopedia Britannica" Volume 4, 562)

`

ਮੋਨਤੇਨ ਤੋਂ ਬਾਅਦ ਪ੍ਰਸਿੱਧ ਤੇ ਉੱਘੇ ਵਿਦਵਾਨ ਫਰਾਂਸਿਸ ਬੇਕਨ (Francis Bacon) ਦੇ ਰੂਸ ਨਿਬੰਧਾਂ ਦਾ ਇੱਕ ਸੰਗ੍ਰਹਿ ਪ੍ਰਕਾਸ਼ਿਤ ਹੋਇਆ, ਜਿਸ ਵਿਚ ਬੇਕਨ ਨੇ ਨਿਬੰਧਾਂ ਵਿਚ ਆਪਣੇ ਵਿਚਾਰਾਂ ਨੂੰ ਬਹੁਤ ਹੀ ਸੂਖਮ ਢੰਗ ਨਾਲ ਪੇਸ਼ ਕਰਨ ਤੇ ਬਲ ਦਿੱਤਾ। ਇਹ ਨਿਬੰਧ ਮੋਨਤੇਨ ਦੇ ਆਤਮਪਰਕ ਨਿਬੰਧਾਂ ਦੇ ਉਲਟ ਵਿਚਾਰਾਤਮਕ ਨਿਬੰਧ ਸੀ। ਬੇਕਨ ਅਨੁਸਾਰ ਕਿਸੇ ਵਿਸ਼ੇ ਬਾਰੇ ਡੂੰਘਾਈ, ਵਿਚਾਰਾਂ ਦੀ ਗੰਭੀਰਤਾ ਦਾ ਅਤੇ ਆਕਾਰ ਦਾ ਲਘੂਤਮ ਹੋਣਾ ਨਿਬੰਧ ਦਾ ਇੱਕ ਪ੍ਰਮੁੱਖ ਗੁਣ ਹੋਣਾ ਜ਼ਰੂਰੀ ਹੈ।

> ਸੈਮੂਅਲ ਜਾਨਸਨ(Samuel Johnson) ਅਨੁਸਾਰ: ਨਿਬੰਧ ਮਨ ਦਾ ਬੇਲਗ਼ਾਮ ਵੇਗ ਹੈ, ਜੋ ਵਿਵਸਥਿਤ ਅਤੇ ਸੰਗਲੀ ਬੱਧ ਨਾ ਹੋ ਕੇ ਅਵਿਵਸਥਿਤ ਅਤੇ ਅਨ ਪਚਿਆ ਹੁੰਦਾ ਹੈ। (W.H.Hudson‘‘ Introduction of the Study of Literature’’ 331)

ਮੋਨਤੇਨ ਦੇ ਨਿਬੰਧਾਂ ਵਿਚ ਨਿੱਜ ਦੀ ਪ੍ਰਧਾਨਤਾ ਸੀ ਤਾਂ ਫਰਾਂਸਿਸ ਬੇਕਨ ਦੇ ਨਿਬੰਧਾਂ ਵਿਚ ਵਿਦਵਤਾ। ਆਪਣੇ ਇੱਕ ਨਿਬੰਧ ਵਿਚ ਪੁਸਤਕ ਦੇ ਅਧਿਐਨ ਬਾਰੇ ਬੇਕਨ ਆਖਦਾ ਹੈ:

> ਅਧਿਐਨ ਨਾ ਤਾਂ ਹਰ ਗੱਲ ਦੀ ਤਰਦੀਦ ਲਈ ਹੋਣਾ ਚਾਹੀਦਾ ਹੈ ਅਤੇ ਨਾ ਹੀ ਹਰ ਗੱਲ ਤੇ ਅੰਧ ਵਿਸ਼ਵਾਸ ਲਈ, ਸਗੋਂ ਵਿਚਾਰਾਂ ਨੂੰ ਤੋਲਣ, ਪਰਖਣ ਤੇ ਸਮਝਣ ਲਈ। (ਦਿਲ ''ਪੰਜਾਬੀ ਨਿਬੰਧ: ਸਰੂਪ, ਸਿਧਾਂਤ ਅਤੇ ਵਿਕਾਸ'' 27)

ਬੇਕਨ ਦੇ ਨਿਬੰਧਾਂ ਦਾ ਮੁੱਖ ਉਦੇਸ਼ ਮਨੁੱਖਤਾ ਨੂੰ ਬੁਨਿਆਦੀ ਸਿਧਾਂਤਾਂ ਨੂੰ ਸੋਚਣ ਤੇ ਜ਼ਿੰਦਗੀ ਰੂਪੀ ਢਾਂਚੇ ਵਿਚ ਵਾਪਰਦੀਆਂ ਵਿਆਪਕ, ਊਣਤਾਈਆਂ ਨੂੰ ਦੂਰ ਕਰ ਕੇ, ਉਨ੍ਹਾਂ ਵਿਚ ਸੁਧਾਰ ਦੀ ਭਾਵਨਾ ਨੂੰ ਪੈਦਾ ਕਰਨਾ ਹੈ।

ਯੂਰਪ ਦੇ ਤੀਜੇ ਮੌਲਿਕ ਚਿੰਤਕ ਅਤੇ ਪ੍ਰਸਿੱਧ ਨਿਬੰਧਕਾਰ ਕਾਰਲਾਇਲ ਸੀ। ਅਧਿਆਤਮਵਾਦ ਅਤੇ ਪਦਾਰਥਵਾਦ ਦੇ ਸੁਮੇਲ ਨਾਲ ਬਣਾਏ ਨਵ-ਤਰਕਵਾਦ ਨਾਲ ਮਨੁੱਖੀ ਚੇਤਨਾ ਨੂੰ ਜਗਾਉਣ ਲਈ ਉਸ ਨੇ

`

ਵਿਦਵਾਨਾਂ ਦੇ ਵੱਡੇ-ਵੱਡੇ ਇਕੱਠਾ ਵਿਚ ਲੈਕਚਰ ਦਿੱਤੇ ਅਤੇ ਅੰਦਰਲੀ ਪ੍ਰੇਰਨਾ ਦੁਆਰਾ ਉਸ ਨੇ ਪ੍ਰਭਾਵਸ਼ਾਲੀ ਨਿਬੰਧ ਲਿਖੇ।

ਐਨਸਾਈਕਲੋਪੀਡੀਆ ਅਮੈਰੇਕਾਨਾ (Encyclopedia Americana) ਵਿਚ ਨਿਬੰਧ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਗਈ ਹੈ, ਨਿਬੰਧ ਜ਼ਿਆਦਾਤਰ ਸਾਹਿਤਕਾਰ ਦੀ ਮਾਨਸਿਕ ਸੋਚ ਦਾ ਨਤੀਜਾ ਹੁੰਦੇ ਹਨ। ਜਿਸ ਦਾ ਜ਼ਿਕਰ ਕਰਦਿਆਂ ਕਿਹਾ ਹੈ:

> ਨਿਬੰਧ ਇੱਕ ਸੰਖੇਪ ਰਚਨਾ ਹੁੰਦੀ ਹੈ, ਜਿਸ ਵਿਚ ਲੇਖਕ ਦੀ ਸ਼ਖ਼ਸੀਅਤ ਦਾ ਪ੍ਰਕਾਸ਼, ਜ਼ਿੰਦਗੀ ਦੇ ਅਰਥਾਂ ਬਾਰੇ ਸੁਝਾਈਆਂ ਉਸ ਦੀਆਂ ਸੋਚਾਂ ਰਾਹੀਂ (ਭਾਵ ਅੰਤਰਮੁਖੀ) ਜਾਂ ਵਸਤਾਂ ਬਾਰੇ ਕੀਤੇ ਨਿਰੀਖਣ (ਭਾਵ ਬਾਹਰਮੁਖੀ) ਰਾਹੀਂ ਹੁੰਦੀ ਹੈ। ਇਹੋ ਜਿਹੀ ਰਚਨਾ ਆਮ ਤੌਰ ਤੇ ਰਸੀ ਪੱਕੀ ਸੋਚ ਦਾ ਨਤੀਜਾ ਹੁੰਦੀ ਹੈ।( Volume10, 589)

ਉਪਰੋਕਤ ਪਰਿਭਾਸ਼ਾ ਤੋਂ ਇਹ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਨਿਬੰਧਕਾਰ ਨਿਬੰਧਾਂ ਵਿਚ ਕਿਸੇ ਵੀ ਵਿਸ਼ੇ ਨੂੰ ਲੈ ਕੇ ਆਪਣਾ ਨਿੱਜੀ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ ਅਤੇ ਜਦੋਂ ਨਿਬੰਧਕਾਰ ਵਿਸ਼ੇ ਸੰਬੰਧੀ ਆਪਣੇ ਵਿਚਾਰ ਪ੍ਰਗਟਾਉਂਦਾ ਹੈ ਤਾਂ ਇਹ ਵਿਚਾਰ ਅਤੇ ਅਨੁਭਵ ਉਸ ਦੀ ਮਾਨਸਿਕ ਬਣਤਰ ਦੇ ਢਾਂਚੇ ਵਿਚ ਢਲ ਕੇ ਪੇਸ਼ ਕਰ ਰਿਹਾ ਹੁੰਦਾ ਹੈ ਨਾ ਕਿ ਉਹ ਅਨੁਭਵ ਅਤੇ ਵਿਚਾਰ ਬਾਹਰੋਂ ਉਧਾਰੇ ਲੈਂਦਾ ਹੈ।

> ਡਾ. ਜੀਤ ਸਿੰਘ ਸੀਤਲ ਅਨੁਸਾਰ: ਹਰ ਉਸ ਛੋਟੀ ਕਲਪਨਾ ਰਹਿਤ ਪਰ ਸੰਗਠਿਤ ਵਾਰਤਕ ਰਚਨਾ ਨੂੰ ਨਿਬੰਧ ਕਹਿ ਸਕਦੇ ਹਾਂ, ਜਿਸ ਵਿਚ ਕਿਸੇ ਹੱਦ ਤੱਕ ਗੁੰਝਲ ਹੋਵੇ, ਪਰ ਜਿਹੜੀ ਇੱਕੋ ਵਿਸ਼ੇ ਦਾ ਵਿਸ਼ਲੇਸ਼ਣ ਕਰਦੀ ਹੋਵੇ।(''ਵਾਰਤਕ ਸ਼ੈਲੀ" 19,20)
>
> ਡਾ. ਹਰਚਰਨ ਸਿੰਘ ਅਨੁਸਾਰ: ਨਿਬੰਧ ਕਿਸੇ ਘਟਨਾ, ਵਸਤੂ, ਵਿਅਕਤੀ ਜਾਂ ਸਿਧਾਂਤ ਬਾਰੇ ਆਪਣੇ ਵਿਚਾਰਾਂ ਨੂੰ ਨਿੱਜੀ ਢੰਗ ਨਾਲ ਲੜੀਬੱਧ ਕਰਨ ਦਾ ਨਾਂ ਹੈ। ਅਸਲ ਵਿਚ ਨਿਬੰਧ ਉਸ

`

ਵਾਰਤਕ ਰਚਨਾ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਕਿਸੇ ਵਿਸ਼ੇ ਤੇ ਵਿਸਥਾਰਪੂਰਵਕ ਗੰਭੀਰ ਵਿਚਾਰ ਨਿੱਜੀ ਸ਼ੈਲੀ ਵਿਚ ਕੀਤੀ ਗਈ ਹੋਵੇ। (''ਪੰਜਾਬੀ ਵਾਰਤਕ ਦਾ ਜਨਮ ਅਤੇ ਵਿਕਾਸ'' 174)

ਸ੍ਰੀ ਜਲ ਨਾਥ ਨਲਿਨ ਅਨੁਸਾਰ: ਨਿਬੰਧ ਕਾਵਿ ਦੀ ਉਹ ਮਰਿਯਾਦਤ ਵਿਧਾ ਹੈ, ਜਿਸ ਵਿਚ ਕਿਸੇ ਵਿਸ਼ੇ 'ਤੇ ਲੇਖਕ ਦੇ ਸੁਤੰਤਰ ਚਿੰਤਨ ਅਤੇ ਅਨੁਭੂਤੀ ਦੀ ਸਰਸ, ਸਜੀਵ ਅਭਿਵਿਅਕਤੀ ਹੋਵੇ।(''ਹਿੰਦੀ ਨਿਬੰਧਕਾਰ'' 10)

ਲੇਖਕ ਵੱਲੋਂ ਦਿੱਤੀ ਗਈ ਇਹ ਪਰਿਭਾਸ਼ਾ ਵਿਚ, ਨਿਬੰਧਾਂ ਦੀਆਂ ਵਿਸ਼ੇਸ਼ਤਾਵਾਂ ਜਿਵੇਂ ਤਰਕ-ਵਿਤਰਕ, ਸੁਤੰਤਰਤਾ ਤੇ ਸਪਸ਼ਟਤਾ ਆਦਿ ਦਾ ਬੋਧ ਕਰਵਾਉਂਦੀਆਂ ਹਨ।

ਡਾ. ਸਵਿੰਦਰ ਸਿੰਘ ਉੱਪਲ ਨੇ ਨਿਬੰਧ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ: ਨਿਬੰਧ ਵਾਰਤਕ ਦਾ ਉਹ ਰੂਪ ਹੈ, ਜਿਸ ਵਿਚ ਨਿਬੰਧਕਾਰ ਕਿਸੇ ਵਿਸ਼ੇ ਬਾਰੇ ਆਪਣੇ ਮੌਲਿਕ ਅਤੇ ਕੀਮਤੀ ਵਿਚਾਰਾਂ ਨੂੰ ਤਰਤੀਬ, ਰੋਚਿਕਤਾ ਤੇ ਸੰਜਮਤਾ ਰਾਹੀਂ ਢੁਕਵੇਂ ਅਤੇ ਹੋਲੇ ਫੁਲ ਸ਼ਬਦਾਂ ਦਾ ਜਾਮਾ ਪੁਆ ਕੇ ਆਪਣੀ ਨਿੱਜੀ ਜ਼ਿੰਦਗੀ ਦੀ ਮੋਹਰ ਲਗਾ ਦਿੰਦਾ ਹੈ।(''ਪ੍ਰਸਿੱਧ ਪੰਜਾਬੀ ਨਿਬੰਧਕਾਰ'' 11)

ਬਾਬੂ ਗੁਲਾਬ ਰਾਏ ਅਨੁਸਾਰ: ਨਿਬੰਧ ਉਸ ਗੱਦ ਰਚਨਾ ਨੂੰ ਕਹਿੰਦੇ ਹਨ, ਜਿਸ ਵਿਚ ਇੱਕ ਸੀਮਤ ਅਕਾਰ ਦੇ ਅੰਦਰ ਕਿਸੇ ਵਿਸ਼ੇ ਦਾ ਵਰਣਨ ਇੱਕ ਵਿਸ਼ੇਸ਼ ਨਿੱਜੀਪਣ, ਸੁਤੰਤਰਤਾ, ਸੁਹਿਰਦਤਾ, ਸਜੀਵਤਾ ਅਤੇ ਸਮਬੱਧਤਾ ਨਾਲ ਕੀਤਾ ਗਿਆ ਹੋਵੇ।(''ਕਾਵਯ ਕੇ ਰੂਪ'' 221)

ਨਿਬੰਧਾਂ ਵਿਚ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਡੀ ਤੋਂ ਵੱਡੀ ਗੱਲ ਕਹਿਣ ਦਾ ਬਲ ਹੁੰਦਾ ਹੈ।

`

> ਡਾ. ਭੁਪਿੰਦਰ ਸਿੰਘ ਗਰੋਵਰ ਅਨੁਸਾਰ: ਨਿਬੰਧ ਸੀਮਤ ਆਕਾਰ ਵਾਲੀ, ਆਪਣੇ ਆਪ ਵਿਚ ਸੰਪੂਰਨ, ਇੱਕ ਅਜਿਹੀ ਵਾਰਤਕ ਰਚਨਾ ਦਾ ਦੂਜਾ ਨਾਂ ਹੈ, ਜਿਸ ਵਿਚ ਨਿਬੰਧਕਾਰ ਆਪਣਾ ਨਿੱਜ ਤੇ ਵਿਅਕਤਿਤਵ, ਦ੍ਰਿਸ਼ਟੀਕੋਣ ਤੇ ਭਾਵ ਸੰਬੰਧੀ ਵਿਸ਼ੇ ਬਾਰੇ ਇੱਕ ਸਰਲ, ਸਪਸ਼ਟ, ਸਾਦੀ, ਸੁਹਿਰਦ, ਪਰ ਦਲੀਲ ਭਰਪੂਰ ਵਿਚਾਰ ਲੜੀ ਦੇ ਰੂਪ ਵਿਚ ਪੇਸ਼ ਕਰਦੀ ਹੈ। (ਗਰੋਵਰ ''ਖੋਜ ਪੱਤ੍ਰਿਕਾ ਨਿਬੰਧ ਅੰਕ'' 23,24)

ਉਪਰੋਕਤ ਪਰਿਭਾਸ਼ਾਵਾਂ ਦੇ ਵਿਸਤਰਿਤ ਅਧਿਐਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਵੱਖ-ਵੱਖ ਵਿਦਵਾਨਾਂ ਨੇ ਜੋ ਨਿਬੰਧ ਸੰਬੰਧੀ ਆਪਣੇ ਵਿਚਾਰ ਪ੍ਰਗਟਾਏ ਹਨ, ਉਨ੍ਹਾਂ ਵਿਚੋਂ ਹੇਠ ਲਿਖੀਆਂ ਗੱਲਾਂ ਮੁੱਖ ਰੂਪ ਵਿਚ ਉੱਘੜ ਕੇ ਸਾਹਮਣੇ ਆਉਂਦੀਆਂ ਹਨ ਕਿ ਨਿਬੰਧ ਦਾ ਸੰਬੰਧ ਕਿਸੇ ਨਾ ਕਿਸੇ ਵਿਚਾਰ ਜਾਂ ਭਾਵ ਨਾਲ ਹੁੰਦਾ ਹੈ। ਨਿਬੰਧ ਉਸ ਰਚਨਾ ਨੂੰ ਕਹਿ ਸਕਦੇ ਹਾਂ, ਜਿਹੜੀ ਪ੍ਰੇਰਨਾ ਦੇ ਸਕਦੀ ਹੋਵੇ। ਨਿਬੰਧਕਾਰ ਅਤੇ ਪਾਠਕ ਦੋਵੇਂ ਹੀ ਪੇਸ਼ ਕੀਤੇ ਗਏ ਵਿਚਾਰਾਂ ਪ੍ਰਤੀ ਸੁਚੇਤ ਹੋਣੇ ਜ਼ਰੂਰੀ ਹਨ।

## 1.2.4 ਨਿਬੰਧ ਦੇ ਲੱਛਣ

1) ਇਹ ਸਾਹਿਤ ਰੂਪ ਅੰਤਰ-ਮਨ ਅਭਿਵਿਅਕਤ ਕਰਨ ਦਾ ਵੱਡਾ ਸਾਧਨ ਹਨ ਕਿਉਂਕਿ ਇਸ ਵਿਚ ਵਿਆਖਿਆ, ਵਿਸ਼ਲੇਸ਼ਣ, ਤਰਕ-ਵਿਤਰਕ ਕਰਨ ਦੀਆਂ ਸਾਰੀਆਂ ਸੰਭਾਵਨਾਵਾਂ ਹੁੰਦੀਆਂ ਹਨ। ਇਸ ਦੇ ਨਾਲ ਹੀ ਨਿਬੰਧਕਾਰ ਇਸ ਵਿਚ ਬਾਕੀ ਸਾਹਿਤ ਰੂਪਾਂ ਦੇ ਅੰਸ਼ਾਂ ਦੀ ਵਰਤੋਂ ਰਾਹੀਂ ਅੰਤਰ-ਮਨ ਦੀਆਂ ਪਰਤਾਂ ਨੂੰ ਚੰਗੀ ਤਰ੍ਹਾਂ ਪੇਸ਼ ਕਰ ਸਕਦਾ ਹੈ।

2) ਨਿਬੰਧ ਦਾ ਦੂਜਾ ਵੱਡਾ ਲੱਛਣ ਕਿ ਸੁਤੰਤਰਤਾ ਨੂੰ ਸੀਮਾ ਵਿਚ ਰੱਖਣਾ ਹੁੰਦਾ ਹੈ। ਇਹ ਕੰਮ ਵਿਚਾਰ ਕਰਦੇ ਹਨ। ਸੁਤੰਤਰਤਾ ਨੂੰ ਸੀਮਾ ਵਿਚ ਰੱਖਣ ਦਾ ਭਾਵ ਨਿਬੰਧ ਦਾ ਵਿਚਾਰਾਂ ਅਤੇ ਤਰਕ ਨੂੰ ਪੇਸ਼ ਕਰਨ ਵਾਲੇ ਸਰੂਪ

`

ਤੋਂ ਹੈ। ਵਿਚਾਰ ਅਤੇ ਤਰਕ ਭਾਵਨਾਵਾਂ ਦੀਆਂ ਵੱਡੀਆਂ ਪੁਲਾਂਘਾਂ ਨੂੰ ਵੀ ਸਰਲਤਾ ਅਤੇ ਸੰਖੇਪਤਾ ਰਾਹੀਂ ਪੇਸ਼ ਕਰਨ ਦੇ ਯੋਗ ਬਣਾਉਂਦੇ ਹਨ।

3) ਸੰਜਮਤਾ ਤੇ ਸੂਤਰੀ ਸ਼ੈਲੀ ਨਿਬੰਧ ਦਾ ਵਿਸ਼ੇਸ਼ ਲੱਛਣ ਹੈ ਕਿਉਂਕਿ ਗਿਆਨ-ਵਿਗਿਆਨ ਦੀ ਪੇਸ਼ਕਾਰੀ ਅਕਸਰ ਸੰਜਮਤਾ ਅਤੇ ਸੂਤਰਿਕ ਸ਼ੈਲੀ ਵਿਚ ਵਧੇਰੇ ਢੁਕਵੀਂ ਹੁੰਦੀ ਹੈ। ਸੰਖੇਪਤਾ ਵਿਚਾਰਾਂ ਨੂੰ ਸਪਸ਼ਟ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਬੇਲੋੜਾ ਵਿਸਥਾਰ ਪਾਠਕਾਂ ਨੂੰ ਅਸਪਸ਼ਟ ਵੀ ਬਣਾ ਦਿੰਦਾ ਹੈ ਤੇ ਅਕਾ ਵੀ ਦਿੰਦਾ ਹੈ। ਨਿਬੰਧਾਂ ਵਿਚ ਗਾਗਰ ਵਿਚ ਸਾਗਰ ਭਰਨ ਵਾਲਾ ਕੰਮ ਹੁੰਦਾ ਹੈ। ਕਿਤੇ ਵਾਧੂ ਵਿਸਥਾਰ ਨਹੀਂ ਹੁੰਦਾ, ਸਗੋਂ ਇਸ ਵਿਚ ਵੱਡੀ ਤੋਂ ਵੱਡੀ ਗੱਲ ਨੂੰ ਵੀ ਸੂਖਮ ਸ਼ਬਦਾਂ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

4) ਨਿਬੰਧ ਆਪਣੇ ਸਮਕਾਲੀ ਸਰੋਕਾਰਾਂ ਨੂੰ ਪੇਸ਼ ਕਰਦਾ ਹੈ ਅਤੇ ਵਿਗਿਆਨਕ ਦੌਰ ਦਾ ਸਾਹਿਤ ਰੂਪ ਹੋਣ ਕਾਰਨ ਉਸ ਦੇ ਵਿਗਿਆਨਕ ਹੋਣ ਦੀ ਉਮੀਦ ਰਹਿੰਦੀ ਹੈ।

5) ਨਿਬੰਧਾਂ ਦਾ ਵਿਸ਼ਾ ਬ੍ਰਹਿਮੰਡ, ਧਰਤੀ, ਪ੍ਰਕਿਰਤੀ, ਮਨੁੱਖ, ਸਮਾਜ ਭਾਵ ਧਰਤੀ ਤੋਂ ਅਕਾਸ਼ ਤੱਕ, ਅਸਮਾਨ ਦੇ ਤਾਰਿਆਂ ਤੋਂ ਲੈ ਕੇ ਜ਼ਮੀਨ ਦੇ ਕਿਣਕੇ ਤੱਕ ਸਭ ਕੁੱਝ ਸਕਦਾ ਹੈ। ਉਸ ਵਿਚ ਸਭ ਤੋਂ ਮਹੱਤਵਪੂਰਨ ਇਹ ਹੋਵੇ ਕਿ ਇਸ ਵਿਚ ਮਨੁੱਖੀ ਹਿਤ ਦੇ ਅੰਸ਼ ਮੌਜੂਦ ਹੋਣ।

6) ਸਾਹਿਤਕ ਨਿਬੰਧ ਵਿਚ  ਰੋਚਿਕਤਾ, ਅਨੰਦ ਤੇ ਸੁਹਜ-ਸੁਆਦ ਵਾਲੇ ਗੁਣ ਮੌਜੂਦ ਹੁੰਦੇ ਹਨ। ਇਹ ਗੁਣ ਹੀ ਇਸ ਨੂੰ ਮਾਣਨਯੋਗ ਬਣਾਉਂਦੇ ਹਨ। ਇਨ੍ਹਾਂ ਗੁਣਾਂ ਕਰ ਕੇ ਪਾਠਕ ਇਸ ਸਾਹਿਤ ਰੂਪ ਨਾਲ ਜੁੜਿਆ ਰਹਿੰਦਾ ਹੈ।

7) ਨਿਬੰਧਾਂ ਨਾ ਤਾਂ ਨਿਰੀ ਭਾਵੁਕ ਰਚਨਾ ਹੁੰਦੀ ਹੈ ਤੇ ਨਾ ਹੀ ਨਿਰੀ ਬੌਧਿਕ ਰਚਨਾ, ਇਸ ਵਿਚ ਨਿਬੰਧਕਾਰ ਦੇ ਵਿਚਾਰਾਂ ਤੇ ਭਾਵਾਂ ਦਾ ਸੁਮੇਲ ਹੁੰਦਾ ਹੈ। ਇਸ ਲਈ ਇਸ ਨੂੰ ਭਾਵਾਂ, ਵਿਚਾਰਾਂ, ਕਲਪਨਾਵਾਂ ਤੇ ਤਰਕ ਦਾ ਸੰਤੁਲਿਤ ਸਾਹਿਤ ਰੂਪ ਕਿਹਾ ਜਾ ਸਕਦਾ ਹੈ।

`

ਇਸ ਤਰ੍ਹਾਂ ਉਪਰੋਕਤ ਲੱਛਣਾਂ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਨਿਬੰਧ ਆਧੁਨਿਕ ਸਾਹਿਤ ਦੀ ਸੁਤੰਤਰ ਵਿਧਾ ਹੈ, ਜਿਸ ਰਾਹੀਂ ਇੱਕ ਨਿਬੰਧਕਾਰ ਕਿਸੇ ਵੀ ਵਿਸ਼ੇ ਸੰਬੰਧੀ ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਇੱਕ ਲੜੀ ਵਿਚ ਪਰੋ ਕੇ ਢੁਕਵੀਂ ਸ਼ੈਲੀ ਰਾਹੀਂ ਪਾਠਕਾਂ ਸਾਹਮਣੇ ਪ੍ਰਗਟ ਕਰਦਾ ਹੈ, ਜਿਸ ਉੱਤੇ ਨਿਬੰਧਕਾਰ ਦੇ ਨਿੱਜਤਵ ਦੀ ਛਾਪ ਲੱਗੀ ਹੁੰਦੀ ਹੈ। ਗਿਆਨ-ਵਿਗਿਆਨ ਤੇ ਤਰਕ ਨੂੰ ਪੇਸ਼ ਕਰਨ ਲਈ ਇਹ ਬੌਧਿਕਤਾ ਪ੍ਰਧਾਨ ਰਚਨਾ ਆਧੁਨਿਕ ਦੌਰ ਦੀ ਸਭ ਤੋਂ ਹਰਮਨ ਪਿਆਰੀ ਵਾਰਤਕ ਵਿਧਾ ਬਣ ਗਈ ਹੈ।

## 1.2.5 ਨਿਬੰਧ ਦੇ ਤੱਤ

ਤੱਤ ਸਮੁੱਚੇ ਤੌਰ ਤੇ ਨਿਬੰਧਾਂ ਦੇ ਢਾਂਚੇ ਨੂੰ ਘੜਨ ਵਿਚ ਆਪਣੀ ਸਿਰਜਨਾਤਮਕ ਭੂਮਿਕਾ ਅਦਾ ਕਰਦੇ ਹਨ। ਜਦੋਂ ਨਿਬੰਧਾਂ ਦੇ ਵਿਵੇਚਨ ਚੋਂ ਪ੍ਰਮੁੱਖ ਪੱਖਾਂ ਵਿਚੋਂ ਜੋ ਪੱਖ ਸਪਸ਼ਟ ਰੂਪ ਵਿਚ ਉੱਘੜ ਕੇ ਸਾਹਮਣੇ ਆਉਂਦੇ ਹਨ, ਉਨ੍ਹਾਂ ਨੂੰ ਨਿਬੰਧਾਂ ਦੇ ਤੱਤ ਕਿਹਾ ਜਾਂਦਾ ਹੈ। ਜਿਸ ਦੇ ਇਕੱਤਰੀਕਰਨ ਤੋਂ ਹੀ ਕਿਸੇ ਵਸਤੂ ਦਾ ਢਾਂਚਾ ਤਿਆਰ ਕੀਤਾ ਜਾਂਦਾ ਹੈ।ਵੱਖ-ਵੱਖ ਲੇਖਕਾਂ ਨੇ ਆਪਣੇ ਵੱਖੋ-ਵੱਖਰੇ ਦ੍ਰਿਸ਼ਟੀਕੋਣ ਤੋਂ ਨਿਬੰਧਾਂ ਤੇ ਵਿਭਿੰਨ ਤੱਤ ਮੰਨੇ ਹਨ।

> ਡਾ. ਬਲਬੀਰ ਸਿੰਘ ਦਿਲ ਅਨੁਸਾਰ: ਹਰ ਸਾਹਿਤਕ ਰਚਨਾ ਵਾਂਗ ਨਿਬੰਧਾਂ ਦੇ ਦੋ ਪੱਖ ਹੁੰਦੇ ਹਨ, ਵਸਤੂ ਪੱਖ ਅਤੇ ਰੂਪਕ ਪੱਖ ਉਨ੍ਹਾਂ ਅਨੁਸਾਰ ਕੁੱਝ ਉਸ ਦੇ ਵਸਤੂ ਪੱਖ ਨਾਲ ਸੰਬੰਧਿਤ ਹਨ ਅਤੇ ਕੁੱਝ ਰੂਪਕ ਪੱਖ ਨਾਲ।ਲੇਖਕ ਅਨੁਸਾਰ ਨਿਬੰਧ ਦੇ ਤੱਤ ਹੇਠ ਲਿਖੇ ਅਨੁਸਾਰ ਹਨ:
>
> 1. ਵਿਸ਼ਾ/ਮੰਤਵ 2. ਵਿਚਾਰ, ਭਾਵ ਅਤੇ ਕਲਪਨਾ 3. ਮੌਲਿਕ ਸ਼ੈਲੀ 4. ਵਿਅਕਤਿਤਵ ਦੀ ਛਾਪ 5. ਭਾਸ਼ਾ-ਤੱਤ 6. ਕਲਾ-ਪੱਖ। (''ਪੰਜਾਬੀ ਨਿਬੰਧ ਸਰੂਪ, ਸਿਧਾਂਤ ਅਤੇ ਵਿਕਾਸ'' 102)

`

**ਵਿਭਿੰਨ ਵਿਦਵਾਨਾਂ ਨੇ ਸਮੁੱਚੇ ਤੌਰ ਤੇ ਜੋ ਬੁਨਿਆਦੀ ਤੱਤ ਮੰਨੇ ਹਨ, ਉਹ ਇਸ ਪ੍ਰਕਾਰ ਹਨ।**

1. ) ਉਦੇਸ਼ 2.) ਤਰਕਸ਼ੀਲਤਾ 3.) ਭਾਵਾਂ, ਵਿਚਾਰਾਂ ਅਤੇ ਕਲਪਨਾ ਦਾ ਸਮੁੱਚਾ ਸੁਮੇਲ 4.) ਵਿਅਕਤਿਤਵ ਦੀ ਛਾਪ 5.) ਸ਼ੈਲੀ

**(1) ਉਦੇਸ਼:-** ਕੋਈ ਵੀ ਮਨੁੱਖੀ ਕਾਰਜ ਉਦੇਸ਼ ਰਹਿਤ ਨਹੀਂ ਹੁੰਦਾ। ਹਰ ਕਾਰਜ ਪਿੱਛੇ ਮਨੁੱਖ ਦਾ ਸੁਚੇਤ ਜਾਂ ਅਚੇਤ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਸਾਹਿਤ ਮਨੁੱਖ ਦਾ ਸੁਚੇਤ ਕਾਰਜ ਹੈ, ਇਸ ਲਈ ਸਾਹਿਤ ਦਾ ਉਦੇਸ਼ ਜ਼ਰੂਰ ਹੁੰਦਾ ਹੈ ਜਾਂ ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਉਦੇਸ਼ ਤੋਂ ਬਿਨਾਂ ਸਾਹਿਤ ਸਿਰਜਣਾ ਨਹੀਂ ਹੋ ਸਕਦੀ। ਵਾਰਤਕ ਖ਼ਾਸਕਰ ਨਿਬੰਧ ਦਾ ਉਦੇਸ਼ ਸਧਾਰਨ ਮਨੁੱਖ ਨੂੰ ਗਿਆਨ ਦੇਣਾ ਹੁੰਦਾ ਹੈ।

**(2) ਤਰਕਸ਼ੀਲਤਾ**:- ਕਿਸੇ ਵੀ ਉੱਤਮ ਨਿਬੰਧ ਰਚਨਾ ਵਿਚ ਤਰਕਸ਼ੀਲਤਾ ਦਾ ਅੰਸ਼ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਸਮੁੱਚੇ ਰੂਪ ਵਿਚ, ਜੋ ਬੁਨਿਆਦੀ ਤੱਤ ਨਿਬੰਧਾਂ ਨੂੰ ਕਵਿਤਾ ਨਾਲੋਂ ਨਿਖੇੜਦੇ ਹਨ, ਉਨ੍ਹਾਂ ਵਿਚ ਮੁੱਖ ਪੱਖ ਤਰਕਸ਼ੀਲਤਾ ਦਾ ਹੈ, ਜਿਵੇਂ ਕਵਿਤਾ ਲਈ ਜਜ਼ਬਾ ਜ਼ਰੂਰੀ ਤੱਤ ਮੰਨਿਆ ਜਾਂਦਾ ਹੈ, ਉੱਥੇ ਵਾਰਤਕ ਦਲੀਲ ਦੀ ਪੁਸ਼ਾਕ ਪਹਿਨਦੀ ਹੈ।

**(3) ਭਾਵਾਂ, ਵਿਚਾਰਾਂ ਅਤੇ ਕਲਪਨਾ ਦਾ ਸੁਮੇਲ:-** ਮੁੱਖ ਰੂਪ ਵਿਚ ਹਰ ਸਾਹਿਤ ਰੂਪ ਵਿਚ ਭਾਵਾਂ ਅਤੇ ਵਿਚਾਰਾਂ ਦੀ ਅਭਿਵਿਅਕਤੀ ਮੌਜੂਦ ਹੁੰਦੀ ਹੈ ਕਿਤੇ ਵਿਚਾਰ ਅਤੇ ਕਿਤੇ ਭਾਵ ਪ੍ਰਧਾਨ ਹੁੰਦੇ ਹਨ। ਨਿਬੰਧ ਨੂੰ ਬੌਧਿਕ ਰਚਨਾ ਸਵੀਕਾਰਿਆ ਜਾਂਦਾ ਹੈ, ਜਿਸ ਵਿਚ ਦਲੀਲ, ਤਰਕ, ਗਿਆਨ ਅਤੇ ਵਿਚਾਰਾਂ ਦੀ ਬਹੁਲਤਾ ਹੁੰਦੀ ਹੈ।ਵਿਚਾਰਾ ਮਕਤਾ ਨੂੰ ਨਿਬੰਧਾਂ ਦੀ ਜਿੰਦ-ਜਾਨ ਮੰਨਿਆ ਜਾਂਦਾ ਹੈ। ਇੱਕ ਸਫਲ ਨਿਬੰਧ ਨੂੰ ਲਿਖਣ ਲਈ ਵਿਚਾਰਾਂ ਅਤੇ ਭਾਵਾਂ ਦੋਹਾਂ ਦਾ ਸੁਮੇਲ ਹੁੰਦਾ ਹੈ। ਕਿਸੇ ਵੀ ਸਾਹਿਤ ਵਿਧਾ ਦੀ ਸਿਰਜਨਾ ਲਈ ਭਾਵਾਂ ਤੇ ਵਿਚਾਰਾਂ ਦਾ ਨਾਲ-ਨਾਲ ਕਲਪਨਾ ਵੀ ਮਹੱਤਵਪੂਰਨ ਸਥਾਨ ਰੱਖਦੀ ਹੈ। ਕਲਪਨਾ ਦੁਆਰਾ ਹੀ ਕਿਸੇ ਰਚਨਾ ਨੂੰ ਆਕਰਸ਼ਕ ਅਤੇ ਰੋਚਿਕ ਬਣਾਇਆ ਜਾਂਦਾ ਹੈ।

`

> ਬੇਸ਼ੱਕ ਨਿਬੰਧ ਵਿਚ ਕਲਪਨਾ ਦੀ ਰੰਗ-ਲੀਲ੍ਹਾ ਦਾ ਪਸਾਰ, ਕਵਿਤਾ ਦੇ ਟਾਕਰੇ ਵਿਚ ਬਹੁਤ ਘੱਟ ਹੁੰਦਾ ਹੈ, ਪਰ ਵਿਚਾਰਾਂ ਦੀ ਮੌਲਿਕਤਾ ਮਨੁੱਖੀ ਮਨ ਦੀਆਂ ਪਰਤਾਂ ਨੂੰ ਇੱਕ-ਇੱਕ ਕਰ ਕੇ ਖੋਲ੍ਹਦੀ ਹੈ ਤਾਂ ਅਨੁਭਵ ਵਿਚ ਚਿੰਤਨ ਅਤੇ ਕਲਪਨਾ ਦੇ ਰੰਗ ਘੁਲੇ ਮਿਲੇ ਹੁੰਦੇ ਹਨ। (ਦਿਲ ''ਪੰਜਾਬੀ ਨਿਬੰਧ: ਸਰੂਪ, ਸਿਧਾਂਤ ਅਤੇ ਵਿਕਾਸ'' 103)

**4) ਵਿਅਕਤਿਤਵ ਦੀ ਛਾਪ**:- ਨਿਬੰਧ ਦੀ ਕੇਂਦਰੀ ਵਿਸ਼ੇਸ਼ਤਾ ਮੌਲਿਕਤਾ ਹੁੰਦੀ ਹੈ। ਇਹ ਮੌਲਿਕਤਾ ਵਿਅਕਤਿਤਵ ਦੀ ਛਾਪ ਨਾਲ ਹੀ ਉੱਘੜਦੀ ਹੈ। ਪਾਠਕ ਨਿਬੰਧਕਾਰ ਨਾਲ ਇਸੇ ਵਿਅਕਤਿਤਵ ਦੀ ਛਾਪ ਕਾਰਨ ਹੀ ਜੁੜਦਾ ਹੈ, ਜੇ ਇੱਕ ਨਿਬੰਧਕਾਰ ਦੂਜੇ ਨਿਬੰਧਕਾਰ ਵਾਂਗ ਹੀ ਲਿਖਦਾ ਰਹੇ ਤਾਂ ਇਸ ਤਰ੍ਹਾਂ ਹੋਣ ਨਾਲ ਮੌਲਿਕਤਾ ਦੀ ਕਮੀ ਵੀ ਆਵੇਗੀ ਅਤੇ ਪਾਠਕਾਂ ਵਿਚ  ਵੀ ਰੁਚੀ ਘੱਟ ਜਾਵੇਗੀ। ਮਿਸਾਲ ਦੇ ਤੌਰ ਤੇ ਪ੍ਰੋ. ਪੂਰਨ ਸਿੰਘ ਜਾਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਨਿਬੰਧਾਂ ਦਾ ਆਪਣੀ ਵਿਸ਼ੇਸ਼ ਪਛਾਣ, ਉਨ੍ਹਾਂ ਦੇ ਵਿਅਕਤਿਤਵ ਦੀ ਛਾਪ ਕਰ ਕੇ ਹੈ।ਸਮਕਾਲੀ ਨਿਬੰਧਕਾਰਾਂ ਵਿਚ  ਵੀ ਮਨੋਵਿਗਿਆਨ ਛੋਹਾਂ ਵਾਲੇ ਨਿਬੰਧਾਂ ਤੋਂ ਪਤਾ ਚੱਲ ਜਾਂਦਾ ਹੈ ਕਿ ਇਨ੍ਹਾਂ ਦਾ ਲੇਖਕ ਨਰਿੰਦਰ ਸਿੰਘ ਕਪੂਰ ਹੈ, ਤੇ ਸਾਖੀ ਸ਼ੈਲੀ ਵਿਚ  ਲਿਖੇ ਨਿਬੰਧਾਂ ਤੋਂ ਪਤਾ ਚੱਲ ਜਾਂਦਾ ਹੈ ਕਿ ਇਨ੍ਹਾਂ ਦਾ ਲੇਖਕ ਹਰਪਾਲ ਸਿੰਘ ਪੰਨੂ ਹੈ। ਇਸ ਲਈ ਨਿਬੰਧਾਂ ਨੂੰ ਉੱਚ ਕੋਟੀ ਵਿਚ ਸਿਰਜਣ ਲਈ ਲੇਖਕ ਆਪਣੇ ਭਾਵਾਂ, ਵਿਚਾਰਾਂ ਨੂੰ ਕਲਪਨਾ ਦੀ ਛੋਹ ਦੁਆਰਾ, ਰੋਚਕ ਢੰਗ ਨਾਲ ਪੇਸ਼ ਕਰ ਕੇ, ਪਾਠਕਾਂ ਨੂੰ ਅਨੰਦਿਤ ਕਰੇ ਅਤੇ ਉਨ੍ਹਾਂ ਦੇ ਗਿਆਨ ਵਿਚ ਵਾਧਾ ਵੀ ਕਰੇ।

**5) ਸ਼ੈਲੀ:-** ਸਾਹਿਤਕਾਰ ਦੇ ਅਨੁਭਵ ਦਾ ਸਾਹਿਤ ਰਚਨਾ ਵਿਚ ਮਹੱਤਵਪੂਰਨ ਸਥਾਨ ਹੁੰਦਾ ਹੈ। ਸਾਹਿਤਕਾਰ ਹਮੇਸ਼ਾ ਆਪਣੀ ਰਚਨਾ ਨੂੰ ਉੱਤਮ ਤੇ ਆਕਰਸ਼ਕ ਢੰਗ ਨਾਲ ਪੇਸ਼ ਕਰਨ ਦਾ ਯਤਨ ਕਰਦਾ ਹੈ। ਸਾਹਿਤਕਾਰ ਦੀ ਇਸੇ ਵਿਸ਼ੇਸ਼ਤਾ ਨੂੰ ਸ਼ੈਲੀ ਕਿਹਾ ਜਾਂਦਾ ਹੈ, ਜਿਹੜਾ ਉਸ ਨੂੰ ਬਾਕੀ ਲੇਖਕਾਂ ਨਾਲੋਂ ਵਖਰਿਆਉਂਦਾ ਹੈ। ਸਾਹਿਤ ਵਿਚ ਭਾਸ਼ਾ ਦੇ ਰਾਹੀਂ, ਲੇਖਕ ਵਿਚਾਰ ਪ੍ਰਗਟ ਕਰਦਾ ਹੈ ਅਤੇ ਉੱਥੇ ਭਾਸ਼ਾ ਨੂੰ ਦਿਲਚਸਪ ਤੇ ਸੁੰਦਰ ਬਣਾਉਣ ਲਈ ਵੱਖ-ਵੱਖ ਲੇਖਣੀ ਦੇ ਢੰਗਾਂ ਨੂੰ ਸ਼ੈਲੀ ਕਿਹਾ ਜਾਂਦਾ ਹੈ:

`

> ਸ਼ੈਲੀ ਸ਼ਬਦ ਦੀ ਵਿਉਤਪਤੀ ਸੰਸਕ੍ਰਿਤ ਦੇ 'ਸੀਲ' ਧਾਤੂ ਤੋਂ ਹੋਈ ਹੈ, ਜਿਸ ਦਾ ਅਰਥ ਹੈ ਕਿਸੇ ਕੰਮ ਨੂੰ ਵਿਸ਼ੇਸ਼ ਢੰਗ ਨਾਲ ਕਰਨ ਦੀ ਵਿਧੀ। ਅੰਗਰੇਜ਼ੀ ਦਾ 'Style' ਸ਼ਬਦ ਲਾਤੀਨੀ ਭਾਸ਼ਾ ਦੇ 'Stylus' ਤੋਂ ਬਣਿਆ ਹੈ, ਜਿਸ ਦਾ ਅਰਥ ਹੈ 'ਕਲਮ' ਭਾਵ ਵਿਸ਼ੇਸ਼ ਢੰਗ।ਸਾਹਿਤ ਵਿਚ ਸ਼ੈਲੀ ਦਾ ਅਰਥ ਹੈ, ਮਨੁੱਖੀ ਭਾਵਾਂ ਤੇ ਵਿਚਾਰਾਂ ਦੀ ਪ੍ਰਗਟਾਉ ਵਿਧੀ। (ਸਤਿੰਦਰ ਸਿੰਘ ''ਵਿਹਾਰਕ ਸਮੀਖਿਆ ਕਵਿਤਾ ਅਤੇ ਵਾਰਤਕ'' 238)

ਸ਼ੈਲੀ ਵਾਸਤਵ ਵਿਚ ਭਾਸ਼ਾ ਦਾ ਉਹ ਗੁਣ ਮੰਨਿਆ ਜਾਂਦਾ ਹੈ, ਜੋ ਤਜਰਬਿਆਂ ਨੂੰ ਵਿਚਾਰਾਂ ਨੂੰ ਜਾਂ ਭਾਵਨਾਵਾਂ ਨੂੰ ਨਿਸ਼ਚਿਤ ਰੂਪ ਵਿਚ ਸੰਚਾਰ ਪ੍ਰਦਾਨ ਕਰਦਾ ਹੈ। ਸ਼ੈਲੀ ਦਾ ਸੰਬੰਧ ਮੁੱਖ ਰੂਪ ਵਿਚ ਲੇਖਕ ਦੇ ਲਿਖਣ ਢੰਗ ਤੇ ਸ੍ਵੈ-ਪ੍ਰਗਟਾਉ ਨਾਲ ਹੁੰਦਾ ਹੈ।

ਸ਼ੈਲੀ ਸੰਬੰਧੀ ਮੁੱਖ ਰੂਪ ਵਿਚ ਹੇਠ ਲਿਖੇ ਪ੍ਰਸ਼ਨ ਕੀਤੇ ਜਾ ਸਕਦੇ ਹਨ।

1. ਕਿਸੇ ਰਚਨਾ ਦੀ ਪਛਾਣ ਕਰਨ ਲਈ ਭਾਵ ਇਹ ਕਿਸ ਵਿਅਕਤੀ ਦੀ ਰਚਨਾ ਹੈ।

2. ਕਿਸੇ ਲੇਖਕ ਦਾ ਲਿਖਣ ਢੰਗ ਬਹੁਤ ਵਿਸ਼ੇਸ਼ ਹੈ ਭਾਵ ਮਟਕਦਾਰ ਸ਼ਬਦਾਂ ਨਾਲ ਭਰਪੂਰ ਲਿਖਦਾ ਹੈ।

3. ਇਸ ਰਚਨਾ ਵਿਚ ਲੇਖਕ ਦੇ ਦਿੱਤੇ ਵਿਚਾਰ ਤਾਂ ਕੁੱਝ ਹੱਦ ਤੱਕ ਠੀਕ ਹਨ, ਪਰ ਉਸ ਦਾ ਲਿਖਣ ਢੰਗ ਬਹੁਤਾ ਉਚਿੱਤ ਨਹੀਂ ਹੈ।

> ਸ਼ੈਲੀ ਤੋਂ ਭਾਵ ਹੈ, ਲੇਖਕ ਦੀਆਂ ਉਹ ਵਿਅਕਤੀਗਤ ਵਿਸ਼ੇਸ਼ਤਾਵਾਂ ਤੇ ਨਿੱਜੀ ਰੰਗ ਹਨ, ਜਿਨ੍ਹਾਂ ਦੁਆਰਾ ਉਸ ਦੀ ਰਚਨਾ ਨੂੰ ਪਛਾਣਿਆ ਜਾ ਸਕਦਾ ਹੈ। ਇਸ ਦੇ ਵਿਅਕਤੀਗਤ ਰੂਪ ਦੇ ਨਿਰਮਾਣ ਵਿਚ ਕਈ ਤੱਤ ਸਮਿਲਤ ਹੁੰਦੇ ਹਨ। (ਕਸੇਲ ''ਗੱਦ ਅਧਿਐਨ ਵਿਧੀ ਤੇ ਸਮੱਸਿਆ'' 60)

`

ਉਪਰੋਕਤ ਚਰਚਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਾਹਿਤ ਪ੍ਰਗਟ ਕਰਦਾ ਹੈ ਅਤੇ ਉਸ ਭਾਸ਼ਾ ਨੂੰ ਤੇ ਵਿਚਾਰਾਂ ਨੂੰ ਸੁੰਦਰ ਦਿਲਚਸਪ ਬਣਾਉਣ ਲਈ ਲੇਖਕ ਦਾ ਆਪੋ-ਆਪਣਾ ਢੰਗ ਹੁੰਦਾ ਹੈ। ਸ਼ੈਲੀ ਤੋਂ ਭਾਵ ਅਜਿਹੇ ਲਿਖਣ ਢੰਗ ਨਾਲ ਹੈ, ਜਿਸ ਵਿਚ ਲੇਖਕ ਦੇ ਵਿਅਕਤੀਗਤ, ਸਮਾਜਿਕ ਤੇ ਕਲਾਤਮਕ ਯੁੱਗ ਦੇ ਭਾਵ ਅਤੇ ਗੁਣ ਮੌਜੂਦ ਹੁੰਦੇ ਹਨ। ਸ਼ੈਲੀ ਵਿਚ ਕਿਸੇ ਸਾਹਿਤਕਾਰ ਦੇ ਤਿੰਨ ਪੱਖ, ਜਿਸ ਵਿਚ ਉਸ ਦੇ ਬੌਧਿਕ ਪੱਖ, ਭਾਵ ਪੱਖ ਅਤੇ ਕਲਪਨਾ ਪੱਖ ਆ ਜਾਂਦੇ ਹਨ।

**ਸ਼ੈਲੀ ਪਛਾਣ ਚਿੰਨ੍ਹ:-** ਸ਼ੈਲੀ ਇੱਕ ਲੇਖਕ ਦੇ ਗੁਣਾਂ ਵਿਚ ਬਾਕੀ ਗੁਣਾਂ ਵਾਂਗ ਰਚਿਆ ਮਿਚਿਆ ਗੁਣ ਹੁੰਦਾ ਹੈ, ਜਿਸ ਨੂੰ ਉਸ ਦੇ ਬਾਕੀ ਗੁਣਾਂ ਤੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ।

> ਸ਼ੈਲੀ ਵਿਚ ਕਦੇ ਵੀ ਕੋਈ ਵੱਖਰੇ ਗੁਣ ਦੇ ਤੌਰ ਤੇ ਨਹੀਂ ਆ ਸਕਦਾ। ਇਹ ਵਿਅਕਤੀ ਤੇ ਮਾਨਸਿਕ ਤੇ ਨੈਤਿਕ ਗੁਣਾਂ ਦੀ ਇਕਮਿਕਤਾ ਵਿਚੋਂ ਹੀ ਲੱਭਿਆ ਜਾ ਸਕਦਾ ਹੈ। Style is never a separate quality but rather the amalgam and issue at all the mental and moral qualities in a man's possession. (Enkvisit''Linguistics and style'' 28)
>
> ਮਿਲਟਨ ਮੂਰੇ ਅਨੁਸਾਰ ਸ਼ੈਲੀ ਤੋਂ ਭਾਵ: Style is quality of Language which communicate precisely the emotions of thought . (''The problem of style'' 61)

ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਸ਼ੈਲੀ ਭਾਵੇਂ ਕੋਈ ਵੀ ਹੋਵੇ, ਉਸ ਵਿਚ ਲੇਖਕ ਦਾ ਆਪਣਾ ਇੱਕ ਵੱਖਰਾਪਣ ਜ਼ਰੂਰ ਹੁੰਦਾ ਹੈ। ਪ੍ਰਮੁੱਖ ਰੂਪ ਵਿਚ ਉੱਤਮ ਸ਼ੈਲੀ ਉਸ ਨੂੰ ਮੰਨਿਆ ਜਾਂਦਾ ਹੈ, ਜਿਹੜਾ ਲੇਖਕ ਦੇ ਵਿਅਕਤੀਗਤ ਵਿਚਾਰਾਂ ਅਤੇ ਉਸ ਦੀ ਕਹਿਣ ਦੀ ਸਮਰੱਥਾ ਨੂੰ ਉੱਚਾ ਚੁੱਕ ਦੇਵੇ ਕਿ ਉਹ ਕਿਸੇ ਇੱਕ ਵਿਅਕਤੀ ਦੇ ਵਿਚਾਰ ਨਾ ਜਾਪਣ, ਸਗੋਂ ਸਮੂਹ ਦੇ ਅਨੁਭਵ ਜਾਪਣ ਲੱਗ ਪੈਣ।

`

ਸ਼ੈਲੀ ਨੂੰ ਸਮੁੱਚੇ ਵਿਵੇਚਨ ਦੇ ਅਧਾਰ ਤੇ ਸ਼ੈਲੀ ਦੇ ਗੁਣਾਂ, ਲੱਛਣਾਂ ਦਾ ਵਰਣਨ ਨਿਮਨ ਅਨੁਸਾਰ ਕੀਤਾ ਜਾ ਸਕਦਾ ਹੈ।

1. ਵਿਅਕਤੀਗਤ ਗੁਣ:-ਜਿਸ ਵਿਚ ਭਾਵ ਤੱਤ, ਬੌਧਿਕ ਤੱਤ, ਵਿਅਕਤੀਗਤ ਵਿਸ਼ੇਸ਼ਤਾਵਾਂ ਆਦਿ ਸ਼ਾਮਿਲ ਹੋਣ।

2. ਕਲਾਤਮਕ ਗੁਣ:-ਜਿਸ ਵਿਚ ਸੁਹਜ ਤੱਤ, ਅਲੰਕਾਰ, ਸਜਾਵਟੀ ਤੇ ਭਾਸ਼ਿਕ ਜੁਗਤਾਂ ਆਦਿ ਦਾ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ।

3. ਇਤਿਹਾਸਿਕ ਗੁਣ:-ਜਿਸ ਵਿਚ ਇਤਿਹਾਸਕ ਪ੍ਰਵਿਰਤੀਆਂ, ਯੁੱਗ ਚੇਤਨਾ, ਸਮਾਜਿਕ ਤੱਤ ਆਦਿ ਸ਼ਾਮਿਲ ਹੋਣੇ ਚਾਹੀਦੇ ਹਨ।

**ਸ਼ੈਲੀ ਦੇ ਭੇਦ/ਕਿਸਮਾਂ:-** ਵੱਖ ਵੱਖ ਭਾਰਤੀ ਤੇ ਪੱਛਮੀ ਵਿਦਵਾਨਾਂ ਨੇ ਅਲੱਗ-ਅਲੱਗ ਦ੍ਰਿਸ਼ਟੀ ਤੋਂ ਸ਼ੈਲੀ ਦਾ ਵਰਗੀਕਰਨ ਕੀਤਾ ਹੈ ਅਤੇ ਸ਼ੈਲੀ ਦੀਆਂ ਕਿਸਮਾਂ ਦੇ ਅਧਾਰ ਤੇ ਕਈ ਅਧਾਰ ਪ੍ਰਚਲਿਤ ਰਹੇ ਹਨ ਜਿਵੇਂ:

1. ਵਿਅਕਤਿਤਵ ਦੇ ਅਧਾਰ ਤੇ:-ਇਸ ਵਿਚ ਉਨ੍ਹਾਂ ਸ਼ੈਲੀਆਂ ਦੀ ਗਿਣਤੀ ਕੀਤੀ ਜਾਂਦੀ ਹੈ। ਜਿਸ ਵਿਚ ਲੇਖਕ ਦੀ ਵਿਅਕਤੀਗਤ ਵਿਸ਼ੇਸ਼ਤਾਵਾਂ ਦੇ ਅਧਾਰ ਤੋਂ ਜੋ ਸ਼ੈਲੀਆਂ ਉੱਭਰਦੀਆਂ ਹਨ।

2. ਵਿਸ਼ੇ ਦੇ ਅਧਾਰ ਤੇ:-ਜਿਸ ਵਿਚ ਵਿਸ਼ੇ ਜਾਂ ਵਸਤੂ ਦਾ ਪ੍ਰਮੁੱਖ ਸਥਾਨ ਹੁੰਦਾ ਹੈ। ਇਸ ਦੇ ਅਧਾਰ ਤੇ ਸ਼ੈਲੀਆਂ ਦੇ ਵੱਖ-ਵੱਖ ਭੇਦ ਹੁੰਦੇ ਹਨ।

3. ਵਾਕ ਰਚਨਾ ਦੇ ਅਧਾਰ ਤੇ:-ਜਿਸ ਵਿਚ ਵਾਕ ਰਚਨਾ ਦੇ ਅਧਾਰ ਤੇ ਭੇਦ ਕੀਤੇ ਜਾਂਦੇ ਹਨ, ਜਿਵੇਂ ਸਰਲ, ਜਟਿਲ ਜਾਂ ਮਿਸ਼ਰਿਤ ਆਦਿ।

4. ਸ਼ਬਦ ਚੋਣ ਦੇ ਅਧਾਰ ਤੇ:-ਸ਼ਬਦ ਚੋਣ ਦੇ ਅਧਾਰ ਤੇ ਵੱਖ-ਵੱਖ ਸ਼ਬਦ, ਜਿਵੇਂ ਤਤਸਮ ਪ੍ਰਧਾਨ ਸ਼ਬਦ, ਠੇਠ ਸ਼ੈਲੀ ਆਦਿ।

`

ਬੌਨਸੀ ਡੌਬਰੀ ਨੇ ਮਾਡਰਨ ਪਰੋਜ ਸਟਾਈਲ ਵਿਚ ਸ਼ੈਲੀ ਦੇ ਮੁੱਖ ਤਿੰਨ ਭੇਦ ਦੱਸੇ ਹਨ।ਜਿਨ੍ਹਾਂ ਵਿਚ ਵਰਣਨਾਤਮਕ, ਵਿਆਖਿਆਤਮਕ, ਭਾਵਾਤਮਕ ਆਦਿ ਦਾ ਵਰਣਨ ਪ੍ਰਮੁੱਖ ਰੂਪ ਵਿਚ ਕੀਤਾ ਹੈ।ਸਤਿੰਦਰ ਸਿੰਘ ਵਰਣਨਾਤਮਕ ਸ਼ੈਲੀ ਵਿਚ ਕਿਸੇ ਕਥਾ ਦਾ ਬਿਰਤਾਂਤ ਵਰਣਨ ਪੇਸ਼ ਕੀਤਾ ਹੁੰਦਾ ਹੈ। ਵਿਆਖਿਆਤਮਕ ਸ਼ੈਲੀ, ਜਿਸ ਵਿਚ ਪ੍ਰਮੁੱਖ ਰੂਪ ਵਿਚ ਗਿਆਨ-ਵਿਗਿਆਨ ਦੇ ਵਿਸ਼ੇ ਪ੍ਰਗਟਾਏ ਜਾਂਦੇ ਹਨ ਅਤੇ ਭਾਵਾਤਮਕ ਸ਼ੈਲੀ, ਜਿਸ ਵਿਚ ਭਾਵਾਂ ਨੂੰ ਟੁੰਬਣ ਤੇ ਉਨ੍ਹਾਂ ਨੂੰ ਤੀਬਰਤਾ ਨਾਲ ਜਗਾਉਣ ਲਈ ਕਾਵਿਮਈ ਢੰਗ ਦੀ ਵਰਤੋ ਕੀਤੀ ਜਾਂਦੀ ਹੈ। ਸ਼ੰਕਰ ਦਿਆਲ ਚੌਕਸੀ ਦੇ ਹਵਾਲੇ ਨਾਲ ਸਤਿੰਦਰ ਸਿੰਘ ਨੇ ਪ੍ਰਮੁੱਖ ਤੌਰ ਤੇ ਸ਼ੈਲੀਆਂ ਨੂੰ ਨੌਂ ਸ਼ੈਲੀਆਂ ਵਿਚ ਵੰਡਿਆਂ ਹੈ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. **ਵਰਣਨਾਤਮਕ ਸ਼ੈਲੀ:-** ਵਰਣਨਾਤਮਕ ਸ਼ੈਲੀ ਵਿਚ ਗਿਆਨ ਇੰਦਰੀਆਂ ਦੀ ਸਹਾਇਤਾ ਨਾਲ ਕਿਸੇ ਵਸਤੂ, ਵਿਅਕਤੀ ਜਾਂ ਸਥਾਨ ਦਾ ਵਰਣਨ ਕੀਤਾ ਜਾਂਦਾ ਹੈ। ਇਸ ਸ਼ੈਲੀ ਦੀ ਵਧੇਰੇ ਵਰਤੋਂ ਨਿਬੰਧ, ਗਲਪ ਅਤੇ ਕਹਾਣੀ ਵਿਚ ਕੀਤੀ ਜਾਂਦੀ ਹੈ। ਇਸ ਸ਼ੈਲੀ ਵਿਚ ਵਰਣਨ ਦੀ ਪ੍ਰਧਾਨਤਾ ਵਧੇਰੇ ਹੁੰਦੀ ਹੈ, ਜਿਸ ਕਾਰਨ ਵਿਅਕਤੀਗਤ ਰੁਚੀ ਤੇ ਧਾਰਨਾ ਨੂੰ ਬਹੁਤਾ ਮੌਕਾ ਨਹੀਂ ਮਿਲਦਾ।

2. **ਚਿਤ੍ਰਾਤਮਕ ਸ਼ੈਲੀ:-** ਚਿਤ੍ਰਾਤਮਕ ਸ਼ੈਲੀ ਵਿਚ ਲੇਖਕ ਦੀ ਵਰਣਾਤਮਕ ਸ਼ੈਲੀ ਇੰਨੀ ਬਲਵਾਨ ਹੁੰਦੀ ਹੈ ਕਿ ਉਹ ਪਾਠਕਾਂ ਦੇ ਸਾਹਮਣੇ ਉਪਮਾ ਰਾਹੀਂ ਸ਼ਬਦ ਚਿੱਤਰ ਸਿਰਜ ਦਿੰਦੀ ਹੈ, ਜਿਸ ਕਾਰਨ ਪ੍ਰਭਾਵ ਬਹੁਤ ਵੱਧ ਜਾਂਦਾ ਹੈ।

3. **ਵਿਵੇਚਨਾਤਮਕ ਸ਼ੈਲੀ:-** ਇਸ ਵਿਚ ਉੱਪਰ ਦਰਸਾਈਆਂ ਦੋਨੋਂ ਸ਼ੈਲੀਆਂ ਵਰਣਨ ਤੇ ਚਿਤਰਨ ਤੋਂ ਉੱਪਰ ਉੱਠ ਕੇ ਦਿਮਾਗ਼ ਦੀ ਸ਼ਕਤੀ ਦੁਆਰਾ ਕਿਸੇ ਤੱਥ ਦਾ ਤਰਕ-ਵਿਤਰਕ ਵਿਸ਼ਲੇਸ਼ਣ ਰਾਹੀਂ ਸਪਸ਼ਟੀਕਰਨ ਪੇਸ਼ ਕੀਤਾ ਜਾਂਦਾ ਹੈ। ਇਸ ਵਿਚ ਗੰਭੀਰਤਾ, ਪ੍ਰੋੜ੍ਹਤਾ ਵਧੇਰੇ ਰਹਿੰਦੀ ਹੈ।

`

**4. ਵਿਆਖਿਆਤਮਕ ਸ਼ੈਲੀ**:- ਗੰਭੀਰ ਵਿਸ਼ੇ ਦੇ ਸੰਪੂਰਨ ਰੂਪ ਲੈ ਕੇ ਵਿਆਖਿਆਤਮਕ ਸ਼ੈਲੀ ਵਿਚ ਨਿਰੀਖਣ ਪਰੀਖਣ, ਤਰਕ-ਵਿਤਰਕ ਅਤੇ ਪ੍ਰਮਾਣ ਪੇਸ਼ ਕੀਤੇ ਜਾਂਦੇ ਹਨ। ਇਸ ਸ਼ੈਲੀ ਵਿਚ ਪਾਠਕਾਂ ਤੇ ਉੱਪਰ ਵਧੇਰੇ ਪ੍ਰਭਾਵ ਪਾਉਣ ਲਈ ਲੇਖਕ ਗੂੜ੍ਹ ਅਤੇ ਅਬੋਧ ਵਿਸ਼ੇ ਨੂੰ ਸਰਲ ਅਤੇ ਬੋਧ ਮਈ ਬਣਾਉਂਦਾ ਹੈ। ਸਾਹਿਤਕ ਸਿਧਾਂਤਾਂ ਦੀ ਵਿਆਖਿਆ, ਇਸ ਸ਼ੈਲੀ ਵਿਚ ਵਧੇਰੇ ਕੀਤੀ ਜਾਂਦੀ ਹੈ।

**5. ਭਾਸ਼ਣ ਸ਼ੈਲੀ**:- ਭਾਸ਼ਣ ਸ਼ੈਲੀ ਵਿਚ ਵਿਭਿੰਨ ਵਿਸ਼ਿਆਂ ਨੂੰ ਇਸ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਕਿ ਜਿਵੇਂ ਲੇਖਕ ਦੇ ਸਾਹਮਣੇ ਕਈ ਸਰੋਤੇ ਬੈਠੇ ਸੁਣ ਰਹੇ ਹਨ ਅਤੇ ਉਨ੍ਹਾਂ ਨੂੰ ਸੰਬੋਧਨ ਕੀਤਾ ਜਾ ਰਿਹਾ ਹੈ। ਇਸ ਵਿਚ ਕਈ ਪ੍ਰਸ਼ਨ ਹੁੰਦੇ ਹਨ। ਵਿਰੋਧ ਮੱਤਾਂ ਦੇ ਖੰਡਨ ਦੇ ਨਾਲ-ਨਾਲ ਆਪਣੇ ਪੱਖ ਦਾ ਮੰਡਲ ਵੀ ਕੀਤਾ ਜਾਂਦਾ ਹੈ ਤੇ ਨਾਲ-ਨਾਲ ਤਰਕ ਵਿਤਰਕ ਵੀ ਚੱਲਦਾ ਰਹਿੰਦਾ ਹੈ।

**6. ਸੰਭਾਸ਼ਣ ਸ਼ੈਲੀ:-** ਇਸ ਸ਼ੈਲੀ ਵਿਚ ਬੋਲ-ਚਾਲ ਦੀ ਭਾਸ਼ਾ ਵਰਤੀ ਜਾਂਦੀ ਹੈ। ਭਾਸ਼ਣ ਸ਼ੈਲੀ ਦੇ ਨੇੜੇ ਦੀ, ਇਹ ਨਾਟਕ ਸਾਹਿਤ ਦੀ ਵਾਰਤਾਲਾਪੀ ਸ਼ੈਲੀ ਵਾਂਗ ਹੈ, ਜਿੱਥੇ ਲੇਖਕ-ਪਾਠਕ ਦੀ ਵਿਹਾਰਕ ਭਾਸ਼ਾ ਦੀ ਵਰਤੋਂ ਹੁੰਦੀ ਹੈ।

**7. ਵਿਅੰਗਾਤਮਕ ਸ਼ੈਲੀ:-** ਇਸ ਸ਼ੈਲੀ ਦੀ ਪ੍ਰਮੁੱਖ ਰੂਪ ਵਿਚ ਪਛਾਣ ਇਹ ਹੈ ਕਿ ਇਹ ਦਿਮਾਗ਼ੀ ਸ਼ਕਤੀ ਹੈ, ਇਸ ਵਿਚ ਲੇਖਕ ਕਿਸੇ ਗੱਲ ਨੂੰ ਮਹਿਸੂਸ ਕਰ ਕੇ ਉਸ ਨੂੰ ਵਿਅੰਗਾਤਮਕ ਢੰਗ ਨਾਲ ਪਾਠਕਾਂ ਅੱਗੇ ਪੇਸ਼ ਕਰਦਾ ਹੈ ਤੇ ਉਨ੍ਹਾਂ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਇਸ ਵਿਚ ਲੇਖਕ ਆਮ ਸਮਾਜ ਨੂੰ ਤੇ ਵਿਅੰਗ ਕੱਸਦਾ ਹੈ, ਜਿਸ ਦੀ ਚੋਭ ਧੁਰ ਅੰਦਰ ਤੱਕ ਪਹੁੰਚਦੀ ਹੈ। ਸਮਾਜ ਦਾ ਦੰਤ ਅਤੇ ਵਿਰੋਧੀ ਧਿਰ ਦਾ ਮਖ਼ੌਲ ਉਡਾਉਣ ਲਈ, ਇਸ ਸ਼ੈਲੀ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ।

**8. ਭਾਵਾਤਮਕ ਸ਼ੈਲੀ:-** ਕੋਈ ਵੀ ਕ੍ਰਿਆਤਮਕ ਵਿਅਕਤੀ ਆਪਣੇ ਜੀਵਨ ਨੂੰ ਦੋ ਪ੍ਰਕਾਰ ਨਾਲ ਜਿਊਂਦਾ ਹੈ। ਇੱਕ ਬੌਧਿਕ ਪੱਧਰ ਤੇ ਦੂਜਾ ਭਾਵਾਤਮਕ ਪੱਧਰ ਤੇ। ਬੌਧਿਕਤਾ ਵਿਆਖਿਆਮਈ ਸ਼ੈਲੀ ਵਿਚ ਆ ਜਾਂਦੀ ਹੈ ਤੇ

`

ਭਾਵਾਤਮਕ ਸ਼ੈਲੀ ਵਿਚ ਜਜ਼ਬੇ ਦੀ ਪ੍ਰਧਾਨਤਾ ਪ੍ਰਮੁੱਖ ਹੁੰਦੀ ਹੈ। ਇਸ ਸ਼ੈਲੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਕਿ ਲਿਖਾਰੀ ਇੱਕ ਅਲੱਗ ਹੀ ਮਸਤੀ ਵਿਚ, ਆਪਣੇ ਮਨ ਦੇ ਭਾਵਾਂ ਨੂੰ ਪੇਸ਼ ਕਰਦਾ ਹੋਇਆ ਤੁਰਿਆ ਜਾਂਦਾ ਹੈ ਅਤੇ ਆਪਣੇ ਮਨ ਦੇ ਵਲਵਲਿਆਂ ਨੂੰ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਇਸ ਸ਼ੈਲੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਪਾਠਕਾਂ ਨੂੰ ਬਨਾਵਟੀ ਮਹਿਸੂਸ ਨਹੀਂ ਹੁੰਦੀ। ਉਹ ਇਸ ਵਿਚੋਂ ਰਸ ਪ੍ਰਾਪਤ ਕਰਦੇ ਹਨ।

**9. ਕਾਵਿਮਈ ਸ਼ੈਲੀ**:- ਇਸ ਸ਼ੈਲੀ ਵਿਚ ਵਾਰਤਕਕਾਰ ਦੀ ਭਾਸ਼ਾ ਵਿਚ ਸੂਖਮ ਸ਼ਬਦਾਵਲੀ ਕਲਪਨਾ ਦੀ ਉਡਾਰੀ ਦੇ ਨਾਲ-ਨਾਲ ਦਾਰਸ਼ਨਿਕ ਸੂਝ-ਬੂਝ ਜ਼ਿਆਦਾ ਹੁੰਦੀ ਹੈ। ਸਿੱਧੀ ਸਾਦੀ ਗੱਲ ਨੂੰ ਕਲਾਤਮਕ ਰੂਪ ਵਿਚ, ਕਿਸੇ ਖ਼ਾਸ ਢੰਗ ਵਿਚ ਪੇਸ਼ ਕਰਨਾ ਕਲਾਤਮਕ ਸੌਂਦਰਯ ਪੈਦਾ ਕਰਦਾ ਹੈ, ਜਿਸ ਕਾਰਨ ਪਾਠਕ ਵਾਰਤਕ ਵਿਚ ਵੀ ਕਾਵਿ ਵਰਗਾ ਅਨੰਦ ਮਹਿਸੂਸ ਕਰਦੇ ਹਨ। ਸਾਹਿਤ ਇੱਕ ਕਲਾ ਹੈ ਅਤੇ ਸਾਹਿਤਕਾਰ ਦੇ ਵਿਅਕਤਿਤਵ ਵਿਚ ਕੁੱਝ ਅਜਿਹੇ ਗੁਣ ਸਮੋਏ ਹੁੰਦੇ ਹਨ, ਜਿਹੜੇ ਉਸ ਨੂੰ ਬਾਕੀ ਮਨੁੱਖਾਂ ਨਾਲੋਂ ਉਚਿਆਉਂਦੇ ਹਨ। ਸਾਹਿਤਕਾਰ ਜੋ ਕੁੱਝ ਆਪਣੇ ਆਲੇ-ਦੁਆਲੇ ਵੇਖਦਾ ਹੈ, ਅਨੁਭਵ ਕਰਦਾ ਹੈ, ਉਸ ਨੂੰ ਆਪਣੀ ਰਚਨਾ ਵਿਚ ਪੇਸ਼ ਕਰਦਾ ਹੈ।

## 1.2.6 ਨਿਬੰਧ ਦੀ ਪ੍ਰਕਾਰ ਵੰਡ

ਨਿਬੰਧ ਆਪਣੇ ਆਪ ਵਿਚ ਇੱਕ ਮੌਲਿਕ ਇਕਾਈ ਹੈ। ਇਸ ਨੂੰ ਵੱਖ-ਵੱਖ ਖੰਡਾਂ ਵਿਚ ਵੰਡਣ ਦਾ ਜਤਨ ਸੌਖਾ ਨਹੀਂ ਹੈ। ਇਸ ਦਾ ਖੇਤਰ ਬਹੁਤ ਵਿਸ਼ਾਲ ਹੁੰਦਾ ਹੈ, ਇਹ ਸਿੱਧੇ ਜਾਂ ਅਸਿੱਧੇ ਰੂਪ ਵਿਚ ਮਨੁੱਖ ਦੀ ਜਾਤੀ ਜ਼ਿੰਦਗੀ ਅਤੇ ਸਮੱਸਿਆ ਨਾਲ ਜੁੜਿਆ ਹੁੰਦਾ ਹੈ। ਨਿਬੰਧ ਮਨੁੱਖੀ ਜੀਵਨ ਦੇ ਕਿਸੇ ਵੀ ਵਿਸ਼ੇ ਉੱਪਰ ਚਾਹੇ ਉਹ ਦ੍ਰਿਸ਼ਟਮਾਨ ਹੋਵੇ ਜਾਂ ਅਦ੍ਰਿਸ਼ਟਮਾਨ ਲਿਖਿਆ ਜਾ ਸਕਦਾ ਹੈ। ਨਿਬੰਧਾਂ ਨੂੰ ਵਰਗੀਕਰਨ ਲਈ ਵੱਖ-ਵੱਖ ਤਰੀਕੇ ਵਰਤੇ ਜਾਂਦੇ ਹਨ, ਕਿਤੇ ਨਿਬੰਧ ਦੇ ਬਾਹਰੀ ਸਰੂਪ ਤੇ ਕਿਤੇ ਨਿਬੰਧ ਦੇ ਅੰਦਰੂਨੀ ਸਰੂਪ ਨੂੰ ਲੈ ਕੇ ਵਰਗੀਕਰਨ ਕੀਤਾ ਗਿਆ ਹੈ, ਕਿਤੇ ਕੇਵਲ ਵਿਸ਼ੇ ਨੂੰ ਹੀ ਇਸ ਦਾ ਅਧਾਰ ਬਣਾਇਆ ਗਿਆ ਹੈ। ਹੇਠਾਂ ਕੁੱਝ ਉੱਘੇ ਲੇਖਕਾਂ ਵੱਲੋਂ ਕੀਤੀ ਗਈ ਵਰਗ ਵੰਡ ਦਾ ਉੱਲੇਖ ਕੀਤਾ ਗਿਆ ਹੈ।

`

ਐਨਸਾਈਕਲੋਪੀਡੀਆ ਅਮੈਰੇਕਾਨਾ ਵੋਲੀਅਮ 10 ਅਨੁਸਾਰ: ਨਿਬੰਧ ਦੇ ਵਰਗੀਕਰਨ ਨੂੰ ਦੋ ਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ

1) ਰਸਮੀ 2.) ਗੈਰ ਰਸਮੀ।

ਇਹਨਾਂ ਦੋਹਾਂ ਵੰਨਗੀਆਂ ਦੀ ਅੱਗੋਂ ਉਪ ਵੰਡ ਕਰਦੇ ਹੋਏ, ਨਿਬੰਧਾਂ ਨੂੰ ਹੇਠ ਲਿਖੇ ਰੂਪ ਵਿਚ ਦਰਸਾਇਆ ਗਿਆ ਹੈ।

1.) ਨਿਜਾਤਮਕ ਜਾਂ ਆਤਮ ਪਰਕ ਨਿਬੰਧ 2.) ਚਰਿੱਤਰ ਪ੍ਰਧਾਨ ਨਿਬੰਧ

3.) ਵਰਣਨਾਤਮਕ ਨਿਬੰਧ 4.) ਵਿਵਰਨਾਤਮਕ ਨਿਬੰਧ

5.) ਵਿਚਾਰਾਤਮਕ ਨਿਬੰਧ 6.) ਆਲੋਚਨਾਤਮਕ ਨਿਬੰਧ

7.) ਵਿਗਿਆਨਕ ਨਿਬੰਧ 8.) ਦਾਰਸ਼ਨਿਕ ਨਿਬੰਧ

9.) ਵਿਚਾਰ ਟਿੱਪਣੀਆਂ ਨਿਬੰਧ

ਪ੍ਰੋ. ਪਿਆਰ ਸਿੰਘ ਅਨੁਸਾਰ ਮੁੱਖ ਰੂਪ ਵਿਚ ਨਿਬੰਧ ਦੇ ਤਿੰਨ ਰੂਪ ਮੰਨੇ ਗਏ ਹਨ:


1 ਭਾਵਾਤਮਕ ਨਿਬੰਧ

2. ਚਿੰਨ੍ਹਾਤਮਕ ਜਾਂ ਵਿਚਾਰਾਤਮਕ


3. ਵਰਣਨਾਤਮਕ (''ਪੰਜਾਬੀ ਵਾਰਤਕ ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ'' 83)

ਪੰਜਾਬੀ ਨਿਬੰਧ ਦੀ ਪ੍ਰਕਾਰ ਵੰਡ ਬਾਰੇ ਚਰਚਾ ਕਰਦਿਆਂ, ਡਾ. ਅਮਰ ਕੋਮਲ ਨੇ ਨਿਬੰਧ ਨੂੰ ਹੇਠ ਲਿਖੇ ਭਾਗਾਂ ਵਿਚ ਵੰਡਿਆ ਹੈ। (''ਚੋਣਵੇਂ ਪੰਜਾਬੀ ਨਿਬੰਧ'' 12)

1.)




2.)





ਡਾ. ਜੀਤ ਸਿੰਘ ਸੀਤਲ ਦੀ ਪੁਸਤਕ ਵਾਰਤਕ ਅਤੇ ਵਾਰਤਕ ਸ਼ੈਲੀ ਵਿਚ ਨਿਬੰਧਾਂ ਨੂੰ ਨਿਮਨ ਲਿਖਤ ਵਰਗਾਂ ਵਿਚ ਵੰਡਿਆ ਹੈ: 1. ਵਰਣਨਾਤਮਕ 2. ਵਿਚਾਰਾਤਮਕ 3. ਭਾਵਾਤਮਕ 4. ਵਿਅੰਗਾਤਮਕ 5. ਇਤਿਹਾਸਕ 6. ਧਾਰਮਿਕ 7. ਵਿਗਿਆਨਕ ਨਿਬੰਧ।(''ਵਾਰਤਕ ਤੇ ਵਾਰਤਕ ਸ਼ੈਲੀ'' 24-25)

3) ਪੰਜਾਬੀ ਨਿਬੰਧਾਂ ਦੇ ਵਰਗੀਕਰਨ ਬਾਰੇ ਚਰਚਾ ਕਰਦਿਆਂ ਡਾ. ਜਗਜੀਤ ਸਿੰਘ ਨੇ ਲਿਖਿਆ ਹੈ, ਵਿਦਵਾਨਾਂ ਨੇ ਨਿਬੰਧਾਂ ਨੂੰ ਮੁੱਖ ਰੂਪ ਵਿਚ ਚਾਰ ਪ੍ਰਕਾਰ ਦੇ ਮੰਨਿਆ ਹੈ। ਵਰਣਨਾਤਮਕ, ਬਿਰਤਾਂਤਕ, ਵਿਚਾਰਾਤਮਕ, ਭਾਵਾਤਮਕ।(ਖੋਜ ਪੱਤ੍ਰਿਕਾ "ਨਿਬੰਧ ਅੰਕ", 29 32)

1. ਵਰਣਨਾਤਮਕ ਨਿਬੰਧ 2. ਬਿਰਤਾਂਤਕ ਨਿਬੰਧ 3. ਵਿਚਾਰਾਤਮਕ ਨਿਬੰਧ 4. ਭਾਵਾਤਮਕ ਨਿਬੰਧ

4)




> ਇਸ ਪ੍ਰਕਾਰ ਇਨ੍ਹਾਂ ਬਿਰਤਾਂਤ ਪ੍ਰਧਾਨ ਨਿਬੰਧਾਂ ਵਿਚ ਪ੍ਰਮੁੱਖ ਤੌਰ ਤੇ ਵਿਸ਼ੇ ਦੀ ਤੇ ਆਤਮ ਪ੍ਰਧਾਨ ਨਿਬੰਧਾਂ ਵਿਚ, ਲੇਖਕ ਦੇ ਵਿਅਕਤਿਤਵ ਦੀ ਪ੍ਰਧਾਨਤਾ ਰਹਿੰਦੀ ਹੈ। (ਸਤਿੰਦਰ ਸਿੰਘ ''ਵਿਹਾਰਕ ਸਮੀਖਿਆ ਕਵਿਤਾ ਤੇ ਵਾਰਤਕ'' 289)

ਇਸ ਪ੍ਰਕਾਰ ਵੱਖ-ਵੱਖ ਵਿਦਵਾਨਾਂ ਨੇ ਵਿਸ਼ੇਗਤ ਤੇ ਵਿਲੱਖਣਤਾ ਦੇ ਅਧਾਰ ਤੇ ਨਿਬੰਧ ਵਿਧਾ ਦੇ ਵਿਭਿੰਨ ਭੇਦ ਦਰਸਾਏ ਹਨ। ਇਸ ਬਾਰੇ ਵਿਦਵਾਨ ਕਦੋਂ ਇੱਕ ਮੱਤ ਹੋਣਗੇ, ਇਸ ਬਾਰੇ ਕਹਿਣਾ ਮੁਸ਼ਕਲ ਹੈ। ਨਿਬੰਧ ਦਾ ਨਿਬੰਧਕਾਰ ਦੇ ਵਿਅਕਤਿਤਵ ਨਾਲ ਡੂੰਘਾ ਸੰਬੰਧ ਹੁੰਦਾ ਹੈ, ਇਹ ਨਿਬੰਧਕਾਰ ਦੀ ਮਨੋਸਥਿਤੀ, ਉਸ ਦੇ ਵਿਅਕਤਿਤਵ ਅਤੇ ਉਸ ਦੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਨ ਵਾਲੀ ਇੱਕ ਵਿਧਾ ਹੈ। ਇਸ ਲਈ ਕਿਸੇ ਵਿਅਕਤੀ ਨੂੰ ਅਧਾਰ ਬਣਾ ਕੇ ਕੀਤੀ ਗਈ ਵਰਗ ਵੰਡ, ਵਧੇਰੇ ਕਰ ਕੇ ਤਰਕਸੰਗਤ ਦੀ ਧਾਰਨੀ ਪ੍ਰਤੀਤ ਹੁੰਦੀ ਹੈ। ਵਿਅਕਤੀ ਦੇ ਅਧਾਰ ਤੇ ਨਿਬੰਧਾਂ ਨੂੰ ਹੇਠ ਲਿਖੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

1. ਅੰਤਰਮੁਖੀ

2. ਬਾਹਰਮੁਖੀ

ਜਦੋਂ ਇੱਕ ਨਿਬੰਧਕਾਰ ਅੰਤਰ ਮਨ ਦੇ ਭਾਵਾਂ ਤੇ ਕਿਸੇ ਵਿਸ਼ੇ ਬਾਰੇ ਆਪਣੇ ਨਿੱਜੀ ਵਿਚਾਰਾਂ ਨੂੰ ਪ੍ਰਗਟਾਉਂਦਾ ਹੈ ਤਾਂ ਉਸ ਨੂੰ ਅੰਤਰਮੁਖੀ ਨਿਬੰਧ ਕਿਹਾ ਜਾ ਸਕਦਾ ਹੈ। ਜਿਹੜੇ ਮੁੱਖ ਰੂਪ ਵਿਚ ਦਾਰਸ਼ਨਿਕ

`

ਰੁਚੀ ਵਾਲੇ ਹੁੰਦੇ ਹਨ, ਪ੍ਰੰਤੂ ਬਾਹਰਮੁਖੀ ਨਿਬੰਧਾਂ ਵਿਚ ਨਿਬੰਧਕਾਰ ਕਿਸੇ ਬਾਹਰੀ ਘਟਨਾ ਜਾਂ ਵਰਤਾਰੇ, ਭਾਵ ਸਮਾਜਿਕ ਤੇ ਵਿਗਿਆਨਕ ਵਿਸ਼ੇ ਤੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੈ ਅਤੇ ਨਿੱਜ ਦੀ ਥਾਂ ਬੁੱਧੀ ਦੇ ਅਨੁਸਾਰ ਉਸ ਦੀ ਵਿਆਖਿਆ ਕਰਦਾ ਹੈ। ਅੰਤਰਮੁਖੀ ਨਿਬੰਧਾਂ ਨੂੰ ਅੱਗੋਂ ਦੋ ਭਾਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ:

**ੳ) ਵਿਚਾਰਾਤਮਕ ਨਿਬੰਧ**

**ਅ) ਭਾਵਾਤਮਕ ਨਿਬੰਧ**

ਇਸ ਪ੍ਰਕਾਰ ਬਾਹਰਮੁਖੀ ਨਿਬੰਧਾਂ ਨੂੰ ਅੱਗੋਂ ਦੋ ਭਾਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ।

**ੳ) ਵਰਣਨਾਤਮਕ ਨਿਬੰਧ**

**ਅ) ਵਿਵਰਨਾਤਮਕ ਨਿਬੰਧ**

**ੳ) ਵਿਚਾਰਾਤਮਕ ਨਿਬੰਧ:-** ਵਿਚਾਰਾਤਮਕ ਨਿਬੰਧਾਂ ਤੋਂ ਭਾਵ, ਨਿਬੰਧਾਂ ਵਿਚ ਜਦੋਂ ਲੇਖਕ ਕਿਸੇ ਬਾਰੇ ਆਪਣੇ ਮਨ ਵਿਚ ਆਏ, ਵਿਚਾਰਾਂ, ਭਾਵਾਂ ਨੂੰ ਦਲੀਲ ਪੂਰਵਕ ਪੇਸ਼ ਕਰਦਾ ਹੈ। ਵਿਚਾਰਾਤਮਕ ਨਿਬੰਧ ਵਿਚ ਤਰਕ ਅਤੇ ਬੁੱਧੀ ਦੀ ਮੁੱਖ ਰੂਪ ਵਿਚ ਪ੍ਰਧਾਨਤਾ ਹੁੰਦੀ ਹੈ:

> ਆਮ ਕਰ ਕੇ ਵਿਚਾਰਾਤਮਕ ਨਿਬੰਧਾਂ ਦਾ ਵਿਸ਼ਾ ਮਨੁੱਖੀ ਜੀਵਨ ਦੇ ਮੂਲ ਸਿਧਾਂਤਾਂ, ਭਾਵਾਂ, ਅਨੁਭਵਾਂ ਅਤੇ ਮਨੁੱਖੀ ਜੀਵਨ ਨੂੰ ਚੰਗੇਰਾ ਬਣਾਉਣ ਲਈ ਅਧਿਆਤਮਕ, ਸਦਾਚਾਰਕ, ਦਾਰਸ਼ਨਿਕ. ਸਮਾਜਿਕ ਅਤੇ ਮਨੋਵਿਗਿਆਨਕ ਸੁਆਲਾਂ ਅਤੇ ਉਨ੍ਹਾਂ ਦੇ ਸਮਾਧਾਨ ਨਾਲ ਸੰਬੰਧਿਤ ਹੁੰਦਾ ਹੈ ।(ਦਿਲ ''ਪੰਜਾਬੀ ਨਿਬੰਧ: ਸਰੂਪ, ਸਿਧਾਂਤ ਅਤੇ ਵਿਕਾਸ'' 115)

ਵਿਚਾਰਾਤਮਕ ਨਿਬੰਧਾਂ ਵਿਚ ਲੇਖਕ ਕਿਤਾਬੀ ਗਿਆਨ ਨੂੰ ਪ੍ਰਗਟਾਉਣ ਤੱਕ ਹੀ ਸੀਮਤ ਨਹੀਂ ਹੁੰਦਾ, ਸਗੋਂ ਉਹ ਆਪਣੇ ਨਿੱਜੀ ਅਨੁਭਵਾਂ, ਤਜਰਬਿਆਂ ਦੁਆਰਾ ਵਿਸ਼ੇ ਬਾਰੇ ਆਪਣੇ ਵਿਚਾਰਾਂ ਨੂੰ ਪ੍ਰਗਟਾਉਂਦਾ ਹੈ।

`

ਵਿਚਾਰਾਤਮਕ ਨਿਬੰਧਾਂ ਵਿਚ ਦਲੀਲਾਂ ਅਤੇ ਤਰਕ ਦੇ ਅਧਾਰ ਤੇ ਬਹੁਤ ਹੀ ਸੁਲਝੇ ਹੋਏ ਤਰੀਕੇ ਨਾਲ, ਲੇਖਕ ਆਪਣੇ ਵਿਚਾਰਾਂ ਦਾ ਪ੍ਰਗਟਾਵਾਂ ਕਰਦਾ ਹੈ। ਵਿਚਾਰਾਤਮਕ ਨਿਬੰਧਾਂ ਦੀ ਸਿਰਜਣਾ ਦਾ ਸਭ ਤੋਂ ਜ਼ਰੂਰੀ ਪੱਖ ਹੈ ਕਿ ਵਿਚਾਰ ਕੇਂਦਰੀ ਵਿਸ਼ੇ ਦੁਆਲੇ ਘੁੰਮਦੇ ਹੋਣ, ਨਿਸ਼ਚਿਤ ਤਰਤੀਬ ਹੋਵੇ ਅਤੇ ਵਿਚਾਰਾਂ ਵਿਚ ਆਪਸੀ ਤਾਲਮੇਲ ਹੋਵੇ ਤਾਂ ਜੋ ਹਰ ਵਿਚਾਰ ਆਪਣੇ ਤੋਂ ਅਗਲੇ ਵਿਚਾਰ ਨੂੰ ਜਨਮ ਦੇਣ ਵਾਲਾ ਹੋਵੇ। ਜੇਕਰ ਨਿਬੰਧਾਂ ਵਿਚ ਇਹ ਨਹੀਂ ਹੋਵੇਗਾ ਤਾਂ ਨਿਬੰਧਾਂ ਵਿਚ ਭਾਰੂ ਖਿੱਚ ਨਹੀਂ ਰਹਿੰਦੀ। ਰੰਜਸ਼ ਕਾਰਨ ਪਾਠਕ ਨੂੰ ਬੌਧਿਕ ਤੌਰ ਤੇ ਤ੍ਰਿਪਤੀ ਨਹੀਂ ਮਿਲਦੀ:

> ਨਿਬੰਧ ਦੀ ਸਫਲਤਾ, ਉਸ ਦਾ ਵਿਚਾਰਾਤਮਕ ਸਰੂਪ ਵਿਚ ਪੇਸ਼ ਹੋਣਾ ਹੈ।ਵਿਚਾਰਾਤਮਕ ਦਾ ਅਧਾਰ ਅੰਤਰ ਆਤਮਾ ਦੇ ਚਿੰਤਨ ਨਾਲ ਹੁੰਦਾ ਹੈ। ਵਿਚਾਰਾਤਮਕ ਨਿਬੰਧ ਅੰਤਰ ਮੁਖੀ ਅਥਵਾ ਦਾਰਸ਼ਨਿਕ ਤਾਂ ਹੁੰਦਾ ਹੀ ਹੈ, ਸਗੋਂ ਇਸ ਕਿਸਮ ਦੇ ਨਿਬੰਧ ਆਪਣੇ ਪਾਠਕਾਂ ਲਈ ਉਨ੍ਹਾਂ ਦੇ ਜੀਵਨ ਲਈ ਅਧਿਆਤਮਕ, ਸਦਾਚਾਰਕ, ਤੇ ਮਨੋਵਿਗਿਆਨ ਦੇ ਸਿਰਜਣਾਤਮਕ ਸੁਨੇਹੇ ਸੰਚਾਰ ਦੇ ਹਨ। (ਕੋਮਲ ''ਚੋਣਵੇਂ ਪੰਜਾਬੀ ਨਿਬੰਧ'' 21)

ਵਿਚਾਰਾਤਮਕ ਨਿਬੰਧਾਂ ਵਿਚ ਭਾਵੇਂ ਤਰਕ ਦੀ ਪ੍ਰਧਾਨਤਾ ਹੁੰਦੀ ਹੈ, ਪ੍ਰੰਤੂ ਇਹਨਾਂ ਨਿਬੰਧਾਂ ਵਿਚ ਬੁੱਧੀ ਤੇ ਤਰਕ ਦੇ ਨਾਲ-ਨਾਲ ਕਾਲਪਨਿਕ ਤੱਤਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ, ਨਹੀਂ ਤਾਂ ਜਿਨ੍ਹਾਂ ਨਿਬੰਧਾਂ ਵਿਚ ਨਿਰੋਲ ਵਿਚਾਰ ਹੀ ਪੇਸ਼ ਕੀਤੇ ਹੋਣ, ਉਹ ਨੀਰਸ ਰਚਨਾ ਬਣ ਜਾਂਦੀ ਹੈ। ਵਿਚਾਰਾਤਮਕ ਨਿਬੰਧਾਂ ਵਿਚ ਲੇਖਕ ਮੁੱਖ ਰੂਪ ਵਿਚ ਕਿਸੇ ਨਾ ਕਿਸੇ ਵਿਸ਼ੇ ਤੇ ਆਪਣੇ ਮੌਲਿਕ ਵਿਚਾਰਾਂ ਨੂੰ ਪੇਸ਼ ਕਰਦਾ ਹੈ, ਜਿਸ ਰਾਹੀਂ ਉਹ ਸਮਾਜ ਨੂੰ ਨਵੀਂ ਦਿਸ਼ਾ ਤੇ ਨਵਾਂ ਸੰਦੇਸ਼ ਦੇਣ ਦਾ ਯਤਨ ਕਰਦਾ ਹੈ ਅਤੇ ਆਪਣੇ ਨਵੇਂ ਤੇ ਉਦੇਸ਼ਪੂਰਨ ਸੁਨੇਹੇ ਸੰਚਾਰਦਾ ਹੈ।

`

**ਅ. ਭਾਵਾਤਮਕ ਨਿਬੰਧ:-** ਭਾਵਾਤਮਕ ਨਿਬੰਧ ਉਨ੍ਹਾਂ ਨਿਬੰਧਾਂ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਨਿਬੰਧਕਾਰ ਕਿਸੇ ਵਿਅਕਤੀ ਜਾਂ ਵਸਤੂ ਪ੍ਰਤੀ ਆਪਣੇ ਮਨ ਅੰਦਰ ਪੈਦਾ ਹੋਏ, ਭਾਵਾਂ ਨੂੰ ਪ੍ਰਗਟ ਕਰਦਾ ਹੈ। ਭਾਵਾਂ ਦੀ ਬਹੁਲਤਾ ਭਾਵਾਤਮਕ ਨਿਬੰਧਾਂ ਦਾ ਮੁੱਖ ਗੁਣ ਹੈ:

> ਡਾ. ਅਮਰ ਕੋਮਲ ਦੇ ਸ਼ਬਦਾਂ ਵਿਚ ਵਿਚਾਰਾਂ ਵਿਚ ਜਾਂ ਵਿਸ਼ੇ ਵਸਤੂ ਦੇ ਨਿਭਾਅ ਵਿਚ, ਉਹ ਵਧੇਰੇ ਭਾਵਨਾਵਾਂ ਦੀਆਂ ਤਰੰਗਾਂ ਵਿਚ ਵਹਿੰਦਾ ਸੰਵੇਦਨਾਤਮਕ ਲਹਿਜ਼ੇ ਵਿਚ ਲਿਖਦਾ ਹੋਵੇ। ਮਸਤੀ ਵਿਚ ਬੇਡਰ ਹੋ ਕੇ ਨਿਰੰਤਰ ਜਜ਼ਬੇ ਅਧੀਨ ਕਾਰਜ ਕਰਦਾ ਹੋਵੇ, ਅਜਿਹੇ ਨਿਬੰਧ ਭਾਵਾਤਮਕ ਨਿਬੰਧ ਅਖਵਾਉਂਦੇ ਹਨ। (''ਚੋਣਵੇਂ ਪੰਜਾਬੀ ਨਿਬੰਧ'' 21)

ਭਾਵਾਤਮਕ ਨਿਬੰਧਾਂ ਵਿਚ ਪੇਸ਼ ਭਾਵ ਜਿੰਨੇ ਡੂੰਘੇ, ਤੀਬਰ ਤੇ ਕੋਮਲ ਹੁੰਦੇ ਹਨ, ਓਨੇ ਹੀ ਉਹ ਵਧੇਰੇ ਪਾਠਕਾਂ ਦੇ ਹਿਰਦਿਆਂ ਨੂੰ ਪ੍ਰਭਾਵਿਤ ਕਰਨ ਦੇ ਯੋਗ ਹੁੰਦੇ ਹਨ। ਭਾਵਾਤਮਕ ਨਿਬੰਧਾਂ ਦਾ ਸਿੱਧਾ ਸੰਬੰਧ ਮਨੁੱਖੀ ਹਿਰਦੇ ਭਾਵ ਭਾਵਾਂ ਨਾਲ ਹੁੰਦਾ ਹੈ, ਜਿਸ ਨਿਬੰਧ ਵਿਚ ਭਾਵਾਂ ਦੀ ਬਹੁਲਤਾ ਪ੍ਰਗਟ ਹੋਵੇ ਤੇ ਪਾਠਕ ਦਾ ਹਿਰਦਾ ਟੁੰਬਿਆ ਜਾਵੇ, ਉਸ ਥਾਂ ਤੇ ਭਾਵਾਤਮਕ ਨਿਬੰਧਾਂ ਦੀ ਰਚਨਾ ਹੋਈ ਮੰਨਿਆ ਜਾਵੇਗੀ। ਭਾਵਾਤਮਕ ਨਿਬੰਧਾਂ ਵਿਚ ਨਿਬੰਧਕਾਰ ਆਪਣੇ ਮਨ ਦੇ ਭਾਵਾਂ ਨੂੰ ਕਲਪਨਾ ਮਈ ਰੰਗ ਵਿਚ ਰਚ ਕੇ ਬੜੇ ਹੀ ਸੁਆਦਲੇ ਢੰਗ ਨਾਲ ਪੇਸ਼ ਕਰਦਾ ਹੈ ਅਤੇ ਭਾਵਾਂ ਦਾ ਜਿਊਂਦਾ-ਜਾਗਦਾ ਬਿੰਬ ਜਗਿਆਸੂ ਪਾਠਕਾਂ ਸਾਹਮਣੇ ਲਿਆ ਕੇ ਖੜ੍ਹਾ ਕਰ ਦਿੰਦਾ ਹੈ। ਜਿਸ ਦੇ ਸਿੱਟੇ ਵਜੋਂ ਪਾਠਕ ਆਪਣੇ ਆਪ ਨੂੰ ਭੁਲਾ ਕੇ ਨਿਬੰਧਕਾਰ ਦੀ ਭਾਵਨਾ ਨਾਲ ਅੱਗੇ ਵਧਦਾ ਤੁਰਿਆ ਜਾਂਦਾ ਹੈ।

**ੳ) ਵਰਣਨਾਤਮਕ ਨਿਬੰਧ:-** ਵਰਣਨਾਤਮਕ ਨਿਬੰਧਾਂ ਵਿਚ ਵਧੇਰੇ ਕਰ ਕੇ ਪ੍ਰਕ੍ਰਿਤੀ ਅਤੇ ਦੇਸ਼ ਦਾ ਵਰਣਨ ਮਿਲਦਾ ਹੈ। ਵਰਣਨਾਤਮਕ ਨਿਬੰਧਾਂ ਵਿਚ ਨਿਬੰਧਕਾਰ, ਜਦੋਂ ਜੰਗਲ, ਦਰਖਤਾਂ, ਨਦੀਆਂ, ਪਹਾੜਾਂ, ਰੁੱਤਾਂ, ਤਿਉਹਾਰਾਂ, ਮੌਸਮਾਂ, ਵੇਸ-ਭੂਸ਼ਾ, ਰਹਿਣ-ਸਹਿਣ, ਮੇਲੇ ਅਤੇ ਤਮਾਸ਼ੇ ਆਦਿ ਦੇ ਵਰਣਨ ਵਿਚ ਨਿਬੰਧਕਾਰ

`

ਆਪਣੇ ਦ੍ਰਿਸ਼ਟੀਕੋਣ ਤੋਂ ਆਪਣੇ ਸਮੇਂ ਤੇ ਸਥਾਨ ਵਿਚ, ਜੋ ਵੇਖਦਾ ਪਰਖਦਾ ਹੈ ਉਸਦਾ ਵਰਣਨ ਕਰਦਾ ਹੈ। ਕਿਸੇ ਦ੍ਰਿਸ਼ ਜਾਂ ਸਥਾਨ ਨੂੰ ਉਹ ਜਦੋਂ ਦੇਖਦਾ ਹੈ ਤਾਂ ਉਸ ਦੇ ਮਨ ਵਿਚ, ਜੋ ਚਿੱਤਰ ਉੱਘੜਦਾ ਹੈ, ਉਸ ਦੀ ਸੰਜੀਵ ਪ੍ਰਸਤੁਤੀ ਕਰਨਾ ਹੀ ਵਰਣਨਾਤਮਕ ਨਿਬੰਧਾਂ ਦਾ ਉਦੇਸ਼ ਹੁੰਦਾ ਹੈ।

ਇਹਨਾਂ ਨਿਬੰਧਾਂ ਰਾਹੀਂ ਨਿਬੰਧਕਾਰ ਕਈ ਢੰਗ ਤਰੀਕੇ ਅਪਣਾਉਂਦਾ ਹੈ, ਜਿਨ੍ਹਾਂ ਵਿਚ ਕਦੀ-ਕਦੀ ਉਹ ਸ਼ਬਦ ਚਿੱਤਰਾਂ ਰਾਹੀਂ, ਉਸ ਨੂੰ ਬਿਲਕੁਲ ਹੂ-ਬ-ਹੂ ਪਾਠਕਾਂ ਸਾਹਮਣੇ ਲਿਆ ਕੇ ਖੜ੍ਹਾ ਕਰ ਦਿੰਦਾ ਹੈ। ਨਿਬੰਧਕਾਰ ਵਿਸ਼ੇ ਨਾਲ ਸੰਬੰਧਿਤ ਸਮਗਰੀ ਦਾ ਉੱਲੇਖ ਇਸ ਪ੍ਰਕਾਰ ਕਰਦਾ ਹੈ, ਜਿਸ ਵਿਚ ਸ਼ਬਦਾਂ ਦੇ ਸਹਾਰੇ ਹੀ ਵਾਸਤਵਿਕ ਰੂਪ ਵਿਚ, ਉਹ ਚਿੱਤਰ ਪਾਠਕਾਂ ਦੀਆਂ ਅੱਖਾਂ ਦੇ ਸਾਹਮਣੇ ਹੂ-ਬ-ਹੂ ਸਕਾਰ ਹੋ ਜਾਂਦਾ ਹੈ:

> ਡਾ. ਅਮਰ ਕੋਮਲ ਅਨੁਸਾਰ: ਜਿਨ੍ਹਾਂ ਨਿਬੰਧਾਂ ਵਿਚ ਨਿਬੰਧਕਾਰ ਪ੍ਰਾਕ੍ਰਿਤਕ, ਅਪ੍ਰਕ੍ਰਿਤਕ ਵਸਤੂਆਂ ਦਾ ਵਿਸਥਾਰਪੂਰਵਕ ਵਰਣਨ ਕਰਦਾ ਹੈ, ਜਿਵੇਂ ਪ੍ਰਕ੍ਰਿਤੀ ਦੇ ਵਸਤੂ ਵੇਰਵੇ, ਧਰਤੀ, ਅੰਬਰ, ਪਰਬਤ, ਸਾਗਰ, ਦਰਿਆ, ਨਦੀਆਂ, ਨਾਲੇ ਜਾਂ ਅਪ੍ਰਕ੍ਰਿਤਕ ਵਸਤਾਂ ਜਿਵੇਂ ਮਨੁੱਖ, ਸਮਾਜ, ਸ਼ਹਿਰ, ਪਿੰਡ, ਖੇਤ, ਯਾਤਰਾ, ਤਿੱਥ ਤਿਉਹਾਰ ਆਦਿ ਨਿਬੰਧ ਵਰਣਨਾਤਮਕ ਨਿਬੰਧ ਅਖਵਾਉਂਦੇ ਹਨ।("ਚੋਣਵੇਂ ਪੰਜਾਬੀ ਨਿਬੰਧ" 22)

ਇਹਨਾਂ ਨਿਬੰਧਾਂ ਵਿਚ ਕਲਪਨਾ ਤੱਤ ਪ੍ਰਧਾਨ ਹੁੰਦੇ ਹਨ ਤੇ ਦੂਜਾ ਸਥਾਨ ਭਾਵਨਾ ਦਾ ਆਉਂਦਾ ਹੈ ਤੇ ਫਿਰ ਬੁੱਧੀ ਤੱਤ ਦਾ।

**ਅ) ਵਿਵਰਨਾਤਮਕ ਨਿਬੰਧ:-** ਵਿਵਰਨ ਦਾ ਅਰਥ ਮੁੱਖ ਰੂਪ ਵਿਚ-ਬਿਰਤਾਂਤ ਜਾਂ ਬਿਆਨ ਕਰਨਾ ਹੁੰਦਾ ਹੈ। ਵਿਵਰਨਾਤਮਕ ਨਿਬੰਧਾਂ ਵਿਚ ਕਿਸੇ ਸਮਾਜਿਕ ਘਟਨਾ ਥਾਂ ਕਿਸੇ ਇਤਿਹਾਸਕ ਘਟਨਾ ਦਾ ਵਰਣਨ ਪੇਸ਼ ਕੀਤਾ ਗਿਆ ਹੁੰਦਾ ਹੈ, ਭਾਵ ਇਹਨਾਂ ਨਿਬੰਧਾਂ ਵਿਚ ਕਿਸੇ ਘਟਨਾਵਾਂ ਦਾ, ਯੁੱਧਾਂ, ਯਾਤਰਾਵਾਂ ਅਤੇ ਮਹਾਂਪੁਰਖਾਂ ਦੇ ਜੀਵਨ ਦਾ ਬਿਰਤਾਂਤ ਵਰਣਨ ਪ੍ਰਸਤੁਤ ਕੀਤਾ ਗਿਆ ਹੋਵੇ:

`

> ਬਿਰਤਾਂਤ ਨਿਬੰਧਾਂ ਦਾ ਲੇਖਕ ਆਪਣੇ ਵਿਸ਼ਾਲ ਅਧਿਐਨ ਅਤੇ ਡੂੰਘੇ ਜੀਵਨ ਅਨੁਭਵ ਦੁਆਰਾ ਜਿਸ ਘਟਨਾ, ਪਾਤਰ, ਜਾਂ ਲੋਕ ਲਹਿਰ ਦਾ ਵਰਣਨ ਕਰਦਾ ਹੈ, ਉਸ ਬਾਰੇ ਆਪਣੀ ਨਿਰੀਖਣ ਟਿੱਪਣੀ ਅਤੇ ਆਲੋਚਨਾ ਵੀ ਕਰਦਾ ਹੈ। ਹਰ ਕਾਰਜ ਦਾ ਕਾਰਨ ਤੇ ਹਰ ਕਾਰਨ ਦਾ ਕਾਰਜ ਵੀ ਉਹ ਦਰਸਾਉਂਦਾ ਹੈ। (ਦਿਲ ''ਪੰਜਾਬੀ ਨਿਬੰਧ: ਸਰੂਪ, ਸਿਧਾਂਤ ਅਤੇ ਵਿਕਾਸ'' 118)

ਜੋ ਨਿਬੰਧਾਂ ਦੇ ਨਿਰਮਾਣ ਵਿਚ ਸਹਾਈ ਹੁੰਦੀ ਹੈ, ਉਸ ਅਧਾਰ ਸਮਗਰੀ ਨੂੰ ਤੱਤ ਕਿਹਾ ਜਾਂਦਾ ਹੈ।

## 1.2.7 ਨਿਬੰਧ ਅਤੇ ਹੋਰ ਵਾਰਤਕ ਸਾਹਿਤ ਰੂਪ: ਅੰਤਰ-ਸੰਬੰਧ

ਨਿਬੰਧ, ਖ਼ਤ, ਸਵੈ-ਜੀਵਨੀ, ਰੇਖਾ-ਚਿੱਤਰ, ਜੀਵਨੀ, ਸੰਸਮਰਣ, ਸਫ਼ਰਨਾਮਾ ਅਤੇ ਡਾਇਰੀ ਆਦਿ ਗੱਦ ਸਾਹਿਤ ਦੇ ਵੱਖੋ-ਵੱਖਰੇ ਰੂਪ ਹਨ। ਇਹ ਵੱਖੋ-ਵੱਖਰੇ ਰੂਪ ਹੀ ਲੇਖਕ ਦੇ ਨਿੱਜੀ ਤਜਰਬਿਆਂ, ਅਤੇ ਅਨੁਭਵਾਂ ਨੂੰ ਦੂਜਿਆਂ ਨਾਲ ਸਾਂਝੇ ਕਰਨ ਦਾ ਸਾਧਨ ਹਨ।ਇਹਨਾਂ ਦੇ ਵੱਖੋ-ਵੱਖਰੇ ਰੂਪਾਂ ਵਿਚ, ਕੁੱਝ ਤੱਤਾਂ ਵਿਚ ਸਾਂਝ ਪਾਈ ਜਾਂਦੀ ਹੈ ।ਇਹਨਾਂ ਵੱਖੋ-ਵੱਖਰੀਆਂ ਵਿਧਾਵਾਂ ਵਿਚ ਆਪਣੇ ਕੁੱਝ ਲੱਛਣ ਅਤੇ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਜੋ ਉਸ ਨੂੰ ਦੂਜੀ ਵਿਧਾ ਨਾਲੋਂ ਨਿਖੇੜਦੀਆਂ ਹਨ। ਵਿਸ਼ਾ-ਪੱਖ ਉਦੇਸ਼, ਅਤੇ ਤਕਨੀਕੀ ਪ੍ਰਯੋਗਾਂ ਆਦਿ ਪੱਖਾਂ ਤੋਂ ਇਨ੍ਹਾਂ ਵਿਧਾਵਾਂ ਵਿਚ ਅੰਤਰ ਪਾਇਆ ਜਾਂਦਾ ਹੈ। ਇੱਥੇ ਨਿਬੰਧ ਦੇ ਦੂਜੇ ਗੱਦ ਰੂਪਾਂ ਖ਼ਤ, ਸਵੈ-ਜੀਵਨੀ, ਰੇਖਾ ਚਿੱਤਰ, ਸੰਸਮਰਣ, ਰਿਪੋਰਤਾਜ ਆਦਿ ਨਾਲ ਸੰਬੰਧ ਅਤੇ ਅੰਤਰ-ਸੰਬੰਧ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

1.ਨਿਬੰਧ ਅਤੇ ਖ਼ਤ

2.ਨਿਬੰਧ ਅਤੇ ਸਵੈ ਜੀਵਨੀ

3.ਨਿਬੰਧ ਅਤੇ ਰੇਖਾ-ਚਿੱਤਰ

`

4.ਨਿਬੰਧ ਅਤੇ ਸੰਸਮਰਣ

5. ਨਿਬੰਧ ਅਤੇ ਰਿਪੋਰਤਾਜ

**1. ਨਿਬੰਧ ਅਤੇ ਖ਼ਤ:-** ਨਿਬੰਧ ਅਤੇ ਖ਼ਤ ਦੋਨਾਂ ਗੱਦ ਰੂਪਾਂ ਵਿਚ, ਲੇਖਕ ਦਾ ਵਿਅਕਤਿਤਵ ਅਤੇ ਨਿੱਜਤਵ ਝਲਕਾਰੇ ਮਾਰਦਾ ਹੈ। ਖ਼ਤ ਇੱਕ ਲੇਖ ਦੇ ਜੀਵਨ ਦਾ ਦਰਪਣ ਹੁੰਦਾ ਹੈ, ਜਿਹਦੇ ਵਿਚੋਂ ਉਸ ਦਾ ਸਾਫ਼ ਤੇ ਨਿੱਖਰਿਆ ਹੋਇਆ ਰੂਪ ਦਿਖਾਈ ਦਿੰਦਾ ਹੈ। ਨਿਬੰਧ ਅਤੇ ਖ਼ਤ ਦੋਹਾਂ ਵਿਧਾਵਾਂ ਵਿਚੋਂ ਲੇਖਕ ਦਾ ਨਿੱਜਤਵ ਝਲਕਦਾ ਦੇਖਿਆ ਜਾ ਸਕਦਾ ਹੈ, ਪ੍ਰੰਤੂ ਦੋਹਾਂ ਵਿਧਾਵਾਂ ਵਿਚ ਵਿਅਕਤਿਤਵ ਦੀ ਪੇਸ਼ਕਾਰੀ ਪੱਖੋਂ ਭਿੰਨਤਾ ਦੇਖੀ ਜਾਂਦੀ ਹੈ। ਨਿਬੰਧ ਨੂੰ ਲਿਖਣ ਸਮੇਂ ਕੁੱਝ ਮਰਿਆਦਾਵਾਂ ਅਤੇ ਸਮਾਜਿਕ ਨੇਮਾਂ ਦੀ ਪਾਲਣਾ ਕਰਨੀ ਪੈਂਦੀ ਹੈ, ਪ੍ਰੰਤੂ ਖ਼ਤ ਦੇ ਪੂਰੀ ਤਰ੍ਹਾਂ ਨਿੱਜੀ ਹੋਣ ਕਰ ਕੇ ਇਸ ਵਿਚੋਂ ਸਮਾਜਿਕ ਨੇਮਾਂ ਤੇ ਮਰਿਆਦਾ ਦੀ ਪਾਲਣਾ ਕਰਨਾ ਬਹੁਤਾ ਮਰਯਾਦਾ ਨਹੀਂ ਹੁੰਦਾ। ਖ਼ਤ ਲਿਖਣ ਵਾਲੇ ਨਾਲ ਉਸ ਵਿਅਕਤੀ ਦਾ ਗੂੜ੍ਹਾ ਰਿਸ਼ਤਾ ਹੁੰਦਾ ਹੈ, ਇਸ ਲਈ ਖ਼ਤ ਵਿਚ ਲੇਖਕ ਭੇਦ-ਭਰੀ ਜਾ ਕਿਸੇ ਹੋਰ ਨੂੰ ਨਾ ਕਹੀ ਜਾਣ ਵਾਲੀ ਗੱਲ ਵੀ ਨਿਰਸੰਕੋਚ ਲਿਖ ਸਕਦਾ ਹੈ।

ਨਿਬੰਧਾਂ ਦਾ ਵਿਸ਼ਾ ਖੇਤਰ ਬਹੁਤ ਵਿਸ਼ਾਲ ਹੁੰਦਾ ਹੈ, ਜਿਸ ਕਾਰਨ ਨਿਬੰਧ ਅਣਗਿਣਤ ਵਿਸ਼ਿਆਂ ਤੇ ਲਿਖਿਆ ਜਾ ਸਕਦਾ ਹੈ, ਪ੍ਰੰਤੂ ਖ਼ਤ ਦੇ ਵਿਸ਼ੇ ਜ਼ਿਆਦਾਤਰ ਵਿਅਕਤਿਤਵ ਹੁੰਦੇ ਹਨ।

ਨਿਬੰਧ ਅਤੇ ਖ਼ਤ ਵਿਚ ਰਚਨ ਪ੍ਰਕ੍ਰਿਆ ਅਤੇ ਬਣਤਰ ਪੱਖੋਂ ਵੀ ਅੰਤਰ ਹੁੰਦਾ ਹੈ। ਰਚਣ ਵਿਚ ਸੰਬੰਧਿਤ, ਸਥਾਨ, ਮਿਤੀ ਦਾ ਉੱਲੇਖ ਅਤੇ ਅੰਤ ਵਿਚ ਜੋ ਦਸਤਖ਼ਤਾਂ ਦੀ ਰਵਾਇਤ ਹੁੰਦੀ ਹੈ, ਨਿਬੰਧ ਉਸ ਤੋਂ ਮੁਕਤ ਹੁੰਦਾ ਹੈ।

ਨਿਬੰਧ ਨੂੰ ਲਿਖਣ ਲਈ ਡੂੰਘੇ ਤਜ਼ਰਬੇ ਅਤੇ ਗੰਭੀਰ ਚਿੰਤਨ ਦੀ ਜ਼ਰੂਰਤ ਹੁੰਦੀ ਹੈ, ਪ੍ਰੰਤੂ ਖ਼ਤ ਲਿਖਣ ਲਈ ਇਸ ਦੀ ਜ਼ਰੂਰਤ ਘੱਟ ਹੁੰਦੀ ਹੈ।

`

ਨਿਬੰਧਕਾਰ ਦਾ ਸੰਬੰਧ ਆਪਣੇ ਪਾਠਕਾਂ ਨਾਲ ਇੰਨਾ ਨੇੜੇ ਦਾ ਨਹੀਂ ਹੁੰਦਾ, ਜਿੰਨਾ ਖ਼ਤ ਵਿਚ। ਲੇਖਕ ਨਿਬੰਧ ਵਿਚ ਇੱਕ ਨਿਬੰਧਕਾਰ ਦਾ ਅਣਗਿਣਤ ਪਾਠਕਾਂ ਨਾਲ ਸੰਬੰਧ ਹੁੰਦਾ ਹੈ, ਜਦਕਿ ਖ਼ਤ ਵਿਚ ਲੇਖਕ ਦਾ ਸੰਬੰਧ ਦਾ ਦੋ ਜਾਂ ਕੁੱਝ ਵਿਅਕਤੀਆਂ ਨਾਲ ਹੀ ਹੁੰਦਾ ਹੈ।

2. **ਨਿਬੰਧ ਅਤੇ ਸਵੈ-ਜੀਵਨੀ:-** ਸਵੈ-ਜੀਵਨੀ ਸਾਹਿਤ ਦਾ ਇੱਕ ਅਜਿਹਾ ਰੂਪ ਹੈ, ਜਿਸ ਵਿਚ ਕਿਸੇ ਵਿਅਕਤੀ ਦੁਆਰਾ ਆਪਣੇ ਜੀਵਨ ਨਾਲ ਸੰਬੰਧਿਤ ਜੀਵਨ ਕਥਾ ਆਪ ਹੀ ਲਿਖੀ ਜਾਂਦੀ ਹੈ:

> ਸਵੈ ਜੀਵਨੀ ਜਾਂ ਆਤਮ ਕਥਾ ਵਿਚ ਲੇਖਕ ਆਪਣੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਅਤੇ ਕਾਰਜਾਂ ਨੂੰ ਵਿਅਕਤ ਕਰਦਾ ਹੈ।(ਜੱਗੀ ''ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ'' 196)
>
> ਸਵੈ-ਜੀਵਨੀ ਨੂੰ ਲਿਖਣ ਦੇ ਮੁੱਖ ਉਦੇਸ਼ ਹੁੰਦੇ ਹਨ। ਪਹਿਲਾਂ ਹੈ ਆਤਮ ਨਿਰਮਾਣ, ਆਤਮ ਪਰੀਖਿਆ, ਯਾਦਾਂ ਨੂੰ ਪੁਨਰ ਸੁਰਜੀਤ ਕਰਨ ਦੀ ਰੁਚੀ ਜਾਂ ਸੰਸਾਰ ਦੀਆਂ ਗੁੰਝਲਾਂ ਆਪਣੇ ਦੁਆਰਾ ਸੁਲਝਾਉਣ ਦਾ ਵਿਚਾਰ। ਦੂਜਾ ਉਦੇਸ਼ ਇਹ ਹੈ ਕਿ ਲੇਖ ਦੇ ਅਨੁਭਵਾਂ ਤੋਂ ਹੋਰ ਲੋਕ ਸਿੱਖਿਆ ਪ੍ਰਾਪਤ ਕਰ ਸਕਣ। (ਜੱਗੀ ''ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ'' 197)

ਇਸ ਵਿਚ ਲੇਖਕ ਆਪਣੇ ਬੀਤੇ ਜੀਵਨ ਦੀਆਂ ਮਹੱਤਵਪੂਰਨ ਯਾਦਾਂ ਅਤੇ ਘਟਨਾਵਾਂ ਨੂੰ, ਆਪਣੀਆਂ ਮਾਨਸਿਕ ਕਿਰਿਆਵਾਂ ਨੂੰ ਵਿਅਕਤ ਕਰਦਾ ਹੈ ਅਤੇ ਜੀਵਨ ਨੂੰ ਘੋਖਦਾ ਹੈ। ਉਹ ਆਪਣੇ ਸਮੁੱਚੇ ਜੀਵਨ ਵਿਚ ਮਹਿਸੂਸ ਕੀਤੇ ਅਨੁਭਵਾਂ ਨੂੰ ਤਜਰਬਿਆਂ ਨੂੰ ਤੇ ਆਪਣੀਆਂ ਰਚਨਾਵਾਂ ਨੂੰ ਸ਼ਾਬਦਿਕ ਰੂਪ ਵਿਚ ਇਸ ਤਰ੍ਹਾਂ ਬੰਨ੍ਹਦਾ ਹੈ ਕਿ ਉਹ ਪਾਠਕਾਂ ਨੂੰ ਸੁਹਜਾਤਮਕ ਤ੍ਰਿਪਤੀ ਵੀ ਪ੍ਰਦਾਨ ਕਰੇ ਤੇ ਪ੍ਰੇਰਨਾ ਵੀ ਦੇਵੇ।

ਸਵੈ-ਜੀਵਨੀ ਤੇ ਨਿਬੰਧ ਦੋਵੇਂ ਹੀ ਵਿਅਕਤਿਤਵ ਪ੍ਰਧਾਨ ਵਿਧਾਵਾਂ ਹਨ। ਕਿਸੇ ਮਨੁੱਖ ਦੀ ਸਵੈ-ਜੀਵਨੀ ਪੜ੍ਹਨ ਉਪਰੰਤ, ਉਸ ਦੀ ਸ਼ਖ਼ਸੀਅਤ ਦੇ ਰੂ-ਬਰੂ ਹੋਇਆ ਜਾ ਸਕਦਾ ਹੈ, ਪ੍ਰੰਤੂ ਨਿਬੰਧਾਂ ਵਿਚ ਲੇਖਕ ਦਾ

`

ਵਿਅਕਤਿਤਵ ਮੁੱਖ ਰੂਪ ਵਿਚ ਉੱਭਰ ਕੇ ਸਾਹਮਣੇ ਨਹੀਂ ਆਉਂਦਾ, ਸਗੋਂ ਪੇਸ਼ ਕੀਤੇ ਗਏ ਵਿਸ਼ੇ ਦੁਆਰਾ ਪ੍ਰਗਟ ਹੁੰਦਾ ਹੈ। ਅਕਾਰ ਪੱਖੋਂ ਸਵੈ-ਜੀਵਨੀ ਵਿਚ ਬਹੁਤਾ ਵਿਸਥਾਰ ਹੁੰਦਾ ਹੈ। ਨਿਬੰਧ ਸੰਖੇਪ ਗੱਦ ਰਚਨਾ ਹੁੰਦੀ ਹੈ।

ਨਿਬੰਧ ਕਿਸੇ ਵੀ ਵਿਸ਼ੇ ਨੂੰ ਅਧਾਰ ਬਣਾ ਕੇ ਲਿਖਿਆ ਜਾ ਸਕਦਾ ਹੈ ਕਿਉਂਕਿ ਧਰਤੀ ਤੋਂ ਲੈ ਕੇ ਅਸਮਾਨ ਤੱਕ ਕੋਈ ਵੀ ਵਿਸ਼ਾ ਨਿਬੰਧਾਂ ਲਈ ਚੁਣਿਆ ਜਾ ਸਕਦਾ ਹੈ। ਸਵੈ-ਜੀਵਨੀ ਵਿਚ ਲੇਖਕ ਦੇ ਬਚਪਨ ਤੋਂ ਲੈ ਕੇ ਉਸ ਦੀ ਸਿੱਖਿਆ, ਕੰਮ ਧੰਦੇ ਤੇ ਪੂਰੇ ਜੀਵਨ ਭਰ ਦਾ ਸੰਘਰਸ਼ ਚਿੱਤਰ ਪੇਸ਼ ਹੁੰਦਾ ਹੈ। ਸਵੈ-ਜੀਵਨੀ ਦਾ ਕੇਂਦਰ ਬਿੰਦੂ, ਸਵੈ ਜੀਵਨੀਕਾਰ ਆਪ ਹੀ ਹੁੰਦਾ ਹੈ।

ਨਿਬੰਧਾਂ ਵਿਚ ਨਿਬੰਧਕਾਰ ਵੱਲੋਂ ਕਿਸੇ ਘਟਨਾ ਜਾਂ ਕਿਸੇ ਦ੍ਰਿਸ਼ ਨੂੰ ਦੇਖ ਕੇ ਉਸ ਦੇ ਮਨ ਵਿਚ ਆਏ ਵਿਚਾਰਾਂ ਨੂੰ ਪੇਸ਼ ਕਰਦਾ ਹੈ। ਸਵੈ-ਜੀਵਨੀ ਵਿਚ ਲੇਖਕ ਦੇ ਜੀਵਨ ਦੀ ਅਤਿ ਮਹੱਤਵਪੂਰਨ ਘਟਨਾਵਾਂ ਨੂੰ, ਉਸ ਦੇ ਸੰਘਰਸ਼ਾਂ ਨੂੰ ਪੀੜਾਂ ਨੂੰ ਵੀ ਫੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਨਿਬੰਧਾਂ ਵਿਚ ਕੋਈ ਵੀ ਸਧਾਰਨ ਵਿਅਕਤੀ ਦੁਆਰਾ ਕਿਸੇ ਵੀ ਵਿਸ਼ੇ ਤੇ ਆਪਣੇ ਵਿਚਾਰਾਂ ਨੂੰ ਪ੍ਰਗਟਾਇਆ ਜਾ ਸਕਦਾ ਹੈ, ਪ੍ਰੰਤੂ ਸਵੈ-ਜੀਵਨੀ ਲੇਖਕ ਵਿਚ ਕੋਈ ਸਧਾਰਨ ਵਿਅਕਤੀ ਨਹੀਂ ਹੁੰਦਾ, ਸਗੋਂ ਪ੍ਰਸਿੱਧੀ ਪ੍ਰਾਪਤ ਕਰਨ ਵਾਲਾ ਕੋਈ ਵਿਸ਼ੇਸ਼ ਵਿਅਕਤੀ ਹੁੰਦਾ ਹੈ।

**3. ਨਿਬੰਧ ਅਤੇ ਰੇਖਾ ਚਿੱਤਰ:-** ਰੇਖਾ ਚਿੱਤਰ ਸਾਹਿਤ ਦੀ ਉਹ ਵਿਧਾ ਹੈ, ਜਿਸ ਦੁਆਰਾ ਲੇਖਕ ਕੁੱਝ ਸ਼ਬਦ ਤੇ ਰੇਖਾਵਾਂ ਦੇ ਸਹਾਰੇ ਕਿਸੇ ਵਿਅਕਤੀ ਜਾਂ ਘਟਨਾ ਬਾਰੇ ਆਪਣੇ ਤੀਬਰ ਤੇ ਸਪਸ਼ਟ ਭਾਵਾਂ ਨੂੰ ਵਿਅਕਤ ਕਰਦਾ ਹੋਇਆ ਉਸਦਾ ਇੱਕ ਸਜੀਵ ਚਿੱਤਰ ਪੇਸ਼ ਕਰਦਾ ਹੈ।

ਨਿਬੰਧ ਅਤੇ ਰੇਖਾ ਚਿੱਤਰ ਵਿਚ ਸਾਂਝ ਹੁੰਦੀ ਹੈ। ਨਿਬੰਧ ਨੂੰ ਸਵੈ ਪ੍ਰਗਟਾਵੇ ਦਾ ਸਾਧਨ ਮੰਨਿਆ ਜਾਂਦਾ ਹੈ। ਉਸ ਪ੍ਰਕਾਰ ਰੇਖਾ ਚਿੱਤਰ ਵਿਚ ਵੀ ਕਿਸੇ ਵਿਅਕਤੀ ਜਾਂ ਘਟਨਾ ਪ੍ਰਤੀ, ਲੇਖਕ ਆਪਣੀਆਂ ਤੀਬਰ ਭਾਵਨਾ ਨੂੰ ਚਿਤ੍ਰਿਤ ਕਰਦਾ ਹੈ। ਇਸ ਪੱਖੋਂ ਇਹਨਾਂ ਦੋਹਾਂ ਵਿਧਾਵਾਂ ਵਿਚ ਸਮਾਨਤਾ ਪਾਈ ਜਾਂਦੀ ਹੈ। ਇਹਨਾਂ ਦੋਨੋਂ

`

ਵਿਧਾਵਾਂ ਵਿਚ ਕਿਸੇ ਵੀ ਵਿਸ਼ੇ ਪ੍ਰਤੀ, ਲੇਖਕ ਦੇ ਸਵੈ ਪ੍ਰਗਟਾਵੇ ਦਾ ਸਾਧਨ ਹਨ। ਇਹਨਾਂ ਦੀ ਆਪਸੀ ਸਾਂਝ ਸਦਕਾ ਹੀ ਰੇਖਾ ਚਿੱਤਰ ਲਈ ਵਿਅਕਤੀ ਚਿਤਰਨ ਲੇਖ, ਨਿਬੰਧ, ਲੇਖ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਇਹਨਾਂ ਦੋਹਾਂ ਦੀ ਸਾਂਝਾਂ ਦੇ ਬਾਵਜੂਦ, ਦੋਹਾਂ ਵਿਧਾਵਾਂ ਨਿਬੰਧ ਅਤੇ ਰੇਖਾ ਚਿੱਤਰ ਵਿਚ ਭਿੰਨਤਾ ਵੀ ਪਾਈ ਜਾਂਦੀ ਹੈ। ਨਿਬੰਧਕਾਰ ਜਦੋਂ ਨਿਬੰਧਾਂ ਦੀ ਰਚਨਾ ਕਰਦਾ ਹੈ ਤਾਂ ਉਸ ਨਿਬੰਧ ਵਿਚ ਕੇਵਲ ਨਿਬੰਧਕਾਰ ਦੇ ਵਿਅਕਤਿਤਵ ਦੀ ਹੀ ਪ੍ਰਧਾਨਤਾ ਹੁੰਦੀ ਹੈ, ਜਦਕਿ ਰੇਖਾ ਚਿੱਤਰ ਵਿਚ ਵਿਅਕਤਿਤਵ ਦੇ ਤੱਥਾਂ ਨਾਲ ਸਾਕਾਰ ਕੀਤਾ ਜਾ ਸਕਦਾ ਹੈ। ਰੇਖਾ ਚਿੱਤਰ ਵਿਚ ਲੇਖਕ ਦਾ ਵਿਅਕਤਿਤਵ ਅਤੇ ਚਤ੍ਰਿਤ ਵਿਅਕਤੀ ਦਾ ਵਿਅਕਤਿਤਵ ਪੇਸ਼ ਕੀਤਾ ਹੁੰਦਾ ਹੈ।

ਵਿਸ਼ੇ ਅਤੇ ਆਕਾਰ ਪੱਖੋਂ ਦੋਹਾਂ ਵਿਧਾਵਾਂ ਵਿਚ ਆਪਸੀ ਭਿੰਨਤਾ ਪਾਈ ਜਾਂਦੀ ਹੈ। ਨਿਬੰਧਾਂ ਦਾ ਵਿਸ਼ਾ ਖੇਤਰ ਰੇਖਾ ਚਿੱਤਰ ਦੇ ਮੁਕਾਬਲੇ ਵੱਧ ਵਿਸ਼ਾਲ ਹੈ। ਨਿਬੰਧ ਲਿਖਣ ਵੇਲੇ ਲੇਖਕ ਕੋਈ ਵੀ ਵਿਸ਼ਾ ਚੁਣ ਸਕਦਾ ਹੈ, ਪਰ ਰੇਖਾ ਚਿੱਤਰ ਨਿਬੰਧ ਦੀ ਤਰ੍ਹਾਂ ਹਰ ਵਿਸ਼ੇ ਨੂੰ ਪੇਸ਼ ਕਰਨ ਦੇ ਸਮਰੱਥ ਨਹੀਂ ਹੁੰਦਾ:

> ਡਾ. ਓਮ ਪ੍ਰਕਾਸ਼ ਸਿੰਗਲ ਅਨੁਸਾਰ: ਜਿੱਥੇ ਨਿਬੰਧ ਜਾਂ ਲੇਖ ਵਿਚ ਵਿਸ਼ੇ ਦੇ ਵਿਸਤਾਰ 'ਤੇ ਜ਼ੋਰ ਲਾਇਆ ਜਾਂਦਾ ਹੈ, ਉੱਥੇ ਰੇਖਾ ਚਿੱਤਰ ਵਿਚ ਕਥਨ ਨੂੰ ਸੰਖੇਪ ਕਰ ਕੇ ਉਭਾਰਨ ਦਾ ਯਤਨ ਕੀਤਾ ਜਾਂਦਾ ਹੈ। (''ਸਾਹਿਤ ਦੇ ਨਵੇਂ ਰੂਪ'' 54)

ਨਿਬੰਧਾਂ ਵਿਚ ਵਿਆਖਿਆ ਤੋਂ ਵਧੇਰੇ ਕੰਮ ਲਿਆ ਜਾਂਦਾ ਹੈ। ਰੇਖਾ ਚਿੱਤਰ ਦੇ ਮੁਕਾਬਲੇ ਨਿਬੰਧ ਵਿਚ ਬੌਧਿਕਤਾ ਦੀ ਪ੍ਰਧਾਨਤਾ ਹੁੰਦੀ ਹੈ। ਇਸ ਦੇ ਉਲਟ ਰੇਖਾ-ਚਿੱਤਰ ਵਿਚ ਸੰਵੇਦਨਾਤਮਕ ਦ੍ਰਿਸ਼ਟੀ ਤੋਂ ਲਿਖਿਆ ਜਾਂਦਾ ਹੈ।

`

ਨਿਬੰਧਕਾਰ ਵਿਸ਼ਿਆਂ ਦੇ ਵਿਭਿੰਨ ਪੱਖਾਂ ਦਾ ਤਰਕਪੂਰਨ ਅਧਿਐਨ ਕਰਦਾ ਹੈ ਅਤੇ ਆਪਣੇ ਵਿਚਾਰਾਂ ਦੀ ਪੂਰਤੀ ਲਈ ਹੋਰਨਾਂ ਵਿਦਵਾਨਾਂ ਦੇ ਮੱਤਾਂ ਨੂੰ ਵੀ ਪ੍ਰਗਟ ਕਰਦਾ ਹੈ, ਜਦੋਂ ਕਿ ਰੇਖਾ ਚਿੱਤਰ ਵਿਚ ਚਿੱਤਰਕਾਰ ਦਾ ਪੂਰਾ ਜ਼ੋਰ ਨਾਇਕ ਦੇ ਵਿਅਕਤੀਗਤ ਗੁਣਾਂ ਤੇ ਵਿਸ਼ੇਸ਼ਤਾਵਾਂ ਦੀ ਪੇਸ਼ਕਾਰੀ 'ਤੇ ਹੁੰਦਾ ਹੈ:

> ਰੇਖਾ-ਚਿੱਤਰ ਵਿਚ ਸ਼ਬਦਾਂ ਦੇ ਅਰਥ ਰੰਗ ਬਣ ਕੇ ਪਾਠਕ ਨੂੰ ਅਨੰਦ ਦਿੰਦੇ ਹਨ, ਜਦੋਂ ਕਿ ਨਿਬੰਧ ਵਿਚ ਸ਼ਬਦਾਂ ਦੇ ਅਰਥ ਨਾਦ, ਲਹਿਰਾਂ ਜਾ ਸੇਧ ਬਣ ਕੇ ਪਾਠਕ ਨੂੰ ਗੱਲਬਾਤ ਦਾ ਰਸ ਦਿੰਦੇ ਹਨ। (ਹਰੀਮੋਹਨ ''ਹਿੰਦੀ ਨਿਬੰਧ ਦੇ ਅਧਾਰ ਸਤੰਭ'' 38)

ਰੇਖਾ-ਚਿੱਤਰ ਵਿਚ ਲੇਖਕ ਕਿਸੇ ਵਿਅਕਤੀ, ਦ੍ਰਿਸ਼ ਜਾਂ ਘਟਨਾ ਨੂੰ ਇੰਨੀ ਬਾਖ਼ੂਬੀ ਨਾਲ ਪੇਸ਼ ਕਰਦਾ ਹੈ ਕਿ ਪਾਠਕਾਂ ਸਾਹਮਣੇ ਉਸ ਦੀ ਜਿਊਂਦੀ ਜਾਗਦੀ ਤਸਵੀਰ ਸਾਕਾਰ ਹੋ ਉੱਠੇ, ਪ੍ਰੰਤੂ ਨਿਬੰਧਾਂ ਲਈ ਚਰਿਤਰਾਤਮਕਤਾ ਦਾ ਹੋਣਾ ਜ਼ਰੂਰੀ ਨਹੀਂ ਹੈ। ਇਸ ਵਿਚ ਵਿਸ਼ੇ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

**4. ਨਿਬੰਧ ਅਤੇ ਸੰਸਮਰਣ:-** ਸੰਸਮਰਣ ਵਿਚ ਕੌਣ ਯਾਦ ਕਰ ਰਿਹਾ ਹੈ ਦੀ ਥਾਂ, ਕੀ ਯਾਦ ਕੀਤਾ ਜਾ ਰਿਹਾ ਹੈ ਇਸ ਗੱਲ ਦਾ ਵਧੇਰੇ ਮਹੱਤਵ ਹੁੰਦਾ ਹੈ। ਨਿਬੰਧ ਦੀ ਤਰ੍ਹਾਂ ਸੰਸਮਰਣ ਵਿਚੋਂ ਵੀ ਲੇਖਕ ਦਾ ਆਪਾ ਝਲਕਾਰੇ ਮਾਰਦਾ ਹੈ। ਜਦੋਂ ਵੀ ਇੱਕ ਲੇਖਕ ਕਿਸੇ ਵਿਅਕਤੀ ਦੀ ਯਾਦਾਂ ਨੂੰ ਲਿਖਦਾ ਹੈ ਤਾਂ ਉਸ ਵਿਚ ਉਸ ਦਾ ਸਵੈ ਆਪਣੇ ਆਪ ਹੀ ਸ਼ਾਮਿਲ ਹੋ ਜਾਂਦਾ ਹੈ। ਇਹ ਦੋਵੇਂ ਨਿਬੰਧ ਅਤੇ ਸੰਸਮਰਣ ਲੇਖਕ ਦੀ ਨਿੱਜ ਦੀ ਪ੍ਰਧਾਨਤਾ ਕਰ ਕੇ ਇੱਕ ਦੂਜੇ ਦੇ ਨੇੜੇ ਆਉਂਦੇ ਹਨ।

> ਸੰਸਮਰਣ ਵਿਚ ਲੇਖਕ ਦੇ ਵਿਅਕਤਿਤਵ ਨੂੰ ਜ਼ੁਬਾਨ ਮਿਲਦੀ ਹੈ, ਉਸ ਦੇ ਨਿੱਜੀ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਹੁੰਦਾ ਹੈ। (ਚੱਢਾ ''ਗੱਦ ਤ੍ਰਿਧਾਰਾ'' 15)

`

ਨਿਬੰਧ ਲਿਖਣ ਵੇਲੇ ਨਿਬੰਧਕਾਰ ਆਪਣੀ ਦੂਰ ਦ੍ਰਿਸ਼ਟੀ ਨਾਲ ਸੰਭਾਵੀ ਭਵਿੱਖ ਬਾਰੇ ਵੀ ਆਪਣੇ ਵਿਚਾਰ ਪੇਸ਼ ਕਰ ਸਕਦਾ ਹੈ, ਜਦ ਕਿ ਸੰਸਮਰਣ ਦਾ ਸੰਬੰਧ ਵਧੇਰੇ ਕਰ ਕੇ ਅਤੀਤ ਨਾਲ ਹੁੰਦਾ ਹੈ, ਜਿਸ ਵਿਚ ਲੇਖਕ ਬੀਤੇ ਸਮੇਂ ਦੀਆਂ ਯਾਦਾਂ ਦਾ ਚਿਤਰਨ ਕਰਦਾ ਹੈ।

ਸੰਸਮਰਣ ਵਿਚ ਵਧੇਰੇ ਕਰ ਕੇ ਲੇਖਕ ਦੀਆਂ ਸੋਚਾਂ, ਵਿਚਾਰਾਂ ਅਤੇ ਪ੍ਰਾਪਤੀਆਂ, ਅਪ੍ਰਾਪਤੀਆਂ ਆਦਿ ਦੀ ਪੇਸ਼ਕਾਰੀ ਕਰਦਾ ਹੈ, ਪ੍ਰੰਤੂ ਕੇਵਲ ਉਨ੍ਹਾਂ ਪ੍ਰਾਪਤੀਆਂ ਦਾ ਉੱਲੇਖ ਕਰਦਾ ਹੈ, ਜਿਹੜੀਆਂ ਉਸ ਦੇ ਜੀਵਨ ਵਿਚ ਵਾਪਰੇ ਪਰਿਵਰਤਨਾਂ ਦੀਆਂ ਸੂਚਕ ਹੁੰਦੀਆਂ ਹਨ, ਜਿਨ੍ਹਾਂ ਦੁਆਰਾ ਉਹ ਪਾਠਕਾਂ ਨੂੰ ਪ੍ਰੇਰਨਾ ਪ੍ਰਦਾਨ ਕਰਦੀਆਂ ਹਨ, ਜਦੋਂ ਕਿ ਨਿਬੰਧ ਬੌਧਿਕ ਚੇਤਨਾ ਦਾ ਇੱਕ ਕ੍ਰਿਆਤਮਕ ਰੂਪ ਸਵੀਕਾਰਿਆ ਜਾਂਦਾ ਹੈ।

ਸੰਸਮਰਣ ਵਿਚ ਲੇਖਕ ਉਹੀ ਵਰਣਨ ਕਰਦਾ ਹੈ, ਜੋ ਉਹ ਦੇਖਦਾ ਹੈ ਤੇ ਮਹਿਸੂਸ ਕਰਦਾ ਹੈ ਜਦਕਿ ਨਿਬੰਧਾਂ ਵਿਚ ਲੇਖਕ,  ਸਿਰਫ਼ ਆਪਣੇ ਵਿਚਾਰਾਂ ਨਾਲ ਹੀ ਹੋਰ ਵਿਚ ਵਿਦਵਾਨਾਂ ਦੇ ਮੱਤਾਂ ਦਾ ਵੀ ਉੱਲੇਖ ਕਰਦਾ ਹੁੰਦਾ ਹੈ।

ਨਿਬੰਧ ਅਤੇ ਸੰਸਮਰਣ ਵਿਚਕਾਰ ਇੱਕ ਅੰਤਰ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ। ਨਿਬੰਧਾਂ 'ਚ ਵਿਸ਼ੇਸ਼ ਲੱਛਣ ਲੜੀਬੱਧਤਾ ਹੈ, ਨਾਲ ਹੀ ਦੂਜੇ ਪਾਸੇ ਸੰਸਮਰਣ ਵਿਚ ਨਿਰੰਤਰਤਾ ਦਾ ਹੋਣਾ ਕੋਈ ਜ਼ਰੂਰੀ ਨਹੀਂ ਹੁੰਦਾ ਹੈ।

**5. ਨਿਬੰਧ ਅਤੇ ਰਿਪੋਰਤਾਜ:-** ਕਿਸੇ ਵੀ ਅਖ਼ਬਾਰ ਵਾਸਤੇ ਕਿਸੇ ਘਟਨਾ ਦੇ ਬਾਰੇ ਲਿਖੇ ਗਏ ਵੇਰਵੇ ਨੂੰ ਰਿਪੋਰਟ ਜਾਂ ਰਿਪੋਰਤਾਜ ਰਿਹਾ ਜਾਂਦਾ ਹੈ। ਰਿਪੋਰਤਾਜ ਅਤੇ ਨਿਬੰਧ ਦੋਵਾਂ ਗੱਦ ਰੂਪਾਂ ਵਿਚ ਕੁੱਝ ਸਾਂਝਾ ਤੇ ਕੁੱਝ ਵਖਰੇਵੇਂ ਹਨ। ਰਿਪੋਰਤਾਜ ਲਿਖਣ ਵੇਲੇ ਵਧੇਰੇ ਯਥਾਰਥ ਪੇਸ਼ ਹੁੰਦਾ ਹੈ ਅਤੇ ਵੇਰਵੇ ਨੂੰ ਅਸਲ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਜਾਂਦਾ ਹੈ। ਦੂਜੇ ਪਾਸੇ ਨਿਬੰਧ ਵਿਚ ਕਲਪਨਾ ਤੇ ਖ਼ਿਆਲ ਉਡਾਰੀ ਦੋਹਾਂ ਦਾ ਮਿਸ਼ਰਨ ਹੁੰਦਾ ਹੈ, ਜਿਸ ਕਰ ਕੇ ਉਹ ਯਥਾਰਥ ਤੋਂ ਦੂਰ ਚਲਾ ਜਾਂਦਾ ਹੈ।

`

ਨਿਬੰਧ ਦਾ ਵਿਸ਼ਾ ਚੁਣਨ ਵੇਲੇ ਨਿਬੰਧਕਾਰ ਜ਼ਮੀਨ ਅਤੇ ਅਸਮਾਨ ਤੱਕ ਕਿਸੇ ਵੀ ਵਿਸ਼ੇ ਦੀ ਚੋਣ ਕਰ ਸਕਦਾ ਹੈ, ਪ੍ਰੰਤੂ ਰਿਪੋਰਤਾਜ ਵਿਚ ਮਹੱਤਵਪੂਰਨ ਵਿਸ਼ੇ ਉੱਤੇ ਹੀ ਜ਼ੋਰ ਦਿੱਤਾ ਜਾਂਦਾ ਹੈ। ਰਿਪੋਰਤਾਜ ਦਾ ਵਿਸ਼ਾ ਪ੍ਰਮੁੱਖ ਰੂਪ ਵਿਚ ਸਮਾਜ ਨਾਲ ਸੰਬੰਧਿਤ ਵਿਸ਼ਾ ਹੋਣਾ ਲਾਜ਼ਮੀ ਹੈ। ਰਿਪੋਰਤਾਜ ਵਿਚ ਲੇਖਕ ਦੀ ਜ਼ਿੰਮੇਵਾਰੀ ਵਧੇਰੇ ਹੁੰਦੀ ਹੈ। ਇਸ ਵਿਚ ਨਿੱਕੇ ਤੋਂ ਨਿੱਕਾ ਵਾਧੂ ਵੇਰਵਾ ਅਸਲੀਅਤ ਨੂੰ ਵਿਗਾੜ ਸਕਦਾ ਹੈ, ਪ੍ਰੰਤੂ ਨਿਬੰਧਾਂ ਉੱਪਰ ਇਹ ਗੱਲ ਲਾਗੂ ਨਹੀਂ ਕੀਤੀ ਜਾ ਸਕਦੀ।

ਰਿਪੋਰਤਾਜ ਲਿਖਣ ਵੇਲੇ ਲੇਖਕ ਦੇ ਮਨ ਵਿਚ ਵਿਚਾਰਾਂ ਅਤੇ ਭਾਵਾਂ ਦਾ ਵਾਧੂ ਬੋਝ ਨਹੀਂ ਹੁੰਦਾ। ਰਿਪੋਰਤਾਜ ਅਤੇ ਨਿਬੰਧ ਦੋਹਾਂ ਵਿਚ ਕਹਾਣੀ ਅੰਸ਼ ਪੱਖੋਂ ਸਾਂਝ ਹੁੰਦੀ ਹੈ ਕਿਉਂਕਿ ਕਈ ਨਿਬੰਧ ਅਜਿਹੀ ਵੰਨਗੀ ਵਾਲੀ ਹੁੰਦੇ ਹਨ, ਜਿਸ ਵਿਚ ਕਿਸੇ ਘਟਨਾ ਨੂੰ ਕਹਾਣੀ ਦੇ ਰੂਪ ਵਿਚ ਪੇਸ਼ ਕੀਤਾ ਹੁੰਦਾ ਹੈ। ਦੋਹਾਂ ਵਿਚ ਲੇਖਕ ਦਾ ਦ੍ਰਿਸ਼ਟੀਕੋਣ ਕੰਮ ਕਰਦਾ ਹੈ।

## 1.2.8 ਵਿਧਾ-ਸ਼ਾਸਤਰੀ ਸਿਧਾਂਤਕ ਪਰਿਪੇਖ

ਮਨੁੱਖ ਨੇ ਆਪਣੇ ਸੰਪਰਕ ਵਿਚ ਆਉਣ ਵਾਲੀਆਂ ਸਾਰੀਆਂ ਵਸਤਾਂ ਨੂੰ ਉਨ੍ਹਾਂ ਦੇ ਲੱਛਣਾਂ ਦੇ ਅਧਾਰ ਤੇ ਕਿਸੇ ਨਾ ਕਿਸੇ ਵਰਗ ਵਿਚ ਵੰਡਿਆ ਹੋਇਆ ਹੈ। ਸਾਹਿਤ ਦੇ ਖੇਤਰ ਵਿਚ ਇਸ ਵੰਡ ਨੂੰ ਵਿਧਾ ਕਿਹਾ ਜਾਂਦਾ ਹੈ। ਹਰ ਇੱਕ ਸਾਹਿਤਕ ਰਚਨਾ ਨੂੰ ਕਿਸੇ ਨਾ ਕਿਸੇ ਵਿਧਾ ਅਧੀਨ ਲਿਖਤੀ ਰੂਪ ਅਖ਼ਤਿਆਰ ਕਰਨਾ ਪੈਂਦਾ ਹੈ।

> ਵਿਧਾ ਲਈ (Form) ਸ਼ਬਦ ਵਰਤਿਆ ਜਾਂਦਾ ਹੈ, ਜਿਸ ਦੇ ਸਮਾਨਯ ਤੌਰ ਤੇ 'ਰੂਪ' 'ਸ਼੍ਰੇਣੀ' ਜਾਂ ਟਾਈਪ ਅਰਥ ਕੀਤੇ ਜਾਂਦੇ ਹਨ, ਬੁਨਿਆਦੀ ਤੌਰ ਤੇ ਪ੍ਰਾਥਮਿਕ ਰੂਪ 'ਚ ਜੀਵ ਵਿਗਿਆਨ ਵਿਚ  ਹਰ ਜੀਵ ਕਿਸੇ ਨਾ ਕਿਸੇ ਸ਼੍ਰੇਣੀ ਜਾਂ ਕਿਸਮ ਵਿਚ ਆਉਂਦਾ ਹੈ। ਉਸੇ ਤਰ੍ਹਾਂ ਸਾਹਿਤ-ਸ਼ਾਸਤਰੀਆਂ, ਆਲੋਚਕਾਂ ਤੇ ਸਾਹਿਤ ਵਿਗਿਆਨੀਆਂ ਅਨੁਸਾਰ, ਸਾਹਿਤ ਦੇ ਹਰ

`

ਰੂਪ ਦੇ ਨਿੱਖੜੇ ਵਿਧਾਨ, ਵਿਧੀ, ਪ੍ਰਕਾਰਜ ਅਤੇ ਕਿਰਦਾਰ ਕਰ ਕੇ ਵਜੂਦ ਵਿਚ ਆਉਂਦਾ ਹੈ, ਜਿਸ ਨੂੰ ਵਿਧਾ ਕਿਹਾ ਜਾਂਦਾ ਹੈ।(ਜੁਗਿੰਦਰ ਸਿੰਘ ''ਨਹਿਰੂ ਨਾਵਲ ਦੀ ਵਿਧਾ'' 117)।

ਸਾਹਿਤ ਦੇ ਅਨੇਕਾਂ ਰੂਪ ਹਨ, ਜਿਨ੍ਹਾਂ ਨੂੰ ਅਸੀਂ ਸਾਹਿਤਕ ਵਿਧਾਵਾਂ ਕਹਿੰਦੇ ਹਾਂ, ਜੋ ਇਸ ਪ੍ਰਕਾਰ ਹਨ- ਗੱਦ ਅਤੇ ਪਦ ਨਾਟ:ਗਲਪ

ਕਾਵਿ ਅਤੇ ਵਾਰਤਕ: ਨਾਟਕ: ਇਕਾਂਗੀ, ਇਨ੍ਹਾਂ ਸਾਹਿਤਕ ਵਿਧਾਵਾਂ ਦੇ ਆਪਣੇ ਰੂਪ ਹਨ।ਸਾਹਿਤ ਦੇ ਇਨ੍ਹਾਂ ਰੂਪਾਂ ਨੂੰ ਅੰਗਰੇਜ਼ੀ ਵਿਚ ਯਾਨਰ ਅਤੇ ਉਰਦੂ ਵਿਚ ਸਿਨਫ਼ ਕਹਿੰਦੇ ਹਨ। ਜਿਹੋ ਜਿਹਾ ਸਾਹਿਤਕਾਰ ਦੇ ਮਨ ਅੰਦਰ ਮਨੋਭਾਵ (Feelings), ਸੰਵੇਗ (Emotions) ਅਥਵਾ ਵਿਚਾਰ (Thought) ਹੁੰਦੇ ਹਨ, ਉਨ੍ਹਾਂ ਨੂੰ ਉਹ ਆਪਣੀ ਕਲਾਤਮਕ ਭਾਸ਼ਾ ਵਿਚ ਸਾਹਿਤ ਦੇ ਕਿਸੇ ਨਾ ਕਿਸੇ ਰੂਪ ਵਿਚ ਅਭਿਵਿਅਕਤ ਕਰਦਾ ਹੈ। ਸਾਹਿਤ ਰਚਨਾ ਦਾ ਕਾਰਜ, ਇਨ੍ਹਾਂ ਰੂਪਾਂ ਦੁਆਰਾ ਹੀ ਸੰਪੰਨ ਕੀਤਾ ਜਾਂਦਾ ਹੈ।

ਪ੍ਰਮੁੱਖ ਰੂਪ ਵਿਚ ਵਿਧਾ ਤੋਂ ਭਾਵ, ਕਿਸੇ ਰਚਨਾ ਦੇ ਵਿਸ਼ੇ ਨੂੰ ਵਿਸਤਰਿਤ ਕਰਨ ਲਈ ਵਰਤੀਆਂ ਗਈਆਂ ਜੁਗਤਾਂ ਹਨ, ਜਿਸ ਕਰ ਕੇ ਉਸ ਨੂੰ ਬਾਕੀ ਸਾਹਿਤ ਰੂਪਾਂ ਨਾਲੋਂ ਭਿੰਨ ਰੂਪ ਵਿਚ ਨਿਖੇੜਿਆ ਜਾ ਸਕੇ।ਵਿਧਾ ਦੇ ਅਰਥਾਂ ਤੋਂ ਬਾਅਦ ਸ਼ਾਸਤਰ ਦੇ ਅਰਥਾਂ ਬਾਰੇ ਜਾਣ ਲੈਣਾ ਬਹੁਤ ਜ਼ਰੂਰੀ ਹੈ। ਸ਼ਾਸਤਰ ਦਾ ਅਰਥ ਹੈ, ਨਿਯਮ- ਪ੍ਰਬੰਧ।ਵਿਧਾ-ਸ਼ਾਸਤਰ ਦਾ ਅਰਥ ਹੈ, ਵਿਧਾ ਬਾਰੇ ਉਹ ਨਿਯਮ, ਜਿਨ੍ਹਾਂ ਦੇ ਅਧਾਰ ਤੇ ਵਿਧਾ ਦੀ ਵਰਗ ਵੰਡ ਕੀਤੀ ਹੁੰਦੀ ਹੈ। ਭਾਵ ਇਹ ਹੈ ਕਿ ਕਿਸੇ ਵੀ ਵਿਧਾ ਬਾਰੇ ਜੇਕਰ ਵਿਧਾ-ਸ਼ਾਸਤਰੀ ਅਧਿਐਨ ਕਰਨਾ ਹੋਵੇ ਤਾਂ ਇਸ ਅਧਿਐਨ ਦਾ ਕੇਂਦਰੀ ਨੁਕਤਾ ਅਧਿਐਨ ਅਧੀਨ ਆਉਂਦੀ ਵਿਧਾ ਦੇ ਵਿਧਾਗਤ ਨਿਯਮਾਂ ਦੀ ਪਛਾਣ ਕਰਨਾ ਹੁੰਦਾ ਹੈ।

`

## 1.2.9 ਆਧੁਨਿਕ ਪੰਜਾਬੀ ਵਾਰਤਕ ਦਾ ਆਰੰਭ ਤੇ ਵਿਕਾਸ

ਆਧੁਨਿਕ ਪੰਜਾਬੀ ਵਾਰਤਕ ਦਾ ਆਰੰਭ, ਉੱਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਪ੍ਰਕਾਸ਼ਿਤ ਕੀਤੀਆਂ ਪੁਸਤਕਾਂ ਦੁਆਰਾ ਅਤੇ ਉਸ ਸਮੇਂ ਪ੍ਰਚਲਿਤ ਸੁਧਾਰਵਾਦੀ ਲਹਿਰਾਂ ਨਾਲ ਹੋਇਆ। ਆਧੁਨਿਕ ਪੰਜਾਬੀ ਵਾਰਤਕ ਦਾ ਆਰੰਭ ਪੰਜਾਬੀ ਸਾਹਿਤ ਦੇ ਹੋਰ ਰੂਪਾਂ ਵਾਂਗ, ਭਾਰਤ ਵਿਚ ਅੰਗਰੇਜ਼ੀ ਸਾਮਰਾਜ ਦੀ ਸਥਾਪਨਾ ਤੋਂ ਬਾਅਦ ਹੀ ਹੋਇਆ। ਮੱਧਕਾਲ ਵਿਚ ਪੰਜਾਬੀ ਵਾਰਤਕ ਮੁੱਖ ਰੂਪ ਵਿਚ ਜਨਮ-ਸਾਖੀਆਂ, ਗੋਸ਼ਟਾਂ, ਬਚਨਾਂ, ਪਰਚੀਆਂ, ਟੀਕੇ, ਤੇ ਮਸਲਿਆਂ ਦੇ ਰੂਪ ਵਿਚ ਕਾਫ਼ੀ ਪ੍ਰਗਤੀ ਕੀਤੀ ਸੀ, ਪ੍ਰੰਤੂ ਉਨ੍ਹਾਂ ਦਾ ਉਦੇਸ਼ ਅਧਿਆਤਮਕ ਸੀ।ਜਦੋਂ ਭਾਰਤ ਉੱਤੇ ਅੰਗਰੇਜ਼ੀ ਰਾਜ ਦੀ ਹਕੂਮਤ ਹੋਈ ਤਾਂ ਵਿੱਦਿਅਕ ਸੰਸਥਾਵਾਂ ਦੇ ਸਰੂਪ ਅਤੇ ਪਾਠਕ੍ਰਮ ਵਿਚ ਭਾਰੀ ਪਰਿਵਰਤਨ ਆ ਗਏ। ਪੰਜਾਬ ਵਿਚ ਅੰਗਰੇਜ਼ੀ ਰਾਜ ਸਥਾਪਿਤ ਹੋਣ ਤੋਂ ਪਹਿਲਾਂ ਦੀ ਸਿੱਖਿਆ ਦਾ ਮੰਤਵ ਮੁੱਖ ਰੂਪ ਵਿਚ ਸਿੱਖਿਆਰਥੀਆਂ ਨੂੰ ਨੈਤਿਕ ਅਤੇ ਧਾਰਮਿਕ ਅਗਵਾਈ ਪ੍ਰਦਾਨ ਕਰਨਾ ਸੀ ਅਤੇ ਉਹਨਾਂ ਦਾ ਮੰਤਵ, ਉਨ੍ਹਾਂ ਦੇ ਪਰਲੋਕ ਨੂੰ ਸੁਧਾਰਨਾ ਸੀ, ਪਰ ਅੰਗਰੇਜ਼ੀ ਰਾਜ ਸਥਾਪਿਤ ਹੋਣ ਤੋਂ ਕੁੱਝ ਸਮੇਂ ਦੇ ਅੰਦਰ ਹੀ ਮਿਸ਼ਨਰੀ ਅਤੇ ਸਰਕਾਰੀ ਸਕੂਲਾਂ ਦੀ ਸਥਾਪਨਾ ਕੀਤੀ ਗਈ, ਜਿਨ੍ਹਾਂ ਦਾ ਮਾਧਿਅਮ ਅੰਗਰੇਜ਼ੀ ਸੀ ਅਤੇ ਉਸ ਵਿਚ ਵਿਦਿਆਰਥੀਆਂ ਨੂੰ ਧਾਰਮਿਕ ਗ੍ਰੰਥਾਂ ਦੀ ਬਜਾਇ ਫ਼ਿਲਾਸਫ਼ੀ, ਵਿਗਿਆਨ, ਹਿਸਾਬ, ਭੂਗੋਲ, ਇਤਿਹਾਸ ਅਤੇ ਯੂਰਪੀ ਸਾਹਿਤ ਆਦਿ ਵਿਸ਼ੇ ਮੁੱਖ ਰੂਪ ਵਿਚ ਪੜ੍ਹਾਏ ਜਾਣ ਲੱਗ ਪਏ। ਇਸ ਪ੍ਰਕਾਰ ਦੀ ਸਿੱਖਿਆ ਪ੍ਰਾਪਤ ਕਰਨ ਵਾਲੇ ਲੋਕਾਂ ਨੂੰ ਸਾਹਿਤ ਦੇ ਨਵੇਂ ਰੂਪਾਕਾਰਾਂ ਬਾਰੇ ਪਤਾ ਚੱਲ ਗਿਆ, ਜਿਸ ਕਾਰਨ ਹੌਲੀ-ਹੌਲੀ ਪੰਜਾਬੀ ਸਾਹਿਤ ਵਿਚ ਨਿੱਕੀ ਕਹਾਣੀ, ਨਾਵਲ, ਨਾਟਕ ਆਦਿ ਰੂਪਾਕਾਰਾਂ ਦਾ ਜਨਮ ਹੋਣ ਲੱਗਾ। ਪੰਜਾਬੀ ਵਾਰਤਕ ਦੇ ਵਿਕਾਸ ਵਿਚ ਸਮਾਜ ਸੁਧਾਰਕ ਲਹਿਰਾਂ ਨੇ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। 1837 ਵਿਚ ਲੁਧਿਆਣਾ ਪੰਜਾਬ ਵਿਚ ਈਸਾਈ ਮਿਸ਼ਨ ਦੀ ਸਥਾਪਨਾ ਹੋਈ। ਇਹਨਾਂ ਮਿਸ਼ਨਰੀਆਂ ਨੇ ਸਿੱਖਿਆ ਖੇਤਰ ਦੇ ਕਾਰਜਾਂ ਦੇ ਨਾਲ-ਨਾਲ ਪੁਰਾਤਨ ਪੰਜਾਬੀ ਸਾਹਿਤ ਸੰਭਾਲ ਵਿਚ ਵਿਸ਼ੇਸ਼ ਧਿਆਨ ਦੇਣਾ ਸ਼ੁਰੂ ਕਰ ਦਿੱਤਾ:

`

> ਈਸਾਈ ਮਿਸ਼ਨਰੀਆਂ ਨੇ ਪੁਰਾਤਨ ਸਾਹਿਤ ਦੀ ਸੰਭਾਲ ਅਤੇ ਸਰੋਤ ਸਾਹਿਤ (ਡਿਕਸ਼ਨਰੀਆਂ ਵਿਆਕਰਨ ਆਦਿ) ਤਿਆਰ ਕਰਵਾਉਣੇ ਸ਼ੁਰੂ ਕਰ ਦਿੱਤੇ। ਲੁਧਿਆਣਾ ਮਿਸ਼ਨ ਨੇ 1842 ਈ. ਵਿਚ ਗੁਰਮੁਖੀ ਟਾਈਪ ਤਿਆਰ ਕਰ ਕੇ ਪੰਜਾਬੀ ਪੁਸਤਕਾਂ ਦਾ ਪ੍ਰਕਾਸ਼ਨ ਆਰੰਭ ਕਰ ਦਿੱਤਾ। 1854 ਈ. ਵਿਚ ਪਹਿਲੀ ਪੰਜਾਬੀ ਡਿਕਸ਼ਨਰੀ ਪ੍ਰਕਾਸ਼ਿਤ ਹੋਈ, ਜਿਸ ਦਾ ਨਾਮ ਲੁਧਿਆਣਾ ਕੋਸ਼ ਸੀ। (ਬ੍ਰਹਮਜਗਦੀਸ਼ ''ਆਧੁਨਿਕ ਪੰਜਾਬੀ ਵਾਰਤਕ ਸਿਧਾਂਤ, ਇਤਿਹਾਸ ਅਤੇ ਪ੍ਰਵਿਰਤੀਆਂ" 10)

ਮੇਜਰ ਜੇਮਜ਼ ਬਰਾਊਨ ਨੇ ਭਾਈ ਬੁੱਧ ਸਿੰਘ ਅਰੋੜਾ ਪਾਸੋਂ ਸੁਖਮਨੀ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਕਰਵਾ ਕੇ 'ਰਿਸਾਲਾ-ਏ-ਨਾਨਕ ਸ਼ਾਹ' ਵਿਚ ਪ੍ਰਕਾਸ਼ਿਤ ਕਰਵਾਇਆ:

> ਈਸਾਈ ਮਿਸ਼ਨਰੀਆਂ ਨੇ ਪੰਜਾਬੀ ਵਾਰਤਕ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ। ਜਦੋਂ ਭਾਰਤ ਵਿਚ ਅੰਗਰੇਜ਼ਾਂ ਨੇ ਕਬਜ਼ਾ ਕੀਤਾ, ਤਾਂ ਇੱਥੋਂ ਦੇ ਸਭਿਆਚਾਰ ਨੂੰ ਸਮਝਣ ਲਈ ਇੱਕ ਪਾਦਰੀ ਜਾਨ ਨਿਊਟਨ ਨੇ ਸ਼ਰਧਾ ਰਾਮ ਫਿਲੌਰੀ ਤੋਂ ਕਈ ਪੁਸਤਕਾਂ ਲਿਖਵਾਈਆਂ, ਜਿਨ੍ਹਾਂ ਵਿਚੋਂ 'ਸਿੱਖਾਂ ਦੇ ਰਾਜ ਦੀ ਵਿਥਿਆ' 1866 ਅਤੇ 'ਪੰਜਾਬੀ ਬਾਤ-ਚੀਤ' 1875 ਆਦਿ ਪੁਸਤਕਾਂ ਬਹੁਤ ਮਕਬੂਲ ਹੋਈਆਂ। ਭਾਈ ਬਿਸ਼ਨ ਦਾਸ ਪੁਰੀ ਤੋਂ 'ਪੰਜਾਬੀ ਵਿਆਕਰਨ' 1868 ਵਿਚ ਤਿਆਰ ਕਰ ਕਰਵਾਈ। 1892 ਈ. ਵਿਚ ਭਾਈ ਮਈਆ ਸਿੰਘ ਤੋਂ 'ਪੰਜਾਬੀ ਸ਼ਬਦ ਕੋਸ਼ ਤਿਆਰ ਕਰਵਾਇਆ। (ਬ੍ਰਹਮਜਗਦੀਸ਼ ''ਆਧੁਨਿਕ ਪੰਜਾਬੀ ਵਾਰਤਕ ਸਿਧਾਂਤ, ਇਤਿਹਾਸ ਅਤੇ ਪ੍ਰਵਿਰਤੀਆਂ" 10)

ਈਸਾਈ ਮਿਸ਼ਨਰੀਆਂ ਵੱਲੋਂ ਕੀਤੇ ਪ੍ਰਚਾਰਾਂ ਦੇ ਜਵਾਬ ਦੇਣ ਲਈ ਪੰਜਾਬ ਵਿਚ ਮੁੱਖ ਲਹਿਰਾਂ ਦਾ ਜਨਮ ਹੋਇਆ ਤਾਂ ਜੋ ਭਾਰਤੀ ਸਭਿਆਚਾਰ ਦੇ ਗੌਰਵ ਨੂੰ ਦ੍ਰਿੜ੍ਹ ਕੀਤਾ ਜਾ ਸਕੇ, ਜਿਨ੍ਹਾਂ ਵਿਚ ਨਿਰਮਲਾ ਸੰਪਰਦਾਇ,

`

ਬ੍ਰਹਮੋ ਸਮਾਜ, ਸਿੰਘ ਸਭਾ ਲਹਿਰ, ਅਤੇ ਆਰੀਆ ਸਮਾਜ ਲਹਿਰਾਂ ਨੇ ਆਪਣਾ ਮਹੱਤਵਪੂਰਨ ਤੇ ਵਡਮੁੱਲਾ ਯੋਗਦਾਨ ਪਾਇਆ।ਇਸ ਸਦੀ ਦੇ ਦੌਰ ਵਿਚ ਪੰਜਾਬ ਵਿਚ ਰਾਜਨੀਤਕ, ਆਰਥਿਕ, ਸਮਾਜਿਕ ਅਤੇ ਵਿੱਦਿਅਕ ਖੇਤਰਾਂ ਵਿਚ ਅਹਿਮ ਪਰਿਵਰਤਨ ਹੋਏ। ਪਹਿਲਾਂ ਮਹਾਂ ਯੁੱਧ (1914-1918), ਰੂਸੀ ਇਨਕਲਾਬ 1917 ਵਿਚ ਵਾਪਰਿਆ, ਜਿਨ੍ਹਾਂ ਵਿਚ 1919 ਈ. ਦੀ ਜਲਿਆਂ ਵਾਲੇ ਬਾਗ਼ ਦੀ ਘਟਨਾ ਆਦਿ ਮੰਦਭਾਗੀ ਘਟਨਾਵਾਂ ਇਤਿਹਾਸ ਵਿਚ ਵਾਪਰੀਆਂ, ਜਿਨ੍ਹਾਂ ਨੇ ਸੰਸਾਰ ਵਿਚ ਆਉਣ ਵਾਲੇ ਸਮੇਂ ਲਈ ਕੁੱਝ ਨਵੇਂ ਵਿਚਾਰ ਅਤੇ ਅਹਿਸਾਸ ਦਾ ਮੁੱਢ ਬੰਨ੍ਹ ਦਿੱਤਾ, ਜਿਨ੍ਹਾਂ ਨੇ ਲੋਕਾਂ ਦੇ ਸੋਚਣ ਤੇ ਸਮਝਣ ਦੇ ਢੰਗ ਨਾਲ-ਨਾਲ ਨਵੀਂ ਦਿਸ਼ਾ ਵੀ ਪ੍ਰਦਾਨ ਕੀਤੀ। ਜਜ਼ਬਾਤਾਂ ਨਾਲ ਸੋਚਣ ਦੀ ਬਜਾਇ ਤਰਕ ਅਤੇ ਬੁੱਧੀ ਦੀ ਪ੍ਰਧਾਨਤਾ ਹੋ ਗਈ, ਜਿਹਦੇ ਫਲਸਰੂਪ ਸਾਹਿਤ ਵਿਚ ਨਵੇਂ ਰੂਪਾਂ ਦੀ ਜ਼ਰੂਰਤ ਮਹਿਸੂਸ ਕੀਤੀ ਜਾਣ ਲੱਗ ਪਈ, ਜੋ ਕਿ ਨਵੇਂ ਅਨੁਭਵ ਅਤੇ ਚੇਤਨਾ ਨੂੰ ਪੂਰਨ ਤੌਰ ਤੇ ਪ੍ਰਗਟ ਕਰਨ ਦੇ ਸਮਰੱਥ ਹੋਣ।

ਸਾਹਿਤ ਦੇ ਇਤਿਹਾਸਕਾਰ ਪੰਜਾਬੀ ਸਾਹਿਤ ਨੂੰ ਮੁੱਖ ਤੌਰ ਤੇ ਤਿੰਨ ਹਿੱਸਿਆਂ ਵਿਚ ਵੰਡਦੇ ਹਨ ਪਰ ਅਸੀਂ ਚਾਰ ਭਾਗਾਂ ਵਿਚ ਵੰਡ ਕੇ ਅਧਿਐਨ ਕਰਨ ਦਾ ਯਤਨ ਕੀਤਾ ਹੈ। ਪਹਿਲੇ ਤਿੰਨ ਪੜਾਅ ਸਾਹਿਤ ਦੇ ਇਤਿਹਾਸ ਵਿਚ ਦਿੱਤੇ ਹਨ, ਪਰ ਆਪਣੀਆਂ ਤਮਾਮ ਤਬਦੀਲੀਆਂ ਕਾਰਨ ਚੌਥਾ ਪੜਾਅ ਬਣਾਉਣਾ ਮਹੱਤਵਪੂਰਨ ਹੈ।

(ੳ) ਪਹਿਲਾ ਪੜਾਅ - ਮੁੱਢਲਾ ਬਸਤੀਵਾਦੀ ਕਾਲ (1849-1900)

(ਅ) ਦੂਜਾ ਪੜਾਅ - ਬਸਤੀਵਾਦੀ ਕਾਲ (1900-1947)

(ੲ) ਤੀਜਾ ਪੜਾਅ - ਉੱਤਰ ਬਸਤੀਵਾਦੀ ਕਾਲ (1947-1990 )

(ਸ) ਚੌਥਾ ਪੜਾਅ - ਸਮਕਾਲ (1991 ਤੋਂ ਹੁਣ ਤਕ)

`

**ਪਹਿਲਾ ਪੜਾਅ (1849-1900)**

ਇਸ ਪੜਾਅ ਨੂੰ ਮੁੱਢਲੇ ਬਸਤੀਵਾਦੀ ਕਾਲ ਵਜੋਂ ਵੀ ਜਾਣਿਆਂ ਜਾਂਦਾ ਹੈ। ਇਸ ਬਾਰੇ ਡਾ. ਰਾਜਿੰਦਰ ਪਾਲ ਸਿੰਘ ਨੇ ਲਿਖਿਆ ਹੈ:

> ਪੰਜਾਬ ਵਿਚ  ਬਸਤੀਵਾਦੀ ਹਾਕਮਾਂ ਦੀ ਦਖ਼ਲਅੰਦਾਜ਼ੀ 1849 ਤੋਂ ਬਹੁਤ ਪਹਿਲਾਂ ਸ਼ੁਰੂ ਹੋ ਗਈ ਸੀ, ਜਦੋਂ ਮਹਾਰਾਜਾ ਰਣਜੀਤ ਸਿੰਘ ਨਾਲ 1808 ਵਿਚ ਅੰਗਰੇਜ਼ਾਂ ਦੀ ਸੰਧੀ ਹੁੰਦੀ ਹੈ, ਜਿਸ ਅਧੀਨ ਮਹਾਰਾਜਾ ਸਤਲੁਜ ਦਰਿਆ ਦੇ ਚੜ੍ਹਦੇ ਪਾਸੇ ਆਪਣਾ ਹੱਕ ਛੱਡ ਦਿੰਦਾ ਹੈ। ਇਸੇ ਸਮੇਂ ਹੀ ਵੱਡੇ ਪੱਧਰ ਤੇ ਈਸਾਈ ਮਿਸ਼ਨਰੀ ਪੰਜਾਬੀ ਭਾਸ਼ਾ ਸਿੱਖਦੇ ਹਨ, ਪੰਜਾਬੀ ਵਿਚ ਅਨੁਵਾਦ ਕਰਦੇ ਹਨ, ਇਸ ਦੀਆਂ ਵਿਆਕਰਨਾਂ ਬਣਾਉਂਦੇ ਹਨ, ਕੋਸ਼ ਤਿਆਰ ਕਰਦੇ ਹਨ ਅਤੇ ਇੱਥੋਂ ਦੀ ਲੋਕ-ਧਾਰਾ, ਸਭਿਆਚਾਰ ਤੇ ਇਤਿਹਾਸ ਨੂੰ ਸਮਝਣ ਦਾ ਯਤਨ ਕਰਦੇ ਹਨ। ("ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ" 17)

ਇਹ ਪੜਾਅ ਹਰ ਪੱਧਰ ਦੀਆਂ ਤਬਦੀਲੀਆਂ ਦਾ ਦੌਰ ਹੈ। ਇਸ ਸਮੇਂ ਚੇਤਨ ਪੰਜਾਬੀਆਂ ਅੰਦਰ ਰਾਜ ਦੇ ਖੁੱਸ ਜਾਣ ਦਾ ਗ਼ੁੱਸਾ ਤੇ ਉਦਾਸੀ ਸੀ। ਦੂਜੇ ਪਾਸੇ ਅੰਗਰੇਜ਼ਾਂ ਦੁਆਰਾ ਸਿੱਖਿਆ, ਸਿਹਤ ਆਦਿ ਸੰਸਥਾਵਾਂ ਖੁੱਲ੍ਹਣ ਲੱਗੀਆਂ ਅਤੇ ਆਵਾਜਾਈ ਦੇ ਸਾਧਨ ਆਉਣੇ ਸ਼ੁਰੂ ਹੋਏ।ਇਸ ਸਮੇਂ ਦੌਰਾਨ ਸਾਹਿਤਕ ਪੱਖ ਤੋਂ ਪੁਰਾਣੀ ਪਰੰਪਰਾ ਨਵੀਆਂ ਚੁਨੌਤੀਆਂ ਦੇ ਸਨਮੁੱਖ ਆਪਣੇ ਆਪ ਨੂੰ ਬਦਲਣ ਦੀ ਚੇਸ਼ਟਾ ਵਿਚ ਹੈ, ਪਰ ਆਪਣੇ ਰੂਪ, ਵਿਚਾਰਧਾਰਾ ਅਤੇ ਪਾਠਕ ਮੰਡਲ ਕਾਰਨ ਅਜਿਹਾ ਕਰਨ ਤੋਂ ਅਸਮਰਥ ਹੈ।

ਇਸ ਸਿੱਟੇ ਵਜੋਂ ਵਾਰਤਕ ਵਿਚ ਕੁੱਝ ਨਵੇਂ ਰੂਪਾਕਾਰ ਸਫ਼ਰਨਾਮਾ, ਡਾਇਰੀ, ਰੇਖਾ-ਚਿੱਤਰ, ਰਿਪੋਤਰਾਜ, ਨਿਬੰਧ ਆਦਿ, ਜੋ ਜਾਗ੍ਰਿਤੀ ਕਾਲ ਵਿਚ ਪੱਤਰਕਾਰੀ ਲੇਖਾਂ ਦੇ ਰੂਪ ਵਿਚ ਟ੍ਰੈਕਟਾਂ ਦੇ ਰੂਪ ਵਿਚ ਪੇਸ਼ ਹੋਇਆ ਸੀ, ਜੋ ਇੱਕ ਸੁਤੰਤਰ ਰੂਪਾਕਾਰ ਵਜੋਂ ਸਥਾਪਿਤ ਹੋ ਗਿਆ। ਇਸ ਖੋਜ-ਪ੍ਰਬੰਧ ਵਿਚ ਪੰਜਾਬੀ ਵਾਰਤਕ ਨਿਬੰਧ  ਦੇ ਖੇਤਰ ਦੇ ਕੁੱਝ ਚੋਣਵੇਂ ਲੇਖਕਾਂ ਦਾ ਜ਼ਿਕਰ ਕਰ ਰਹੇ ਹਾਂ।

ਭਾਈ ਵੀਰ ਸਿੰਘ 1892 ਈ. ਵਿਚ ਸਿੰਘ ਸਭਾ ਲਹਿਰ ਦੀ ਵਾਗਡੋਰ ਭਾਈ ਵੀਰ ਸਿੰਘ ਦੇ ਹੱਥਾਂ ਵਿਚ ਆ ਗਈ ਅਤੇ ਉਨ੍ਹਾਂ ਨੇ 1894 ਈ. ਵਿਚ 'ਖ਼ਾਲਸਾ ਟਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ। ਇਹਨਾਂ ਟਰੈਕਟਾਂ ਦਾ ਮੂਲ ਮਨੋਰਥ ਗੁਰਮਤਿ ਦਾ ਪ੍ਰਚਾਰ ਕਰਨਾ ਸੀ। ਜਿਨ੍ਹਾਂ ਵਿਚ ਭਾਈ ਵੀਰ ਸਿੰਘ ਨੇ 'ਸ੍ਰੀ ਗੁਰੂ ਨਾਨਕ ਚਮਤਕਾਰ', ਅਸ਼ਟ ਗੁਰੂ ਚਮਤਕਾਰ' ਅਤੇ 'ਸ੍ਰੀ ਗੁਰੂ ਕਲਗ਼ੀਧਰ ਚਮਤਕਾਰ', ਨਾਵਲ ਅਤੇ ਕਵਿਤਾਵਾਂ ਆਦਿ ਰਚਨਾਵਾਂ ਪ੍ਰਕਾਸ਼ਿਤ ਕਰਵਾਈਆਂ। ਵਿਸ਼ੇ ਪੱਖ ਤੋਂ ਭਾਈ ਵੀਰ ਸਿੰਘ ਦੀ ਵਾਰਤਕ ਰਚਨਾ ਵਿਚ ਅਧਿਆਤਮਕ ਅੰਸ਼ ਹੀ ਭਾਰੂ ਰਿਹਾ।

ਭਾਈ ਮੋਹਨ ਸਿੰਘ ਵੈਦ ਸਿੰਘ ਸਭਾ ਲਹਿਰ ਨਾਲ ਜੁੜਿਆ ਇੱਕ ਪ੍ਰਮੁੱਖ ਲੇਖਕ ਹੈ। ਜਿਨ੍ਹਾਂ ਨੇ 100 ਤੋਂ ਵੱਧ ਪੁਸਤਕਾਂ ਦੀ ਰਚਨਾ ਕੀਤੀ। ਜਿਨ੍ਹਾਂ ਦੇ ਮੁੱਖ ਵਿਸ਼ੇ ਸਮਾਜ ਸੁਧਾਰ ਨਾਲ ਸੰਬੰਧਿਤ ਸਨ। ਇਹਨਾਂ ਵਿਚੋਂ ਮੁੱਖ ਰੂਪ ਵਿਚ 'ਇੱਕ ਸਿੱਖ ਘਰਾਨਾ', 'ਸੁਭਾਗ ਨੂੰਹ', 'ਸੁਸ਼ੀਲ ਵਿਧਵਾ', 'ਵਕੀਲ ਦੀ ਕਿਸਮਤ' ਆਦਿ ਕਾਫ਼ੀ ਮਕਬੂਲ ਹੋਈਆਂ। ਅਨੁਵਾਦ ਤੋਂ ਇਲਾਵਾ ਵੈਦ ਜੀ ਨੇ 'ਆਤਮ ਸੁਧਾਰ', 'ਆਤਮਕ-ਉਨਤੀ', 'ਇਸਤ੍ਰੀ ਧਰਮ', 'ਸਿਮ੍ਰਿਤੀ ਸਾਰ' ਆਦਿ ਪੁਸਤਕਾਂ ਵਿਚ ਰਚਿਤ ਮੌਲਿਕ ਨਿਬੰਧਾਂ ਨੇ ਕਾਫ਼ੀ ਪ੍ਰਸਿੱਧੀ ਹਾਸਿਲ ਕੀਤੀ।

ਸ. ਚਰਨ ਸਿੰਘ ਸ਼ਹੀਦ ਨੇ ਵੀ ਕਈ ਗਲਪ-ਰਚਨਾਵਾਂ ਦੀ ਰਚਨਾ ਕੀਤੀ, ਜਿਨ੍ਹਾਂ ਵਿਚ ਪ੍ਰਮੁੱਖ ਸਨ 'ਦਲੇਰ ਕੌਰ', 'ਰਣਜੀਤ ਕੌਰ', 'ਚੰਚਲ ਮੂਰਤੀ ਅਤੇ ਦੋ ਵਹੁਟੀਆਂ' ਆਦਿ ਸਨ।

ਪੰਡਿਤ ਸ਼ਰਧਾ ਰਾਮ ਫਿਲੌਰੀ: ਪੰਜਾਬੀ ਨਿਬੰਧ ਦੇ ਮੋਢੀਆਂ ਵਿਚ ਪੰਡਿਤ ਸ਼ਰਧਾ ਰਾਮ ਫਿਲੌਰੀ ਹਨ, ਜਦੋਂ ਅੰਗਰੇਜ਼ਾਂ ਨੇ ਪੰਜਾਬ ਉੱਪਰ ਕਬਜ਼ਾ ਕੀਤਾ ਤਾਂ ਇੱਥੋਂ ਦੇ ਸਭਿਆਚਾਰ ਨੂੰ ਸੰਸਕ੍ਰਿਤੀ ਨੂੰ ਅਤੇ ਇੱਥੋਂ ਦੇ ਲੋਕਾਂ ਦੀ ਸੋਚ ਨੂੰ ਸਮਝਣ ਦੀ ਜ਼ਰੂਰਤ ਮਹਿਸੂਸ ਕੀਤੀ, ਜਿਸ ਅਧੀਨ ਉਨ੍ਹਾਂ ਨੇ ਸ਼ਰਧਾ ਰਾਮ ਫਿਲੌਰੀ ਤੋਂ ਦੋ ਪੁਸਤਕਾਂ ਲਿਖਵਾਈਆਂ 'ਸਿੱਖਾਂ ਦੇ ਰਾਜ ਦੀ ਵਿਥਿਆ' ਅਤੇ 'ਪੰਜਾਬੀ ਬਾਤਚੀਤ'। ਇਸੇ ਹੀ ਸਮੇਂ ਲਾਲ ਬਿਹਾਰੀ ਲਾਲ ਪੁਰੀਆਂ ਨੇ ਪੰਜਾਬ ਟੈਕਸਟ ਬੁੱਕ ਕਮੇਟੀ ਦੀ ਯੋਜਨਾ ਦੇ ਚੱਲਦੇ ਸਕੂਲ ਦੇ ਵਿਦਿਆਰਥੀਆਂ ਕਈ ਨਿਬੰਧ

`

ਸੰਗ੍ਰਹਿ ਪ੍ਰਕਾਸ਼ਿਤ ਕਰਵਾਏ।ਉਨ੍ਹਾਂ ਨੇ ਬਹੁਤੀਆਂ ਰਚਨਾਵਾਂ 'ਟੈਕਸਟ ਬੁੱਕ ਕਮੇਟੀ' ਲਈ ਹੀ ਲਿਖੀਆਂ। ਉਨ੍ਹਾਂ ਦੀਆਂ ਪੁਸਤਕਾਂ 'ਵਿੱਦਿਆ ਰਤਨਾਕਰ' ਵਿਚ, ਉਨ੍ਹਾਂ ਨੇ ਬੜੇ ਮਹੱਤਵਪੂਰਨ ਵਿਸ਼ਿਆਂ ਨੂੰ ਛੋਹਿਆਂ, ਜਿਨ੍ਹਾਂ ਵਿਚ 'ਧਨ ਦੀ ਵਡਿਆਈ' 'ਬੁੱਧੀ ਦੀ ਵਡਿਆਈ' 'ਵਿੱਦਿਆ ਦਾ ਆਦਰ ਕਿਵੇਂ ਕਰਨਾ ਹੈ', ਚੁੱਪ ਰਹਿਣ ਦੇ ਕਿਹੜੇ-ਕਿਹੜੇ ਗੁਣ ਹੋਣੇ ਚਾਹੀਦੇ ਹਨ ਆਦਿ ਉਨ੍ਹਾਂ ਦੇ ਨਿਬੰਧਾਂ ਦੇ ਵਿਸ਼ੇ ਹਨ।

**ਦੂਸਰਾ ਪੜਾਅ (1900-1947)** ਭਾਵੇਂ ਪੰਜਾਬ ਭਾਰਤ ਨਾਲੋਂ ਇੱਕ ਸਦੀ ਬਾਅਦ ਗ਼ੁਲਾਮ ਹੋਇਆ, ਪਰ ਜਦ ਗ਼ੁਲਾਮ ਹੋਇਆ ਤਾਂ ਅੰਗਰੇਜ਼ਾਂ ਦਾ ਸ਼ਾਸਨ ਪ੍ਰਬੰਧ, ਭਾਰਤ ਵਿਚ ਪਰਪੱਕ ਹੋ ਚੁੱਕਾ ਸੀ ਤੇ ਨਾਲ ਹੀ ਇਸ ਦਾ ਵਿਰੋਧ ਵੀ ਵੱਡੇ ਪੱਧਰ 'ਤੇ ਹੋਣਾ ਸ਼ੁਰੂ ਹੋ ਚੁੱਕਾ ਸੀ। 1990 ਤੋਂ ਲੈ ਕੇ 1947 ਤੱਕ ਦਾ ਦੂਜਾ ਪੜਾਅ ਵੀ ਆਪਣੇ ਆਪ ਵਿਚ ਬਹੁਤ ਤੇਜ਼ ਤਬਦੀਲੀਆਂ ਵਾਲਾ ਪੜਾਅ ਹੈ। ਡਾ. ਰਾਜਿੰਦਰ ਪਾਲ ਸਿੰਘ ਅਨੁਸਾਰ:

> ਇਸ ਸਮੇਂ ਵਿਚ ਪੰਜਾਬੀ ਚੇਤਨਾ ਅੰਦਰ ਆਧੁਨਿਕਤਾ ਵੱਡੇ ਪੱਧਰ ਤੇ ਪ੍ਰਵੇਸ਼ ਪਾਉਂਦੀ ਹੈ ਅਤੇ ਇਸ ਦਾ ਪ੍ਰਗਟਾਅ ਸਾਹਿਤ ਅੰਦਰ ਵੀ ਹੋਣ ਲਗਦਾ ਹੈ। ਭਾਵੇਂ ਸਾਹਿਤ ਦੇ ਪੜਾਵਾਂ ਨੂੰ ਕੈਲੰਡਰੀ ਸਾਲਾਂ ਵਿਚ ਵੰਡਣਾ ਬਹੁਤਾ ਯੋਗ ਨਹੀਂ ਹੁੰਦਾ, ਪਰੰਤੂ ਨਵੀਂ ਸਦੀ ਦੇ ਚੜ੍ਹਨ ਨਾਲ ਸਾਹਿਤ ਵਿਚ ਆਧੁਨਿਕਤਾ ਪ੍ਰਬਲ ਰੂਪ ਵਿਚ ਪ੍ਰਗਟ ਹੋਣ ਲਗਦੀ ਹੈ। ("ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ" 18)

ਆਧੁਨਿਕ ਪੰਜਾਬੀ ਵਾਰਤਕ ਦੀ ਉਤਪਤੀ ਵਿਚ ਪੂਰਨ ਸਿੰਘ (1881-1931) ਦਾ ਵਿਸ਼ੇਸ਼ ਯੋਗਦਾਨ ਹੈ।ਉਹ ਪੰਜਾਬੀ ਨਿਬੰਧਾਂ ਦੇ ਜਨਮ ਦਾਤਾ ਬਣੇ। 1929 ਈ. ਵਿਚ ਉਨ੍ਹਾਂ ਦਾ ਨਿਬੰਧ-ਸੰਗ੍ਰਹਿ, 'ਖੁੱਲ੍ਹੇ ਲੇਖ' ਪ੍ਰਕਾਸ਼ਿਤ ਹੋਇਆ। ਜਿਸ ਵਿਚ ਉਨ੍ਹਾਂ ਦੇ 13 ਲੇਖ ਪ੍ਰਕਾਸ਼ਿਤ ਹੋਏ। ਜਿਨ੍ਹਾਂ ਵਿਚ ਕਵਿਤਾ, ਪਿਆਰ, ਕਵੀ ਦਾ ਦਿਲ, ਵਤਨ ਦਾ ਪਿਆਰ, ਮਜ਼੍ਹਬ, ਮਿੱਤਰਤਾ, ਕਿਰਤ ਅਤੇ ਪੰਜਾਬੀ ਸਾਹਿਤਯ ਪਰ ਕਟਾਖਸ਼ ਨੂੰ ਕਾਫ਼ੀ ਪ੍ਰਸਿੱਧੀ ਮਿਲੀ। 1912 ਈ. ਵਿਚ ਸਿੱਖ ਐਜੂਕੇਸ਼ਨ ਕਾਨਫ਼ਰੰਸ ਸਿਆਲਕੋਟ ਦੇ ਸਿਲਸਿਲੇ ਵਿਚ ਭਾਈ ਵੀਰ ਸਿੰਘ ਪ੍ਰਭਾਵ ਅਧੀਨ, ਉਨ੍ਹਾਂ ਨੇ ਪੰਜਾਬੀ ਵਿਚ ਲਿਖਣਾ ਆਰੰਭ ਕੀਤਾ।

`

ਸ. ਲਾਲ ਸਿੰਘ ਕਮਲਾ ਅਕਾਲੀ (1889-1977): ਲਾਲ ਸਿੰਘ ਕਮਲਾ ਅਕਾਲੀ ਵੀ ਪ੍ਰੋ. ਪੂਰਨ ਸਿੰਘ ਵਾਂਗ ਵਿਸ਼ਾਲ ਅਨੁਭਵ ਦੇ ਸੁਆਮੀ ਸਨ। 1930 ਈ. ਵਿਚ ਕਮਲਾ ਅਕਾਲੀ ਨੇ ਇੰਗਲੈਂਡ ਵਿਚ ਬਿਤਾਏ ਪਲਾਂ ਦੇ ਅਧਾਰ ਤੇ ਸਫ਼ਰਨਾਮੇ ਦੀ ਰਚਨਾ ਕੀਤੀ 'ਮੇਰਾ ਵਲਾਇਤੀ ਸਫ਼ਰਨਾਮਾ', ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ 'ਮੌਤ ਰਾਣੀ ਦਾ ਘੁੰਡ' 1940, 'ਜੀਵਨ ਨੀਤੀ' 1949 ਤੋਂ ਇਲਾਵਾ ਉਨ੍ਹਾਂ ਨੇ ਹੋਰ ਰਚਨਾਵਾਂ ਸੈਲਾਨੀ ਦੇਸ਼ ਭਗਤ, ਵਿਗਿਆਨਕ ਲੇਖ, ਮਨ ਦੀ ਮੌਜ, ਕਮਾਲ ਦੇ ਕੋਟ, ਕਰਮ ਗਤਿ ਆਦਿ ਰਚਨਾਵਾਂ ਵੀ ਹਨ। ਲਾਲ ਸਿੰਘ ਕਮਲਾ ਅਕਾਲੀ ਨੇ ਪੰਜਾਬੀ ਵਾਰਤਕ ਦੇ ਘੇਰੇ ਨੂੰ ਵਿਸ਼ਾਲ ਕੀਤਾ, ਉਨ੍ਹਾਂ ਦੇ 'ਜੀਵਨ ਨੀਤੀ', 'ਸਰਬ ਲੋਹ ਦੀ ਵਹੁਟੀ', 'ਮੌਤ ਰਾਣੀ ਦਾ ਘੁੰਡ', 'ਮਨ ਦੀ ਮੌਜ', ਆਦਿ ਪ੍ਰਸਿੱਧ ਨਿਬੰਧ ਸੰਗ੍ਰਹਿ ਹਨ। ਇਹਨਾਂ ਨਿਬੰਧਾਂ ਵਿਚ ਸਧਾਰਨ ਜੀਵਨ ਦੇ ਸਧਾਰਨ ਤੱਥਾਂ ਆਦਿ ਨੂੰ ਅਸਧਾਰਨ ਅਰਥ ਪ੍ਰਦਾਨ ਕੀਤੇ ਹਨ। ਅਕਾਲੀ ਦੀ ਵਾਰਤਕ ਦੇ ਦੋ ਮੀਰੀ ਗੁਣ ਨਿਸੰਗਪੁਣਾ ਅਤੇ ਨਿਝੱਕਪੁਣਾ ਹੈ।ਇਹ ਪਾਠਕ ਮੁੱਖ ਹੋ ਕੇ ਲਿਖਦਾ ਹੈ।

ਪ੍ਰਿੰਸੀਪਲ ਤੇਜਾ ਸਿੰਘ (1894-1958): ਪ੍ਰਿੰਸੀਪਲ ਤੇਜਾ ਸਿੰਘ ਨੇ ਆਧੁਨਿਕ ਪੰਜਾਬੀ ਵਾਰਤਕ ਵਿਚ ਪ੍ਰਮਾਣਿਕ ਲੇਖਕ ਵਜੋਂ ਆਪਣੀ ਪਛਾਣ ਬਣਾਈ। ਪ੍ਰਿੰਸੀਪਲ ਤੇਜਾ ਸਿੰਘ ਨੇ ਧਰਮ, ਇਤਿਹਾਸ ਅਤੇ ਕੋਸ਼ਕਾਰੀ ਦੇ ਖੇਤਰ ਵਿਚ ਕੰਮ ਤੋਂ ਇਲਾਵਾ, ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਪੰਜਾਬੀ ਨਿਬੰਧਕਾਰੀ ਦੇ ਖੇਤਰ ਵਿਚ ਹੈ। ਉਨ੍ਹਾਂ ਦੀਆਂ ਕਈ ਪੁਸਤਕਾਂ ਪ੍ਰਕਾਸ਼ਿਤ ਹੋਈਆਂ 'ਸਹਿਜ ਸੁਭਾ' (1942) 'ਨਵੀਆਂ ਸੋਚਾਂ' (1942) 'ਸਭਿਆਚਾਰ' (1952), 'ਆਰਸੀ' (1952), 'ਸਾਹਿਤ ਦਰਸ਼ਨ(1951) ਆਦਿ ਤੋਂ ਇਲਾਵਾ ਗ਼ੁਸਲਖ਼ਾਨਾ, ਘਰ ਦਾ ਪਿਆਰ, ਸੱਭਿਆਚਾਰਾਂ ਦਾ ਮੇਲ। ਇਹਨਾਂ ਨਿਬੰਧਾਂ ਰਾਹੀਂ ਸਾਹਿਬ ਸਿੰਘ ਨੇ ਗੁਰਮਤਿ ਦੇ ਸਿਧਾਂਤਾਂ ਨੂੰ ਦ੍ਰਿੜ੍ਹ ਕਰਵਾਉਣ ਦੇ ਨਾਲ-ਨਾਲ ਸਦਾਚਾਰਕ ਧਰਮ ਅਤੇ ਸਮਾਜਿਕ ਜੀਵਨ ਵਿਚ ਸਾਰਥਕਤਾ ਨੂੰ ਦਰਸਾਉਂਦਾ ਹੈ। 'ਅੰਗਰੇਜ਼ੀ ਪੰਜਾਬੀ ਡਿਕਸ਼ਨਰੀ', 'ਪੰਜਾਬੀ ਕੋਸ਼' ਆਦਿ, ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ ਹਨ।

ਪ੍ਰੋ. ਸਾਹਿਬ ਸਿੰਘ (1894-1977): ਪ੍ਰੋ. ਸਾਹਿਬ ਸਿੰਘ ਦੀ ਸਭ ਤੋਂ ਵੱਡੀ ਦੇਣ 'ਗੁਰਬਾਣੀ ਵਿਆਕਰਨ' ਨਾਮ ਦੀ ਪੁਸਤਕ ਹੈ। ਇਸ ਪੁਸਤਕ ਵਿਚ ਪੇਸ਼ ਅੰਤਰ ਦ੍ਰਿਸ਼ਟੀ ਨੂੰ ਅਧਾਰ ਬਣਾ ਕੇ, ਸਾਹਿਬ

ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਮਹਾਨ ਸਟੀਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ'10 ਜਿਲਦਾਂ ਤਿਆਰ ਕੀਤੀਆਂ। ਪ੍ਰੋ.ਸਾਹਿਬ ਸਿੰਘ ਨੇ 'ਆਦਿ ਬੀੜ ਬਾਰੇ' 'ਧਾਰਮਿਕ ਲੇਖ' 'ਰੱਬੀ ਗੱਲਾਂ' 'ਧਰਮ ਤੇ ਸਦਾਚਾਰ', 'ਸਰਬੱਤ ਦਾ ਭਲਾ', 'ਸਿੱਖ ਸਿਦਕ ਨਾ ਹਾਰ' ਅਤੇ 'ਗੁਰਮਤਿ' ਆਦਿ ਰਚਨਾਵਾਂ ਦੀ ਰਚਨਾ ਕਰ ਕੇ ਅਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਮਾਣਿਕ ਇਤਿਹਾਸ ਲਿਖ ਕੇ ਸਿੱਖ ਧਰਮ ਵਿਚ ਪ੍ਰਚਲਿਤ ਭਰਮਾ-ਭੁਲੇਖਿਆਂ ਨੂੰ ਦੂਰ ਕੀਤਾ, ਉਨ੍ਹਾਂ ਵੱਲੋਂ ਲਿਖੇ ਸੰਗ੍ਰਹਿ ਜਿਨ੍ਹਾਂ ਦਾ ਮੁੱਖ ਅਧਾਰ ਗੁਰਬਾਣੀ, ਧਰਮ, ਸਿੱਖ, ਇਤਿਹਾਸ, ਅਤੇ ਸਦਾਚਾਰ ਜੀਵਨ ਦੀ ਸਾਰਥਕਤਾ ਨੂੰ ਦਰਸਾਉਂਦਾ ਹੈ।

ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ (1898-1977): ਪੰਜਾਬੀ ਵਾਰਤਕ ਨੂੰ ਆਧੁਨਿਕ ਲੀਹਾਂ ਤੇ ਤੋਰਨ ਵਿਚ ਪ੍ਰੀਤਲੜੀ ਦੀ ਬਹੁਤ ਵੱਡੀ ਦੇਣ ਹੈ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਇੱਕ ਪੈਗ਼ੰਬਰ ਲੇਖਕ ਸੀ, ਜਿਸ ਨੂੰ 'ਸ਼ਬਦਾਂ ਦਾ ਜਾਦੂਗਰ' ਕਿਹਾ ਜਾਂਦਾ ਹੈ। ਇਹਨਾਂ ਨੇ ਉਦੇਸ਼ ਪੂਰਨ ਵਿਸ਼ਿਆਂ ਅਤੇ ਪ੍ਰੇਰਨਾ ਭਰਪੂਰ ਅੰਦਾਜ਼ ਵਿਚ ਬੇਸ਼ੁਮਾਰ ਸਾਹਿਤ ਦੀ ਸਿਰਜਨਾ ਕੀਤੀ, ਜਿਨ੍ਹਾਂ ਵਿਚ ਉਨ੍ਹਾਂ ਦੀ ਪ੍ਰਸਿੱਧ ਰਚਨਾਵਾਂ ਹਨ: ਪ੍ਰੀਤ ਮਾਰਗ, ਰੋਜ਼ਾਨਾ, ਸਾਵੀ, ਪੱਧਰੀ ਜ਼ਿੰਦਗੀ, ਪਰਮ ਮਨੁੱਖ, ਪ੍ਰਸੰਨ, ਲੰਬੀ ਉਮਰ, ਚੰਗੇਰੀ ਦੁਨੀਆ ਦੇ ਤੇਰਾਂ ਸੁਪਨੇ, ਮੇਰੀਆਂ ਅਭੁੱਲ ਯਾਦਾਂ, ਮੰਜ਼ਿਲ ਦਿਸ ਪਈ, ਭਖਦੀ ਜੀਵਨ ਚੰਗਿਆੜੀ, ਇਸ਼ਕ ਜਿਨ੍ਹਾਂ ਦੇ ਹੱਡੀ ਰਚਿਆ, ਸਵੈਪੂਰਨਤਾ ਦੀ ਲਗਨ, ਖ਼ੁਸ਼ਹਾਲ ਜੀਵਨ, ਜ਼ਿੰਦਗੀ ਦੀ ਰਾਸ, ਸਰਬਪੱਖੀ ਨਾਇਕ ਆਦਿ ਹਨ।

ਸ. ਹਰਿੰਦਰ ਸਿੰਘ ਰੂਪ (1907-1957): ਸ. ਹਰਿੰਦਰ ਸਿੰਘ ਰੂਪ ਨੇ ਪੰਜਾਬੀ ਨਿਬੰਧ ਨਾਲ ਸੰਬੰਧਿਤ ਚਾਰ ਪੁਸਤਕਾਂ ਦੀ ਰਚਨਾ ਕੀਤੀ, ਜਿਨ੍ਹਾਂ ਵਿਚ 'ਚੁੰਝਾਂ ਪਹੁੰਚੇ' (1951), 'ਰੂਪ-ਰੰਗ' (1954), 'ਸਿੱਖ ਤੇ ਸਿੱਖੀ' (1954) ਅਤੇ 'ਰੂਪ-ਰੀਝਾਂ' (ਮਰਣੋਪਰਾਂਤ 1970) ਵਿਚ ਬੁਰਜ ਗਿਆਨੀਆਂ ਵਿਚ ਆਉਣ ਜਾਣ ਵਾਲੇ ਸਾਧੂ ਸੰਤਾਂ ਨਾਲ, ਗੋਸ਼ਟਾਂ ਰਚਾ ਕੇ ਸ. ਹਰਿੰਦਰ ਸਿੰਘ ਰੂਪ ਤੀਖਣ ਬੁੱਧੀ ਦੇ ਮਾਲਕ ਹੋ ਗਏ ਤੇ ਇਹੀ ਤੀਖਣ ਬੁੱਧੀ ਦੇ ਚਮਤਕਾਰ, ਉਨ੍ਹਾਂ ਦੀਆਂ ਰਚਨਾਵਾਂ ਵਿਚ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ।

`

ਪ੍ਰੋ. ਸੰਤ ਸਿੰਘ ਸੇਖੋਂ (1908-1997):ਸੰਤ ਸਿੰਘ ਸੇਖੋਂ ਨੇ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਬਹੁਤ ਪ੍ਰਸਿੱਧੀ ਹਾਸਿਲ ਕੀਤੀ। ਵਾਰਤਕ ਦੇ ਖੇਤਰ ਵਿਚ ਉਨ੍ਹਾਂ ਦੀ ਇੱਕ ਰਚਨਾ 'ਪ੍ਰਗਤੀ ਪੰਧ' ਸੀ।

ਸਰਦਾਰ ਕਪੂਰ ਸਿੰਘ (1909-1986): ਸ. ਕਪੂਰ ਸਿੰਘ ਨੂੰ ਪੰਜਾਬੀ ਨਿਬੰਧ ਦੇ ਖੇਤਰ ਵਿਚ ਉੱਚ ਕੋਟੀ ਦੇ ਨਿਬੰਧਕਾਰ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਦੀਆਂ ਤਿੰਨ ਨਿਬੰਧ ਰਚਨਾਵਾਂ 'ਸਪਤ ਸ਼੍ਰਿੰਗ' (1952), 'ਪੁੰਦ੍ਰੀਕ' (1952), 'ਬਹੁ-ਵਿਸਤਾਰ' (1952) ਆਦਿ ਦੀ ਰਚਨਾ ਕੀਤੀ। ਇਹਨਾਂ ਸੰਗ੍ਰਿਹਾਂ ਵਿਚ, ਉਨ੍ਹਾਂ ਨੇ ਭਾਰਤੀ ਸਭਿਅਤਾ ਦੇ ਧਰਮ ਦੇ ਦਰਸ਼ਨ ਨਾਲ ਸੰਬੰਧਿਤ ਅਤੇ ਬੱਚਿਆਂ ਨਾਲ ਸੰਬੰਧਿਤ ਗਿਆਨਮਈ ਲੇਖ ਲਿਖੇ। ਪੰਜਾਬੀ ਵਾਰਤਕ ਨੂੰ ਕਪੂਰ ਸਿੰਘ ਨੇ ਬੌਧਿਕਤਾ ਤੇ ਮੌਲਿਕ ਚਿੰਤਨ ਦੀ ਸੌਗਾਤ ਦਿੱਤੀ।

ਪ੍ਰੋ. ਸੁਜਾਨ ਸਿੰਘ (1919-1993): ਪ੍ਰੋ. ਸੁਜਾਨ ਸਿੰਘ ਨੇ, ਜਿੱਥੇ ਪੰਜਾਬੀ ਵਿਚ ਕਹਾਣੀਆਂ ਦੀ ਰਚਨਾ ਕੀਤੀ ਉੱਥੇ ਉਨ੍ਹਾਂ ਨੇ ਗੱਦਕਾਰੀ ਦੇ ਖੇਤਰ ਵਿਚ ਵੀ ਆਪਣਾ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਦੇ ਦੋ ਲੇਖ ਸੰਗ੍ਰਿਹ 'ਖੁੰਬਾਂ ਦਾ ਸ਼ਿਕਾਰ' 1977 ਅਤੇ 'ਜੰਮੂ ਜੀ ਤੁਸੀਂ ਬੜੇ ਰਾਮ' 1977 ਵਿਚ ਪ੍ਰਕਾਸ਼ਿਤ ਹੋਏ। ਇਹ ਰਚਨਾਵਾਂ ਗਿਆਨ ਨਾਲ ਭਰਪੂਰ ਹਨ।

ਸ. ਪਿਆਰਾ ਸਿੰਘ ਦਾਤਾ 91910-2004): ਪਿਆਰਾ ਸਿੰਘ ਦਾਤਾ ਨੇ ਪੰਜਾਬੀ ਵਾਰਤਕ ਨੂੰ ਹਾਸ-ਵਿਅੰਗ ਨਾਲ ਭਰਪੂਰ ਕੀਤਾ। ਉਨ੍ਹਾਂ ਨੇ ਛੇ ਸਫ਼ਰਨਾਮਿਆਂ, ਨੌਂ ਜੀਵਨੀਆਂ, ਅੱਠ ਇਤਿਹਾਸਕ ਪੁਸਤਕਾਂ ਅਤੇ ਅਠਾਰਾਂ ਹਾਸ-ਵਿਅੰਗ ਪੁਸਤਕਾਂ ਦੀ ਰਚਨਾ ਕੀਤੀ।ਉਨ੍ਹਾਂ ਦਾ ਉਦੇਸ਼ ਹੈ ਕਿ ਲੋਕ ਆਪਣੀ ਖ਼ੁਦਗ਼ਰਜ਼ ਮਾਨਸਿਕਤਾ ਨੂੰ ਬਦਲਣ ਤਾਂ ਜੋ ਸਮਾਜ ਤਰੱਕੀ ਵੱਲ ਵਧੇ।

ਗਿਆਨੀ ਗੁਰਦਿੱਤ ਸਿੰਘ (1924-2008) ਗਿਆਨੀ ਗੁਰਦਿੱਤ ਸਿੰਘ ਦੀ ਰਚਿਤ ਪੰਜਾਬੀ ਪੁਸਤਕ 'ਮੇਰਾ ਪਿੰਡ' ਪੰਜਾਬੀ ਵਾਰਤਕ ਦੇ ਖੇਤਰ ਵਿਚ ਆਪਣਾ ਵੱਖਰਾ ਸਥਾਨ ਰੱਖਦੀ ਹੈ। ਗਿਆਨੀ ਗੁਰਦਿੱਤ ਸਿੰਘ ਦੀ ਪੁਸਤਕ 'ਮੇਰਾ ਪਿੰਡ' ਪੰਜਾਬੀ ਪੇਂਡੂ ਜੀਵਨ ਸੰਬੰਧੀ ਸਭਿਆਚਾਰਕ ਤੇ ਮਹੱਤਵਪੂਰਨ ਜਾਣਕਾਰੀ ਦੇ ਸਦਕਾ,

`

ਇਸ ਨੂੰ ਪੇਂਡੂ ਜੀਵਨ ਦਾ ਐਨਸਾਈਕਲੋਪੀਡੀਆ ਵੀ ਕਿਹਾ ਜਾਂਦਾ ਹੈ। ਇਸ ਵਿਚ ਰਚਿਤ ਨਿਬੰਧਾਂ ਨੂੰ ਵਰਣਨਾਤਮਕ ਨਿਬੰਧਾਂ ਦੀ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ।

**ਤੀਸਰਾ ਪੜਾਅ(1947-1990)**

ਸਾਹਿਤ ਦੇ ਇਤਿਹਾਸ ਵਿਚ  ਤੀਜਾ ਪੜਾਅ ਅਜ਼ਾਦੀ ਤੋਂ ਬਾਅਦ ਵਾਲਾ ਸਮਾਂ ਮੰਨਿਆਂ ਜਾਂਦਾ ਹੈ। ਬਹੁਤੇ ਇਤਿਹਾਸਕਾਰ ਇਸ ਨੂੰ 1947 ਤੋਂ ਹੁਣ ਤੱਕ ਦਾ ਸਮਾਂ ਮੰਨ ਲੈਂਦੇ ਹਨ, ਪਰ ਇਹ ਲਗਭਗ ਪੌਣੀ ਸਦੀ ਦਾ ਦੌਰ ਇੱਕੋ ਜਿਹਾ ਨਹੀਂ ਸੀ। ਇਸ ਵਿਚ ਬਹੁਤ ਸਾਰੀਆਂ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ। ਆਜ਼ਾਦੀ ਆਉਣ ਨਾਲ ਦੇਸ਼ ਵਿਚ ਇਹ ਸੁਪਨਾ ਪੈਦਾ ਹੁੰਦਾ ਹੈ ਕਿ ਹੁਣ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ, ਪਰ 1965 ਤੱਕ ਜਾਂਦਿਆਂ ਇਹ ਸੁਪਨਾ ਬਿਖਰਨਾ ਸ਼ੁਰੂ ਹੋ ਜਾਂਦਾ ਹੈ। ਇਸ ਤੋਂ ਬਾਅਦ ਤਣਾਅ ਵਾਲਾ ਮਾਹੌਲ ਪੈਦਾ ਹੋ ਜਾਂਦਾ ਹੈ। ਇਸ ਦੌਰ ਵਿਚ  ਨਕਸਲਬਾੜੀ ਲਹਿਰ ਪੈਦਾ ਹੁੰਦੀ ਹੈ ਤੇ ਇਸ ਤੋਂ ਬਾਅਦ ਪੰਜਾਬ ਸੰਕਟ ਦਾ ਦੌਰ ਆਉਂਦਾ ਹੈ। ਇਨ੍ਹਾਂ ਲਹਿਰਾਂ ਨੇ ਪੰਜਾਬ ਨੂੰ ਹਰ ਪੱਧਰ 'ਤੇ ਕਈ ਦਹਾਕੇ ਤੱਕ ਪ੍ਰਭਾਵਿਤ ਕਰੀ ਰੱਖਿਆ। ਪੰਜਾਬੀ ਸਾਹਿਤ ਪਹਿਲਾਂ ਦੋ ਹਿੱਸਿਆਂ, ਭਾਰਤੀ ਪੰਜਾਬੀ ਸਾਹਿਤ ਅਤੇ ਪਾਕਿਸਤਾਨੀ ਪੰਜਾਬੀ ਸਾਹਿਤ ਵਿਚ ਵੰਡਿਆ ਗਿਆ। ਵੀਹਵੀਂ ਸਦੀ ਦੇ ਸੱਤਵੇਂ-ਅੱਠਵੇਂ ਦਹਾਕੇ ਤੋਂ ਬਾਅਦ ਇੱਕ ਹੋਰ ਹਿੱਸਾ ਪਰਵਾਸੀ ਪੰਜਾਬੀ ਸਾਹਿਤ ਵੀ ਬਣ ਗਿਆ। ਇਸ ਦੌਰ ਦੇ ਪ੍ਰਮੁੱਖ ਵਾਰਤਕਕਾਰ ਹੇਠ ਲਿਖੇ ਹਨ:

ਡਾ. ਕੁਲਬੀਰ ਸਿੰਘ ਕਾਂਗ (1936-2008): ਡਾ. ਕੁਲਬੀਰ ਸਿੰਘ ਕਾਂਗ ਮੁੱਖ ਰੂਪ ਵਿਚ ਭਾਵੇਂ ਆਲੋਚਕ ਸਨ, ਪਰ ਪੰਜਾਬੀ ਵਾਰਤਕ ਵਿਚ ਵੀ ਉਨ੍ਹਾਂ ਨੇ ਰਚਨਾ ਕੀਤੀ। ਉਨ੍ਹਾਂ ਨੇ ਰੇਖਾ ਚਿੱਤਰ ਅਤੇ ਜੀਵਨੀ ਸਾਹਿਤ ਦੇ ਖੇਤਰ ਵਿਚ ਯੋਗਦਾਨ ਪਾਇਆ ਅਤੇ 'ਲਲਿਤ ਨਿਬੰਧ' ਦੇ ਵਿਕਾਸ ਵਿਚ,  ਉਨ੍ਹਾਂ ਦਾ ਮਹੱਤਵਪੂਰਨ ਯੋਗਦਾਨ ਹੈ। ਕੁਲਬੀਰ ਸਿੰਘ ਕਾਂਗ ਨੂੰ ਲਲਿਤ ਨਿਬੰਧਾਂ ਦਾ ਜਨਮਦਾਤਾ ਕਿਹਾ ਜਾਂਦਾ ਹੈ। 'ਨਾਦ-ਅਨਾਹਦ',

'ਸੋਗੀ ਸੰਗੀਤ ਦਾ ਜਾਦੂ', 'ਹਰਮਿੰਦਰ ਉਦਾਸ ਹੈ', 'ਨਦੀ ਕਿਨਾਰੇ', 'ਪਿਆਸਾ ਮਨੁੱਖ', 'ਉਦਾਸ ਦਰਖਤਾਂ ਦੇ ਮੌਨ ਨਗ਼ਮੇ', ਆਦਿ ਉਨ੍ਹਾਂ ਨੇ ਪ੍ਰਸਿੱਧ ਲਲਿਤ ਨਿਬੰਧ ਸੰਗ੍ਰਹਿ ਹਨ।

ਨਰਿੰਦਰ ਸਿੰਘ ਕਪੂਰ (1944): ਸਮਕਾਲੀ ਦੌਰ ਦਾ ਮੰਨਿਆ ਪ੍ਰਮੰਨਿਆ ਹਸਤਾਖ਼ਰ ਨਰਿੰਦਰ ਸਿੰਘ ਕਪੂਰ ਹੈ। ਉਨ੍ਹਾਂ ਵੱਲੋਂ ਰਚਿਤ ਸਫ਼ਰਨਾਮਾ 'ਸੱਚੋਂ ਸੱਚ' ਵੀ ਕਾਫ਼ੀ ਮਕਬੂਲ ਹੋਇਆ। ਨਰਿੰਦਰ ਸਿੰਘ ਕਪੂਰ ਨੇ ਵੱਖ-ਵੱਖ ਵਿਸ਼ਿਆਂ ਤੇ ਨਿਬੰਧ ਲਿਖੇ, ਜਿਨ੍ਹਾਂ ਵਿਚ ਉਸ ਦੀ ਬੌਧਿਕਤਾ ਅਤੇ ਵਿਗਿਆਨਕ ਸ਼ੈਲੀ ਦੀ ਸ਼ੋਅ ਪ੍ਰਾਪਤ ਹੁੰਦੀ ਹੈ।ਉਸ ਨੇ ਰੋਜ਼ਾਨਾ ਜ਼ਿੰਦਗੀ ਨਾਲ ਸੰਬੰਧਿਤ ਵਿਸ਼ਿਆਂ ਨੂੰ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਫਲਤਾਪੂਰਵਕ ਨਿਭਾਇਆ ਹੈ। ਉਸ ਦੇ ਨਿਬੰਧ ਸੰਗ੍ਰਹਿ 'ਤਰਕਵੇਦ', 'ਆਹਮੋ-ਸਾਹਮਣੇ', 'ਸੁਖਨ-ਸੁਨੇਹੇ', 'ਰਾਹ-ਰਸਤੇ', 'ਵਿਆਖਿਆ ਵਿਸ਼ਲੇਸ਼ਣ', 'ਬੂਹੇ ਬਾਰੀਆਂ', 'ਅੰਤਰ ਝਾਤ', 'ਡੂੰਘੀਆਂ ਸਿਖ਼ਰਾਂ' ਆਦਿ ਨਿਬੰਧ ਸੰਗ੍ਰਹਿਆਂ ਰਾਹੀਂ, ਮਨੁੱਖ ਅੰਦਰ ਛੁਪੀਆਂ ਅਥਾਹ ਸੰਗ੍ਰਹਿ ਤੇ ਝਾਤ ਪਵਾਉਂਦਾ ਹੈ। ਵਿਸ਼ੇ ਪ੍ਰਤੀ ਕਪੂਰ ਦੀ ਪਹੁੰਚ ਵਿਗਿਆਨਕ ਤੇ ਯਥਾਰਥਕ ਹੈ।

ਡਾ. ਸੁਰਿੰਦਰਪਾਲ ਸਿੰਘ ਮੰਡ (8.9.1959): ਸੁਰਿੰਦਰਪਾਲ ਸਿੰਘ ਮੰਡ ਨੇ ਇੱਕ ਵਾਰਤਕਕਾਰ ਵਜੋਂ ਵੀ ਆਪਣੀ ਪਛਾਣ ਬਣਾਈ। ਉਸ ਦੀ ਵਾਰਤਕ ਰਚਨਾ 'ਹੀਰ ਆਖਦੀ ਜੋਗੀਆਂ ਝੂਠ ਬੋਲ', 'ਸੋਚਾਂ ਦੇ ਅੰਗ-ਸੰਗ', 'ਮਨੁੱਖ ਦੀ ਪ੍ਰਕ੍ਰਿਤੀ', 'ਜੀਵਨ ਦੇ ਰੰਗ ਢੰਗ' ਅਤੇ 'ਸਾਡੇ ਸਮਿਆਂ ਦਾ ਸੱਚ' ਆਦਿ ਰਚਨਾਵਾਂ ਦੀ ਰਚਨਾ ਕੀਤੀ।

ਡਾ.ਕਰਨੈਲ ਸਿੰਘ ਸੋਮਲ ਪੰਜਾਬੀ ਨਿਬੰਧ ਦੇ ਖੇਤਰ ਵਿਚ ਆਪਣੀ ਵੱਖਰੀ ਪਹਿਚਾਣ ਬਣਾ ਚੁੱਕਾ ਹੈ। ਉਸ ਦੇ ਨਿਬੰਧ ਸੰਗ੍ਰਹਿ ਵਿਚ ਸਾਕਾਰਾਤਮਕ ਪਹੁੰਚ ਅਪਣਾਉਣ ਲਈ ਪ੍ਰੇਰਨਾ ਮਿਲਦੀ ਹੈ।ਉਨ੍ਹਾਂ ਦੇ ਨਿਬੰਧ ਸੰਗ੍ਰਹਿ, 'ਜ਼ਿੰਦਗੀ ਉਤਸਵ ਹੈ', 'ਜਿਊਣਾ ਆਪਣੀ ਮੌਜ ਚ', 'ਜੀਵਨ-ਜੁਗਤਾਂ ਦੀ ਤਲਾਸ਼', 'ਨਿੱਤ ਚੜ੍ਹਦੇ ਨਵੇਂ ਸਾਲ ਦਾ ਸੂਰਜ', 'ਸਾਡੇ ਅੰਬਰਾਂ ਦੇ ਤਾਰੇ', 'ਵਕਤ ਬਦਲ ਗਏ', 'ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆਂ' ਆਦਿ

`

ਨਿਬੰਧ ਸੰਗ੍ਰਹਿਆਂ ਵਿਚ ਉਹ ਸਧਾਰਨ ਮਨੁੱਖ ਦੀ ਬੇਵਸੀ , ਦੇਸ਼ ਦੀ ਵੰਡ ਦਾ ਸੰਤਾਪ ਤੇ ਗ਼ਰੀਬ ਜਾਤੀ ਆਦਿ ਵਿਸ਼ਿਆਂ ਨੂੰ ਨਿਬੰਧਾਂ ਦਾ ਅਧਾਰ ਬਣਾਉਂਦਾ ਹੈ।

**ਚੌਥਾ ਪੜਾਅ (1990 ਤੋਂ ਹੁਣ ਤਕ)**

1990 ਵਿਚ ਵਿਸ਼ਵ ਭਰ ਵਿਚ ਨਵੀਆਂ ਆਰਥਿਕ ਨੀਤੀਆਂ ਲਾਗੂ ਹੋਣ ਨਾਲ ਬਹੁਤ ਸਾਰੀਆਂ ਤਬਦੀਲੀਆਂ ਵਾਪਰਦੀਆਂ ਹਨ ਅਤੇ ਸੋਵੀਅਤ ਯੂਨੀਅਨ ਦੇ ਟੁੱਟ ਜਾਣ ਨਾਲ ਦੁਨੀਆ ਦਾ ਸਮਾਜਵਾਦੀ ਸੁਪਨਾ ਇੱਕ ਤਰ੍ਹਾਂ ਨਾਲ ਬਿਖਰਨਾ ਸ਼ੁਰੂ ਹੋ ਜਾਂਦਾ ਹੈ। ਇਸ ਦਾ ਅਸਰ ਭਾਰਤ ਵਿਚ ਵੀ ਹੁੰਦਾ ਹੈ। ਭਾਰਤੀ ਪ੍ਰਬੰਧ ਵਧੇਰੇ ਕਰ ਕੇ ਪੂੰਜੀਵਾਦੀ ਰਾਹ 'ਤੇ ਚੱਲਣਾ ਸ਼ੁਰੂ ਹੋ ਜਾਂਦਾ ਹੈ, ਦੂਜਾ ਇਸ ਦੌਰ ਵਿਚ ਦੁਨੀਆ ਵਿਚ ਸੰਚਾਰ ਸਾਧਨਾਂ ਦੇ ਖੇਤਰ ਵਿਚ ਨਵੀਆਂ ਖੋਜਾਂ ਹੋਈਆਂ ਅਤੇ ਤਬਦੀਲੀਆਂ ਵਾਪਰੀਆਂ। ਇਸ ਦੌਰ ਨੂੰ ਉਤਰ-ਆਧੁਨਿਕ ਦੌਰ ਵਜੋਂ ਵੀ ਜਾਣਿਆਂ ਜਾਂਦਾ ਹੈ:

> ਉਤਰ-ਆਧੁਨਿਕ ਸਥਿਤੀ ਪੱਛਮ ਵਿਚ ਉਹ ਵਿਸ਼ੇਸ਼ ਸਥਿਤੀ ਹੈ, ਜਿਸ ਵਿਚ ਕੰਪਿਊਟਰ ਸੂਚਨਾ ਤਕਨਾਲੋਜੀ ਦਾ ਵਿਕਾਸ ਹੋਇਆ। ਇਸੇ ਲਈ ਡਾ. ਵਨੀਤਾ ਨੇ ਕਿਹਾ ਹੈ ਕਿ ਉਤਰ-ਆਧੁਨਿਕਤਾ ਨੂੰ ਅਸੀਂ ਉਸ ਪਰਿਵਰਤਨ ਨਾਲ ਜੋੜਦੇ ਹਾਂ, ਜਦੋਂ ਕੰਪਿਊਟਰ ਅਤੇ ਸੈਟੇਲਾਈਟ (ਉਪਗ੍ਰਹਿ), ਮੀਡੀਆ ਤੇ ਸੰਚਾਰ ਮਾਧਿਅਮਾਂ ਨੇ ਇੱਕ ਵੱਡਾ ਇਨਕਲਾਬ ਲੈ ਆਂਦਾ ਹੈ। (ਵਨੀਤਾ ''ਉਤਰ-ਆਧੁਨਿਕਤਾ ਅਤੇ ਕਵਿਤਾ'' 17)
>
> ਇਸ ਸਥਿਤੀ ਬਾਰੇ ਡਾ. ਰਾਜਿੰਦਰ ਪਾਲ ਨੇ ਲਿਖਿਆ ਹੈ ਕਿ ਮਸ਼ੀਨ ਨੇ ਮਨੁੱਖ ਦੀ ਸਰੀਰਕ ਸ਼ਕਤੀ ਦੇ ਨਾਲੋਂ-ਨਾਲ ਮਾਨਸਿਕ ਸ਼ਕਤੀ ਵਧਾਉਣੀ ਸ਼ੁਰੂ ਕਰ ਦਿੱਤੀ। ਵੱਡੇ ਪੱਧਰ ਤੇ ਹੋਏ ਸਵੈਚਾਲਿਤ ਮਸ਼ੀਨੀਕਰਨ ਨੇ ਸਨਅਤੀ ਕਰਨ ਦਾ ਰਵਾਇਤੀ ਰੂਪ ਬਦਲ ਦਿੱਤਾ। ਸਵੈਚਾਲਿਕਤਾ ਨਾਲ ਸਨਅਤੀ ਮਜ਼ਦੂਰਾਂ ਦੀ ਮੰਗ ਘਟੀ, ਜਿਸ ਨਾਲ ਇੱਕ ਪਾਸੇ ਬੇਰੁਜ਼ਗਾਰੀ ਦੀ ਸਮੱਸਿਆ ਪੈਦਾ ਹੋਈ, ਦੂਜੇ ਪਾਸੇ ਸੇਵਾ-ਖੇਤਰ ਦਾ ਵਿਸਥਾਰ ਹੋਇਆ।ਨਵੇਂ

`

> ਸਾਧਨਾਂ ਖ਼ਾਸ ਕਰ ਕੇ ਸੈਟੇਲਾਈਟ ਟੈਲੀਵਿਜ਼ਨ, ਵਰਡ ਵਾਈਡ ਇੰਟਰਨੈੱਟ ਕੰਪਿਊਟਰ ਕਮਿਊਨੀਕੇਸ਼ਨ ਅਤੇ ਮੋਬਾਈਲ ਫੋਨਾਂ ਨੇ ਮਨੋਰੰਜਨ ਅਤੇ ਸੰਚਾਰ ਦੇ ਆਧੁਨਿਕ ਰਵਾਇਤੀ ਸਾਧਨਾਂ ਨੂੰ ਗੁੱਠੇ ਲਗਾ ਦਿੱਤਾ। ਇਹ ਸਾਰੀਆਂ ਤਬਦੀਲੀਆਂ ਸਮੁੱਚੇ ਸੰਸਾਰ ਵਿਚ ਵਾਪਰੀਆਂ ਅਤੇ ਵਾਪਰ ਰਹੀਆਂ ਹਨ। ਇਹ ਉਤਰ-ਆਧੁਨਿਕ ਸਥਿਤੀ ਹੈ। ਇਸ ਨਾਲ ਕਈ ਨਵੇਂ ਮਸਲੇ ਉੱਠ ਖੜੇ ਹੋਏ ਹਨ, ਜਿਨ੍ਹਾਂ ਦੀ ਵਿਆਖਿਆ ਅਤੇ ਹੱਲ ਰਵਾਇਤੀ ਆਧੁਨਿਕ ਵਿਚਾਰਧਾਰਾ ਨਹੀਂ ਕਰ ਸਕਦੀ।(''ਉਤਰ ਆਧੁਨਿਕਤਾ'' 36)

ਚੌਥੇ ਪੜਾਅ ਵਿਚ ਤੀਜੇ ਪੜਾਅ ਦੇ ਨਿਬੰਧਕਾਰ ਵੀ ਆਪਣੀ ਰਚਨਾ ਜਾਰੀ ਰੱਖਦੇ ਹਨ।

ਡਾ. ਅਮਰ ਕੋਮਲ (29 ਨਵੰਬਰ, 1933)1955 ਤੋਂ ਲਗਾਤਾਰ ਪੰਜਾਬੀ ਸਾਹਿਤ ਵਿਚ ਆਪਣੀ ਵਿਲੱਖਣ ਪਹਿਚਾਣ ਬਣਾਉਣ ਵਾਲਾ ਲੇਖਕ ਹੈ। ਇੱਕ ਕਵੀ, ਕਹਾਣੀਕਾਰ, ਸੰਪਾਦਨਾ, ਅਨੁਵਾਦ ਤੇ ਆਲੋਚਨਾ ਆਦਿ ਦੇ ਕਾਰਜ ਵਿਚ ਲਗਾਤਾਰ ਜੁੜਿਆ ਹੋਇਆ ਹੈ। ਲੇਖਕ ਦੀ ਨਿਬੰਧ ਰਚਨਾ ਵਿਗਿਆਨਕ ਰੰਗ ਪੇਸ਼ ਕਰ ਕੇ ਪਰੋਸਦਾ ਹੈ। ਲੇਖਕ ਦੇ ਨਿਬੰਧ ਸੰਗ੍ਰਹਿ ਜ਼ਿੰਦਗੀ ਦੇ ਸਿਰਨਾਵੇਂ (1967), ਕਤਰਾ-ਕਤਰਾ ਸਮੁੰਦਰ (1998), ਵਿਚਾਰ ਦਰਸ਼ਨ 2001, ਅੰਦਰ ਬਾਹਰ 2005, ਤੀਜੀ ਅੱਖ 2006, ਸੰਜੀਵਨੀ 2008, ਕਾਮ ਦੇਵਤਾ ਤੇ ਹੋਰ ਲੇਖ 2009, ਪੰਚਾ ਮ੍ਰਿਤ 2009, ਸਲੀਕਾ 2009, ਨਵ-ਰੰਗ 2010, ਪੰਚਵਟੀ ਦੇ ਅੰਦਰ ਬਾਹਰ 2011, ਬਚਨ ਬਿਲਾਸ 2012, ਸਰੋਕਾਰ ਤੇ ਸੰਕਲਪ 2012 ਆਦਿ ਨਿਬੰਧ ਸੰਗ੍ਰਹਿ ਪਾਠਕਾਂ ਦੀ ਝੋਲੀ ਪਾਏ|

ਡਾ. ਗੁਰਚਰਨ ਸਿੰਘ ਔਲਖ (15 ਮਈ 1936): ਸਾਹਿਤ ਸਿਰਜਣ ਤੇ ਸੇਵਾ ਲਈ ਸਮਰਪਿਤ ਲੇਖਕ ਨੇ ਇੱਕ ਦਰਜਨ ਕਾਵਿ-ਪੁਸਤਕਾਂ, ਸਵੈ-ਜੀਵਨੀ, ਕਹਾਣੀ, ਨਾਵਲ, ਜੀਵਨੀ ਸਾਹਿਤ ਤੇ ਅਨੁਵਾਦ ਆਦਿ ਸਾਹਿਤ ਦੀ ਰਚਨਾ ਕੀਤੀ। ਲੇਖਕ ਦੇ ਨਿਬੰਧ ਸੰਗ੍ਰਹਿ ਅੱਧੀ ਸਦੀ ਤੋਂ ਅੱਗੇ 1998, ਜ਼ਿੰਦਗੀ ਤੇਰੇ ਰੰਗ ਅਨੇਕ

`

2005, ਜ਼ਿੰਦਗੀ ਦੀਆਂ ਤਰਕਾਲ਼ਾਂ 2007, ਚੜ੍ਹਦੀ ਕਲਾ ਹੋ ਜ਼ਿੰਦਗੀ 2010, ਆਦਿ ਨਿਬੰਧਾਂ ਵਿਚ ਲੇਖਕ ਗਿਆਨ-ਵਿਗਿਆਨ ਦਾ ਧਾਰਨੀ ਹੁੰਦਿਆਂ ਆਪਣੇ ਨਿਬੰਧਾਂ ਰਾਹੀਂ ਪਾਠਕਾਂ ਅੰਦਰ ਉਪਕਾਰ, ਕਿਰਤ ਕਰਨ ਤੇ ਸੱਚ ਨਾਲ ਜੁੜ ਕੇ ਵੰਡ ਛਕਣ ਦਾ ਸੁਨੇਹਾ ਸੰਚਾਰਦਾ ਹੈ।

ਡਾ. ਹਰਚੰਦ ਸਿੰਘ ਸਰਹੰਦੀ (24 ਅਪ੍ਰੈਲ 1937): ਸਰਹੰਦੀ ਨੇ ਨਵੇਂ ਵਿਸ਼ਿਆਂ ਦੇ ਨਵੇਂ ਲਖਾਇਕ ਵਜੋਂ ਆਪਣੀ ਹੋਂਦ ਸਵੀਕਾਰ ਕੀਤੀ ਹੈ ਤੇ ਆਪਣੇ ਨਿਬੰਧਾਂ ਰਾਹੀਂ, ਉਨ੍ਹਾਂ ਗਿਆਨ-ਵਿਗਿਆਨ, ਮਨੋਵਿਗਿਆਨ ਅਤੇ ਮਨੁੱਖੀ ਸਿਹਤ ਸੰਭਾਲ ਸੰਬੰਧੀ ਵਿਸ਼ੇ ਸੰਚਾਰਿਤ ਕੀਤੇ, ਜਿਨ੍ਹਾਂ ਵਿਚ 'ਤੁਹਾਡੀ ਸਿਹਤ 1994' 'ਮਨੁੱਖੀ ਸੈਕਸ 1995', 'ਸਿਹਤ ਗਿਆਨ ਤੇ ਮਨੋਵਿਗਿਆਨ 1998', 'ਸਿਹਤਮੰਦ ਕਿਵੇਂ ਰਹੀਏ, 2003', 'ਸੋਧਾਂ ਤੇ ਸੁਨੇਹੇ 2007', 'ਜੀਵਨ-ਬੂੰਦਾਂ 2009', ਅਤੇ 'ਖ਼ੁਸ਼ਨੁਮਾ ਜ਼ਿੰਦਗੀ 2012', ਆਦਿ ਵਿਚ ਨਰੋਈ, ਰਿਸ਼ਟ-ਪੁਸ਼ਟ ਤੇ ਤੰਦਰੁਸਤੀ ਭਰਿਆ ਜੀਵਨ ਜਿਊਣ ਲਈ ਹਦਾਇਤ ਨਾਮਾ ਵੀ ਕਹੇ ਜਾ ਸਕਦੇ ਹਨ।

ਜਸਵੰਤ ਦੀਦ (11 ਮਾਰਚ 1954): ਜਸਵੰਤ ਦੀਦ  ਨੇ ਕਿੱਤੇ ਦੇ ਤੌਰ ਤੇ ਪਹਿਲਾਂ ਰੇਡੀਉ ਅਤੇ ਫਿਰ (ਹੁਣ ਤੱਕ) ਦੂਰਦਰਸ਼ਨ ਨੂੰ ਚੁਣਿਆ। ਅੱਜ ਕੱਲ੍ਹ ਉਹ ਦੂਰਦਰਸ਼ਨ ਕੇਂਦਰ, ਜਲੰਧਰ ਦਾ ਸਹਾਇਕ ਸਟੇਸ਼ਨ ਡਾਇਰੈਕਟਰ ਹੈ।  ਦੀਦ ਨੂੰ ਉਨ੍ਹਾਂ ਦੇ ਕਾਵਿ-ਸੰਗ੍ਰਹਿ 'ਕਮੰਡਲ' ਲਈ ਸਾਹਿਤ ਅਕੈਡਮੀ ਐਵਾਰਡ ਨਾਲ਼ ਸਨਮਾਨਿਤ ਕੀਤਾ ਜਾ ਚੁੱਕਾ ਹੈ। ਵਾਰਤਕ ਵਿਚ  ਉਸ ਦੀ ਪੁਸਤਕ 'ਧਰਤੀ ਹੋਰ ਪਰੇ' ਚਰਚਿਤ ਰਹੀ ਹੈ।

ਬਰਜਿੰਦਰ ਸਿੰਘ ਹਮਦਰਦ(20 ਅਗਸਤ 1944)ਇੱਕ ਪੱਤਰਕਾਰ, ਨਾਵਲਕਾਰ, ਸੰਪਾਦਕ ਤੌਰ ਤੇ ਆਪਣੀ ਪਹਿਚਾਣ ਬਣਾ ਚੁੱਕਾ ਹੈ। ਲੇਖਕ ਦੇ ਨਿਬੰਧ ਸੰਗ੍ਰਹਿ ਛੋਟੇ-ਛੋਟੇ ਦਾਇਰੇ, ਜੋਤ ਜਗਦੀ ਰਹੇਗੀ, ਵਿਰਸੇ ਦਾ ਗ਼ੌਰ, ਪੈਂਡਾ ਬਾਕੀ ਹੈ, ਮੋਮਬਤੀਆਂ ਦੀ ਲੋਅ, ਦੋਸਤੀ ਦੇ ਗੀਤ, ਮਿੱਟੀ ਦਾ ਮੋਹ, ਅਤੇ ਤਰਕਸ਼ੀਲਤਾ ਦਾ ਚਾਨਣ ਆਦਿ ਹਨ। ਲੇਖਕ ਦੇ ਨਿਬੰਧਾਂ ਵਿਚ ਪੇਸ਼ ਵਿਸ਼ੇ ਪਾਠਕਾਂ ਨੂੰ ਸੰਜੀਵਨੀ ਸ਼ਕਤੀ ਪ੍ਰਦਾਨ ਕਰਨ ਵਾਲੇ ਹਨ।

`

ਪਰਮਜੀਤ ਕੌਰ ਸਰਹਿੰਦ (21 ਸਤੰਬਰ 1950): ਪਰਮਜੀਤ ਕੌਰ ਸਰਹਿੰਦ ਅਤਿ ਸੰਵੇਦਨਸ਼ੀਲ ਤੇ ਭਾਵਾਤਮਕ ਰੁਚੀਆਂ ਦੀ ਮਾਲਕ ਹੈ। ਇਹ ਆਪਣੇ ਨਿਬੰਧਾਂ ਵਿਚ ਲਏ ਵਿਸ਼ਿਆਂ ਨੂੰ ਸੰਸਕ੍ਰਿਤ ਰੰਗ ਵਿਚ ਰੰਗ ਕੇ ਪਾਠਕਾਂ ਸਾਹਮਣੇ ਪਰੋਸਦੀ ਹੈ। 'ਪੰਜਾਬੀ ਤਿੱਥ-ਤਿਓਹਾਰ 2009', 'ਰਸਮ ਰਿਵਾਜ-ਚਾਨਣ ਦੀ ਨਾਨਕ-ਛੱਕ 2011', 'ਪੰਜਾਬੀ ਸਭਿਆਚਾਰ ਦੇ ਨਕਸ਼ 2010', 'ਅੰਬਰ ਟੁਕੜੇ 2011', 'ਪੰਜਾਬੀ ਸਾਕ-ਸਕੀਰੀ ਤੇ ਰਹੁ-ਰੀਤਾਂ 2011', ਆਦਿ ਨਿਬੰਧ ਸੰਗ੍ਰਹਿ ਪੇਸ਼ ਕੀਤੇ।

ਦਰਬਾਰਾ ਸਿੰਘ ਢੀਂਡਸਾ (5 ਅਕਤੂਬਰ 1959) ਲੇਖਕ ਦੇ ਨਿਬੰਧ ਸੰਗ੍ਰਹਿ 'ਜ਼ਿੰਦਗੀ ਦੇ ਪੰਨੇ' ਪ੍ਰਕਾਸ਼ਿਤ ਹੋਈ ਹੈ, ਜਿਸ ਵਿਚ ਲੇਖਕ ਦੇ ਨਿਬੰਧਾਂ ਵਿਚ ਜ਼ਿੰਦਗੀ ਪ੍ਰਤੀ, ਸੇਵਾ, ਉਪਕਾਰ, ਪਿਆਰ, ਆਦਿ ਨਿਬੰਧ ਸੱਚ ਦੀ ਵਕਾਲਤ ਕਰਦੇ ਹੋਏ, ਪਿੰਡਾਂ ਦੇ ਲੋਕਾਂ ਦੀ ਜ਼ਿੰਦਗੀ ਵਿਚ ਹਨੇਰੀਆਂ ਤੇ ਬੇਇਨਸਾਫ਼ੀਆਂ ਦਾ ਸ਼ਿਕਾਰ ਹੋਏ, ਲੋਕਾਂ ਦੇ ਮਨਾਂ ਵਿਚ ਨਵੀਂ ਜਾਗਰੂਕਤਾ ਪੈਦਾ ਕਰਦਾ ਹੈ। ਕੁੱਝ ਨਵਾਂ ਸਿੱਖਣ ਤੇ ਪਰਿਵਾਰ ਵਿਚ ਨਿੱਕੇ-ਨਿੱਕੇ ਝਗੜਿਆਂ ਨੂੰ ਖ਼ਤਮ ਕਰ ਕੇ ਸੁਚੱਜਤਾ ਦੀ ਜ਼ਿੰਦਗੀ ਜਿਊਣ ਦਾ ਮਾਰਗ ਦਰਸ਼ਨ ਹੈ।

ਦਲਵੀਰ ਸਿੰਘ ਲੁਧਿਆਣਾ (10 ਅਪ੍ਰੈਲ 1965): ਦਲਵੀਰ ਸਿੰਘ ਲੁਧਿਆਣਾ ਨੇ ਕਵਿਤਾਵਾਂ, ਗੀਤਾਂ ਦੇ ਨਾਲ ਆਪਣੇ ਸਾਹਿਤਕ ਜੀਵਨ ਦੀ ਸ਼ੁਰੂਆਤ ਕੀਤੀ। ਆਪ ਦੀ ਕਲਾਤਮਕ ਸੂਝ ਨੇ ਆਪ ਨੂੰ ਨਿਬੰਧ ਲਿਖਣ ਲਈ ਪ੍ਰੇਰਿਆ। 2010 ਵਿਚ ਆਪ ਦੀ ਪਹਿਲੀ ਨਿਬੰਧ ਪੁਸਤਕ 'ਲੋਕ-ਮਨ-ਮੰਥਨ' ਪ੍ਰਕਾਸ਼ਿਤ ਹੋਈ। ਜਿਸ ਵਿਚ ਇਹਨਾਂ ਨੇ ਕਦਰਾਂ-ਕੀਮਤਾਂ, ਧਰਮ ਤੇ ਸਭਿਆਚਾਰ ਅਤੇ ਸਿੱਖਿਆ ਨਾਲ ਸੰਬੰਧਿਤ ਨਿਬੰਧ ਲਿਖੇ ਅਤੇ ਸਮਾਜ ਵਿਚ ਵਿਗਿਆਨਿਕ ਸੂਝ ਦਾ ਪਸਾਰ ਕਰਨਾ ਲੇਖਕ ਦੇ ਨਿਬੰਧਾਂ ਦਾ ਮੁੱਖ ਉਦੇਸ਼ ਹੈ।

ਗੁਰਚਰਨ ਨੂਰ-ਪੁਰ (31 ਮਾਰਚ, 1970): ਗੁਰਚਰਨ ਨੂਰ-ਪੁਰ ਨੇ ਜਿੱਥੇ ਕਵਿਤਾਵਾਂ, ਮਿੰਨੀ ਕਹਾਣੀਆਂ ਲਿਖੀਆਂ, ਉੱਥੇ ਆਪ ਨੇ ਨਿਬੰਧ ਰਚਨਾ ਵੀ ਕੀਤੀ। 'ਕੀ ਸੱਚ ਕੀ ਝੂਠ' (2003), 'ਗੇੜ ਚੁਰਾਸੀ ਦਾ' (2004), ਅਤੇ 'ਮਨ ਦੀ ਭਟਕਣਾ ਦੇ ਪਾਰ' (2012) ਆਪ ਦੇ ਨਿਬੰਧ ਸੰਗ੍ਰਹਿ ਹਨ। ਜਿਸ ਵਿਚ ਇਹਨਾਂ

ਨੇ ਔਰਤ ਦੀ ਦਸ਼ਾ ਅਤੇ ਦਿਸ਼ਾ, ਬਿਮਾਰ ਸੋਚ ਦੇ ਪ੍ਰਭਾਵ, ਪ੍ਰਦੂਸ਼ਣ, ਨੌਜਵਾਨਾਂ ਵਿਚ ਨਸ਼ਿਆਂ ਆਦਿ ਸਮਕਾਲੀ ਸਮੱਸਿਆਵਾਂ ਉੱਪਰ ਨਿਬੰਧਾਂ ਦੀ ਰਚਨਾ ਕੀਤੀ।

ਨਿੰਦਰ ਘੁਗਿਆਣਵੀ (15 ਮਾਰਚ 1975) ਨਿੰਦਰ ਘੁਗਿਆਣਵੀ ਨੇ ਆਪਣੀ ਜ਼ਿੰਦਗੀ ਵਿਚ ਹੰਢਾਏ ਤਜਰਬਿਆਂ 'ਚ, ਜੋ ਅਨੁਭਵ ਪ੍ਰਾਪਤ ਕੀਤਾ, ਉਸ ਨੂੰ ਸਾਹਿਤ ਸਮਗਰੀ ਬਣਾ ਕੇ ਲਿਖਿਆ। ਆਪ ਦੀਆਂ ਪੁਸਤਕਾਂ 'ਮੈਂ ਸਾਂ ਜੱਜ ਦਾ ਅਰਦਲੀ' 2001 ਵਿਚ ਪ੍ਰਕਾਸ਼ਿਤ ਨਿਬੰਧ ਅਨੁਭਵਾਂ ਅਤੇ ਆਪ-ਬੀਤੀ ਬਿਆਨ ਕਰਦੇ ਨਿਬੰਧ ਹਨ। 'ਸੱਚੇ ਦਿਲੋਂ' 2003, 'ਵੇਲੇ ਕੁਵੇਲੇ' 2004, 'ਰੇਡੀਉ ਨਾਮਾ' 2004, 'ਸਿਵਿਆਂ ਵਿਚ ਖਲੋਤੀ ਬੇਰੀ' ਲਲਿਤ ਨਿਬੰਧ 2005, 'ਸਾਜਨ ਮੇਰੇ ਰਾਂਗਲੇ' 2005, ਆਦਿ ਵਾਰਤਕ ਰੂਪ ਵਿਚ ਨਿਬੰਧਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਹੋਈਆ।

ਆਧੁਨਿਕ ਪੰਜਾਬੀ ਵਾਰਤਕ ਦੇ ਇਤਿਹਾਸਕ ਪਰਿਪੇਖ ਅਤੇ ਪ੍ਰਮੁੱਖ ਵਾਰਤਕਕਾਰਾਂ ਦੀਆਂ ਰਚਨਾਵਾਂ ਦੇ ਉਪਰੋਕਤ ਵੇਰਵਿਆਂ ਤੋਂ ਪਤਾ ਚਲਦਾ ਹੈ ਕਿ ਆਧੁਨਿਕ ਪੰਜਾਬੀ ਵਾਰਤਕ ਵਿਧਾਗਤ ਤੇ ਵਿਸ਼ਾਗਤ ਪੱਖ ਤੋਂ ਬਹੁ-ਪਸਾਰੀ ਹੈ। ਜਿਸ ਤਰ੍ਹਾਂ ਮੱਧਕਾਲੀ ਬੋਧ ਅਤੇ ਆਧੁਨਿਕ ਬੋਧ ਵਿਚ ਅੰਤਰ ਹੈ, ਉਸੇ ਤਰ੍ਹਾਂ ਇਹ ਅੰਤਰ ਸਾਹਿਤ ਵਿਚ ਹੋਣਾ ਵੀ ਸੁਭਾਵਿਕ ਹੈ। ਮੱਧਕਾਲ ਧਰਮ ਕੇਂਦਰਿਤ ਸੀ, ਇਸੇ ਲਈ ਮੱਧਕਾਲੀ ਸਾਹਿਤ ਦਾ ਕੇਂਦਰੀ ਨੁਕਤਾ ਵੀ ਧਰਮ ਰਿਹਾ ਹੈ। ਜਿਸ ਕਰ ਕੇ ਮੱਧਕਾਲੀ ਵਾਰਤਕ ਦੀ ਸ਼ੈਲੀ ਸ਼ਰਧਾਮਈ ਹੈ, ਜਦੋਂ ਕਿ ਆਧੁਨਿਕ ਯੁੱਗ ਗਿਆਨ-ਵਿਗਿਆਨ ਦਾ ਯੁੱਗ ਹੋਣ ਕਰ ਕੇ ਇਸ ਦਾ ਕੇਂਦਰ ਮਨੁੱਖ ਹੈ। ਇਸ ਲਈ ਆਧੁਨਿਕ ਵਾਰਤਕ ਦਾ ਕੇਂਦਰੀ ਵਿਸ਼ਾ ਤਰਕ ਹੈ ਅਤੇ ਇਸ ਦੀ ਸ਼ੈਲੀ ਵੀ ਤਰਕ ਮਈ ਹੈ। ਮੱਧਕਾਲੀ ਵਾਰਤਕ ਵਿਚ ਜਿੱਥੇ ਧਾਰਮਿਕ ਪ੍ਰਵਿਰਤੀ ਮੁੱਖ ਰੂਪ ਵਿਚ ਪਾਈ ਜਾਂਦੀ ਸੀ, ਉੱਥੇ ਆਧੁਨਿਕ ਵਾਰਤਕ ਗਿਆਨ-ਵਿਗਿਆਨ, ਤਰਕ, ਮਨੋਵਿਗਿਆਨ, ਆਦਿ ਹੋਰ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਵਾਰਤਕ ਸ਼ਰਧਾ ਭਾਵਨਾ ਤੋਂ ਉੱਪਰ ਉੱਠ, ਕੇ ਬੌਧਿਕਤਾ ਦੇ ਖੇਤਰ ਨਾਲ ਜੁੜ ਗਈ ਹੈ। ਮੱਧਕਾਲੀ ਵਾਰਤਕ ਮੁੱਖ ਰੂਪ ਵਿਚ ਜਨਮ-ਸਾਖੀਆਂ, ਗੋਸ਼ਟੀਆਂ,

`

ਟੀਕੇ, ਬਚਨ ਆਦਿ ਤੱਕ ਹੀ ਸੀਮਤ ਸੀ, ਜਦੋਂ ਕਿ ਆਧੁਨਿਕ ਵਾਰਤਕ ਹੋਰ ਵੱਖ-ਵੱਖ ਵਿਧਾਵਾਂ ਜਿਵੇਂ ਨਿਬੰਧ, ਨਾਟਕ, ਕਹਾਣੀ, ਨਾਵਲ, ਜੀਵਨੀ, ਸਵੈ-ਜੀਵਨੀ, ਸਫ਼ਰਨਾਮੇ, ਸੰਸਮਰਣ, ਰੇਖਾ ਚਿੱਤਰ ਆਦਿ ਹਨ।

## 1.3 ਨਿਬੰਧਾਂ ਦੀ ਸਾਹਿਤਕ ਅਤੇ ਸਮਾਜਿਕ ਸਾਰਥਕਤਾ

ਇਹ ਗੱਲ ਸਰਬ ਪ੍ਰਮਾਣਿਤ ਹੈ ਕਿ ਸਾਹਿਤ ਅਤੇ ਸਮਾਜ ਦੇ ਬੜੇ ਡੂੰਘੇ ਅੰਤਰ ਸੰਬੰਧ ਹੁੰਦੇ ਹਨ। ਵਰਤਮਾਨ ਸਮੇਂ ਦੀ ਨਿਬੰਧਕਾਰੀ ਦਾ ਅਧਿਐਨ ਖੋਜ ਸਾਹਿਤ ਵਿਚ ਇੱਕ ਵੱਖਰਾ ਉਪਰਾਲਾ ਹੋਵੇਗਾ।

1. ਸਾਡਾ ਸਮਕਾਲੀ/ਆਧੁਨਿਕ ਯੁੱਗ ਗਿਆਨ-ਵਿਗਿਆਨ ਤੇ ਤਰਕ ਦਾ ਯੁੱਗ ਹੈ। ਇਸ ਨੂੰ ਜੇਕਰ ਕੋਈ ਵਿਧਾ ਢੁਕਵੇਂ ਰੂਪ ਵਿਚ ਪੇਸ਼ ਕਰਦੀ ਹੈ ਤਾਂ ਉਹ ਨਿਬੰਧ ਹੈ।

2. ਮਨੁੱਖ ਨੂੰ ਇਸ ਵੇਲੇ ਅਗਿਆਨਤਾ ਨੂੰ ਦੂਰ ਕਰਨ ਵਿਚ ਸਭ ਤੋਂ ਵੱਧ ਯੋਗਦਾਨ ਨਿਬੰਧ ਵਿਧਾ ਪਾ ਸਕਦੀ ਹੈ।

3. ਸਮਾਜ ਵਿਚ ਹਾਂ-ਪੱਖੀ ਵਿਚਾਰਾਂ ਦੇ ਪਸਾਰੇ ਲਈ ਨਿਬੰਧ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

4. ਦੂਜਿਆਂ ਨੂੰ ਸਮਝਣ ਲਈ ਤੇ ਆਪਣੇ ਆਪ ਨੂੰ ਦੂਜਿਆਂ ਨੂੰ ਸਮਝਾਉਣ ਲਈ ਨਿਬੰਧ ਸਭ ਤੋਂ ਮਹੱਤਵਪੂਰਨ ਵਿਧਾ ਹੈ।

ਜੀਵਨ, ਵਿਅਕਤਿਤਵ ਅਤੇ ਸਾਹਿਤ ਦਾ ਆਪਸ ਵਿਚ ਡੂੰਘਾ ਸੰਬੰਧ ਹੁੰਦਾ ਹੈ।ਇੱਕ ਸਾਹਿਤਕਾਰ ਦੀ ਸ਼ਖ਼ਸੀਅਤ ਆਮ ਲੋਕਾਂ ਤੋਂ ਉੱਚ ਪੱਧਰ ਦੀ ਹੁੰਦੀ ਹੈ। ਸਾਹਿਤ ਜਿੱਥੇ ਸਮਾਜ ਦਾ ਸ਼ੀਸ਼ਾ ਹੁੰਦਾ ਹੈ, ਉੱਥੇ ਉਹ ਸਾਹਿਤਕਾਰ ਦੇ ਜੀਵਨ ਦਾ ਵੀ ਪਾਰਦਰਸ਼ੀ ਸ਼ੀਸ਼ਾ ਹੁੰਦਾ ਹੈ। ਸਾਹਿਤ ਮਨੁੱਖ ਦੇ ਤਜਰਬੇ, ਸੁਪਨਿਆਂ, ਆਸ਼ਾਵਾਂ ਉਨ੍ਹਾਂ ਦੀ ਕਲਪਨਾ, ਭਾਵਾਂ ਤੇ ਆਦਰਸ਼ਾਂ ਦਾ ਪ੍ਰਤੀਬਿੰਬ ਹੈ। ਸਾਹਿਤਕ ਰਚਨਾ ਵਿਚ ਇੱਕ ਸਾਹਿਤਕਾਰ ਦੀ ਸ਼ਖ਼ਸੀਅਤ ਸਮੋਈ ਹੁੰਦੀ ਹੈ। ਹਰ ਇੱਕ ਵਿਅਕਤੀ ਦੇ ਜੀਵਨ ਵਿਚ ਸੰਘਰਸ਼ ਚਲਦਾ ਰਹਿੰਦਾ ਹੈ ਅਤੇ ਇਸੇ ਸੰਘਰਸ਼ਮਈ ਜੀਵਨ ਵਿਚੋਂ ਹੀ ਕਿਸੇ ਵਧੀਆ ਸਾਹਿਤ ਦੇ ਪੁੰਗਰਨ ਦੀ ਆਸ ਕੀਤੀ ਜਾ ਸਕਦੀ ਹੈ।

`

ਹਥਲੇ ਖੋਜ ਕਾਰਜ ਅਧੀਨ ਚੋਣਵੇਂ ਨਿਬੰਧਕਾਰਾਂ ਨੂੰ ਲਿਆ ਹੈ, ਜਿਨ੍ਹਾਂ ਨੇ ਨਿਬੰਧਾਂ ਦੀ ਰਚਨਾ ਕਰ ਕੇ ਸਮਾਜ ਨੂੰ ਇੱਕ ਨਰੋਈ ਸੇਧ ਦਿੱਤੀ ਹੈ। ਇਹਨਾਂ ਵਿਚ ਹਥਲੇ ਖੋਜ ਕਾਰਜ ਅਧੀਨ ਚੁਣੇ ਨਿਬੰਧਕਾਰਾਂ ਦੇ ਨਾਮ ਇਸ ਪ੍ਰਕਾਰ ਹਨ ਹਨ :-

**1. ਡਾ. ਅਮਰ ਕੋਮਲ 2. ਡਾ. ਕਰਨੈਲ ਸਿੰਘ ਸੋਮਲ 3. ਪ੍ਰੋ. ਅੱਛਰੂ ਸਿੰਘ 4. ਡਾ. ਸੁਰਿੰਦਰਪਾਲ ਸਿੰਘ ਮੰਡ 5. ਡਾ. ਹਰਸ਼ਿੰਦਰ ਕੌਰ**

## 1.3.1 ਨਿਬੰਧਕਾਰ: ਜੀਵਨ: ਰਚਨਾਵਾਂ

### 1. ਡਾ. ਅਮਰ ਕੋਮਲ

ਡਾ. ਅਮਰ ਕੋਮਲ ਸਿਰੜੀ, ਮਿਹਨਤੀ, ਸਿਰਜਣਾਤਮਕ ਵਲਵਲਿਆਂ ਭਰਪੂਰ ਸ਼ਖ਼ਸੀਅਤ ਹੈ। ਉਨ੍ਹਾਂ ਦਾ ਜਨਮ 29 ਨਵੰਬਰ 1933 ਈ: ਨੂੰ ਪਿੰਡ ਮਹਿਲ ਕਲਾ ਤਹਿਸੀਲ ਤੇ ਜਿਲ੍ਹਾ ਬਰਨਾਲਾ ਵਿਖੇ, ਮਾਤਾ ਗਿਆਨ ਦੇਵੀ ਦੀ ਕੁੱਖੋਂ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾ ਸਾਵਨ ਰਾਮ ਸੀ। ਡਾ. ਅਮਰ ਕੋਮਲ ਦਾ ਮੁੱਢਲਾ ਨਾਂ ਅਮਰਨਾਥ ਸੀ। ਆਪਦੇ ਨਾਮ ਨਾਲ ਜੁੜੀ ਘਟਨਾ ਸੰਬੰਧੀ ਉਨ੍ਹਾਂ ਨੇ ਲਿਖਿਆ ਹੈ:

> ਸ਼ਿਵ ਦੁਆਲੇ ਦੇ ਮਹੰਤ ਨੇ ਜਦ ਮੇਰੇ ਮੱਥੇ ਉੱਪਰ ਲੱਗੇ ਤਿਲਕ ਨੂੰ ਦੇਖਿਆ, ਉਸ ਦੇ ਮੂੰਹੋਂ ਸੁਭਾਵਿਕ ਨਿਕਲ ਗਿਆ। ਇਹ ਤਾਂ ਨਾਥ ਹੈ, ਅਮਰ ਨਾਥ ਮੇਰਾ ਨਾਂ ਮਹੰਤ ਜੀ ਦੇ ਕਹਿਣ ਮੁਤਾਬਿਕ ਅਮਰ ਨਾਥ ਹੀ ਪੈ ਗਿਆ। (ਕੋਮਲ ''ਠਰੀ ਚਾਨਣੀ ਦਾ ਗੀਤ'' 212)

ਪ੍ਰੰਤੂ ਵਰਤਮਾਨ ਸਮੇਂ ਵਿਚ ਅਮਰਨਾਥ ਨੂੰ ਸਾਹਿਤਕ ਪ੍ਰਾਪਤੀਆਂ ਲਈ ਡਾ. ਅਮਰ ਕੋਮਲ ਵਜੋਂ ਜਾਣਿਆ ਜਾਣ ਲੱਗਾ।

`

**ਵਿੱਦਿਅਕ ਯੋਗਤਾ:**

- ਮੈਟ੍ਰਿਕ ਡੀ.ਬੀ. ਹਾਈ ਸਕੂਲ ਰਾਏਕੋਟ ਤੋਂ ਮਾਰਚ 1952 ਈ: ਵਿਚ ਕੀਤੀ।
- ਗਿਆਨੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਅਗਸਤ 1952 ਈ: ਵਿਚ ਕੀਤੀ।
- ਓ.ਟੀ, ਸਟੇਟ ਕਾਲ ਆਫ਼ ਐਜੂਕੇਸ਼ਨ, ਪਟਿਆਲਾ ਤੋਂ 1957 ਈ: ਵਿਚ ਕੀਤੀ।
- ਬੀ.ਏ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 1963 ਈ: ਵਿਚ ਕੀਤੀ।
- ਬੀ.ਟੀ, ਜੀ.ਐੱਚ.ਜੀ ਟ੍ਰੇਨਿੰਗ ਕਾਲਜ ਆਫ਼ ਗੁਰੂ ਸਰ ਸੁਧਾਰ ਤੋਂ 1966 ਈ: ਵਿਚ ਕੀਤੀ।
- ਐਮ. ਏ (ਪੰਜਾਬੀ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 1967 ਈ: ਵਿਚ ਕੀਤੀ।
- ਪੀਐੱਚਡੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 1975 ਈ: ਵਿਚ ਕੀਤੀ।

ਡਾ. ਕੋਮਲ ਨੂੰ ਘਰ ਦੀ ਆਰਥਿਕ ਹਾਲਤ ਚੰਗੀ ਨਾ ਹੋਣ ਕਾਰਨ ਪਿਤਾ ਜੀ ਦੀ ਆਗਿਆ ਅਨੁਸਾਰ ਨਾ ਚਾਹੁੰਦਿਆਂ ਵੀ 1952 ਈ. ਵਿਚ ਮਲੇਰਕੋਟਲਾ ਪਟਵਾਰੀ ਦੀ ਸਿਖਲਾਈ ਲਈ ਜਾਣਾ ਪਿਆ ਸੀ, ਪਰ ਪਟਵਾਰੀ ਦੀ ਟਰੇਨਿੰਗ ਵਿਚ ਰੁਚੀ ਨਾ ਹੋਣ ਕਰ ਕੇ ਕੁੱਝ ਦਿਨਾਂ ਬਾਅਦ ਪਟਵਾਰੀ ਦੀ ਸਿਖਲਾਈ ਛੱਡ ਕੇ ਪਿੰਡ ਵਾਪਸ ਆ ਗਏ। 9 ਨਵੰਬਰ 1953 ਈ. ਨੂੰ ਪ੍ਰਾਇਮਰੀ ਅਧਿਆਪਕ ਵਜੋਂ ਡਾ. ਕੋਮਲ ਦੀ ਨਿਯੁਕਤੀ ਹੋ ਗਈ। 20 ਸਾਲ ਦੀ ਉਮਰ ਵਿਚ ਨੌਕਰੀ ਪ੍ਰਾਪਤ ਕਰਨ ਤੋਂ ਬਾਅਦ ਵੀ ਅਧਿਆਪਕ ਬਣੇ ਰਹਿਣ ਵਿਚ ਉਨ੍ਹਾਂ ਦੀ ਰੁਚੀ ਨਹੀਂ ਸੀ, ਇਸ ਲਈ ਉਨ੍ਹਾਂ ਦੇ ਲੰਬੇ ਸੰਘਰਸ਼ ਤੋਂ ਬਾਅਦ ਪੀਐੱਚਡੀ ਕਰਨ ਉਪਰੰਤ, 27 ਜੁਲਾਈ 1976 ਈ. ਨੂੰ ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ ਵਿਖੇ ਉਨ੍ਹਾਂ ਦੀ ਲੈਕਚਰਾਰ ਵਜੋਂ ਨਿਯੁਕਤੀ ਹੋ ਗਈ। ਉਨ੍ਹਾਂ 15 ਸਾਲ ਪ੍ਰੋਫੈਸਰ ਦੇ ਤੌਰ ਤੇ ਆਪਣੀਆਂ ਸੇਵਾਵਾਂ ਨਿਭਾਈਆਂ ਅਤੇ 1991 ਈ. ਵਿਚ ਸੇਵਾ ਮੁਕਤ ਹੋਏ।

`

1955 ਵਿਚ ਡਾ. ਕੋਮਲ ਦੀ ਗ੍ਰਹਿਸਤੀ ਜੀਵਨ ਆਰੰਭ ਕੀਤਾ। ਉਨ੍ਹਾਂ ਦੀ ਪਤਨੀ ਚੰਦ ਰਾਣੀ ਪੰਡਿਤ ਯੋਗਰਾਜ ਦੇ ਮਾਡਲ ਸਕੂਲ ਵਿਚ ਅਧਿਆਪਕ ਵਜੋਂ ਪੜ੍ਹਾਉਂਦੇ ਸਨ ਅਤੇ ਉਹ ਮੁੱਖ ਅਧਿਆਪਕਾਂ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ। ਡਾ. ਕੋਮਲ ਦੇ ਘਰ ਦੋ ਸਪੁੱਤਰੀਆਂ ਅਤੇ ਇੱਕ ਸਪੁੱਤਰ ਨੇ ਜਨਮ ਲਿਆ। ਡਾ. ਕੋਮਲ ਨੇ ਆਪਣੇ ਗ੍ਰਹਿਸਤੀ ਜੀਵਨ ਨੂੰ ਚੰਗੇਰੀ ਤੇ ਨਰੋਈ ਸੇਧ ਦੇਣ ਲਈ ਬਹੁਤ ਸੰਘਰਸ਼ ਕੀਤਾ ਹੈ।

**ਡਾ. ਅਮਰ ਕੋਮਲ ਦੇ ਨਿਬੰਧਾਂ ਤੇ ਹੋਇਆ ਆਲੋਚਨਾਤਮਕ ਕਾਰਜ**

1. ਡਾ. ਕਮਲਜੀਤ ਕੌਰ ਬਾਂਗਾਂ ਵੱਲੋਂ ਸੰਪਾਦਿਤ ਪੁਸਤਕ 'ਸੰਤੋਖੇ ਅਨੁਭਵਾਂ ਦੀ ਪਰਵਾਜ਼', ਸੰਗਮ ਪਬਲੀਕੇਸ਼ਨਜ਼, ਸਮਾਣਾ 2013 ਵਿਚ ਪ੍ਰਕਾਸ਼ਿਤ ਹੋਈ ਹੈ।

2. ਸਤਿੰਦਰ ਕੌਰ ਰੰਧਾਵਾ ਵੱਲੋਂ ਸੰਪਾਦਿਤ ਪੁਸਤਕ 'ਡਾ. ਅਮਰ ਕੋਮਲ ਦਾ ਨਿਬੰਧ-ਜਗਤ', ਨਵਰੰਗ ਪਬਲੀਕੇਸ਼ਨਜ਼, ਸਮਾਣਾ 2017 ਵਿਚ ਪ੍ਰਕਾਸ਼ਿਤ ਹੋਈ ਹੈ

3. ਡਾ. ਸਤਿੰਦਰ ਕੌਰ ਰੰਧਾਵਾ ਵੱਲੋਂ ਸੰਪਾਦਿਤ ਪੁਸਤਕ 'ਡਾ. ਅਮਰ ਕੋਮਲ ਦੀ ਨਿਬੰਧ-ਚੇਤਨਾ, ਨਵਰੰਗ ਪਬਲੀਕੇਸ਼ਨਜ਼, ਸਮਾਣਾ 2018 ਵਿਚ ਪ੍ਰਕਾਸ਼ਿਤ ਹੋਈ ਹੈ।

4. ਬਲਦੇਵ ਸਿੰਘ ਬੱਦਨ ਵੱਲੋਂ ਰਚਿਤ ਪੁਸਤਕ 'ਦਾਰਸ਼ਨਿਕ ਤੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਡਾ. ਅਮਰ ਕੋਮਲ ਦੀ ਨਿਬੰਧ-ਚੇਤਨਾ ਦੇ ਮਾਨਵੀ-ਸਰੋਕਾਰ(ਇੱਕ ਸਾਹਿਤਕ ਵਿਵੇਚਨ)ਲਕਸ਼ਯ ਪਬਲੀਕੇਸ਼ਨਜ਼, ਦਿੱਲੀ 2019 ਵਿਚ ਪ੍ਰਕਾਸ਼ਿਤ ਹੋਈ ਹੈ।

**ਡਾ. ਅਮਰ ਕੋਮਲ ਦੇ ਨਿਬੰਧਾਂ ਤੇ ਹੋਇਆ ਖੋਜ ਕਾਰਜ:**

1. ਡਾ. ਸਤਿੰਦਰ ਕੌਰ ਰੰਧਾਵਾ ਦੁਆਰਾ ਪੀਐੱਚਡੀ ਲਈ ਸੋਧ-ਪ੍ਰਬੰਧ 'ਆਧੁਨਿਕ ਪੰਜਾਬੀ ਵਾਰਤਕ ਦੇ ਵਿਧਾਗਤ ਪਸਾਰ' ਪੰਜਾਬੀ ਯੂਨੀਵਰਸਿਟੀ, ਪਟਿਆਲਾ, (2016)।

`

**ਐਮ. ਫਿਲ. ਦੀ ਡਿਗਰੀ ਲਈ ਸ਼ੋਧ-ਕਾਰਜ:**

1. ਤਰਸੇਮ ਸਿੰਘ ਵੱਲੋਂ 'ਡਾ. ਅਮਰ ਕੋਮਲ ਦੀ ਨਿਬੰਧ-ਕਲਾ', ਨਿਗਰਾਨ: ਡਾ. ਨਰਵਿੰਦਰ ਸਿੰਘ ਕੌਸ਼ਲ, ਕੁਰੂਕਸ਼ੇਤਰ, ਯੂਨੀਵਰਸਿਟੀ, ਕੁਰੂਕਸ਼ੇਤਰ (2006)।

2. ਸਤਿੰਦਰ ਕੌਰ ਦੁਆਰਾ 'ਡਾ. ਅਮਰ ਕੋਮਲ ਵੀ ਵਾਰਤਕ ਕਲਾ' ਨਿਗਰਾਨ: ਡਾ. ਧਰਮ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

3. ਕੁਲਜੀਤ ਕੌਰ ਦੁਆਰ 'ਵਾਰਤਕਕਾਰ ਡਾ. ਅਮਰ ਕੋਮਲ' ਨਿਗਰਾਨ: ਡਾ. ਸਤੀਸ਼ ਕੁਮਾਰ ਵਰਮਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2009)।

ਅਮਰ ਕੋਮਲ ਦਾ ਸਾਹਿਤਕਾਰ ਵਜੋਂ ਪੰਜਾਬੀ ਸਾਹਿਤ ਨੂੰ ਦਿੱਤੀਆਂ ਗਈਆਂ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ।

**1. (ੳ) ਕਾਵਿ ਸੰਗ੍ਰਹਿ:-**

- ਨੂਰ ਦੇ ਫੁੱਲ, ਦਰਬਾਰ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1964
- ਬੰਦਨਬਾਰ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1968
- ਕਿਰਨਾਂ ਦੇ ਸਿਰਨਾਵੇਂ, ਅਲਕਾ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1991
- ਹਾਸਿਲ (ਗ਼ਜ਼ਲ ਸੰਗ੍ਰਹਿ), ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 1994
- ਉਸ ਨੂੰ ਮੇਰਾ ਸਲਾਮ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 2003
- ਮੇਰੇ ਸਾਹਿਬ ਜੀਓ, ਸ੍ਰੀ ਪ੍ਰਕਾਸ਼ਨ, ਦਿੱਲੀ, 2005
- ਸਤਯ-ਮੇਵ-ਵਯਤੇ, ਸ੍ਰੀ ਪ੍ਰਕਾਸ਼ਨ, ਦਿੱਲੀ, 2005

`

- ਵਰਤਮਾਨ ਦੇ ਦਰਪਣ ਅੰਦਰ (ਗ਼ਜ਼ਲ ਸੰਗ੍ਰਹਿ), ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 2006
- ਤ੍ਰਿਵੇਣੀ(ਗੀਤ-ਪ੍ਰਗੀਤ ਸੰਗ੍ਰਹਿ), ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ, 2008
- ਭਰਿ ਸਰਵਰ ਜਬ ਊਛਲੈ (ਦੋਹਰਾ ਸੰਗ੍ਰਹਿ), ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ, 2009
- ਤਥਾ ਅਸਤੂ, ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ, 2010
- ਜੁਗਨੂੰਆਂ ਦੀ ਬਾਰਾਤ, 2014
- ਕਹਿਕਸ਼ਾਂ ਦੇ ਆਰ-ਪਾਰ, 2015
- ਸ੍ਰੀ ਮੱਦ ਭਗਵਤ ਗੀਤਾ ਕਾਵਿ ਅਨੁਵਾਦ, 2016
- ਨਵੇਂ ਸੁਨੇਹੜੇ, 2016

**(ਅ) ਖੰਡ ਕਾਵਿ (ਜੀਵਨੀ ਮੂਲਕ ਰਚਨਾ)**

- ਯੁੱਗ ਪੁਰਸ਼ ਨਹਿਰੂ, ਸੀਮਾ ਪ੍ਰਕਾਸ਼ਨ, ਜਲੰਧਰ, 1972
- ਯੁੱਗ ਪੁਰਸ਼ ਗੁਰੂ ਨਾਨਕ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1969

**2. ਵਾਰਤਕ:-**

**(ੳ) ਨਿਬੰਧ ਸੰਗ੍ਰਹਿ**

- ਜ਼ਿੰਦਗੀ ਦੇ ਸਿਰਨਾਵੇਂ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1987(ਦੂਜਾ ਐਡੀਸ਼ਨ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 2003)
- ਕਤਰਾ ਕਤਰਾ ਸਮੁੰਦਰ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1988(ਦੂਜਾ ਐਡੀਸ਼ਨ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 2003)
- ਵਿਚਾਰ ਦਰਸ਼ਨ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 2001

`

- ਚੱਲਣਾ ਹੀ ਜ਼ਿੰਦਗੀ ਹੈ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 2001
- ਅੰਦਰ ਬਾਹਰ, ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ, 2005
- ਤੀਜੀ ਅੱਖ, ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ, 2006
- ਸੰਜੀਵਨੀ, ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ, 2008
- ਕਾਮਦੇਵ ਤੇ ਹੋਰ ਲੇਖ, ਸੰਗਮ ਪਬਲੀਕੇਸ਼ਨਜ਼, ਸਮਾਣਾ, 2009
- ਪੰਚਾ ਮ੍ਰਿਤ, ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 2009
- ਸਲੀਕਾ, ਸੰਗਮ ਪਬਲੀਕੇਸ਼ਨਜ਼, ਸਮਾਣਾ, 2009
- ਨਵਰੰਗ, ਸੰਗਮ ਪਬਲੀਕੇਸ਼ਨਜ਼, ਸਮਾਣਾ, 2010
- ਪੰਚਵਟੀ ਦੇ ਅੰਦਰ-ਬਾਹਰ, ਸੰਗਮ ਪਬਲੀਕੇਸ਼ਨਜ਼, ਸਮਾਣਾ, 2011
- ਬਚਨ-ਬਿਲਾਸ, ਸੰਗਮ ਪਬਲੀਕੇਸ਼ਨਜ਼, ਸਮਾਣਾ 2012
- ਵੇਦਨਾ ਸੰਵੇਦਨਾ ਤੇ ਹੋਰ ਨਿਬੰਧ, ਸੰਗਮ ਪਬਲੀਕੇਸ਼ਨਜ਼, ਸਮਾਣਾ, 2012
- ਚੇਤਨਾ ਤੇ ਹੋਰ ਨਿਬੰਧ, ਸੰਗਮ ਪਬਲੀਕੇਸ਼ਨਜ਼, ਸਮਾਣਾ, 2015
- ਚੇਤਨਾ ਦੇ ਆਰ-ਪਾਰ ਤੇ ਹੋਰ ਨਿਬੰਧ, ਸੰਗਮ ਪਬਲੀਕੇਸ਼ਨਜ਼, ਸਮਾਣਾ, 2016
- ਸੰਕਲਪ ਤੇ ਸਮਰਪਣ, ਸੰਗਮ ਪਬਲੀਕੇਸ਼ਨਜ਼, ਸਮਾਣਾ, 2018

**(ਅ) ਜੀਵਨੀ**

- ਲਾਲਾ ਹਰਦਿਆਲ ਜੀਵਨ ਸੰਘਰਸ਼ ਤੇ ਵਿਚਾਰਧਾਰਾ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2005
- ਨੇਤਾ ਜੀ ਸੁਭਾਸ਼ ਚੰਦਰ ਬੋਸ ਜੀਵਨ ਤੇ ਵਿਚਾਰਧਾਰਾ, ਸੰਗਮ ਪਬਲੀਕੇਸ਼ਨਜ਼, ਸਮਾਣਾ, 2009
- ਪ੍ਰਿਯ ਦਰਸ਼ਨੀ ਇੰਦਰਾ ਗਾਂਧੀ ਜੀਵਨ ਤੇ ਵਿਚਾਰ, ਸੰਗਮ ਪਬਲੀਕੇਸ਼ਨਜ਼, ਸਮਾਣਾ 2009

`

**(ੲ) ਸਵੈਜੀਵਨੀ**

- ਠਰੀ ਚਾਨਣੀ ਦਾ ਗੀਤ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 1997
- ਆਤਮ ਤੇ ਅਨਾਤਮ ਦਾ ਚਿੰਤਨ ਕਰਦਿਆਂ ਅਲਵਿਦਾ ਤੋਂ ਪਹਿਲਾਂ, ਸੰਗਮ ਪਬਲੀਕੇਸ਼ਨਜ਼, ਸਮਾਣਾ, 2008

**3. ਬਾਲ ਸਾਹਿਤ:-**

- ਬਾਲ ਬਹਾਰ, ਰੂਰਲ ਬੁੱਕ ਵਿਭਾਗ, ਲੁਧਿਆਣਾ, 1950
- ਹੀਰੇ-ਮੋਤੀ, ਪ੍ਰੀਤ ਨਗਰ ਸ਼ਾਪ, ਅੰਮ੍ਰਿਤਸਰ, 1962
- ਚੁਮੁਖੀਆ(ਰੇਡੀਉ ਸੰਗੀਤ ਇਕਾਂਗੀ), ਪੰਜਾਬੀ ਪਬਲਿਸ਼ਰਜ਼, ਜਲੰਧਰ, 1963
- ਬੱਚਿਆਂ ਲਈ ਇਕਬਾਲ, ਪ੍ਰਤੀਕ ਪ੍ਰਕਾਸ਼ਨ, ਬਰਨਾਲਾ, 1969

  (ਇਹ ਪੁਸਤਕ ਦੂਜੀ ਵਾਰ ਸੀਮਾ ਪ੍ਰਕਾਸ਼ਨ, ਜਲੰਧਰ ਵੱਲੋਂ 1972 ਈ. ਵਿਚ ਮੁੜ ਪ੍ਰਕਾਸ਼ਿਤ ਕੀਤੀ ਗਈ)

- ਕਿਉਂ, ਕਿਵੇਂ ਤੇ ਕਿਸ ਲਈ(ਵਿਗਿਆਨਿਕ ਮਿੰਨੀ ਕਹਾਣੀਆਂ), ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 1996
- ਨਿੱਕੇ ਨਿੱਕੇ ਸੂਰਜ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 1997

**4. ਕਹਾਣੀ ਸੰਗ੍ਰਹਿ:-**

- ਅਜੇ ਹਨੇਰਾ ਹੈ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1983
- ਚਿਣਗਾਂ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1983
- ਵੇਖਣ ਕਹੀਐ ਕਿਸ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ 1988

`

- ਕਪਾਲ ਕਿਰਿਆ, ਆਧੁਨਿਕ ਕਿਤਾਬ ਘਰ, ਜਲੰਧਰ, 1993
- ਸਵਾਲੀਆ ਚਿੰਨ੍ਹ, ਅਲਕਾ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1994
- ਦਿਨ ਪ੍ਰਤੀ ਦਿਨ, ਅਲਕਾ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1994
- ਅਸੀਂ ਤੁਸੀਂ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ 1994

**5. ਸਾਹਿਤ ਆਲੋਚਨਾ:-**

- ਮਨੀ ਰਾਮ ਰਚਨਾਵਲੀ, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1976
- ਕਿੱਸਾ ਪੂਰਨ ਭਗਤ, ਕੌਰ ਚੰਦ ਰਾਹੀਂ ਇੱਕ ਆਲੋਚਨਾਤਮਕ ਅਧਿਐਨ, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1976
- ਸ਼ਿਵ ਕੁਮਾਰ ਦਾ ਕਾਵਿ ਲੋਕ(ਲੂਣਾ ਤੇ ਅਧਾਰਿਤ), ਲਾਹੌਰ ਬੁੱਕ ਸ਼ਾਪ, ਲੁਧਿਆਣਾ 1979
- ਪ੍ਰਿ: ਤੇਜਾ ਸਿੰਘ ਤੇ ਉਸ ਦੀ ਰਚਨਾ ਸਹਿਜ ਸੁਭਾਅ: ਇੱਕ ਪੁਨਰ ਮੁਲਾਂਕਣ, ਪੈਪਸੂ ਬੁੱਕ ਡਿਪੂ, ਪਟਿਆਲਾ 1984
- ਇਕਾਂਗੀਕਾਰ ਸੰਤ ਸਿੰਘ ਸੇਖੋਂ ਤੇ ਉਸ ਦਾ ਇਕਾਂਗੀ ਸੰਗ੍ਰਹਿ ਛੇ ਘਰ: ਇੱਕ ਪੁਨਰ ਮੁਲਾਂਕਣ, ਪੈਪਸੂ ਬੁੱਕ ਡਿਪੂ, ਪਟਿਆਲਾ 1984
- ਸਾਹਿਤ ਸੰਚਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1987
- ਮਿੰਨੀ ਕਹਾਣੀ ਦਾ ਕਥਾ ਸ਼ਾਸਤਰ, ਕਿਰਨ ਪ੍ਰਕਾਸ਼ਨ, ਬਰਨਾਲਾ 1996
- ਪ੍ਰੀਤਮ ਸਿੰਘ ਰਾਹੀਂ: ਕਾਵਿ ਦਰਸ਼ਨ, ਕਿਰਨ ਪ੍ਰਕਾਸ਼ਨ, ਬਰਨਾਲਾ 1996

**6. ਸੰਪਾਦਿਤ ਪੁਸਤਕਾਂ:-**

- ਸਮੇਂ ਦੀ ਗੱਲ (ਸਾਂਝਾ ਕਹਾਣੀ ਸੰਗ੍ਰਹਿ), ਪੰਜਾਬੀ ਸਾਹਿਤ ਸਭਾ, ਬਰਨਾਲਾ, 1963

`

- ਬਰਨਾਲਾ ਦੀ ਪੰਜਾਬੀ ਨਾਵਲ ਨੂੰ ਦੇਣ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1983
- ਸੁਰਜੀਤ ਰਾਮਪੁਰੀ ਅਭਿਨੰਦਨ ਗ੍ਰੰਥ, ਸੁਰਜੀਤ ਰਾਮਪੁਰੀ ਅਭਿਨੰਦਨ ਸੰਮਤੀ, 1994
- ਗੁਰਬਖ਼ਸ਼ ਸਿੰਘ ਰਾਹੀਂ ਅਭਿਨੰਦਨ ਗ੍ਰੰਥ, ਰਾਹੀਂ ਪ੍ਰਕਾਸ਼ਨ, ਬਰਨਾਲਾ, 1989
- ਕਿਰਨ (ਮਿੰਨੀ ਕਹਾਣੀਆਂ), ਕਿਰਨ ਪ੍ਰਕਾਸ਼ਨ, ਬਰਨਾਲਾ, 1993
- ਉੱਤਰ ਆਧੁਨਿਕਤਾ ਦਾ ਕਹਾਣੀਕਾਰ ਜੋਗਿੰਦਰ ਸਿੰਘ ਨਿਰਾਲਾ, ਪ੍ਰੀਤਮ ਪ੍ਰਕਾਸ਼ਨ, ਸੰਗਰੂਰ, 1993
- ਕਿਰਨ: ਜਗਰੂਪ ਸਿੰਘ ਦਾਤੇ ਵਾਸ ਅੰਕ, ਕਿਰਨ ਪ੍ਰਕਾਸ਼ਨ, ਬਰਨਾਲਾ 1994
- ਕਹਿਕਸ਼ਾਂ, ਦੀਪਕ ਪਬਲਿਸ਼ਰਜ਼, ਜਲੰਧਰ, 1994
- ਤ੍ਰੈਕਾਲ: ਸ੍ਰੀ ਮਾਰਕੰਡਾ ਦੀਆਂ ਚੋਣਵੀਂਆਂ ਕਵਿਤਾਵਾਂ, ਪੰਜਾਬੀ ਸਾਹਿਤ ਸਭਾ, 1999
- **7. ਅਨੁਵਾਦਿਤ ਪੁਸਤਕਾਂ:-**
- ਗੀਤਾਂਜਲੀ (ਸਹਿ ਅਨੁਵਾਦਕ ਪ੍ਰੋ: ਪ੍ਰੀਤਮ ਸਿੰਘ ਰਾਹੀਂ), ਦਰਬਾਰ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1962
- ਗੀਤਾਂ ਦੇ ਵਣਜਾਰੇ, ਪ੍ਰੀਤ ਨਗਰ ਸ਼ਾਪ, ਅੰਮ੍ਰਿਤਸਰ 1962

  (ਡਾ. ਰਬਿੰਦਰ ਨਾਥ ਟੈਗੋਰ ਦੀਆਂ ਬੱਚਿਆਂ ਲਈ ਲਿਖੀਆਂ ਗਈਆਂ ਕਵਿਤਾਵਾਂ ਦਾ ਪੰਜਾਬੀ ਵਿਚ ਅਨੁਵਾਦ)
- ਬੱਚਿਆਂ ਲਈ ਇਕਬਾਲ, ਪ੍ਰਤੀਕ ਪ੍ਰਕਾਸ਼ਨ, ਬਰਨਾਲਾ, 1969

  (ਡਾ. ਮੁਹੰਮਦ ਇਕਬਾਲ ਰਚਿਤ ਉਰਦੂ ਕਵਿਤਾਵਾਂ ਦਾ ਪੰਜਾਬੀ ਵਿਚ ਕੀਤਾ ਅਨੁਵਾਦ)
- ਗਿਆਨ ਚੇਤਨਾ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 1997

`

(ਇਸ ਪੁਸਤਕ ਵਿਚ ਅੰਗਰੇਜ਼ੀ ਦੇ ਵੱਖ-ਵੱਖ ਲੇਖਕਾਂ ਦੀਆਂ ਕੁਟੇਸ਼ਨਾਂ ਪੰਜਾਬੀ ਵਿਚ ਅਨੁਵਾਦਿਤ ਹਨ।)

- ਭਾਰਤ ਦਾ ਸ਼ਕਤੀ ਸੰਘਰਸ਼: ਕੁੱਝ ਕੌੜੀਆਂ ਸਚਾਈਆਂ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 1999
- ਮੈਕਸਿਮ ਗੋਰਕੀ ਦੀਆਂ ਚੋਣਵੀਂਆਂ ਕਹਾਣੀਆਂ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 2001
- ਸਤਿ ਵਚਨ, ਸਤਿ ਸਾਈ ਪ੍ਰਕਾਸ਼ਨ, ਬਰਨਾਲਾ, 2000
- ਸ੍ਰੀ ਮੱਦ ਭਗਵਦ ਗੀਤਾ, ਗਿਆਨ ਚੇਤਨਾ ਪ੍ਰਕਾਸ਼ਨ, ਬਰਨਾਲਾ 2001

ਉਕਤ ਪੁਸਤਕ ਸੂਚੀ ਤੋਂ ਇਲਾਵਾ ਡਾ. ਕੋਮਲ ਦੇ ਲਗਭਗ 4 ਦਰਜਨ ਖੋਜ-ਪੱਤਰ ਵੱਖ-ਵੱਖ ਸੈਮੀਨਾਰਾਂ ਵਿਚ ਪੜੇ ਅਤੇ ਪੰਜਾਬੀ ਦੇ ਪ੍ਰਸਿੱਧ, ਪਰਚਿਆਂ ਵਿਚ ਪ੍ਰਕਾਸ਼ਿਤ ਹੋਏ ਹਨ।ਇਸ ਦੇ ਨਾਲ ਹੀ ਲਗਭਗ ਸਾਢੇ ਤਿੰਨ ਸੌ (350) ਪੁਸਤਕਾਂ ਦੇ ਰੀਵਿਊ ਪੰਜਾਬੀ ਟ੍ਰਿਬਿਊਨ, ਅਜੀਤ, ਜਗ ਬਾਣੀ, ਨਵਾਂ ਜ਼ਮਾਨਾ, ਪੰਜਾਬੀ ਦੁਨੀਆ, ਜਨ ਸਾਹਿਤ, ਜਾਗ੍ਰਿਤੀ ਤੇ ਪੰਜਾਬੀ ਜਾਗਰਨ ਆਦਿ ਵਿਚ ਪ੍ਰਕਾਸ਼ਿਤ ਹੋਏ ਹਨ।

**ਮਾਣ-ਸਨਮਾਨ:**

1. ਡਾ. ਅਮਰ ਕੋਮਲ ਨੂੰ ਮਿੰਨੀ ਕਹਾਣੀਕਾਰ ਤੇ ਮਿੰਨੀ ਕਹਾਣੀ ਆਲੋਚਕ ਵਜੋਂ ਦਸ ਸਾਹਿਤਕ ਸਭਾਵਾਂ ਵੱਲੋਂ ਸਤਿਕਾਰਿਆ ਗਿਆ ਜਿਵੇਂ; ਮਾਤਾ ਮਾਨ ਕੌਰ ਪੁਰਸਕਾਰ ਪਟਿਆਲਾ ਅਤੇ ਮਿੰਨੀ ਕਹਾਣੀ ਮੰਚ ਅੰਮ੍ਰਿਤਸਰ ਦੁਆਰਾ ਵਿਸ਼ੇਸ਼ ਮਾਣ ਸਨਮਾਨ ਦਿੱਤਾ।

2. ਡਾ. ਅਮਰ ਕੋਮਲ ਨੂੰ 1996 ਈ ਵਿਚ, ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵੱਲੋਂ 'ਸ਼੍ਰੋਮਣੀ ਬਾਲ ਸਾਹਿਤ ਲੇਖਕ ਪੁਰਸਕਾਰ' ਪ੍ਰਾਪਤ ਹੋਇਆ।

`

3. ਡਾ. ਅਮਰ ਕੋਮਲ ਨੂੰ ਨਵੰਬਰ 2006 ਈ. ਵਿਚ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ, ਉਨ੍ਹਾਂ ਦੇ ਨਿਬੰਧ ਸੰਗ੍ਰਹਿ 'ਅੰਦਰ ਬਾਹਰ' ਲਈ' ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ।

**ਇਸ ਖੋਜ ਅਧੀਨ ਡਾ. ਅਮਰ ਕੋਮਲ ਦੇ ਹੇਠ ਲਿਖੇ ਨਿਬੰਧ-ਸੰਗ੍ਰਹਿਆਂ ਦਾ ਅਧਿਐਨ ਕੀਤਾ ਜਾਵੇਗਾ**:

1. ਪੰਚਵਟੀ ਦੇ ਅੰਦਰ ਬਾਹਰ, ਸੰਗਮ ਪਬਲੀਕੇਸ਼ਨਜ਼, ਸਮਾਣਾ (2011)

2. ਬਚਨ-ਬਿਲਾਸ, ਸੰਗਮ ਪਬਲੀਕੇਸ਼ਨਜ਼, ਸਮਾਣਾ (2012)

3. ਸਰੋਕਾਰ ਅਤੇ ਸੰਕਲਪ, ਸੰਗਮ ਪਬਲੀਕੇਸ਼ਨਜ਼, ਸਮਾਣਾ (2012)

4. ਵੇਦਨਾ ਸੰਵੇਦਨਾ ਤੇ ਹੋਰ ਨਿਬੰਧ, ਸੰਗਮ ਪਬਲੀਕੇਸ਼ਨਜ਼, ਸਮਾਣਾ, (2014)

5. ਚੇਤਨਾ ਤੇ ਹੋਰ ਨਿਬੰਧ, ਸੰਗਮ ਪਬਲੀਕੇਸ਼ਨਜ਼, ਸਮਾਣਾ,( 2015)

6. ਚੇਤਨਾ ਦੇ ਆਰ-ਪਾਰ ਤੇ ਹੋਰ ਨਿਬੰਧ, ਸੰਗਮ ਪਬਲੀਕੇਸ਼ਨਜ਼, ਸਮਾਣਾ,( 2016)

7. ਸੰਕਲਪ ਅਤੇ ਸਮਰਪਣ (2018)

**2. ਡਾ. ਕਰਨੈਲ ਸਿੰਘ ਸੋਮਲ**

ਡਾ. ਕਰਨੈਲ ਸਿੰਘ ਸੋਮਲ ਇੱਕ ਵਿਲੱਖਣ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਮਾਲਕ ਹੈ। ਉਨ੍ਹਾਂ ਦੇ ਨਾਮ ਸੋਮਲ ਬਾਰੇ ਉਹ ਦੱਸਦੇ ਹਨ ਕਿ ਨਾਉਂ ਦੇ ਨਾਲ 'ਸੋਮਲ' ਸ਼ਬਦ ਅਸਲ ਵਿਚ ਪਿੰਡ ਕਲੌੜ ਦੇ ਜੱਟਾਂ ਦਾ ਗੋਤ ਹੈ। ਦਸਵੀਂ ਦਾ ਦਾਖਲਾ ਭਰਨ ਵੇਲੇ ਹੋਰ ਜਮਾਤੀਆਂ ਦੀ ਰੀਸ ਨਾਲ, ਇਹ ਨਾਉਂ ਦੇ ਨਾਲ ਲਿਖ ਲਿਆ, ਫਿਰ ਇਹ ਨਾਉਂ ਉਸ ਦਾ ਅੰਗ ਹੀ ਬਣ ਗਿਆ। ਬੜੀ ਦੇਰ ਤੱਕ ਕਰਨੈਲ ਸਿੰਘ ਦੇ ਨਾਲ ਹੀ ਲਿਖਿਆ, ਫਿਰ ਜਦੋਂ

`

ਇਸੇ ਨਾਉਂ ਦੇ ਇੱਕ ਹੋਰ ਸੱਜਣ ਲਿਖਣ ਲੱਗ ਪਏ, ਤਦ 'ਸੋਮਲ' ਸ਼ਬਦ ਵੀ ਲਿਖਣਾ ਸ਼ੁਰੂ ਕਰ ਦਿੱਤਾ।1 960 ਈ. ਵਿਚ ਇਹਨਾਂ ਨੇ ਗਿਆਨੀ ਕੀਤੀ ਅਤੇ 1961 ਵਿਚ ਪੰਜਾਬੀ ਅਧਿਆਪਕ ਬਣਨ ਲਈ ਓ.ਟੀ ਦਾ ਕੋਰਸ ਕਾਲਜ ਆਫ਼ ਐਜੂਕੇਸ਼ਨ ਚੰਡੀਗੜ੍ਹ ਤੋਂ ਕੀਤਾ ਨਾਲ-ਨਾਲ ਬੀ.ਏ ਪ੍ਰਾਈਵੇਟ ਹੀ ਕੀਤੀ ਅਤੇ 1968 ਵਿਚ ਬੀ.ਐੱਡ ਕੀਤੀ। 1970 ਵਿਚ ਐਮ.ਏ ਪੰਜਾਬੀ ਪੰਜਾਬੀ, ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਈਵੇਟ ਕੀਤੀ, ਜਿਸ ਵਿਚ ਉਨ੍ਹਾਂ ਨੇ ਯੂਨੀਵਰਸਿਟੀ ਮੈਰਿਟ ਵਿਚ ਤੀਜਾ ਸਥਾਨ ਪ੍ਰਾਪਤ ਕੀਤਾ। ਇਹਨਾਂ ਨੇ 1981 ਵਿਚ 'ਪੰਜਾਬੀ ਗੱਦ ਕਾਵਿ ਦਾ ਅਧਿਐਨ' ਵਿਸ਼ੇ ਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪੀਐੱਚਡੀ ਦੀ ਡਿਗਰੀ ਪ੍ਰਾਪਤ ਕੀਤੀ। ਘਰ ਦੇ ਹਲਾਤਾਂ ਨੂੰ ਦੇਖਦੇ ਹੋਏ, ਲੇਖਕ ਨੇ ਦੋ ਕੁ ਸਾਲ ਟਿਊਬਵੈੱਲ ਅਪਰੇਟਰ ਵਜੋਂ ਕੰਮ ਕੀਤਾ। 1973 ਵਿਚ ਰਾਜਪੁਰਾ ਅਤੇ ਅੰਬਾਲਾ ਕੈਂਟ, ਪਟਿਆਲਾ ਦੇ ਪ੍ਰਾਈਵੇਟ ਸਕੂਲ ਵਿਚ ਬਤੌਰ ਪੰਜਾਬੀ ਅਧਿਆਪਕ ਕੰਮ ਕੀਤਾ, ਫਿਰ 1975 ਵਿਚ ਉਨ੍ਹਾਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਭਾਸ਼ਾ ਮਾਹਿਰ ਦੀ ਨੌਕਰੀ ਮਿਲੀ ਤੇ ਦੋ ਸਾਲ ਬਾਅਦ ਦੀ ਉਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਪੰਜਾਬ ਸਕੂਲ ਡਾਇਰੈਕਟਰ ਵਜੋਂ ਕੰਮ ਕਰਦੇ ਰਹੇ। 1998 ਵਿਚ ਰਿਟਾਇਰ ਹੋਏ। ਨੌਕਰੀ ਦੌਰਾਨ 16 ਅਕਤੂਬਰ 1966 ਵਿਚ ਕਰਨੈਲ ਸਿੰਘ ਸੋਮਲ ਨੇ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕੀਤੀ। ਅੱਜ ਇਹਨਾਂ ਦੀਆਂ ਦੋ ਬੇਟੀਆਂ ਹਨ, ਜਿਨ੍ਹਾਂ ਨੇ ਉਚੇਰੀ ਵਿੱਦਿਆ ਹਾਸਿਲ ਕੀਤੀ ਹੈ।

ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਸਰਗਰਮ ਨਿਬੰਧਕਾਰਾਂ ਵਿਚੋਂ ਡਾ. ਕਰਨੈਲ ਸਿੰਘ ਸੋਮਲ ਅਹਿਮ ਸਥਾਨ ਰੱਖਦਾ ਹੈ। ਡਾ. ਕਰਨੈਲ ਸਿੰਘ ਸੋਮਲ ਨੇ ਮੁੱਖ ਤੌਰ ਤੇ ਵਾਰਤਕ ਹੀ ਲਿਖੀ। ਪਾਠ-ਪੁਸਤਕਾਂ ਲਈ ਲਿਖੇ ਪਾਠ ਅਤੇ ਬਾਲ-ਸਾਹਿਤ ਲਿਖਦਿਆਂ ਕਹਾਣੀਆਂ ਤੇ ਕਵਿਤਾਵਾਂ ਵੀ ਲਿਖੀਆਂ। ਉਂਝ ਸਵੈ-ਜੀਵਨੀ, ਜੀਵਨੀਆਂ ਤੇ ਸਫ਼ਰਨਾਮਾ, ਸੰਪਾਦਨ ਕਾਰਜ, ਬਹੁਤ ਸਾਰੀਆਂ ਪੁਸਤਕਾਂ ਦੇ ਅਖ਼ਬਾਰਾਂ ਲਈ ਲਿਖੇ ਰੀਵਿਊ ਅਤੇ ਕਿੰਨਿਆਂ ਹੀ ਲੇਖਕਾਂ ਦੀਆਂ ਪੁਸਤਕਾਂ ਦੇ ਮੁੱਖ-ਬੰਧ ਵਾਰਤਕ ਵਿਚ ਹੀ ਲਿਖੇ ਗਏ।

`

**ਮਾਣ-ਸਨਮਾਨ:–** ਉਨ੍ਹਾਂ ਨੂੰ ਪੁਸਤਕ 'ਅੰਬਰਾਂ ਦੇ ਤਾਰੇ' ਨੂੰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ (2012) ਵਿਚ ਮਿਲਿਆ ਅਤੇ ਸਾਹਿਤ ਅਕਾਦਮੀ ਲੁਧਿਆਣਾ ਤੋਂ ਬਾਲ ਸਾਹਿਤ ਦੀ ਪੁਸਤਕ' ਇਸ ਘੋੜੇ ਦੀਆਂ ਵਾਗਾਂ ਫੜੋ' ਲਈ ਮਾਤਾ ਜਸਵੰਤ ਕੌਰ ਪੁਰਸਕਾਰ (2008) ਵਿਚ ਮਿਲਿਆ।

**ਇਸੇ ਕਲਮ ਤੋਂ ਸਾਹਿਤਕ ਨਿਬੰਧਾਂ ਦੀਆਂ ਪੁਸਤਕਾਂ:-**

1) ਜ਼ਿੰਦਗੀ ਉਤਸਵ ਹੈ (1998) 2) ਜੀਵਨ-ਜੁਗਤਾਂ ਦੀ ਤਲਾਸ਼ (2001) 3) ਜਿਊਣਾ ਆਪਣੀ ਮੌਜ 'ਚ (2004) 4) ਨਿੱਤ ਚੜ੍ਹਦੇ ਨਵੇਂ ਸਾਲ ਦਾ ਸੂਰਜ (2004) 5) ਫ਼ੁਰਸਤ ਦੇ ਪਲ (2007) 6) ਕਲਾਮਈ ਜ਼ਿੰਦਗੀ ਦੀ ਤਾਂਘ (2009) 7) ਸਾਡੇ ਅੰਬਰਾਂ ਦੇ ਤਾਰੇ (2011) 8) ਜ਼ਿੰਦਗੀ ਦੀ ਰੌਣਕ (2012) 9) ਫ਼ੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ (2013)

**ਖੋਜ:-**

10. ਭਾਈ ਦਿੱਤ ਸਿੰਘ ਗਿਆਨੀ-ਜੀਵਨ, ਰਚਨਾ ਅਤੇ ਸ਼ਖ਼ਸੀਅਤ। (ਸੋਧਿਆ ਸੰਸਕਰਨ-2005),

11. ਗਿਆਨੀ ਦਿੱਤ ਸਿੰਘ ਦੀ ਚੋਣਵੀਂ ਰਚਨਾਵਲੀ। (ਪੰਜਾਬੀ ਯੂਨੀਵਰਸਿਟੀ ਲਈ ਸੰਪਾਦਿਤ)

**ਬਾਲ ਸਾਹਿਤ ਨਾਲ ਸੰਬੰਧਿਤ ਪੁਸਤਕਾਂ:-**

1) ਹਿਰਨਾਂ ਦੀ ਡਾਰ (2006) 2) ਕੀੜੀ ਦਾ ਆਟਾ ਡੁੱਲ੍ਹ ਗਿਆ (2006) 3) ਜਦੋਂ ਦਾਦਾ ਜੀ ਭੂਤ ਬਣ ਗਏ (2006) 4) ਸੁਨਹਿਰੀ ਹਿਰਨਾ (2007) 5) ਸ਼ੇਰ ਉਪਕਾਰ ਨਾ ਭੁੱਲਿਆ (2007) 6) ਲੇਲਾ ਨਾਨਕੇ ਗਿਆ (2007) 7) ਅਕਲਮੰਦ ਲੰਗੂਰ (2007) 8) ਚੂਹੇ ਤੇ ਬਿੱਲੀ ਦੀ ਦੌੜ (2007) 9) ਸੋਨੇ ਦਾ ਆਂਡਾ ਦੇਣ ਵਾਲੀ ਮੁਰਗ਼ੀ (2007) 10) ਬਿੱਲੀ ਦੇ ਬਲੂੰਗੜੇ (2007) 11) ਘੋੜੇ ਨੂੰ ਨਿਆਂ (2007) 12) ਵੇ ਤੋਤਿਆਂ ਮਨਮੋਤਿਆ (2007) 13) ਸਿਆਣਾ ਕਬੂਤਰ (2007) 14) ਚਿੜੀ ਤੇ ਕਾਂ ਨੇ ਖਿਚੜੀ ਰਿੰਨ੍ਹੀਂ (2007) 15) ਕਿੰਨੀ ਸੋਹਣੀ ਵੇਖ ਸਵੇਰ (2007) 16) ਵਾਹ ਬਈ ਕਮਾਲ (2008) 17) ਇਸ ਘੋੜੇ ਦੀਆਂ

`

ਵਾਂਗਾਂ ਫੜੋ (2008) 18) ਸੋਹਣੇ ਸ਼ੌਕ ਦਾ ਮੁੱਲ ਕੋਈ ਨਾ (2010) 19) ਸੁਣੋ ਕਹਾਣੀ (2019) 20) ਸਹਿਯੋਗ ਦਾ ਸੋਹਣਾ ਸਬਕ (2013) 21) ਕਦੇ ਨਾ ਭੁੱਲਿਆ ਸਬਕ (2013) 22) ਨਵਾਂ ਸਾਲ ਹਰ ਸਾਹ ਨਾਲ (2013)23) ਬਿਰਖ ਨਾਲ ਹੋਈ ਚੈਟਿੰਗ (2013) 24) ਇਹ ਪ੍ਰਾਹੁਣੇ ਫੁਲ ਕਿੱਥੋਂ ਆਏ ਨੇ? 25) ਆਸਾ ਹੀ ਆਸਾਂ (2013) 26) ਛੂਟੇ (2013) 27) ਪੈਂਟ ਦੀ ਜੇਬ ਵਿਚ ਹਾਂ, ਅੰਕਲ (2013) 28) ਸਿੱਖੀ ਸੰਥਾਵਲੀ ਭਾਗ- 1 29) ਸਿੱਖੀ ਸੰਥਾਵਲੀ ਭਾਗ- 2 30) ਸਿੱਖੀ ਸੰਥਾਵਲੀ ਭਾਗ-3 31) ਸਿੱਖੀ ਸੰਥਾਵਲੀ ਭਾਗ-4 32) ਸਿੱਖੀ ਸੰਥਾਵਲੀ ਭਾਗ- 5

**ਵਿਦਿਆਰਥੀਆਂ ਨਾਲ ਸੰਬੰਧਿਤ ਪੁਸਤਕਾਂ**: 1) ਨਿਵੇਕਲੇ ਪੰਜਾਬੀ ਲੇਖ (ਸੀਨੀਅਰ ਸ਼੍ਰੇਣੀਆਂ ਲਈ) 2) ਨਿਵੇਕਲੇ ਪੰਜਾਬੀ ਲੇਖ (ਐਲੀਮੈਂਟਰੀ ਸ਼੍ਰੇਣੀਆਂ ਲਈ) 3) ਰੋਚਕ ਪੰਜਾਬੀ ਵਿਆਕਰਨ (ਸੀਨੀਅਰ ਸ਼੍ਰੇਣੀਆਂ ਲਈ) 4) ਰੋਚਕ ਪੰਜਾਬੀ ਵਿਆਕਰਨ (ਐਲੀਮੈਂਟਰੀ ਸ਼੍ਰੇਣੀਆਂ ਲਈ)

**ਇਸ ਖੋਜ ਅਧੀਨ ਡਾ. ਕਰਨੈਲ ਸਿੰਘ ਸੋਮਲ ਦੇ ਹੇਠ ਲਿਖੇ ਨਿਬੰਧ-ਸੰਗ੍ਰਹਿਆਂ ਦਾ ਅਧਿਐਨ ਕੀਤਾ ਜਾਵੇਗਾ।**

1.ਸਾਡੇ ਅੰਬਰਾਂ ਦੇ ਤਾਰੇ (2011)

2.ਜ਼ਿੰਦਗੀ ਦੀ ਰੌਣਕ (2012)

3.ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ (2013)

4.ਵਕਤ ਬਦਲ ਗਏ (2016)

**3. ਪ੍ਰੋ. ਅੱਛਰੂ ਸਿੰਘ**

ਪ੍ਰੋ. ਅੱਛਰੂ ਸਿੰਘ ਪੰਜਾਬੀ ਸਾਹਿਤ ਦੇ ਖੇਤਰ ਵਿਚ ਇੱਕ ਅਜਿਹੀ ਸ਼ਖ਼ਸੀਅਤ ਦਾ ਨਾਮ ਹੈ। ਜਿਨ੍ਹਾਂ ਦੀ ਨਿੰਮ੍ਹੀ-ਨਿੰਮ੍ਹੀ ਲੋਅ ਹਰ ਇੱਕ ਨੂੰ ਇਨਸਾਨੀਅਤ ਨਾਲ ਸਰਸ਼ਾਰ ਕਰਦੀ ਹੈ। ਪ੍ਰੋ. ਅੱਛਰੂ ਸਿੰਘ ਦਾ ਜਨਮ 3 ਮਈ

1948 ਈ. ਨੂੰ ਮਾਨਸਾ ਵਿਚ ਹੋਇਆ। ਪ੍ਰੋ. ਅੱਛਰੂ ਸਿੰਘ ਦੇ ਪਿਤਾ ਦਾ ਨਾਮ ਹੰਸਾ ਸਿੰਘ ਜੀ ਅਤੇ ਮਾਤਾ ਦਾ ਨਾਮ ਪ੍ਰਸਿੰਨ ਕੌਰ ਸੀ। ਆਪਣੇ ਨਾਮ ਅੱਛਰੂ ਸਿੰਘ ਬਾਰੇ ਜਾਣਕਾਰੀ ਦਿੰਦੇ, ਪ੍ਰੋ. ਅੱਛਰੂ ਸਿੰਘ ਲਿਖਦੇ ਹਨ:

> ਮੇਰਾ ਨਾਮ ਅੱਛਰੂ ਸਿੰਘ ਰੱਖਿਆ ਗਿਆ। ਇਸ ਦਾ ਇੱਕ ਕਾਰਨ ਤਾਂ ਇਹ ਦੱਸਿਆ ਜਾਂਦਾ ਹੈ ਕਿ ਮੇਰੇ ਜਨਮ ਤੋਂ ਪਹਿਲਾਂ ਮੇਰੀ ਮਾਤਾ ਨੂੰ ਕਾਂਗੜੇ ਵਿਚ ਬਰਜੇਸ਼ ਵਰੀ ਦੇਵੀ ਦੇ ਮੰਦਰ ਵਿਚ ਬਣੇ, ਅੱਛਰਾਂ ਕੁੰਡ ਵਿਚ ਇਸ਼ਨਾਨ ਕਰਵਾਇਆ ਗਿਆ ਸੀ ਤਾਂ ਜੋ ਉਸ ਦਾ ਹੋਣ ਵਾਲਾ ਬੱਚਾ ਉਮਰ ਦਰਾਜ਼ ਹੋਵੇ।ਦੂਜਾ ਕਾਰਨ ਇਹ ਦੱਸਿਆ ਗਿਆ ਕਿ ਮੇਰੇ ਜਨਮ ਸਮੇਂ ਮਾਨਸਾ ਵਿਚ ਇੱਕ ਨਾਇਬ ਹੁੰਦਾ ਸੀ, ਜਿਸ ਦਾ ਨਾਮ ਅੱਛਰੂ ਕੁਮਾਰ ਸੀ ਅਤੇ ਇਸ ਭਾਵਨਾ ਨਾਲ ਕਿ ਸ਼ਾਇਦ ਸਾਡਾ ਪੁੱਤਰ ਵੀ ਨਾਇਬ ਬਣ ਜਾਵੇ, ਮੇਰਾ ਨਾਮ ਅੱਛਰੂ ਸਿੰਘ ਰੱਖ ਦਿੱਤਾ ਗਿਆ। (ਵੀਰਵੰਤੀ ਕੌਰ ‘‘ਆਧੁਨਿਕ ਪੰਜਾਬੀ ਵਾਰਤਕ ਵਿਚ ਪ੍ਰੋ. ਅੱਛਰੂ ਸਿੰਘ ਦਾ ਯੋਗਦਾਨ” 8)

ਉਨ੍ਹਾਂ ਦੇ ਨਾਮ ਦਾ ਸੰਧੀ ਛੇਦ ਉਨ੍ਹਾਂ ਦੇ ਇੱਕ ਮਿੱਤਰ ਸ: ਬਹਾਦਰ ਸਿੰਘ ਨੇ ਅੱਛ+ਰੂਹ ਭਾਵ ਅੱਛੀ ਰੂਹ ਵਾਲੇ ਇਨਸਾਨ ਵਜੋਂ ਕੀਤਾ ਸੀ। ਅੱਛਰੂ ਸਿੰਘ ਨੇ ਵੀ ਸਾਰੀ ਉਮਰ ਇਹੀ ਕੋਸ਼ਿਸ਼ ਕੀਤੀ ਕਿ ਉਹ ਸੱਚ ਵਿਚ ਇੱਕ ਸੱਚੀ ਤੇ ਨੇਕ ਰੂਹ ਵਾਲੇ ਇਨਸਾਨ ਬਣ ਸਕਣ। ਪ੍ਰੋ. ਅੱਛਰੂ ਸਿੰਘ ਦੇ ਵਿਆਹ ਲਈ ਠਾਕਾ ਅੱਠਵੀਂ ਜਮਾਤ ਦੇ ਪੇਪਰ ਦੇਣ ਤੋਂ ਬਾਅਦ ਕਰ ਦਿੱਤਾ ਸੀ। 1965 ਈ. ਵਿਚ ਹਾਇਰ ਸੈਕੰਡਰੀ ਪਾਸ ਕਰਨ ਉਪਰੰਤ 23 ਸਤੰਬਰ 1966 ਨੂੰ ,ਉਨ੍ਹਾਂ ਦਾ ਵਿਆਹ ਗੁਰਸ਼ਰਨ ਕੌਰ ਦੇ ਨਾਲ ਹੋਇਆ। ਉਨ੍ਹਾਂ ਦੇ ਘਰ ਤੋਂ ਪੁੱਤਰ ਧਰਮਿੰਦਰ ਸਿੰਘ, ਲਖਵਿੰਦਰ ਸਿੰਘ ਤੇ ਇੱਕ ਬੇਟੀ ਪਰਮਿੰਦਰ ਕੌਰ ਕ੍ਰਾਂਤੀ ਨੇ ਜਨਮ ਲਿਆ। ਪ੍ਰੋ. ਸਾਹਿਬ ਦੀ ਮਿਹਨਤ ਸਦਕਾ ਉਨ੍ਹਾਂ ਦੇ ਬੱਚਿਆਂ ਨੇ ਉਚੇਰੀਆਂ ਸਫਲਤਾਵਾਂ ਹਾਸਿਲ ਕੀਤੀਆਂ ਹਨ।

ਪ੍ਰੋ. ਅੱਛਰੂ ਸਿੰਘ ਨੇ ਮੁੱਢਲੀ ਸਿੱਖਿਆ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਮਾਨਸਾ ਤੋਂ ਹਾਸਿਲ ਕੀਤੀ ਅਤੇ ਬੀ.ਏ. ਤਕ ਦੀ ਪੜ੍ਹਾਈ, ਉਨ੍ਹਾਂ ਨੇ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਤੋਂ ਕੀਤੀ। ਪੰਜਾਬੀ ਯੂਨੀਵਰਸਿਟੀ,

`

ਪਟਿਆਲੇ ਤੋਂ ਐਮ.ਏ. (ਅੰਗਰੇਜ਼ੀ) ਪਾਸ ਕੀਤੀ। 36 ਸਾਲ ਪ੍ਰੋ. ਅੱਛਰੂ ਸਿੰਘ ਨੇ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ ਵਿਖੇ ਅੰਗਰੇਜ਼ੀ ਵਿਭਾਗ ਦੇ ਮੁਖੀ/ ਪ੍ਰੋਫੈਸਰ ਵਜੋਂ ਸੇਵਾ ਨਿਭਾਈ। 2006 ਵਿਚ ਨਵਿਰਤ ਹੋਏ ਅਤੇ ਉਸ ਤੋਂ ਬਾਅਦ ਸੱਤ ਸਾਲ ਦੇਸ਼ ਭਗਤ ਯੂਨੀਵਰਸਿਟੀ ਵਿਖੇ, ਬਤੌਰ ਅੰਗਰੇਜ਼ੀ ਦੇ ਪ੍ਰੋਫੈਸਰ ਵਜੋਂ ਸੇਵਾ ਨਿਭਾਈ। ਲੇਖਕ ਨੇ ਇੱਕ ਸਥਾਪਿਤ ਸੰਪਾਦਕ, ਅਨੁਵਾਦਕ ਅਤੇ ਨਿਬੰਧਕਾਰ ਵਜੋਂ ਆਪਣੀ ਪਛਾਣ ਸਥਾਪਿਤ ਕੀਤੀ। ਲੇਖਕ ਹੁਣ ਤੱਕ ਤਿੰਨ ਦਰਜਨ ਤੋਂ ਵੀ ਜ਼ਿਆਦਾ ਪੁਸਤਕਾਂ ਦਾ ਅਨੁਵਾਦ ਕਰ ਚੁੱਕੇ ਹਨ। ਉਨ੍ਹਾਂ ਦੀ ਪੁਸਤਕ ਜੀਵਨ ਜਾਚ ਨੂੰ ਭਾਸ਼ਾ ਵਿਭਾਗ ਵੱਲੋਂ ਪੁਰਸਕਾਰ ਵੀ ਮਿਲਿਆ ਹੈ। ਇਸੇ ਕਲਮ ਤੋਂ ਲੇਖਕ ਦੀਆਂ ਵਾਰਤਕ ਰਚਨਾਵਾਂ ਹਨ 1) ਜੀਵਨ ਦੇ ਰੰਗ 2) ਵਿਰਸਾ ਅਤੇ ਸਭਿਆਚਾਰ: ਸੁਣਿਆਂ ਅਤੇ ਹੰਢਾਇਆ 3) ਸਿੱਖ ਧਰਮ ਅਤੇ ਜੀਵਨ-ਦਰਸ਼ਨ 4) ਜੀਵਨ ਬਾਤਾਂ 5) ਕੀਟਾਂ ਆਈ ਰੀਸ 6) ਸ਼ਖ਼ਸੀਅਤ ਵਿਕਾਸ, ਕੋਮਲ ਹੁਨਰ ਅਤੇ ਮਾਨਵੀ ਕਦਰਾਂ-7) ਚਾਨਣੀ ਭਰੀ ਚੰਗੇਰ ਆਦਿ ਹਨ।

**ਇਸ ਖੋਜ ਕਾਰਜ ਵਿਚ ਪ੍ਰੋ. ਅੱਛਰੂ ਸਿੰਘ ਦੇ ਹੇਠ ਲਿਖੇ ਨਿਬੰਧ-ਸੰਗ੍ਰਹਿ ਦਾ ਅਧਿਐਨ ਕੀਤਾ ਜਾਵੇਗਾ:**

1) ਜੀਵਨ ਦੇ ਰੰਗ

2) ਵਿਰਸਾ ਅਤੇ ਸਭਿਆਚਾਰ: ਸੁਣਿਆਂ ਅਤੇ ਹੰਢਾਇਆ

3) ਸਿੱਖ ਧਰਮ ਅਤੇ ਜੀਵਨ-ਦਰਸ਼ਨ

4) ਜੀਵਨ ਬਾਤਾਂ

5) ਸ਼ਖ਼ਸੀਅਤ ਵਿਕਾਸ, ਕੋਮਲ ਹੁਨਰ ਅਤੇ ਮਾਨਵੀ ਕਦਰਾਂ-ਕੀਮਤਾਂ ਆਦਿ ਹਨ।

6) ਚਾਨਣ ਭਰੀ ਚੰਗੇਰ

`

## 4. ਡਾ. ਸੁਰਿੰਦਰਪਾਲ ਸਿੰਘ ਮੰਡ

ਡਾ. ਸੁਰਿੰਦਰਪਾਲ ਸਿੰਘ ਮੰਡ, ਜਿਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਆਪਣੀ ਮਿਹਨਤ ਦੇ ਸਦਕਾ ਆਪਣੀ ਇੱਕ ਵੱਖਰੀ ਪਛਾਣ ਬਣਾਈ। ਇਹਨਾਂ ਦਾ ਜਨਮ ਪਿੰਡ ਠੱਕਰ ਪੁਰਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਸ: ਰਣਧੀਰ ਸਿੰਘ ਅਤੇ ਮਾਤਾ ਦਾ ਨਾਮ ਸੰਪੂਰਨ ਕੌਰ ਹੈ। ਦਸੰਬਰ 1985 ਵਿਚ ਸ੍ਰੀਮਤੀ ਗੁਰਚਰਨ ਕੌਰ ਦੇ ਨਾਲ ਇਹਨਾਂ ਨੇ ਆਪਣੇ ਗ੍ਰਹਿਸਤ ਜੀਵਨ ਦੀ ਸ਼ੁਰੂਆਤ ਕੀਤੀ। ਇਹਨਾਂ ਦੇ ਘਰ ਤਿੰਨ ਸਪੁੱਤਰੀਆਂ ਮਲਿਕਾ, ਮੰਨਤ ਅਤੇ ਸੀਰਤ ਨੇ ਜਨਮ ਲਿਆ।

ਡਾ. ਮੰਡ ਨੇ ਸਰਕਾਰੀ ਕਾਲਜ ਪੱਟੀ ਤੋਂ ਆਪਣੀ ਬੀ.ਏ ਦੀ ਪੜ੍ਹਾਈ ਪੂਰੀ ਕੀਤੀ ਅਤੇ 1983 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੇ ਐਮ.ਏ. ਪੰਜਾਬੀ ਵਿਚ (ਗੋਲਡ ਮੈਡਲਿਸਟ) ਰਹੇ। 1989 ਵਿਚ ਇਸੀ ਯੂਨੀਵਰਸਿਟੀ ਤੋਂ ਇਹਨਾਂ ਨੇ ਪੀਐੱਚਡੀ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਦੇ ਨਿਬੰਧ ਸੰਗ੍ਰਹਿ 'ਹੀਰ ਆਖਦੀ ਜੋਗੀਆ ਝੂਠ ਬੋਲੇਂ' ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਵਾਰਤਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ ਅਤੇ ਮੰਡ ਨੇ ਕਵਿਤਾ, ਕਹਾਣੀਆਂ, ਨਾਟਕ ਆਦਿ ਸਾਹਿਤ ਰੂਪ ਵਿਚ ਅਜ਼ਮਾਏ। ਲੇਖਕ ਦੇ 500 ਤੋਂ ਵੱਧ ਨਿਬੰਧ, ਲੇਖ, ਖੋਜ ਪੱਤਰ ਵੱਖ-ਵੱਖ ਅਖ਼ਬਾਰਾਂ ਅਤੇ ਮੈਗਜ਼ੀਨ ਵਿਚ ਛਪ ਚੁੱਕੇ ਹਨ। ਇਹਨਾਂ ਨੂੰ 'ਹਾਸ਼ਮ ਦੀ ਕਿੱਸਾਕਾਰੀ' (ਆਲੋਚਨਾ) ਪੁਸਤਕ ਨੂੰ ਸਾਲ 1994 ਦੇ ਹਾਸ਼ਮ ਸ਼ਾਹ ਯਾਦਗਾਰੀ ਸਾਹਿਤ ਪੁਰਸਕਾਰ ਨਾਲ ਸਨਮਾਨਿਆ ਗਿਆ। ਡਾ. ਮੰਡ ਨੇ 1988 ਵਿਚ ਬਤੌਰ ਪੰਜਾਬੀ ਅਧਿਆਪਕ ਸਰਕਾਰੀ ਕਾਲਜ, ਤਲਵਾੜਾ ਵਿਖੇ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕੀਤੀ ਅਤੇ ਸਤੰਬਰ 2017 ਵਿਚ ਇੱਥੇ ਹੀ ਬਤੌਰ ਮੁਖੀ ਪੰਜਾਬੀ ਵਿਭਾਗ ਤੋਂ ਸੇਵਾ ਮੁਕਤ ਹੋਏ। ਡਾ. ਸੁਰਿੰਦਰਪਾਲ ਸਿੰਘ ਮੰਡ ਨੇ ਮੁੱਖ ਤੌਰ ਤੇ ਵਾਰਤਕ ਹੀ ਲਿਖੀ। ਇਸ ਤੋਂ ਇਲਾਵਾ ਇਹਨਾਂ ਨੇ ਕਵਿਤਾਵਾਂ ਲਿਖੀਆਂ, ਆਲੋਚਨਾ ਹੀਰ ਰਾਂਝਾ, ਸੱਸੀ ਪੁੰਨੂੰ, ਸੋਹਣੀ ਮਹੀਂਵਾਲ, ਸ਼ੀਰੀਂ ਫ਼ਰਿਆਦ ਆਦਿ ਦੀ ਰਚਨਾ ਕੀਤੀ ਹੈ।

`

ਇਸੇ ਕਲਮ ਤੋਂ ਸਾਹਿਤਕ ਪੁਸਤਕਾਂ 1.) ਹਾਸ਼ਮ ਦੀ ਕਿੱਸਾਕਾਰੀ 2.) ਹੀਰ ਆਖਦੀ ਜੋਗੀਆ ਝੂਠ ਬੋਲੇਂ 3. ) ਸਾਡੇ ਸਮਿਆਂ ਦਾ ਸੱਚ (ਲੇਖ ਸੰਗ੍ਰਹਿ) 4.) ਆਓ ਬੱਚਿਓ ਬਾਤ ਸੁਣਾਵਾਂ 5.) ਸਤਰੰਗੀ ਪੀਂਘ (ਕਵਿਤਾਵਾਂ) 6.) ਕਿੱਸਾਕਾਰ ਹਾਸ਼ਮ (ਆਲੋਚਨਾ) 7.) ਮਨੁੱਖ ਤੇ ਪ੍ਰਕ੍ਰਿਤੀ (ਨਿਬੰਧ ਸੰਗ੍ਰਹਿ) 8.) ਸੋਚਾਂ ਦੇ ਅੰਗ-ਸੰਗ (ਨਿਬੰਧ ਸੰਗ੍ਰਹਿ) 9.) ਸੁੱਚੀਆਂ ਤੇ ਸਦੀਵੀ ਗੱਲਾਂ (ਨਿਬੰਧ ਸੰਗ੍ਰਹਿ) 10.) ਸਾਡੇ ਸਮਿਆਂ ਦੀ ਰਾਜਨੀਤੀ (ਲੇਖ ਸੰਗ੍ਰਹਿ) 11). ਜਿਊਣ ਦਾ ਸਲੀਕਾ ( ਨਿਬੰਧ ਸੰਗ੍ਰਹਿ) ਆਦਿ ਦੀ ਰਚਨਾ ਕੀਤੀ।

**ਇਸ ਖੋਜ ਕਾਰਜ ਅਧੀਨ ਡਾ. ਸੁਰਿੰਦਰਪਾਲ ਸਿੰਘ ਮੰਡ ਦੇ ਹੇਠ ਲਿਖੇ ਨਿਬੰਧ-ਸੰਗ੍ਰਹਿ ਦਾ ਅਧਿਐਨ ਕੀਤਾ ਜਾਵੇਗਾ:**

1. ਜਿਊਣ ਦਾ ਸਲੀਕਾ (2016)

**5. ਡਾ. ਹਰਸ਼ਿੰਦਰ ਕੌਰ**

ਡਾ. ਹਰਸ਼ਿੰਦਰ ਕੌਰ, ਜੋ ਕਿ ਰਾਜਿੰਦਰਾ ਮੈਡੀਕਲ ਹਸਪਤਾਲ ਵਿਚ ਅਸਿਸਟੈਂਟ ਪ੍ਰੋਫੈਸਰ ਦੇ ਤੌਰ 'ਤੇ ਆਪਣੀ ਭੂਮਿਕਾ ਨਿਭਾ ਰਹੇ ਹਨ। ਉਹ ਪ੍ਰਸਿੱਧ ਗੁਰਮਤਿ ਵਿਦਵਾਨ ਤੇ ਟੀਕਾਕਾਰ ਪ੍ਰੋ: ਸਾਹਿਬ ਸਿੰਘ ਦੀ ਦੋਹਤੀ ਤੇ ਪ੍ਰਸਿੱਧ ਸਾਹਿਤਕਾਰ, ਅਧਿਆਪਕ ਤੇ ਖੋਜੀ ਵਿਦਵਾਨ ਪ੍ਰੋ: ਪ੍ਰੀਤਮ ਸਿੰਘ ਦੀ ਬੇਟੀ ਹੈ। ਇਹ ਇੱਕ ਬਹੁਤ ਵੱਡਾ ਕਾਰਨ ਹੈ, ਕਿ ਉਹ ਡਾਕਟਰੀ ਪੜ੍ਹਾਈ ਕਰਨ ਤੋਂ ਬਾਅਦ ਵੀ ਸਾਹਿਤ ਨਾਲ ਏਨੀ ਨੇੜਤਾ ਨਾਲ ਜੁੜੇ ਹੋਏ ਹਨ। ਹਰਸ਼ਿੰਦਰ ਕੌਰ ਨੇ ਮੈਡੀਕਲ ਦੀ ਪੜ੍ਹਾਈ ਵਿਚ ਐਮ.ਡੀ. ਦੀ ਡਿਗਰੀ ਕੀਤੀ ਹੋਈ ਹੈ। ਉਨ੍ਹਾਂ ਦੀਆ ਕਈ ਪੁਸਤਕਾਂ ਛਪ ਚੁੱਕੀਆਂ ਹਨ

**ਗਿਆਨ ਸਾਹਿਤ:-1.** ਭਰੂਣ ਹੱਤਿਆ ਇੱਕ ਸਰਾਪ 2. ਚੁੱਪ ਦੀ ਚੀਖ਼

**ਭਾਸ਼ਾ ਵਿਗਿਆਨ:-1.** ਮਾਂ ਬੋਲੀ : ਇੱਕ ਡਾਕਟਰੀ ਦ੍ਰਿਸ਼ਟੀਕੋਣ

`

**ਬਾਲ ਮਨੋਵਿਗਿਆਨ**:-1. ਬਾਲ ਮਨਾਂ ਵਿਚ ਝਾਤ 2. ਬੱਚਿਆਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ

**ਸਿਹਤ ਗਿਆਨ ਨਾਲ ਸੰਬੰਧਿਤ ਪੁਸਤਕਾਂ**:-1. ਖ਼ੁਰਾਕ ਬਾਰੇ ਸੰਪੂਰਨ ਜਾਣਕਾਰੀ 2. ਅਨਮੋਲ ਕੁਦਰਤੀ ਸੁਗਾਤਾਂ

**ਬਾਲ ਰੋਗਾਂ ਨਾਲ ਸੰਬੰਧਿਤ ਪੁਸਤਕਾਂ**:-1. ਬੱਚਿਆਂ ਬਾਰੇ ਗਿਆਨ, ਵਿਗਿਆਨ ਅਤੇ ਮਨੋਵਿਗਿਆਨ

**2. ਬੱਚਿਆਂ ਦੀਆਂ ਬਿਮਾਰੀਆਂ ਦੇ ਇਲਾਜ:**

ਬਾਲ ਕਹਾਣੀਆਂ:-1. ਡਾਕਟਰ ਮਾਸੀ ਦੀਆਂ ਕਹਾਣੀਆਂ - ਭਾਗ ਪਹਿਲਾ 2. ਡਾਕਟਰ ਮਾਸੀ ਦੀਆਂ ਕਹਾਣੀਆਂ - ਭਾਗ ਦੂਜਾ 3. ਹਰਸ਼ ਮਾਸੀ ਦੀਆਂ ਕਹਾਣੀਆਂ

**ਇਸ ਖੋਜ ਕਾਰਜ ਅਧੀਨ ਡਾ.ਹਰਸ਼ਿੰਦਰ ਕੌਰ ਦੇ ਹੇਠ ਲਿਖੇ ਨਿਬੰਧ-ਸੰਗ੍ਰਹਿ ਦਾ ਅਧਿਐਨ ਕੀਤਾ ਜਾਵੇਗਾ:**

1. ਚੁੱਪ ਦੀ ਚੀਖ਼ (2016)

**ਮਾਣ-ਸਨਮਾਨ:-** ਲੇਖਿਕਾ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨੇ 22 ਜਨਵਰੀ 2016 ਪਦਮ ਸ਼੍ਰੀ ਸ਼੍ਰੋਮਣੀ ਸਨਮਾਨ ਦਿੱਤਾ। ਉਨ੍ਹਾਂ ਨੂੰ ਪੰਜਾਬ ਦੇ ਗਵਰਨਰ ਨੇ ਤਿੰਨ ਵਾਰ ਸਨਮਾਨ ਕੀਤਾ ਅਤੇ ਦੋ ਵਾਰ ਉਨ੍ਹਾਂ ਨੂੰ ਸਟੇਟ ਅਵਾਰਡ ਮਿਲ ਚੁੱਕਿਆ ਹੈ। ਉਨ੍ਹਾਂ ਨੂੰ 7 ਜਨਵਰੀ 2011 ਨੂੰ ਨਵੀਂ ਦਿੱਲੀ ਵਿਖੇ ਭਾਰਤ ਜੋਤੀ ਅਵਾਰਡ ਨਾਲ ਸਨਮਾਨਿਆ ਗਿਆ। ਉਨ੍ਹਾਂ ਨੂੰ ਐਸ .ਜੀ .ਪੀ .ਸੀ ਵੱਲੋਂ Female Forticide ਤੇ 'ਫ਼ਖਰ-ਏ-ਕੌਮ' ਸਨਮਾਨ ਮਿਲਿਆ ਹੈ। ਆਪ ਨੂੰ ਵਧੀਆ ਪੁਸਤਕ ਲਿਖਣ ਲਈ ਗੌਰਮਿੰਟ ਆਫ਼ ਪੰਜਾਬ ਨੇ ਡਾ: ਐਮ. ਐਸ. ਰੰਧਾਵਾ ਅਵਾਰਡ ਦਿੱਤਾ। ਉਨ੍ਹਾਂ ਦੀ ਕਿਤਾਬ 'Importance of mother tongue' ਨੂੰ ਮਸਊਦ ਖੱਦਰਪੋਸ਼ Award Literary Pakistan ਵੱਲੋਂ ਮਿਲਿਆ ਅਤੇ ਲੇਖਿਕਾ ਨੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਬਹੁਤ ਸਾਰੇ ਮੈਡੀਕਲ ਅਤੇ ਸਾਹਿਤ ਦੇ ਖੇਤਰ ਨਾਲ

`

ਸੰਬੰਧਿਤ ਖੋਜ ਪਰਚੇ ਲਿਖੇ ਤੇ ਪੇਸ਼ ਕੀਤੇ। ਕਈ ਖੋਜ-ਪੱਤਰ, ਅਖ਼ਬਾਰਾਂ, ਰਸਾਲਿਆਂ ਆਦਿ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ। ਡਾ. ਹਰਸ਼ਿੰਦਰ ਕੌਰ ਨੂੰ ਯੂਨਾਈਟਿਡ ਨੇਸ਼ਨਜ਼ ਵੱਲੋਂ 2012 ਵਿਚ 'ਵੂਮੈਨ ਆਫ਼ ਦਾ ਈਅਰ' ਘੋਸ਼ਿਤ ਕੀਤਾ ਗਿਆ। ਯੂ.ਐੱਨ ਵੱਲੋਂ ਅੰਤਰਰਾਸ਼ਟਰੀ ਤੌਰ ਤੇ ਔਰਤਾਂ ਦੇ ਅਧਿਕਾਰਾਂ ਨੂੰ ਜਾਗਰੂਕ ਕਰਨ ਲਈ ਚੁਣਿਆ ਗਿਆ।ਭਾਰਤ ਦੀਆਂ ਪ੍ਰਮੁੱਖ ਪ੍ਰਸਿੱਧ ਇਸਤਰੀਆਂ ਵਿਚ ਸਥਾਨ ਦਿੱਤਾ ਗਿਆ ਅਤੇ ਪੂਰੀ ਦੁਨੀਆ ਵਿਚ ਪਹਿਲੀਆਂ 100 ਆਦਰਸ਼ ਹਸਤੀਆਂ ਵਿਚ ਸ਼ਾਮਿਲ ਕੀਤਾ ਗਿਆ। ਭਾਰਤ ਦੇ ਰਾਸ਼ਟਰਪਤੀ ਵੱਲੋਂ ਸਨਮਾਨ ਪ੍ਰਾਪਤ ਹੋਇਆ।ਭਾਰਤ ਦੀ ਸਟੀਲ, ਵੂਮੈਨ ਦੇ ਤੌਰ ਤੇ ਸਨਮਾਨਿਤ ਕੀਤਾ ਗਿਆ। ਦੋ ਵਾਰੀ ਪੰਜਾਬ ਸਟੇਟ ਅਵਾਰਡ ਨਾਲ ਸਨਮਾਨ ਕੀਤਾ ਗਿਆ। ਪੰਜਾਬ ਤੇ ਹਰਿਆਣਾ ਦੇ ਗਵਰਨਰ ਵੱਲੋਂ ਤਿੰਨ ਵਾਰ ਸਨਮਾਨਿਤ ਕੀਤਾ ਗਿਆ। ਕੈਨੇਡਾ ਦੀ ਪਾਰਲੀਮੈਂਟ ਓਟਾਵਾ ਵੱਲੋਂ 'ਲਾਈਫ਼ ਟਾਈਮ ਅਚੀਵਮੈਂਟ ਅਵਾਰਡ ਵੀ ਦਿੱਤਾ ਗਿਆ। ਅਸਟਰੇਲੀਆ ਦੀ ਸੰਸਦ ਵੱਲੋਂ ਤੇ ਕੈਲੇਫੋਰਨੀਆ ਵੱਲੋਂ ਤੇ ਨਿਊ ਸਾਊਥ ਵੇਲਸ ਵੱਲੋਂ ਵੀ ਸਨਮਾਨ ਕੀਤਾ ਗਿਆ। ਮੈਡੀਕਲ ਐਂਡ ਨਰਸਿੰਗ ਫੈਕਲਟੀ ਬਾਬਾ ਫ਼ਰੀਦ ਯੂਨੀਵਰਸਿਟੀ ਦੇ ਬੋਰਡ ਆਫ਼ ਮੈਂਬਰ ਹਨ। ਨੈਸ਼ਨਲ ਅਕੈਡਮੀ ਆਫ਼ ਮੈਡੀਕਲ ਸਾਇੰਸ ਦੇ ਵੀ ਮੈਂਬਰ ਹਨ। ਇੰਡੀਅਨ ਐਸੋਸੀਏਸ਼ਨ ਆਫ਼ ਕਲੀਨੀਕਲ ਮੈਡੀਕਲ ਦੀ 'ਫੈਲੋ' ਵੀ ਪ੍ਰਾਪਤ ਹੈ। ਮੈਨੀਟੋਬਾ ਕੈਨੇਡਾ ਵੱਲੋਂ ਹੂਮੈਨ ਰਾਈਟਸ ਚੈਂਪੀਅਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਪਾਲਿਕਾ ਵੱਲੋਂ ਵੀ ਸਨਮਾਨਿਤ ਕੀਤਾ ਗਿਆ ਹੈ। ਕੈਨੇਡਾ ਦੇ ਪੀ.ਐਮ. ਵੱਲੋਂ ਦੋਨੋਂ ਦੇਸ਼ਾਂ ਵਿਚ ਸੰਬੰਧ ਮਜ਼ਬੂਤ ਕਰਨ ਲਈ (Certificate of appreciation) ਵੀ ਦਿੱਤਾ ਗਿਆ ਹੈ। ਮਾਈ ਭਾਗੋ, ਫਖ਼ਰੇ ਕੌਮ, ਧੀ ਪੰਜਾਬ ਦੀ, ਇੰਟਰਨੈਸ਼ਨਲ ਰੋਟਰੀ ਵੋਕੇਸ਼ਨਲ ਯੂਨਾਇਡ ਨੇਸ਼ਨਜ ਆਦਿ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਪੋਲ ਹੋਬੀਸ ਫੈਲੋਸ਼ਿਪ ਵੀ ਦਿੱਤੀ ਗਈ। ਲੇਖਿਕਾ ਦੀਆਂ 38 ਦੇ ਕਰੀਬ ਕਿਤਾਬਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

# ਅਧਿਆਇ ਦੂਜਾ

## ਡਾ. ਅਮਰ ਕੋਮਲ ਦੀ ਨਿਬੰਧਕਾਰੀ: ਵਿਧਾ- ਸ਼ਾਸਤਰੀ ਅਧਿਐਨ

ਡਾ. ਅਮਰ ਕੋਮਲ ਪੰਜਾਬੀ ਨਿਬੰਧਕਾਰੀ ਦੇ ਜਗਤ ਵਿਚ ਇੱਕ ਪ੍ਰਮੁੱਖ ਹਸਤਾਖ਼ਰ ਹੈ। ਡਾ. ਕੋਮਲ ਨੇ ਮਨੁੱਖੀ ਜੀਵਨ ਦੇ ਵਿਭਿੰਨ ਪਸਾਰਾ ਨੂੰ ਸਮੇਂ ਦਾ ਹਾਣੀ ਬਣਾ ਕੇ ਰਚਨਾ ਕੀਤੀ ਤੇ ਆਪਣੇ ਪਾਠਕਾਂ ਦੀ ਝੋਲੀ ਪਾਇਆ।ਲੇਖਕ ਨੂੰ ਵਿਸ਼ਾਲ ਚਿੰਤਨ ਦੇ ਸਦਕਾ, ਹਰ ਵਿਸ਼ੇ ਪ੍ਰਤੀ ਡੂੰਘੀ ਤੇ ਗਹਿਰੀ ਸੋਝੀ, ਉਹ ਇੱਕੋ ਸਮੇਂ ਲੇਖਕ ਤੇ ਚਿੰਤਕ ਦੀ ਭੂਮਿਕਾ ਨਿਭਾਉਂਦੀ ਪ੍ਰਤੀਤ ਹੁੰਦਾ ਹੈ। ਲੇਖਕ ਨੇ ਪੰਜਾਬੀ ਵਿਚ ਪ੍ਰਮੁੱਖ ਰੂਪ ਵਿਚ ਸਾਹਿਤ ਜਗਤ ਵਿਚ ਕਵੀ, ਆਲੋਚਕ, ਸੰਪਾਦਕ, ਬਾਲ-ਕਵੀ ਅਤੇ ਨਿਬੰਧਕਾਰ ਤੇ ਅਨੁਵਾਦਕ, ਸੰਪਾਦਕ ਵਜੋਂ ਆਪਣੀ ਇੱਕ ਨਿਵੇਕਲੀ ਪਛਾਣ ਬਣਾ ਚੁੱਕਿਆ ਹੈ। ਲੇਖਕ ਦੇ ਨਿਬੰਧਾਂ ਦਾ ਵਿਲੱਖਣ ਤੱਤ, ਇਹ ਹੈ ਕਿ ਇਹ ਵਿਸ਼ੇ ਨੂੰ ਪਰਤ-ਦਰ-ਪਰਤ ਖੋਲ੍ਹ ਕੇ ਪਾਠਕ ਦੇ ਰੂਬਰੂ ਹੋਣ ਦਾ ਸਫਲ ਉਪਰਾਲਾ ਕਰਦੇ ਹਨ। ਲੇਖਕ ਦੇ ਨਿਬੰਧ ਮਨੁੱਖ ਨੂੰ ਸੁਚਾਰੂ ਸੇਧ ਪ੍ਰਦਾਨ ਕਰ ਕੇ, ਸੰਜਮ ਤੇ ਮਰਿਆਦਾ ਵਿਚ ਰਹਿ ਕੇ ਜੀਵਨ ਨੂੰ ਸੁਚੱਜੇ ਢੰਗ ਨਾਲ ਜਿਊਣਾ ਦੀ ਜਾਚ ਸਿਖਾਉਂਦੇ ਹਨ। ਆਧੁਨਿਕ ਚਕਾਚੌਂਧ ਨੇ ਮਨੁੱਖ ਨੂੰ ਆਧੁਨਿਕ ਹੋਣ ਦਾ ਜਿਹੜਾ ਭੁਲੇਖਾ ਪਾਇਆ ਹੈ, ਉਸ ਨੇ ਮਨੁੱਖ ਦੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਦਿੱਤਾ ਹੈ ਤੇ ਉਹ ਇਹਨਾਂ ਕੀਮਤਾਂ ਨੂੰ ਵਿਸਾਰਦਾ ਜਾ ਰਿਹਾ ਹੈ। ਲੇਖਕ ਦੇ ਨਿਬੰਧਾਂ ਦੇ ਵਿਸ਼ੇ ਅਜੋਕੇ ਮਨੁੱਖ ਨੂੰ ਇੱਕ ਹਲੂਣਾ ਦਿੰਦਾ ਹੈ ਤਾਂ ਕਿ ਆਧੁਨਿਕ ਯੁੱਗ ਵਿਚ ਵਿਚਰਦਿਆਂ ਹੋਇਆ, ਕਿਸ ਤਰ੍ਹਾਂ ਉਹ ਆਪਣੇ ਸਭਿਅਕ ਹੋਣ ਦਾ ਸਬੂਤ ਪੇਸ਼ ਕਰੇ, ਕਿਸ ਤਰ੍ਹਾਂ ਉਹ ਆਪਣੇ ਆਲੇ-ਦੁਆਲੇ ਫੈਲੀ ਅਸ਼ਾਂਤੀ, ਹਿੰਸਾ ਆਦਿ ਨੂੰ ਖ਼ਤਮ ਕਰ ਕੇ ਸ਼ਾਂਤੀ ਤੇ ਖ਼ੁਸ਼ਹਾਲ ਜ਼ਿੰਦਗੀ ਜੀਵੇ।

> ਡਾ. ਸਤਿੰਦਰ ਕੌਰ ਅਨੁਸਾਰ: ਨਿਬੰਧ Open Ended ਖੁੱਲ੍ਹੇ ਅੰਤਿਕਾ ਵਾਲੇ ਹਨ, ਜਿਨ੍ਹਾਂ ਦਾ ਕੋਈ ਅੰਤ ਨਹੀਂ, ਜਿੱਥੇ ਡਾ. ਅਮਰ ਕੋਮਲ ਇੱਕ ਪੁਸਤਕ ਵਿਚਲੇ ਨਿਬੰਧ ਦੀ ਗੱਲ ਛੱਡਦੇ ਹਨ, ਅਗਲੇਰੀ ਕਿਸੇ ਪੁਸਤਕ ਵਿਚ ਉਸੇ ਵਿਸ਼ੇ ਨੂੰ ਨਿਵੇਕਲੇ ਭਾਂਤ ਨਾਲ ਦਰਸਾਉਂਦੇ ਹਨ। ਇਹੋ ਉਨ੍ਹਾਂ

ਦੀ ਆਧੁਨਿਕ ਨਿਬੰਧ ਵਿਧਾ ਦੀ ਵਿਸ਼ੇਸ਼ਤਾ ਹੈ। (ਬੱਦਨ "ਦਾਰਸ਼ਨਿਕ ਤੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਡਾ.ਅਮਰ ਕੋਮਲ ਦੀ ਨਿਬੰਧ-ਚੇਤਨਾ ਦੇ ਮਾਨਵੀ-ਸਰੋਕਾਰ " 60)

ਕਵਿਤਾ ਹੋਵੇ ਜਾ ਵਾਰਤਕ ਅਥਵਾ ਨਾਵਲ ਕਹਾਣੀ (ਗਲਪ) ਜਾਂ ਨਾਟਕ ਹਰ ਪ੍ਰਕਾਰ ਦੀਆਂ ਸਾਹਿਤਕ ਵਿਧਾਵਾਂ ਦੇ ਤੱਤ ਲਗਭਗ ਸਾਂਝੇ ਹੁੰਦੇ ਹਨ। ਸਾਹਿਤ ਲਿਖਣ ਦਾ ਵਿਸ਼ੇਸ਼ ਮੰਤਵ, ਲੇਖਕ ਆਪਣੇ ਮਨ ਦੀਆਂ ਭਾਵਨਾਵਾਂ, ਕਲਪਨਾਵਾਂ, ਸਮੱਸਿਆਵਾਂ ਇੱਛਾਵਾਂ ਅਥਵਾ ਵਿਚਾਰਾਂ ਨੂੰ ਆਪਣੀ ਲਿਖਤ ਰਾਹੀਂ ਵਿਅਕਤ ਕਰਦਾ ਹੈ।

> ਡਾ.ਨਰਿੰਦਰ ਸਿੰਘ ਕਪੂਰ ਅਨੁਸਾਰ: ਡਾ. ਕੋਮਲ ਭਾਰਤੀ ਚਿੰਤਨ ਧਾਰਾ ਦੀ ਵਰਤਮਾਨ ਸੁਰ ਹਨ। ਉਨ੍ਹਾਂ ਕੋਲ ਹਨੇਰਿਆਂ ਤੋਂ ਪਾਰ ਵੇਖਣ ਵਾਲੀ ਅੱਖ ਅਤੇ ਜ਼ਿੰਦਗੀ ਦੇ ਰਾਹ ਰਸਤਿਆਂ ਤੇ ਮਨੁੱਖ ਦਾ ਮਾਰਗ ਦਰਸ਼ਨ ਕਰਨ ਦੀ ਸਮਰੱਥਾ ਹੈ।(ਰੰਧਾਵਾ (ਸੰਪਾ:) ''ਡਾ. ਅਮਰ ਕੋਮਲ ਦਾ ਨਿਬੰਧ ਜਗਤ'' 121)

ਵਿਧਾ-ਸ਼ਾਸਤਰੀ ਅਧਿਐਨ ਦੀ ਦ੍ਰਿਸ਼ਟੀ ਤੋਂ ਪਰਖਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਕਿਸੇ ਵੀ ਵਿਧਾ ਦਾ ਪ੍ਰਮੁੱਖ ਤੱਤ ਉਸ ਦਾ ਉਦੇਸ਼ ਹੁੰਦਾ ਹੈ। ਇਸੇ ਲਈ ਸਭ ਤੋਂ ਪਹਿਲਾਂ ਡਾ.ਅਮਰ ਕੋਮਲ ਦੇ ਨਿਬੰਧਾਂ ਦੇ ਉਦੇਸ਼ਾਂ ਨੂੰ ਨਿਬੰਧਾਂ ਦੇ ਵਿਸ਼ਿਆਂ ਦੇ ਸੰਦਰਭ ਵਿਚ ਵਿਚਾਰਿਆ ਗਿਆ ਹੈ।

**ਲੇਖਕ ਦੇ ਨਿਬੰਧਾਂ ਦੇ ਵਿਸ਼ੇ**:- ੳ) ਮਨੋਵਿਗਿਆਨਕ ਪੱਖ, ਅ) ਸ਼ਖ਼ਸੀਅਤ ਉਸਾਰੀ, ੲ) ਨੈਤਿਕ ਕਦਰਾਂ-ਕੀਮਤਾਂ, ਸ) ਰਾਜਨੀਤਕ ਪੱਖ ਹ) ਦਾਰਸ਼ਨਿਕ ਨਿਬੰਧ ਕ) ਜੀਵਨ ਜਾਚ ਖ) ਰਿਸ਼ਤਿਆਂ ਦੀ ਮਹੱਤਤਾ, ਗ) ਨਾਰੀ ਪੱਖ ਘ) ਸਿੱਖਿਆਦਾਇਕ ਨਿਬੰਧ ਙ) ਸਮਕਾਲੀ ਸਮਾਜਿਕ ਸਰੋਕਾਰ (ਜਿਵੇਂ, ਰਿਸ਼ਵਤ, ਵਾਤਾਵਰਣ, ਭ੍ਰਿਸ਼ਟਾਚਾਰੀ, ਨਾਰੀ ਸਰੋਕਾਰ, ਬਲਾਤਕਾਰ, ਭਰੂਣ ਹੱਤਿਆ, ਅਪਰਾਧ)ਆਦਿ ਆਪਣੇ ਨਿਬੰਧਾਂ ਵਿਚ ਵਿਚਾਰੇ ਹਨ।

**1.ਵਿਸ਼ਾ-ਵਸਤੂ ਅਤੇ ਦ੍ਰਿਸ਼ਟੀਕੋਣ:-** ਕਿਸੇ ਲਿਖਤ ਦੀ ਵਸਤੂ ਸੰਬੰਧੀ ਬਿਆਨ ਕੀਤੀ ਵਿਚਾਰਧਾਰਾ ਵਿਸ਼ਾ ਹੈ। ਵਿਸ਼ੇ ਨੂੰ ਲਿਖਤ ਦੇ ਢਾਂਚੇ ਦੀ ਰੂਹ ਕਹਿ ਸਕਦੇ ਹਾਂ, ਜੋ ਵਸਤੂ ਸਰੀਰ ਹੈ ਤਾਂ ਦਿਸ਼ਾ ਇਸ ਸਰੀਰ ਦੀ ਜਾਨ ਹੈ, ਸ਼ਕਤੀ ਹੈ। ਅਭਿਵਿਅਕਤੀ ਕਲਾ ਲਿਖਤ ਵਿਚ ਵਿਸ਼ੇ ਨੂੰ ਸ਼ਬਦਾਂ ਰਾਹੀਂ ਪਾਠਕ ਦੇ ਮਨਾਂ ਤਕ ਸੰਚਾਰਨ ਦੀ ਵਿਧੀ ਹੈ। ਜਿੰਨੀ ਇਹ ਵਿਧੀ ਕਲਾਤਮਕ, ਸਪਸ਼ਟ ਤੇ ਢੁਕਵੇਂ ਸੁੰਦਰ ਸ਼ਬਦਾਂ ਰਾਹੀਂ ਸੰਚਾਰੀ ਜਾਵੇਗੀ, ਵਿਸ਼ੇ ਦੀ ਸਮਝ ਵਿਚ ਓਨੀ ਸਪਸ਼ਟਤਾ ਆਵੇਗੀ।

> ਡਾ. ਗੁਰਮੁਖ ਸਿੰਘ ਅਨੁਸਾਰ: ਡਾ.ਕੋਮਲ ਵਿਦਵਾਨ ਵਾਰਤਕਕਾਰ ਹੈ। ਉਨ੍ਹਾਂ ਵਿਚ ਦੋ ਵੱਡੇ ਗੁਣ ਹਨ-ਵਿਸ਼ੇ ਦੀ ਪਕੜ, ਬੁੱਧੀ-ਵਿਵੇਕ ਦੁਆਰ ਉਸ ਦਾ ਮੰਥਨ ਕਰਨ ਦੀ ਅਥਾਹ-ਸ਼ਕਤੀ ਤੇ ਸਮਰੱਥਾ ਅਤੇ ਕਲਾਤਮਕ ਢੰਗ ਨਾਲ ਉਸ ਨੂੰ ਪ੍ਰਸਤੁਤ ਕਰਨ ਦੀ ਜਾਚ। ਫ਼ਿਕਰ ਤੇ ਫ਼ਨ ਵਿਚ ਦੋਵਾਂ ਵਿਚ ਅਜਿਹਾ ਸੁਮੇਲ ਹੋਇਆ ਹੈ ਕਿ ਪਾਠਕ ਪੜ੍ਹਦਿਆਂ-ਪੜ੍ਹਦਿਆਂ ਇਹਨਾਂ ਨਿਬੰਧਾਂ ਵਿਚ ਖੁੱਭ ਜਾਂਦਾ ਹੈ। ਆਤਮ ਮੰਥਨ ਕਰਦਾ ਹੈ। ਮਾੜੀਆਂ ਆਦਤਾਂ ਮਾੜੇ ਵਿਚਾਰ ਕਰਮ ਤਿਆਗਣ ਦਾ ਅਚੇਤ ਫ਼ੈਸਲਾ ਕਰ ਕੇ ਚੰਗੇਰੇ ਜੀਵਨ ਦੀ ਕਾਮਨਾ ਕਰਦਿਆਂ ਸਤਿ-ਮਾਰਗ ਦਾ ਪਾਂਧੀ ਬਣ ਕੇ, ਜਿੱਥੇ ਆਪ ਚੰਗਾ ਜੀਵਨ ਗੁਜ਼ਾਰਦਾ ਹੈ, ਉੱਥੇ ਦੇਸ਼, ਕੌਮ, ਸਮਾਜ ਦੀ ਸੇਵਾ ਕਰਦਾ ਹੈ। (ਭੱਠਲ(ਸੰਪਾ.)"ਕਲਾਕਾਰ ਸਾਹਿਤਕ ਡਾ.ਅਮਰ ਕੋਮਲ ਵਿਸ਼ੇਸ਼ ਅੰਕ" 82)

**ੳ) ਮਨੋਵਿਗਿਆਨਕ ਪੱਖ:-** ਨਿਬੰਧ ਤਰਕ ਅਧਾਰਿਤ ਹੋਣ ਕਰ ਕੇ, ਇਹਨਾਂ ਦਾ ਇੱਕ ਪ੍ਰਮੁੱਖ ਖੇਤਰ ਮਨੋਵਿਗਿਆਨਕ ਪੱਖਾਂ ਨੂੰ ਪੇਸ਼ ਕਰਨਾ ਹੈ। ਮਨੁੱਖੀ ਮਨ ਵਿਚ ਪੈਦਾ ਹੋਇਆ ਡਰ, ਮਨੋਰੋਗ ਦਾ ਕਾਰਨ ਬਣਦਾ ਹੈ। ਜਿਸ ਨਾਲ ਤਣਾਅ ਤਾਂ ਵਧਦਾ ਹੀ ਹੈ, ਨਾਲ-ਨਾਲ ਮਨੁੱਖੀ ਮਨ ਕਈ ਤਰ੍ਹਾਂ ਦੀਆਂ ਗੁੰਝਲਾਂ ਦਾ ਸ਼ਿਕਾਰ ਹੁੰਦਾ ਹੈ। ਮਨੁੱਖੀ ਮਨ ਦਾ ਡਰ ਕਈ ਵਿਕਾਰਾਂ ਨੂੰ ਜਨਮ ਦਿੰਦਾ ਹੈ। ਇਹ ਇੱਕ ਭਾਵ ਹੈ, ਜਿਸ ਦਾ ਪ੍ਰਭਾਵ ਨਾਕਾਰਾਤਮਕ ਹੋਣ ਦੇ ਨਾਲ-ਨਾਲ ਭਾਰੂ ਭਿਅੰਕਰ ਵੀ ਹੈ ਕਿਉਂਕਿ ਡਰ ਜਦੋਂ ਮਨੁੱਖ ਦੇ ਅੰਦਰ ਪੈਦਾ ਹੋ ਗਿਆ

ਤਾਂ ਉਹ ਉਸ ਨੂੰ ਘਰ ਘਾਟ ਦਾ ਨਹੀਂ ਰਹਿਣ ਦਿੰਦਾ ਤੇ ਮਨੁੱਖ ਨੂੰ ਅਨੁਸ਼ਾਸਨ ਹੀਣ ਬਣਾ ਦਿੰਦਾ ਹੈ। ਡਰੇ ਹੋਏ ਮਨੁੱਖ ਵਿਚ ਸੂਝ-ਬੂਝ, ਸਹਿਜਤਾ ਤੇ ਸ਼ਾਲੀਨਤਾ ਦੀ ਹਮੇਸ਼ਾ ਘਾਟ ਰਹਿੰਦੀ ਹੈ। ਲੇਖਕ 'ਡਰ' ਨਿਬੰਧ ਵਿਚ ਇਸ ਡਰ ਨੂੰ ਬਿਆਨ ਦਾ ਹੈ:

> ਜੇਤੂ ਨੂੰ ਹਾਰਨ ਦਾ ਡਰ ਹੈ। ਸ਼ਕਤੀਸ਼ਾਲੀ ਨੂੰ ਆਪਣੀ ਸ਼ਕਤੀ ਦੇ ਗੁੰਮ ਹੋਣ ਜਾਣ ਦੇ ਡਰ ਹੈ। ਰਾਜਾ ਤਾਂ ਡਰਦਾ ਹੈ ਕਿ ਉਸ ਦੀ ਗੱਦੀ ਉੱਪਰ ਕੋਈ ਕਬਜ਼ਾ ਨਾ ਕਰ ਲਵੇ। ਡਰ ਨੇ ਦਿਨ-ਰਾਤ, ਚੌਵੀ ਘੰਟੇ, ਮਿੰਟ-ਸਕਿੰਟ ਅਜਿਹਾ ਡਰ ਪੈਦਾ ਕੀਤਾ ਹੈ ਕਿ ਮਨੁੱਖੀ ਜੀਵਨ ਵਿਚ ਤਣਾਉ, ਪਰੇਸ਼ਾਨੀ, ਖ਼ੌਫ਼ ਨੇ ਦਿਲ ਧੜਕਣਾਂ ਨੂੰ ਵਧਾ ਦਿੱਤਾ ਹੈ। (ਕੋਮਲ ''ਪੰਚਵਟੀ ਦੇ ਅੰਦਰ ਬਾਹਰ'' 10)

ਡਰ ਬੰਦੇ ਨੂੰ ਕਮਜ਼ੋਰ ਬਣਾ ਕੇ ਉਸ ਅੰਦਰਲੀਆਂ ਅਣਗਿਣਤ ਸ਼ਕਤੀਆਂ ਨੂੰ ਖ਼ਤਮ ਕਰ ਦਿੰਦਾ ਹੈ ਤੇ ਜਿਸ ਕਾਰਨ ਉਸ ਅੰਦਰ ਨਾਕਾਰਾਤਮਕ ਸ਼ਕਤੀਆਂ ਕਾਰਜਸ਼ੀਲ ਹੋ ਜਾਣਾ ਸੁਭਾਵਿਕ ਹੈ। ਲੋੜ ਇਸ ਗੱਲ ਦੀ ਹੈ ਕਿ ਆਪਣੇ ਆਪ ਵਿਚ ਅਨੁਸ਼ਾਸਨ, ਸੰਜਮਤਾ, ਰਚਨਾਤਮਕ ਤੇ ਸਿਰਜਣਾਤਮਕ ਸ਼ਕਤੀਆਂ ਦੀ ਸਿਰਜਣਾ ਕਰੋ, ਜਿਸ ਨਾਲ ਇਸ ਡਰ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਅੰਦਰੋਂ ਅਨੁਸ਼ਾਸਨੀ ਤੇ ਵਿਗਿਆਨਕ ਸੋਚ ਦਾ ਧਾਰਨੀ ਮਨੁੱਖ ਇਸ ਦਲਦਲ ਵਿਚੋਂ ਨਿਕਲ ਸਕਦਾ ਹੈ। ਆਪਣੇ ਅੰਦਰ ਆਤਮ ਵਿਸ਼ਵਾਸ ਦੇ ਗਿਆਨ ਨੂੰ ਜਗਾਉਣਾ ਜ਼ਰੂਰੀ ਹੈ। ਜਿਹੜਾ ਮਨੁੱਖ ਨੂੰ ਫਿਰ ਹਨੇਰੇ ਤੋਂ ਚਾਨਣ, ਅਡੋਲਤਾ ਤੋਂ ਅਟੱਲਤਾ ਦੀ ਪ੍ਰਾਪਤੀ ਕਰਨ ਵਿਚ ਮਦਦਗਾਰ ਸਾਬਤ ਹੋਵੇਗਾ। ਲੇਖਕ ਅਨੁਸਾਰ:

> ਮਨ ਵਿਚ ਪੈਦਾ ਹੋਇਆ ਡਰ, ਇੱਕ ਦਿਨ ਮਨੋਰੋਗ ਬਣ ਜਾਂਦਾ ਹੈ। ਨਵੀਆਂ ਗੁੰਝਲਾਂ ਪੈਦਾ ਹੋ ਜਾਂਦੀਆਂ ਹਨ। ਤਣਾਓ ਵਧਦਾ ਹੈ, ਜਿਸ ਨਾਲ ਤਨ-ਮਨ ਦੇ ਫੁੱਲਾਂ ਦੀ ਤਾਜ਼ਗੀ ਤੇ ਮਹਿਕ ਘੱਟ ਜਾਂਦੀ ਹੈ। (ਕੋਮਲ ''ਪੰਚਵਟੀ ਦੇ ਅੰਦਰ ਬਾਹਰ'' 17)

> ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ: ਡਰ, ਭੈਅ ਅਤੇ ਸਹਿਮ ਅਤਿਵਾਦੀ, ਆਤੰਕਵਾਦੀ ਜਾਂ ਗੁਰੀਲਾ ਯੁੱਧ ਨੀਤੀ ਦੇ ਪੈਂਤਰੇ ਹਨ, ਪਰ ਇਹ ਪੈਂਤਰੇ ਉਸੇ ਅਨੁਪਾਤ ਵਿਚ ਸਫਲ ਹੋਣਗੇ, ਜਿਸ ਅਨੁਪਾਤ ਵਿਚ ਇਹ ਅਨੁਸ਼ਾਸਨ ਵਿਚ ਰਹਿ ਕੇ ਵਰਤੇ ਜਾਣਗੇ। ਬਹੁਤ ਲੰਮੇ ਅਰਸੇ ਤੱਕ ਇਨ੍ਹਾਂ ਦੀ ਵਰਤੋਂ ਕਰਦੇ ਰਹਿਣ ਨਾਲ ਲੋਕਾਂ ਦੇ ਮਨ ਬੁੱਝ ਜਾਂਦੇ ਹਨ, ਦਿਲ ਸੁੰਗੜ ਜਾਂਦੇ ਹਨ ਅਤੇ ਦਿਮਾਗ਼ ਸੁੰਨ ਹੋ ਜਾਂਦੇ ਹਨ। ਜੇ ਲੋਕਾਂ ਦੇ ਮਨਾਂ ਵਿਚ ਕਿਸੇ ਅੰਦੋਲਨ ਜਾਂ ਜਦੋ ਜਹਿਦ ਪ੍ਰਤੀ ਉਤਸ਼ਾਹ ਹੀ ਨਾ ਰਹੇ ਤਾਂ ਕੇਵਲ ਡਰ, ਭੈਅ ਅਤੇ ਸਹਿਮ ਨਾਲ ਕਿਸੇ ਚੰਗੀ ਅਤੇ ਹੰਢਣਸਾਰ ਪ੍ਰਾਪਤੀ ਦੀ ਪ੍ਰਾਪਤੀ ਕਰਨੀ ਵਿਅਰਥ ਸਾਬਤ ਹੁੰਦੀ ਹੈ। (''ਬੂਹੇ-ਬਾਰੀਆਂ'' 84)

ਉਪਰੋਕਤ ਸ਼ਬਦਾਂ ਤੋਂ ਭਾਵ ਕਿ ਡਰ ਮਨੁੱਖ ਦੀ ਅੰਦਰੂਨੀ ਸਮਰੱਥਾ ਖ਼ਤਮ ਕਰ ਦਿੰਦਾ ਹੈ। ਹਮੇਸ਼ਾ ਉਤਸ਼ਾਹਿਤ ਵਿਅਕਤੀ ਹੀ ਹੰਢਣਸਾਰ ਜ਼ਿੰਦਗੀ ਦਾ ਹਿੱਸਾ ਬਣ ਸਕਦਾ ਹੈ ਤੇ ਲੋੜ ਹੈ ਇਸ ਡਰ ਨੂੰ ਖ਼ਤਮ ਕਰ ਕੇ ਉਤਸ਼ਾਹ ਭਰਪੂਰ ਜ਼ਿੰਦਗੀ ਨੂੰ ਜੀਵਿਆ ਜਾਵੇ। ਜੇਕਰ ਡਰ ਨੂੰ ਸਾਕਾਰਾਤਮਕ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇ ਮਨੁੱਖ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਦਾ ਹੈ। ਜੇਕਰ ਨਾਕਾਰਾਤਮਕ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇਹ ਮਨੋਰੋਗ ਬਣ ਜਾਂਦਾ ਹੈ।

'ਆਤਮ ਚੇਤਨਾ' ਨਿਬੰਧ ਵਿਚ ਲੇਖਕ ਆਤਮ ਚਿੰਤਨ ਦਾ ਮਹੱਤਵ ਪੇਸ਼ ਕਰਦਾ ਹੈ ਕਿ ਆਤਮ ਚੇਤਨਾ ਦਾ ਪਹਿਲਾ ਨਿਯਮ ਹੈ, ਆਪਣੇ ਆਪ ਨੂੰ ਸਮਝਣਾ, ਉਸ ਨਾਲ ਸੰਵਾਦ ਰਚਾਉਣ ਦੀ ਜਾਚ ਸਿੱਖਣੀ। ਲੇਖਕ ਅਨੁਸਾਰ ਆਤਮ ਚੇਤਨ ਲਈ ਪਰੰਪਰਾਗਤ ਰਿਵਾਜ਼ਾਂ ਨੂੰ ਵਿਗਿਆਨਕ ਸੋਚ ਅਪਣਾ ਕੇ ਉਸ ਉੱਪਰ ਅਮਲ ਕਰਨਾ ਜ਼ਰੂਰੀ ਹੈ:

> ਪੁੰਨ ਜਿਵੇਂ ਗਊ-ਦਾਨ, ਯੱਗ ਰਚਾਉਣੇ, ਹਵਨ ਕਰਨੇ, ਜਨਮ, ਮੌਤ ਸਮੇਂ ਦੇ ਰਸਮ ਰਿਵਾਜ, ਦਿਖਾਵੇ ਲਈ ਵਰਤ ਰੱਖਣੇ, ਦਰਿਆਵਾਂ ਨਦੀਆਂ ਵਿਚ ਮੁਰਦੇ, ਜ਼ਹਿਰੀਲੇ ਪਦਾਰਥ, ਚਾਵਲ, ਆਟੇ ਦੀਆਂ ਵਸਤੂਆਂ, ਮੂਰਤੀਆਂ ਦਾ ਜਲ ਪ੍ਰਵਾਹ ਆਦਿ। (ਕੋਮਲ ''ਚੇਤਨਾ ਤੇ ਹੋਰ ਨਿਬੰਧ'' 15)

ਉਪਰੋਕਤ ਰਿਵਾਜ ਮਨੁੱਖੀ ਜ਼ਿੰਦਗੀ ਨਾਲ ਜੁੜੇ ਅਜਿਹੇ ਪਰੰਪਰਾਗਤ ਰਿਵਾਜ ਹਨ। ਜਿਨ੍ਹਾਂ ਉੱਪਰ ਮਨੁੱਖੀ ਮਨ ਅਮਲ ਕਰਦੇ ਸਮੇਂ ਆਤਮ ਚਿੰਤਨ ਨਹੀਂ ਕਰਦਾ, ਇਹਨਾਂ ਸਭ ਚੀਜ਼ਾਂ ਦਾ ਸਾਡੇ ਸਮਾਜ ਜਾ ਸਾਡੇ ਦੇਸ਼ ਨੂੰ ਕੀ ਲਾਭ ਜਾਂ ਹਾਨੀ ਹੈ। ਨਿਮਨ ਲਿਖਤ ਸਤਰਾਂ ਮਨੁੱਖ ਨੂੰ ਦਾਨ ਦੀ ਅਸਲ ਮਹੱਤਤਾ ਸਮਝਾਉਂਦੀਆਂ ਦੇਖੀਆਂ ਜਾ ਸਕਦੀਆਂ ਹਨ ਕਿ ਦਾਨ ਕਿਹੋ ਜਿਹਾ ਹੋਣਾ ਚਾਹੀਦਾ ਹੈ:

> ਆਤਮ ਚੇਤਨਾ ਤੋਂ ਕੰਮ ਲੈਂਦਿਆਂ, ਜੇ ਦਾਨ ਕਰਨਾ ਤਾਂ ਦਲਿਤ ਗ਼ਰੀਬ ਅਣਹੋਏ, ਲੋਕਾਂ ਦੇ ਬੱਚਿਆਂ ਨੂੰ ਪੜ੍ਹਨ, ਕਿੱਤਾ ਸਿਖਲਾਈ ਕੇਂਦਰ ਆਦਿ ਵਿਚ ਦਾਖਲ ਕਰਵਾ ਕੇ, ਉਨ੍ਹਾਂ ਦੀ ਮਾਲੀ ਸਹਾਇਤਾ ਕੀਤੀ ਜਾਵੇ। (ਕੋਮਲ ''ਚੇਤਨਾ ਤੇ ਹੋਰ ਨਿਬੰਧ'' 15)

ਇਹ ਸਿਰਫ਼ ਵਿਗਿਆਨਕ ਸੋਚ ਅਪਣਾ ਕੇ ਅਤੇ ਆਤਮ ਚੇਤਨ ਹੋ ਕੇ ਹੀ ਸੰਭਵ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਲੇਖਕ ਦੀ ਸੋਚ ਤਰਕ ਮਈ ਹੈ। ਉਹ ਪਰੰਪਰਾ ਨੂੰ ਤਰਕ ਅਨੁਸਾਰ ਨਵਿਆਉਣਾ ਚਾਹੁੰਦਾ ਹੈ।

ਲੇਖਕ 'ਵਿਸ਼ਵਾਸ' ਨਿਬੰਧ ਵਿਚ ਅਸਲ ਭਰੋਸੇ ਦੀ ਮਹੱਤਤਾ ਸਮਝਾਉਂਦਾ ਹੈ ਕਿ ਵਿਗਿਆਨਕ ਸੋਚ ਹੀ ਮਨੁੱਖ ਦੇ ਅੰਦਰਲਾ ਸੱਚਾ ਵਿਸ਼ਵਾਸ ਹੈ। ਗਤੀਸ਼ੀਲ ਵਿਚਾਰ ਅਸਲ ਵਿਸ਼ਵਾਸ ਹਨ:

> ਅਜੋਕੇ-ਯੁੱਗ ਵਿਚ ਅਜਿਹੀ ਭਗਤੀ ਦੀ ਲੋੜ ਨਹੀਂ, ਜੋ ਅੰਨ੍ਹੀ ਹੋਵੇ, ਸੁੱਤੀ ਹੋਵੇ, ਅਹਿੱਲ ਹੋਵੇ, ਪੱਥਰ ਹੋਵੇ, ਨਾ ਹੀ ਅੰਨ੍ਹੇ ਭਗਤਾਂ ਦੀ ਲੋੜ ਹੈ, ਜੋ ਧਰਮ ਦੀ ਦੁਰਵਰਤੋਂ ਕਰਦੇ ਹਨ। (ਕੋਮਲ ''ਪੰਚਵਟੀ ਦੇ ਅੰਦਰ ਬਾਹਰ'' 21)

> ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ: ਜ਼ਿੰਦਗੀ ਵਿਚ ਵਿਗਿਆਨਿਕ ਸੋਚ ਦੇ ਧਾਰਨੀ ਬਣਨ ਦੀ ਲੋੜ ਹੈ। ਰਸਮ ਰਿਵਾਜ ਮਨੁੱਖ ਦੇ ਆਪਣੇ ਹੱਥ ਵਿਚ ਹਨ। ਪੁਰਾਣੇ ਰਸਮ ਰਿਵਾਜ ਖ਼ੁਦ ਹੀ ਨਿਰਾਰਥਕ ਬਣ ਜਾਂਦੇ ਹਨ, ਜਦ ਮਨੁੱਖ ਨੂੰ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਇਹ ਪਾਠ-ਪੂਜਾ, ਜਗਰਾਤੇ, ਮੰਤਰ-ਤੰਤਰ ਆਦਿ ਸਿਰਫ ਸੱਦ ਮਾਰਗ ਉੱਪਰ ਤੋਰਨ ਲਈ ਹਨ, ਪ੍ਰੰਤੂ ਇੰਨਾ ਸਭ ਕੁੱਝ ਕਰਨ ਦੇ ਬਾਵਜੂਦ ਵੀ ਜੇਕਰ ਮਨੁੱਖ ਦੇ ਅੰਦਰੋਂ ਹੰਕਾਰ, ਲੋਭ ਖ਼ਤਮ ਨਹੀਂ ਹੁੰਦਾ ਤਾਂ ਅਜਿਹੀ ਅੰਨ੍ਹੀ ਭਗਤੀ ਦੀ ਕੀ ਲੋੜ ਜਿਹੜੀ ਮਨੁੱਖ ਨੂੰ ਹਨੇਰੇ ਵਿਚੋਂ ਬਾਹਰ ਕੱਢਣ ਦੀ ਬਜਾਏ, ਉਸ ਨੂੰ ਹੋਰ ਹਨੇਰੇ ਵੱਲ ਧਕੇਲੇ। ਧਰਮ ਮਨੁੱਖ ਲਈ ਚਾਨਣ ਹੈ, ਜੋ ਮਨੁੱਖ ਦੇ ਅੰਦਰ ਹੀ ਬੈਠਾ ਹੈ, ਉਸ ਨੂੰ ਪ੍ਰਾਪਤ ਕਰਨ ਲਈ ਤਰਕਵਾਦੀ ਸੋਚ ਦੀ ਲੋੜ ਹੈ। ਅੰਨ੍ਹੇ ਭਗਤਾਂ ਦੀ ਲੋੜ ਨਹੀਂ ਹੈ। (''ਵਿਆਖਿਆ ਵਿਸ਼ਲੇਸ਼ਣ" 20)

ਉਪਰੋਕਤ ਵਿਚਾਰਾਂ ਅਨੁਸਾਰ ਮਨੁੱਖ ਨੂੰ ਫੋਕੇ ਕਰਮ ਕਾਂਡਾਂ ਚੋਂ ਨਿਕਲ ਕੇ ਗਿਆਨ ਦਾ ਸਹਾਰਾ ਲੈਣਾ ਚਾਹੀਦਾ ਹੈ। ਪ੍ਰਭੂ ਸੱਚੀ ਸੁੱਚੀ ਭਗਤੀ ਦੀ ਕਦਰ ਕਰਦੇ ਹਨ। ਅਜਿਹੇ ਧਰਮ ਦਾ ਕੀ ਫ਼ਾਇਦਾ, ਜਿਹੜਾ ਲੋਭ ਤੇ ਹੰਕਾਰ ਖ਼ਤਮ ਕਰਨ ਦੀ ਬਜਾਇ ਮਨੁੱਖ ਨੂੰ ਹਨੇਰੇ ਵੱਲ ਤੋਰੇ। ਧਰਮ ਮਨੁੱਖ ਨੂੰ ਰੱਬ ਨਾਲ ਜੋੜਨ ਦਾ ਇੱਕ ਜਰੀਆਂ ਹਨ, ਲੋੜ ਇਹਨਾਂ ਤੋਂ ਸੇਧ ਲੈ ਕੇ ਅਸਲ ਗਿਆਨ ਪ੍ਰਾਪਤ ਕਰਨ ਦੀ।

ਚੇਤਨਾ ਦਾ ਮੂਲ ਮਨ ਹੈ, ਜੇਕਰ ਮਨੁੱਖ ਦਾ ਮਨ ਅਨੁਸ਼ਾਸਿਤ ਰੂਪ ਵਿਚ ਕਾਰਜ ਕਰ ਰਿਹਾ ਹੈ ਤਾਂ ਮਨੁੱਖ ਅੰਦਰ ਗਿਆਨ ਦਾ ਪ੍ਰਕਾਸ਼ ਹੋ ਰਿਹਾ ਹੈ ਤੇ ਇਸ ਦੇ ਉਲਟ ਮਨੁੱਖ ਮਨ ਦਾ ਅਨੁਸ਼ਾਸਨ ਨਾ ਹੋਣਾ, ਮਨੁੱਖ

ਲਈ ਘਾਤਕ ਸਿੱਧ ਹੁੰਦਾ ਹੈ। 'ਚੇਤਨਾ' ਨਿਬੰਧ ਵਿਚ ਲੇਖਕ ਅਨੁਸਾਰ ਜ਼ਿੰਦਗੀ ਦੀ ਸਫਲਤਾ ਦਾ ਮੂਲ ਸਿਧਾਂਤ ਮਨੁੱਖੀ ਮਨ ਦਾ ਅਨੁਸ਼ਾਸਿਤ ਹੋਣਾ ਹੈ ਤੇ ਮਨੁੱਖੀ ਮਨ ਦਾ ਲੋੜ ਤੋਂ ਵੱਧ ਚੰਚਲ ਹੋਣਾ, ਜੋ ਅਸਲ ਰੂਪ ਵਿਚ ਚੇਤਨਾ ਹੈ। ਲੇਖਕ ਨਿਬੰਧ 'ਚੇਤਨਾ' ਵਿਚ ਵਿਚ ਫਰਾਇਡਵਾਦੀ ਸਿਧਾਂਤ ਦਾ ਹਵਾਲਾ ਦਿੰਦਾ ਆਖਦਾ ਹੈ:

> ਚੇਤਨ ਮਨ, ਅਰਧ ਚੇਤਨ ਮਨ, ਅਚੇਤ ਮਨ, ਸੁਚੇਤ ਮਨ ਦਾ ਅਧਿਐਨ ਕੀਤਾ ਜਾਵੇ ਤਾਂ ਮਨ ਸੰਬੰਧੀ ਵਧੇਰੇ ਕਲਿਆਣਕਾਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ ਅਤੇ ਚੇਤਨਾ ਦੇ ਅਰਥ ਸਾਫ਼ ਹੋ ਜਾਂਦੇ ਹਨ। ਚੇਤਨਾ ਲਈ ਬੁੱਧੀ (ਮੰਦ, ਸਧਾਰਨ, ਅਸਧਾਰਨ ਅਤੇ ਅਲੌਕਿਕ ਬੁੱਧੀ) ਦੀ ਵੀ ਮਹੱਤਤਾ ਹੈ। ਲੋੜ ਜੇਕਰ ਮਨ ਵੱਲੋਂ ਬੁੱਧੀ ਦੀ ਸਾਰਥਕ ਵਰਤੋਂ ਕਰਨ ਦਾ ਦ੍ਰਿੜ੍ਹ ਸੰਕਲਪ ਧਾਰਨ ਕੀਤਾ ਜਾਵੇ। ਬੁੱਧੀ ਦੇ ਯੋਗਦਾਨ ਨੂੰ ਘਟਾ ਕੇ ਨਹੀਂ ਦੇਖਣਾ ਚਾਹੀਦਾ। ਚੇਤਨਾ ਦੀ ਸਾਰਥਕਤਾ ਦਾ ਅਧਾਰ ਭੂਤ ਤੱਤ ਮਨ ਦੀ ਸਥਿਰਤਾ ਹੈ। (ਕੋਮਲ ''ਚੇਤਨਾ ਤੇ ਹੋਰ ਨਿਬੰਧ'' 10)

ਅੱਜ ਦੇ ਜ਼ਮਾਨੇ ਵਿਚ ਜ਼ਿੰਦਗੀ ਵਿਚ ਪੇਸ਼ ਹੁੰਦੇ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਮਨੋਵਿਗਿਆਨਕ ਕਾਰਨ ਹਨ।

**ਅ) ਸ਼ਖ਼ਸੀਅਤ ਉਸਾਰੀ:-** ਸਮਕਾਲ ਵਿਚ ਸ਼ਖ਼ਸੀਅਤ ਉਸਾਰੀ ਸਮਾਜ ਦਾ ਕੇਂਦਰੀ ਵਿਸ਼ਾ ਬਣ ਗਿਆ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਪਿਛਲੇ ਸਮੇਂ ਵਿਚ ਐਸਾ ਕੀ ਵਾਪਰਿਆ ਕਿ ਸਮਾਜ ਨੂੰ ਸ਼ਖ਼ਸੀਅਤ ਉਸਾਰੀ ਦੀ ਗੱਲ ਕਰਨੀ ਪੈ ਰਹੀ ਹੈ।

> ਡਾ. ਰਤਨ ਸਿੰਘ ਜੱਗੀ ਅਨੁਸਾਰ: ਡਾ.ਅਮਰ ਕੋਮਲ, ਇੱਕ ਸੰਜੀਦਾ ਲੇਖਕ ਹੈ। ਇਹ ਸੰਜੀਦਗੀ ਉਸ ਦੀ ਸ਼ਖ਼ਸੀਅਤ ਤੋਂ ਨਹੀਂ, ਉਸ ਦੇ ਨਿਬੰਧਾਂ ਦੇ ਵਿਸ਼ਿਆਂ ਦੀ ਚੋਣ, ਵਿਸ਼ੇ ਵਿਸ਼ਲੇਸ਼ਣ ਅਤੇ

> ਅਭਿਵਿਅਕਤੀ ਦੇ ਸਰੂਪ ਤੋਂ ਸਪਸ਼ਟ ਹੁੰਦੀ ਹੈ। ਇਹ ਨਿਬੰਧ ਸੰਗ੍ਰਹਿ ਉਸ ਦੀ ਲੇਖਣ ਕਲਾ ਦੀ ਪੂਜਾ ਸਮਗਰੀ ਹੈ, ਜੋ ਨਿਸ਼ਚੇ ਹੀ ਸਤਿਕਾਰਨ ਯੋਗ ਹੈ, ਪੜ੍ਹਨ-ਯੋਗ ਹੈ ਅਤੇ ਪੜ੍ਹਾਉਣ ਯੋਗ ਹੈ। (ਬੱਦਨ "ਦਾਰਸ਼ਨਿਕ ਤੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਡਾ.ਅਮਰ ਕੋਮਲ ਦੀ ਨਿਬੰਧ-ਚੇਤਨਾ ਦੇ ਮਾਨਵੀ-ਸਰੋਕਾਰ " 57)

ਮਨੁੱਖੀ ਜ਼ਿੰਦਗੀ ਵਿਚ ਜੋਸ਼ ਤੇ ਹੋਸ਼ ਦੋਹਾਂ ਦੀ ਆਪਣੀ-ਆਪਣੀ ਮਹੱਤਤਾ ਹੈ। ਜਿਹੜਾ ਮਨੁੱਖ ਕੋਲ ਜੋਸ਼ ਦੇ ਨਾਲ ਹੋਸ਼ ਵਰਗੇ ਗੁਣਾਂ ਦਾ ਧਾਰਨੀ ਹੈ, ਉਹ ਫਿਰ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਲੇਖਕ 'ਜੋਸ਼ ਅਤੇ ਹੋਸ਼' ਨਿਬੰਧ ਵਿਚ ਜੋਸ਼ ਤੇ ਹੋਸ਼ ਦੋਹਾਂ ਦੀ ਮਹੱਤਤਾ ਨੂੰ ਵੀ ਦਰਸਾਉਂਦਾ ਹੈ ਤੇ ਨਾਲ ਹੀ ਦੋਹਾਂ ਦੀ ਮਨੁੱਖੀ ਜ਼ਿੰਦਗੀ ਵਿਚ ਮਹੱਤਤਾ ਵੀ ਬਿਆਨ ਦਾ ਹੈ:

> ਜੇ ਜੋਸ਼ ਇਸ਼ਕ ਮਜਾਜ਼ੀ ਹੈ ਤਾਂ ਹੋਸ਼ ਇਸ਼ਕ ਹਕੀਕੀ ਦਾ ਪ੍ਰੇਰਨਾ ਸਰੋਤ ਹੈ। ਜੇ ਜੋਸ਼ ਇੱਛਾ ਲੰਮੀ ਤੰਦ ਹੈ ਤਾਂ ਹੋਸ਼ ਇੱਛਾਧਾਰੀ ਨਹੀਂ ਹੋ ਸਕਦਾ। ਜੋਸ਼ ਲਾਲਚ ਲਈ ਉਕਸਾਊ ਸ਼ਕਤੀ ਹੈ। ਹੋਸ਼ ਭਾਈਵਾਲ ਭਰੱਪਣ ਅਤੇ ਸਾਂਝੀਵਾਲਤਾ ਦੀ ਨੀਂਹ ਹੈ। (ਕੋਮਲ ''ਪੰਚਵਟੀ ਦੇ ਅੰਦਰ ਬਾਹਰ'' 111)

ਉਪਰੋਕਤ ਸ਼ਬਦਾਂ ਤੋਂ ਭਾਵ ਜੋਸ਼ ਤੇ ਹੋਸ਼ ਦੋਵੇਂ ਮਨੁੱਖੀ ਜ਼ਿੰਦਗੀ ਲਈ ਪ੍ਰੇਰਨਾ ਸਰੋਤ ਹਨ। ਜੇਕਰ ਇੰਞ ਕਿਹਾ ਜਾਵੇ ਕਿ ਚਿੱਕੜ ਵਿਚ ਫਸਣ ਤੇ ਜੋਸ਼ ਮਨੁੱਖ ਨੂੰ ਰਸਤਾ ਦਰਸਾ ਸਕਦਾ ਹੈ ਤਾਂ ਹੋਸ਼ ਮਨੁੱਖ ਮੁਸ਼ਕਲਾਂ ਦੇ ਹੱਲ ਲੱਭਣ ਦੇ ਯੋਗ ਬਣ ਜਾਂਦਾ ਹੈ। ਜ਼ਿੰਦਗੀ ਵਿਚ ਜੋਸ਼ ਤੇ ਹੋਸ਼ ਦੀ ਜੇਕਰ ਸਹੀ ਢੰਗ ਨਾਲ ਵਰਤੋਂ ਕੀਤੀ ਜਾਵੇ ਤਾਂ ਇਹ ਮਨੁੱਖ ਦੀ ਜ਼ਿੰਦਗੀ ਨੂੰ ਸੰਵਾਰਦੀ ਹੀ ਨਹੀਂ, ਸਗੋਂ ਉੱਚੀਆਂ ਬੁਲੰਦੀਆਂ ਤੇ ਵੀ ਪਹੁੰਚਾਉਣ ਦੇ ਸਮਰੱਥ ਹੁੰਦੇ ਹਨ। ਲੋੜ ਹੈ ਇਸ ਨੂੰ ਸਹੀ ਢੰਗ ਨਾਲ ਇਸਤੇਮਾਲ ਕਰਨ ਦੀ ਤਾਂ ਜੋ ਸਾਕਾਰਾਤਮਕ ਨਤੀਜੇ ਪ੍ਰਾਪਤ ਕੀਤੇ ਜਾ ਸਕਣ। ਇਹ ਦੋਵੇਂ ਇੱਕ ਦੂਜੇ ਦੇ ਪੂਰਕ ਹਨ। ਚਿੰਤਨ, ਚੇਤਨਾ ਤੇ ਕੁੱਝ ਨਵਾਂ ਸਿਰਜਣ ਤੇ ਨਵੇਂ ਰੰਗ ਭਰਨ

ਦੀ ਉੱਚੀਆਂ ਤੇ ਸੁੱਚੀਆਂ ਕਦਰਾਂ-ਕੀਮਤਾਂ ਤੇ ਮਰਿਆਦਾਵਾਂ ਦੇ ਅਧੀਨ ਤੇ ਅਨੁਸ਼ਾਸਨ ਵਿਚ ਰਹਿ ਕੇ, ਜ਼ਿੰਦਗੀ ਦੇ ਅਨੇਕਾਂ ਦੁੱਖਾਂ ਦਾ ਖ਼ਾਤਮਾ ਕੀਤਾ ਜਾ ਸਕਦਾ ਹੈ:

> ਸੁਚੇਤ ਹੋਣ ਦੀ ਪ੍ਰਕਿਰਿਆ ਲਈ ਗਿਆਨ-ਮਈ ਦ੍ਰਿਸ਼ਟੀ ਤੋਂ ਵਿਗਿਆਨਕ-ਦ੍ਰਿਸ਼ਟੀ ਅਪਣਾਵੇ। ਹਾਂ-ਵਾਚੀ ਦ੍ਰਿਸ਼ਟੀ ਰਾਹੀਂ ਗਤੀਸ਼ੀਲ ਬਣੇ ਰਹੋ, ਕੁੱਝ ਨਵਾਂ ਸੋਚੋ, ਕਰੋ ਤੇ ਅੱਗੇ ਵਧੋ।(ਕੋਮਲ ''ਪੰਚਵਟੀ ਦੇ ਅੰਦਰ ਬਾਹਰ'' 49)

> ਡਾ. ਕਰਮਜੀਤ ਸਿੰਘ ਅਨੁਸਾਰ: ਸਾਡੇ ਲਈ ਹੁਣ ਅਜਿਹੇ ਸਾਹਿਤ ਦੀ ਰਚਨਾ ਕਰਨੀ ਆਵੱਸ਼ਕ ਹੈ ਜੋ ਡੂੰਘਾਈ, ਸੁਤੰਤਰਤਾ, ਪ੍ਰੇਮ, ਸੁਹਜ-ਭਾਵਨਾ, ਰਚਨਾਤਮਕ-ਚੇਤਨਾ ਅਤੇ ਯਥਾਰਥ ਦੀ ਸੋਝੀ ਨਾਲ ਅਨੁਪ੍ਰਾਣਿਤ ਹੋਵੇ। ਸਾਡੇ ਸਾਹਿਤ ਲਈ, ਸਾਡੇ ਅੰਦਰ ਸ਼ਕਤੀ ਨੂੰ ਟੁੰਬਣ, ਵਾਤਾਵਰਣ ਨੂੰ ਵਿਦਰੋਹ ਅਤੇ ਬੇਚੈਨੀ ਨਾਲ ਭਰਪੂਰ ਕਰਨਾ ਆਵੱਸ਼ਕ ਹੈ, ਨਾ ਕਿ ਲੋਰੀ ਦੇ ਕੇ ਸੁਆਉਣਾ, ਕਿਉਂਕਿ ਸਾਡੇ ਲਈ ਨੀਂਦ ਦਾ ਅਰਥ ਹੈ-ਮੌਤ।(''ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਅਧਾਰ'' 100)

ਉਪਰੋਕਤ ਸ਼ਬਦਾਂ ਤੋਂ ਭਾਵ ਅਜੋਕੇ ਵਿਗਿਆਨਕ ਸਮੇਂ ਵਿਚ ਅਜਿਹੇ ਸਾਹਿਤ ਦੀ ਲੋੜ ਹੈ, ਜੋ ਆਪਣੇ ਪਾਠਕ ਲਈ ਉਸਾਰੂ, ਕਲਿਆਣਕਾਰੀ, ਬੋਧਿਕ, ਚਿਹਨ ਤੇ ਚੇਤਨਾ ਦੀ ਪ੍ਰੇਰਕ ਸ਼ਕਤੀ ਬਣੇ ਤੇ ਉਨ੍ਹਾਂ ਅੰਦਰ ਆਤਮਕ ਜਗਤ ਦੀ ਉਸਾਰੀ ਲਈ ਰਚਨਾਤਮਕ ਅਤੇ ਕਿਰਿਆਤਮਕ ਅਮਲ ਕਰਨ ਦਾ ਉਤਸ਼ਾਹ ਵਧਾਏ।ਅੱਜ ਦੇ ਵਿਗਿਆਨਕ ਯੁੱਗ ਵਿਚ ਭਾਵੁਕਤਾਵਾਦ ਅਤੇ ਰੁਮਾਂਸਵਾਦ ਵਰਗੇ ਸਾਹਿਤ ਸਿਰਜਣ ਕਰਨ ਦੀ ਲੋੜ ਨਹੀਂ, ਅਜਿਹੇ ਸਾਹਿਤ ਵਿਚ ਗਿਆਨਮਈ ਵਿਗਿਆਨਕ ਭਾਵਾਂ ਦੀ ਥਾਂ ਭਾਵੁਕ ਰੁਮਾਂਟਿਕ ਫੋਕੇ ਭਾਵਾਂ ਦੀ ਪ੍ਰਧਾਨਗੀ ਹੁੰਦੀ ਹੈ, ਨਿਰੇ ਕੋਮਲ ਭਾਵ, ਯਥਾਰਥ ਰੰਗ ਗਾਇਣ ਹੁੰਦੇ ਹਨ। ਫੋਕੇ ਆਦਰਸ਼ ਦਾ ਪ੍ਰਚਾਰ ਅਮਲ ਕਰਨ ਦੀ ਕੋਈ ਪ੍ਰੇਰਨਾ ਨਹੀਂ ਮਿਲਦੀ, ਪ੍ਰੰਤੂ ਜੇ ਕੋਈ ਫ਼ਿਲਮ ਦੇ ਸੰਵੇਦਨਸ਼ੀਲ ਦ੍ਰਿਸ਼ ਵਧੇਰੇ ਪੈਂਦਾ ਹੈ ਤਾਂ ਇਹ

ਭਾਵੁਕਤਾ ਹੈ। ਗਊ ਪੂਜਣਾ, ਸੰਤ ਮਹਾਤਮਾਂ ਦੇ ਪੈਰ ਧੋ ਕੇ ਚਰਨਾਮ੍ਰਿਤ ਬਣਾ ਕੇ ਪੀਣਾ ਭਾਵੁਕਤਾ ਹੈ। ਦੇਸ਼ ਭਗਤੀ ਦੇ ਨਾਂ ਉੱਪਰ ਹਜ਼ਾਰਾ ਆਪਣੇ ਤੇ ਦੁਸ਼ਮਣ ਦੇ ਸਿਪਾਹੀ ਮਾਰੇ ਜਾਂਦੇ ਹਨ।ਉਸ ਸਾਹਿਤ ਵਿਚ ਭਾਵੁਕਤਾ, ਕਰੁਣਾ, ਰੁਮਾਂਸ ਅਤੇ ਜਜ਼ਬਾਤ ਉਤੇਜਿਤ ਕਰ ਕੇ ਭੜਕਾਇਆ ਜਾਵੇ, ਉਪ ਭਾਵੁਕਤਾ ਹੈ। ਭਾਵੁਕਤਾਵਾਦੀ ਸਾਹਿਤ ਕਲਾ ਵਿਚ ਅਸਥਾਈ ਹੁੰਦਾ ਹੈ, ਜੋ ਸਾਹਿਤ ਯਥਾਰਥਕਤਾ ਬੁੱਧੀ ਤੇ ਵਿਗਿਆਨਕ ਦ੍ਰਿਸ਼ਟੀਕੋਣ ਦਾ ਵਿਰੋਧ ਕਰਦਾ ਹੈ। ਉਹ ਜੀਵਨ ਸਮਾਜ ਸੰਸਾਰ ਲਈ ਅਰਥਹੀਣ ਹੈ। ਇਸ ਲਈ ਉਹੋ ਸਾਹਿਤ ਸਾਡੇ ਲਈ ਉਪਯੋਗੀ ਹੈ, ਜੋ ਰਚਨਾਤਮਕ ਹੋਵੇ। ਡਾ. ਅਮਰ ਕੋਮਲ ਦੇ ਨਿਬੰਧਾਂ ਵਿਚ ਆਤਮ ਅਨਾਤਮ ਜਗਤ ਦੀ ਚੁਮੁਖੀ ਉਸਾਰੀ ਲਈ ਬੌਧਿਕ, ਸੰਵੇਦਨਸ਼ੀਲ ਚੇਤਨਾ ਹੈ, ਜੋ ਅਜੋਕੇ ਸਮਾਜਿਕ ਵਿਕਾਸ ਅਤੇ ਮਾਨਵੀ ਬੌਧਿਕ ਚਿੰਤਨ ਲਈ ਉਪਯੋਗੀ ਹੋਵੇਗੀ।

ਲੇਖਕ 'ਸਿੱਖਣਾ' ਨਿਬੰਧ ਵਿਚ ਇੱਕ ਜਾਚ ਸਿਖਾਉਂਦਾ ਹੈ ਕਿ ਜਿਵੇਂ-ਜਿਵੇਂ ਗਿਆਨ-ਵਿਗਿਆਨ ਦੇ ਸਾਧਨਾਂ ਨੇ ਸਿਰ ਚੁੱਕਿਆਂ ਤਿਵੇਂ-ਤਿਵੇਂ ਸਿੱਖਣ ਦੀ ਗੁਣਵੱਤਾ ਵਧੀ ਹੈ:

> ਸਾਡੇ ਸਮਾਜ ਵਿਚ ਧਰਮਾਂ ਦਾ ਘਾਟਾ ਨਹੀਂ, ਲੋਕ ਧਰਮਾਂ ਦੀ ਸਿੱਖਿਆ ਨਹੀਂ ਸਿੱਖਦੇ, ਨਾ ਅਮਲ ਕਰਦੇ ਹਨ। ਸਾਡੇ ਲੋਕ ਪਰਉਪਕਾਰੀ, ਬੁੱਧੀਜੀਵੀ ਅਤੇ ਮਿਹਨਤੀ ਤਾਂ ਹਨ, ਪ੍ਰੰਤੂ ਅਜੇ ਵੀ ਫਿਰੌਤੀ, ਭਰੂਣ-ਹੱਤਿਆ, ਚੋਰੀ ਡਾਕੇ ਅਤੇ ਬਲਾਤਕਾਰ ਵਧੇਰੇ ਹਨ, ਨਵੇਂ ਸਮਾਜ ਵੀ ਉਸਾਰੀ ਕਰਨ ਦੀ ਸਿੱਖਿਆ ਨਹੀਂ ਸਿੱਖਦੇ। (ਕੋਮਲ ''ਬਚਨ ਬਿਲਾਸ'' 33)

ਉਪਰੋਕਤ ਮਾਰੂਤੀ ਤੋਂ ਭਾਵ ਲੋੜ ਇਸ ਗੱਲ ਦੀ ਹੈ ਕਿ ਆਪਣੇ ਗਿਆਨ ਨੂੰ ਜਾਣਨ ਦਾ ਚਾਅ ਪੈਦਾ ਕਰਨ ਦੀ। ਉਸ ਉੱਦਮ ਤੇ ਹੌਸਲੇ ਦੀ, ਜੋ ਹਰੇਕ ਮਨੁੱਖ ਦੇ ਜੀਵਨ ਨੂੰ ਸਾਵਾ ਪੱਧਰਾ ਸਥਾਪਿਤ ਕਰਨ ਵਿਚ ਆਪਣਾ ਯੋਗਦਾਨ ਪਾ ਸਕੇ।

ਜਾਣਨਾ ਕੀ ਹੈ ਤੇ ਸਮਝਣਾ ਕੀ ਹੈ? ਇਹ ਦੋ ਮੁੱਦੇ ਅਜਿਹੇ ਹਨ, ਜੇਕਰ ਮਨੁੱਖ ਇਹਨਾਂ ਨੂੰ ਸਮਝਣ ਦਾ ਯਤਨ ਕਰੇ ਤਾਂ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਹੱਲ ਹੋ ਸਕਦੀਆਂ ਹਨ। ਲੇਖਕ 'ਜਾਣਨਾ ਤੇ ਸਮਝਣਾ' ਨਿਬੰਧ ਵਿਚ ਇਸ ਗੁੱਝੇ ਭੇਦ ਦਾ ਹੱਲ ਸਮਝਾਉਂਦਾ ਹੈ:

> ਜ਼ਿੰਦਗੀ ਨੂੰ ਜਾਣਨ, ਗਿਆਨ ਨੂੰ ਸਮਝਣ ਅਤੇ ਆਪਣੇ ਸਵੈ ਨੂੰ ਪਹਿਚਾਨਣ ਦੀ ਲੋੜ ਹੈ ਜਾਣਨ ਤੇ ਸਮਝਣ ਦੀ ਬੌਧਿਕ ਲੋੜ, ਕਲਾਤਮਕ ਸੂਝ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ, ਜੇਕਰ ਹਰ ਵਿਅਕਤੀ ਨੂੰ ਸਵੈ ਦੀ ਸੋਝੀ ਆ ਜਾਵੇ। ਹਰ ਵਿਅਕਤੀ ਦੀ ਆਤਮਾ ਬਲਵਾਨ ਹੋਵੇ। ਦੂਜੇ ਵਿਅਕਤੀਆਂ ਦੇ ਦੁੱਖਾਂ ਦਰਦਾਂ, ਸਮੱਸਿਆਵਾਂ ਨੂੰ ਆਪਣਾ ਸਮਝ ਕੇ ਉਸ ਨੂੰ ਦੂਰ ਕਰਨ ਦੇ ਉਪਰਾਲੇ ਕੀਤੇ ਜਾਣ ਅਤੇ ਮਨੁੱਖਤਾ ਦੇ ਭਲੇ ਦੀ ਨੀਤੀ ਸਭ ਲਈ ਅਮਲੀ ਕੰਮ ਬਣੇ। (ਕੋਮਲ ''ਸਰੋਕਾਰ ਤੇ ਸੰਕਲਪ'' 61)

ਉਪਰੋਕਤ ਸ਼ਬਦਾਂ ਤੋਂ ਭਾਵ ਜੋ ਕੁੱਝ ਸਮਾਜ ਵਿਚ ਗ਼ਲਤ ਵਾਪਰ ਰਿਹਾ ਹੁੰਦਾ ਹੈ ਉਸ ਦੀ ਸੋਝੀ ਤੇ ਸਮਝ ਮਨੁੱਖ ਨੂੰ ਹੈ, ਪਰ ਨਾ ਤਾਂ ਉਹ ਉਸ ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ ਤੇ ਨਾ ਹੀ ਸਮਝਣ ਦੀ। ਸਮਾਜ ਵਿਚ ਵਾਪਰਦੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਜਾਣਨਾ ਤੇ ਸਮਝਣਾ ਦੋਨੋਂ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ ਕਿਉਂਕਿ ਜਾਣਨ ਤੇ ਸਮਝਣ ਦੀ ਯੋਗਤਾ, ਮਨੁੱਖ ਨੂੰ ਹਨੇਰੇ ਤੋਂ ਚਾਨਣ ਵੱਲ ਲੈ ਕੇ ਜਾਣ ਵਿਚ ਸਹਾਈ ਹੋਣਗੇ।

**ੲ) ਨੈਤਿਕ ਕਦਰਾਂ-ਕੀਮਤਾਂ:-** ਖਿਮਾ ਮੰਗਣੀ ਜਾਂ ਕਿਸੇ ਨੂੰ ਖਿਮਾ ਦੇਣਾ, ਇਹ ਮਨੁੱਖ ਦੀ ਉਚੇਰੀ ਸ਼ਖ਼ਸੀਅਤ ਨੂੰ ਦਰਸਾਉਂਦੇ ਹਨ। ਖਿਮਾ ਮੰਗਣੀ ਜਾਂ ਕਿਸੇ ਦਾ ਕੰਮ ਕਰਨਾ, ਦੋਵੇਂ ਹੌਸਲੇ ਵਾਲੇ ਕਾਰਜ ਹਨ। ਇਸ ਲਈ ਮਨੁੱਖ ਅਜਿਹੀ ਦੇਵੀ ਗੁਣਾਂ ਦਾ ਧਾਰਨੀ ਹੋਣਾ ਜ਼ਰੂਰੀ ਹੈ ਜਿਵੇਂ ਸੰਤੋਖ, ਨੇਕੀ ਕਰਨ ਦੀ ਆਦਤ, ਸਹਿਣਸ਼ੀਲਤਾ ਆਦਿ।ਤਣਾਅ ਮੁਕਤ ਜ਼ਿੰਦਗੀ ਜਿਊਣ ਦੇ ਸੁਨਹਿਰੀ ਨਿਯਮ ਬਾਰੇ ਕਿਸੇ ਲੇਖਕ ਨੇ ਕਿਹਾ ਹੈ ਕਿ ਜੇਕਰ

ਇਨਸਾਨ ਜ਼ਰੂਰੀ ਹੈ ਤਾਂ ਗੱਲ ਭੁੱਲ ਜਾਓ ਜੇਕਰ ਗੱਲ ਜ਼ਰੂਰੀ ਹੈ ਤਾਂ ਇਨਸਾਨ ਭੁੱਲ ਜਾਓ, ਭਾਵ ਜਿਹੜਾ ਬੰਦਾ ਜ਼ਿੰਦਗੀ ਦੇ ਹਰ ਪਲ ਨਾਲ ਸਮਝੌਤਾ ਕਰਨਾ ਸਿੱਖ ਲਵੇ ਤਾਂ ਉਹ ਇੱਕ ਤਣਾਅ ਪੂਰਵਕ ਜ਼ਿੰਦਗੀ ਨਾਲ ਸਾਂਝ ਸਥਾਪਿਤ ਕਰ ਸਕਦਾ ਹੈ ਤੇ ਅੱਜ ਦੇ ਸਮੇਂ ਦੀ ਮੁੱਖ ਲੋੜ ਤਣਾਅ ਮੁਕਤ ਜਿਊਣਾ ਹੈ। ਮਨੁੱਖ ਜ਼ਿੰਦਗੀ ਜਿਊਂਦੇ ਹਨ।ਜ਼ਿੰਦਗੀ ਵਿਚ ਕਈ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ ਤੇ ਮਨੁੱਖ ਨੂੰ ਉਨ੍ਹਾਂ ਹਲਾਤਾਂ ਵਿਚ ਜ਼ਿੰਦਗੀ ਵਿਚ ਜਿਊਣੀ ਪੈਂਦੀ ਹੈ। ਲੇਖਕ 'ਸਮਝੌਤਾ' ਨਿਬੰਧ ਵਿਚ ਜ਼ਿੰਦਗੀ ਵਿਚ ਚੰਗੇ ਸਮੇਂ ਕੀਤੇ ਸਮਝੌਤੇ, ਮਨੁੱਖ ਦੀ ਮਾਨਸਿਕ ਸੰਤੁਸ਼ਟੀ ਦਾ ਕਾਰਨ ਬਣਦੇ ਹਨ:

> ਸਾਨੂੰ ਮੁੱਲਾਂ, ਕਦਰਾਂ-ਕੀਮਤਾਂ, ਵਿਗਿਆਨਕ ਸਿਧਾਂਤਾਂ ਅਤੇ ਪੱਕੇ ਦਾਰਸ਼ਨਿਕ ਵਿਚਾਰਾਂ ਨਾਲ ਸਮਝੌਤਾ ਕਰਨ ਲਈ ਦੇਰ ਨਹੀਂ ਕਰਨੀ ਚਾਹੀਦੀ। ਇਹ ਸਮਝੌਤਾ ਇਨ੍ਹਾਂ ਉੱਪਰ ਅਮਲ ਕਰਨ ਦੇ ਅਰਥਾਂ ਵਿਚ ਹੋਵੇ।(ਕੋਮਲ ''ਪੰਚਵਟੀ ਦੇ ਅੰਦਰ ਬਾਹਰ'' ੯੮)

ਉਪਰੋਕਤ ਸ਼ਬਦਾਂ ਤੋਂ ਭਾਵ ਸਥਾਪਿਤ ਪਰੰਪਰਾ ਨੂੰ ਖ਼ਤਮ ਨਾ ਕਰ ਕੇ, ਉਨ੍ਹਾਂ ਨੂੰ ਸਮੇਂ ਦੇ ਨਾਲ ਗਤੀਸ਼ੀਲ ਬਣਾਇਆ ਜਾ ਸਕਦਾ ਹੈ ਕਿਉਂਕਿ ਮਨੁੱਖੀ ਜਾਮਾ ਅਜਿਹਾ ਹੈ, ਜਿਹਦੀਆਂ ਲੋੜਾਂ ਕਦੀ ਪੂਰੀਆਂ ਨਹੀਂ ਹੁੰਦੀਆਂ। ਉੱਚੇ ਸੁੱਚੇ ਤੇ ਪਰਪੱਕ ਇਰਾਦੇ ਦਾ ਸੂਚਕ ਤੇ ਸਮਝੌਤਾ ਇਸ ਨੂੰ ਮਨੁੱਖ ਦੀ ਕਮਜ਼ੋਰੀ ਨਹੀਂ ਮੰਨਣਾ ਚਾਹੀਦਾ।

**ਸ) ਰਾਜਨੀਤਕ ਪੱਖ:-** ਲੇਖਕ ਦਾ ਨੇਤਾ ਬਾਰੇ ਵਿਚਾਰ ਸਮਕਾਲੀ ਦੌਰ ਵਿਚ ਵਿਸ਼ੇਸ਼ ਮਹੱਤਤਾ ਰੱਖਦਾ ਹੈ ਜਦੋਂ ਰਾਜਨੀਤੀ ਦਾ ਚਿਹਰਾ ਗੈਰ-ਸੰਵਾਦੀ ਬਣ ਰਿਹਾ ਹੈ। ਭਾਰਤ ਵਰਗੇ ਵਿਕਾਸਸ਼ੀਲ ਮੁਲਕ ਨੂੰ ਅੱਗੇ ਲਿਜਾਣਾ ਲਈ ਸੰਵਾਦ, ਗਿਆਨ ਵਾਲੇ ਨੇਤਾਵਾਂ ਦੀ ਬਹੁਤ ਲੋੜ ਹੈ। 'ਸਮਝੌਤਾ' ਨਿਬੰਧ ਵਿਚ ਲੇਖਕ ਸੇਧ ਦਿੰਦਾ ਹੈ ਕਿਉਂਕਿ ਮਨੁੱਖ ਵਿਚ ਇਹ ਸੋਝੀ ਹੋਵੇ, ਸਮਝੌਤਾ ਕਰਨਾ ਕਿੱਥੇ ਹੈ, ਕਿਤੇ ਗ਼ਲਤ ਅਨਸਰਾਂ ਦੇ ਧੱਕੇ ਚੜ ਕੇ ਉਹ ਖ਼ੁਦ ਲਈ ਤੇ ਪਰਿਵਾਰ ਲਈ ਤੇ ਦੇਸ਼ ਲਈ ਕਿਸੇ ਨੁਕਸਾਨ ਦਾ ਭਾਗੀਦਾਰ ਨਾ ਬਣ ਜਾਵੇ। ਇਸ

ਦਿਸਦੇ ਸੰਸਾਰ ਅੰਦਰ ਕੋਈ ਵੀ ਧਰਮ ਅਜਿਹਾ ਨਹੀਂ ਹੈ, ਜੋ ਹਮਦਰਦੀ, ਦਯਾ ਅਤੇ ਸੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੀ ਗਵਾਹੀ ਭਰਦਾ ਹੈ। ਲੇਖਕ ਧਰਮ ਨੂੰ ਮਨੁੱਖੀ ਜੀਵਨ-ਜਾਚ ਵਜੋਂ ਪੇਸ਼ ਕਰਦਾ ਹੈ। ਇਸੇ ਲਈ ਧਰਮ ਨਾਲ ਜੁੜੀਆਂ ਪਰੰਪਰਾਵਾਂ ਨੂੰ ਜੀਵਨ ਨਾਲ ਜੋੜ ਕੇ ਦੇਖਦਾ ਹੈ:

> ਉੱਚਾ ਸੁੱਚਾ ਚਰਿੱਤਰਵਾਨ ਨੇਤਾ, ਕ੍ਰੋਧ ਦੀ ਅੱਗ ਨੂੰ ਨੇੜੇ ਨਹੀਂ ਆਉਣ ਦਿੰਦਾ।ਉਸ ਦੇ ਅੰਦਰਲੇ ਸਾਤਵਿਕ ਗੁਣ, ਉਸ ਨੂੰ ਸ਼ਕਤੀ ਪ੍ਰਦਾਨ ਕਰਦੇ ਹਨ। ਉਹ ਵਾਦ-ਵਿਵਾਦ ਦੇ ਮੁੱਲਵਾਣ ਤੇ ਗਿਆਨਮਈ ਸ਼ਕਤੀ ਨਾਲ ਦਲੀਲਾਂ ਦੇ ਕੇ ਵਕਾਲਤ ਕਰਦਾ ਹੈ। ਵਿਤਕਰੇ ਘਟਾਉਂਦਾ ਹੈ। ਦੂਰੀਆਂ ਮਿਟਾਉਂਦਾ ਹੈ। ਸੰਵਾਦ ਰਚਾਉਂਦਾ ਹੈ। ਵਾਦ-ਵਿਵਾਦ ਨੂੰ ਸੰਸ਼ਲੇਸ਼ਨ ਵਿਚ ਬਦਲ ਕੇ ਸਮਝੌਤੇ ਨੂੰ ਰੂਪਮਾਨ ਕਰਦਾ ਹੈ। (ਕੋਮਲ ''ਪੰਚਵਟੀ ਦੇ ਅੰਦਰ ਬਾਹਰ'' 99)

> ਹਮਦਰਦੀ ਜਾਂ ਸਹਾਨਭੂਤੀ ਦਾ ਮੂਲ-ਮੰਤਰ ਇਹ ਹੈ ਅਜਿਹਾ ਵਿਵਹਾਰ ਦੂਜਿਆਂ ਨਾਲ ਕਰੋ। ਜਿਹੋ ਜਿਹਾ ਤੁਸੀਂ ਦੂਜਿਆਂ ਤੋਂ ਆਪਣੇ ਨਾਲ ਕਰਵਾਉਣਾ ਚਾਹੁੰਦੇ ਹੋ। ਹਮਦਰਦੀ, ਸਹਾਨਭੂਤੀ, ਧੁਰ ਆਤਮਾ ਤੋਂ ਪ੍ਰੇਮ ਪਿਆਰ, ਸੇਵਾ, ਉਪਕਾਰ ਦੀ ਭਾਵਨਾ ਨਾਲ ਕੀਤੀ ਜਾਵੇ।ਤੁਹਾਡੇ ਅੰਦਰੋਂ ਆਪ ਪੈਦਾ ਹੋਵੇ। (ਕੋਮਲ ''ਸਰੋਕਾਰ ਤੇ ਸੰਕਲਪ'' 66 )

ਆਪਣੇ ਅੰਦਰ ਵੱਸਦੇ ਉਸ ਸ਼ੈਤਾਨ ਨੂੰ ਖ਼ਤਮ ਕਰਨ ਦੀ, ਜਿਹੜਾ ਸਾਡੇ ਅੰਦਰੋਂ ਹਮਦਰਦੀ ਦੀ ਭਾਵਨਾ ਖ਼ਤਮ ਕਰ ਕੇ ਤੇ ਲਾਚਾਰ ਹੋ ਕੇ, ਸਾਨੂੰ ਇਹ ਜਗਤ ਤਮਾਸ਼ਾ ਦੇਖਦੇ ਰਹਿਣ ਲਈ ਮਜਬੂਰ ਕਰਦਾ ਹੈ। ਸੋ ਹਮੇਸ਼ਾ ਮਨੁੱਖ ਨੂੰ ਆਪਣੇ ਅੰਦਰ ਹਮਦਰਦੀ ਦੇ ਭਾਵ ਜਗਾ ਕੇ, ਉੱਚੀਆਂ ਸੁੱਚੀਆਂ ਕਦਰਾਂ-ਕੀਮਤਾਂ ਨਾਲ ਜੁੜ ਕੇ, ਮਾਨਵ ਸੰਸਾਰ ਨੂੰ ਖ਼ੁਸ਼ ਰੱਖਣ ਦੇ ਉਪਰਾਲੇ ਕਰਨੇ ਚਾਹੀਦੇ ਹਨ।

'ਪੁੰਨ ਪਾਪ' ਨਿਬੰਧ ਵਿਚ ਲੇਖਕ ਪੁੰਨ ਕਿਹੋ ਜਿਹੇ ਹੋਣੇ ਚਾਹੀਦੇ ਹਨ ਸੰਬੰਧੀ ਚਾਨਣਾ ਪਾਉਂਦਾ ਹੈ, ਜਿੱਥੇ ਮੌਜੂਦਾ ਪ੍ਰਬੰਧ ਮਨੁੱਖ ਨੂੰ ਮਸ਼ੀਨ ਬਣਾਉਣ ਜਾ ਰਿਹਾ ਹੈ। ਉਥੇ ਸਾਹਿਤ ਮਨੁੱਖ ਅੰਦਰ ਮਨੁੱਖਤਾ ਬਣਾਈ ਰੱਖਣ ਵਿਚ ਯੋਗਦਾਨ ਪਾਉਂਦਾ ਹੈ ਅਤੇ ਲੇਖਕ ਇਸ ਪੱਖੋਂ ਸੁਚੇਤ ਯਤਨ ਕਰ ਰਿਹਾ ਹੈ:

> ਸੰਸਾਰ ਦੇ ਜਿੰਨੇ ਵੀ ਧਰਮ ਹਨ, ਉਹ ਸਭ ਪੁੰਨ ਕਾਰਜਾਂ ਦੇ ਪ੍ਰੇਰਨਾ ਸਰੋਤ ਹਨ।ਧਰਮ, ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਧਾਰਨ ਕਰਵਾਉਣ ਦਾ ਇੱਕ ਸਾਧਨ ਹੈ। ਜਿਨ੍ਹਾਂ ਕਦਰਾਂ-ਕੀਮਤਾਂ ਰਾਹੀਂ ਪਿਆਰ, ਮਿਲਵਰਤਨ, ਰਚਨਾਤਮਕ, ਕਾਰਜ ਸੰਪੂਰਨ ਹਮਦਰਦੀ, ਹੋਣ, ਉਹ ਕਾਰਜ ਪੁੰਨ ਸਮਾਨ ਹਨ। (ਕੋਮਲ ''ਸਰੋਕਾਰ ਤੇ ਸੰਕਲਪ'' 70)

ਜਦੋਂ ਮਨੁੱਖ ਆਪਣੀਆਂ ਜ਼ਿੰਮੇਵਾਰੀਆਂ ਚਾਹੇ ਉਹ ਪਰਿਵਾਰ ਪ੍ਰਤੀ ਹੋਣ ਜਾਂ ਸਮਾਜ ਤੇ ਸੰਸਾਰ ਪ੍ਰਤੀ ਆਦਿ ਨੂੰ ਅਨੁਸ਼ਾਸਨ ਵਿਚ ਰਹਿ ਕੇ ਪੂਰਾ ਕਰਦਾ ਹੈ, ਤਾਂ ਉਹ ਪੁੰਨ ਕਾਰਜ ਹੀ ਕਰ ਰਿਹਾ ਹੁੰਦਾ ਹੈ ਤੇ ਪਾਪ ਸਰਬਜਨਕ ਲਈ ਘਾਤਕ ਸਿੱਧ ਹੁੰਦਾ ਹੈ। ਜਿਹੜਾ ਮਨੁੱਖ ਨੂੰ ਦੁੱਖ-ਦਰਦ, ਪੀੜਾਂ ਤੇ ਅਸੰਤੁਸ਼ਟੀ ਦਾ ਸੂਚਕ ਬਣਦਾ ਹੈ।

ਲੇਖਕ ਅਨੁਸਾਰ, ਲੋੜ ਇਸ ਗੱਲ ਦੀ ਹੈ ਕਿ ਲੋਕਾਂ ਨੂੰ ਸੁਚੇਤ ਕਰਨ ਦਾ ਪੁੰਨ ਕਾਰਜ ਕਰਦੇ ਰਹੋ, ਕਿਸੇ ਗ਼ਰੀਬ ਨਿਤਾਣੇ ਪਰਿਵਾਰ ਦੀ ਮਦਦ ਹੋਵੇ, ਚਾਹੇ ਸਿੱਖਿਆ ਨਾਲ ਸੰਬੰਧਿਤ ਕਾਰਜ ਹੋਣ, ਲੋੜ ਹੈ ਭਾਈ ਕਨ੍ਹਈਆ ਜੀ ਬਣ ਕੇ ਪਿਆਸੇ ਨੂੰ ਪਾਣੀ ਪਿਲਾਉਣ ਦੀ, ਜੋ ਕੰਮ ਦੂਜਿਆਂ ਲਈ ਉਸਾਰੂ ਕੀਤੇ ਜਾਣ ਉਹੀ ਪੁੰਨ ਹਨ। ਲੇਖਕ ਅਨੁਸਾਰ ਮਨੁੱਖ ਵਿਚ ਪਨਪਦੇ ਹਮਦਰਦੀ ਭਰੇ ਭਾਵ, ਹਮੇਸ਼ਾ ਉਸ ਨੂੰ ਮਨੁੱਖ ਬਣੇ ਰਹਿਣ ਲਈ ਪ੍ਰੇਰਦੇ ਹਨ। ਕਦਰਾਂ- ਕੀਮਤਾਂ ਦਾ ਧਾਰਨੀ ਮਨੁੱਖ ਹਮੇਸ਼ਾ ਸਰਬੱਤ ਦਾ ਭਲਾ ਹੀ ਲੋਚਦਾ ਹੈ। ਸਮਾਜ ਨੂੰ ਤਰੱਕੀ ਦੇ ਰਾਹ ਤੇ ਲੈ ਕੇ ਜਾਣ, ਚਰਿੱਤਰ ਨੂੰ ਉੱਚਾ ਰੱਖਣਾ, ਸੱਦ ਮਾਰਗ ਤੇ ਚੱਲਣਾ, ਮਿਲਵਰਤਨ ਵਧਾਉਣਾ,

ਇਸਤਰੀ ਦਾ ਸਨਮਾਨ ਕਰਨਾ ਹੀ ਅਸਲ ਨੈਤਿਕ ਕਦਰਾਂ-ਕੀਮਤਾਂ ਹਨ, ਜਿਹੜੀਆਂ ਹਰ ਮਨੁੱਖ ਵਿਚ ਹੋਣੀਆਂ ਚਾਹੀਦੀਆਂ ਹਨ।

**ਹ)ਦਾਰਸ਼ਨਿਕ ਨਿਬੰਧ:-** ਕਿਤਾਬਾਂ ਮਨੁੱਖ ਨੂੰ ਗਿਆਨ ਨਾਲ ਭਰਪੂਰ ਕਰਨ ਦੇ ਨਾਲ-ਨਾਲ ਪਾਰਖੂ ਵੀ ਬਣਾਉਂਦੀਆਂ ਹਨ। ਅੰਤਰ-ਝਾਤ ਮਨੁੱਖੀ ਮਨ ਅਤੇ ਕਲਾਤਮਕਤਾ ਦੀ ਅਜਿਹੀ ਸੋਝੀ ਹੈ, ਜਿਹੜੀ ਮਨੁੱਖੀ ਮਨ ਨੂੰ ਸੁਦ੍ਰਿੜ ਤੇ ਬਲਵਾਨ ਕਰ ਸਕਦੀ ਹੈ। ਲੇਖਕ 'ਅੰਤਰ ਝਾਤ' ਨਿਬੰਧ ਵਿਚ ਚੇਤਨ ਤੇ ਚਿੰਤਨ ਦੀ ਮਹੱਤਤਾ ਦਰਸਾਉਂਦਾ ਹੈ:

> ਅੰਤਰ ਝਾਤ ਇੱਕ ਚੇਤਨ ਚਿੰਤਨ ਲਈ ਕੀਤਾ ਅਭਿਆਸ ਹੈ ਕਿ ਜਿਸ ਨਾਲ ਆਪਣਾ ਆਪ ਆਪਣੇ ਹਿਤ ਅਤੇ ਦੂਜਿਆਂ ਦੇ ਹਿਤਾਂ ਦੀ ਸੁਰੱਖਿਆ ਸੰਭਾਲ ਸਿਰਜਣ ਉਸਾਰੀ ਅਤੇ ਵਿਕਾਸ ਮਨ ਦੇ ਅੰਦਰ ਅਜਿਹੇ ਸਿਰਜਣਾਤਮਕ ਵਲਵਲੇ ਪੈਦਾ ਹੋ ਜਾਂਦੇ ਹਨ ਕਿ ਹਰ ਕੋਈ ਗ਼ਲਤ-ਠੀਕ, ਝੂਠ-ਸੱਚ, ਅਨਿਆਈ-ਨਿਆਇ ਅਤੇ ਹਨੇਰ ਸਵੇਰ ਵਿਚ ਅੰਤਰ ਕਰ ਸਕਦਾ ਹੈ। ਉਸ ਅੰਦਰ ਐਨਾ ਚਾਨਣ ਪ੍ਰਕਾਸ਼ਦਾ ਹੈ ਕਿ ਉਸ ਅੰਦਰ ਪੈਦਾ ਹੋਈ ਦਲੇਰੀ ਹੋ ਰਹੀ ਬੇਇਨਸਾਫ਼ੀ ਵਿਰੁੱਧ ਸੰਘਰਸ਼ ਦੀ ਹੈ ।(ਕੋਮਲ ''ਬਚਨ ਬਿਲਾਸ'' 101)

ਉਪਰੋਕਤ ਸ਼ਬਦਾਂ ਤੋਂ ਭਾਵ ਅੰਤਰ-ਝਾਤ ਮਨੁੱਖ ਨੂੰ ਅਨੁਸ਼ਾਸਿਤ ਕਰਨ ਤੇ ਆਪ ਵਿਸ਼ਲੇਸ਼ਣ ਕਰਨ ਦੇ ਸਾਧਨ ਹਨ ਲੋੜ, ਸਿਰਫ਼ ਮਨ ਨੂੰ ਅਨੁਸ਼ਾਸਨ ਕਰਨ ਦੀ ਅਤੇ ਦਲੀਲ ਦੇ ਨਾਲ ਉਸ ਅੰਦਰ ਲੁਕੇ ਕਾਰਨ ਲੱਭ ਕੇ ਹੱਲ ਕਰਨ ਦੀ। ਮਨੁੱਖ ਵੱਲੋਂ ਕੀਤੇ ਚੰਗੇ ਕਰਮ, ਮਨੁੱਖੀ ਸੁਭਾਅ ਵਿਚ ਸਹਿਜਤਾ ਮਨੁੱਖ ਨੂੰ ਜਿੱਥੇ ਮਾਨਸਿਕ ਸੰਤੁਸ਼ਟੀ ਪ੍ਰਦਾਨ ਕਰਦੇ ਹਨ, ਉੱਥੇ ਉਹ ਉਸ ਦੇ ਸਮਾਜਿਕ ਰੁਤਬੇ ਨੂੰ ਉੱਚਾ ਚੁੱਕਣ ਵਿਚ ਵੀ ਸਹਾਈ ਹੁੰਦੇ ਹਨ।

ਮਨੁੱਖ ਵਿਚ ਗਿਆਨ ਦੀ ਘਾਟ ਨੇ ਮਨੁੱਖ ਦੇ ਆਤਮ-ਵਿਸ਼ਵਾਸ ਵਿਚ ਕਿਤੇ ਨਾ ਕਿਤੇ ਅਗਿਆਨਤਾ ਭਰੀ ਹੈ। ਜਿਹੜਾ ਮਨੁੱਖ ਸੁਣਨ ਤੇ ਗਿਆਨ ਵਾਲੇ ਸਾਧਨਾਂ ਨੂੰ ਜ਼ਿੰਦਗੀ ਵਿਚ ਅਪਣਾਉਂਦਾ ਹੈ, ਫਿਰ ਉਹ ਆਤਮ ਵਿਸ਼ਵਾਸ ਨਾਲ ਭਰ ਜਾਂਦਾ ਹੈ, ਕਿਉਂਕਿ ਗਿਆਨ ਮਨੁੱਖ ਦੇ ਆਤਮ ਵਿਸ਼ਵਾਸ ਦੀ ਕੁੰਜੀ ਹੈ। ਲੇਖਕ 'ਆਤਮ ਵਿਸ਼ਵਾਸ' ਨਿਬੰਧ ਵਿਚ ਦੱਸਦਾ ਹੈ ਕਿ ਆਤਮ ਵਿਸ਼ਵਾਸ ਡੋਲਣ ਦਾ ਮੁੱਖ ਕਾਰਨ ਅਗਿਆਨਤਾ ਹੈ:

> ਇਸ ਸੰਸਾਰ ਵਿਚ ਬਹੁ-ਗਿਣਤੀ ਦੇ ਲੋਕ ਅਗਿਆਨਤਾ ਦੇ ਹਨੇਰੇ ਵਿਚ ਭਟਕਦੇ ਹਨ। ਅਜਿਹੇ ਭਵ-ਸਾਗਰ ਵਿਚ ਅੱਧ ਡੁੱਬੇ ਗੋਤੇ ਖਾਂਦੇ ਹਨ, ਉਨ੍ਹਾਂ ਨੂੰ ਆਪਣੀਆਂ ਜੀਵਨ ਸਮੱਸਿਆਵਾਂ, ਉਲਝਣਾਂ ਅਤੇ ਲੋੜਾਂ ਪ੍ਰਤੀ ਰਚਨਾਤਮਕ ਸਮਝ ਹੀ ਨਹੀਂ ਆਉਂਦੀ। ਅਜਿਹੇ ਲੋਕ ਸਾਰੀ ਉਮਰ ਖਾਣ-ਪੀਣ ਕਮਾਉਣ ਤੇ ਖ਼ਰਚ ਦੇ ਗਧੀ ਗੇੜ ਵਿਚ ਪਏ, ਆਪਣੀ ਉਮਰ ਐਵੇਂ ਹੀ ਭੰਗ ਦੇ ਭਾਣੇ ਲੰਘਾ ਦਿੰਦੇ ਹਨ। (ਕੋਮਲ ''ਬਚਨ ਬਿਲਾਸ'' 83)

ਆਤਮ ਵਿਸ਼ਵਾਸ ਵਾਲਾ ਮਨੁੱਖ ਹਮੇਸ਼ਾ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰ ਕੇ ਇੱਕ ਨਵੀਂ ਤੇ ਉਸਾਰੂ ਸੋਧ ਸਾਧ ਕੇ, ਆਪਣੀਆਂ ਕਮਜ਼ੋਰੀਆਂ ਤੋਂ ਸਬਕ ਸਿੱਖ ਕੇ, ਆਪਣੇ ਅੰਦਰ ਅਨੁਸ਼ਾਸਨ ਆਤਮ ਵਿਸ਼ਵਾਸ ਨੂੰ ਜਗਾ ਸਕਦੇ ਹਨ। ਹਰ ਕੰਮ ਵਿਚ ਕੀਤਾ, ਅਮਲ ਹੀ ਮਨੁੱਖ ਨੂੰ ਸਹੀ ਦਿਸ਼ਾ ਪ੍ਰਦਾਨ ਕਰ ਕੇ ਉਸ ਵਿਚ ਆਤਮ-ਵਿਸ਼ਵਾਸ ਪੈਦਾ ਕਰ ਸਕਦਾ ਹੈ। ਲੇਖਕ 'ਕਿਤਾਬ' ਨਿਬੰਧ ਵਿਚ ਆਖਦਾ ਹੈ ਕਿ ਕਿਤਾਬਾਂ ਗਿਆਨ ਦਾ ਉਹ ਸੋਮਾ ਹੈ, ਜਿਹੜਾ ਮਨੁੱਖ ਨੂੰ ਅਮੀਰ ਕਰ ਦਿੰਦਾ ਹੈ ਤੇ ਗ਼ਰੀਬੀ ਉਹ ਦੇ ਕਦੀ ਨੇੜੇ ਵੀ ਨਹੀਂ ਸਕਦੀ। ਕਿਤਾਬਾਂ ਵਿਚ ਪ੍ਰਕਾਸ਼ਿਤ ਗਿਆਨ ਅੰਤਰ ਕਰਨ ਤੇ ਮਨ ਵਿਚ ਚੇਤਨਾ ਪੈਦਾ ਕਰਨ ਦੀ ਸੋਝੀ ਪੈਦਾ ਕਰਦਾ ਹੈ:

> ਜਿਸ ਵਿਅਕਤੀ ਨੇ ਕਿਤਾਬਾਂ ਨੂੰ ਆਪਣਾ ਯਾਰ ਬਣਾ ਲਿਆ ਉਹ ਰੱਬ ਦੇ ਰਾਂਝੇ ਵਰਗਾ ਹੈ। ਜਿਸ ਨੇ ਜ਼ਿੰਦਗੀ ਦੀ ਹੁਸੀਨ ਹੀਰ ਨੂੰ ਆਪਣਾ ਸਾਥਣ ਬਣਾਇਆ ਹੋਵੇ ।(ਕੋਮਲ ''ਬਚਨ ਬਿਲਾਸ''94)

ਚੇਤਨ ਮਨ ਮਨੁੱਖ ਨੂੰ ਆਲ਼ੇ-ਦੁਆਲੇ ਫੈਲੇ ਕਰਮਾਂ-ਕਾਢਾਂ ਚੋਂ ਨਿਕਾਲ ਕੇ ਉਹਨੂੰ ਗਿਆਨ ਰੂਪੀ ਸੂਰਮਾ ਦਿੰਦਾ ਹੈ ਤੇ ਉਸ ਦੇ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਬਣਾਉਂਦਾ ਹੈ। ਚੰਗੀਆਂ ਆਦਤਾਂ ਨੂੰ ਗ੍ਰਹਿਣ ਕਰਨਾ, ਅੰਧਵਿਸ਼ਵਾਸਾਂ ਦੇ ਹਨੇਰੇ ਨੂੰ ਦੂਰ ਕਰਨਾ ਤੇ ਸਮਾਜ ਦੇ ਉਸਰੱਈਏ ਅਖਵਾਉਣਾ ਅਸਲੀ ਜਾਗਰੂਕਤਾ ਹੈ।

**ਕ) ਜੀਵਨ ਜਾਚ:-** ਵਧਦੀਆਂ ਸਹੂਲਤਾਂ ਤੇ ਜ਼ਿੰਦਗੀ ਦੀ ਰਫ਼ਤਾਰ ਤੇਜ਼ ਹੋਈ, ਮਨੁੱਖ ਨੇ ਜਿਊਣ ਦੀ ਜਾਚ ਸਿੱਖੀ, ਪ੍ਰੰਤੂ ਫਿਰ ਵੀ ਬਹੁਤ ਕੁੱਝ ਘਟਣ ਦੀ ਬਜਾਏ ਵਧਿਆ, ਕਿਉਂਕਿ ਮਨੁੱਖ ਨੂੰ ਇਹ ਨਹੀਂ ਪਤਾ ਕਿ ਅਸਲ ਵਿਚ ਉਸ ਨੇ ਕਿਹੋ ਜਿਹਾ ਗਿਆਨ ਹਾਸਿਲ ਕਰਨਾ ਹੈ ਤੇ ਸਿੱਖਣਾ ਕੀ ਹੈ? ਸਿੱਖਣਾ ਇੱਕ ਸੁਚੱਜੀ ਜੀਵਨ ਜਾਚ ਦੀ ਅਗਵਾਈ ਕਰਦਾ ਹੈ ਸਿੱਖਣ ਲਈ ਕੋਈ ਉਮਰ ਨਿਰਧਾਰਿਤ ਨਹੀਂ। ਇਹ ਸੰਸਾਰ ਦੀ ਇੱਕ ਅਜਿਹੀ ਪਾਠਸ਼ਾਲਾ ਹੈ, ਜਿਸ ਵਿਚ ਅਲੱਗ-ਅਲੱਗ ਖੇਤਰਾਂ ਨਾਲ ਸੰਬੰਧਿਤ ਏਨਾ ਕੁੱਝ ਸਮੋਇਆ ਪਿਆ ਹੈ, ਜਿਸ ਦੇ ਲਈ ਸ਼ਾਇਦ ਇੱਕ ਉਮਰ ਕਾਫ਼ੀ ਨਹੀਂ ਹੈ। 'ਬਦਲਣਾ' ਨਿਬੰਧ ਵਿਚ ਮਾਨਵ ਨੂੰ ਸੁਨੇਹਾ ਦਿੰਦਾ ਲੇਖਕ, ਅਜੋਕੇ ਮਨੁੱਖ ਨੂੰ ਜਾਚ ਸਿਖਾਉਂਦਾ ਹੈ ਕਿ ਬਦਲਣਾ ਪ੍ਰਕ੍ਰਿਤੀ ਦਾ ਨਿਯਮ ਹੈ ਤੇ ਸਮੇਂ ਅਨੁਸਾਰ ਹਰ ਚੀਜ਼ ਵਿਚ ਤਬਦੀਲੀ ਤਰੱਕੀ ਦਾ ਚਿੰਨ੍ਹ ਵੀ ਹੁੰਦੀ ਹੈ:

> ਗਿਆਨ-ਵਿਗਿਆਨ ਤੇ ਤਰੱਕੀ ਪਸੰਦ ਆਪਣੇ ਸੁਖ ਆਰਾਮ ਤੇ ਸਹੂਲਤਾਂ ਲਈ ਪ੍ਰਕ੍ਰਿਤੀ ਨੂੰ ਜ਼ਬਰਦਸਤੀ ਬਦਲ ਰਹੇ ਹਾਂ। ਵਧੇਰੇ ਪੈਦਾਵਾਰ ਲੈਣ ਲਈ ਵਲੈਤੀ ਖਾਦਾਂ ਦੀ ਖੁੱਲ੍ਹੀ ਵਰਤੋਂ ਨੇ ਧਰਤੀ ਨੂੰ ਬੰਜਰ ਬਣਾ ਦਿੱਤਾ ਹੈ। ਧਰਤੀ ਦਾ ਪਾਣੀ ਘੱਟ ਰਿਹਾ ਹੈ। ਮਹਾਂਨਗਰ, ਨਗਰਾਂ, ਤੇ ਕਸਬਿਆਂ ਦੇ ਗੰਦੇ ਪਾਣੀ ਨੇ ਸਾਡੀਆਂ ਨਦੀਆਂ, ਨਾਲੇ ਤੇ ਦਰਿਆ ਪ੍ਰਦੂਸ਼ਿਤ ਕਰ ਦਿੱਤੇ ਹਨ।ਜੰਗਲ ਕੱਟੇ ਜਾ ਰਹੇ ਹਨ। (ਕੋਮਲ ''ਬਚਨ ਬਿਲਾਸ'' 17,18 )

ਪ੍ਰਕ੍ਰਿਤੀ ਨਾਲ ਕੀਤੀ ਹੱਦੋਂ ਵੱਧ ਛੇੜ-ਛਾੜ ਮਨੁੱਖ ਦੀਆਂ ਮੁਸ਼ਕਲਾਂ ਨੂੰ ਘੱਟ ਕਰਨ ਦੀ ਬਜਾਇ, ਹੋਰ ਵਧਾ ਰਹੀ ਹੈ। ਹਰ ਚੀਜ਼ ਵਿਚ ਬਦਲਾਅ ਸਮੇਂ ਦੀ ਲੋੜ ਹੈ। ਬਦਲਾਓ ਦੇ ਨਾਲ ਮਨੁੱਖ ਦੀ ਤਰੱਕੀ ਜੁੜੀ ਹੈ,

ਪ੍ਰੰਤੂ ਬਦਲਾਓ ਓਨਾ ਹੀ ਜ਼ਰੂਰੀ ਹੈ, ਜਿਹਦੇ ਨਾਲ ਕਿਸੇ ਵੀ ਚੀਜ਼ ਵਿਚ ਵਿਗਾੜ ਪੈਦਾ ਨਾ ਹੋਵੇ, ਚਾਹੇ ਫਿਰ ਉਹ ਪ੍ਰਕਿਰਤੀ ਹੋਵੇ ਜਾਂ ਮਨੁੱਖੀ ਜੀਵਨ ਦਾ ਖਾਣ-ਪੀਣ, ਤਾਣਾ-ਬਾਣਾ ਜਾ ਰਹਿਣ-ਸਹਿਣ। ਬਦਲਣ ਦੀ ਇਹ ਵਧਦੀ ਰਫ਼ਤਾਰ ਕਿਤੇ ਮਨੁੱਖੀ ਜੀਵਨ ਨੂੰ ਮਸ਼ੀਨ ਹੀ ਨਾ ਬਣਾ ਦੇਵੇ।

ਸਮਾਜ ਵਿਚ ਵੀ ਅਜਿਹਾ ਬਹੁਤ ਕੁੱਝ ਵਾਪਰ ਰਿਹਾ, ਜਿਸ ਕਾਰਨ ਮਨੁੱਖ ਚਾਨਣ ਦੀ ਬਜਾਏ ਹਨੇਰ ਵੱਲ ਅੱਗੇ ਵੱਧ ਰਿਹਾ ਹੈ। ਉਹ ਆਪਣੇ ਹੱਥੀ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਗੱਡੇ ਖ਼ੋਦ ਰਿਹਾ ਹੈ। ਮਹਾਂਨਗਰ ਦੀ ਸਥਾਪਤੀ, ਧੂੰਆਂ, ਗੰਦਾ ਪਾਣੀ ਆਦਿ, ਜਿਸ ਨੇ ਸਭ ਕੁੱਝ ਜ਼ਹਿਰੀਲਾ ਕਰ ਦਿੱਤਾ ਹੈ। ਲੇਖਕ ਅਨੁਸਾਰ ਅਜੇ ਵੀ ਸਮਾਂ ਹੈ, ਸਵੇਰ ਨੂੰ ਸੁਹਾਵਣੀ ਬਣਾਇਆ ਜਾਵੇ। ਵਿਤਕਰਿਆਂ ਦੇ ਹਨੇਰ ਚੋਂ ਮਨੁੱਖ ਨੂੰ ਬਾਹਰ ਕੱਢ ਕੇ ਸੁਪਨਿਆਂ ਦੀ ਇੱਕ ਨਵੀਂ ਸਵੇਰ ਦਿੱਤੀ ਜਾਵੇ। ਅੰਮ੍ਰਿਤ ਵੇਲੇ ਦਾ ਜ਼ਿਕਰ ਗੁਰਬਾਣੀ ਵਿਚ ਵੀ ਆਉਂਦਾ ਹੈ। ਇਸ ਸਮੇਂ ਨੂੰ ਕੁਦਰਤ ਤੇ ਕਾਦਰ ਦੀਆਂ ਨਿਆਮਤਾਂ ਦਾ ਸਮਾਂ ਮੰਨਿਆਂ ਗਿਆ ਹੈ। ਲੇਖਕ ਇਸ ਸਮੇਂ ਦੀ ਸੁਚੱਜੀ ਵਰਤੋਂ ਪ੍ਰਤੀ ਜਾਗਰੂਕ ਕਰਦਾ ਹੈ।

> ਲੰਮੀ ਦੌੜ ਦੇ ਖਿਡਾਰੀ ਲਈ ਕੇਵਲ, ਪੈਰਾਂ ਦੀ ਸ਼ਕਤੀ, ਸਰੀਰਕ-ਚੁਸਤੀ, ਫੁਰਤੀ ਅਤੇ ਸਿੱਖਿਆ ਸਿਖਲਾਈ ਹੀ ਕਾਫ਼ੀ ਨਹੀਂ, ਬਲਕਿ ਮਨ ਦਾ ਮੂਲ ਸੰਕਲਪ ਹੈ ਕਿ ਉਹ ਦੌੜ ਜ਼ਰੂਰ ਜਿੱਤੇਗਾ ਦੀ ਭਾਵਨਾ, ਉਸ ਦੀ ਸਫਲਤਾ ਦੀ ਮੁੱਖ ਪ੍ਰੇਰਨਾ ਸ਼ਕਤੀ ਹੈ। ਸਮਰਪਣ ਕਰਦਿਆਂ ਇਹ ਨਿਸ਼ਚੇ ਜ਼ਰੂਰੀ ਹੈ ਕਿ ਸੰਕਲਪ-ਸ਼ਕਤੀ ਅੱਧੀ ਅਧੂਰੀ ਨਾ ਹੋਵੇ, ਪੱਥਰ ਤੇ ਲਕੀਰ ਵਾਂਗ ਪਰਪੱਕ ਅਤੇ ਦ੍ਰਿੜ੍ਹ-ਭਾਵੀ ਜਿੱਤ ਮੂਲ-ਕੁੰਜੀ ਬਣੇ। (ਕੋਮਲ ''ਸੰਕਲਪ ਤੇ ਸਮਰਪਣ'' 24)

ਉਪਰੋਕਤ ਸ਼ਬਦਾਂ ਤੋਂ ਭਾਵ, ਕਹਿਣਾ ਤੇ ਸੁਣਨਾ ਮਨੁੱਖੀ ਸੁਭਾਅ ਦਾ ਹਿੱਸਾ ਹੈ ਕਹਿਣਾ ਕਿਵੇਂ ਹੈ ਤੇ ਸੁਣਨਾ ਕਿਵੇਂ ਹੈ, ਜਿਸ ਦਿਨ ਮਨੁੱਖ ਨੇ ਇਹ ਜਾਚ ਸਿੱਖ ਲਈ ਤਾਂ ਉਸ ਦਿਨ ਉਹ ਦੂਜਿਆਂ ਦੇ ਦਿਲਾਂ ਤੇ ਰਾਜ

ਕਰੇਗਾ। 'ਕਹਿਣਾ ਸੁਣਨਾ' ਨਿਬੰਧ ਵਿਚ ਲੇਖਕ ਆਖਦਾ ਹੈ ਕਹਿਣਾ ਸੁਣਨਾ ਮਨੁੱਖ ਦੀਆਂ ਬੁਨਿਆਦੀ ਲੋੜਾਂ ਹਨ:

> ਜੇ ਕੋਈ ਵਿਅਕਤੀ ਨਾ ਕੁੱਝ ਕਹਿੰਦਾ ਹੈ, ਨਾ ਹੀ ਸੁਣਦਾ ਹੈ ਤਾਂ ਉਸ ਦਾ ਜੀਵਨ ਸੰਸਾਰ ਕਿਹੋ ਜਿਹਾ ਹੋਵੇਗਾ। ਬਿਲਕੁਲ ਸੁੰਨਸਾਨ ਵਰਗਾ,ਪੱਥਰ ਵਰਗਾ, ਬੇ-ਰੌਣਕ, ਰੰਗ-ਹੀਣ, ਬੇਸੁਆਦ ਜਿਵੇਂ ਕੋਈ ਚਾਰ ਦੀਵਾਰੀ ਕਮਰੇ ਵਿਚ ਕੈਦ ਹੋਵੇ। (ਕੋਮਲ ''ਬਚਨ ਬਿਲਾਸ'' 48)

ਇੱਕੀਵੀਂ ਸਦੀ ਦੇ ਗਿਆਨ ਵਿਗਿਆਨ ਤੇ ਤਕਨਾਲੋਜੀ, ਇਲੈਕਟ੍ਰੋਨਿਕ, ਟੈਲੀਫ਼ੋਨ ਤੇ ਕੰਪਿਊਟਰ ਯੁੱਗ ਵਿਚ ਅੱਜ ਦਾ ਮਨੁੱਖ ਇੱਕ ਮਸ਼ੀਨ ਬਣ ਗਿਆ ਹੈ। ਅਮੀਰੀ ਵਾਤਾਵਰਣ ਵਿਚ ਜਿਊਂਦਾ ਜਾਂ ਮੱਧ ਵਰਗੀ ਜਾਂ ਗ਼ਰੀਬ ਵੱਖਰੀਆਂ-ਵੱਖਰੀਆਂ ਸਥਿਤੀਆਂ, ਪਰਸਥਿਤੀ ਵਿਚ ਤਣਾਉ ਗ੍ਰਸੇ ਲੋਕ ਹਨ। ਵਧੇਰੇ ਲੋਕ ਤਣਾਓ ਕਾਰਨ ਮਾਨਸਿਕ ਰੋਗੀ ਹਨ। ਮਨ ਜੇ ਤਣਾਅ ਗ੍ਰਸਤ ਹੈ ਤਾਂ ਜੀਵਨ ਜਿਊਣਾ ਨਰਕ ਹੈ, ਪਰੰਤੂ ਲੋਕ ਭੈੜੀ ਸੋਚ ਦਾ ਸ਼ਿਕਾਰ ਹੋ ਕੇ ਤਣਾਓ ਤੋਂ ਡਰਦੇ ਹਨ, ਉਹ ਤਾਂ ਨਰਕ ਭੋਗਦੇ ਹਨ, ਜਿਹੜੇ ਤਣਾਓ ਤੋਂ ਡਰਨ ਦੀ ਥਾਂ ਤਣਾਅ ਦੇ ਦਬਾਅ ਕਾਰਨ ਆਪਣੇ ਅੰਦਰ ਸਾਕਾਰਾਤਮਕ ਰੁਚੀਆਂ ਪੈਦਾ ਕਰ ਨਾਕਾਰਾਤਮਕ ਹੌਸਲੇ ਨਾਲ ਆਤਮ ਸ਼ਕਤੀ ਨਾਲ ਆਪਣੇ ਤਰੱਕੀ ਕਰਨ ਦੇ ਮਕਸਦ ਨਾਲ ਆਪਣੇ ਉਦੇਸ਼ ਵਿਚ ਸਫਲ ਹੋ ਜਾਂਦੇ ਹਨ। ਉਹ ਮਿਹਨਤੀ ਲੋਕ ਹਰ ਖੇਤਰ ਵਿਚ ਆਪਣੀ ਯੋਗਤਾ ਬੁੱਧੀ ਸਹਾਰੇ ਸਫਲ ਮਨੁੱਖ ਬਣ ਜਾਂਦੇ ਹਨ।

ਲੇਖਕ 'ਲੜਾਈ' ਨਿਬੰਧ ਵਿਚ ਲੜਾਈ ਦਾ ਮੂਲ ਕਾਰਨ ਵਰਣਨ ਕਰਦਾ ਆਖਦਾ ਹੈ। ਲੜਾਈ ਚਾਹੇ ਵਿਅਕਤੀਗਤ ਹੋਵੇ, ਧਾਰਮਿਕ ਅਦਾਰਿਆਂ, ਪ੍ਰਾਂਤਾਂ, ਦੇਸ਼ਾਂ ਦੀਆਂ ਸਰਹੱਦਾਂ ਦੀ ਹੋਵੇ, ਇਸ ਦਾ ਮੂਲ ਕਾਰਨ ਵਿਨਾਸ਼ ਹੀ ਹੈ। ਜਿਸ ਕਾਰਨ ਮਨੁੱਖ ਅੰਦਰ ਤਣਾਅ ਵਧਦਾ ਹੈ, ਸੰਸਾਰ ਵਿਚ ਵਿਗਿਆਨ ਨੇ ਮਨੁੱਖ ਨੂੰ ਇੰਨੇ ਸਾਧਨਾਂ ਨਾਲ ਭਰਪੂਰ ਕਰ ਦਿੱਤਾ ਹੈ ਕਿ ਉਸ ਕੋਲ ਸੁਣਨ ਦੇ ਬਹੁਤ ਤਰੀਕੇ ਹਨ ਜਿਵੇਂ ਰਿਕਾਰਡ ਕਰ ਕੇ

ਸੁਣਨਾ ਤੇ ਉਸ ਉੱਪਰ ਵਿਚਾਰ ਕਰ ਕੇ ਕਹਿਣ ਨੂੰ ਬਹੁਤ ਕੁੱਝ ਹੋ ਜਾਂਦਾ ਹੈ, ਲੋੜ ਹੈ ਇਹਨਾਂ ਸਾਧਨਾਂ ਨੂੰ ਅਸਲ ਉਪਯੋਗ ਵਿਚ ਲਿਆਉਣ ਦੀ।

> ਮਨ ਅੰਦਰ ਤਣਾਓ ਦਬਾਓ ਹੈ, ਆਰਥਿਕ ਤੰਗੀ ਦਾ ਸੰਤਾਪ ਹੈ। ਪਰਿਵਾਰ ਦੇ ਮੈਂਬਰ ਰਲ ਮਿਲਣ ਦੀ ਸ਼ਾਂਤੀ ਪ੍ਰਾਪਤ ਨਹੀਂ ਕਰਦੇ, ਬੇ ਬਾਤ ਕੀ ਬਾਤ, ਪਰ ਝਗੜੇ ਪੈਂਦੇ ਹਨ। ਗ਼ਮ ਭੁਲਾਉਣ ਲਈ ਸ਼ਰਾਬ ਪੀਂਦੇ ਹਨ। ਨਸ਼ੇ ਕਰਦੇ ਹਨ। (ਕੋਮਲ ''ਬਚਨ ਬਿਲਾਸ'' 62)

ਉਪਰੋਕਤ ਸ਼ਬਦਾਂ ਤੋਂ ਭਾਵ ਜ਼ਿੰਦਗੀ ਵਿਚ ਸਹਿਣਸ਼ੀਲਤਾ, ਸਬਰ, ਸੰਤੋਖ ਵਰਗੇ ਗੁਣ ਪੈਦਾ ਕੀਤੇ ਜਾਣ ਜਿਹੜੇ ਮਾਨਸਿਕ ਤਣਾਉ ਨੂੰ ਘੱਟ ਕਰਨ ਦੇ ਨਾਲ-ਨਾਲ ਜ਼ਿੰਦਗੀ ਨੂੰ ਸੁਨਹਿਰੇ ਮੌਕੇ ਵੀ ਪ੍ਰਦਾਨ ਕਰਦੇ ਹਨ:

> ਮਨੋਵਿਗਿਆਨਕ-ਦ੍ਰਿਸ਼ਟੀ ਤੋਂ ਮੀਨ-ਮੇਖ਼ ਦੀ ਭੈੜੀ ਪ੍ਰਵਿਰਤੀ, ਨਿੰਦਾ-ਚੁਗ਼ਲੀ, ਆਪਣੇ ਮਨ ਦੇ ਕ੍ਰੋਧ-ਵਿਰੋਧ ਦੀਆਂ ਉਤੇਜਿਤ ਭਾਵਨਾਵਾਂ ਨੂੰ ਸੰਚਾਰਨ ਦਾ ਵਧੀਆ ਢੰਗ ਹੈ। ਔਰਤਾਂ ਜੇਕਰ ਇੱਕ ਦੂਜੇ ਦੇ ਚਰਿੱਤਰ ਅਤੇ ਕੀਤੇ ਧੱਕਿਆਂ ਵਿਰੁੱਧ ਦੂਜਿਆਂ ਕੋਲ ਮਨ ਦੇ ਉਤੇਜਿਤ ਜਜ਼ਬਾਤਾਂ ਨੂੰ ਨਾ ਸੰਚਾਰਨ, ਤਾਂ ਉਹ ਪਾਗਲ ਹੋ ਜਾਣ। ਪਿੰਡਾਂ ਵਿਚ ਸਾਂਝੀਆਂ ਥਾਵਾਂ ਉੱਪਰ ਵਿਹਲੀਆਂ ਗੱਲਾਂ ਕਰਨ ਵਾਲੇ ਬਹੁਤੇ ਲੋਕ ਮੀਨ-ਮੇਖ਼ ਕਰਦਿਆਂ ਫ਼ਾਲਤੂ ਗੱਲਾਂ ਰਾਹੀਂ ਆਪਣਾ ਕਰੋਧ-ਵਿਰੋਧ ਸੰਚਾਰ ਕੇ ਹੌਲੇ ਹੋ ਜਾਂਦੇ ਹਨ ਤੇ ਤੰਦਰੁਸਤ ਰਹਿੰਦੇ ਹਨ।(ਕੋਮਲ ''ਸੰਕਲਪ ਤੇ ਸਮਰਪਣ'' 37)

ਸਮਕਾਲ ਵਿਚ ਵਿਅਕਤੀਵਾਦ ਬਹੁਤ ਜ਼ਿਆਦਾ ਵੱਧ ਰਿਹਾ ਹੈ, ਜਿਸ ਕਰ ਕੇ ਬਹੁਤ ਸਾਰੀਆਂ ਵਿਅਕਤੀਗਤ ਤੇ ਸਮਾਜਿਕ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। 'ਸੁਨੇਹਾ' ਨਿਬੰਧ ਵਿਚ ਲੇਖਕ ਸੰਦੇਸ਼ ਦਿੰਦਾ ਹੈ ਕਿ ਮਨੁੱਖ ਜ਼ਿੰਦਗੀ ਨੂੰ ਉਦੋਂ ਸਹੀ ਅਰਥਾਂ ਵਿਚ ਜਿਉਣ ਦੇ ਕਾਬਿਲ ਬਣ ਜਾਵੇਗਾ, ਜਦੋਂ ਉਸ ਵਿਚ

ਮਾਨਵਤਾ, ਸੇਵਾ, ਨੈਤਿਕਤਾ, ਉਪਕਾਰ ਆਦਿ ਦੇ ਸੁਨੇਹਿਆਂ ਨੂੰ ਅਮਲ ਵਿਚ ਲਿਆਏਗਾ।ਲੋੜ ਅਜਿਹੇ ਸੁਨੇਹਿਆਂ ਦੀ ਹੈ:

> ਜੇਕਰ ਹਰ ਵਿਅਕਤੀ ਆਪਣੇ ਅੰਦਰ ਗਿਆਨ ਜਾਂ ਵਿਗਿਆਨ ਦੇ ਸਿਰਜਣਾਤਮਕ ਵਲਵਲੇ ਜਗਾ ਕੇ ਲਿਆਵੇਗਾ ਤਾਂ ਸੰਸਾਰ ਵਿਚੋਂ ਭੁੱਖ, ਗ਼ਰੀਬੀ, ਬਿਮਾਰੀ, ਅਤੇ ਅਨਿਆਈ ਦਾ ਪਸਾਰ ਖ਼ਤਮ ਕਰ ਸਕਦਾ ਹੈ। (ਕੋਮਲ ''ਬਚਨ ਬਿਲਾਸ'' 66)

ਵਿਗਿਆਨਕ ਸੋਚ ਦੇ ਧਾਰਨੀ ਬਣ ਕੇ ਹੀ ਅਮਲ ਦੇ ਸੁਨੇਹਿਆਂ ਉੱਤੇ ਅਮਲ ਸੰਭਵ ਹੈ, ਜਿਹੜੀ ਮਨੁੱਖ ਅੰਦਰ ਸਤਿਅਮ, ਸ਼ਿਵਮ, ਤੇ ਸੁੰਦਰਮ ਦੀ ਕਲਿਆਣਕਾਰੀ ਸ਼ਕਤੀ ਵਿਕਾਸ ਕਰ ਕੇ ਅਮਨ ਦਾ ਸੁਨੇਹਾ ਦੇਵੇ।

'ਚੜ੍ਹਦੀ ਕਲਾ ਦਾ ਸੰਕਲਪ' ਨਿਬੰਧ ਲੇਖਕ ਮਨੁੱਖ ਨੂੰ ਚੜ੍ਹਦੀ ਕਲਾ ਭਾਵਾਤਮਕ ਦ੍ਰਿਸ਼ਟੀ ਦੇ ਨਾਲ-ਨਾਲ ਸਾਕਾਰਾਤਮਕ ਸੋਚ ਦਾ ਧਾਰਨੀ ਬਣਨ ਦੀ ਸਿੱਖਿਆ ਦਿੰਦਾ ਹੈ। ਚੜ੍ਹਦੀ ਕਲਾ ਵਿਚ ਰਹਿਣ ਵਾਲਾ ਮਨੁੱਖ ਹਮੇਸ਼ਾ ਉਸਾਰੂ ਤੇ ਅਗਾਂਹ ਵਧੂ ਸੋਚ ਦਾ ਧਾਰਨੀ ਬਣੇਗਾ:

> ਮੰਨਿਆ, ਅਨੇਕਾਂ ਆਰਥਿਕ, ਸਮਾਜਿਕ, ਸਭਿਆਚਾਰਕ ਔਕੜਾਂ ਕਾਰਨ ਜ਼ਿੰਦਗੀ ਸਮੱਸਿਆਵਾਂ ਦਾ ਭੰਡਾਰ ਹੈ, ਪਰ ਜੇ ਇਹਨਾਂ ਸਮੱਸਿਆਵਾਂ ਨੂੰ ਸੁਲਝਾਉਣ ਦੀ ਤੁਹਾਡੇ ਵਿਚ ਹਿੰਮਤ, ਦਲੇਰੀ, ਸਮਝ ਸੂਝ ਹੈ ਤਾਂ ਤੁਸੀਂ ਸਾਕਾਰਾਤਮਕ ਦ੍ਰਿਸ਼ਟੀ ਧਾਰਨ ਕਰ ਕੇ ਹੋਰ ਵਧੇਰੇ ਸ਼ਕਤੀਸ਼ਾਲੀ ਬਣ ਸਕਦੇ ਹੋ। (ਕੋਮਲ ''ਸਰੋਕਾਰ ਤੇ ਸੰਕਲਪ'' 117)

ਅਸੀਂ ਅਕਸਰ ਅੰਗਰੇਜ਼ੀ ਦੀ ਇੱਕ ਕਹਾਵਤ ਵਿਦਿਆਰਥੀ ਜੀਵਨ ਤੋਂ ਹੁਣ ਤੱਕ ਸੁਣਦੇ ਆ ਰਹੇ ਹਾਂ "There is no good and bad, but thinking makes it so." ਡਾ.ਕੋਮਲ ਇਸ ਕਥਨ ਦੀ ਮੂਲ ਭਾਵਨਾ ਸ਼ੀਲ ਸਿੱਖਿਆਂ ਨੂੰ ਅਮਲੀ ਰੂਪ ਦੇਣ ਦਾ ਸਮਰਥਨ ਕਰਦਾ ਹੈ। ਜੇਕਰ ਸਾਡੇ ਅੱਗੇ ਜ਼ਿੰਦਗੀ ਸਮੱਸਿਆਵਾਂ

ਔਕੜਾਂ ਨਿਰਾਸ਼ਾਵਾਂ ਅਤੇ ਬੇਇਨਸਾਫ਼ੀਆਂ ਦਾ ਭੰਡਾਰ ਹੈ, ਉਨ੍ਹਾਂ ਦਾ ਸਾਹਮਣਾ ਕਰਨ ਲਈ ਸਾਨੂੰ ਨਿਰਾਸ਼ਾਵਾਦੀ ਸੋਚ ਨੂੰ ਬਦਲ ਕੇ ਆਸ਼ਾਵਾਦੀ ਦ੍ਰਿਸ਼ਟੀਕੋਣ ਧਾਰਨ ਕਰਨਾ ਚਾਹੀਦਾ ਹੈ। ਇਸੇ ਲਈ ਆਪਣੀ ਸੋਚ ਨੂੰ ਨਿਰਾਸ਼ਾਵਾਦੀ ਸੋਚ ਦੀ ਥਾਂ ਸਾਨੂੰ ਆਸ਼ਾਵਾਦੀ ਦ੍ਰਿਸ਼ਟੀਕੋਣ ਧਾਰਨ ਕਰਨਾ ਚਾਹੀਦਾ ਹੈ, ਜਿਹੜਾ ਸੋਚ ਬਦਲਣ ਨਾਲ ਧਾਰਨ ਕੀਤਾ ਜਾ ਸਕਦਾ ਹੈ।

ਪੰਜਾਬ ਅਤੇ ਚੜ੍ਹਦੀਕਲਾ ਦਾ ਬਹੁਤ ਗੂੜ੍ਹਾ ਨਾਤਾ ਹੈ, ਜਿਸ ਦਾ ਕਾਰਨ ਪੰਜਾਬ ਦਾ ਸਰਹੱਦੀ ਸੂਬਾ ਹੋਣਾ ਹੈ ਅਤੇ ਇੱਥੇ ਸਿੱਖ ਧਰਮ ਦਾ ਹੋਣਾ ਵੀ ਹੈ:

> ਡਾ. ਅੰਮ੍ਰਿਤਪਾਲ ਕੌਰ ਅਨੁਸਾਰ: ਡਾ. ਅਮਰ ਕੋਮਲ ਦੀ ਸੰਵੇਦਨਾ, ਸਿਰਫ਼ ਭਾਵੁਕ ਅਭਿਵਿਅਕਤੀ ਦੀ ਪਹੁੰਚ ਤੱਕ ਹੀ ਸੀਮਤ ਨਹੀਂ, ਬਲਕਿ ਪਰੰਪਰਾ ਰਚਨਾਤਮਕਤਾ ਤੋਂ ਹਟਾ ਕੇ ਜ਼ਿੰਦਗੀ ਦੇ ਯਥਾਰਥ ਨੂੰ ਸਵੈ ਬਿਰਤਾਂਤ ਸਹਿਤ ਸਮਝਣ ਦਾ ਸੁਹਜਾਤਮਕ ਯਤਨ ਹੈ।(ਰੰਧਾਵਾ(ਸੰਪ:) ''ਡਾ.ਅਮਰ ਕੋਮਲ ਦਾ ਨਿਬੰਧ-ਜਗਤ" 179)

ਜ਼ਿੰਦਗੀ ਵਿਚ ਇਹ ਧਾਰਨਾ ਨਿਸ਼ਚਿਤ ਕਰ ਲਓ ਕਿ ਨਾਕਾਰਾਤਮਕ ਸੋਚ ਬੰਦੇ ਦਾ ਕੁੱਝ ਵੀ ਨਹੀਂ ਸਵਾਰ ਸਕਦੀ। ਇਹ ਜ਼ਰੂਰ ਹੈ, ਕਿ ਹਰ ਖੇਤਰ ਵਿਚ ਸਫਲਤਾ ਹਾਸਿਲ ਕਰਨੀ ਏਨਾ ਸੌਖਾ ਨਹੀਂ, ਪ੍ਰੰਤੂ ਹਾਂ ਵਾਚੀ ਸੋਚ ਤੇ ਹਿੰਮਤ ਮਨੁੱਖ ਨੂੰ ਨਿਸ਼ਚਿਤ ਹੀ ਮੰਜ਼ਿਲ ਤੱਕ ਪਹੁੰਚਾ ਦਿੰਦੀ ਹੈ।

ਲੇਖਕ ਜੀਵਨ ਪ੍ਰਤੀ ਸੇਧ ਦਿੰਦਾ 'ਸਾਡੀਆਂ ਆਦਤਾਂ' ਨਿਬੰਧ ਵਿਚ ਆਦਤਾਂ ਦੀ ਮਹੱਤਤਾ ਪੇਸ਼ ਕਰਦਾ ਹੈ। ਆਦਤਾਂ ਦਾ ਮਨੁੱਖੀ ਜੀਵਨ ਵਿਚ ਬਹੁਤ ਮਹੱਤਵ ਹੈ। ਇਹ ਚੰਗੀਆਂ ਆਦਤਾਂ ਮਨੁੱਖੀ ਮਨ ਨੂੰ ਸੰਵਾਰਦੀਆ ਹਨ ਤੇ ਭੈੜੀਆਂ ਆਦਤਾਂ ਜ਼ਿੰਦਗੀ ਨੂੰ ਰੋਲਦੀਆਂ ਹਨ:

> ਅਸੀਂ ਦੇਖਦੇ (Look)ਤਾਂ ਹਾਂ, ਪਰ ਸਾਡੀ ਤੱਕਣੀ ਵਿਚ ਪਰਖਣ ਸਮਝਣ ਆਲੋਚਨ (See) ਦੀ ਪ੍ਰਤਿਭਾ ਨਹੀਂ ਹੁੰਦੀ। ਅਸੀਂ ਬਹੁਤ ਕੁੱਝ ਸੁਣਨ (Listen) ਦੀ ਯੋਗਤਾ ਨਹੀਂ ਰੱਖਦੇ। ਇਸੇ

ਤਰ੍ਹਾਂ ਅਸੀਂ ਪੜ੍ਹਨ (Reading) ਅਤੇ ਅਧਿਐਨ (Study)ਵਿਚ ਅੰਤਰ ਨਹੀਂ ਕਰ ਸਕਦੇ।

(ਕੋਮਲ ''ਚੇਤਨਾ ਦੇ ਆਰ-ਪਾਰ ਤੇ ਹੋਰ ਨਿਬੰਧ''44)

ਜਿੰਨੀ ਦੇਰ ਤੱਕ ਮਨੁੱਖ ਆਪਣੇ ਅੰਦਰ ਝਾਤ ਮਾਰ ਕੇ, ਮਨ ਉੱਪਰ ਕਾਬੂ ਕਰ ਕੇ ਆਪਣੀਆਂ ਆਦਤਾਂ ਨੂੰ ਮਿਹਨਤ ਨਾਲ ਸਰਗਰਮ ਕਰ ਕੇ ਚੰਗੀਆਂ ਆਦਤਾਂ ਦਾ ਆਦੀ ਬਣਿਆ ਜਾ ਸਕਦਾ ਹੈ। ਵਾਰਸ ਸ਼ਾਹ ਲਿਖਦਾ ਹੈ: ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕੱਟੀਏ ਪੋਰੀਆਂ-ਪੋਰੀਆਂ ਜੀ। ਆਦਤ ਦਾ ਮਨੁੱਖੀ ਚਰਿੱਤਰ ਦੀ ਸਿਰਜਣਾ ਵਿਚ ਸਭ ਤੋਂ ਵੱਡਾ ਯੋਗਦਾਨ ਅੰਤਰ ਝਾਤ ਦੇ ਅਰਥ ਚਿੰਤਨ ਕਰ ਕੇ, ਚੇਤਨਾ ਪ੍ਰਾਪਤ ਕਰਨਾ ਹੈ। ਚਿੰਤਨ ਅੰਤਰੀਵ ਦ੍ਰਿਸ਼ਟੀ ਤੋਂ ਮਨ ਨੂੰ ਇਕਾਗਰ ਕਰ ਕੇ ਆਪਣੀ ਸੋਚਣ ਸਾਧਨਾਂ ਬਣਾ ਕੇ ਇਕਾਗਰ ਚਿੱਤ ਹੋ ਕੇ, ਸੋਚਣ ਸਮਝਣ ਮਾਰਗ ਰਾਹੀਂ ਉਸਾਰੂ ਦ੍ਰਿਸ਼ਟੀ ਗ੍ਰਹਿਣ ਕਰਨਾ ਹੀ ਚਿੰਤਨ ਹੈ। ਹਨੇਰੇ ਤੋਂ ਪ੍ਰਕਾਸ਼, ਨਿਰਾਸ਼ਾ ਤੋਂ ਆਸ਼ਾ ਵੱਲ ਜਾਣ ਦੀ ਸਾਧਨਾ ਸ਼ੁੱਧ ਦ੍ਰਿਸ਼ਟੀ, ਜਦ ਉਸਾਰੂ ਦ੍ਰਿਸ਼ਟੀਕੋਣ ਬਣਿਆ ਹੋ ਜਾਵੇ ਤਾਂ ਉਸ ਨੂੰ ਅਸੀਂ ਆਪਣਾ ਜੀਵਨ ਦ੍ਰਿਸ਼ਟੀਕੋਣ ਬਣਾ ਕੇ ਜੀਵਨ ਦੀ ਹਰ ਕਿਰਿਆ ਪ੍ਰਕਿਰਿਆ ਲਈ ਪ੍ਰਯੋਗ ਕਰ ਸਕਦਾ ਹਾਂ। ਚਿੰਤਨ ਚੇਤਨਾ ਬਣ ਕੇ ਸਾਡਾ ਜਦ ਮਾਰਗ ਦਰਸ਼ਨ ਕਰੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਸਾਡਾ ਦ੍ਰਿਸ਼ਟੀਕੋਣ ਸਾਰਥਕ ਹੈ, ਜਿਸ ਨੂੰ ਜੀਵਨ ਕਾਰਜਾਂ ਵਿਚ ਕਿਰਿਆਤਮਕ ਬਣਾ ਕੇ ਪ੍ਰਯੋਗ ਕਰ ਸਕਦੇ ਹਾਂ।

ਮੁਕਤੀ ਹਮੇਸ਼ਾ ਹੀ ਮਨੁੱਖੀ ਸਭਿਅਤਾ ਦਾ ਕੇਂਦਰੀ ਨੁਕਤਾ ਰਿਹਾ ਹੈ ਅਤੇ ਇਸ ਦਾ ਘੇਰਾ ਅਧਿਆਤਮ ਨਾਲ ਜੁੜਿਆ ਹੋਇਆ ਹੈ। ਲੇਖਕ ਮੁਕਤੀ ਦੇ ਸੰਕਲਪ ਦੀ ਸਮਕਾਲੀ ਵਿਆਖਿਆ ਕਰਦਾ ਹੈ। ਮੁਕਤੀ ਸਿਰਫ਼ ਉਹ ਨਹੀਂ, ਜਦੋਂ ਮਨੁੱਖ ਸੰਸਾਰ ਤੋਂ ਜਾਂਦਾ ਹੈ, ਮੁਕਤ ਹੁੰਦਾ ਹੈ। ਅਸਲੀ ਜੀਵਨ ਮੁਕਤੀ ਲੇਖਕ ਅਨੁਸਾਰ ਇੱਕ ਜਾਗਰਨ ਹੈ:

ਹਰ ਦੁੱਖ, ਕਸ਼ਟਾਂ, ਸਮੱਸਿਆਵਾਂ, ਥੁੜਾਂ, ਤੇ ਬੇਇਨਸਾਫ਼ੀ ਦੀ ਜ਼ਿੰਦਗੀ ਤੋਂ ਛੁਟਕਾਰਾ ਪਾਉਣ ਦੇ ਹਨ। ਜ਼ਿੰਦਗੀ ਤੋਂ ਮੁਕਤੀ ਜ਼ਿੰਦਗੀ ਤੋਂ ਭੱਜਣਾ ਨਹੀਂ, ਬਲਕਿ ਜ਼ਿੰਦਗੀ ਵਿਚ ਇਨ੍ਹਾਂ

> ਮੁਸੀਬਤਾਂ ਦਾ ਖ਼ਾਤਮਾ ਕਰਨ ਲਈ, ਨਵੀਆਂ ਵਿਗਿਆਨਕ ਸੋਚਾਂ ਉੱਪਰ ਅਮਲ ਕਰ ਕੇ ਜੂਝਣਾ ਹੈ। (ਕੋਮਲ ''ਚੇਤਨਾ ਦੇ ਆਰ-ਪਾਰ ਤੇ ਹੋਰ ਨਿਬੰਧ'' 52)

ਸੇਵਾ ਜਿਸ ਤੋਂ ਹਮੇਸ਼ਾ ਇਹ ਗਿਆਤ ਕੀਤਾ ਜਾਂਦਾ ਹੈ ਕਿ ਮਾਂ ਬਾਪ ਦੀ ਸੇਵਾ, ਰਿਸ਼ਤਿਆਂ ਦੀ ਨਿਭਾਉਣਾ ਦੀ ਸੇਵਾ, ਦਾਨ-ਪੁੰਨ ਕਰ ਕੇ, ਭਲਾਈ ਦੇ ਕੰਮ ਕਾਜ , ਬੱਚਿਆਂ ਦੀ ਦੇਖਭਾਲ ਆਦਿ, ਲੋੜ ਇਸ ਗੱਲ ਦੀ ਹੈ ਕਿ ਸੇਵਾ ਦੇ ਖੇਤਰ ਨੂੰ ਵਿਸ਼ਾਲ ਕੀਤਾ ਜਾਵੇ। ਵਿਗਿਆਨਕ ਸੋਚ ਦੇ ਧਾਰਨੀ ਬਣਿਆ ਜਾਵੇ।ਲੇਖਕ 'ਸੇਵਾ' ਨਿਬੰਧ ਵਿਚ ਅਸਲ ਸੇਵਾ ਪ੍ਰਤੀ ਜਾਗਰੂਕ ਕਰਦਾ ਹੈ:

> ਪ੍ਰਦੂਸ਼ਣ ਨੂੰ ਘਟਾਉਣ ਲਈ ਵਿਅਕਤੀਗਤ ਪੱਧਰ ਤੇ ਸਮੂਹਿਕ ਰੂਪ ਵਿਚ ਇੱਕ ਲਹਿਰ ਬਣਾ ਕੇ ਕੰਮ ਕਰਨਾ ਸੇਵਾ ਹੈ। ਨਦੀਆਂ, ਗੰਦੇ ਨਾਲਿਆਂ, ਦਰਿਆਵਾਂ ਨੂੰ ਸਾਫ਼ ਕਰਨ ਵਿਚ ਯੋਗਦਾਨ ਪਾਉਣਾ ਸੇਵਾ ਹੈ। ਪਾਣੀ ਦੀ ਸੰਭਾਲ, ਸ਼ੁੱਧ ਹਵਾ ਬਣਾਈ ਰੱਖਣ ਦੇ ਉਪਰਾਲੇ ਕਰਨੇ ਸੇਵਾ ਹੈ। ਪਿੰਡਾਂ, ਸ਼ਹਿਰਾਂ, ਸਕੂਲਾਂ, ਸਾਂਝੀਆਂ ਥਾਵਾਂ ਉੱਪਰ ਰੁੱਖ ਬੂਟੇ ਲਗਾਉਣੇ ਸੇਵਾ ਹੈ। (ਕੋਮਲ ''ਚੇਤਨਾ ਦੇ ਆਰ-ਪਾਰ ਤੇ ਹੋਰ ਨਿਬੰਧ'' 55)

> ਬੇਗਮਪੁਰ ਸਿਰਜਿਆ ਜਾਣਾ ਹੀ ਅਸਲੀ ਸੇਵਾ ਹੈ। ਕਿਸੇ ਦੀ ਜ਼ਿੰਦਗੀ ਨੂੰ ਉਸਾਰੂ ਰਾਹਾਂ ਤੇ ਤੋਰਨਾ ਅਸਲੀ ਮਨੁੱਖਤਾ ਦੀ ਸੱਚੀ ਸੇਵਾ ਹੋਵੇਗੀ। ਅਮਰ ਕੋਮਲ ਦੇ ਨਿਬੰਧ ਬਦਲਣਾ, ਸਿੱਖਣਾ, ਹਨੇਰ, ਸਵੇਰ, ਕਹਿਣਾ, ਸੁਣਨਾ, ਤੁਰਨਾ, ਮਿੱਟੀ, ਲੜਾਈ, ਸੁਨੇਹਾ, ਹੱਥ, ਪੈਰ ਆਦਿ ਅਜਿਹੀ ਸਾਰਥਕ ਰਚਨਾ ਹੈ, ਜਿਹੜੇ ਮਨੁੱਖ ਨੂੰ ਜ਼ਿੰਦਗੀ ਵਿਚ ਆਉਣ ਵਾਲੀਆਂ ਮੁਸ਼ਕਲਾਂ, ਸਮੱਸਿਆਵਾਂ ਅਤੇ ਮਾਨਸਿਕ ਤਣਾਅ ਤੋਂ ਵਿੱਥਾਂ ਸਿਰਜਣ ਦੀ ਜਾਚ ਸਿਖਾਉਂਦੇ ਹਨ। ਇਹਨਾਂ ਨਿਬੰਧਾਂ ਤੋਂ ਸਪਸ਼ਟ ਹੁੰਦਾ ਹੈ ਕਿ ਸਮਕਾਲ ਵਿਚ ਜੀਵਨ ਉਲਝ ਗਿਆ ਹੈ,

> ਜਿਸ ਕਰ ਕੇ ਲੇਖਕ ਅਜਿਹੇ ਵਿਸ਼ਿਆਂ ਉੱਪਰ ਨਿਬੰਧ ਲਿਖ ਰਿਹਾ ਹੈ ਤਾਂ ਜੋ ਜੀਵਨ ਨੂੰ ਬਿਹਤਰ ਬਣਾਇਆ ਜਾ ਸਕੇ।

**ਖ) ਰਿਸ਼ਤਿਆਂ ਦੀ ਬਣਤਰ:-** ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਤਾਂ ਉਸ ਦੇ ਜੀਵਨ ਵਿਚ ਇਹ ਰਿਸ਼ਤੇ ਸਥਾਪਿਤ ਕਰਨਾ, ਜ਼ਿੰਦਗੀ ਨੂੰ ਬਿਹਤਰ ਢੰਗ ਨਾਲ ਜਿਊਣ ਲਈ ਜ਼ਰੂਰੀ ਵੀ ਹਨ। ਲੇਖਕ 'ਰਿਸ਼ਤੇ ਨਾਤੇ' ਨਿਬੰਧ ਵਿਚ ਰਿਸ਼ਤਿਆਂ ਦੀ ਮਹੱਤਤਾ ਤੇ ਚਾਨਣਾ ਪਾਉਂਦਾ ਹੈ:

> ਰਿਸ਼ਤਾ ਅਜਿਹਾ ਬੰਧਨ ਰੂਪੀ ਧਾਗਾ ਹੈ, ਜਿਸ ਵਿਚ ਮਾਨਵੀ ਮੋਹ ਪਿਆਰ ਵਿਕਸਦਾ ਤੇ ਮੌਲਦਾ ਹੈ, ਪਰਿਵਾਰ ਸਥਾਪਿਤ ਕਰਦਾ ਹੈ ਅਤੇ ਸੁਰੱਖਿਆ ਪ੍ਰਦਾਨ ਕਰਵਾਉਂਦਾ ਹੈ। ਇਹ ਸੰਬੰਧ ਸਮੇਂ ਦੇ ਨਾਲ-ਨਾਲ ਪਰਿਵਰਤਨ ਹੁੰਦੇ ਰਹਿੰਦੇ ਹਨ। ਰਿਸ਼ਤਿਆਂ ਰਾਹੀਂ ਮਨੁੱਖ ਆਪਣੀਆਂ ਸਰੀਰਕ, ਮਾਨਸਿਕ, ਸਮਾਜਿਕ, ਅਤੇ ਸੁਰੱਖਿਆ ਸੰਬੰਧੀ ਲੋੜਾਂ ਦੀ ਪੂਰਤੀ ਵੀ ਕਰਦਾ ਹੈ। (ਕੋਮਲ ''ਬਚਨ-ਬਿਲਾਸ'' ੪੪)

ਰਿਸ਼ਤੇ ਨਾਤਿਆਂ ਵਿਚ ਲੁਕੀਆਂ ਭਾਵਨਾਵਾਂ, ਮਨੁੱਖ ਵਿਚ ਕਦਰਾਂ-ਕੀਮਤਾਂ ਦਾ ਸੰਚਾਰ ਕਰਦੀਆਂ ਹਨ, ਪ੍ਰੰਤੂ ਅੱਜ ਦਾ ਦੁਖਾਂਤ ਇਹ ਹੈ ਕਿ ਆਧੁਨਿਕ ਕਹਾਉਣ ਵਾਲਾ ਮਨੁੱਖ ਰਿਸ਼ਤਿਆਂ ਨੂੰ ਜ਼ਾਰ-ਜ਼ਾਰ ਕਰਨ ਵਿਚ ਦੇਰ ਨਹੀਂ ਕਰਦਾ।

ਪਤੀ-ਪਤਨੀ ਦੇ ਆਪਸੀ ਸੰਬੰਧ ਵਿਗੜ ਰਹੇ ਹਨ। ਬੱਚੇ ਆਪਣੇ ਮਾਤਾ-ਪਿਤਾ ਨੂੰ ਸੰਭਾਲਣ ਦੀ ਬਜਾਏ, ਘਰ ਤੋਂ ਬਿਰਧ ਆਸ਼ਰਮ ਛੱਡ ਆਉਂਦੇ ਹਨ। ਭਰਾ-ਭਰਾ ਦਾ ਦੁਸ਼ਮਣ ਬਣਦਾ ਜਾ ਰਿਹਾ ਹੈ। ਇੱਕ ਧੀ ਆਪਣੇ ਹੀ ਪਿਤਾ ਹੱਥੋਂ ਪੈਦਾ ਹੋਏ ਆਪਣੇ ਬੱਚੇ ਨੂੰ ਸੰਭਾਲਦੀ ਹੈ। 'ਰਿਸ਼ਤੇ ਨਾਤੇ' ਨਿਬੰਧ ਵਿਚ ਲੇਖਕ ਰਿਸ਼ਤਿਆਂ ਦੀ ਮਹੱਤਤਾ ਪੇਸ਼ ਕਰਦਾ ਹੈ:

> ਰਿਸ਼ਤੇ-ਨਾਤੇ ਨਿਰਸੰਦੇਹ, ਮਨੁੱਖੀ ਜੀਵਨ ਦੇ ਬਾਗ਼ ਬਗੀਚੇ ਵਿਚ ਲੱਗੇ, ਮਹਿਕਦੇ ਟਹਿਕਦੇ ਭਾਂਤ-ਭਾਂਤ ਦੇ ਫ਼ੁਲ ਹਨ। ਸਮਾਜ ਦੀਆਂ ਪੱਕੀਆਂ ਤੰਦਾਂ, ਜਿਨ੍ਹਾਂ ਦੇ ਤਾਣੇ-ਬਾਣੇ ਦੇ ਧਾਗਿਆਂ ਨਾਲ ਮਨੁੱਖੀ ਮਨ ਮੌਲਦਾ ਹੈ ਵਿਕਸਦਾ ਹੈ ਅਤੇ ਸਿਰਜਨਾ ਕਰਦਾ ਹੈ। (ਕੋਮਲ ''ਬਚਨ ਬਿਲਾਸ'' 46)

> ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ: ਸੱਚ ਤਾਂ ਇਹ ਵੀ ਹੈ ਕਿ ਸੁੱਖ ਵਸਤੂਆਂ ਵਿਚ ਨਹੀਂ, ਮਨੁੱਖ ਦਾ ਦੂਜਿਆਂ ਪ੍ਰਤੀ ਸਨੇਹ ਅਤੇ ਪਿਆਰ ਭਰੀ ਸੋਚਣੀ ਵਿਚ ਹੁੰਦਾ ਹੈ। ਜਿਸ ਘਰ ਦੇ ਜੀਆਂ ਦੀ ਸੋਚਣੀ ਉਸਾਰੂ ਹੈ, ਆਪਸੀ ਸਤਿਕਾਰ ਅਤੇ ਪਿਆਰ ਅਤੇ ਹਮਦਰਦੀ ਸੱਚੀ ਹੈ, ਉਹ ਜੀਅ ਥੁੜਾਂ ਵਿਚ ਵੀ ਬਾਦਸ਼ਾਹ ਹੁੰਦੇ ਹਨ। (''ਵਿਆਖਿਆ-ਵਿਸ਼ਲੇਸ਼ਣ'' 95)

ਉਪਰੋਕਤ ਸ਼ਬਦਾਂ ਤੋਂ ਭਾਵ ਰਿਸ਼ਤਿਆਂ ਵਿਚ ਪਨਪ ਰਿਹਾ ਪਿਆਰ ਹੀ ਮਨੁੱਖ ਨੂੰ ਅਮੀਰ ਬਣਾਉਂਦਾ ਹੈ।

ਪਰਿਵਾਰਿਕ ਰਿਸ਼ਤਿਆਂ ਵਿਚ ਇੱਕ ਮਹੱਤਵਪੂਰਨ ਭੂਮਿਕਾ ਰੱਖਣ ਵਾਲਾ ਰਿਸ਼ਤਾ ਹੁੰਦਾ ਹੈ, ਪਤੀ-ਪਤਨੀ ਦਾ ਜਿਹਨਾਂ ਨੇ ਇੱਕ ਪਰਿਵਾਰ ਦੀ ਸਿਰਜਣਾ ਦੇ ਨਾਲ-ਨਾਲ, ਇੱਕ ਨਰੋਆ ਸਮਾਜ ਵੀ ਸਿਰਜਣਾ ਹੁੰਦਾ ਹੈ। ਸੁਖੀ ਪਰਿਵਾਰ ਉਸ ਨੂੰ ਹੀ ਕਿਹਾ ਜਾ ਸਕਦਾ ਹੈ, ਜਿੱਥੇ ਪਤੀ-ਪਤਨੀ ਆਪਣੇ ਦੁੱਖ-ਸੁੱਖ ਦੇ ਭਾਈਵਾਲ ਹੋਣ ਤੇ ਇੱਕ ਦੂਜੇ ਦੀਆਂ ਭਾਵਨਾਵਾਂ, ਲੋੜਾਂ, ਪ੍ਰਾਪਤੀਆਂ ਨੂੰ ਸਮਝ ਕੇ ਉਸ ਨੂੰ ਪੂਰਾ ਕਰਨ ਦਾ ਯਤਨ ਕਰਨ। ਲੇਖਕ 'ਪਤੀ-ਪਤਨੀ' ਨਿਬੰਧ ਵਿਚ ਪਤੀ-ਪਤਨੀ ਦੇ ਰਿਸ਼ਤੇ ਦੀ ਮਹੱਤਤਾ ਦੱਸਦਾ ਹੈ:

> ਦੰਮਯਤੀ-ਜੋੜਾ ਉਹੀ ਹੀ ਸਫਲ ਹੈ, ਜਿਸ ਅੰਦਰ ਇੱਕ ਦੂਜੇ ਦੀ ਗ਼ਲਤੀ ਨੂੰ ਮੁਆਫ਼ ਕਰਨ ਦੀ ਜੁਰਅਤ ਹੁੰਦੀ ਹੈ। ਇੱਕ ਦੂਜੇ ਦੇ ਦੁੱਖ-ਸੁੱਖ ਨੂੰ ਵੰਡਣ ਦੀ ਜਾਚ ਹੁੰਦੀ ਹੈ। ਕਬੀਲਦਾਰੀ ਦਾ ਗੱਡਾ ਤਾਂ ਹੀ ਚਲਦਾ ਹੋਇਆ ਰਫ਼ਤਾਰ ਫੜਦਾ ਹੈ। ਜੇਕਰ ਉਸ ਦੇ ਪਹੀਏ ਸਾਵੇਂ ਬਰਾਬਰ ਬਰਾਬਰ ਹੋਣ। (ਕੋਮਲ ''ਸਰੋਕਾਰ ਤੇ ਸੰਕਲਪ''76)

> ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ: ਅੱਜ ਤਕ ਦਾ ਸੰਸਾਰ, ਪੁਰਸ਼ ਦਾ ਸਿਰਜਿਆ ਹੋਇਆ ਹੈ, ਜਦੋਂ ਔਰਤ ਵੀ ਇਸ ਵਿਚ ਪੂਰਾ ਯੋਗਦਾਨ ਦੇਵੇਗੀ ਤਾਂ ਨਿਸ਼ਚੇ ਹੀ ਦੁਨੀਆ ਹੋਰ ਸੋਹਣੀ ਅਤੇ ਜ਼ਿੰਦਗੀ ਵਧੇਰੇ ਮਾਣਨਯੋਗ ਹੋ ਜਾਵੇਗੀ। ("ਵਿਆਖਿਆ-ਵਿਸ਼ਲੇਸ਼ਣ" 61)

ਹਮੇਸ਼ਾ ਪਤੀ-ਪਤਨੀ ਵੱਲੋਂ ਮਿਲ ਕੇ ਕੀਤੇ ਕਾਰਜ ਤੇ ਰਲ ਕੇ ਕੀਤੀਆਂ ਸਲਾਹਾਂ ਹੀ ਪਰਿਵਾਰਕ ਰਿਸ਼ਤਿਆਂ ਦੇ ਵਿਕਾਸ ਦਾ ਰਸਤਾ ਬਣਦੀਆਂ ਹਨ। ਹੈਂਕੜ ਬਾਜ਼ੀ, ਇੱਕ ਦੂਜੇ ਦੀ ਪ੍ਰਵਾਹ ਨਾ ਕਰਨਾ, ਇੱਕ ਦੂਜੇ ਤੇ ਸ਼ੱਕ ਕਰਨਾ ਤੇ ਬਿਗਾਨੀ ਖੁਰਲੀ ਵਿਚੋਂ ਪੱਠੇ ਖਾਣ ਦੀ ਆਦਤ, ਮਨੁੱਖ ਦਾ ਸਿਰਫ਼ ਘਰ ਹੀ ਨਹੀਂ ਤੋੜਦੀਆਂ, ਸਗੋਂ ਉਨ੍ਹਾਂ ਦੇ ਬੱਚਿਆਂ ਨੂੰ ਵੀ ਨੈਤਿਕ ਕਦਰਾਂ-ਕੀਮਤਾਂ ਤੋਂ ਸੱਖਣਾ ਕਰਦੀਆਂ ਹਨ, ਸੋ ਲੋੜ ਹੈ ਪਤੀ-ਪਤਨੀ ਦੇ ਰਿਸ਼ਤੇ ਵਿਚ, ਜੋ ਹੰਕਾਰ ਦਾ ਤੂਫ਼ਾਨ ਹੈ, ਉਸ ਨੂੰ ਖ਼ਤਮ ਕਰ ਕੇ ਰਲ ਮਿਲ ਕੇ, ਜ਼ਿੰਦਗੀ ਰੂਪੀ ਧਾਗੇ ਨਾਲ ਗੰਢਿਆਂ ਜਾਵੇ। ਹਰ ਇੱਕ ਰਿਸ਼ਤੇ ਦੀ ਆਪਣੀ ਇੱਕ ਵੱਖਰਤਾ ਹੁੰਦੀ ਹੈ ਤੇ ਆਪਣਾ ਇੱਕ ਵੱਖਰਾ ਸੁਆਦ ਹੁੰਦਾ ਹੈ, ਚਾਹੇ ਉਹ ਪਰਿਵਾਰਿਕ ਰਿਸ਼ਤੇ ਹੋਣ, ਚਾਹੇ ਪ੍ਰਕ੍ਰਿਤੀ ਨਾਲ ਰਿਸ਼ਤਾ ਗੰਢਣ ਦੀ ਗੱਲ ਹੋਵੇ, ਚਾਹੇ ਅਧਿਆਤਮਕ ਸਾਂਝ ਦਾ ਰਿਸ਼ਤਾ ਹੋਵੇ। ਇਹ ਸਦੀਵੀ ਰਿਸ਼ਤੇ ਹੁੰਦੇ ਹਨ। ਰਿਸ਼ਤੇ ਸਾਡੇ ਸਮਾਜ ਦੀ ਚੂਲ ਹੋਇਆ ਕਰਦੇ ਹਨ। ਜਿਨ੍ਹਾਂ ਤੋਂ ਬਗੈਰ ਇਸ ਜ਼ਿੰਦਗੀ ਨੂੰ ਚਲਾਉਣਾ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ।

ਪ੍ਰਮੁੱਖ ਲੋੜ ਇਸ ਗੱਲ ਦੀ ਹੈ ਕਿ ਭਾਗਾਂ ਵਾਲੇ ਬਣ ਕੇ ਰਿਸ਼ਤਿਆਂ ਦੀ ਕਦਰ ਕਰਦੇ ਹੋਏ ਪੂਰਾ ਮਾਣ-ਸਤਿਕਾਰ ਦੇਣ ਦੀ। ਰਿਸ਼ਤੇ ਇੱਕ ਅਜਿਹੇ ਸਰਸਬਜ਼ ਰੁੱਖ ਵਾਂਗ ਹੁੰਦੇ ਹਨ, ਜਿਨ੍ਹਾਂ ਉੱਤੇ ਹਮੇਸ਼ਾ ਨੇਕੀ, ਦੁਲਾਰ ਪਿਆਰ ਦੇ ਹੀ ਫ਼ੁਲ ਖਿੜਦੇ ਹਨ ਤੇ ਇਹਨਾਂ ਦੀ ਸਥਾਪਤੀ ਸਦੀਵੀ ਹੋਣੀ ਚਾਹੀਦੀ ਹੈ। ਸਮਾਜ ਰਿਸ਼ਤਿਆਂ ਨੂੰ ਪਰਿਭਾਸ਼ਿਤ ਕਰਦਾ ਹੈ, ਜਦੋਂ ਕਿ ਸਾਹਿਤ ਰਿਸ਼ਤਿਆਂ ਦੀ ਮਹੱਤਤਾ ਦੱਸਦਾ ਹੈ। ਇਸ ਦੀ ਮਿਸਾਲ ਡਾ.ਅਮਰ ਕੋਮਲ ਉਪਰੋਕਤ ਨਿਬੰਧਾਂ ਵਿਚੋਂ ਬਾਖ਼ੂਬੀ ਦੇਖੀ ਜਾ ਸਕਦੀ ਹੈ।

**ਗ) ਨਾਰੀ ਪੱਖ:-** ਲੇਖਕ ਦੇ ਵਿਚਾਰ ਅਨੁਸਾਰ ਜੇਕਰ ਘਰ ਦੀ ਨਾਰੀ ਪੜ੍ਹੀ ਲਿਖੀ ਹੈ, ਤਾਂ ਉਹ ਸਮੁੱਚੇ ਪਰਿਵਾਰ ਨੂੰ ਹੀ ਨਹੀਂ, ਸਗੋਂ ਪੂਰੇ ਸਮਾਜ ਨੂੰ ਪ੍ਰਕਾਸ਼ ਸੰਚਾਰ ਦੀ ਹੈ। 'ਨਾਰੀ' ਨਿਬੰਧ ਵਿਚ ਲੇਖਕ ਅਨੁਸਾਰ ਹਰ ਖੇਤਰ ਵਿਚ ਜਿੱਥੇ ਨਾਰੀ ਦੀ ਸਰਦਾਰੀ ਹੈ ਉੱਥੇ ਉਹ ਸੰਸਥਾਵਾਂ ਹਮੇਸ਼ਾ ਨਵੀਆਂ ਪੁਲਾਂਘਾਂ ਪੁੱਟੇਗੀ:

> ਨਾਰੀ ਪਿਆਰ ਦੀ ਸਰੋਤ ਹੈ, ਮਹਿਕਾਂ ਦੀ ਵਣਜਾਰਨ ਹੈ, ਹੁਸਨ ਵੰਡਦੀ ਹੈ।ਮਮਤਾ ਸੰਚਾਰਦੀ ਹੈ, ਜੇ ਕੋਈ ਮਕਾਨ ਘਰ ਬਣਦਾ ਹੈ, ਉਸ ਵਿਚ ਨਾਰੀ ਦੀਆਂ ਸ਼ੁੱਭ-ਭਾਵਨਾਵਾਂ, ਪਿਆਰ ਦੁਲਾਰ ਦੀਆਂ ਮਹਿਕਾਂ, ਸ਼ਿੰਗਾਰਨ ਸੰਵਾਰਨ ਦੇ ਚਾਅ ਅਤੇ ਅੰਬਰੀ, ਕਲਪਨਾ ਵਾਦੀ ਸਿਰਜਨਾ ਹੁੰਦੀ ਹੈ।ਘਰ, ਜੇ ਉੱਸਰਦਾ ਹੈ, ਸ਼ਿੰਗਾਰਿਆਂ ਜਾਂਦਾ ਹੈ, ਕਲਾ-ਭਵਨ ਬਣਦਾ ਹੈ, ਤਾਂ ਨਾਰੀ ਦੀਆਂ ਸੱਚੀਆਂ-ਸੁੱਚੀਆਂ ਕਲਾਮਈ ਕਿਰਤਾਂ ਦਾ ਫਲ ਹੁੰਦਾ ਹੈ ਨਾਰੀ ਜੇ ਧਰਤੀ ਦਾ ਸ਼ਿੰਗਾਰ ਹੈ, ਅੰਬਰਾਂ ਵਰਗੀ ਸੁੱਚੀ ਕਲਪਨਾ ਹੈ, ਪਾਤਾਲ ਦੀ ਮਹਿਕ ਹੈ, ਨਾਰੀ ਚੰਨ ਵੀ ਹੈ, ਸੂਰਜ ਵੀ ਹੈ, ਨਰ ਜੇ ਨਾਰੀ ਦਾ ਸਾਥੀ ਹੈ, ਦੋਵਾਂ ਦਾ ਜੀਵਨ ਸਾਰਥਕ ਹੋ ਜਾਂਦਾ ਹੈ। (ਕੋਮਲ ''ਬਚਨ ਬਿਲਾਸ'' 29)

**ਘ) ਸਿੱਖਿਆਦਾਇਕ ਨਿਬੰਧ:-** ਸਾਡੇ ਸਮਕਾਲ ਵਿਚ ਕੁਦਰਤ ਸੰਕਟ ਦਾ ਸਾਹਮਣਾ ਕਰ ਰਹੀ ਹੈ। ਇਸ ਦਾ ਮੁੱਖ ਕਾਰਨ ਮਨੁੱਖ ਦੀਆਂ ਲੋੜਾਂ ਤੇ ਲਾਲਸਾਵਾਂ ਹਨ। ਕੁਦਰਤ ਹੀ ਮਨੁੱਖ ਦਾ ਸਭ ਤੋਂ ਵੱਡਾ ਅਧਿਆਪਕ ਵੀ ਹੈ।

ਮਨੁੱਖ ਲਈ ਕੁਦਰਤ ਕੋਲੋਂ ਗਿਆਨ ਹਾਸਿਲ ਕਰਨ ਲਈ ਤੇ ਸਿੱਖਣ ਦੇ ਸੈਂਕੜੇ ਸਰੋਤ ਹਨ। ਦਰਖਤਾਂ ਦੇ ਝੜਦੇ ਪੱਤੇ ਮੁੜ ਨਵੀਂ ਰੁੱਤ ਆਉਣ ਦੀ ਉਡੀਕ ਕਰਦੇ ਹਨ ਅਤੇ ਮਨੁੱਖ ਨੂੰ ਇੱਕ ਅਧਿਆਪਕ ਬਣ ਕੇ ਸਿਖਾਉਂਦੀ ਹੈ। ਜ਼ਿੰਦਗੀ ਵਿਚ ਕਦੀ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ। ਲੇਖਕ 'ਕੁਦਰਤ' ਨਿਬੰਧ ਵਿਚ ਸਿੱਖਿਆ ਦਿੰਦਾ ਆਖਦਾ ਹੈ।

> ਦਰਿਆਵਾਂ ਦੀ ਰਵਾਨੀ, ਜ਼ਿੰਦਗੀ ਲਈ ਨਿਰੰਤਰ ਦਾ ਪ੍ਰਤੀਕ ਹੈ। ਪੰਛੀਆਂ ਵੱਲੋਂ ਜਿਊਣ ਲਈ ਕੀਤੀ ਮਿਹਨਤ ਸਾਡੇ ਲਈ ਹਿੰਮਤ ਬਣਾਈ ਰੱਖਣ ਦਾ ਸੁਨੇਹਾ ਹੈ। ਖ਼ੁਸ਼ ਰਹਿਣਾ, ਮਹਿਕਾਉਣਾ ਸਾਡੇ ਲਈ ਫੁੱਲਾ ਦਾ ਪੈਗ਼ਾਮ ਹੈ। ਹਨੇਰੇ ਸਵੇਰੇ ਬਦਲਣ ਦੀ ਮਹੱਤਤਾ ਦਰਸਾਉਂਦੇ ਹਨ। ਕੁਦਰਤ ਦੇ ਦ੍ਰਿਸ਼ਾਂ ਦਾ ਯਥਾਰਥਕ ਰੂਪ, ਸਾਡੇ ਜੀਵਨ ਲਈ ਸ਼ਕਤੀ ਸੰਚਾਰਦਾ ਹੈ। (ਕੋਮਲ ''ਚੇਤਨਾ ਦੇ ਆਰ-ਪਾਰ ਤੇ ਹੋਰ ਨਿਬੰਧ'' 63)

ਮਨੁੱਖ ਦੀਆਂ ਬਹੁਤੀਆਂ ਵਿਗਿਆਨਕ ਕਾਢਾਂ ਦਾ ਪ੍ਰੇਰਨਾ ਸਰੋਤ ਵੀ ਕੁਦਰਤ ਹੀ ਹੈ। ਸਮਕਾਲੀ ਦੌਰ ਨੂੰ ਗਿਆਨ-ਵਿਗਿਆਨ ਦੇ ਦੌਰ ਨਾਲ ਹੀ ਜਾਣਿਆ ਜਾਂਦਾ ਹੈ। ਗਿਆਨ ਦਾ ਚਾਨਣ ਮਨੁੱਖ ਦੀ ਜ਼ਿੰਦਗੀ ਦੇ ਹਨੇਰੇ ਨੂੰ ਦੂਰ ਕਰ ਕੇ ਉਸ ਨੂੰ ਉਸਾਰੂ ਜੀਵਨ ਦੀ ਸੋਝੀ ਕਰਵਾਉਂਦਾ ਹੈ। ਗਿਆਨ ਚਾਨਣ ਦਾ ਦੂਜਾ ਨਾਮ ਹੈ। ਗਿਆਨ ਮਨੁੱਖ ਨੂੰ ਜਾਚਣ, ਪਰਖਣ, ਸੋਚਣ, ਸਮਝਣ ਲਈ ਤੀਜੀ ਅੱਖ ਪ੍ਰਦਾਨ ਕਰਦਾ ਹੈ। ਲੇਖਕ 'ਗਿਆਨ' ਨਿਬੰਧ ਵਿਚ ਗਿਆਨ ਦੀ ਮਹੱਤਤਾ ਦੱਸਦਾ ਹੈ:

> ਵਿਗਿਆਨਕ ਗਿਆਨ, ਮਨੁੱਖ ਨੂੰ ਵਹਿਮਾਂ ਭਰਮਾਂ, ਵਿਚੋਂ ਕੱਢ ਕੇ ਲਕੀਰ ਦਾ ਫ਼ਕੀਰ ਹੋਣ ਦੀ ਮੂਰਖਤਾ ਤੋਂ ਵਰਜਦਾ ਹੈ। (ਕੋਮਲ ''ਚੇਤਨਾ ਦੇ ਆਰ-ਪਾਰ ਤੇ ਹੋਰ ਨਿਬੰਧ''70)

ਲੋੜ ਹੈ ਗਿਆਨ ਨੂੰ ਗੁਰੂ ਬਣਾ ਕੇ ਸਾਨੂੰ ਆਪਣੀ ਜ਼ਿੰਦਗੀ ਦੇ ਸੋਚਣ ਤੇ ਬਤੀਤ ਕਰਨ ਦੀ ਵਿਧੀ ਸੁਚੱਜੀ ਅਤੇ ਕਲਾਤਮਕ ਬਣਾਈ ਜਾਣੀ ਚਾਹੀਦੀ ਹੈ:

> ਜਨਮ ਤੋਂ ਲੈ ਕੇ ਮਰਨ ਤੱਕ ਅਸੀਂ ਗਿਆਨ ਰੂਪੀ ਚਾਨਣ ਦੇ ਵਣਜਾਰੇ ਬਣਨ ਦੀ ਰੀਝ ਤਾਂ ਪਾਲਦੇ ਹਾਂ, ਪ੍ਰੰਤੂ ਇਹ ਅਗਿਆਨਤਾ ਦਾ ਹਨੇਰਾ ਅੰਧ ਵਿਸ਼ਵਾਸ ਦਾ ਸੰਕਟ, ਜਾਦੂ ਟੂਣਿਆਂ ਦੀ ਗੁੜ੍ਹਤੀ ਦਾ ਪ੍ਰਭਾਵ, ਜੋਤਸ਼ੀਆਂ ਅਗਿਆਨ ਦੀ ਜਕੜ, ਜਾਤਪਾਤ ਦੇ ਬੁਰਕੇ, ਧਰਮਾਂ ਜਜ਼ਬਾ ਦੇ ਵਿਤਕਰੇ, ਫ਼ਿਰਕਾ ਪ੍ਰਤੀ ਦੀ ਅੱਗ ਅਤੇ ਸਮਾਜਿਕ ਰਾਜਨੀਤਕ ਆਰਥਿਕ ਮਸਲੇ

> ਅਜਿਹੇ ਹਨ ਕਿ ਸਾਡੀ ਬੁੱਧੀ, ਮਨ, ਅੰਤਹਿਕਰਨ, ਵਿਗਿਆਨਕ, ਵਿਚਾਰਾਂ ਦਾ ਸ਼ੁੱਧ ਗਿਆਨ ਪ੍ਰਾਪਤ ਕਰਨ ਤੋਂ ਅਸਮਰਥ ਰਹਿੰਦਾ ਹੈ। (ਕੋਮਲ ''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ'' 67)

ਲੇਖਕ ਮਨੁੱਖ ਨੂੰ ਸਿੱਖਿਆ ਦਿੰਦਾ ਆਖਦਾ ਹੈ, ਕਿ ਅੰਧ-ਵਿਸ਼ਵਾਸ ਮਨੁੱਖ ਨੂੰ ਗਿਆਨ ਰੂਪੀ ਚਾਨਣ ਤੋਂ ਕੋਹਾਂ ਦੂਰ ਰੱਖਦੇ ਹਨ। ਗਿਆਨ ਦਾ ਅਸਲ ਚਾਨਣ ਹੀ ਮਨੁੱਖ ਦੀ ਜ਼ਿੰਦਗੀ ਦੇ ਹਰ ਪਲ ਵਿਚ ਉਸ ਦਾ ਰਾਹ ਦਰਸੇਵਾਂ ਹੁੰਦਾ ਹੈ। ਲਕੀਰ ਦਾ ਫ਼ਕੀਰ ਬਣਨ ਤੋਂ, ਜੇਕਰ ਮਨੁੱਖ ਨੂੰ ਕੋਈ ਚੀਜ਼ ਬਚਾ ਸਕਦੀ ਹੈ ਤਾਂ ਉਹ ਹੈ, ਅਸਲ ਗਿਆਨ ਤੇ ਤਰਕਵਾਦੀ ਸੋਚ ਅਥਵਾ ਵਿਗਿਆਨਕ ਦ੍ਰਿਸ਼ਟੀਕੋਣ।

**ਙ) ਸਮਕਾਲੀ ਸਰੋਕਾਰ:-** ਮਨੁੱਖ ਨੇ ਆਪਣੀ ਬੁੱਧੀ ਅਤੇ ਸਮਰੱਥਾ ਅਨੁਸਾਰ ਅਨੇਕਾਂ ਖੇਤਰਾਂ ਵਿਚ ਵਿਕਾਸ ਕੀਤਾ ਹੈ, ਪ੍ਰੰਤੂ ਕਿਤੇ ਨਾ ਕਿਤੇ ਇਹ ਵਿਕਾਸ ਹੰਕਾਰ ਦਾ ਵੀ ਹੋਇਆ। ਜਿਸ ਕਾਰਨ ਹੱਦ-ਬੰਦੀਆਂ ਵਧੀਆ ਜਿਵੇਂ-ਜਿਵੇਂ ਮਨੁੱਖ ਨੇ ਪਦਾਰਥਕ ਵਿਕਾਸ ਕੀਤਾ ਹੈ, ਓਵੇਂ-ਓਵੇਂ ਉਹ ਮਾਨਸਿਕ ਪੱਖੋਂ ਵਧੇਰੇ ਅਸੰਤੁਸ਼ਟ ਹੋ ਗਿਆ। ਮਨੁੱਖ ਦੇ ਅੰਦਰ ਵੱਸਦੇ ਕਾਮ, ਕ੍ਰੋਧ, ਲੋਭ, ਤੇ ਮੋਹ ਨੇ ਧਾਰਮਿਕ ਪੱਖੋਂ ਝਗੜੇ ਵਧਾਏ ਤੇ ਇੱਕ ਨਸਲ ਇੱਕ ਕੁਦਰਤ ਦੀ ਔਲਾਦ ਹੁੰਦਿਆਂ ਹੋਇਆ, ਮਨੁੱਖ ਵਿਚ ਪਾੜੇ ਵਧੇ। 'ਹੱਦ-ਬੰਦੀ' ਨਿਬੰਧ ਵਿਚ ਲੇਖਕ ਮੁਹੰਮਦ ਅਹਿਮਦ ਦੀ ਕਹੀ ਗੱਲ ਆਖਦਾ ਹੈ ਕਿ ਉਹ ਕਹਿੰਦਾ ਹੈ:

> ਅੰਤਰਿਕਸ਼ ਤੋਂ ਮੈਂ ਇਸ ਧਰਤੀ ਨੂੰ ਅਜਿਹਾ ਨਿਹਾਰਦਾ ਹਾਂ, ਕਿ ਜਿਸ ਦੀ ਸੁੰਦਰਤਾ ਬਿਆਨ ਕਰਨਾ ਅਤਿ ਮੁਸ਼ਕਲ ਹੈ। ਪ੍ਰੰਤੂ ਜਦ ਵੱਖ-ਵੱਖ ਕੌਮਾਂ ਦੇਸ਼ਾਂ ਦੀਆਂ ਹੱਦ-ਬੰਦੀਆਂ ਦੇਖਦਾ ਹਾਂ, ਤਾਂ ਇਹ ਅਲੋਪ ਹੋ ਜਾਂਦੀ ਹੈ। (ਕੋਮਲ'' ਪੰਚਵਟੀ ਦੇ ਅੰਦਰ ਬਾਹਰ''120 )

ਧਰਤੀ ਦੇ ਜਿਸ ਵੀ ਚੱਪੇ ਤੇ ਮਨੁੱਖ ਪਹੁੰਚ ਗਿਆ, ਉੱਥੇ ਹੱਦ-ਬੰਦੀਆਂ ਸ਼ੁਰੂ ਹੋ ਗਈਆਂ, ਜਿਸ ਕਾਰਨ ਮਨੁੱਖ ਨੇ ਮਨੁੱਖ ਨੂੰ ਹੀ ਦੁਸ਼ਮਣ ਬਣਾ ਕਰ ਦਿੱਤਾ ਹੈ। ਲੋਕ ਧਰਮਾਂ, ਜਾਤਾ-ਪਾਤਾ ਕਾਰਨ ਵੰਡੀਆਂ ਵਿਚ ਪਏ ਹੋਏ ਹਨ।

ਲੇਖਕ ਅਨੁਸਾਰ ਮਨੁੱਖ ਨਾਲੋਂ ਤਾਂ ਉਹ ਜੀਵ ਜੰਤੂ ਚੰਗੇ ਹਨ। ਜਿਹੜੇ ਮਨੁੱਖ ਵੱਲੋਂ ਉਲੀਕੀਆਂ ਹੱਦ-ਬੰਦੀਆਂ ਨੂੰ ਨਹੀਂ ਮੰਨਦੇ:

> ਪੰਛੀ ਆਜ਼ਾਦ ਹਨ। ਮੁਲਕਾਂ ਦੀਆਂ ਸਰਹੱਦਾਂ ਪਾਰ ਕਰਦੇ ਹੋਏ, ਮੇਰਾ ਤੇ ਪਰਾਇਆ ਦੇਸ਼ ਦਾ ਅੰਤਰ ਨਹੀਂ ਕਰਦੇ। ਜਾਨਵਰ ਸਰਹੱਦਾਂ ਦੀਆਂ ਸੀਮਾਵਾਂ ਉਲੰਘਦੇ, ਦੂਜੇ ਦੇਸ਼ ਚਲੇ ਜਾਂਦੇ ਹਨ। ਚੋਗ਼ਾ ਚੁਗਣ ਲਈ ਪੰਛੀ ਏਧਰ ਉੱਧਰ ਜਾਂਦੇ ਹਨ। ਕੱਤਕ-ਕੂੰਜਾਂ ਹਜ਼ਾਰਾਂ ਮੀਲਾਂ ਦੀ ਯਾਤਰਾ ਤਹਿ ਕਰ ਕੇ ਦੂਰ ਦੇਸ਼ੋਂ ਤੋਂ ਆਉਂਦੀਆਂ ਹਨ ਤੇ ਫਿਰ ਮੁੜ ਜਾਂਦੀਆਂ। (ਕੋਮਲ ''ਪੰਚਵਟੀ ਦੇ ਅੰਦਰ ਬਾਹਰ'' 122)

ਉਪਰੋਕਤ ਸ਼ਬਦਾਂ ਤੋਂ ਭਾਵ ਮਨੁੱਖ ਨੇ ਆਪਣੇ ਹੰਕਾਰ ਵਿਚ ਆ ਕੇ ਹੱਦ ਬੰਦੀਆਂ ਦੀਆਂ ਲਕੀਰਾਂ ਖਿੱਚ ਦਿੱਤੀਆਂ ਹਨ। ਕਾਸ਼ ਮਨੁੱਖ ਵੀ ਇਹਨਾਂ ਪੰਛੀਆਂ ਵਾਂਗ ਆਜ਼ਾਦ ਦੇਸ਼ ਦਾ ਵਾਸੀ ਹੁੰਦਾ। ਜਦੋਂ ਤੱਕ ਮਨੁੱਖ, ਮਨੁੱਖ ਨੂੰ ਆਪਣਾ ਭਾਈਵਾਲ ਨਹੀਂ ਮੰਨਣ ਲੱਗ ਪੈਂਦਾ ਤੇ ਇੱਕ ਨੇਕ ਇਨਸਾਨ ਵਜੋਂ ਸਰਬੱਤ ਦੇ ਭਲੇ ਲਈ ਅਰਦਾਸ ਕਰਨੀ ਨਹੀਂ ਸ਼ੁਰੂ ਕਰ ਦਿੰਦਾ, ਓਨੀ ਦੇਰ ਦੁਨੀਆ ਦੀ ਕੋਈ ਤਾਕਤ, ਇਹਨਾਂ ਹੱਦਬੰਦੀਆਂ ਨੂੰ ਨਹੀਂ ਰੋਕ ਸਕਦੀ। ਦਿਲਾਂ ਦੇ ਵਿਤਕਰੇ ਮਿਟਾ ਕੇ ਲੋੜ ਹੈ, ਦਿਲੋਂ ਸਾਂਝ ਪੈਦਾ ਕਰਨ ਦੀ। ਲੇਖਕ ਦਾ ਇਹ ਨਿਬੰਧ ਸਮਕਾਲ ਨੂੰ ਛੂੰਹਦਾ ਦਿਖਾਈ ਦਿੰਦਾ ਹੈ ਜਿਵੇਂ ਪਾਕਿਸਤਾਨ ਵਿਚ ਡੇਰਾ ਬਾਬਾ ਨਾਨਕ ਦੇ ਦਰਸ਼ਨਾਂ ਦਾ ਰਸਤਾ ਖੁੱਲਣਾ ਕਿਤੇ ਨਾ ਕਿਤੇ ਹੱਦ-ਬੰਦੀਆਂ ਨੂੰ ਤੋੜਨ ਦਾ ਸਫਲ ਯਤਨ ਹੀ ਹੈ।

'ਸ਼ਿਕਾਇਤ ਦਰ ਸ਼ਿਕਾਇਤ' ਨਿਬੰਧ ਵਿਚ ਲੇਖਕ ਸਮਕਾਲੀ ਸਮਾਜ ਦੀ ਸਥਿਤੀ ਪੇਸ਼ ਕਰਦਾ ਹੈ ਕਿ ਸਮਕਾਲ ਨੇ ਮਨੁੱਖ ਦਾ ਸੁਭਾਅ ਬਣਾ ਦਿੱਤਾ ਹੈ ਕਿ ਸ਼ਿਕਾਇਤ ਕਰਨੀ ਇੱਕ ਆਮ ਗੱਲ ਜਾਪਦੀ ਹੁੰਦੀ ਹੈ। ਇਹ ਹਰ ਪੱਧਰ ਤੇ ਹੁੰਦੀ ਹੈ, ਚਾਹੇ ਘਰ-ਪਰਿਵਾਰ ਹੋਵੇ, ਰਾਜਨੀਤਕ ਪੱਖ ਹੋਵੇ, ਸਮਾਜਿਕ ਅਵਸਥਾ ਹੋਵੇ, ਸੱਚਾ-ਮਿੱਤਰ ਹੋਵੇ। ਇਹ ਰੋਸ ਉਲਾਂਭੇ, ਗ਼ੁੱਸੇ ਮਨੁੱਖ ਦੀ ਜ਼ਿੰਦਗੀ ਦਾ ਹਿੱਸਾ ਬਣ ਗਏ ਹਨ:

ਸ਼ਿਕਾਇਤਾਂ ਉਹ ਕੀਤੀਆਂ ਜਾਣ, ਜੋ ਹੱਕ ਸੱਚ ਅਤੇ ਸੁਰੱਖਿਆ, ਸੰਭਾਲ ਨੂੰ ਮੁੱਖ ਰੱਖ ਕੇ ਲੋਕ ਹਿਤਾਂ ਦੀ ਰਾਖੀ ਲਈ ਹੋਣ। (ਕੋਮਲ ''ਪੰਚਵਟੀ ਦੇ ਅੰਦਰ ਬਾਹਰ'' 133)

ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ: ਹਰ ਸ਼ਿਕਾਇਤ ਦਾ ਲੱਛਣ ਇਹ ਹੁੰਦਾ ਹੈ ਕਿ ਉਹ ਬਹੁਤ ਹੱਦ ਤੱਕ ਝੂਠੀ ਹੁੰਦੀ ਹੈ, ਸੰਦਰਭ ਤੋਂ ਟੁੱਟੀ ਹੁੰਦੀ ਹੈ ਅਤੇ ਤੰਗ ਨਜ਼ਰੀਏ ਵਾਲੇ ਉਦੇਸ਼ ਵਿਚੋਂ ਜਨਮੀ ਹੁੰਦੀ ਹੈ ਅਤੇ ਜਦੋਂ ਕਿਸੇ ਸ਼ਿਕਾਇਤ ਦਾ ਕਾਲ-ਚੱਕਰ ਪੂਰਾ ਹੁੰਦਾ ਹੈ ਤਾਂ ਸਾਰੀਆਂ ਸੰਬੰਧਿਤ ਧਿਰਾਂ ਦਾ ਨੁਕਸਾਨ ਹੋ ਚੁੱਕਾ ਹੁੰਦਾ, ਜਿਨ੍ਹਾਂ ਸਾਹਮਣੇ ਕੋਈ ਉੱਚਾ ਆਦਰਸ਼ ਹੁੰਦਾ ਹੈ, ਜਿਨ੍ਹਾਂ ਨੂੰ ਜ਼ਿੰਦਗੀ ਨਾਲ ਮੁਹੱਬਤ ਹੁੰਦੀ ਹੈ, ਉਹ ਸ਼ਿਕਾਇਤਾਂ ਦੇ ਬਾਵਜੂਦ ਵਗਦੇ ਦਰਿਆਵਾਂ ਵਾਂਗ, ਸਭ ਟੋਇਆਂ-ਟਿੱਬਿਆਂ ਨੂੰ ਪਿੱਛੇ ਛੱਡਦੇ, ਅੱਗੇ ਲੰਘ ਜਾਂਦੇ ਹਨ। (''ਬੂਹੇ-ਬਾਰੀਆਂ'' 132)

ਸਿਆਣਪਾਂ ਮਨੁੱਖ ਦੇ ਚਹੁੰ-ਮੁਖੀ ਵਿਅਕਤਿਤਵ ਦਾ ਸਬੂਤ ਪੇਸ਼ ਕਰਦੀਆਂ ਹਨ। ਧੀਰਜ ਤੇ ਠਰ੍ਹੰਮੇ ਨਾਲ ਸੋਚ ਕੇ ਉਸ ਗੱਲ ਦੇ ਪਹਿਲਾਂ ਸਾਰਥਕ ਹੱਲ, ਲੱਭੇ ਜਾਣ। ਸ਼ਿਕਾਇਤ ਕਰਨੀ ਲੋੜੀਂਦੀ ਵੀ ਹੈ, ਪਰ ਉੱਥੇ ਜਿੱਥੇ ਮਸਲਾਂ ਸਾਰਿਆਂ ਦੀ ਭਲਾਈ ਦਾ ਹੋਵੇ। ਲੇਖਕ 'ਸ਼ਿਕਾਇਤਾਂ ਦਰ ਸ਼ਿਕਾਇਤਾਂ' ਨਿਬੰਧ ਵਿਚ ਇਹੀ ਦੱਸਣ ਦਾ ਯਤਨ ਕਰਦਾ ਹੈ ਕਿ ਜਾਇਜ਼ ਸ਼ਿਕਾਇਤ ਨਾਲ ਮਨੁੱਖੀ ਕ੍ਰੋਧ ਤੇ ਅੰਦਰਲੀ ਬਗ਼ਾਵਤ ਨੂੰ ਠੰਢਾ ਕੀਤਾ ਜਾ ਸਕਦਾ ਹੈ। ਸ਼ਿਕਾਇਤਾਂ ਦਾ ਕਾਫ਼ਲਾ ਚਲਦਾ ਰਿਹਾ ਹੈ ਤੇ ਨਿਰੰਤਰ ਚਲਦਾ ਹੀ ਰਹਿਣਾ ਚਾਹੀਦਾ ਹੈ ਕਿਉਂਕਿ ਚੰਗੇ ਕੰਮ ਤੇ ਕਾਰਜ, ਵਿਕਾਸ, ਆਦਿ ਹੀ ਨਵੀਨ ਸੋਚ ਦੇ ਸਰੋਤ ਬਣਦੀਆਂ ਹਨ। ਹੌਸਲਾ ਵਾਲਾ ਮਨੁੱਖ ਸ਼ਿਕਾਇਤਾਂ ਕਰਨ ਦੀ ਬਜਾਏ, ਉਨ੍ਹਾਂ ਦੇ ਸਾਰਥਕ ਹੱਲ ਲੱਭਦਾ ਹੈ।

ਸਰੋਕਾਰ ਜਿਸ ਨੂੰ ਅੰਗਰੇਜ਼ੀ ਵਿਚ 'Concern' ਕਿਹਾ ਜਾਂਦਾ ਹੈ। ਸਰੋਕਾਰ ਦਾ ਸੰਬੰਧ ਚਿੰਤਨ ਖੇਤਰ ਨਾਲ ਹੈ। ਅਜੋਕਾ-ਮਨੁੱਖ, ਮੁੱਖ ਰੂਪ ਵਿਚ ਉਨ੍ਹਾਂ ਚੀਜ਼ਾਂ ਨਾਲ ਸਰੋਕਾਰ ਰੱਖਦਾ ਹੈ, ਜਿਨ੍ਹਾਂ ਵਿਚ ਉਹ ਵਿਚਰਦਾ ਹੈ। ਲੇਖਕ 'ਸਰੋਕਾਰ ਤੇ ਸੰਕਲਪ' ਸੰਬੰਧ ਵਿਚ ਮਨੁੱਖ ਨੂੰ ਜਾਗਰੂਕ ਕਰਦਾ ਆਖਦਾ ਹੈ:

> ਭੁੱਖ-ਪਿਆਸ, ਇੱਛਾ-ਪੂਰਤੀ, ਗ਼ੁਲਾਮੀ ਦੇ ਕੌੜੇ-ਅਹਿਸਾਸ, ਬੇਇਨਸਾਫ਼ੀ, ਭ੍ਰਿਸ਼ਟਾਚਾਰ, ਬਲਾਤਕਾਰ, ਅਪਹਰਨ, ਹੋਰ ਅਨੇਕਾਂ ਧੱਕੇ, ਕਬਜ਼ੇ, ਰਿਸ਼ਵਤਾਂ ਦੇ ਵਰਤਾਰੇ ਨਿਰੰਤਰ ਚਲਦੇ ਰਹਿਣ ਦੇ ਬੁਨਿਆਦੀ ਕਾਰਨ ਇਹ ਹਨ ਕਿ ਅਸੀਂ ਵਿਅਕਤੀ ਇਨ੍ਹਾਂ ਬੁਰਾਈਆਂ ਪ੍ਰਤੀ ਸਰੋਕਾਰ ਨਹੀਂ ਰੱਖਦੇ। ਇਹਨਾਂ ਨੂੰ ਦੂਰ ਕਰਨ ਦੀ ਗੱਲ ਦਾ ਸੰਕਲਪ ਕਰਨਾ, ਹਰ ਇੱਕ ਵਿਅਕਤੀ ਲਈ ਟੇਢੀ ਖੀਰ ਹੈ। (ਕੋਮਲ ''ਸਰੋਕਾਰ ਤੇ ਸੰਕਲਪ'' 16)

ਪੂੰਜੀਵਾਦੀ ਪ੍ਰਬੰਧ ਦਾ ਜ਼ੋਰ ਵਧ ਰਿਹਾ ਹੈ। ਅਮੀਰ ਹੋਰ ਅਮੀਰ ਬਣੀ ਜਾ ਰਿਹਾ ਹੈ। ਔਰਤ ਗ਼ੁਲਾਮੀ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਹੈ। ਸਮਾਜ ਧਰਮਾਂ ਵਿਚ ਵੰਡਿਆ ਪਿਆ ਹੈ। ਅਜਿਹੀਆਂ ਹਜ਼ਾਰਾਂ ਬੁਰਾਈਆਂ ਸਮਾਜ ਵਿਚ ਪਨਪਦੀਆਂ ਹਨ, ਜਿਨ੍ਹਾਂ ਦਾ ਹਰ ਇੱਕ ਵਿਅਕਤੀ ਸਰੋਕਾਰ ਹੀ ਨਹੀਂ ਰੱਖਦਾ ਤੇ ਦੂਰ ਕਰਨ ਦਾ ਸੰਕਲਪ ਕਿਵੇਂ ਸੌਖਾ ਹੋਵੇਗਾ:

> ਜ਼ਿੰਦਗੀ ਦੇ ਸਰੋਕਾਰਾਂ ਨੂੰ ਅਪਣਾ ਕੇ, ਉਨ੍ਹਾਂ ਪ੍ਰਤੀ ਸੁਚੇਤ ਹੋ ਕੇ ਅਮਲ ਕਰੀਏ। ਅਮਲ ਕਰੀਏ ਕਿ ਆਪ ਸੁਚੱਜੇ ਢੰਗ ਨਾਲ ਜਿਊਣਾ ਹੈ ਤੇ ਦੂਜਿਆਂ ਨੂੰ ਚੰਗੇਰਾ ਜੀਵਨ ਜਿਊਣ ਦੇ ਸੁਨਹਿਰੀ ਅਵਸਰ ਪ੍ਰਦਾਨ ਕਰਨੇ ਚਾਹੀਦੇ ਹਨ। (ਕੋਮਲ ''ਸਰੋਕਾਰ ਤੇ ਸੰਕਲਪ'' 18)

ਮਹਿੰਗਾਈ, ਬੇਭਰੋਸਗੀ, ਅਸੁਰੱਖਿਆ ਆਦਿ ਵਿਚਾਰਾਂ ਨੇ ਵੀ, ਕਿਤੇ ਨਾ ਕਿਤੇ ਅਜੋਕੇ ਮਨੁੱਖ ਦੇ ਸਰੋਕਾਰ ਤੇ ਸੰਕਲਪ ਬਦਲਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅਸਲ ਧਰਮ ਉਹ ਜਿਹੜਾ ਮਨੁੱਖਤਾ ਨੂੰ ਮਨੁੱਖਤਾ ਲਈ ਪ੍ਰੇਰਿਤ ਕਰੇ। ਸਨਾਤਨੀ ਖੇਤਰ ਵਿਚ ਲੇਖਕ ਅਨੁਸਾਰ ਧਰਮ ਦੇ ਦਸ ਲੱਛਣ ਦੱਸੇ ਗਏ ਹਨ,

ਜਿਵੇਂ ਧੀਰਜ, ਸੰਤੋਖ, ਖਿਮਾ, ਇੰਦਰੀ ਅਨੁਸ਼ਾਸਨ, ਪਵਿੱਤਰਤਾ, ਸੰਜਮ, ਚੋਰੀ ਨਾ ਕਰਨਾ, ਬੁੱਧੀ ਦੇ ਵਿਕਾਸ ਦਾ ਸੱਦ ਉਪਯੋਗ, ਵਿੱਦਿਆ, ਸਾਹਿਤ ਕਲਾ ਸੰਗੀਤ ਦਾ ਵਿਕਾਸ, ਸਤਿ, ਕ੍ਰੋਧ ਨੂੰ ਅਨੁਸ਼ਾਸਨ ਕਰਨਾ।

ਲੇਖਕ 'ਧਰਮ ਬਨਾਮ ਰਾਜਨੀਤੀ' ਨਿਬੰਧ ਵਿਚ ਦੱਸਦਾ ਹੈ ਕਿ ਅਸਲ ਧਰਮ ਉਹ ਹੈ, ਜਿਹੜਾ ਤੁਹਾਨੂੰ ਤੁਹਾਡੇ ਫ਼ਰਜ਼ਾਂ ਪ੍ਰਤੀ ਚੇਤੰਨ ਕਰਵਾਏ ਨਾ ਕਿ ਦੂਜੇ ਧਰਮਾਂ ਦੇ ਗ੍ਰੰਥਾਂ ਪ੍ਰਤੀ ਘ੍ਰਿਣਾ ਕਰਨੀ ਸਿਖਾਏ। ਪ੍ਰੰਤੂ ਅਜੋਕਾ ਸੱਚ ਇਹ ਹੈ ਕਿ ਰਾਜਨੀਤੀ ਦੇ ਖੇਤਰ ਵਿਚ ਦਾਖਲ ਨੇਤਾ ਆਪਣਾ ਉੱਲੂ ਸਿੱਧਾ ਕਰਨ ਲਈ ਧਰਮਾਂ ਦੇ ਨਾਂ ਤੇ ਵੰਡੀਆਂ ਪਵਾਉਂਦੇ ਨਜ਼ਰੀ ਪੈਂਦੇ ਹਨ। ਬੇਈਮਾਨ ਬਣਿਆ ਮਨ, ਸਮਾਜਿਕ ਖੇਤਰ ਹੋਵੇ ਜਾਂ ਪਰਿਵਾਰਕ, ਰਾਜਨੀਤਕ ਤੱਤਾਂ ਦੀ ਪ੍ਰਾਪਤੀ ਕਰਨ ਪਿੱਛੋਂ ਉਸ ਦੇ ਦੋ ਕਾਰਜ ਹੋਣਗੇ, ਉਹ ਮੂੰਹ ਮੈਂ ਰਾਮ ਰਾਮ, ਬਗ਼ਲ ਮੈਂ ਛੁਰੀ, ਨੀਤੀ ਉੱਪਰ ਚੱਲੇਗਾ। ਨੈਤਿਕਤਾ ਦੇ ਨਾਟਕ ਕਰ ਕੇ ਆਪਣੀ ਬਦਨੀਤੀ ਉੱਪਰ ਅਮਲ ਕਰੇਗਾ।

> ਭ੍ਰਿਸ਼ਟਾਚਾਰ ਵਜ਼ੀਰ ਬੁਰੇ ਦੇ ਘਰ ਤੱਕ ਜਾਂਦਾ ਹੈ। ਕਮੀਨਗੀ ਤੋਂ ਲੈ ਕੇ ਪ੍ਰਭੂ ਦਾ ਦਰ ਖੜਕਾਉਂਦਾ ਹੈ। ਇੱਕ ਪਾਸੋਂ ਗੁੰਡੇ, ਡਾਕੂ, ਲੁਟੇਰੇ ਬਦਮਾਸ਼ ਜੁੰਡਲੀਆਂ ਪਾਲਦਾ ਹੈ, ਕਤਲ ਕਰਵਾਉਂਦਾ ਹੈ, ਦੂਜੇ ਪਾਸੇ ਵੱਖ-ਵੱਖ ਧਰਮਾਂ ਦੇ ਨੇਤਾਵਾਂ ਨੂੰ ਆਪਣੇ ਹੱਕ ਵਿਚ ਕਰਦਾ ਹੈ। ਆਪਸੀ ਫ਼ਿਰਕਿਆਂ, ਧਰਮਾਂ ਜਾਤਾਂ ਨੂੰ ਵੰਡਦਾ ਹੈ ਤੇ ਲੜਾਉਂਦਾ ਹੈ। ਇੱਕ ਪਾਸੇ ਮੰਦਰ ਬਣਵਾਉਂਦਾ ਹੈ, ਦੂਜੇ ਪਾਸੇ ਮਸਜਿਦ ਢਾਉਂਦਾ ਹੈ।(ਕੋਮਲ ''ਸਰੋਕਾਰ ਤੇ ਸੰਕਲਪ'' 32)

ਬੇਹੋਸ਼, ਗੰਭੀਰ, ਪੜ੍ਹਿਆ ਲਿਖਿਆ, ਅਣਖੀਲਾ, ਗੱਭਰੂ ਵਿਅਕਤੀ ਸਾਹਮਣੇ ਹੁੰਦੀ ਬੇਇਨਸਾਫ਼ੀ, ਕਾਣੀ –ਵੰਡ, ਰਾਜਨੀਤਿਕ, ਬਲਾਤਕਾਰ, ਘਟਨਾ-ਦੁਰਘਟਨਾ ਨੂੰ ਦੇਖ ਕੇ ਜੇ ਉਸ ਦੇ ਅੰਦਰ ਰੋਕਿਆ ਹੋਈ ਜਜ਼ਬਾ ਦਾ ਹੜ੍ਹ ਕਰੋਪ ਵਿਰੋਧ ਬਣ ਕੇ, ਬਾਹਰ ਆਉਂਦਾ ਹੈ ਕੀ ਉਹ ਸਹਿਣਸ਼ੀਲਤਾ ਦਾ ਹੱਦਾਂ ਪਾਰ ਕਰਨੀਆਂ ਹਨ? ਏਥੇ ਇੱਕ ਰਾਏ ਹੈ? ਬੇਇਨਸਾਫ਼ ਦੇ ਵਿਰੁੱਧ, ਆਵਾਜ਼ ਉਠਾਉਣੀ, ਸੱਚੇ-ਸੁੱਚੇ, ਵਿਅਕਤੀ ਦਾ ਫ਼ਰਜ਼ ਹੈ, ਪਰ ਜੇ ਕੋਈ ਵਿਅਕਤੀ ਜਾਂ ਸਵੈ ਆਵਾਜ਼ ਦੇ ਲੋਕ ਕਹਿ ਰਹੇ ਹਨ ਕਿ ਤੂੰ ਕੀ ਲੈਣਾ? ਕੀ ਉਹ ਠੀਕ ਹੈ? ਜਾਂ ਗ਼ਲਤੀ ਇਸ

ਦਵੰਦਾਤਮਕ ਫ਼ੈਸਲੇ ਵਿਚ ਬਹੁਤੇ ਵਿਅਕਤੀ ਲਲਕਾਰਨ ਦੀ ਥਾਂ ਬੋਲਦੇ ਨਹੀਂ, ਚੁੱਪ ਹੋ ਜਾਂਦੇ ਹਨ ਤੇ ਮਨ ਵਿਚ ਚੁੱਪ ਰਹਿੰਦੇ ਹਨ, ਬੇਇਨਸਾਫ਼ੀਆਂ ਝੱਲਦੇ ਰਹਿੰਦੇ ਹਨ ਜਾਂ ਇੰਜ ਗ਼ਲਤ ਫ਼ੈਸਲਿਆਂ ਨੂੰ ਸਹੀ ਮੰਨ ਲੈਂਦੇ ਹਨ, ਫਿਰ ਸੋਚੋ ਅਸੀਂ ਆਦਰਸ਼ ਮਨੁੱਖਾਂ ਉੱਪਰ ਆਦਰਸ਼ ਸਮਾਜ ਕਿਵੇਂ ਸਥਾਪਿਤ ਕੀਤਾ ਜਾ ਸਕਦਾ ਹੈ?

ਭੈੜੇ ਦੁਸ਼ਟ-ਵਿਚਾਰਾਂ ਵਾਲਾ ਵਿਅਕਤੀ ਭੈੜੇ ਕੰਮ ਕਰਨ ਤੋਂ ਆਪਣੇ ਆਪ ਨੂੰ ਨਹੀਂ ਸੁਧਾਰਦਾ।ਉਸ ਦਾ ਕਿਰਦਾਰ ਚਿੱਟੇ ਬੇਦਾਗ਼ ਪਹਿਰਾਵਾ ਪਾ ਕੇ, ਕਾਲੇ ਕੰਮਾਂ ਦਾ ਵਿਉਪਾਰ ਵੀ ਕਾਲਾ ਹੋਵੇਗਾ। ਅੱਜ ਕੱਲ੍ਹ ਵਿਖਾਵੇ ਦੀ ਰਾਜ ਨੀਤੀ ਵਧੇਰੇ ਸਫਲ ਹੈ ਪਰ ਪੰਚਾਇਤ ਦਾ ਕਿਹਾ ਸਿਰ ਮੱਥੇ ਸਵੀਕਾਰ ਹੈ, ਪਰ ਪਰਨਾਲਾ ਉੱਥੇ ਦੀ ਉੱਥੇ ਕਹਾਵਤ ਲਾਗੂ ਹੁੰਦੀ ਹੈ। ਧਰਮ ਦੇ ਅਮਲਾਂ ਤੇ ਚੱਲਕੇ ਉਸ ਦੀ ਪਾਲਣਾ ਕੀਤੀ ਜਾਵੇ, ਅਜਿਹੇ ਧਰਮ ਦੇ ਨਾਮ ਤੇ ਉੱਲੂ ਬਣਾਉਣ ਵਾਲੇ ਲੋਕਾਂ ਤੋਂ ਬਚਣ ਦੀ ਲੋੜ ਹੈ। ਲੋੜ ਅਜਿਹੇ ਧਰਮ ਦੇ ਲੜ ਲੱਗ ਕੇ ਉਚਾਰੂ ਸੇਧ ਪ੍ਰਾਪਤ ਕਰਨ ਦੀ ਹੈ ਨਾ ਕਿ ਧਰਮ ਦੇ ਨਾਂ ਤੇ ਵੰਡੀਆਂ ਪਾਉਣ ਵਾਲੇ ਨੇਤਾਵਾਂ ਨੂੰ ਦੇਸ਼ ਦੀ ਵਾਗਡੋਰ ਦੇਣ ਦੀ। ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ, ਅੱਜ ਦੇ ਸਮੇਂ ਦੀ ਮੁੱਖ ਲੋੜ ਹੈ, ਇੰਝ ਨਾ ਧਰਮ ਦਾ, ਨਾ ਸਭਿਆਚਾਰ ਦਾ ਤੇ ਨਾਂ ਹੀ ਦੇਸ਼ ਦਾ ਵਿਕਾਸ ਸੰਭਵ ਹੈ।

ਮਨੁੱਖੀ ਮਨ ਦਾ ਲਗਾਤਾਰ ਵਧਦਾ ਤਣਾਅ, ਸਹਿਜ ਰੂਪ ਵਿਚ ਖ਼ੁਦਕੁਸ਼ੀ ਨੂੰ ਬੁਲਾਉਂਦਾ ਹੈ। ਮਨੁੱਖ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਨੂੰ ਸਹਿਜ ਰੂਪ ਵਿਚ ਨਾ ਲੈ ਕੇ, ਜਦੋਂ ਆਪਣੇ ਉੱਤੇ ਹਾਵੀ ਹੋਣ ਦਾ ਨਿਮੰਤਰਨ ਦਿੰਦਾ ਹੈ, ਤਾਂ ਉਸ ਕੋਲ ਖ਼ੁਦਕੁਸ਼ੀ ਤੋਂ ਇਲਾਵਾ ਹੋਰ ਕੋਈ ਹੱਲ ਨਹੀਂ ਬਚਦਾ। ਲੇਖਕ 'ਖ਼ੁਦਕੁਸ਼ੀ' ਨਿਬੰਧ ਵਿਚ ਇਹ ਦੱਸਣ ਦਾ ਯਤਨ ਕਰ ਰਿਹਾ ਹੈ ਕਿ ਮਨੁੱਖ ਕੋਲ ਸੋਹਣੀ ਜ਼ਿੰਦਗੀ ਜਿਊਣ ਦੇ ਤੇ ਮਾਨਸਿਕ ਉਲਝਣਾਂ ਤੋਂ ਬਚਣ ਦੇ ਬਹੁਤ ਢੰਗ ਹਨ, ਪ੍ਰੰਤੂ ਉਹ ਉਨ੍ਹਾਂ ਦੀ ਵਰਤੋਂ ਨਹੀਂ ਕਰਦਾ। ਆਪਣਾ ਨੱਕ ਰੱਖਣ ਲਈ ਕਰਜ਼ਾ ਲੈ ਕੇ ਫ਼ਜ਼ੂਲ ਖ਼ਰਚ ਕਰ ਕੇ ਵਿਆਹ ਕਰਨੇ। ਆਪਣੀ ਇੱਜ਼ਤ ਬਚਾਉਣ ਲਈ ਦਹੇਜ ਦੇਣਾ, ਵਿਆਹਾਂ ਵਿਚ ਸ਼ਰਾਬ ਪਿਲਾਉਣ ਦਾ ਰਿਵਾਜ ਹੋਣਾ ਆਦਿ ਰਵਾਇਤਾਂ ਉੱਪਰ ਚੱਲਣ ਦਾ ਗ਼ਰੀਬਾਂ ਦੀ ਕਾਰਜ ਸ਼ੈਲੀ ਨੁਕਸਾਨ ਦੇਹ ਹੈ ਅਤੇ ਅਨਪੜ੍ਹਤਾ ਬੇਸਮਝੀ ਕਾਰਨ ਅਨੇਕਾਂ ਹੋਰ ਵਾਰਦਾਤਾਂ ਤਾਂ ਹੁੰਦੀਆਂ ਹਨ।

ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਵਧੇ ਝਗੜੇ, ਅਸਫਲ ਪਿਆਰ ਦੇ ਦੁਖਾਂਤ, ਕਿਸੇ ਪ੍ਰੀਖਿਆ ਵਿਚ ਫ਼ੇਲ੍ਹ ਹੋਣ ਦੀ ਸ਼ਰਮ, ਪਰਿਵਾਰ ਦੀ ਕਵਾਰੀ ਕੁੜੀ ਦਾ ਉੱਧਲ ਜਾਣਾ, ਦਾਜ ਦਹੇਜ ਕਾਰਨ, ਬਰਾਤ ਵਾਪਸ ਹੋ ਜਾਣੀ, ਸਹੁਰੇ ਪਰਿਵਾਰ ਵੱਲੋਂ ਵਿਆਹੁਤਾ ਔਰਤ ਨੂੰ ਹੋਰ ਦਹੇਜ ਲਿਆਉਣ ਲਈ ਤੰਗ ਕਰਨਾ, ਪਰਿਵਾਰ ਵਿਚ ਕਿਸੇ ਔਰਤ ਵੱਲ ਨਿਰੰਤਰ ਲੜਕੀਆਂ ਨੂੰ ਜਨਮ ਦੇਣਾ ਆਦਿ ਕਿਸੇ ਲੰਮੀ ਸਮਝ-ਸੂਝ ਦੀ ਘਾਟ ਕਾਰਨ ਅਤੇ ਕਿਸੇ ਗ਼ਲਤ ਫ਼ਹਿਮੀ ਕਾਰਨ, ਅਜਿਹੇ ਕਾਰਨ ਹਨ ਕਿ ਜਿਨ੍ਹਾਂ ਕਰ ਕੇ ਸਾਡੇ ਆਲੇ-ਦੁਆਲੇ ਖ਼ੁਦਕੁਸ਼ੀਆਂ ਦਾ ਬਾਜ਼ਾਰ ਗਰਮ ਰਹਿੰਦਾ ਹੈ। (ਕੋਮਲ ''ਸਰੋਕਾਰ ਤੇ ਸੰਕਲਪ'' 36)

ਪੰਜਾਬ ਦੇ ਕਿਸਾਨ ਜਾਂ ਹੋਰ ਗ਼ਰੀਬ ਤਬਕੇ ਦੇ ਲੋਕ ਖ਼ੁਦਕੁਸ਼ੀਆਂ ਕਰਦੇ ਹਨ, ਜਿਨ੍ਹਾਂ ਦੀ ਗਿਣਤੀ ਹਜ਼ਾਰਾਂ ਤੱਕ ਪੁੱਜ ਗਈ ਹੈ। ਆਪਣੇ ਆਪ ਸਹੇੜੀਆਂ ਨਿੱਕੀਆਂ ਮੋਟੀਆਂ ਬੇਸਮਝੀ ਦੀਆਂ ਸਹੇੜੀਆਂ ਗ਼ਲਤੀਆਂ ਕਾਰਨ ਅਸੀਂ ਦੁੱਖ ਭੋਗਦੇ ਹਨ। ਮਰਦ ਪ੍ਰਧਾਨ ਸਮਾਜ ਵਿਚ ਮਰਦ ਪ੍ਰਧਾਨ ਹਨ। ਜੋ ਆਪਣੇ ਜੀਵਨ ਦੇ ਫ਼ੈਸਲੇ ਕਰਦਿਆਂ ਆਪਣੀ ਮਨਮਾਨੀ ਕਰਦੇ ਹਨ, ਉਹ ਨੁਕਸਾਨ ਉਠਾਉਂਦੇ ਹਨ। ਜਿਹੜੇ ਪਰਿਵਾਰ ਸਮਾਜ ਅਥਵਾ ਸੰਸਾਰ ਦੇ ਅਮਨ ਚੈਨ ਲਈ ਆਪਣੇ ਅੰਦਰ ਦੀਆਂ ਨੈਤਿਕਤਾ ਕਦਰਾਂ-ਕੀਮਤਾਂ ਸਮਾਜਿਕ ਮੁੱਲਾਂ ਅਤੇ ਕਾਨੂੰਨੀ ਹਦਾਇਤਾਂ ਨੂੰ ਮੰਨਦੇ ਹਨ ਤੇ ਹਮੇਸ਼ਾ ਆਪਣੇ ਆਪ ਤੇ ਪਰਿਵਾਰ ਅੰਦਰ ਅਨੁਸ਼ਾਸਨ ਰੱਖਦੇ ਹਨ। ਆਪਣੇ ਬੱਚਿਆਂ ਅੰਦਰ ਬਚਪਨ ਤੋਂ ਲੈ ਕੇ ਜੋਬਨ ਅਵਸਥਾ ਤੱਕ ਨੈਤਿਕਤਾ ਦੇ ਹੀ ਨਹੀਂ ਗਿਆਨ-ਵਿਗਿਆਨ ਸੋਚ ਰੁਸ਼ਨਾਉਣ ਦੇ ਯਤਨ ਕਰਦੇ ਹਨ। ਬੱਚਿਆਂ ਅੰਦਰ ਪੜ੍ਹਨ ਤੇ ਸਿੱਖਣ ਦੇ ਅਨੁਸ਼ਾਸਨ ਰੱਖਣ ਅਤੇ ਆਉਣ ਵਾਲੇ ਜੀਵਨ ਦੀ ਉਸਾਰੀ ਲਈ ਹਿੰਮਤ ਹੌਸਲਾ, ਸਹਿਣਸ਼ੀਲਤਾ, ਨਿਡਰਤਾ, ਸਲੀਕੇ ਦੇ ਗੁਣਾਂ ਦਾ ਸੰਚਾਰ ਕਰਦੇ ਹਨ।

ਮਾਰਕਸਵਾਦ ਨੇ ਸਿਧਾਂਤ ਪੇਸ਼ ਕੀਤਾ ਸੀ ਕਿ ਹਮੇਸ਼ਾ ਹੇਠਲਾ ਵਰਗ ਹੀ ਉੱਪਰਲੇ ਵਰਗ ਦੀ ਲੁੱਟ ਦਾ ਸ਼ਿਕਾਰ ਹੁੰਦਾ ਆਇਆ ਹੈ। ਸਮਾਜ ਵਿਚ ਇਹ ਲੁੱਟ ਅੱਜ ਵੀ ਦੇਖਣ ਨੂੰ ਮਿਲ ਸਕਦੀ ਹੈ, ਚਾਹੇ ਉਹ ਵਾਧੂ

ਕਰਜ਼ੇ ਦੀ ਮਾਰ ਝੱਲ ਰਹੇ ਹੋਣ, ਜ਼ਿਮੀਂਦਾਰਾਂ ਵੱਲੋਂ ਕਿਸਾਨਾਂ ਦੀ ਲੁੱਟ ਤੇ ਗ਼ਰੀਬ ਵਰਗ ਵੱਲੋਂ ਚੁੱਕੇ ਕਰਜ਼ੇ ਸੰਬੰਧੀ ਬੈਂਕਾਂ ਵਾਲਿਆਂ ਵੱਲੋਂ ਲੁੱਟ ਦਾ ਸ਼ਿਕਾਰ ਹੁੰਦਾ ਆਇਆ ਹੈ, ਜਿਸ ਕਾਰਨ ਉਹ ਕਈ ਤਰ੍ਹਾਂ ਦੀਆਂ ਮਾਨਸਿਕ ਪਰੇਸ਼ਾਨੀਆਂ ਸਹੇੜਦਾ ਹੋਇਆ, ਫਿਰ ਖ਼ੁਦਕੁਸ਼ੀ ਦਾ ਰਸਤਾ ਅਪਣਾ ਲੈਂਦਾ ਹੈ।

ਲੇਖਕ ਅਨੁਸਾਰ ਖ਼ੁਦਕੁਸ਼ੀ ਦੇ ਕਾਰਨ ਭਾਵੇਂ ਬਹੁਤ ਹਨ, ਪ੍ਰੰਤੂ ਵਧੇਰੇ ਕਰ ਕੇ (Environment) ਕਾਰਨ ਹੈ ਜਿਵੇਂ ਗ਼ਰੀਬੀ, ਆਰਥਿਕ ਤੰਗੀ, ਵਧਦੇ ਕਰਜ਼ੇ ਆਦਿ। ਲੇਖਕ 'ਖ਼ੁਦਕੁਸ਼ੀ' ਨਿਬੰਧ ਵਿਚ ਸਮਝਾਉਂਦਾ ਹੈ ਕਿ ਜ਼ਿੰਦਗੀ ਵਿਚ ਕੋਈ ਵੀ ਸਮੱਸਿਆ ਅਜਿਹੀ ਨਹੀਂ ਹੈ, ਜਿਸ ਦਾ ਕੋਈ ਹੱਲ ਨਾ ਹੋਵੇ। ਬੱਸ ਲੋੜ ਇਸ ਗੱਲ ਦੀ ਹੈ ਕਿ ਇਸ ਭੱਜ, ਨੱਠ, ਤਣਾਅ ਗ੍ਰਸਤ ਜ਼ਿੰਦਗੀ ਨੂੰ ਦੂਰ ਕਰ ਕੇ, ਸਾਕਾਰਾਤਮਕ ਨਜ਼ਰੀਆ ਅਪਣਾਇਆ ਜਾਵੇ। ਲੇਖਕ ਖ਼ੁਦਕੁਸ਼ੀ ਦੇ ਹੱਲ ਸਮਝਾਉਂਦਾ ਹੈ

> ਬੱਚਿਆਂ ਨੂੰ ਚੜ੍ਹਦੀ ਕਲਾ, ਆਸ਼ਾਵਾਦੀ ਅਤੇ ਵਿਗਿਆਨਕ ਵਿਚਾਰਾਂ ਦੀ ਗੁੜ੍ਹਤੀ ਦਿੱਤੀ ਜਾਵੇ। ਖ਼ੁਦਕੁਸ਼ੀ ਦੇਸ਼, ਸਮਾਜ, ਕੌਮ, ਪਰਿਵਾਰ ਲਈ ਇੱਕ ਕੋਹੜ ਦੇ ਰੋਗ ਵਾਂਗ ਹੈ। ਮਨ ਦਾ ਅਨੁਸ਼ਾਸਨ, ਗਿਆਨ-ਵਿਗਿਆਨ ਦਾ ਪ੍ਰਚਾਰ, ਆਰਥਿਕ ਬੁਰਾਈ, ਭ੍ਰਿਸ਼ਟਾਚਾਰ ਦਾ ਅੰਤ, ਵਿਤਕਰਿਆਂ ਦਾ ਅੰਤ ਹੀ, ਖ਼ੁਦਕੁਸ਼ੀ ਦੀ ਬਿਮਾਰੀ ਦਾ ਇਲਾਜ ਹੈ। (ਕੋਮਲ ''ਸਰੋਕਾਰ ਤੇ ਸੰਕਲਪ'' 40)

ਹੰਕਾਰੀ ਹੋਈ ਬੁੱਧੀ ਤੇ ਅਥਾਹ ਅੰਨ੍ਹੀ ਸ਼ਕਤੀ ਭ੍ਰਿਸ਼ਟਾਚਾਰ ਨੂੰ ਜਨਮ ਦਿੰਦੀ ਹੈ। ਭ੍ਰਿਸ਼ਟਾਚਾਰ ਇੱਕ ਅਜਿਹੀ ਨਾਮੁਰਾਦ ਬਿਮਾਰੀ ਦਾ ਨਾਮ ਹੈ, ਜਿਹੜੀ ਸਮਾਜ ਦੀ ਜੜ੍ਹ ਨੂੰ ਅੰਦਰੋਂ ਖੋਖਲਾ ਕਰ ਰਹੀ ਹੈ ਤੇ ਅੰਦਰੋਂ ਹੀ ਅੰਦਰੋਂ ਘੁਣ ਵਾਂਗ ਖਾ ਰਹੀ ਹੈ। ਲੇਖਕ 'ਭ੍ਰਿਸ਼ਟਾਚਾਰ ਦੇ ਇਹ ਅੰਨ੍ਹੇ ਝੋਟੇ' ਨਿਬੰਧ ਰਾਹੀਂ ਦੱਸਦਾ ਹੈ:

> ਧਰਮ ਹੋਵੇ, ਸਿਆਸਤ ਹੋਵੇ ਜਦ ਤੱਕ ਉਸ ਵਿਚ ਵਿਉਪਾਰਕ ਮੁਨਾਫ਼ੇ ਵਾਂਗ, ਸਵੈ ਹਿਤਾਂ ਦੀ ਗੱਲ ਪਹਿਲਾਂ ਸੋਚੀ ਜਾਂਦੀ ਰਹੇਗੀ, ਭ੍ਰਿਸ਼ਟਾਚਾਰ ਦੀ ਬਿਮਾਰੀ ਕੋਈ ਇਲਾਜ ਨਹੀਂ। ਸਿਆਸਤ ਜਦ ਤੱਕ, ਮੁਨਾਫ਼ੇ ਦਾ ਧੰਦਾ ਕਰਦੀ ਰਹੇਗੀ ਲਾਲਚ, ਸ਼ੁਹਰਤ ਅਤੇ ਸ਼ਕਤੀ ਰਾਹੀਂ ਭ੍ਰਿਸ਼ਟਾਚਾਰ ਕਦੇ ਖ਼ਤਮ ਕਰਨ ਸੰਬੰਧੀ ਕੋਈ ਸੋਚ ਵੀ ਨਹੀਂ ਸਕਦਾ।(ਕੋਮਲ ''ਸਰੋਕਾਰ ਤੇ ਸੰਕਲਪ'' 125)

ਜਦ ਤੱਕ ਇਹ ਸੂਝਵਾਨ ਨੇਤਾ ਬੌਧਿਕ ਚਤੁਰਾਈ ਦੀ ਨੀਤੀ ਨਾਲ ਸੱਤਾ ਪ੍ਰਾਪਤ ਕਰਦੇ ਹਨ, ਉਦੋਂ ਤੱਕ ਕਿਸੇ ਵੀ ਭ੍ਰਿਸ਼ਟਾਚਾਰ ਦੇ ਖ਼ਤਮ ਹੋਣ ਦੀ ਕੋਈ ਉਮੀਦ ਨਹੀਂ ਹੈ। ਸਮਾਜ ਵਿਚ ਚੱਲ ਰਹੇ, ਇਨ੍ਹਾਂ ਗੋਰਖ ਧੰਦਿਆਂ ਨੂੰ ਰੋਕਣ ਲਈ, ਜਦ ਤੱਕ ਪੱਕੇ ਪ੍ਰਬੰਧ ਨਾ ਕੀਤੇ ਜਾਣੇ, ਇਹ ਖ਼ਤਮ ਨਹੀਂ ਕੀਤਾ ਜਾ ਸਕਦਾ। ਰਿਸ਼ਵਤ ਬਾਕੀ ਕੁਰੀਤੀਆਂ ਵਾਂਗ ਸਮਾਜ ਨੂੰ ਲੱਗੀ ਇੱਕ ਮਹਾਂਮਾਰੀ ਬਿਮਾਰੀ ਵਾਂਗ ਹੈ। ਇਸ ਨੂੰ ਠੱਲ੍ਹ ਪਾਉਣੀ ਜ਼ਰੂਰੀ ਹੈ।

ਲੋੜ ਹੈ ਸਹੀ ਸਿਸਟਮ ਲਾਗੂ ਕਰਨ ਦੀ। ਰਿਸ਼ਵਤ ਦੇ ਕੋਹੜ ਨੂੰ ਖ਼ਤਮ ਕਰਨ ਲਈ ਬੀੜਾ ਖ਼ੁਦ ਹੀ ਚੁੱਕਣਾ ਪਵੇਗਾ। ਜੇਕਰ ਹਰੇਕ ਮਨੁੱਖ ਆਪਣੇ ਹੱਕਾਂ ਦੀ ਲੜਾਈ ਲੜਨਾ ਸਿੱਖ ਲਵੇ ਤਾਂ ਇਸ ਨੂੰ ਠੱਲ੍ਹ ਪਾਈ ਜਾ ਸਕਦੀ ਹੈ।ਲੋੜ ਹੈ ਸੁੱਤੇ ਜ਼ਮੀਰ ਨੂੰ ਜਗਾਉਣ ਦੀ।

ਭ੍ਰਿਸ਼ਟਾਚਾਰ ਨਿੱਜ ਤੋਂ ਪਰ ਖੇਤਰ ਵੱਲ ਯਾਤਰਾ ਕਰਦਾ ਹੈ। ਲੇਖਕ ਅਨੁਸਾਰ:

> ਇਹ ਅਜਿਹੀ ਛੂਤ ਦੀ ਬਿਮਾਰੀ ਹੈ, ਜਿਹੜੀ ਇੱਕ ਦੂਜੇ ਨੂੰ ਛੂਹ ਕੇ ਲੱਗਦੀ ਤੇ ਵਧਦੀ ਹੈ। ਜਿਹੜਾ ਨੌਜਵਾਨ ਸਿੱਖਿਆ ਭ੍ਰਿਸ਼ਟਾਚਾਰ ਦੀ ਗੁੜ੍ਹਤੀ ਲੈ ਕੇ ਆਪਣਾ ਜੀਵਨ ਆਰੰਭ ਕਰਦਾ ਹੈ, ਉਹ ਕਿਵੇਂ ਫ਼ਰਜ਼ ਪਾਲਣਾ ਕਰਦਾ ਹੋਇਆ, ਨੇਕ ਵਿਅਕਤੀ ਵਾਂਗ, ਭ੍ਰਿਸ਼ਟਾਚਾਰ ਤੋਂ ਬਿਨਾਂ ਆਪਣੀ ਤਨਖ਼ਾਹ ਤੇ ਗੁਜ਼ਾਰਾ ਕਰਨ ਦੀ ਗ਼ਲਤੀ ਕਰੇਗਾ। (ਕੋਮਲ ''ਪੰਚਵਟੀ ਦੇ ਅੰਦਰ ਬਾਹਰ''141)

ਭ੍ਰਿਸ਼ਟ ਲੋਕਾਂ ਉੱਪਰ ਕੌਣ ਸਖ਼ਤੀ ਕਰੇ? ਛਾਪੇ ਪੈਂਦੇ ਹਨ। ਇੰਞ ਭ੍ਰਿਸ਼ਟ ਲੋਕ ਫੜੇ ਵੀ ਜਾਂਦੇ ਹਨ, ਪਰ ਥੋੜ੍ਹੇ ਚਿਰ ਪਿੱਛੋਂ ਛੱਡ ਦਿੱਤੇ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਫੜਨ ਵਾਲੇ ਆਪ ਸਹੀ ਨਹੀਂ ਹਨ। (ਕੋਮਲ ''ਪੰਚਵਟੀ ਦੇ ਅੰਦਰ ਬਾਹਰ''142)

ਲੇਖਕ ਦੇ ਸੁਝਾਏ ਹੱਲ ਕੁੱਝ ਹੱਦ ਤੱਕ ਸਹੀ ਹਨ, ਪਰ ਮੂਲ ਰੂਪ ਵਿਚ ਦੇਖਣਾ ਇਹ ਹੈ ਕਿ ਭ੍ਰਿਸ਼ਟਾਚਾਰੀ ਵਧਣ ਦਾ ਅਸਲ ਕਾਰਨ ਕੀ ਹੈ। ਅਸਲ ਕਾਰਨ ਹੈ ਸਹੀ ਸਿਸਟਮ ਦਾ ਲਾਗੂ ਨਾ ਹੋਣਾ ਹੈ। ਮਹਿੰਗਾਈ ਨੇ ਆਮ ਲੋਕਾਂ ਦੀ ਕਮਰ ਤੋੜ ਦਿੱਤੀ ਹੈ। ਜਿਹੜਾ ਵਿਅਕਤੀ 10 ਲੱਖ ਰੁਪਿਆ ਲਗਾ ਕੇ ਐਮ.ਬੀ.ਬੀ.ਐਸ. ਦੀ ਡਿਗਰੀ ਕਰੇਗਾ, ਜੇ ਉਸ ਦੀ ਤਨਖ਼ਾਹ 10 ਹਜ਼ਾਰ ਰੁ. ਮਹੀਨਾ ਹੋਵੇਗੀ ਕਿ ਉਹ ਆਪਣਾ ਕੰਮ ਇਮਾਨਦਾਰੀ ਨਾਲ ਕਰੇਗਾ? ਉਹ ਆਪਣੀ ਆਮਦਨੀ ਨੂੰ ਵਧਾਉਣ ਦੇ ਹੋਰ ਸਾਧਨ ਤਲਾਸ਼ੇਗਾ, ਜਿਸ ਨਾਲ ਉਹ ਵੀ ਭ੍ਰਿਸ਼ਟਾਚਾਰੀ 'ਚ ਸ਼ਾਮਿਲ ਹੋ ਜਾਵੇਗਾ। ਲੋੜ ਹੈ ਸਹੀ ਸਿਸਟਮ ਨੂੰ ਲਾਗੂ ਕਰ ਕੇ ਉਸ ਤੇ ਅਮਲ ਕਰਨ ਦੀ ਤਾਂ ਜੋ ਇਸ ਭ੍ਰਿਸ਼ਟਾਚਾਰ ਦੀ ਕੁਰੀਤੀ ਨੂੰ ਠੱਲ੍ਹ ਪਾਈ ਜਾ ਸਕੇ।

ਲੇਖਕ ਅਨੁਸਾਰ ਭਾਵੇਂ ਰਾਜਨੀਤੀ ਦੀ ਗੱਲ ਕਰੀਏ ਜਾਂ ਸਮਾਜ ਦੀ, ਕਾਨੂੰਨ ਦੇ ਹਰ ਖੇਤਰ ਵਿਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦੇਣ ਦੇ ਯਤਨ ਕੀਤੇ ਜਾ ਰਹੇ ਹਨ, ਪਰ ਕੀ ਇਹ ਕਾਰਗਰ ਸਾਬਤ ਹੋ ਰਹੇ ਹਨ ਭਾਵੇਂ ਰਾਸ਼ਟਰ ਪੱਧਰ ਦੀ ਗੱਲ ਹੋਵੇ ਜਾਂ ਅੰਤਰਰਾਸ਼ਟਰੀ ਪੱਧਰ ਦੀ, ਬਲਾਤਕਾਰ ਸਾਡੇ ਸਮਾਜ ਲਈ ਕਲੰਕ ਬਣਿਆ ਹੋਇਆ ਹੈ।

ਲੇਖਕ 'ਬਲਾਤਕਾਰ' ਨਿਬੰਧ ਵਿਚ ਇਸ ਦੇ ਹੱਲ ਸਮਝਾਉਂਦਾ ਹੈ ਕਿ ਜਾਗੀਰਦਾਰੀ ਸਿਸਟਮ ਖ਼ਤਮ ਕੀਤਾ ਜਾਵੇ, ਲੋੜ ਮੁੱਖ ਰੂਪ ਵਿਚ ਅਜੋਕੇ ਮਨੁੱਖ ਦੀ ਮਾਨਸਿਕਤਾ ਬਦਲਣ ਦੀ ਹੈ। ਜੀਵਨ ਸ਼ੈਲੀ ਵਿਚ ਪ੍ਰਮੁੱਖ ਰੂਪ ਵਿਚ ਸੁਧਾਰ ਦੀ ਲੋੜ ਹੈ। ਔਰਤ ਪ੍ਰਤੀ ਬਣਾਏ ਕਾਨੂੰਨ ਪ੍ਰਮੁੱਖ ਰੂਪ ਵਿਚ ਅਮਲ ਵਿਚ ਲਿਆਂਦੇ ਜਾਣ।

ਲਿੰਗ ਦੇ ਅਧਾਰ ਦਾ ਇਹ ਪਾੜਾ ਖ਼ਤਮ ਕੀਤਾ ਜਾਵੇ। ਅੰਤਰਰਾਸ਼ਟਰੀ ਵਿਆਹ ਦਾ ਵਿਰੋਧ ਖ਼ਤਮ ਕੀਤਾ ਜਾਵੇ। ਰਾਤ ਦੇ ਸਮੇਂ ਨੌਕਰੀ ਪੇਸ਼ਾ ਔਰਤਾਂ ਦੀ ਸੁਰੱਖਿਆ ਪੁਖ਼ਤਾ ਕੀਤੀ ਜਾਵੇ:

> ਬਲਾਤਕਾਰ ਰੋਕਣ ਲਈ ਵੱਡੀ ਤੋਂ ਵੱਡੀ ਸਜ਼ਾ ਦੇ ਕੇ ਇੱਕ ਨਰੋਈ ਉਦਾਹਰਨ ਸਥਾਪਿਤ ਕਰਨ ਦੀ ਹੈ। (ਕੋਮਲ ''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ'' 120)

ਜਿਵੇਂ ਅਗਿਆਨਤਾ ਦੇ ਹਨੇਰੇ ਕਾਰਨ ਅਨਜੋੜ ਵਿਆਹ, ਗ਼ੁਰਬਤ ਲਾਚਾਰ, ਅਨਪੜ੍ਹਤਾ, ਪਤੀ-ਪਤਨੀ ਵਿਚ ਕਾਮੁਕ ਦ੍ਰਿਸ਼ਟੀ ਤੋਂ ਘਾਟ, ਪਤੀ ਵੱਲੋਂ ਜ਼ਬਰ ਜ਼ੁਲਮ ਤਸ਼ੱਦਦ, ਹੀਣ ਭਾਵਨਾ ਆਦਿ ਹੋਰ ਅਨੇਕਾਂ ਮੁੱਖ ਕਾਰਨ ਹਨ, ਜਿਨ੍ਹਾਂ ਕਾਰਨ ਸਮਾਜਿਕ ਖੇਤਰ ਵਿਚ ਜ਼ਬਰ ਜ਼ਿਨਾਹ ਹੁੰਦਾ ਹੈ। ਸਰਕਾਰਾਂ ਜ਼ਬਰ ਜਨਾਹ ਘਟਾਉਣ ਲਈ ਕਾਨੂੰਨ ਬਣਾਉਂਦੀਆਂ ਹਨ, ਕਾਬੂ ਵੀ ਕਰਦੀਆਂ ਹਨ, ਫਿਰ ਹਨੇਰੇ ਸਵੇਰੇ ਇਹ ਜ਼ਬਰ ਜ਼ੁਲਮ ਹੁੰਦਾ ਹੈ ਘਟਿਆ ਹੈ, ਪ੍ਰੰਤੂ ਖ਼ਤਮ ਨਹੀਂ ਹੁੰਦਾ:

> ਇੱਕ ਸਰਵੇਖਣ ਅਨੁਸਾਰ ਔਰਤ 'ਤੇ ਹੁੰਦੇ ਜ਼ੁਲਮਾਂ ਦਾ ਯਥਾਰਥ ਇਸ ਪ੍ਰਕਾਰ ਹੈ 2007 ਅਤੇ 2016 ਦਰਮਿਆਨ ਔਰਤਾਂ ਖ਼ਿਲਾਫ਼ ਜ਼ੁਲਮਾਂ ਵਿਚ 83 ਫ਼ੀਸਦੀ ਇਜ਼ਾਫਾ ਹੋਇਆ। (ਇਹ ਕੇਵਲ ਘੱਟ ਦਰਜ਼ ਰਿਪੋਰਟਾਂ ਦੇ ਅੰਕੜੇ ਹਨ, ਜੋ ਮਾਮਲੇ ਵੱਖ-ਵੱਖ ਕਾਰਨਾਂ ਕਰ ਕੇ ਦਬਾਂ ਦਿੱਤੇ ਜਾਂਦੇ ਹਨ ਉਹ ਵੱਖਰੇ ਹਨ।) ਹਰ ਘੰਟੇ ਵਿਚ ਚਾਰ ਔਰਤਾਂ ਨਾਲ ਜਬਰ-ਜ਼ਿਨਾਹ ਹੁੰਦਾ ਹੈ। ਕੌਮੀ ਜੁਰਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ 2012 ਅਤੇ 2016 ਦਰਮਿਆਨ ਔਰਤਾਂ ਖ਼ਿਲਾਫ਼ ਜੁਰਮ, ਜਿਨ੍ਹਾਂ ਵਿਚ ਜਬਰ-ਜਨਾਹ ਤੇ ਜਿਨਸੀ ਹਮਲੇ, ਤੇਜ਼ਾਬ ਸੁੱਟਣਾ ਅਤੇ ਦਾਜ ਕਾਰਨ ਮੌਤਾਂ ਸ਼ਾਮਲ ਹਨ ਆਦਿ ਵਿਚ ਚਾਲੀ ਪ੍ਰਤੀਸ਼ਤ ਵਾਧਾ ਹੋਇਆ ਹੈ। (ਬੂਟਾ ਸਿੰਘ "ਪੰਜਾਬੀ ਟ੍ਰਿਬਿਊਨ" 6)

ਲੇਖਕ ਦੇ ਇਹ ਸੁਝਾਅ ਕਾਫ਼ੀ ਹੱਦ ਤੱਕ ਇਸ ਸਮੱਸਿਆ ਤੇ ਕਾਬੂ ਪਾ ਸਕਦੇ ਹਨ, ਪ੍ਰੰਤੂ ਅਸਲ ਲੋੜ ਇਸ ਗੱਲ ਦੀ ਹੈ ਕਿ ਆਪਣਿਆਂ ਬੱਚਿਆਂ ਵਿਚ ਚਾਹੇ ਮੁੰਡਾ ਹੋਵੇ ਜਾ ਕੁੜੀ ਉਸ ਵਿਚ ਅਜਿਹੀਆਂ ਨੈਤਿਕ ਕਦਰਾਂ-ਕੀਮਤਾਂ ਦੀ ਨੀਂਹ ਉਸਾਰੀ ਜਾਵੇ ਤਾਂ, ਜੋ ਉਹ ਭਵਿੱਖ ਵਿਚ ਉਹ ਇੱਕ ਸਫਲ ਇਨਸਾਨ ਵਜੋਂ ਆਪਣੀ ਪਹਿਚਾਣ ਬਣਾਉਣ ਦੇ ਕਾਬਿਲ ਬਣਨ, ਨਾ ਕਿ ਬਲਾਤਕਾਰੀ ਦੇ ਰੂਪ ਵਿਚ। ਹਰ ਉਹ ਧੱਕਾ ਚਾਹੇ, ਉਹ ਕਿਸੇ ਵੀ ਰੂਪ ਵਿਚ ਕਿਸੇ ਨਾਲ ਵੀ ਹੋ ਰਿਹਾ ਹੋਵੇ ਉਹ ਅਸਲ ਵਿਚ ਬਲਾਤਕਾਰ ਹੀ ਹੈ। ਬਲਾਤਕਾਰ ਸਿਰਫ਼ ਔਰਤ ਦੇ ਸਰੀਰ ਦਾ ਹੀ ਨਹੀਂ, ਮਨੁੱਖੀ ਮਨ ਦਾ ਵੀ ਹੁੰਦਾ ਹੈ। ਸਹੀ ਦਿਸ਼ਾ ਚੁਣ ਕੇ ਅਸਲੀ ਜੀਵਨ ਜਾਚ ਨਾਲ ਜੁੜਨ ਦੀ ਲੋੜ ਹੈ।

ਭਰੂਣ ਹੱਤਿਆ ਨੂੰ ਇੱਕੀਵੀਂ ਸਦੀ ਵਿਚ ਕਾਫ਼ੀ ਠੱਲ੍ਹ ਪਾਈ ਜਾ ਚੁੱਕੀ ਹੈ। ਪੜ੍ਹਨ ਲਿਖਣ ਨਾਲ ਤੇ ਗਿਆਨ ਵਿਗਿਆਨ ਨਾਲ ਜੁੜਨ ਕਾਰਨ ਲੋਕ ਤਰਕ ਨਾਲ ਸੋਚਣ ਲੱਗ ਪਏ ਹਨ, ਪ੍ਰੰਤੂ ਫਿਰ ਵੀ ਲੋਕਾਂ ਦੀ ਮਾਨਸਿਕਤਾ ਨੂੰ ਬਦਲਣਾ ਏਨਾ ਸੌਖਾ ਨਹੀਂ। ਅੱਜ ਵੀ ਸਮਾਜ ਵਿਚ ਸਭ ਕੁੱਝ ਵਾਪਰ ਰਿਹਾ ਹੈ। ਭਾਵੇਂ ਗੁਪਤ ਰੂਪ ਵਿਚ ਇਹ ਲੁਕਣ ਮੀਟੀ ਅੱਜ ਵੀ ਜਾਰੀ ਹੈ। ਲੇਖਕ 'ਭਰੂਣ ਹੱਤਿਆ' ਨਿਬੰਧ ਵਿਚ ਇਸ ਸਮਕਾਲੀ ਸਰੋਕਾਰ ਦੀ ਨਿੰਦਾ ਕਰਦਾ ਹੈ ਜਿਹੜਾ ਸਾਡੇ ਸਮਾਜ ਦੀ ਇੱਕ ਵੱਡੀ ਲਾਹਨਤ ਹੈ।

> ਜਦ ਕੋਈ ਸੱਸ ਸਹੁਰਾ, ਉਸ ਦਾ ਪਤੀ, ਉਸ ਨੂੰ ਜ਼ਬਰਦਸਤੀ ਭਰੂਣ ਹੱਤਿਆ ਕਰਵਾਉਣ ਤੇ ਮਜਬੂਰ ਕਰਦਾ ਹੈ। ਉਸ ਲਈ ਇਹ ਬਲਾਤਕਾਰ ਵਾਂਗ ਘਟਨਾ ਹੁੰਦੀ ਹੈ। ਉਸ ਦੇ ਮਾਣ-ਸਤਿਕਾਰ ਦੇ ਸੱਟ ਵੱਜਦੀ ਹੈ। ਉਸ ਦੀ ਜ਼ਮੀਰ ਕੁਚਲੀ ਜਾਂਦੀ ਹੈ। ਜਦ ਕਿਸੇ ਨਾਰੀ ਦੇ ਵਿਆਹੁਤਾ ਜੀਵਨ ਵਿਚ ਦੋ ਤਿੰਨ ਵਾਰ ਭਰੂਣ ਹੱਤਿਆ ਕਰਵਾਈ ਜਾਵੇ, ਉਹ ਸਰੀਰਕ, ਮਾਨਸਿਕ ਪੱਖੋਂ ਟੁੱਟ ਜਾਂਦੀ ਹੈ। (ਕੋਮਲ ''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ'' 125)

ਭਰੂਣ ਹੱਤਿਆ ਦੀ ਉਤਪਤੀ ਦੇ ਵਿਕਾਸ ਨੌਜਵਾਨ ਕੁੜੀਆਂ ਦੀ ਗ਼ੁਲਾਮ ਦੇਸ਼ ਵਿਚ ਧਾੜਵੀਆਂ ਹੁਕਮਰਾਨਾਂ ਵੱਲੋਂ ਅਗਵਾ ਕਰਨ ਦੇ ਡਰ ਤੋਂ ਆਰੰਭ ਹੋਈ ਸੀ। ਆਰਥਿਕਤਾ ਦੀ ਥਾਣੀ ਵੰਡ ਗ਼ਰੀਬ ਪਰਿਵਾਰਾਂ ਵਿਚ ਵਿਆਹਾਂ ਉੱਪਰ ਖ਼ਰਚ ਕਰਨ ਦੀ ਮਜਬੂਰੀ ਇੱਕ ਹੋਰ ਕਾਰਨ ਹੈ, ਜੋ ਗ਼ਰੀਬ ਪਰਿਵਾਰਾਂ ਲਈ ਭਖਦਾ ਮਸਲਾ ਹੈ। ਅਨਪੜ੍ਹ ਪਰਿਵਾਰ ਦੀਆਂ ਔਰਤਾਂ, ਕੁੜੀਆਂ ਆਪਣਾ ਗੁਜ਼ਾਰਾ ਕਰਨ ਲਈ ਇਹ ਕੌੜੇ ਘੁੱਟ ਭਰਨ ਲਈ ਮਜਬੂਰ ਹਨ।

ਭਰੂਣ ਹੱਤਿਆ ਜਿਹੜਾ ਸਾਡੇ ਸਮਾਜ ਦੀ ਇੱਕ ਵੱਡੀ ਲਾਹਨਤ ਹੈ। ਲੋੜ ਇਸ ਗੱਲ ਦੀ ਹੈ ਔਰਤ ਦੀਆਂ ਇੱਛਾਵਾਂ ਨੂੰ ਸਮਝਿਆ ਜਾਵੇ। ਜਿਸ ਘਰ ਵਿਚ, ਔਰਤ ਮਾਨਸਿਕ ਰੂਪ ਵਿਚ ਕਿਸੇ ਬਿਮਾਰੀ ਦਾ ਸ਼ਿਕਾਰ ਹੋਵੇਗੀ, ਉੱਥੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਦਾ ਹਰਜਾਨਾ ਭੁਗਤਣਾ ਪਵੇਗਾ। ਹੇਠ ਲਿਖੇ ਸਿਹਤ ਵਿਭਾਗ ਦੇ ਅੰਕੜੇ ਸਮਾਜ ਦੀ ਅਸਲ ਤਸਵੀਰ ਪੇਸ਼ ਕਰਦੇ ਹਨ:

> ਕੁੜੀਮਾਰ ਸੂਬੇ ਵਜੋਂ ਬਦਨਾਮ ਹੋਏ, ਪੰਜਾਬ ਵਿਚ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਹੁਣ 907 ਹੋ ਗਈ ਹੈ। ਇਹ ਨਵੇਂ ਅੰਕੜੇ ਸਿਹਤ ਵਿਭਾਗ ਦੇ ਹਨ।(2016-2017) 1000 ਮੁੰਡਿਆਂ ਦੇ ਮੁਕਾਬਲੇ  ਕੁੜੀਆਂ ਦੀ ਗਿਣਤੀ 892 ਸੀ। 2009 ਵਿਚ ਇਹ ਅਨੁਪਾਤ 878 ਤੱਕ ਹੇਠਾਂ ਜਾ ਡਿੱਗਿਆ ਸੀ। ਇਹ ਬਿਨਾਂ ਸ਼ੱਕ, ਪੁੱਤਰ ਪ੍ਰਾਪਤੀ ਲਈ ਭਰੂਣ ਹੱਤਿਆ ਦੀ ਮਾਰ ਦਾ ਹੀ ਅਸਰ ਹੈ। (ਭਰੂਣ ਹੱਤਿਆ ਦਾ ਮੁੱਦਾ ਪੰਜਾਬ ''ਪੰਜਾਬੀ ਟ੍ਰਿਬਿਊਨ" 9)

> 1990 ਈ ਤੋਂ ਬਾਅਦ ਵੀ 1992 ਵਿਚ ਸੰਵਿਧਾਨ ਦੀ 73ਵੀਂ ਸੋਧ ਰਾਹੀਂ ਪੰਚਾਇਤ ਅਤੇ ਸਥਾਨਕ ਸਰਕਾਰਾਂ 'ਚ ਰਾਖਵੇਂਕਰਨ, ਭਰੂਣ ਹੱਤਿਆ ਰੋਕੂ ਕਾਨੂੰਨ 1994 ਈ: 'ਚ, ਦਾਜ ਵਿਰੋਧੀ ਕਾਨੂੰਨ 2006, 'ਬਾਲ ਵਿਆਹ ਰੋਕੂ ਐਕਟ' 2001 ਈ: 'ਚ, ਔਰਤ ਤੇ ਜ਼ਬਰ ਵਿਰੋਧੀ/ਔਰਤ ਦੇ ਸ਼ਕਤੀਕਰਨ ਲਈ ਔਰਤ ਨੀਤੀ ਤਿਆਰ ਕੀਤੀ। ਜਿਸ ਦੇ ਅੰਤਰਗਤ

> ਰਾਸ਼ਟਰੀ ਮੰਡਲ, ਔਰਤ ਦੇ ਹਿੰਸਾ ਵਿਰੋਧਤਾ ਔਰਤਾਂ ਲਈ ਕਰਜ਼ੇ, ਕਿਸ਼ੋਰ ਸਿੱਖਿਆ, ਮਹਿਲਾ ਮੰਡਲ, ਘਰੇਲੂ ਦਸਤਕਾਰੀ ਅਤੇ ਔਰਤਾਂ ਦੇ ਨਾਮ ਰਜਿਸਟਰੀ ਆਦਿ ਫ਼ੈਸਲੇ ਕੀਤੇ। ਅਜਿਹਾ ਕਰਨ ਦੇ ਬਾਵਜੂਦ ਵੀ ਔਰਤਾਂ ਨਾਲ ਬਲਾਤਕਾਰ, ਔਰਤਾਂ ਦਾ ਦਾਜ ਦੀ ਬਲੀ ਚੜ੍ਹਨਾ, ਕੁੜੀਆਂ ਦੇ ਚਿਹਰਿਆਂ ਤੇ ਤੇਜ਼ਾਬ ਸੁੱਟਣਾ ਆਦਿ ਤੋਂ ਸਪਸ਼ਟ ਹੁੰਦਾ ਹੈ ਕਿ ਭਾਰਤੀ ਸਮਾਜ ਵਿਚ ਔਰਤਾਂ ਅਤਿ ਤ੍ਰਾਸਦਿਕ ਸਥਿਤੀ ਵਿਚ ਵਿਚਰਦੀਆਂ ਹਨ। (ਨਾਇਬ ਸਿੰਘ ‘‘ਵਿਸ਼ਵੀਕਰਨ ਦੇ ਦੌਰ ਦੇ ਪੰਜਾਬੀ ਨਾਵਲ ਵਿਚ ਨਿਮਨ-ਕਿਸਾਨੀ ਸੰਕਟ” 363)

ਭਰੂਣ ਹੱਤਿਆ, ਬਲਾਤਕਾਰ ਵਾਂਗ ਨਸ਼ਾ ਵੀ ਸਮਕਾਲ ਦੀ ਅਜਿਹੀ ਸਮੱਸਿਆ ਬਣ ਚੁੱਕਿਆ ਹੈ, ਜਿਸ ਨੇ ਪਿੰਡਾਂ ਦੇ ਪਿੰਡ, ਘਰਾਂ ਦੇ ਘਰ, ਆਪਣੀ ਲਪੇਟ ਵਿਚ ਲੈ ਲਏ। ਇਸ ਬਿਮਾਰੀ ਨੇ ਪਤਾ ਨਹੀਂ, ਕਿੰਨੇ ਕੁ ਮਾਵਾਂ ਦੇ ਮੁੰਡੇ ਮਰਵਾ ਦਿੱਤੇ, ਕਿੰਨੀਆਂ ਸੁਹਾਗਣਾ ਦੇ ਘਰ ਉਜਾੜ ਦਿੱਤੇ। 'ਨਸ਼ੇ' ਨਿਬੰਧ ਵਿਚ ਲੇਖਕ ਨਸ਼ੇ ਸੰਬੰਧੀ ਮਨੁੱਖ ਨੂੰ ਸੁਚੇਤ ਕਰਦਾ ਹੈ:

> ਨਸ਼ਈ ਹੋਣਾ, ਮਨੁੱਖ ਦੀ ਫ਼ਿਤਰਤ ਵੀ ਹੈ, ਸੁਭਾਅ ਵੀ ਹੈ, ਮਸਤੀ ਅਤੇ ਰੰਗੀਲਾਪਨ ਵੀ। ਜ਼ਿੰਦਗੀ ਦੀਆਂ ਤਲਖ਼ੀਆਂ-ਤੁਰਸ਼ੀਆ, ਦੁੱਖਾਂ-ਗ਼ਮਾਂ ਅਤੇ ਸ਼ਿਕਵੇ ਨਿਹੋਰਿਆਂ ਨੂੰ ਭੁਲਾਉਣ ਲਈ, ਨਸ਼ਾ ਕਰਨਾ ਭਾਵੇਂ ਸਥਾਈ ਉਪਾਅ ਨਹੀਂ, ਪਰ ਫਿਰ ਵੀ ਕੁੱਝ ਸਮੇਂ ਲਈ ਹੀ ਅਜਿਹਾ ਅਵਸਰ ਪ੍ਰਾਪਤ ਕਰਨਾ ਨਸ਼ਈਆਂ ਗ਼ਨੀਮਤ ਮੰਨਿਆ ਜਾਂਦਾ ਹੈ। (ਕੋਮਲ ''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ'' 133)

ਮਨੁੱਖ ਇਹ ਭੁੱਲ ਜਾਂਦਾ ਹੈ ਕਿ ਇਹ ਨਸ਼ਾ ਮਨੁੱਖ ਦੇ ਦੁੱਖਾਂ ਨੂੰ ਕੁੱਝ ਸਮੇਂ ਲਈ ਉਸ ਤੋਂ ਦੂਰ ਕਰਦਾ ਹੈ, ਪ੍ਰੰਤੂ ਜ਼ਿੰਦਗੀ ਭਰ ਦੁੱਖ ਇਸ ਨੂੰ ਲਾ ਜਾਂਦਾ ਹੈ। ਨਸ਼ਾ ਕੋਈ ਵੀ ਹੋਵੇ ਉਹ ਗੁਣਕਾਰੀ ਨਹੀਂ ਹੁੰਦਾ।

ਲੇਖਕ ਅਨੁਸਾਰ ਰਹਿੰਦੀ ਖੂੰਹਦੀ ਕਸਰ ਅਜੋਕੇ ਗੀਤਕਾਰਾਂ ਵੱਲੋਂ ਗਾਏ ਜਾਂਦੇ ਗੀਤਾਂ ਨੇ ਕਰ ਦਿੱਤੀ, ਜਿਸ ਵਿਚ ਨਸ਼ਿਆਂ ਦੀ ਵਰਤੋਂ ਸ਼ਰੇਆਮ ਕੀਤੀ ਜਾਂਦੀ ਹੈ:

> ਨਸ਼ੇ ਦੇ ਮਤਵਾਲੇ ਬੁੱਧੀ ਸ਼ੀਲ ਗੀਤਕਾਰ, ਪੰਜਾਬ ਦੇ ਜੱਟ ਦੇ ਚਰਿੱਤਰ ਦਾ ਆਪ ਖੋਰੂ ਪਾਉਂਦੇ ਹਨ। ਉਸ ਨੂੰ ਦਲੇਰ ਸੂਰਬੀਰ, ਸੰਘਰਸ਼ਸ਼ੀਲ ਅਤੇ ਦ੍ਰਿੜ੍ਹ ਸੰਕਲਪੀ ਦਿਖਾਉਣ ਦੀ ਥਾਂ, ਸ਼ਰਾਬੀ, ਬਦਲੇ ਖੋਰ, ਕਾਤਲ ਅਤੇ ਜ਼ਿੱਦੀ ਦਿਖਾ ਕੇ ਉਸ ਦੀ ਵਡਿਆਈ ਕਰਨ ਦੀ ਗ਼ਲਤੀ ਕਰਦੇ ਹਨ। ਨਸ਼ਿਆਂ ਨੂੰ ਰੋਕਣ, ਉਨ੍ਹਾਂ ਵਿਰੁੱਧ ਲਹਿਰ ਚਲਾਉਣ, ਉਨ੍ਹਾਂ ਨੂੰ ਬੰਦ ਕਰਵਾਉਣ ਲਈ ਦਬਾਅ ਪਾਉਣ ਦੀ ਥਾਂ, ਨਸ਼ਈਆਂ ਦੀ ਵਡਿਆਈ ਸੂਰਮੇ ਪੁੱਤਾ ਵਾਂਗ ਕਰਦੇ ਹਨ। (ਕੋਮਲ ''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ'' 135)

ਅਜੋਕੇ ਗੀਤਕਾਰ ਸਭਿਆਚਾਰ ਦੀ ਗ਼ਲਤ ਤਸਵੀਰ ਪੇਸ਼ ਕਰਦੇ ਹਨ। ਇਹ ਗੀਤ ਸੰਗੀਤ ਇੱਕ ਮਾਧਿਅਮ ਹੈ, ਜਿਸ ਵਿਚ ਪੰਜਾਬੀਆਂ ਦੇ ਸੋਹਣੇ ਚਰਿੱਤਰ ਤੇ ਅਨੋਖੇ ਪੱਖ ਦਿਖਾਉਣੇ ਚਾਹੀਦੇ ਹਨ, ਜਿਨ੍ਹਾਂ ਤੋਂ ਉਹ ਆਪਣੇ ਜੀਵਨ ਵਿਚ ਸੇਧ ਲੈ ਸਕਣ।

ਲੇਖਕ ਅਨੁਸਾਰ ਨਸ਼ਿਆਂ ਦੀ ਵਰਤੋਂ ਨਾ ਤਾਂ ਕੋਈ ਵਿਰਾਸਤੀ ਜਾਇਦਾਦ, ਨਾ ਹੀ ਸੁੱਖ ਆਰਾਮ ਦੇ ਸਾਧਨ। ਸਗੋਂ ਇਹ ਆਦਤ ਇੱਕ ਬੇਬਸੀ ਤੇ ਮਜਬੂਰੀ ਵੀ ਹੈ ਜਿਨ੍ਹਾਂ ਨੂੰ, ਜੇ ਮਨੁੱਖ ਅੱਕ ਕੇ ਚੱਬ ਰਿਹਾ ਹੈ ਤਾਂ ਉਸ ਦੇ ਵੀ ਕਈ ਕਾਰਨ ਹਨ:

> ਪੜ੍ਹਿਆ ਲਿਖਿਆ ਟਰੇਂਡ ਵਿਅਕਤੀ ਬੇਰੁਜ਼ਗਾਰ, ਉਹ ਨਿਰਾਸ਼ ਹੈ ਆਰਥਿਕ ਦ੍ਰਿਸ਼ਟੀ ਤੋਂ ਮਾਨਸਿਕ ਪਰੇਸ਼ਾਨੀ ਹੈ, ਜਿਸ ਕਾਰਨ ਮਾਯੂਸ ਹੋ ਕੇ ਉਹ ਨਸ਼ੇ ਦਾ ਸਹਾਰਾ ਲੈਂਦਾ ਹੈ। (ਕੋਮਲ ''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ'' 136)

> ਅੱਜ ਕੱਲ੍ਹ ਤਾਂ ਹੋਰ ਹੀ ਮੌਜਾਂ ਲੱਗ ਗਈਆਂ ਹਨ, ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ ਆਏ, ਨਵੇਂ ਯੁੱਗ ਦੀ ਨਵੀਂ ਨੁਹਾਰ, ਕੈਪਸੂਲ, ਟੀਕੇ, ਸੂਈਆਂ, ਗੋਲੀਆਂ ਅਤੇ ਪੀਣ ਵਾਲੀ ਸਮਗਰੀ, ਹਰ ਕਿਸਮ ਦੇ ਨਸ਼ੇ, ਹਰ ਥਾਂ ਪ੍ਰਾਪਤ ਕੀਤੇ ਜਾ ਸਕਦੇ ਹਨ। ਸਟੋਰਾਂ, ਮੈਡੀਕਲ ਦੁਕਾਨਾਂ, ਚੋਰ ਮੋਰੀਆਂ, ਹੋਟਲਾਂ, ਢਾਬਿਆਂ, ਰਿਕਸ਼ਾ ਵਾਲਿਆਂ, ਕੋਲੇ ਚਲਦੇ ਫਿਰਦੇ ਨਸ਼ਾ ਲਗਾਊ ਕੇਂਦਰ ਹਨ। ਹੁਕਮ ਕਰੋ, ਘਰ ਬੈਠਿਆਂ ਮਾਲ ਪੁੱਜਦਾ ਹੋ ਜਾਂਦਾ ਹੈ। ਤੇਜ਼ ਤੋਂ ਤੇਜ਼ ਨਸ਼ਿਆਂ ਦੇ ਵਿਉਪਾਰੀ ਹਰ ਗਲੀ ਮੋੜ ਹਰ ਹੋਟਲ, ਢਾਬੇ ਅਤੇ ਮੈਡੀਕਲ ਸਟੋਰ'ਤੇ ਮਿਲ ਸਕਦੇ ਹਨ। ਸ਼ਰਾਬ ਦੇ ਦਰਿਆ ਵਗਦੇ ਹਨ। ਮਹਿੰਗੀ ਤੋਂ ਮਹਿੰਗੀ, ਦੇਸ਼ੀਂ, ਵਿਦੇਸ਼ੀ, ਭਾਂਤ-ਭਾਂਤ ਕਿਸਮ ਦੀ ਦੇਸੀ, ਘਰ ਦੀ ਕੱਢੀ, ਜ਼ਹਿਰੀਲੀ ਸ਼ਰਾਬ ਦੇ ਬਾਜ਼ਾਰ ਗਰਮ ਹਨ। (ਕੋਮਲ ''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ" 134)

ਨੌਜਵਾਨਾਂ ਮੁੰਡੇ ਕੁੜੀਆਂ ਅੰਦਰ ਨਸ਼ੇ ਕਰਨ ਦੀਆਂ ਆਦਤ ਭੈੜੀ ਸੰਗਤ ਤੋਂ ਤਾਂ ਪੈਂਦੀ ਹੈ, ਜੇਕਰ ਇਨ੍ਹਾਂ ਅੰਦਰ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਮਾਨਸਿਕ ਨਿਰਾਸ਼ਾ ਪ੍ਰਬਲ ਹੋ ਕੇ, ਕਿਸੇ ਨਸ਼ੇ ਕਰਨ ਨਾਲ ਮੁੜ ਕਿਸੇ ਹੱਦ ਤੱਕ ਉਸ ਨੂੰ ਨਸ਼ਈ ਕਰ ਕੇ, ਉਸ ਦੇ ਦੁੱਖ ਭੁੱਲਾ ਦਿੰਦੀ ਹੋਵੇ, ਇਹੋ ਨਸ਼ੇ ਦਾ ਫੋਕਾ ਸਹਾਰਾ, ਉਸ ਦੇ ਜੀਵਨ ਦੇ ਨਰਕ ਸਿਰਜਦਾ ਹੈ। ਅੱਜ ਕੱਲ੍ਹ ਦਰਜਨਾਂ ਕਿਸਮ ਦੇ ਮਹਿੰਗੇ ਖ਼ਤਰਨਾਕ ਅਤੇ ਭਿਆਨਕ ਨਸ਼ੇ ਪ੍ਰਚਲਿਤ ਹੋ ਗਏ ਹਨ। ਜਿਹੜੇ ਇੱਕ ਵਾਰ ਲੱਗ ਜਾਣ ਤਿਆਗਣੇ ਔਖੇ ਹਨ। ਇਨ੍ਹਾਂ ਦਾ ਇਲਾਜ ਨਸ਼ੇ ਛੁਡਾਉਣ ਲਈ ਪਿਆਰ ਹਮਦਰਦੀ ਨਾਲ, ਉਨ੍ਹਾਂ ਅੰਦਰ ਚੇਤਨਾ ਦੀ ਸ਼ਕਤੀ ਸੰਚਾਰ ਕੇ ਕੀਤਾ ਜਾ ਸਕਦਾ ਹੈ, ਜਿਸ ਲਈ ਨਿਰੰਤਰ ਦਵਾਈਆਂ ਤੋਂ ਇਲਾਵਾ ਪਿਆਰ ਤੇ ਸਹਾਨਭੂਤੀ ਵੀ ਲੋੜੀਂਦੀ ਹੈ।

ਜਿਸ ਕੌਮ ਦੇ ਨੌਜਵਾਨ ਪ੍ਰਦੂਸ਼ਣ, ਕਰੱਪਸ਼ਨ, ਬਿਮਾਰੀਆਂ, ਨਸ਼ਿਆਂ ਦਾ ਸ਼ਿਕਾਰ ਹੋਣ ਕਿ ਉੱਥੇ ਇੱਕ ਕਲਿਆਣਕਾਰੀ ਸਮਾਜ ਦੀ ਕਲਪਨਾ ਕੀਤੀ ਜਾ ਸਕਦੀ ਹੈ ?

ਨਸ਼ਿਆਂ ਦੇ ਸ਼ਿਕਾਰ ਵਧੇਰੇ ਨੌਜਵਾਨ ਮੁੰਡੇ ਕੁੜੀਆਂ, ਜੋ ਗ਼ਲਤ ਆਦਤਾਂ, ਬਲਾਤਕਾਰ, ਚੋਰੀਆਂ, ਡਾਕਿਆਂ, ਕਾਤਲਾਂ ਆਤੰਕੀਆਂ ਦਾ ਜੋ ਸ਼ਿਕਾਰ ਹੋ ਜਾਂਦੇ ਹਨ ਉਹ ਹੀ ਹੁੰਦੇ ਹਨ, ਜੋ ਘਰ ਤੋਂ ਨਿਰਾਸ਼,ਪੜ੍ਹ ਲਿਖੇ ਕੇ ਵਿਹਲੇ ਫਿਰਨ ਵਾਲੇ ਮਜ਼ਬੂਤ ਲੋਕ ਹੁੰਦੇ ਹਨ। ਸਰਕਾਰ ਦੀ ਜ਼ਿੰਮੇਵਾਰੀ ਦੇ ਨਾਲ-ਨਾਲੇ ਘਰ ਵਾਲੇ ਵੀ ਟੇਢੀ ਜਾਂ ਸਿੱਧੀ ਨਜ਼ਰ ਨਾਲ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣ। ਸਕੂਲਾਂ ਕਾਲਜਾਂ ਵਿਚ ਪੂਰੀ ਨਿਗਰਾਨੀ ਹੋਣੀ ਚਾਹੀਦੀ ਹੈ ਕਿ ਕੋਈ ਵਿਦਿਆਰਥੀ ਨਸ਼ੇ ਦਾ ਸ਼ਿਕਾਰ ਤਾਂ ਨਹੀਂ ਬਣ ਰਿਹਾ? ਨੌਜਵਾਨਾਂ ਵਿਚ ਨਸ਼ੇ ਕਰਨ ਦਾ ਰੋਗ, ਦੇਸ਼ ਸਮਾਜ ਕੌਮ ਲਈ ਅਤਿ ਭਿਆਨਕ ਹੈ।

ਸਹਿਣਸ਼ੀਲਤਾ ਦੀ ਘਾਟ ਕਈ ਤਰ੍ਹਾਂ ਦੀਆਂ ਘਟਨਾਵਾਂ ਨੂੰ ਜਨਮ ਦੇਣ ਵਿਚ ਸਹਾਈ ਹੁੰਦੀਆਂ ਹਨ। ਸਹਿਣਸ਼ੀਲਤਾ ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਲੇਖਕ 'ਸਹਿਣਸ਼ੀਲਤਾ/ਅਸਹਿਣਸ਼ੀਲਤਾ' ਨਿਬੰਧ ਵਿਚ ਦੱਸਦਾ ਹੈ। ਸਹਿਣਸ਼ੀਲਤਾ ਮਨੁੱਖ ਵਿਚ ਰੱਬ ਵੱਲੋਂ ਦਿੱਤਾ ਉਹ ਤੋਹਫ਼ਾ ਹੈ, ਜੋ ਮਨੁੱਖੀ ਸ਼ਖ਼ਸੀਅਤ ਨੂੰ ਚਾਰ ਚੰਨ ਲਾ ਦਿੰਦਾ ਹੈ, ਪ੍ਰੰਤੂ ਜਿਵੇਂ-ਜਿਵੇਂ ਗਿਆਨ-ਵਿਗਿਆਨ ਦੇ ਸਾਧਨ ਵਧੇ ਤਿਵੇਂ-ਤਿਵੇਂ ਮਨੁੱਖ ਦੀ ਸਹਿਣਸ਼ੀਲਤਾ ਅਸਹਿਣਸ਼ੀਲਤਾ ਵਿਚ ਤਬਦੀਲ ਹੁੰਦੀ ਜਾ ਰਹੀ ਹੈ:

> ਅੱਜ ਸਰਮਾਏਦਾਰੀ ਯੁੱਗ ਵਿਚ ਮੁਨਾਫ਼ੇ ਦੀ ਭੱਜ ਨੱਠ ਵਿਚ, ਸੋਚ, ਇਮਾਨ, ਹੱਕ, ਸੇਵਾ, ਸਲੀਕਾ, ਸਬਰ, ਸੰਤੋਖ, ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ, ਮਨੁੱਖੀ ਮਨ ਦੀਆਂ ਮਾਨਸਿਕ-ਆਰਥਿਕ ਅਤੇ ਸੰਸਕ੍ਰਿਤਕ ਲੋੜਾਂ ਨੂੰ ਕਿੱਲੀ ਤੇ ਟੰਗ ਕੇ, ਜਦ ਆਮ ਖ਼ਾਸ ਮਰਦ ਔਰਤਾਂ ਦੇ ਹੱਕਾਂ ਉੱਪਰ ਛਾਪੇ ਮਾਰਨ ਵਾਲੇ ਸਿਆਸੀ ਨੇਤਾ ਦੀ ਭੀੜ ਦਿਖਾਈ ਦਿੰਦੀ ਹੈ ਤਾਂ ਆਮ ਖ਼ਾਸ ਪੜ੍ਹਿਆ ਲਿਖਿਆ ਨੌਜਵਾਨ ਸਹਿਣਸ਼ੀਲ ਕਿਵੇਂ ਰਹਿ ਸਕਦਾ ਹੈ? (ਕੋਮਲ ''ਚੇਤਨਾ ਦੇ ਆਰ-ਪਾਰ ਤੇ ਹੋਰ ਨਿਬੰਧ'' 140)

ਅੱਜ ਹਰੇਕ ਮਨੁੱਖ ਧੁਖਦੀ ਧੂਣੀ ਵਾਂਗ ਧੁਖ ਰਿਹਾ ਹੈ ਕਿਉਂਕਿ ਅੱਜ ਦੀ ਨੌਜਵਾਨ ਪੀੜ੍ਹੀ ਚੱਲ ਰਹੇ ਸਿਸਟਮ ਤੇ ਸਮੇਂ ਦੀਆਂ ਸਰਕਾਰਾਂ ਸੰਤੁਸ਼ਟ ਨਹੀਂ ਹੈ। ਸਿਆਸਤ ਵੀ ਸੇਵਾ ਕਰਨ ਦੀ ਥਾਂ ਸੇਵਾ ਪ੍ਰਾਪਤ ਕਰਨ ਵਿਚ ਜੁਟੀ ਹੋਈ ਹੈ, ਜਿਸ ਕਾਰਨ ਨੌਜਵਾਨ ਪੀੜ੍ਹੀਆਂ ਗ਼ਲਤ ਕੁਰੀਤੀਆਂ ਨਸ਼ਿਆਂ ਵੱਲ ਜੁੜਦੀ ਜਾ ਰਹੀ ਹੈ। ਬੇਰੁਜ਼ਗਾਰੀ ਅਸਹਿਣਸ਼ੀਲਤਾ ਨੂੰ ਜਨਮ ਦੇ ਰਹੀ ਹੈ। ਲੋੜ ਇਸ ਗੱਲ ਦੀ ਹੈ ਕਿ ਮਨੁੱਖ ਨੂੰ ਉਸ ਦਾ ਬਣਦੇ ਹੱਕ ਦਿੱਤੇ ਜਾਣ ਤਾਂ, ਜੋ ਉਹ ਇੱਕ ਸਭਿਅਕ ਪ੍ਰਾਣੀ ਦੇ ਰੂਪ ਵਿਚ ਵਿਚਰੇ, ਨਾ ਕਿ ਅਸੱਭਿਅਕ ਪ੍ਰਾਣੀ ਦੇ ਰੂਪ ਵਿਚ।

'ਪ੍ਰਦੂਸ਼ਣ' ਨਿਬੰਧ ਵਿਚ ਲੇਖਕ ਆਖਦਾ ਹੈ ਕਿ ਅਮਨ ਰਾਜ ਕਾਇਮ ਕਰਨ ਲਈ ਉੱਤਮ ਸਮਾਜ ਦੀ ਸਿਰਜਣਾ ਲਈ ਖ਼ੁਸ਼ਹਾਲ ਧਰਤੀ ਦੀ ਲੋੜ ਹੈ। ਬਾਕੀ ਭਖਦੀਆਂ ਸਮਾਜਿਕ ਕੁਰੀਤੀਆਂ ਦੂਰ ਕਰਨ ਵਾਂਗ ਵਾਤਾਵਰਣ ਨੂੰ ਬਚਾਉਣਾ ਵੀ, ਅੱਜ ਦੇ ਸਮੇਂ ਦੀ ਮੁੱਖ ਲੋੜ ਬਣ ਗਿਆ ਹੈ। ਲੇਖਕ ਅਨੁਸਾਰ ਇੱਕੀਵੀਂ ਸਦੀ ਵਿਚ ਵਧਦੇ ਰੋਜ਼ਗਾਰ ਦੇ ਸਾਧਨਾਂ ਨੇ, ਜਿੱਥੇ ਤਰੱਕੀ ਵਿਚ ਆਪਣਾ ਯੋਗਦਾਨ ਪਾਇਆ ਹੈ, ਉੱਥੇ ਨਾਲ ਹੀ ਅਤਿ ਖ਼ਤਰਨਾਕ ਰੂਪ ਵੀ ਅਖ਼ਤਿਆਰ ਕੀਤਾ:

> ਵਿਕਾਸ ਦੇ ਨਾਂ ਉੱਪਰ ਪੈਦਾਵਾਰ ਵਧਾਉਣ ਲਈ ਸਨਅਤਾਂ, ਕਾਰਖ਼ਾਨੇ, ਫ਼ਸਲਾਂ ਨੂੰ ਪਾਣੀ ਲਾਉਣ ਲਈ ਟਿਊਬਵੈੱਲ, ਹਜ਼ਾਰਾਂ ਦੀ ਗਿਣਤੀ ਵਿਚ ਲੱਗਣ ਲੱਗ ਪਏ, ਪਰ ਇਨ੍ਹਾਂ ਦਾ ਉਲਟ ਪ੍ਰਭਾਵ ਸਿਹਤ, ਪਾਣੀ, ਹਵਾ, ਫ਼ਸਲਾਂ, ਅਨਾਜ, ਸਬਜ਼ੀਆਂ, ਫਲਾਂ, ਦੁੱਧ ਅਤੇ ਜੰਗਲਾਂ ਪਰਬਤਾਂ, ਦਰਿਆਵਾਂ, ਨਦੀਆਂ, ਉੱਪਰ ਪ੍ਰਦੂਸ਼ਣ ਰੂਪ ਵਿਚ ਅਤਿ ਖ਼ਤਰਨਾਕ ਰੂਪ ਵਿਚ ਪੈਣ ਲੱਗਾ। (ਕੋਮਲ ''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ'' 152)

ਦੇਸ਼ ਵਿਚ ਹੋ ਰਹੀਆਂ ਤਰੱਕੀਆਂ ਨੇ ਭਾਵੇਂ ਮਨੁੱਖੀ ਜੀਵਨ ਦੇ ਵਿਕਾਸ ਲਈ ਕਈ ਰਾਹ ਖੋਲ੍ਹੇ, ਪ੍ਰੰਤੂ ਦੂਜੇ ਪਾਸੇ ਮਨੁੱਖ ਦੀ ਸਿਹਤ ਲਈ ਇਹ ਇੱਕ ਖ਼ਤਰਾ ਸਾਬਤ ਹੋ ਰਿਹਾ ਹੈ:

> ਪਿਛਲੇ ਪੰਜਾਹ ਸਾਲਾਂ ਵਿਚ ਪੈਦਾਵਾਰ ਵਧਾਉਣ ਦੇ ਨਾਂ ਉੱਪਰ ਧਰਤੀ ਦਾ ਚਿਹਰਾ ਅਸੀਂ ਆਪ ਝੁਲਸਾ ਦਿੱਤਾ ਹੈ। ਇੱਕ ਪਾਸੇ ਪੈਦਾਵਾਰ ਵਧੀ ਹੈ, ਦੂਜੇ ਪਾਸੇ ਜੰਗਲ ਕੱਟ-ਕੱਟ ਕੇ ਖੇਤੀ-ਬਾੜੀ ਲਈ ਜ਼ਮੀਨ ਖ਼ਾਲੀ ਕਰ, ਉੱਥੇ ਫ਼ਸਲਾਂ ਬੀਜੀਆਂ ਗਈਆਂ ਹਨ। ਟਿਊਬ-ਵੈੱਲਾਂ ਨਾਲ ਧਰਤੀ ਦਾ ਪਾਣੀ ਮੁਕਾ ਦਿੱਤਾ ਹੈ। ਡੂੰਘੇ ਟਿਊਬਵੈੱਲਾਂ ਨੇ ਪਾਤਾਲ ਵੀ ਪਿਆਸੇ ਬਣਾ ਦਿੱਤੇ ਹਨ। ਜੰਗਲਾਂ ਦੇ ਸਫ਼ਾਏ ਨੇ ਪ੍ਰਕਿਰਤੀ ਦੀ ਪ੍ਰਕਿਰਤੀ ਬਦਲ ਦਿੱਤੀ ਹੈ। ਰੁੱਤਾਂ ਬਦਲ ਗਈਆਂ ਹਨ, ਵਧੇਰੇ ਗਰਮੀ ਵਧੇਰੇ ਸਰਦੀ, ਪਹਾੜਾਂ ਉੱਪਰ ਵੱਧ ਗਲੇਸ਼ੀਅਰ ਪਿਘਲਣ ਲੱਗੇ ਹਨ। ਧਰਤੀਆਂ ਉੱਪਰਲੀਆਂ ਜ਼ਰਖੇਜ਼ ਤਿਹਾਂ ਨੂੰ ਬਾਝ ਬਣਾ ਦਿੱਤਾ ਹੈ। ਮਿੱਤਰ ਕੀੜੇ ਪੰਛੀ ਅਤੇ ਜਾਨਵਰ ਮਰਦੇ ਜਾ ਰਹੇ ਹਨ। ਜ਼ਹਿਰ ਨੇ ਵਧੇਰੇ ਜ਼ਹਿਰੀਲਾ ਵਾਤਾਵਰਣ ਪੈਦਾ ਕੀਤਾ ਹੈ। ਹਵਾ ਵਿਚ ਜ਼ਹਿਰੀਲੀ ਬਦਬੂ ਹੈ। ਪਾਣੀ ਦੀ ਨਿਰਮਲ ਕਾਇਆ ਝੁਲਸ ਗਈ ਹੈ। (ਕੋਮਲ ''ਵੇਦਨਾ-ਸੰਵੇਦਨਾ ਤੇ ਹੋਰ ਨਿਬੰਧ" 153)

ਹਰ ਚੀਜ਼ ਪ੍ਰਦੂਸ਼ਿਤ ਹੋ ਰਹੀ ਹਾਂ, ਨਾ ਹੀ ਸ਼ੁੱਧ ਖ਼ੁਰਾਕਾਂ ਰਹੀਆਂ, ਨਾ ਹੀ ਸ਼ੁੱਧ ਵਿਚਾਰ।

> ਪ੍ਰਦੂਸ਼ਣ ਵਾਤਾਵਰਣ ਵਿਚ ਨਾ ਹੀ ਲੇਖਕਾਂ, ਸਾਹਿਤਕਾਰਾਂ, ਕਲਾਕਾਰ, ਚਿੱਤਰਕਾਰ ਦੀ ਕਦਰ ਹੈ, ਨਾ ਵਿਦਵਾਨ, ਸਮਾਜ ਸੁਧਾਰਕਾਂ ਤੇ ਗਿਆਨੀ ਅਧਿਆਪਕ ਦਾ ਸਨਮਾਨ ਹੁੰਦਾ ਹੈ। ਮਿਹਨਤ ਦਾ ਵੀ ਮੁੱਲ ਨਹੀਂ ਪੈਂਦਾ। ਰਿਸ਼ਵਤ, ਚੋਰ ਬਾਜ਼ਾਰੀ, ਗੰਦਾ ਸਿਸਟਮ ਅਤੇ ਨਫ਼ਰਤ ਕੁੜੱਤਣ ਅਤੇ ਵਿਨਾਸ਼ ਹੈ। ਫਿਰ ਵੀ ਜੇਕਰ ਵਿਕਾਸ ਹੈ, ਉੱਨਤੀ ਹੈ ਪ੍ਰਾਪਤੀ ਹੈ, ਇਹ ਇਸ ਲਈ ਕਿ ਸੌ ਵਿਚੋਂ 15 ਵਿਅਕਤੀ ਅਜੇ ਪ੍ਰਦੂਸ਼ਣ ਦਾ ਸ਼ਿਕਾਰ ਨਹੀਂ। ਹੱਕ ਸੱਚ ਮਿਹਨਤ ਦੀ ਕਮਾਈ ਖਾਂਦੇ ਹਨ।(ਕੋਮਲ ''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ''155)

ਉਪਰੋਕਤ ਸ਼ਬਦਾਂ ਤੋਂ ਭਾਵ ਕਿ ਕੁਝ ਅਜੇ ਵੀ ਆਪਣੇ ਫ਼ਰਜ਼ਾਂ ਨੂੰ ਦਿਲੋਂ ਨਿਭਾਅ ਕੇ ਆਪਣਾ ਜੀਵਨ ਬਤੀਤ ਕਰਦੇ ਹਨ। ਆਪਣੇ ਦਿਲ ਦਿਮਾਗ਼ ਪ੍ਰਦੂਸ਼ਿਤ ਨਹੀਂ ਹੋਣ ਦਿੰਦੇ। ਹੱਕ ਤੇ ਸੱਚ ਤੇ ਪਹਿਰਾ ਦਿੰਦੇ ਹਨ। ਲੋੜ ਹੈ ਆਪਣੇ ਆਪ ਨੂੰ ਉਹਨਾਂ 15 ਵਿਅਕਤੀਆਂ ਵਿਚ ਸ਼ਾਮਿਲ ਕਰਨ ਦੀ।

> ਜਤਿੰਦਰਪਾਲ ਅਨੁਸਾਰ: ਅੱਜ ਲੋੜ ਹੈ ਲੋਕਾਂ ਦੇ ਮਨਾਂ ਵਿਚ ਰੁੱਖਾਂ ਪ੍ਰਤੀ ਜਜ਼ਬਾ ਪੈਦਾ ਕਰਨ ਦੀ, ਜੋ ਸਮੇਂ ਦੇ ਨਾਲ ਹੁਣ ਘੱਟ ਰਿਹਾ ਹੈ। ਕਈ ਰੁੱਖਾਂ ਨੂੰ ਤਾਂ ਧਾਰਮਿਕ ਅਪਣੱਤ ਵੀ ਮਿਲੀ ਹੋਈ ਹੈ ਜਿਵੇਂ ਬਿਲ, ਪਿੱਪਲ, ਸੋਨ ਪੱਤੀ, ਕਿੱਕਰ, ਨਿੰਮ, ਬੋਹੜ, ਕਲਪ-ਬ੍ਰਿਛ, ਆਦਿ ਅਤੇ ਇਹ ਪਵਿੱਤਰ ਵੀ ਮੰਨੇ ਜਾਂਦੇ ਹਨ। ਮਹਾਰਾਸ਼ਟਰ ਦੇ 'ਦੇਵਰਾਇਸ' ਅਤੇ ਰਾਜਸਥਾਨ ਦੇ 'ਉਰਾਨਜ' ਰੁੱਖਾਂ ਦੇ ਉਹ ਝੁੰਡ ਹਨ, ਜਿਨ੍ਹਾਂ ਨੂੰ ਪੁਰਾਣੇ ਮੰਦਰਾਂ ਦੇ ਹਾਤਿਆਂ ਵਿਚ ਹਾਲੇ ਵੀ ਸਾਂਭ ਕੇ ਰੱਖਿਆ ਹੋਇਆ ਹੈ। ਪੀ.ਡੀ. ਡੋਗਰਾ ਨੇ 1989 ਈਸਵੀ ਵਿਚ ਠੀਕ ਰਾਏ ਦਿੱਤੀ ਸੀ ਕਿ ਰੁੱਖਾਂ ਦੀ ਚਰਚਾ ਨੂੰ ਧਾਰਮਿਕ ਅਤੇ 'ਫੋਕ ਲੋਰ' ਅਧੀਨ ਉਤਸ਼ਾਹ ਦੇਣ ਲਈ ਉਪਰਾਲਾ ਕਰਨਾ ਯੋਗ ਹੋਵੇਗਾ। (ਜਤਿੰਦਰਪਾਲ ਸਿੰਘ ''ਮਨੁੱਖੀ ਹੋਂਦ ਲਈ ਖ਼ਤਰਾ ਵਾਤਾਵਰਣੀ ਪ੍ਰਦੂਸ਼ਣ'' 59)

ਮਨੁੱਖ ਸੰਕੀਰਨ ਦ੍ਰਿਸ਼ਟੀਕੋਣ ਨੂੰ ਤਿਆਗ ਕੇ ਵਿਸ਼ਾਲ ਦ੍ਰਿਸ਼ਟੀਕੋਣ ਦਾ ਧਾਰਨੀ ਬਣਨਾ ਚਾਹੀਦਾ ਹੈ, ਪ੍ਰੰਤੂ ਕਿ ਅਜੋਕੀ ਪੀੜ੍ਹੀ ਇੰਨੀ ਪੜ੍ਹੀ-ਲਿਖੀ ਹੋਣ ਦੇ ਬਾਵਜੂਦ ਵੀ, ਵਾਤਾਵਰਣ ਦੀ ਸਮੱਸਿਆ ਦਿਨੋ-ਦਿਨ ਵਧਦੀ ਜਾ ਰਹੀ ਹੈ। ਸ਼ਾਇਦ ਇਨ੍ਹਾਂ ਨੂੰ ਬਚਾਉਣ ਦਾ ਇੱਕ ਹੋਰ ਢੰਗ ਇਹ ਵੀ ਹੈ ਕਿ ਇਹਨਾਂ ਨੂੰ ਬਚਾਉਣ ਲਈ ਕਿਸੇ ਨਾ ਕਿਸੇ ਦੇਵਤੇ ਨਾਲ ਜੋੜ ਦਿੱਤਾ ਜਾਵੇ:

> ਜਿਵੇਂ ਧਰਤ, ਪਾਣੀ, ਹਵਾ, ਜੰਗਲ ਪਰਬਤ ਸਾਗਰ ਦਰਿਆਵਾਂ ਨੂੰ ਪ੍ਰਦੂਸ਼ਿਤ ਕਰਨ ਲਈ ਵਿਗਿਆਨਕ ਸਾਧਨ ਜੁਟਾਉਣੇ ਚਾਹੀਦੇ ਹਨ। ਏਸੇ ਤਰ੍ਹਾਂ ਵਿਅਕਤੀਆਂ, ਸਮਾਜਿਕ ਪ੍ਰਬੰਧਕੀ

ਢਾਂਚਿਆਂ ਅਤੇ ਸਮਾਜੀ ਸਭਿਆਚਾਰ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਨਵੀਂ ਵਿਗਿਆਨਕ ਸੋਚ ਅਪਣਾ ਕੇ ਆਤਮ-ਗਿਆਨ ਦਾ ਸਹਾਰਾ ਲੈਣਾ ਚਾਹੀਦਾ ਹੈ। (ਕੋਮਲ ''ਵੇਦਨਾ-ਸੰਵੇਦਨਾ ਤੇ ਹੋਰ ਨਿਬੰਧ'' 156)

ਡਾ. ਗੁਰਮੁਖ ਸਿੰਘ ਅਨੁਸਾਰ: ਮੈਂ ਦਾਅਵੇ ਨਾਲ ਆਖ ਸਕਦਾ ਹਾਂ ਕਿ ਡਾ. ਅਮਰ ਕੋਮਲ ਦੇ ਨਿਬੰਧ ਪੜ੍ਹਨ ਤੋਂ ਪਹਿਲਾਂ ਜੋ ਪਾਠਕ ਹੁੰਦਾ ਹੈ, ਪੜ੍ਹਨ ਉਪਰੰਤ ਉਹ ਨਹੀਂ ਰਹਿ ਸਕਦਾ।ਉਸ ਦਾ ਆਪਾ ਬਦਲ ਜਾਂਦਾ ਹੈ। ਉਸ ਦਾ ਆਚਾਰ ਵਿਚਾਰ, ਵਿਚਾਰ, ਕਰਨੀ, ਸੋਚ-ਸਾਰ ਸਭ ਬਦਲ ਜਾਂਦੇ ਹਨ। ਉਹ ਪ੍ਰਕਾਸ਼ ਵੱਲ ਮੂੰਹ ਕਰ ਕੇ, ਅੰਧਕਾਰ ਵੱਲ ਸਦਾ ਲਈ ਪਿੱਠ ਕਰ ਲੈਂਦਾ ਹੈ। ਉਸ ਲਈ ਸਮੁੱਚਾ ਬ੍ਰਹਿਮੰਡ, ਮਾਨਵ ਜਾਤੀ ਆਪਣੀ ਬਣ ਜਾਂਦੀ ਹਨ। ਇਹ ਡਾ. ਅਮਰ ਕੋਮਲ ਦੇ ਨਿਬੰਧਾਂ ਦੀ ਸਾਰਥਕਤਾ ਦੇ ਪ੍ਰਮਾਣ ਹਨ। ਜਿਹੀ ਸਾਰਥਕ ਵਾਰਤਕ ਹੁਣ ਕਿੰਨੇ ਕੁ ਪੰਜਾਬੀ ਵਿਦਵਾਨ ਲਿਖ ਰਹੇ ਹਨ। ("ਚੱਲਣਾ ਹੀ ਜ਼ਿੰਦਗੀ ਹੈ" 13)

**ਦ੍ਰਿਸ਼ਟੀਕੋਣ**:- ਡਾ. ਅਮਰ ਕੋਮਲ ਪੰਜਾਬੀ ਸਾਹਿਤ ਵਿਚ ਆਪਣੀ ਇੱਕ ਵੱਖਰੀ ਪਹਿਚਾਣ ਬਣਾਉਣ ਵਾਲਾ ਲੇਖਕ ਹੈ। ਜਿਸ ਨੇ ਵੱਖ-ਵੱਖ ਵਿਧਾਵਾਂ ਵਿਚ ਰਚਨਾਵਾਂ ਕੀਤੀਆਂ।ਲੇਖਕ ਇੱਕ ਸੂਝਵਾਨ ਅਧਿਆਪਕ, ਆਲੋਚਕ, ਕਹਾਣੀਕਾਰ, ਅਨੁਵਾਦਕ, ਵਾਰਤਕਕਾਰ, ਕਵੀ ਅਤੇ ਸੰਪਾਦਕ ਵਜੋਂ ਆਪਣੀ ਇੱਕ ਵੱਖਰੀ ਪਹਿਚਾਣ ਬਣਾ ਚੁੱਕਿਆ ਹੈ।

ਡਾ. ਕੋਮਲ ਪ੍ਰਗਤੀਵਾਦ ਵਿਚਾਰਧਾਰਾ ਦਾ ਲੇਖਕ ਹੈ। ਲੇਖਕ ਅਧਿਆਪਕ ਦੇ ਅਹੁਦੇ ਤੇ ਹੋਣ ਕਰ ਕੇ ਹਮੇਸ਼ਾ ਦੇਸ਼ ਦੇ ਭਵਿੱਖ ਪ੍ਰਤੀ, ਚਿੰਤਨਸ਼ੀਲ ਰਹੇ ਹਨ। ਲੇਖਕ ਦੇ ਨਿਬੰਧ ਵਿਚ ਪੇਸ਼ ਵਿਸ਼ੇ, ਕਿਸੇ ਨਾ ਕਿਸੇ ਸਮਾਜਿਕ ਕੁਰੀਤੀ ਨੂੰ ਦੱਸ ਕੇ ਉਸ ਪ੍ਰਤੀ ਸੁਚਾਰੂ ਹੱਲ ਵੀ ਦਿੱਤੇ ਜਾਂਦੇ ਹਨ ਤਾਂ ਜੋ ਪਾਠਕਾਂ ਦੇ ਮਨ ਨੂੰ ਹਲੂਣਾ

ਮਿਲੇ। ਹਮੇਸ਼ਾ ਜ਼ਿੰਦਗੀ ਵਿਚ ਕੁੱਝ ਕਰਦੇ ਰਹਿਣਾ ਤੇ ਆਪਣੇ ਆਪ ਨੂੰ ਰੁਝੇਵਿਆਂ ਵਿਚ ਰੁਝਾਈ ਰੱਖਣਾ ਹੀ, ਉਨ੍ਹਾਂ ਦੀ ਕਲਮ ਨੂੰ ਚਾਰ ਚੰਦ ਲਾਉਂਦਾ ਹੈ।

ਲੇਖਕ ਦੀ ਵਿਚਾਰਧਾਰਾ ਸਮਰਪਣ ਮਈ ਹੈ। ਲੇਖਕ ਦੀ ਨਿਬੰਧ ਰਚਨਾ ਮਾਨਵਵਾਦੀ, ਸਮਾਜਿਕ, ਸਾਹਿਤਕ ਅਤੇ ਗਿਆਨ-ਵਿਗਿਆਨ ਦੀ ਵਿਸ਼ਿਆਂ ਨਾਲ ਸੰਬੰਧਿਤ ਹੈ। ਲੇਖਕ ਦਾ ਹਰ ਨਿਬੰਧ ਮਨੁੱਖ ਨੂੰ ਇੱਕ ਸੁਚੱਜੀ ਤੇ ਸੁਚਾਰੂ ਜ਼ਿੰਦਗੀ ਲਈ ਹਲੂਣਾ ਮਾਰਦਾ ਪ੍ਰਤੀਤ ਹੁੰਦੀ ਹੈ। ਹੋਰ ਮਨੁੱਖ ਪਾਸ ਜੀਵਨ ਤਾਂ ਹੈ, ਪ੍ਰੰਤੂ ਉਹ ਆਧੁਨਿਕਤਾ ਦੀ ਅੰਨ੍ਹੀ ਦੌੜ ਵਿਚ ਫਸ ਕੇ ਉਹਨੂੰ ਤਬਾਹ ਕਰ ਰਿਹਾ ਹੈ, ਉਹ ਅਸਲ ਜੀਵਨ ਭੁੱਲਦਾ ਜਾ ਰਿਹਾ ਹੈ ਤੇ ਸਭਿਅਕ ਹੋਣ ਦੀ ਜਗਾ ਅਸੱਭਿਅਕ ਬਣਦਾ ਜਾ ਰਿਹਾ ਹੈ। ਜਿਵੇਂ-ਜਿਵੇਂ ਗਿਆਨ-ਵਿਗਿਆਨ ਦੇ ਪਸਾਰੇ ਵਧੇ, ਉਹ ਮਨੁੱਖ ਲਈ ਚੰਗੇਰੀ ਸੂਝ ਪ੍ਰਦਾਨ ਦੇ ਸਾਧਨ ਬਣਦੇ ਹਨ। ਜੇਕਰ ਮਨੁੱਖ ਆਪਣੇ ਆਪ ਨੂੰ ਇਹਨਾਂ ਨਾਲ ਜੋੜ ਲਵੇ ਤੇ ਸਮੇਂ ਦਾ ਹਾਣੀ ਬਣ ਕੇ ਉਹ ਆਪਣੀ ਜ਼ਿੰਦਗੀ ਤੇ ਸਮਾਜਿਕ ਚੌਗਿਰਦੇ ਨੂੰ ਖ਼ੁਸ਼ਹਾਲ ਤੇ ਉਸਾਰੂ ਬਣਾਉਣ ਵਿਚ ਆਪਣਾ ਯੋਗਦਾਨ ਪਾ ਸਕਦਾ ਹੈ।

ਡਾ. ਅਮਰ ਕੋਮਲ ਨੇ ਸਵੈ ਉਸਾਰੀ ਕਰਦਿਆਂ ਆਪਣੀ ਅਕਾਦਮਿਕ ਬੌਧਿਕ ਸਾਹਿਤਕ ਅਤੇ ਅਧਿਐਨ ਅਧਿਆਪਨ ਦੀ, ਜੋ ਯਾਤਰਾ ਕਰ ਕੇ ਸਾਹਿਤ ਸਿਰਜਣ ਦਾ ਜੋ ਕਾਰਜ ਆਰੰਭਿਆ ਹੈ, ਉਸ ਦਾ ਸਵੈ-ਅਧਿਐਨ ਸਾਹਿਤ ਸਿਰਜਣ ਪ੍ਰਕਾਸ਼ਨ ਦਾ ਜ਼ਮੀਨੀ ਤਜਰਬਾ ਉਸ ਨੇ ਆਪ ਕਮਾਇਆ ਹੈ। ਕਤਰਾ-ਕਤਰਾ ਕਰ ਕੇ ਉਸ ਨੇ ਸਮੁੰਦਰ ਬਣਨ ਅਤੇ ਜ਼ਿੰਦਗੀ ਦੇ ਸਿਰਨਾਵੇਂ ਲੱਭਣ ਦੇ ਉਸ ਦੇ ਆਪਣੇ ਯਤਨ ਹਨ। ਸਾਹਿਤਕ ਪ੍ਰਾਪਤੀਆਂ ਉਸ ਦੇ ਪਿਛਲੇ ਸੱਠ-ਪੈਂਹਠ ਸਾਲਾਂ ਦੀ ਮਿਹਨਤ ਦਾ ਸਿੱਟਾ ਹਨ। ਉਸ ਦੀ ਨਿਬੰਧ ਸਿਰਜਣ ਤੇ ਹੋਰ ਸਾਹਿਤਕ ਉਪਲਬਧੀਆਂ ਉਸ ਦੀ ਆਪਣੀ ਹਿੰਮਤ ਯੋਗਤਾ ਤੇ ਲਗਾਤਾਰ ਦਹਾਕਿਆਂ ਤੱਕ ਕਲਮ ਨੂੰ ਨਵਾਂ ਤੇ ਨਰੋਆ ਰੱਖਣ ਦੀਆਂ ਕਰਾਮਾਤਾਂ ਹਨ।

**2) ਵਿਧਾਗਤ ਜੁਗਤਾਂ:-**

**ੳ) ਸ਼ੈਲੀਗਤ ਜੁਗਤਾਂ:-** ਕਿਸੇ ਵਿਅਕਤੀ ਦਾ ਤਰਜ਼ਿ-ਫ਼ਿਰਕ ਅਤੇ ਤਰਜ਼ਿ ਅਮਲ, ਉਸ ਦੀ ਸ਼ੈਲੀ ਹੈ। ਹਾਵਾਂ-ਭਾਵਾਂ ਅਭਿਵਿਅਕਤੀ ਕਲਾ ਦੇ ਸਾਰੇ ਤੌਰ ਤਰੀਕੇ, ਬੋਲਚਾਲ, ਕਹਿਣ-ਢੰਗ, ਦੇਖਣ-ਪਰਖਣ, ਖਾਣ-ਪੀਣ, ਚੱਲਣ-ਫਿਰਨ ਆਦਿ ਤਰਜ਼ਿ ਅਮਲ ਉਸ ਦੀ ਸ਼ੈਲੀ ਹੈ। ਲੇਖਣ ਦੀ ਗੁਣਵੱਤਾ, ਉਸ ਦਾ ਅਧਿਐਨ ਸੋਚਣ ਸਮਝਣ, ਅਭਿਵਿਅਕਤੀ ਕਲਾ ਸ਼ੈਲੀ ਹੈ।ਲੇਖਕ ਦੇ ਵਿਚਾਰਾਂ ਦੀ ਪੁਸ਼ਾਕ ਹੀ ਉਸ ਦੀ ਸ਼ੈਲੀ ਹੈ। ਅਨੇਕਾਂ ਸਾਹਿਤਕਾਰ ਹਨ, ਜੋ ਸ਼ੈਲੀ ਨੂੰ ਲੇਖਕ ਦੀ ਸ਼ਖ਼ਸੀਅਤ ਕਹਿੰਦੇ ਹਨ।

> ਡਾ. ਰਤਨ ਸਿੰਘ ਜੱਗੀ ਅਨੁਸਾਰ: ਡਾ. ਅਮਰ ਕੋਮਲ ਦੇ ਨਿਬੰਧ ਯਥਾਰਥ ਤੋਂ ਆਦਰਸ਼ ਵੱਲ, ਵਿਕਾਸ ਕਰਦੇ ਹਨ। ਇਹ ਨਿਬੰਧ ਦਿਸਦੇ ਤੇ ਅਨ ਦਿਸਦੇ ਦਾ ਸੁਚੱਜਾ ਮੇਲ-ਮਿਲਾਪ ਕਰਵਾਉਂਦੇ ਹਨ।...ਜੀਵਨ ਸੱਚ ਨੂੰ ਸਮਝਣ ਯੋਗ ਬਣਾਉਣ ਲਈ ਡਾ. ਕੋਮਲ ਦੀ ਸੁਹਜਮਈ ਸ਼ੈਲੀ ਪੂਰਾ ਸਾਥ ਨਿਭਾ ਰਹੀ ਹੈ। (ਰੰਧਾਵਾ (ਸੰਪਾ) ''ਡਾ. ਅਮਰ ਕੋਮਲ ਦਾ ਨਿਬੰਧ ਜਗਤ'' 179)

ਇੱਕ ਰਚਨਾ ਨੂੰ ਵਧੇਰੇ ਪ੍ਰਭਾਵਸ਼ਾਲੀ ਤੇ ਰੋਚਕ ਬਣਾਉਣ ਲਈ ਲੇਖਕ ਦਾ ਤਜਰਬਾ ਬਹੁਤ ਮਾਅਨੇ ਰੱਖਦਾ ਹੈ ਕਿਉਂਕਿ ਡੂੰਘੇ ਅਧਿਐਨ ਤੇ ਵਿਸ਼ਾਲ ਅਨੁਭਵ ਤੇ ਨਿਰੰਤਰ ਅਭਿਆਸ ਮਨੁੱਖ ਦੀ ਸ਼ੈਲੀ ਨੂੰ ਸੁਘੜ ਬਣਾਉਣ ਵਿਚ ਮਦਦ ਕਰਦੇ ਹਨ। ਅਮਰ ਕੋਮਲ ਇੱਕ ਅਧਿਆਪਕ ਦੇ ਅਹੁਦੇ ਤੇ ਰਹੇ, ਪ੍ਰੰਤੂ ਇੱਕ ਵਿਦਿਆਰਥੀ ਦੇ ਰੂਪ ਵਿਚ ਉਹ ਨਿਰੰਤਰ ਸਿੱਖਦੇ ਹੀ ਆ ਰਹੇ ਹਨ। ਉਨ੍ਹਾਂ ਦੇ ਵੱਖ-ਵੱਖ ਵਿਧਾਵਾਂ ਵਿਚ ਰਚਨਾ ਦੱਸਦੀ ਹੈ ਕਿ ਲੇਖਕ ਕੋਲ ਸ਼ਬਦਾਂ ਦੀ ਘਾਟ ਨਹੀਂ ਹੈ।

> ਡਾ. ਜੀਤ ਸਿੰਘ ਸੀਤਲ ਅਨੁਸਾਰ: ਵਾਸਤਵ ਵਿਚ ਕਾਵਿ ਜਾਂ ਗੱਦ ਵਿਚ ਭਾਵ, ਪ੍ਰਗਟਾਵੇ ਦੇ ਢੰਗ ਨੂੰ ਸ਼ੈਲੀ ਆਖਿਆ ਜਾਂਦਾ ਹੈ। ਇਹ ਲੇਖਕ ਦਾ ਨਿੱਜੀ ਲਿਖਣ ਢੰਗ ਹੁੰਦਾ ਹੈ। ਸ਼ਬਦਾਂ ਦੀ

> ਚੋਣ, ਲੈਅ ਭਰੇ ਤਾਲ ਮਈ ਢੰਗ ਨਾਲ ਤੁਕਾਂ ਜਾਂ ਵਾਕਾਂ ਦੀ ਬਣਤਰ, ਅਲੰਕਾਰਾਂ ਦੀ ਵਰਤੋਂ ਆਦਿ ਸ਼ੈਲੀ ਦੇ ਅਧਿਐਨ ਵਿਚ ਸ਼ਾਮਿਲ ਸਨ। (''ਵਾਰਤਕ ਤੇ ਵਾਰਤਕ ਸ਼ੈਲੀ'' 107)

ਅਮਰ ਕੋਮਲ ਦੇ ਨਿਬੰਧਾਂ ਵਿਚ ਪੇਸ਼ ਵਿਚਾਰ, ਮਿੱਥ, ਮੁਹਾਵਰੇ, ਲੋਕੋਕਤੀਆਂ, ਬੁੱਧੀ, ਤਰਕ, ਉਸ ਦੀ ਨਿਵੇਕਲੀ ਸ਼ੈਲੀ ਵਿਚ ਅਭਿਵਿਅਕਤ ਹੁੰਦੇ ਹਨ। ਲੇਖਕ ਦੇ ਨਿਬੰਧਾਂ ਵਿਚ ਪੇਸ਼ ਵਿਸ਼ੇ ਦੀ ਲੜੀ ਉਸ ਦੀ ਰਚਨਾ ਨੂੰ ਇੱਕ ਉਦੇਸ਼ ਵਿਚ ਪਰੋਈ ਨਜ਼ਰੀ ਪੈਂਦੀ ਹੈ, ਜਿਹੜੀ ਨਾ ਤਾਂ ਕਿਤੇ ਉਲਝੀ ਦਿਖਾਈ ਦਿੰਦੀ ਹੈ ਤੇ ਨਾ ਹੀ ਪਾਠਕ ਨੂੰ ਅਕੇਵੇਂਪਣ ਦਾ ਸ਼ਿਕਾਰ ਬਣਾਉਂਦੀ ਹੈ, ਸਗੋਂ ਭਾਵਨਾ ਦੀ ਮਿੱਠੀ-ਮਿੱਠੀ ਚਾਸ਼ਨੀ ਵਿਚ ਡੁੱਬ ਕੇ ਆਪਣੇ ਵਿਚਾਰਾਂ ਨੂੰ ਪੇਸ਼ ਕਰਦੀ ਪ੍ਰਤੀਤ ਹੁੰਦੀ ਹੈ।

> ਫਰਾਂਸ ਦੇ ਸਾਹਿਤਕਾਰ ਬਫ਼ਨ ਦੇ ਸ਼ਬਦਾਂ ਵਿਚ: ਸ਼ੈਲੀ ਹੀ ਵਿਅਕਤੀਗਤ ਹੁੰਦੀ ਹੈ। (The Style is man) ਜਿਸ ਤਰ੍ਹਾਂ ਹਰ ਆਦਮੀ ਦੀ ਆਵਾਜ਼ ਨਿਰਾਲੀ ਹੈ, ਜਿਸ ਤਰ੍ਹਾਂ ਹਰ ਆਦਮੀ ਦੀ ਲਿਖਾਈ ਨਿਰਾਲੀ ਹੈ, ਏਸੇ ਤਰ੍ਹਾਂ ਹਰ ਸਾਹਿਤਕਾਰ ਦੀ ਸ਼ੈਲੀ ਨਿਰਾਲੀ ਹੈ।(ਅਹੂਜਾ ''ਸਾਹਿਤ ਸ਼ਾਸਤਰ'' 204)

ਲੇਖਕ ਦੀ ਸ਼ੈਲੀ ਵਿਲੱਖਣ ਗੁਣਾਂ ਨਾਲ ਭਰਪੂਰ ਹੈ, ਜਿਸ ਵਿਚ ਬਿਰਤਾਂਤਕ ਤੱਤ ਤੇ ਦਾਰਸ਼ਨਿਕ ਰੰਗ ਰੂਪ ਦੇ ਨਾਲ-ਨਾਲ ਕਾਵਿਕਤਾ ਤੇ ਗਹਿਰ ਗੰਭੀਰਤਾ ਦਾ ਗੁਣ ਵੀ ਮੌਜੂਦ ਹੈ। ਲੇਖਕ ਦੇ ਨਿਬੰਧਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇੱਕ ਹੀ ਨਿਬੰਧ ਵਿਚ, ਇੱਕ ਵਿਸ਼ੇ ਵਿਚ ਕਿੰਨੇ ਹੀ ਵਿਚਾਰਾਂ ਦਾ ਸੰਗ੍ਰਹਿ ਹੁੰਦਾ ਹੈ। ਹਰ ਪੈਰਾ ਆਪਣੇ ਆਪ ਵਿਚ ਇੱਕ ਮਿੰਨੀ ਨਿਬੰਧ ਪ੍ਰਤੀਤ ਹੁੰਦਾ ਹੈ। ਇਹ ਸ਼ੈਲੀ ਉਸ ਨੂੰ ਬਾਕੀ ਨਿਬੰਧਕਾਰਾਂ ਨਾਲੋਂ ਵਖਰਿਆਉਂਦੀ ਹੈ।

ਲੇਖਕ ਦੇ ਨਿਬੰਧਾਂ ਵਿਚ ਵਿਚਾਰਾਤਮਕ ਸ਼ੈਲੀ, ਬਿਰਤਾਂਤਕ ਸ਼ੈਲੀ, ਭਾਵਾਤਮਕ ਤੇ ਕਾਵਿਮਈ ਸ਼ੈਲੀ ਦੀ ਵਰਤੋਂ ਕੀਤੀ ਹੈ।

**ੳ) ਵਿਚਾਰਾਤਮਕ ਸ਼ੈਲੀ:-** ਵਿਚਾਰ ਜਿਹੜੇ ਲੇਖਕ ਦੇ ਜ਼ਿੰਦਗੀ ਦੇ ਡੂੰਘੇ ਤਜਰਬਿਆਂ ਦੀ ਤਰਜਮਾਨੀ ਕਰਦੇ ਹਨ। ਲੇਖਕ ਅਨੁਸਾਰ ਅਜੋਕਾ ਮਨੁੱਖ ਇਕੱਲਤਾ ਨੂੰ ਜ਼ਿੰਦਗੀ ਦਾ ਹਿੱਸਾ ਬਣਾਉਣ ਤੇ ਜ਼ੋਰ ਦੇ ਰਿਹਾ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਕਿ ਹੱਥ ਵਿਚ ਫੜਿਆ ਫ਼ੋਨ, ਜਿਸ ਦੇ ਰਾਹੀਂ ਉਹ ਜ਼ਿੰਦਗੀ ਭਰ ਦੀਆਂ ਮੁਸ਼ਕਲਾਂ ਹੱਲ ਕਰ ਸਕਦਾ ਹੈ, ਪ੍ਰੰਤੂ ਉਹ ਕਈ ਮਾਨਸਿਕ ਪੀੜਾਂ ਝੱਲਦਾ ਰਿਹਾ ਹੈ। ਲੇਖਕ ਦੇ ਵਿਚਾਰ ਵਿਚ ਬਚਨ-ਬਿਲਾਸ ਮਨੁੱਖੀ ਜੀਵਨ ਦਾ ਧੁਰਾ ਹੈ:

> ਦੇਖਣ-ਸੁਣਨ, ਖਾਣ-ਪੀਣ, ਕਰਨ-ਕਰਵਾਉਣ, ਲੜਨ-ਲੜਾਉਣ, ਖ਼ੁਸ਼ੀ-ਗ਼ਮੀ ਦਰਸਾਉਣ, ਖ਼ਰੀਦਣ-ਵੇਚਣ, ਦੱਸਣ ਅਤੇ ਮਨ-ਪ੍ਰਚਾਉਣ, ਸਿੱਖਿਆ ਲੈਣ-ਦੇਣ, ਪੜ੍ਹਨ-ਪੜ੍ਹਾਉਣ ਲਈ ਬਚਨ ਬਿਲਾਸ ਦਾ ਸਹਾਰਾ ਲੈਣਾ ਹੀ ਪੈਂਦਾ ਹੈ। ਇਤਿਹਾਸ ਜਾਣਨਾ ਹੈ ਕੁੱਝ ਪੁੱਛਣਾ ਜਾਂ ਦੱਸਣਾ ਹੈ।ਬਚਨ-ਬਿਲਾਸ ਦੀ ਡੰਗੋਰੀ ਤੋਂ ਬਿਨਾਂ, ਜੀਵਨ ਦਾ ਚੱਲਣਾ ਮੁਸ਼ਕਲ ਹੈ। ਬਚਨ-ਬਿਲਾਸ ਇੱਕ ਪ੍ਰਕਾਰ ਨਾਲ ਬਜ਼ੁਰਗ ਦੀ ਉਂਗਲੀ ਫੜ ਕੇ, ਅਸੀਂ ਜੀਵਨ ਦੇ ਹਨੇਰੇ ਰਾਹਾਂ ਉੱਪਰ ਚੱਲਣ ਲਈ ਰੌਸ਼ਨੀ ਪ੍ਰਾਪਤ ਕਰ ਸਕਦੇ ਹਨ। ਇਕੱਲਾ ਵਿਅਕਤੀ ਕਦੇ ਵੀ ਸੰਸਾਰ ਰੂਪੀ ਜੰਗਲ ਵਿਚੋਂ ਰਸਤਾ ਨਹੀਂ ਲੱਭ ਸਕਦਾ।(ਕੋਮਲ ''ਬਚਨ-ਬਿਲਾਸ'' 96)

ਉਪਰੋਕਤ ਸ਼ਬਦਾਂ ਤੋਂ ਭਾਵ ਜ਼ਿੰਦਗੀ ਦੇ ਹਰ ਮੋੜ ਤੇ ਉਸ ਨੂੰ ਸੁਚੱਜੇ ਗਿਆਨ ਤੇ ਉਸਾਰੂ ਸੇਧ ਦੀ ਲੋੜ ਪੈਂਦੀ ਹੈ। ਬਚਨ-ਬਿਲਾਸ ਡੁੱਬਦੇ ਬੰਦੇ ਨੂੰ ਤਿਨਕੇ ਦੇ ਸਹਾਰੇ ਦਾ ਕੰਮ ਕਰਦਾ ਹੈ। ਬਚਨ ਬਿਲਾਸ ਮਨੁੱਖ ਦੇ ਮਨ ਹੋਏ ਬੋਝ ਨੂੰ ਉਤਾਰ ਕੇ ਉਸ ਨੂੰ ਉਸਾਰੂ ਜੀਵਨ ਸੇਧ ਪ੍ਰਦਾਨ ਕਰਦਾ ਹੈ।

ਲੇਖਕ ਅਨੁਸਾਰ ਜੇਕਰ ਮਨੁੱਖ ਦਾ ਮਨ ਚੇਤਨ ਹੈ ਤਾਂ ਹਜ਼ਾਰਾ ਸਾਕਾਰਾਤਮਕ ਪ੍ਰਵਿਰਤੀਆਂ ਉਸ ਨਾਲ ਜੁੜ ਜਾਣਗੀਆਂ। ਲੇਖਕ 'ਚੇਤਨਾ ਦੇ ਆਰ-ਪਾਰ-5' ਨਿਬੰਧ ਵਿਚ ਮਨੁੱਖ ਨੂੰ ਚੇਤਨ ਮਨ ਦੀ ਮਹੱਤਤਾ ਸੰਬੰਧੀ ਵਿਚਾਰ ਪੇਸ਼ ਕਰਦਾ ਹੈ:

> ਚੇਤਨ ਮਨੁੱਖ ਮਨ ਦੀ ਕਮਜ਼ੋਰੀਆਂ ਨੂੰ ਸਮਝਣ ਦਾ ਯਤਨ ਕਰਦੇ ਹਨ ਅਤੇ ਸਮੇਂ ਸਿਰ ਉਨ੍ਹਾਂ ਉੱਪਰ ਕਾਬੂ ਪਾ ਲੈਂਦੇ ਹਨ। ਆਪਣੇ ਵਿਚਾਰਾਂ ਨੂੰ ਨਵੀਆਂ ਸੋਚਾਂ ਸੰਗ ਢਾਲੋ। ਚੰਗੀਆਂ ਪੁਸਤਕਾਂ ਪੜ੍ਹੋ। ਆਪਣੇ ਮਨ ਨਾਲ ਸੰਵਾਦ ਰਚਾਉ।ਲੋਭਿਤ ਅਤੇ ਕਾਮੁਕ ਵਸਤੂ ਅਥਵਾ, ਅਵਸਥਾ ਨੂੰ ਨਾ ਭੋਗਣ ਦੀ ਆਦਤ ਪਾਉ। ਪੁਰਾਣੀ ਭੈੜੀ ਆਦਤ ਅਭਿਆਸ ਨਾਲ ਛੱਡੀ ਜਾ ਸਕਦੀ ਹੈ। ਭੈੜੀਆਂ ਆਦਤਾਂ ਨੂੰ ਪੁਰਾਣੇ ਪੱਤੇ ਸਮਝ ਕੇ ਝੜਨ ਦੇਵੋ, ਚੰਗੀਆਂ ਆਦਤਾਂ ਉਨ੍ਹਾਂ ਭੈੜੀਆਂ ਆਦਤਾਂ ਦੀ ਥਾਂ, ਨਵਿਆਂ ਪੱਤਿਆਂ ਵਾਂਗੂੰ ਆਪਣੇ ਆਪ ਪੈ ਜਾਣਗੀਆਂ। (ਕੋਮਲ "ਚੇਤਨਾ ਦੇ ਆਰ-ਪਾਰ ਤੇ ਹੋਰ ਨਿਬੰਧ" 28)

ਲੋੜ ਆਪਣੇ ਅੰਦਰ ਦੀ ਚੇਤਨਾ ਨੂੰ ਜਗਾਉਣ ਦੀ। ਚੰਗੇ ਸੰਸਕਾਰਾਂ ਵਾਲਾ ਵਿਅਕਤੀ ਹਮੇਸ਼ਾ ਲੋਕਾਂ ਵਿਚ ਚੇਤਨਾ ਜਗਾਉਣ ਦਾ ਯਤਨ ਕਰਦਾ ਹੈ ਤੇ ਆਪਣੀ ਸੋਚ ਨੂੰ ਸਮੇਂ ਦੇ ਅਨੁਕੂਲ ਬਣਾਉਂਦਾ ਹੈ। ਸਮੱਸਿਆ ਜ਼ਿੰਦਗੀ ਦਾ ਹਿੱਸਾ ਹਨ ਤੇ ਜੇਕਰ ਮਨੁੱਖੀ ਮਨ ਚੇਤਨ ਹੈ ਤਾਂ ਉਹ ਉਨ੍ਹਾਂ ਵਿਚ ਉਲਝਦਾ ਨਹੀਂ, ਸਗੋਂ ਉਨ੍ਹਾਂ ਨਾਲ ਜੂਝਦਾ ਹੋਇਆ ਅੱਗੇ ਵਧਦਾ ਜਾਂਦਾ ਹੈ।

ਲੇਖਕ 'ਕਲਮ ਤੇ ਕਿਤਾਬ' ਨਿਬੰਧ ਵਿਚ ਵਿਚਾਰ ਪੇਸ਼ ਕਰਦਾ ਹੈ ਕਿ ਕਲਮ ਤੇ ਕਿਤਾਬ ਵਿਚ ਬਹੁਤ ਸ਼ਕਤੀ ਹੈ, ਜੋ ਨਵੇਂ ਇਤਿਹਾਸ ਸਿਰਜਣ ਵਿਚ ਆਪਣਾ ਯੋਗਦਾਨ ਪਾ ਸਕਦੀ ਹੈ। ਲੇਖਕ ਕਲਮ ਤੇ ਕਿਤਾਬ ਦੀ ਮਹੱਤਤਾ ਸੰਬੰਧੀ ਆਪਣੇ ਵਿਚਾਰ ਪ੍ਰਗਟਾਉਂਦਾ ਦੱਸਦਾ ਹੈ

ਉਦਯੋਗਿਕ ਯੁੱਗ ਵਿਗਿਆਨ ਦਾ ਯੁੱਗ ਹੈ। ਅਜਿਹੀ ਸਾਂਝੀ ਸੋਚ ਦੀ ਉਤਪਤੀ ਹੋਣੀ ਚਾਹੀਦੀ ਹੈ ਕਿ ਸੰਸਾਰ ਵਿਚੋਂ ਭੁੱਖ ਗ਼ਰੀਬੀ, ਬਿਮਾਰੀ, ਹਥਿਆਰਾਂ ਦੀ ਦੌੜ, ਸਰਮਾਏ ਦੀ ਲੁੱਟ, ਆਤੰਕਵਾਦ, ਕੱਟੜਵਾਦ, ਸਮਾਪਤ ਕਰਨ ਦੇ ਸਾਂਝੇ ਯਤਨ ਮਿਲ ਕੇ ਕੀਤੇ ਜਾਣਾ। ਦੇਸ਼ ਵਿਚ ਲੋਕ ਰਾਜ ਸਥਾਪਿਤ ਹੋਵੇ।ਕਲਮ ਤੇ ਕਿਤਾਬ, ਮਿਲ ਕੇ ਅਜਿਹਾ ਸਾਹਿਤ ਪ੍ਰਦਾਨ ਕਰਨ ਕਿ ਸਿਰਜਣਾਤਮਕ ਵਲਵਲੇ ਆਪਣੇ ਅੰਦਰ ਜਗਾਏ, ਪਾਠਕ, ਪਿਆਰ, ਸਾਂਝੇ ਮਿਲਵਰਤਨ ਸੇਵਾ ਸਮਰੱਥਾ, ਕਰੁਣਾ ਦੀ ਬੰਸਰੀ ਵਜਾਉਣ। ਕਲਮ ਤੇ ਕਿਤਾਬ ਕੇਵਲ ਗਿਆਨ ਸੰਚਾਰਨ ਕਰ ਕੇ ਲੋਕਾਂ ਦੀ ਸੋਚ ਵਿਚ ਨਵੀਂ ਸ਼ਕਤੀ ਪੈਦਾ ਕਰਨ।(ਕੋਮਲ ''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ'' 52)

ਕਲਮ ਵਿਚ ਬਹੁਤ ਤਾਕਤ ਹੁੰਦੀ ਹੈ। ਇਤਿਹਾਸ ਗਵਾਹ ਹੈ, ਜਦੋਂ ਔਰੰਗਜ਼ੇਬ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਨੇ ਜ਼ਫ਼ਰਨਾਮਾ ਲਿਖ ਕੇ ਭੇਜਿਆ ਸੀ ਤਾਂ ਉਸ ਵਿਚ ਲਿਖੇ ਇੱਕ-ਇੱਕ ਸ਼ਬਦ ਨੇ ਉਸ ਦੀ ਅੰਤਰ ਆਤਮਾ ਨੂੰ ਛੱਲੀ ਕਰ ਦਿੱਤਾ ਸੀ। ਕਿਤਾਬ ਤੇ ਕਲਮ ਮਨੁੱਖ ਨੂੰ ਹਨੇਰੇ ਤੋਂ ਬਾਹਰ ਕੱਢਣ ਤੇ ਸਰਬ-ਪੱਖੀ ਏਕਤਾ ਅਤੇ ਇਕ ਸੰਕਲਪੀ ਸੋਚ ਦਾ ਧਾਰਨੀ ਬਣਾ ਦਿੰਦੀ ਹੈ।

ਓਮ ਪ੍ਰਕਾਸ਼ ਗਾਸੋ ਅਨੁਸਾਰ: ਡਾ. ਅਮਰ ਕੋਮਲ ਬਾਰੇ ਕੁੱਝ ਕਹਿਣਾ ਹੋਵੇ ਤਾਂ ਲਿਖਿਆ ਜਾ ਸਕਦਾ ਹੈ ਕਿ ਡਾ. ਅਮਰ ਕੋਮਲ ਕੋਈ ਮੰਜ਼ਲ ਨਹੀਂ, ਸਗੋਂ ਉਹ ਤਾਂ ਇੱਕ ਮਿਹਨਤ ਹੈ। ਮਿਹਨਤੀ ਮਨੁੱਖ ਦੀ ਜ਼ਿੰਦਗੀ ਨੂੰ ਹੋਣਹਾਰ ਹੁੰਗਾਰਿਆਂ ਦੀ ਇਬਾਰਤ ਆਖਿਆ ਜਾ ਸਕਦਾ ਹੈ। (ਭੱਠਲ(ਸੰਪਾ.)"ਕਲਾਕਾਰ ਸਾਹਿਤਕ ਡਾ.ਅਮਰ ਕੋਮਲ ਵਿਸ਼ੇਸ਼ ਅੰਕ" 7)

ਆਤਮ ਚੇਤਨਾ ਤੋਂ ਭਾਵ, ਜਦੋਂ ਆਪਣੇ ਅੰਦਰ ਸਵੈ ਆਪੇ ਦਾ ਗਿਆਨ ਹੋਣਾ, ਜਿਸ ਦਿਨ ਮਨੁੱਖ ਇਸ ਅਗਿਆਨਤਾ ਚੋਂ ਬਾਹਰ ਨਿਕਲ ਗਿਆ ਤਾਂ ਉਹ ਆਪਣੀ ਜ਼ਿੰਦਗੀ ਨੂੰ ਸਵਰਗ ਬਣਾ ਸਕਦਾ ਹੈ। ਲੇਖਕ 'ਆਤਮ ਚੇਤਨ' ਨਿਬੰਧ ਵਿਚ ਵਿਚਾਰ ਪੇਸ਼ ਕਰਦਾ ਲਿਖਦਾ ਹੈ:

> ਆਤਮ ਚੇਤਨਾ ਦਾ ਪਹਿਲਾ ਨਿਯਮ ਆਪਣੇ ਆਪ, ਆਪਣੇ ਮਨ (ਦਿਲ, ਦਿਮਾਗ਼) ਨਾਲ ਸੰਵਾਦ ਰਚਾਉਣ ਦੀ ਕਲਾ ਸਿੱਖਣਾ ਹੈ। ਮੈਂ ਦਾ ਸੱਚਾ ਮਿੱਤਰ 'ਮੈਂ' ਹੈ ਆਤਮ ਹੈ, ਤੁਹਾਡੀ ਆਤਮਾ ਹੈ, ਜੋ ਦਿਖਾਈ ਨਹੀਂ ਦਿੰਦੀ ਅਨੁਭਵ ਕੀਤੀ ਜਾ ਸਕਦੀ ਹੈ, ਪਰ 'ਮੈਂ' ਆਤਮ ਕਿਉਂ ਨਹੀਂ ਬਣਦਾ? ਕਿਉਂਕਿ 'ਮੈਂ' ਦਾ ਰਜੋ (Ego) ਉਸ ਨੂੰ (Superego) ਆਤਮਾ ਅਥਵਾ ਸ਼ਾਸ਼ਵਿਤ ਨਹੀਂ ਬਣਨ ਦਿੰਦਾ। 'ਮੈਂ' ਜੇਕਰ ਆਪਣੀ ਪਰੰਪਰਾਗਤ ਸੋਚ ਨੂੰ ਵਿਗਿਆਨਕ ਅਥਵਾ ਆਤਮਕ ਸੋਚ ਬਣਾ ਲਵੇ ਤਾਂ ਅਸੀਂ ਚੇਤਨ ਜਾਗ੍ਰਿਤ ਸਿਆਣੇ, ਆਤਮ ਸ਼ਕਤੀ ਦੇ ਸੰਚਾਲਕ ਬਣ ਸਕਦੇ ਹਾਂ। ਇਸ ਲਈ ਸਵੈ ਚਿੰਤਨ ਜ਼ਰੂਰੀ ਹੈ। (ਕੋਮਲ '' ਚੇਤਨਾ ਤੇ ਹੋਰ ਨਿਬੰਧ'' 15)

ਉਪਰੋਕਤ ਸ਼ਬਦਾਂ ਤੋਂ ਭਾਵ, ਜਦੋਂ ਮਨੁੱਖ ਪਰੰਪਰਾਗਤ ਰਸਮਾਂ ਨੂੰ ਵਿਗਿਆਨਕ ਸੋਚ ਬਣਾ ਕੇ ਉਸ ਉੱਤੇ ਸਮਝ ਕਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਖ਼ੁਦ ਦੀ ਲਾਭ ਹਾਨੀ ਨਾ ਸੋਚ ਕੇ ਪੂਰੇ ਸਮਾਜ ਨੂੰ ਇਸ ਦਾ ਕੀ ਲਾਭ ਤੇ ਹਾਨੀ ਹੈ, ਤਾਂ ਸਹੀ ਅਰਥਾਂ ਵਿਚ 'ਮੈਂ' ਜਾਗਦਾ ਹੈ, ਉਹ ਆਤਮ ਚੇਤਨ ਹੈ। ਮਨ ਨੂੰ ਉੱਤਮ ਸੋਚ ਤੇ ਵਿਗਿਆਨਕ ਸੋਚ ਦੀ ਧਾਰਨੀ ਬਣਾਇਆ ਜਾਣਾ। ਜ਼ਿੰਦਗੀ ਰੂਪੀ ਗੱਡੀ ਨੂੰ ਅਨੰਦ ਦੀ ਅਵਸਥਾ ਵਿਚ ਲੈ ਕੇ ਜਾਣ ਦਾ ਸਹੀ ਤੇ ਉਚਿੱਤ ਮਾਰਗ ਆਤਮ-ਚੇਤਨਾ ਹੈ।

**ਅ) ਵਿਆਖਿਆਤਮਕ ਸ਼ੈਲੀ:-** ਇਤਿਹਾਸ ਗਵਾਹ ਹੈ ਕਿ ਵੈਦਿਕ ਕਾਲ ਤੋਂ ਹੁਣ ਤੱਕ ਹਜ਼ਾਰਾ ਦੇਵਤੇ, ਰਿਸ਼ੀ ਮੁਨੀ ਹੋਏ ਹਨ ਤੇ ਹਰ ਧਰਮ ਮਨੁੱਖ ਨੂੰ ਉੱਚੀ-ਸੁੱਚੀ ਵਿਚਾਰਧਾਰਾ ਦਾ ਸੁਨੇਹਾ ਪ੍ਰਦਾਨ ਕਰਦੇ ਹਨ, ਜਿਹੜੇ ਮਨੁੱਖ ਨੂੰ ਮਨੁੱਖ ਬਣਨ ਲਈ ਪ੍ਰੇਰਦੇ ਹਨ ਤੇ ਸਿੱਧੇ ਰਸਤੇ ਤੇ ਤੁਰਨ ਦੀ ਸੂਝ ਬਖਸ਼ਿਸ਼ ਕਰਦੇ ਹਨ, ਪ੍ਰੰਤੂ ਫਿਰ ਵੀ ਮਨੁੱਖ ਦਾ ਨਜ਼ਰੀਆ ਨਹੀਂ ਬਦਲਦਾ। ਲੇਖਕ 'ਨਜ਼ਰੀਆ' ਨਿਬੰਧ ਵਿਚ ਦੱਸਦਾ ਹੈ ਕਿ ਨਜ਼ਰੀਏ ਦਾ ਜ਼ਿੰਦਗੀ ਵਿਚ ਬਹੁਤ ਮਹੱਤਵ ਹੈ ਤੇ ਸਹੀ ਨਜ਼ਰੀਆ ਮਨੁੱਖ ਨੂੰ ਸਾਕਾਰਤਮਕ ਸੋਚ ਦਾ ਧਾਰਨੀ ਬਣਾਉਂਦਾ ਹੈ।

> ਧਰਮ ਮਨੁੱਖ ਨੂੰ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੇ ਧਾਰਨ ਕਰਨ ਦੀ ਪ੍ਰਕਿਰਿਆ ਹੈ।ਸੰਸਕਾਰੀ ਵਿਅਕਤੀ, ਪਿਆਰ, ਮਿਲਵਰਤਨ, ਸੇਵਾ ਉਪਕਾਰ, ਸਤਿਕਾਰ, ਦੁਲਾਰ, ਸਦਭਾਵ, ਕਰੁਣਾ, ਸਹਾਨਭੂਤੀ, ਸਹਿਣਸ਼ੀਲਤਾ, ਸੰਘਰਸ਼ ਅਤੇ ਮਿਹਨਤ ਵਰਗੇ ਗੁਣਾਂ ਨੂੰ ਆਪਣੇ ਜੀਵਨ ਦੇ ਅਮਲ ਦਾ ਹਿੱਸਾ ਬਣਾਉਂਦੇ ਹਨ। ਨਜ਼ਰੀਆ ਭਾਵੇਂ ਵਿਰਸੇ ਦੀ ਦੇਣ ਹੋਵੇਗਾ, ਪ੍ਰੰਤੂ ਤਮੋਗੁਣ ਤੇ ਰਜੋਗੁਣ ਉੱਚੇ-ਸੁੱਚੇ ਨਜ਼ਰੀਏ ਨਾਲ ਸਤੋਗੁਣ ਅਤੇ ਸਤੋਗੁਣ ਦੀ ਲਾਪਰਵਾਹੀ ਸਦਕਾ ਤਮੋਗੁਣ ਅਤੇ ਰਜੋਗੁਣ ਵਿਚ ਤਬਦੀਲ ਹੋ ਸਕਦੇ ਹਨ। ਮਨ ਜੇ ਨਿਯੰਤਰਨ ਵਿਚ ਹੈ। ਇੱਛਾਵਾਂ ਦਾ ਜੁਆਰਭਾਟਾ ਤੂਫ਼ਾਨ ਨਹੀਂ ਬਣਦਾ ਤਾਂ ਤੁਸੀਂ ਮਨੁੱਖ ਹੈ, ਨਹੀਂ ਤਾਂ ਪਸ਼ੂ ਬਣਦੇ ਦੇਰ ਨਹੀਂ ਲਗਦੀ। (ਕੋਮਲ ''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ'' 24)

'ਤ੍ਰੈ ਗੁਣ' ਨਿਬੰਧ ਵਿਚ  ਲੇਖਕ ਅਨੁਸਾਰ ਕੋਈ ਮਨੁੱਖ ਜਨਮ ਤੋਂ ਭੈੜੀਆਂ ਆਦਤਾਂ ਦਾ ਸ਼ਿਕਾਰ ਨਹੀਂ ਹੁੰਦਾ। ਉਸ ਦੀ ਸੰਗਤ ਉਸ ਦੇ ਜੀਵਨ ਤੇ ਬਹੁਤ ਡੂੰਘਾ ਪ੍ਰਭਾਵ ਪਾਉਂਦੀ ਹੈ। ਜੇਕਰ ਮਨੁੱਖ ਚੇਤਨ ਹੋ ਕੇ ਆਪਣੇ ਮਨ ਨੂੰ ਇਕਾਗਰ ਕਰੇ ਤਾਂ ਉਹ ਭੈੜੇ ਨਸ਼ੇ, ਰਿਸ਼ਵਤ ਖੋਰੀ, ਭ੍ਰਿਸ਼ਟਾਚਾਰੀ ਦੀ ਦਲਦਲ ਵਿਚੋਂ ਬਾਹਰ ਨਿਕਲ ਕੇ ਸਤੋ ਗੁਣੀ ਦੇ ਧਾਰਨੀ ਬਣ ਸਕਦੇ ਹਨ।

> ਕਹਿੰਦੇ ਹਨ ਸੰਤ ਬਾਲਮੀਕ ਜੀ ਪਹਿਲਾਂ ਡਾਕੂ ਸਨ, ਪਰ ਕਿਸੇ ਦੀ ਸੰਗਤ ਦਾ ਅੰਮ੍ਰਿਤ ਪੀ ਕੇ ਅਮਰ ਵਿਦਵਾਨ ਬਣ ਗਏ। ਕਿਸੇ ਦੇ ਜੀਵਨ ਵਿਚ ਮਹਾਤਮਾ ਬੁੱਧ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਵਰਗੇ ਮਹਾਂ-ਪੁਰਸ਼ ਪ੍ਰਵੇਸ਼ ਦੇ ਹਨ, ਤਾਂ ਉਹ ਜੀਵਨ ਦੇ ਫੋਕੇ ਅਡੰਬਰਾਂ ਨੂੰ ਛੱਡ ਕੇ ਆਪਣੇ ਆਪ ਨੂੰ ਸੱਚੇ ਭਗਤ, ਸੇਵਕ, ਪਰਉਪਕਾਰੀ ਬਣਾ ਲੈਂਦੇ ਹਨ। ਇਹ ਜ਼ਿੰਦਗੀ ਦੇ ਚਮਤਕਾਰ ਹੀ ਹੁੰਦੇ ਹਨ ਕਿ ਅਨਾਥ, ਨਾਥ ਬਣ ਜਾਂਦੇ ਹਨ ਤੇ ਨਿਰਧਨ, ਅਮੀਰ। ਲੋੜ ਮਨ ਨੂੰ ਆਪਣਾ ਅਮੀਰ ਬਣਾਉਣ ਦੀ ਹੈ।(ਕੋਮਲ ''ਪੰਚਵਟੀ ਦੇ ਅੰਦਰ ਬਾਹਰ'' 62-63)

**ੲ) ਬਿਰਤਾਂਤਕ ਸ਼ੈਲੀ:-** ਸਮਾਜ ਵਿਚ ਵਧਦੀਆਂ ਦਰਿੰਦਗੀ ਵਰਗੀਆਂ ਘਟਨਾਵਾਂ ਰਿਸ਼ਵਤ ਖੋਰੀ, ਜਬਰ-ਜਨਾਹ, ਆਦਿ ਮਨੁੱਖ ਦੇ ਅਜੇ ਵੀ ਜਾਂਗਲੀ ਹੋਣ ਦਾ ਸਬੂਤ ਪੇਸ਼ ਕਰਦੀਆਂ ਹਨ। ਲੇਖਕ 'ਦਰਅਸਲ' ਨਿਬੰਧ ਵਿਚ ਬਿਰਤਾਂਤ ਸਿਰਜਦਾ ਆਖਦਾ ਹੈ:

> ਦਰਅਸਲ ਮਨੁੱਖ ਜਦ, ਦਾਨਵ ਤੋਂ ਮਹਾ ਦਾਨਵ ਬਣਦਾ ਹੈ ਤਾਂ ਮਹਿਮੂਦ ਗਜ਼ਨਬੀ, ਤੈਮੂਰ-ਲੰਗ, ਔਰੰਗਜ਼ੇਬ ਬਣ ਕੇ ਮਨੁੱਖਤਾ ਦਾ ਘਾਣ ਕਰਦਾ ਹੈ। ਖ਼ੂਨ ਦੀਆਂ ਨਦੀਆਂ ਬਹਾਉਂਦਾ ਹੈ, ਜਦ ਮਾਨਵ ਤੋਂ ਮਹਾਂ-ਦਾਨਵ ਬਣਦਾ ਹੈ ਤਾਂ ਸ੍ਰੀ ਰਾਮ ਚੰਦ ਬਣ ਕੇ ਮਰਯਾਦਾ ਤੇ ਦੀਵੇ ਜਗਾਉਂਦਾ ਹੈ। ਸ੍ਰੀ ਕ੍ਰਿਸ਼ਨ ਜੀ ਅਵਤਾਰ ਬਣ ਕੇ ਗੀਤਾ-ਸੰਦੇਸ਼ ਦਿੰਦਾ ਹੈ। ਗੌਤਮ ਬੁੱਧ ਬਣ ਕੇ ਅਮਨ ਅਤੇ ਸ਼ਾਂਤੀ ਦੇ ਸੰਦੇਸ਼ ਦਿੰਦਾ ਹੈ। ਸ੍ਰੀ ਗੋਬਿੰਦ ਸਿੰਘ ਬਣ ਕੇ ਖ਼ਾਲਸੇ ਦੀ ਸਿਰਜਣਾ ਕਰ ਕੇ ਜ਼ਫ਼ਰਨਾਮਾ ਲਿਖਦੇ ਹਨ। ਮਹਾਤਮਾ ਗਾਂਧੀ ਬਣ ਕੇ ਸੱਚ, ਹੱਕ ਇਮਾਨ ਤੇ ਅਹਿੰਸਾ ਨੂੰ ਹਥਿਆਰ ਵਾਂਗ ਵਰਤਦਾ ਹੈ। (ਕੋਮਲ ''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ'' 27)

ਅੱਜ ਦੇ ਸਮਾਜ ਨੂੰ ਲੋੜ ਦਾਨਵ ਤੋਂ ਮਹਾਂ ਦਾਨਵ ਬਣਦੇ ਲੋਕਾਂ ਦੀ ਨਹੀਂ ਹੈ, ਜਿਹੜੇ ਸਮਾਜ ਨੂੰ ਨਿਘਾਰ ਵੱਲ ਲੈ ਕੇ ਜਾ ਰਹੇ ਹਨ ਅਤੇ ਮਨੁੱਖੀ ਤਨ ਨੂੰ ਬਿਮਾਰ ਕਰ ਕੇ, ਉਸ ਨੂੰ ਭੈੜੀ ਸੰਗਤ ਤੇ ਲੜ ਲਾ ਰਹੇ ਹਨ। ਲੋੜ ਹੈ, ਅਸਲ ਚੇਤਨ ਹੋਣ ਦੀ, ਮਾਨਵ ਤੋਂ ਮਹਾਂ ਮਾਨਵ ਬਣ ਕੇ ਸਮਾਜ ਵਿਚ ਫੈਲੀ ਦਰਿੰਦਗੀ ਤੇ ਲੋਕਾਂ ਦੇ ਦਿਮਾਗ਼ ਵਿਚ ਪਨਪਦੀ ਭੈੜੀ ਸੋਚ ਨੂੰ ਖ਼ਤਮ ਕਰ ਕੇ, ਸੁਚਾਰੂ ਸਿੱਖਿਆ ਪ੍ਰਦਾਨ ਕਰਨ ਦੀ। ਇਕੱਲਾ ਮਨੁੱਖ ਜੇਕਰ ਆਪਣੇ ਹਿੱਸੇ ਦਾ ਬਣਦਾ ਯੋਗਦਾਨ ਪਾਵੇ ਅਤੇ ਮਾਨਵ ਤੋਂ ਮਹਾ ਮਾਨਵ ਬਣ ਕੇ ਸਮਾਜ ਦੇ ਭਲਾਈ ਕਾਰਜਾਂ ਵਿਚ ਯੋਗਦਾਨ ਪਾਵੇ ਤਾਂ ਨਰੋਏ ਸਮਾਜ ਦੀ ਸਥਾਪਨਾ ਕੀਤੀ ਜਾ ਸਕਦੀ ਹੈ।

ਪ੍ਰਤਿਸ਼ੋਧ, ਬਦਲੇ ਦੀ ਭਾਵਨਾ ਮਨੁੱਖ ਅੰਦਰੋਂ ਉਸ ਦੀਆਂ ਸਾਰੀਆਂ ਚੰਗਿਆਈਆਂ ਖ਼ਤਮ ਕਰ ਕੇ, ਉਸ ਨੂੰ ਇੱਕ ਭੈੜਾ ਵਿਅਕਤੀ ਬਣਾ ਦਿੰਦੀ ਹੈ। ਲੇਖਕ 'ਪ੍ਰਤਿਸ਼ੋਧ ਬਦਲੇ ਦੀ ਭਾਵਨਾ' ਨਿਬੰਧ ਵਿਚ ਕੱਚ ਦੇ ਦੇਵ

ਯਾਨੀ ਦੀ ਕਥਾ ਦਾ ਹਵਾਲਾ ਦੇ ਕੇ ਸਮਝਾਉਣ ਦਾ ਯਤਨ ਕਰਦਾ ਹੈ ਕਿ ਪ੍ਰਤਿਸ਼ੋਧ ਜਾਣੇ ਅਨਜਾਣੇ ਮਨੁੱਖ ਹੱਥੋਂ ਬਹੁਤ ਕੁੱਝ ਗ਼ਲਤ ਕਰਵਾ ਦਿੰਦਾ ਹੈ।

> ਕੱਚ ਦੇਵ ਗੁਰੂ ਬ੍ਰਹਿਸਪਤੀ ਦੇ ਪੁੱਤਰ ਸਨ। ਦੇਵਤਿਆਂ ਦੇ ਕਹਿਣ 'ਤੇ ਉਹ ਦੈਂਤਾਂ ਦੇ ਪਰੋਹਤ, ਸ਼ੰਕਰਾਚਾਰੀਆ ਦੇ ਕੋਲ ਸੰਜੀਵਨੀ ਸਿੱਖਣ ਲਈ ਗਏ। ਸ਼ੰਕਰਾਚਾਰੀਆ ਦੀ ਧੀ ਦੇਵ ਯਾਨੀ, ਇਸ ਤੇ ਮੋਹਿਤ ਹੋ ਗਈ ਤੇ ਉਸ ਨੇ ਉਸ ਦੇ ਸਾਹਮਣੇ ਵਿਆਹ ਦਾ ਪ੍ਰਸਤਾਵ ਰੱਖਿਆ। ਪ੍ਰੰਤੂ ਕੱਚ ਨੇ ਦੇਵ ਯਾਨੀ ਤੋਂ ਖਿਮਾ ਮੰਗਦਿਆਂ ਉਸ ਦਾ ਪ੍ਰਸਤਾਵ ਇਹ ਕਹਿ ਕੇ ਠੁਕਰਾ ਦਿੱਤਾ ਕਿ ਗੁਰੂ ਪੁੱਤਰੀ ਹੋਣ ਕਾਰਨ, ਉਹ ਉਸ ਨੂੰ ਆਪਣੀ ਭੈਣ ਹੀ ਸਮਝਦਾ ਹੈ।(ਕੋਮਲ ''ਸਰੋਕਾਰ ਤੇ ਸੰਕਲਪ'' 86)

ਜਿਸ ਕਾਰਨ ਦੇਵ ਯਾਨੀ ਨੇ ਗ਼ੁੱਸੇ ਵਿਚ ਕੱਚ ਨੂੰ ਸਰਾਪ ਦਿੱਤਾ ਕਿ ਉਸ ਨੇ ਉਸ ਦਾ ਅਪਮਾਨ ਕੀਤਾ ਹੈ ਤੇ ਇਸ ਲਈ ਉਸ ਦੀ ਗ੍ਰਹਿਣ ਕੀਤੀ ਸਾਰੀ ਸਿੱਖਿਆ ਕਦੀ ਵੀ, ਉਸ ਦੇ ਕੰਮ ਨਹੀਂ ਆਵੇਗੀ। ਜਿੰਨੀ ਵੱਡੀ ਸੱਟ ਮਨੁੱਖ ਖਾਂਦਾ ਹੈ ਉਹ ਓਨਾ ਹੀ ਗਹਿਰਾ ਪ੍ਰਤਿਸ਼ੋਧ ਬਦਲੇ ਦਾ ਰੂਪ ਧਾਰਨ ਕਰ ਲੈਂਦੀ ਹੈ। ਜਿਸ ਨਾਲ ਪਰਿਵਾਰਾਂ ਦੇ ਪਰਿਵਾਰ ਇਸ ਦੀ ਚਪੇਟ ਵਿਚ ਆ ਜਾਂਦੇ ਹਨ।

ਲੇਖਕ ਦੇ ਸ਼ਬਦਾਂ ਵਿਚ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਵਿਅਕਤੀ ਤੇ ਸਾਕਾਰਾਤਮਕ ਸੋਚ ਰੱਖਣ ਨਾਲ ਹਰ ਜਗਾ ਫ਼ਤਿਹ ਹਾਸਿਲ ਕੀਤੀ ਜਾ ਸਕਦੀ ਹੈ। 'ਚੜ੍ਹਦੀ ਕਲਾ' ਨਿਬੰਧ ਵਿਚ ਲੇਖਕ ਜ਼ਿੰਦਗੀ ਵਿਚ ਸਾਕਾਰਾਤਮਕ ਸੋਚ ਦਾ ਮਹੱਤਵ ਸਮਝਾਉਂਦਾ ਹੈ।

> ਇੱਕ ਪ੍ਰਾਈਵੇਟ ਅਦਾਰੇ ਵਿਚ ਦੋ ਨੌਜਵਾਨਾਂ ਇੰਟਰਵਿਊ ਦੇਣ ਆਏ, ਪਹਿਲੇ ਨੌਜਵਾਨ ਰਾਜੀਵ ਨੇ ਪਹਿਲੇ 10 ਮਿੰਟ ਬੜੇ ਉਤਸ਼ਾਹ ਅਤੇ ਸਾਕਾਰਾਤਮਕ ਸਹਿਜੇ ਵਿਚ ਲੰਘਾਏ, ਪਰ ਜਦ ਉਸ ਤੋਂ ਅੰਤਿਮ ਸਵਾਲ ਇਹ ਸੀ ਕਿ ਮੰਨ ਲਵੋ, ਪ੍ਰਬੰਧਕ ਕੰਪਨੀ ਦੇ ਮੁਲਾਜ਼ਮਾਂ ਵਿਚ 100%

ਕਟੌਤੀ ਕਰਦੇ ਹਨ, ਤਾਂ ਤੁਹਾਡੀ ਪਹਿਲੀ ਪ੍ਰਤੀਕਿਰਿਆ ਦੀ ਹੋਵੇਗੀ? ਰਾਜੀਵ ਦਾ ਉੱਤਰ ਸੀ। ਮੈਂ ਇਨ੍ਹਾਂ ਕਟੌਤੀਆਂ ਛਾਂਟੀਆਂ ਸੰਬੰਧੀ ਅਜੇ ਨਹੀਂ ਸੋਚਦਾ। ਜਦ ਅਜਿਹੀ ਸਥਿਤੀ ਆਵੇਗੀ ਤਦ ਸੋਚ ਲਿਆ ਜਾਵੇਗਾ। ਜਦ ਇਹੀ ਸਵਾਲ ਸੰਜੀਵ ਤੋਂ ਪੁੱਛਿਆ ਗਿਆ ਤਾਂ ਉਸ ਦਾ ਸਾਕਾਰਾਤਮਕ ਉੱਤਰ ਸੀ, ਮੈਂ ਇਸ ਸੰਬੰਧੀ ਚਿੰਤਾ ਨਹੀਂ ਕਰਾਂਗਾ ਕਿਉਂਕਿ ਮੈਨੂੰ ਆਪਣੇ ਆਪ ਉੱਪਰ ਪੱਕਾ ਭਰੋਸਾ ਹੈ ਕਿ ਮੈਂ ਆਪਣੀ ਇਸ ਕੰਪਨੀ ਦੇ ਸਰਬ ਸਾਕਾਰਤਮਕ ਉੱਤਮ ਕਰਮਚਾਰੀਆਂ ਵਿਚੋਂ ਇੱਕ ਹੋਵਾਂਗਾ। ਮੈਨੂੰ ਕੱਢਣ ਦਾ ਅਵਸਰ ਹੀ ਨਹੀਂ ਆਵੇਗਾ।(ਕੋਮਲ ''ਸਰੋਕਾਰ ਤੇ ਸੰਕਲਪ'' 118)

ਉਪਰੋਕਤ ਸ਼ਬਦਾਂ ਤੋਂ ਭਾਵ ਜਿੱਤਣ ਦਾ ਸੰਕਲਪ ਦ੍ਰਿੜ੍ਹ ਇਰਾਦੇ ਤੇ ਸਾਕਾਰਾਤਮਕ ਸੋਚ ਨਾਲ ਹੀ ਪੂਰਾ ਕੀਤਾ ਜਾ ਸਕਦਾ, ਇਹ ਛੋਟੀ ਜਿਹੀ ਉਦਾਹਰਨ ਮਨੁੱਖ ਨੂੰ ਇਹੀ ਸਿੱਖਿਆ ਦਿੰਦੀ ਹੈ ਕਿ ਸਾਕਾਰਾਤਮਕ ਦ੍ਰਿਸ਼ਟੀਕੋਣ ਹਮੇਸ਼ਾ ਮਨੁੱਖ ਨੂੰ ਬੁਲੰਦੀਆਂ ਤੱਕ ਪਹੁੰਚਾਉਂਦਾ ਹੈ।

**ਸ) ਕਾਵਿਮਈ ਸ਼ੈਲੀ:-** ਲੇਖਕ ਆਪਣੇ ਨਿਬੰਧਾਂ ਵਿਚ ਪਾਠਕਾਂ ਨੂੰ ਕੀਲੀ ਰੱਖਣ ਲਈ ਕਾਵਿਮਈ ਸ਼ੈਲੀ ਦੀ ਵਰਤੋਂ ਵੀ ਕਰਦਾ ਹੈ। 'ਧਰਤੀ ਮਾਂ ਨਿਬੰਧ' ਵਿਚ ਲੇਖਕ ਧਰਤੀ ਮਾਂ ਅੱਗੇ ਪੁਕਾਰ ਕਰਦਾ ਹੈ ਕਿ ਜਿਵੇਂ-ਜਿਵੇਂ ਮਨੁੱਖ ਤਰੱਕੀ ਦੀਆਂ ਮੰਜ਼ਿਲਾਂ ਸਰ ਕਰੀ ਜਾ ਰਿਹਾ ਹੈ, ਤਿਵੇਂ-ਤਿਵੇਂ ਉਹ ਜੰਗਲ, ਦਰਿਆ ਨਾਲੇ ਸਭ ਕੁੱਝ ਵਿਹਾਜਣ ਵੱਲ ਤੁਰ ਪਿਆ ਹੈ। ਲੇਖਕ ਇਸ ਵਿਚ ਭਾਵੁਕ ਹੋਇਆ ਧਰਤੀ ਮਾਂ ਅੱਗੇ ਪੁਕਾਰ ਕਰ ਰਿਹਾ ਹੈ।

1) ਮਾਂ ਮੇਰੀਏ ਤੂੰ ਹੀ ਜਗਤ ਬਚਾ ਸਕਦੀ ਏਂ,

ਤੇਰੀ ਸਵੱਲੀ ਨਜ਼ਰ ਦੀ, ਸਾਨੂੰ ਲੋੜ ਹੈ।

ਮੇਰੇ ਧੁਰ ਅੰਦਰ ਦੀ ਇੱਛਾ ਹੈ,

ਮਾਂ ਤੂੰ ਯੁੱਗ ਵਸੇ, ਟਹਿਕੇ! ਮਹਿਕੇ!

ਤੇਰੇ ਸੰਗ ਅਸੀਂ ਵੀ ਟਹਿਕੀਏ !(ਕੋਮਲ '' ਬਚਨ ਬਿਲਾਸ'' 22)

2) ਜਦ ਇਨਸਾਨ ਹੈਵਾਨ ਬਣ ਜਾਵੇ।

ਸਦਾ ਆਪਣਾ ਚੈਨ ਗੁਆਵੇ।

ਉਸ ਨੂੰ ਆਪਣਾ ਕੋਈ ਨਾ ਭਾਵੇਂ।

ਆਪਣੇ ਅੰਦਰ ਅੱਗ ਮਘਾਵੇ।

ਆਪਾ ਆਪੇ ਆਪ ਤੜ ਪਾਵੇ।

ਬੋਲ ਸਦਾ ਕੁਬੋਲ।

ਨਾ ਜੀਵੇ ਨਾ ਜੀਵਨ ਦੇਵੇ,

ਸਦਾ ਹੀ ਭਾਂਬੜ ਆਪ ਮਚਾਵੇ। (ਕੋਮਲ ''ਸੰਕਲਪ ਤੇ ਸਮਰਪਣ ਅਤੇ ਹੋਰ ਨਿਬੰਧ")

**ਅ) ਭਾਸ਼ਾਈ ਪ੍ਰਯੋਗ:-** ਸਾਹਿਤ ਦੀ ਉਤਪਤੀ ਦਾ ਜਿਊਂਦਾ ਜਾਗਦਾ ਉਪਕਰਨ ਭਾਸ਼ਾ ਹੈ। ਜਿਸ ਰਾਹੀਂ ਲੇਖਕ ਦੀ ਕਲਮ ਵਿਚ ਟੁੰਬਣ ਸ਼ੀਲ ਮਹਿਜ਼ ਵਾਲੀ ਕਲਾ ਹੋਵੇ। ਇਹ ਕਿਹਾ ਜਾ ਸਕਦਾ ਹੈ ਕਿ ਸਾਹਿਤ ਦੀ ਕਿਸੇ ਵੀ ਰਚਨਾ ਰਚਨਾਤਮਕ ਪ੍ਰਕਿਰਿਆ ਨੂੰ ਭਾਸ਼ਾ ਦੇ ਮਾਧਿਅਮ ਰਾਹੀਂ ਜਾਣਿਆ ਜਾ ਸਕਦਾ ਹੈ। ਡਾ. ਅਮਰ ਕੋਮਲ ਦੀ ਭਾਸ਼ਾ ਸਰਲ ਹੈ, ਜਿਸ ਵਿਚ ਉਹ ਪਾਠਕ ਦੇ ਗਿਆਨ ਪੱਧਰ ਤੱਕ ਪਹੁੰਚ ਕੇ ਉਸ ਨੂੰ ਸਰਲ ਭਾਸ਼ਾ ਵਿਚ ਉਸ ਦਾ ਬੋਧ ਕਰਵਾਉਂਦੇ ਹਨ:

> ਡਾ. ਪ੍ਰਿਤਪਾਲ ਅਨੁਸਾਰ: ਭਾਸ਼ਾ ਸਾਹਿਤ ਦੀ ਨਦੀ ਵਿਚ ਵਹਿੰਦਾ ਜਲ ਹੈ। ਜਿਸ ਤਰ੍ਹਾਂ ਨਦੀ ਦੀ ਸ਼ੋਭਾ ਉਸ ਦੇ ਪਵਿੱਤਰ ਨਿਰਮਲ ਜਲ ਰਾਹੀਂ ਹੁੰਦੀ ਹੈ। ਬਿਲਕੁਲ ਉਸੀ ਪ੍ਰਕਾਰ ਸਾਹਿਤ ਦਾ ਗੌਰਵ ਉਸ ਵਿਚ ਪ੍ਰਯੁਕਤ ਭਾਸ਼ਾ ਦੀ ਨਿਰਮਲਤਾ ਦਾ ਅਧਾਰ, ਉਸ ਦਾ ਅਰਥ-ਸੁਹਜ ਵੀ ਹੈ ਤੇ ਉਸ ਦਾ ਰੂਪ ਸੁਹਜ ਵੀ ਹੈ ।(ਪ੍ਰਿਤਪਾਲ ''ਸਾਹਿਤ ਦੀ ਭੂਮਿਕਾ'' 118)

ਕਿਸੇ ਵੀ ਲੇਖਕ ਦੇ ਨਿਬੰਧਾਂ ਦਾ ਅਧਿਐਨ-ਅਧਿਆਪਨ ਕਰਨ ਦਾ ਮੌਕਾ, ਜਦ ਪਾਠਕ ਨੂੰ ਪ੍ਰਾਪਤ ਹੁੰਦਾ ਹੈ ਤਾਂ ਪਹਿਲਾਂ ਅਸੀਂ ਉਸ ਦੀ ਭਾਸ਼ਾ ਦੇ ਸ਼ਬਦ-ਚੋਣ, ਸ਼ਬਦਾਂ, ਸਮਾਸਾ ਦੀ ਭਰਮਾਰ ਦੇਖਦੇ ਹਾਂ, ਜੋ ਗੁੰਝਲਦਾਰ ਨਹੀਂ ਅਤੇ ਸਪਸ਼ਟ ਅਰਥ ਸੰਚਾਰ ਦੇ ਤੇ ਛੋਹਦੇ ਹਨ। ਇਹਨਾਂ ਨੂੰ ਅਧਿਐਨ ਅਧਿਆਪਨ ਤਜਰਬਿਆਂ ਦਾ ਦਰਪਣ ਕਿਹਾ ਜਾ ਸਕਦਾ ਹੈ। ਇੰਜ ਆਰੰਭ ਵਿਚ ਨਿਬੰਧ ਪਾਠ ਤੋਂ, ਜੋ ਭਾਵ ਉਪਜਦੇ ਹਨ, ਉਹ ਸ਼ਬਦਾਂ ਦਾ ਜਾਦੂ ਹੈ। ਜਿਸ ਨੂੰ ਡਾ. ਅਮਰ ਕੋਮਲ ਦੇ ਧੁਰ ਅੰਦਰੋਂ ਨਿਕਲੇ ਸ਼ਬਦਾਂ ਦੀ ਗੰਗਾ ਕਹਿ ਸਕਦੇ ਹਾਂ। ਕੁੱਝ ਸ਼ਬਦ ਚਮਤਕਾਰ ਦੀ ਇੱਕ ਕਲਾ ਦੇਖੋ:-

ਜੀਵਨ-ਚਾਅ, ਚਰਿੱਤਰ ਦੀ ਮਹਿਕ, ਨੇੜੇ ਰਹਿਣ ਦੀ ਚਿਤਵਨੀ, ਸਮਾਜੀਕਰਨ, ਵਿਰੋਧ-ਪਾਲਣਾ, ਸਹਿਮਤੀ ਦੇ ਅਭਾਵ, ਸੰਤੁਲਨ ਹੋਣ ਦਾ ਅਹਿਸਾਸ, ਨਜ਼ਰੀਆ, ਸਤਿ ਸੰਕਲਪ, ਸੋਚਾਂ ਵਿਚ ਹਨੇਰਾ, ਕਾਮ-ਰਸਿਕ, ਮਾਨ-ਮਤੇ ਲੋਕ, ਨਿਮਰਤਾ ਦੇ ਤੀਰ ਚਲਾਉਣੇ, ਜੇ ਚਿੰਤਾ ਉਤੇਜਿਤ ਸੁਨਾਮੀ ਬਣ ਜਾਵੇ ਆਦਿ ਸੈਂਕੜੇ ਨਵੇਂ ਸ਼ਬਦ ਸਿਰਜੇ ਹਨ। ਇਸੀ ਤਰ੍ਹਾਂ ਜਾਣੇ-ਪਹਿਚਾਣੇ, ਕਰਮਸ਼ੀਲ, ਦਿਲ-ਦਿਮਾਗ਼, ਚਿੰਤਨ-ਚੇਤਨਾ, ਵਿਵੇਕਸ਼ੀਲ-ਵਿਕਾਸ ਆਦਿ।

**ਸ਼ਬਦਾਵਲੀ:-** ਡਾ. ਅਮਰ ਕੋਮਲ ਉਰਦੂ, ਫ਼ਾਰਸੀ, ਅਰਬੀ ਸ਼ਬਦਾਂ ਦੀ ਵਰਤੋਂ ਕਰ ਕੇ, ਉਨ੍ਹਾਂ ਨੂੰ ਮੁੜ ਪੰਜਾਬੀ ਪਾਠਕਾਂ ਦੇ ਲਈ ਹਰਮਨ ਪਿਆਰਾ ਬਣਾ ਰਿਹਾ ਹੈ। ਸੈਂਕੜੇ ਸ਼ਬਦ ਲੇਖਕ ਨੇ ਅਰਬੀ ਫ਼ਾਰਸੀ ਦੇ ਮੁੜ-ਮੁੜ ਵਰਤੇ ਹਨ, ਜਿਵੇਂ ਸਲੀਕਾ, ਅਮਲ, ਬਾਅਦਬ, ਬਾ-ਮੌਕਾ, ਹੁਸਨ, ਬਨਾਮ, ਮਾਕੂਲ, ਮਾਸੂਮ, ਆਫ਼ਤਾਂਵਾਂ,

ਬਾਗ਼ੀ, ਜ਼ਫ਼ਰਨਾਮਾ, ਕਤਲ, ਇਨਸਾਨੀਅਤ, ਪਾਕੀਜ਼ਗੀ, ਮੀਆਂ-ਬੀਵੀ, ਵਹਿਸ਼ੀ, ਸਿਰਨਾਵੇਂ, ਅਲਵਿਦਾ, ਮਜ਼੍ਹਬ ਆਦਿ।

ਇਸ ਤਰ੍ਹਾਂ ਸੰਸਕ੍ਰਿਤੀ ਹਿੰਦੀ ਅਤੇ ਪੁਰਾਤਨ ਸ਼ੈਲੀ ਦੀ ਭਾਸ਼ਾ ਆਪ ਨੇ ਮੁੜ-ਮੁੜ ਵਰਤੀ ਹੈ ਜਿਵੇਂ, ਦਰਸ਼ਨ, ਅਧਿਆਤਮਕ, ਸਤਿਅਮ ਸ਼ਿਵਮ ਸੁੰਦਰਮ ਅਤੇ ਸਮਰਪਣ ਆਦਿ। ਇਨ੍ਹਾਂ ਸ਼ਬਦਾਂ ਦੀ ਵਰਤੋਂ ਨਾਲ ਡਾ. ਅਮਰ ਕੋਮਲ ਦੀ ਸ਼ੈਲੀ ਉਸ ਦੇ ਨਿਬੰਧ ਪੜ੍ਹਨ ਉਪਰੰਤ ਪਤਾ ਲੱਗ ਜਾਂਦਾ ਹੈ। ਡਾ. ਅਮਰ ਕੋਮਲ ਦੀ ਸ਼ੈਲੀ ਹੀ, ਉਸ ਦੇ ਸ਼ਬਦ ਸ਼ਕਤੀ ਹੈ।ਉਸ ਦੇ ਵਾਕ ਸ਼ਕਤੀ ਦੀ ਸੁੰਦਰਤਾ ਹੈ।

ਲੇਖਕ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਵੀ ਕਰਦਾ ਹੈ ਜਿਵੇਂ Dictorial, Power, Liberalism, Patriotism, Socilism, Utilitarianism, Supernatural, Customs, Traditions, Evil, Devil, Infinite, Propriety, Will Power, Knowledge, Attachment, Sensibility, Depression, Biology, Genetic, Environment, Perception, Intlegration, Expression, Evolution, ਆਦਿ।

ਡਾ. ਅਮਲ ਕੋਮਲ ਦੀ ਰਚਨਾ ਵਿਚ ਕਾਵਿਕਤਾ ਦੇ ਨਾਲ-ਨਾਲ ਬੌਧਿਕਤਾ, ਕਾਲਪਨਿਕਤਾ ਅਤੇ ਦਾਰਸ਼ਨਿਕ ਤੱਤਾਂ ਦਾ ਸੁਮੇਲ ਵੀ ਹੈ। ਲੇਖਕ ਦੇ ਨਿਬੰਧਾਂ ਵਿਚ ਵਰਤੀ ਭਾਸ਼ਾ ਸਰਲ, ਰੋਚਕ ਤੇ ਸਪਸ਼ਟ ਹੈ, ਜੋ ਪਾਠਕਾਂ ਨੂੰ ਆਕਰਸ਼ਕ ਕਰਦੀ ਹੈ।

ਲੇਖਕ ਆਪਣੀਆਂ ਰਚਨਾਵਾਂ ਵਿਚ ਸਮਾਸੀ ਸ਼ਬਦਾਂ ਦੀ ਵਰਤੋਂ ਕਰਦਾ ਹੈ, ਜਿਵੇਂ ਜੋਬਨ-ਰੁੱਤ, ਅੰਦਰ-ਬਾਹਰ, ਪਰਿਵਾਰਕ-ਜੀਵਨ, ਆਤਮ-ਨਿਰਭਰਤਾ, ਪ੍ਰਭੂ-ਸ਼ਕਤੀ, ਅਲੌਕਿਕ-ਮੁਕਤੀ, ਹੁਸੀਨ-ਸੁਪਨੇ, ਪਸ਼ੂ-ਸੰਸਾਰ, ਲੋਕ-ਸੇਵਕ, ਐਸ਼-ਆਰਾਮ, ਕੀੜੇ-ਮਕੌੜੇ, ਘਰ-ਪਰਿਵਾਰ, ਸਹਿਜ-ਬਿਰਤੀ, ਭਾਵ-ਤਰੰਗਾਂ, ਮਾਨਵੀ-ਗੁਣ, ਦੁੱਖ-ਸੁੱਖ, ਮਾਨ-ਅਪਮਾਨ, ਭਾਵੁਕ-ਭੁਲੇਖੇ, ਸਮਝ-ਸੂਝ, ਧਰਮ-ਪਾਲਕ, ਸਹਾਨ-ਭੂਤੀ, ਤਨ-ਮਨ ਆਦਿ।

**ਵਾਕ ਸਿਰਜਣਾ:-** ਵਾਕ ਸਿਰਜਣਾ ਵਿਚ ਲੇਖਕ ਆਪਣੇ ਨਿਬੰਧਾਂ ਵਿਚ ਪਾਠਕਾਂ ਦੀ ਉਤਸੁਕਤਾ ਤੇ ਬੁੱਧੀ ਨੂੰ ਪ੍ਰਚੰਡ ਕਰਨ ਲਈ ਸਵਾਲ ਵੀ ਖੜੇ ਕਰਦਾ ਹੈ। ਜਿਵੇਂ

ਕੀ ਅਸੀਂ ਆਪਣੇ ਪਰਿਵਾਰ ਪ੍ਰਤੀ ਪੂਰੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹਾਂ?

ਸਮਾਜ ਵਿਚ ਦੇਸ਼ ਕੌਮ ਪ੍ਰਤੀ ਵਫ਼ਾਦਾਰ ਹਾਂ?

ਧਰਮ-ਪਾਲਕ ਹਾਂ, ਕੀ ਅਸੀਂ ਕਦੇ ਕੱਟੜ ਭਾਵਾਂ ਅਧੀਨ ਨਫ਼ਰਤ ਦਾ ਪ੍ਰਚਾਰ ਤਾਂ ਨਹੀਂ ਕਰ ਰਹੇ?

ਕੀ ਤੁਹਾਡਾ ਧਰਮ ਦੂਜੇ ਧਰਮ ਪ੍ਰਤੀ ਸਨੇਹ ਮਿਲਵਰਤਨ ਅਤੇ ਵਿਸ਼ਵਾਸ ਦੀ ਭਾਵਨਾ ਸੰਚਾਰਦਾ ਹੈ?

ਕੀ ਆਪਣੇ ਕੰਮ ਪ੍ਰਤੀ ਸੁਚੇਤ ਹੈ?'

ਭਾਵ ਹਰ ਮਨੁੱਖ ਜਦ ਖ਼ੁਦ ਤੋਂ ਸਵਾਲਾਂ ਦੇ ਉੱਤਰ ਮੰਗਦਾ ਹੈ ਤਾਂ ਉਨ੍ਹਾਂ ਕੋਮਲਾਂ ਤੋਂ ਮਿਲੇ ਉੱਤਰਾਂ ਦੇ ਜਵਾਬ ਮਨੁੱਖ ਨੂੰ ਆਪਣੇ ਪ੍ਰਤੀ ਵਫ਼ਾਦਾਰੀ ਦਾ ਸਬੂਤ ਦੇਣਗੇ। ਅਸੀਂ ਆਪਣੀ ਅਸਲੀਅਤ ਤੇ ਖ਼ੁਦ ਹੀ ਪਰਦੇ ਪਾ ਕੇ ਖ਼ੁਦ ਨੂੰ ਭਰਮਾ ਰਹੇ ਹੁੰਦੇ ਹਾਂ।

ਲੇਖਕ ਯਾਦਾਂ ਨਿਬੰਧ ਵਿਚ ਅਖਾਣਾਂ ਦੇ ਜਰੀਏ ਸਮਝਾਉਂਦਾ ਹੈ, ਅਜਿਹੀ ਕੌੜੀ ਯਾਦ ਨੂੰ ਸਾਂਭ ਕੇ ਕਿਉਂ ਰੱਖਣਾ, ਜਿਹੜੀ ਮਨੁੱਖੀ ਮਨ ਨੂੰ ਹੰਕਾਰ ਤੇ ਦੁਸ਼ਮਣੀ ਵੱਲ ਪ੍ਰੇਰਿਤ ਕਰਦੀ ਹੈ। ਯਾਦਾਂ ਉਹੀ ਚੰਗੀਆਂ ਜਿਹੜੀਆਂ ਮਨੁੱਖ ਦੀ ਰੂਹ ਨੂੰ ਸਕੂਨ ਦੇਣ:

'ਭੱਠ ਪਏ ਉਹ ਸੋਨਾ, ਜੋ ਕੰਨਾ ਨੂੰ ਖਾਵੇ' (ਕੋਮਲ ''ਪੰਚਵਟੀ ਦੇ ਅੰਦਰ ਬਾਹਰ''94)

ਲੇਖਕ ਕਹਾਵਤਾਂ ਰਾਹੀਂ ਨਿਬੰਧਾਂ ਵਿਚ ਗਹਿਰੀਆਂ ਰਮਜ਼ਾਂ ਸਮਝਾਉਂਦਾ ਹੋਇਆ ਆਖਦਾ ਹੈ ਕਿ ਜਿਵੇਂ ਆਖਿਆ ਜਾਂਦਾ ਹੈ

ਕੋਈ ਮਰੇ, ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ। (ਕੋਮਲ ''ਬਚਨ ਬਿਲਾਸ''117)

**ਸੰਜਮਤਾ:-** ਸੰਜਮਤਾ ਨਿਬੰਧਾਂ ਦੇ ਲੱਛਣਾਂ ਵਿਚੋਂ ਇੱਕ ਹੈ।ਨਿਬੰਧ ਆਕਾਰ ਵਜੋਂ ਛੋਟਾ ਹੁੰਦਾ ਹੈ ਤੇ ਵਿਸ਼ਾਲ ਅਰਥਾਂ ਦਾ ਧਾਰਨੀ ਹੁੰਦਾ ਹੈ। ਲੇਖਕ ਵੱਲੋਂ ਲਿਖੇ ਸਾਰੇ ਨਿਬੰਧ ਸੰਜਮਤਾ ਤੇ ਸੰਖੇਪਤਾ ਦੇ ਧਾਰਨੀ ਹਨ। ਬੇਲੋੜਾ ਵਿਸਥਾਰ ਲੇਖਕ ਦੇ ਨਿਬੰਧਾਂ ਵਿਚ ਪੇਸ਼ ਨਹੀਂ ਹੈ। ਲੇਖਕ ਦੇ ਨਿਬੰਧ ਕਿਤੇ ਵੀ ਆਪਣੇ ਮਿਥੇ ਉਦੇਸ਼ ਤੋਂ ਥਿੜਕਦੇ ਦਿਖਾਈ ਨਹੀਂ ਦਿੰਦੇ। ਲੇਖਕ ਵੱਲੋਂ ਰਚਿਤ ਹਰ ਨਿਬੰਧ ਤੇ ਨਿਬੰਧ ਦਾ ਹਰ ਪੈਰਾ ਇੱਕ ਮਿੰਨੀ ਨਿਬੰਧ ਦਾ ਸੰਕੇਤ ਦਿੰਦਾ ਹੈ।

**ਸਪਸ਼ਟਤਾ:-** ਲੇਖਕ ਦੇ ਨਿਬੰਧਾਂ ਦਾ ਵਿਸ਼ੇਸ਼ ਗੁਣ ਸਪਸ਼ਟਤਾ ਹੈ। ਲੇਖਕ ਮਨ ਵਿਚ ਆਏ ਭਾਵਾਂ ਤੇ ਵਿਚਾਰਾਂ ਨੂੰ ਇਕੱਠੇ ਕਰ ਕੇ, ਉਨ੍ਹਾਂ ਦਾ ਆਪਸ ਵਿਚ ਤਾਲਮੇਲ ਸਥਾਪਿਤ ਕਰ ਕੇ, ਉਨ੍ਹਾਂ ਨੂੰ ਢੁਕਵੀਂ ਤਰਤੀਬ ਦਿੰਦਾ ਹੈ। ਲੇਖਕ ਦੀ ਭਾਸ਼ਾ ਟਕਸਾਲੀ ਹੈ। ਜਿਹੜੀ ਸਧਾਰਨ ਮਨੁੱਖ ਨੂੰ ਆਸਾਨੀ ਨਾਲ ਸਮਝ ਆਉਂਦੀ ਹੈ। ਲੇਖਕ ਜਿੱਥੇ ਸਰਲ ਤੇ ਸਾਦੀ ਭਾਸ਼ਾ ਵਰਤਦਾ ਹੈ, ਉੱਥੇ ਢੁਕਵੀਂ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ। ਢੁਕਵੇਂ ਸ਼ਬਦਾਂ ਦੀ ਢੁਕਵੀਂ ਵਰਤੋਂ ਵਿਚ ਲੇਖਕ ਮਾਹਿਰ ਹੈ, ਜੋ ਪਾਠਕਾਂ ਨੂੰ ਕੀਲੇ ਰੱਖਣ ਦਾ ਵਲ ਜਾਣਦਾ ਹੈ। ਲੇਖਕ ਦਾ ਇਹ ਗੁਣ ਉਸ ਦੇ ਨਿਬੰਧਾਂ ਦੀ ਵੱਖਰਤਾ ਨੂੰ ਦਰਸਾਉਂਦਾ ਹੈ।

**ੲ) ਕਲਾ-ਜੁਗਤਾਂ:-** ਨਿਬੰਧ ਸਿਰਜਣ ਵਿਚ ਕਲਾ, ਭਾਸ਼ਾ ਰਾਹੀਂ ਲੇਖਕ ਦੀ ਅੰਤਰੀਵ ਭਾਵਨਾਵਾਂ ਦੀ ਦ੍ਰਿਸ਼ਟੀ ਤੋਂ ਪਾਠਕਾਂ ਨੂੰ ਜਾਣੂ ਹੀ ਨਹੀਂ ਕਰਵਾਉਂਦੀ, ਬਲਕਿ ਲੇਖਕ ਦੀ ਕਲਾਤਮਕ ਸੂਝ-ਬੂਝ ਦਾ ਵੀ ਗਿਆਨ ਕਰਵਾਉਂਦੀ ਹੈ।ਕ ਲਾ ਨਿਬੰਧਕਾਰ ਦੀ ਨਿਬੰਧ-ਸੰਰਚਨਾ ਅਤੇ ਚੇਤਨਾ-ਮੁਖੀ ਕਲਾ ਤੋਂ ਵੀ ਜਾਣੂ ਕਰਵਾਉਂਦੀ ਹੈ

ਕਿ ਉਹ ਕਲਾ ਨੂੰ ਕਲਾ ਜਾਂ ਜ਼ਿੰਦਗੀ ਦੇ ਵਿਕਾਸ ਲਈ ਵਰਤਣਾ ਚਾਹੁੰਦਾ ਹੈ। ਡਾ. ਅਮਰ ਕੋਮਲ ਨੇ ਨਿਬੰਧ ਨੂੰ ਕਲਾ, ਗਿਆਨ- ਵਿਗਿਆਨ ਅਤੇ ਮਾਨਵ ਹੇਤੂ ਤੇ ਨਵੀਂ ਸੋਚ ਦੇ ਪ੍ਰਸਾਰ ਲਈ ਦਾ ਸਾਧਨ ਬਣਾਇਆ ਹੈ, ਜਿਸ ਲਈ ਉਸ ਨੇ ਆਤਮ- ਅਨਾਤਮ ਜਗਤ ਲਈ, ਉਨ੍ਹਾਂ ਵਿਚਾਰਾਂ ਦਾ ਪ੍ਰਚਾਰ ਤੇ ਪਸਾਰ ਕੀਤਾ ਹੈ, ਜੋ ਮਾਨਵ ਸਮਾਜ ਅਤੇ ਸੰਸਾਰ ਦੀ ਉੱਨਤੀ ਦਾ ਸਬੂਤ ਦਿੰਦੇ ਹਨ। ਉਸ ਦੇ ਨਿਬੰਧਾਂ ਨੂੰ ਸਾਹਿਤ ਦਾ ਦੀਰਘ ਅਧਿਐਨ ਕਿਹਾ ਜਾ ਸਕਦਾ ਹੈ। ਡਾ. ਅਮਰ ਕੋਮਲ ਦੇ ਨਿਬੰਧਾਂ ਦੀ ਉਸਾਰੀ, ਸਿਰਲੇਖ ਦੇ ਅਰਥਾਂ, ਵਿਆਖਿਆ ਤੱਕ ਹੀ ਸੀਮਤ ਨਹੀਂ, ਬਲਕਿ ਉਸ ਦੇ ਇਤਿਹਾਸਕ, ਮਿਥਿਹਾਸਕ, ਸਮਾਜਿਕ ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਵੀ ਹੈ।

ਨਿਬੰਧ ਨੂੰ ਨੀਰਸਤਾ ਤੋਂ ਬਚਾਉਣ ਲਈ ਲੇਖਕ ਨਿਬੰਧਾਂ ਵਿਚ ਅਨੇਕਾਂ ਪ੍ਰਕਾਰ ਦੀਆਂ ਜੁਗਤਾਂ ਵਰਤਦਾ ਹੈ।ਡਾ. ਅਮਰ ਕੋਮਲ ਨੇ ਆਪਣੇ ਨਿਬੰਧਾਂ ਵਿਚ ਮੁਹਾਵਰੇ, ਕਹਾਵਤਾਂ, ਅਖਾਣ, ਗੁਰਬਾਣੀ ਦੀਆਂ ਟੂਕਾਂ, ਉਰਦੂ ਦੇ ਸ਼ੇਅਰ, ਇਤਿਹਾਸਕ ਹਵਾਲੇ, ਮਹਾਨ ਵਿਦਵਾਨਾਂ ਦੀਆਂ ਸਾਕਾਰਾਤਮਕ ਦ੍ਰਿਸ਼ਟੀਕੋਣ ਪੇਸ਼ ਕਰਨ ਵਾਲੀਆਂ ਉਦਾਹਰਨਾਂ ਆਦਿ ਕਾਵਿਮਈ ਜੁਗਤਾਂ ਦੀ ਵਰਤੋਂ ਕਰਦਾ ਹੈ।

ਲੇਖਕ 'ਝੂਠ' ਨਿਬੰਧ ਵਿਚ ਕਹਾਵਤਾਂ ਰਾਹੀਂ ਅਨੁਭਵ ਪੇਸ਼ ਕਰਦਾ ਹੈ ਕਿ ਲੋਕ ਆਪਣੇ ਹਿਤ, ਲਾਲਚ ਅਤੇ ਮਰਜ਼ੀ ਲਈ, ਝੂਠ ਦਾ ਸਹਾਰਾ ਲੈਂਦੇ ਹਨ। ਅਜੋਕੇ ਸਮੇਂ ਵਿਚ ਸੱਚ ਖੰਭ ਲਾ ਕੇ ਕਿਤੇ ਉੱਡ ਗਿਆ ਹੈ ਅਤੇ ਝੂਠ ਬੋਲਣ ਵਾਲਿਆਂ ਨੂੰ ਕਿਸੇ ਦੇ ਨਾਲ ਕੋਈ ਰਾਹ ਰਾਬਤਾ ਨਹੀਂ ਹੁੰਦਾ:

> 'ਦੁਨੀਆ ਲੁੱਟੋ ਮੱਕਰ ਸੇ, ਰੋਟੀ ਖਾਓ ਸ਼ੱਕਰ ਸੇ' (ਕੋਮਲ ''ਬਚਨ ਬਿਲਾਸ" 117)
>
> ਹਾਥੀ ਦੇ ਦੰਦ ਖਾਣ ਦੇ ਹੋਰ, ਦਿਖਾਉਣ ਦੇ ਹੋਰ। (ਕੋਮਲ ''ਬਚਨ ਬਿਲਾਸ'' 117)

ਜ਼ਿੰਦਗੀ ਰੂਪੀ ਫੁੱਲਾਂ ਦੀ ਫੁਲਵਾੜੀ ਵਿਚ ਹਮੇਸ਼ਾ, ਸਚਾਈ ਦੇ ਲੱਗੇ ਫੁਲ ਹੀ ਟਹਿਕਦੇ ਹਨ ਤੇ ਜਿਨ੍ਹਾਂ ਦੇ ਪੱਲੇ ਸਿਰਫ਼ ਝੂਠ ਹੈ, ਉਹ ਸੁੱਕੇ ਪੱਤੇ ਹਨ, ਜਿਨ੍ਹਾਂ ਨੂੰ ਮੰਦਭਾਗੇ ਕਿਹਾ ਜਾ ਸਕਦਾ ਹੈ। ਦ੍ਰਿੜ੍ਹ ਇਰਾਦੇ ਨਾਲ ਇਸ ਮਾੜੀ ਆਦਤ ਤੇ ਕਾਬੂ ਪਾਇਆ ਜਾ ਸਕਦਾ ਹੈ ਤੇ ਸ਼ਰਮਸਾਰ ਹੋਣੋਂ ਬਚਿਆ ਜਾ ਸਕਦਾ ਹੈ, ਪ੍ਰੰਤੂ ਜਦੋਂ ਮਨੁੱਖ ਦਾ ਮਨ ਹਰਾਮੀ ਹੋ ਜਾਵੇ। ਭਾਵ ਲਾਲਚ, ਮੋਹ, ਚੋਰੀ ਮਕਾਰੀਆਂ ਵੱਲ ਲੱਗ ਕੇ ਖ਼ੁਦ ਅਜਿਹੀਆਂ ਉਲਾਰੂ ਇੱਛਾਵਾਂ ਦੀ ਪੂਰਤੀ ਕਰਨ ਲੱਗ ਪਵੇ ਤਾਂ ਕਿਹਾ ਜਾਂਦਾ ਹੈ:

> 'ਮਨ ਹਰਾਮੀ ਹੁੱਜਤਾਂ ਢੇਰ'। (ਕੋਮਲ ''ਬਚਨ ਬਿਲਾਸ''129)

ਕਈ ਵਾਰੀ ਮਨੁੱਖ ਖ਼ੁਦ ਕਿਸੀ ਕੰਮ ਨੂੰ, ਜਦ ਢੰਗ ਨਾਲ ਨਹੀਂ ਕਰ ਪਾਉਂਦਾ ਤਾਂ ਦੋਸ਼ ਹਮੇਸ਼ਾ ਦੂਸਰਿਆਂ 'ਚ ਕੱਢ ਕੇ ਸ਼ਿਕਾਇਤ ਰਾਹੀਂ ਦੱਸਦਾ ਹੈ:

> ਨੱਚਣਾ ਨਾ ਆਵੇ, ਵਿਹੜਾ ਟੇਢਾ।
>
> ਜਾਂ
>
> ਉੱਠਿਆ ਨਾ ਜਾਵੇ ਆਪ ਤੋਂ, ਫਿੱਟੇ ਮੂੰਹ ਗੱਡਿਆ ਦੇ। (ਕੋਮਲ ''ਪੰਚਵਟੀ ਦੇ ਅੰਦਰ ਬਾਹਰ''134)

ਉਪਰੋਕਤ ਸ਼ਬਦਾਂ ਤੋਂ ਭਾਵ ਬਹਾਨਾ ਬਣਾ ਕੇ, ਦੂਜਿਆਂ ਪ੍ਰਤੀ ਸ਼ਿਕਾਇਤ ਕਰਨ ਤੋਂ ਗੁਰੇਜ਼ ਕਰ ਕੇ, ਸਮੱਸਿਆ ਦੇ ਸਾਰਥਕ ਹੱਲ ਲੱਭਣੇ ਹੀ ਅਕਲਮੰਦੀ ਹੈ।

ਭ੍ਰਿਸ਼ਟਾਚਾਰ ਦਾ ਕੋਈ ਖੇਤਰ, ਕੋਈ ਸੀਮਾ ਨਹੀਂ। ਲੇਖਕ 'ਭ੍ਰਿਸ਼ਟਾਚਾਰ' ਨਿਬੰਧ ਵਿਚ ਦੱਸਦਾ ਹੈ ਕਿ ਹਰ ਪਾਸੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਇਸ ਅਜੋਕੇ ਸਮਾਜ ਵਿਚ ਕਿਸੇ ਨੂੰ ਕਿਸੇ ਨਾਲ ਕੋਈ ਲੈਣਾ ਦੇਣਾ

ਨਹੀਂ, ਸਿਰਫ਼ ਸੁਆਰਥ ਦਾ ਬੋਲਬਾਲਾ ਹੈ, ਪਰ ਇਹਨਾਂ ਭ੍ਰਿਸ਼ਟ ਲੋਕਾਂ ਨੂੰ ਨੱਥ ਪਾਵੇ ਕਿਹੜਾ। ਇਸ ਨੂੰ ਕਿਵੇਂ ਦੂਰ ਕੀਤਾ ਜਾਵੇ:

ਉਹ ਕਿਹੜੀ ਗਲੀ ਜਿੱਥੇ ਭਾਬੋ ਨਹੀਂ ਖੱਲੀ।

ਕੌਣ ਕਹੇ ਰਾਣੀਏ ਅੱਗਾ ਢੱਕ ।(ਕੋਮਲ ''ਪੰਚਵਟੀ ਦੇ ਅੰਦਰ ਬਾਹਰ''142)

ਭ੍ਰਿਸ਼ਟਾਚਾਰ ਵਧਿਆ, ਮਹਿੰਗਾਈ ਵਧੀ, ਮਹਿੰਗਾਈ ਵਧੀ ਤੇ ਗ਼ਰੀਬ ਹੋਰ ਗ਼ਰੀਬ ਤੇ ਅਮੀਰ ਹੋਰ ਅਮੀਰ ਹੁੰਦਾ ਜਾ ਰਿਹਾ ਹੈ, ਲੋੜ ਇਸ ਗੱਲ ਦੀ ਹੈ ਕਿ ਚਾਰੇ ਪਾਸੇ ਗਿਆਨ ਦਾ ਚਾਨਣ ਫੈਲੇ। ਜਿਸ ਨਾਲ ਇਸ ਨੂੰ ਕਿਸੇ ਹਨ੍ਹੇਰੀ ਕੋਠੜੀ ਵਿਚ ਬੰਦ ਕੀਤਾ ਜਾ ਸਕੇ।

ਜਿੱਥੇ-ਜਿੱਥੇ ਮਨੁੱਖ ਨੇ ਧਰਤੀ ਤੇ ਪੈਰ ਧਰੇ, ਉੱਥੇ ਉਸ ਨੇ ਖ਼ੁਦ ਹੀ ਹੱਦਬੰਦੀਆਂ ਦੀ ਮੋਹਰ ਲਗਾ ਦਿੱਤੀ। ਜਦੋਂ ਕੁਦਰਤ ਅਸਮਾਨ ਉੱਪਰ ਕੋਈ ਪੂਰਬ, ਪੱਛਮ, ਊਚ-ਨੀਚ, ਸਰਹੱਦਾਂ ਦੇ ਵਿਚ ਕੋਈ ਅੰਤਰ ਨਹੀਂ ਤਾਂ ਮਨੁੱਖ ਕਿਉਂ ਹੱਦਬੰਦੀਆਂ ਨਾਲ ਆਪਣੇ ਦੇਸ਼ ਪਿਆਰ ਨੂੰ ਸੀਮਤ ਕਰ ਰਿਹਾ ਹੈ, ਆਪਣੇ ਆਪ ਨੂੰ ਵਿਸ਼ਵ ਦਾ ਰੂਪ ਮੰਨ ਕੇ ਜਿਊਣਾ ਚਾਹੀਦਾ ਹੈ। ਇਹ ਹੱਦਬੰਦੀਆਂ ਸਿਰਫ਼ ਦੇਸ਼ਾਂ ਨੂੰ ਹੀ ਨਹੀਂ ਸਮਾਜ, ਧਰਮ, ਮਨੁੱਖੀ ਜ਼ਿੰਦਗੀਆਂ ਉੱਤੇ ਵੀ ਕਬਜ਼ਾ ਕਰਨ ਨੂੰ ਤਿਆਰ ਬੈਠੀਆਂ ਹਨ। ਲੇਖਕ ਇਹੋ ਦੁਆ ਕਰਦਾ ਹੈ ਕਿ ਇਹਨਾਂ ਹੱਦਬੰਦੀਆਂ ਦੀ ਕੈਦ ਤੋਂ ਮਨੁੱਖ ਹਮੇਸ਼ਾ ਲਈ ਮੁਕਤ ਹੋ ਜਾਵੇ:

ਮਾਨਵ ਤਾਂ ਚਾਹੁੰਦਾ ਹੈ, ਹੱਦਬੰਦੀਆਂ ਖ਼ਤਮ ਹੋਵਣ,

ਪਾਬੰਦੀਆਂ ਦੇ ਹਨੇਰੇ ਖ਼ਤਮ ਹੋਣ।

ਏਕਤਾ, ਸਾਤਵਿਕਤਾ ਦਾ ਸਹਿਯੋਗ ਮਹਿਕਣ ਲੱਗੇ,

ਮੁਹੱਬਤ, ਹੁਸਨ ਜ਼ਿੰਦਗੀ ਦੀ ਪੀਂਘ ਦੇ ਹੁਲਾਰੇ ਲਵੇ।

ਜ਼ਿੰਦਗੀ ਦਾ ਸੰਗੀਤ ਗੂੰਜੇ ਬਾਲ ਮੁਸਕਾਨਾਂ ਨਾਲ,

ਧਰਤੀ ਮਾਂ ਦਾ ਚਿਹਰਾ ਰੁਸ਼ਨਾਵੇ'। (ਕੋਮਲ ''ਪੰਚਵਟੀ ਦੇ ਅੰਦਰ ਬਾਹਰ'' 123)

ਲੇਖਕ 'ਆਤਮ ਗਿਆਨ' ਨਿਬੰਧ ਵਿਚ ਆਤਮ-ਗਿਆਨ ਸੰਬੰਧੀ ਬੁੱਲ੍ਹੇ ਸ਼ਾਹੀ ਦੀ ਕਾਫ਼ੀ ਦੇ ਬੰਦ ਪੇਸ਼ ਕਰਦਾ ਹੈ।

3) ਬੁੱਲ੍ਹਾ ਕੀ ਜਾਣਾਂ ਮੈਂ ਕੌਣ?

ਨਾ ਮੈਂ ਮੋਮਨ ਵਿਚ ਮਸੀਤਾਂ, ਨਾ ਮੈਂ ਵਿਚ ਕੁਫ਼ਰ ਦੀਆਂ ਰੀਤਾਂ,

ਨਾ ਮੈਂ ਪਾਕਾ ਵਿਚ ਪਲੀਤਾ, ਨਾ ਮੈਂ ਮੂਸਾ ਨਾ ਫ਼ਿਰਔਨ,

ਬੁੱਲ੍ਹਾਂ ਕੀ ਜਾਣਾ ਮੈਂ ਕੋਣ ?(ਕੋਮਲ ''ਚੇਤਨਾ ਦੇ ਆਰ-ਪਾਰ ਤੇ ਹੋਰ ਨਿਬੰਧ'' 127)

ਲੇਖਕ ਇਸ ਕਾਫ਼ੀ ਦਾ ਹਵਾਲਾ ਦੇ ਕੇ ਇਹੀ ਸਮਝਾਉਣ ਦਾ ਯਤਨ ਕਰਦਾ ਹੈ ਕਿ ਆਤਮ-ਗਿਆਨ ਰਾਹੀ 'ਮੈਂ' ਨੂੰ ਸਮਝਣ ਲਈ ਸਭ ਤੋਂ ਪਹਿਲਾਂ ਨਿਯਮ ਆਪਣੀਆਂ ਇੱਛਾਵਾਂ ਉੱਪਰ ਕਾਬੂ ਪਾਉਣਾ ਹੁੰਦਾ ਹੈ। ਲੋੜ ਮਨੁੱਖ ਨੂੰ ਘਰ ਦੀ ਹੁੰਦੀ ਹੈ ਤੇ ਮਨ ਵਿਚ ਇੱਛਾ ਕੋਠੀ ਦੀ ਰੱਖੀ ਹੁੰਦੀ ਹੈ:

> ਤਨ ਦੀ ਸ਼ੁੱਧੀ, ਮਨ ਦੀ ਸ਼ੁੱਧੀ ਹੈ। ਮਨ ਦੀ ਸ਼ੁੱਧੀ ਆਤਮ ਕਲਿਆਣ ਦੀ ਕੁੰਜੀ ਹੈ ਤੇ ਆਤਮ ਗਿਆਨ ਇੱਕ ਕਲਾ ਹੈ, ਜੋ ਚੇਤਨਾ ਦੁਆਰਾ ਸਿੱਖੀ ਜਾ ਸਕਦੀ ਹੈ। (ਕੋਮਲ ''ਚੇਤਨਾ ਦੇ ਆਰ ਪਾਰ'' 128)

ਸ਼ੁੱਭ ਕਰਮ ਮਨੁੱਖ ਨੂੰ ਹਮੇਸ਼ਾ ਚੜ੍ਹਦੀ ਗੱਲ ਵੱਲ ਪ੍ਰੇਰਨ ਦੇ ਅਭਿਲਾਸ਼ੀ ਹਨ ਤੇ ਮਨੁੱਖ ਦਾ ਮਨ ਉਸ ਵਿਚ ਉੱਘੜਦੇ ਵਿਚਾਰ, ਉਸ ਦੀ ਉਤਪਤੀ ਦੇ ਵਿਕਾਸ ਦਾ ਧੁਰਾ ਹਨ। ਲੇਖਕ 'ਸ਼ੁੱਭ ਕਰਮ ਕਰੋ' ਨਿਬੰਧ ਵਿਚ ਬਾਈਬਲ, ਚਾਣਕੀਆ ਦੇ ਕਥਨਾਂ ਦਾ ਹਵਾਲਾ ਦੇ ਕੇ, ਇਹ ਸਮਝਾਉਣ ਦਾ ਯਤਨ ਕਰਦਾ ਹੈ ਕਿ ਮਨੁੱਖੀ ਮਨ ਅੰਦਰ ਅਨੁਸ਼ਾਸਨ ਦਾ ਹੋਣਾ ਲਾਜ਼ਮੀ ਹੈ ਤੇ ਅਟੱਲ ਵਿਸ਼ਵਾਸ ਤੇ ਸ਼ੁੱਭ ਕਰਮ ਮਨੁੱਖ ਦੇ ਵਿਚਾਰਾਂ ਨੂੰ ਉੱਚਾ ਕਰਦੇ ਹਨ।'ਬਾਈਬਲ ਦੇ ਸ਼ਬਦਾਂ ਦੇ ਅਨੁਸਾਰ:

> ਹਜ਼ਾਰਾਂ ਗੁਣਾਂ ਦਾ ਸੰਗ੍ਰਹਿ ਕਰ ਲੈਣਾ ਅਸਾਨ ਹੈ, ਪਰ ਇੱਕ ਦੋਸ਼ ਦਰੁਸਤ ਕਰ ਲੈਣਾ ਮੁਸ਼ਕਲ ਹੈ। (ਕੋਮਲ ''ਸਰੋਕਾਰ ਤੇ ਸੰਕਲਪ''107)

ਇਹ ਇੱਕ ਔਖਾ ਕਾਰਜ ਜ਼ਰੂਰ ਹੈ, ਪਰ ਨਾਮੁਮਕਨ ਨਹੀਂ। ਚਾਣਕੀਆ ਦਾ ਕਥਨ ਹੈ।

> ਇੱਕ ਗੁਣ ਸਾਰੇ ਦੋਸ਼ਾਂ ਨੂੰ ਢੱਕ ਦਿੰਦਾ ਹੈ। (ਕੋਮਲ ''ਸਰੋਕਾਰ ਤੇ ਸੰਕਲਪ''107)

ਮਨੁੱਖ ਅੰਦਰ ਵਿਗਸਦੇ ਚੰਗੇ ਵਿਚਾਰ, ਉਸ ਦੇ ਦੋਸ਼ਾਂ ਢੱਕ ਦਿੰਦੇ ਹਨ ਤੇ ਲੋੜ ਹੈ ਚੰਗੇ ਗੁਣਾਂ ਦਾ ਧਾਰਨੀ ਬਣ ਕੇ ਆਪਣੇ ਦੋਸ਼ਾਂ ਨੂੰ ਖ਼ਤਮ ਕਰਨ ਦੀ।

ਲੇਖਕ ਗੁਰਬਾਣੀ ਦੇ ਹਵਾਲੇ ਨਾਲ 'ਨਾਰੀ' ਨਿਬੰਧ ਵਿਚ ਨਾਰੀ ਦੀ ਮਹੱਤਤਾ ਦੱਸਦਾ ਹੈ:

> 'ਏਕ ਜੋਤ ਦੁਇ ਮੂਰਤੀ' ਸੁਖੀ ਪਰਿਵਾਰ ਦੀ ਨੀਂਹ ਪਤੀ-ਪਤਨੀ ਦੇ ਆਪਸੀ ਮਿਲਵਰਤਨ ਤੇ ਪਿਆਰ ਨਾਲ ਹੀ ਰੱਖੀ ਜਾ ਸਕਦੀ ਹੈ ਤੇ ਉਹ ਦੋਨੋਂ ਦੋ ਸਰੀਰ ਹੁੰਦੇ ਹੋਏ ਵੀ, ਇੱਕ ਹੋਣ ਤੇ ਹਰ ਦੁੱਖ ਸੁੱਖ ਮਿਲ ਕੇ ਗੁਜ਼ਾਰਨ। 'ਨਾਰੀ ਪੁਰਖ ਪਿਆਰ ਪ੍ਰੇਮਿ ਸੀਗਾਰਿਆ'। (ਕੋਮਲ ''ਬਚਨ ਬਿਲਾਸ''27)

ਲੇਖਕ ਅਨੁਸਾਰ ਹਰ ਕੌਮ ਹਰ ਸਮਾਜ ਵਿਚ ਖ਼ੁਦਕੁਸ਼ੀ ਦੀ ਰਵਾਇਤ ਹੈ। ਧਾਰਮਿਕ ਗ੍ਰੰਥਾਂ ਨੇ ਹਮੇਸ਼ਾ ਮਨੁੱਖ ਨੂੰ ਉੱਚੀਆਂ ਕਦਰਾਂ-ਕੀਮਤਾਂ ਨਾਲ ਜੁੜਨ ਦੀ ਸੇਧ ਦਿੱਤੀ। ਲੇਖਕ 'ਖ਼ੁਦਕੁਸ਼ੀ' ਨਿਬੰਧ ਵਿਚ ਗੁਰੂ ਸਾਹਿਬਾਨਾਂ ਦੇ ਸੰਦੇਸ਼ ਰਾਹੀਂ ਮਨੁੱਖ ਨੂੰ ਜਾਗ੍ਰਿਤ ਕਰਦਾ ਹੈ।

> ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਪ ਕੀ ਜੰਝ ਦਾ ਖ਼ਾਤਮਾ ਕਰਨ ਲਈ, ਲੋਕਾਂ ਨੂੰ ਜਗਾਇਆ ਤੇ ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ, ਦਾ ਅੰਮ੍ਰਿਤ ਵੰਡਿਆ। ਗੁਰੂ ਗੋਬਿੰਦ ਸਿੰਘ ਜੀ ਨੇ 'ਨਾ ਡਰੋ, ਅਰਿ ਸੋ ਜਬ ਜਾਇ ਲਰੋ, ਨਿਸ਼ਚੈ ਕਰਿ ਅਪੁਨੀ ਜੀਤ ਕਰੋ' ਦੇ ਸ਼ਕਤੀਸ਼ਾਲੀ ਨਾਅਰੇ ਨਾਲ 'ਜ਼ਫ਼ਰਨਾਮਾ' ਲਿਖ ਕੇ ਗਿੱਦੜਾਂ ਨੂੰ ਸ਼ੇਰ ਬਣਾਇਆ, ਪਰ ਅਨੇਕਾਂ ਮਹਾਂਪੁਰਸ਼ਾਂ ਦੇ ਹਜ਼ਾਰਾਂ ਸਤਿ-ਵਚਨਾਂ ਦੇ ਯਤਨ ਅੱਜ ਤੱਕ ਖ਼ੁਦਕੁਸ਼ੀ ਦੀ ਬੁਜ਼ਦਿਲੀ ਰਵਾਇਤ ਨਹੀਂ ਤੋੜ ਸਕੇ। (ਕੋਮਲ ''ਸਰੋਕਾਰ ਤੇ ਸੰਕਲਪ'' 39)

ਜਿੰਨੀ ਦੇਰ ਤੱਕ ਮਨੁੱਖ ਵਹਿਮਾਂ ਭਰਮਾਂ ਦੇ ਚੱਕਰਾਂ ਵਿਚ ਫਸਿਆ ਰਹੇਗਾ, ਗ਼ਰੀਬੀ ਭੁਗਤੇਗਾ ਤੇ ਬੇਰੁਜ਼ਗਾਰੀ ਤਨ ਤੇ ਸਹੇੜੇਗਾ, ਓਨੀ ਦੇਰ ਭ੍ਰਿਸ਼ਟਾਚਾਰੀ ਦਾ ਅੰਤ ਨਹੀਂ ਹੋਵੇਗਾ। ਵਿਤਕਰੇ ਵਧੀ ਜਾਣਗੇ, ਫਿਰ ਇਸ ਸਮੇਂ ਵਿਚ ਕੋਈ ਧਾਰਮਿਕ ਗ੍ਰੰਥ ਵੀ ਮਨੁੱਖ ਨੂੰ ਖ਼ੁਦਕੁਸ਼ੀ ਕਰਨ ਤੋਂ ਰੋਕਣ ਵਿਚ ਸਫਲ ਨਹੀਂ ਹੋਵੇਗਾ।

ਲੇਖਕ ਨਿਬੰਧਾਂ ਨੂੰ ਨੀਰਸਤਾ ਤੋਂ ਬਚਾਉਣ ਲਈ ਨਿਬੰਧਾਂ ਵਿਚ ਲੋਕ ਗੀਤਾਂ ਦਾ ਰੰਗ ਭਰਦਾ ਹੈ। ਲੇਖਕ ਆਖਦਾ ਹੈ ਕਿ ਇਹ ਸਾਡੇ ਸਭਿਆਚਾਰ ਤੇ ਰਿਸ਼ਤਿਆਂ ਦੀ ਤਰਜਮਾਨੀ ਕਰਦੇ ਹਨ। ਲੇਖਕ 'ਰਿਸ਼ਤੇ ਨਾਤੇ' ਨਿਬੰਧ ਵਿਚ, ਲੋਕ ਗੀਤਾਂ ਰਾਹੀਂ ਰਿਸ਼ਤਿਆਂ ਦੀ ਅਹਿਮੀਅਤ ਦਰਸਾਉਂਦੇ ਹਨ:

> ਇੱਕ ਵੀਰ ਦੇਈਂ ਵੇ ਰੱਬਾ।ਸਹੁੰ ਖਾਣ ਨੂੰ ਬੜਾ ਚਿੱਤ ਕਰਦਾ।
>
> ਕੱਲੀ ਹੋਵੇ ਨਾ ਵਣਾਂ ਵਿਚ ਲੱਕੜੀ, ਕੱਲਾ ਨਾ ਹੋਵੇ ਪੁੱਤ ਜੱਟ ਦਾ।

ਤੇਰੀ ਮੇਰੀ ਇੱਕ ਜਿੰਦੜੀ, ਐਵੇਂ ਦੋ ਕਲਬੂਤ ਬਣਾਏ।

ਸੁੱਚੇ ਮੋਤੀ, ਜਿਨ੍ਹਾਂ ਨੇ ਪੁੰਨ ਕੀਤੇ, ਰੱਬ ਨੇ ਬਣਾਈਆਂ ਜੋੜੀਆਂ।(ਕੋਮਲ ''ਸਰੋਕਾਰ ਤੇ ਸੰਕਲਪ'' 137)

ਇਹਨਾਂ ਰਿਸ਼ਤਿਆਂ ਨਾਤਿਆਂ ਦਾ ਸਦੀਵੀ ਅਧਾਰ ਸਿਰਫ਼ ਪਿਆਰ, ਕੁਰਬਾਨੀ ਤੇ ਵਿਸ਼ਵਾਸ ਹੈ।

ਮਨੁੱਖ ਕੋਲ ਗਿਆਨ ਦੇ ਅਸੀਮ ਭੰਡਾਰ ਹੈ। ਲੋੜ ਇਸ ਗੱਲ ਦੀ ਹੈ ਕਿ ਉਹ ਗਿਆਨਵਾਨ ਹੋ ਕੇ ਇਸ ਅਸੀਮ ਭੰਡਾਰ ਵਿਚ ਗਿਆਨ ਦਾ ਸੋਮਾ ਪ੍ਰਾਪਤ ਕਰ ਸਕਦਾ ਹੈ। ਗਿਆਨ ਦੀ ਪ੍ਰਾਪਤੀ ਦੀ ਕੋਈ ਸੀਮਾ ਨਹੀਂ ਹੈ। ਕਦੀ ਵੀ ਕੋਈ ਵਿਅਕਤੀ ਗਿਆਨ ਨਾਲ ਪੂਰਨ ਨਹੀਂ ਹੋਇਆ। ਇਹ ਸਿੱਖਣ ਦੀ ਪ੍ਰਕਿਰਿਆ ਨਿਰੰਤਰ ਪ੍ਰਕਿਰਿਆ ਹੈ, ਜੋ ਸਾਰੀ ਉਮਰ ਚੱਲਦੀ ਰਹਿੰਦੀ ਹੈ। ਬੱਸ ਜੋਸ਼ ਤੇ ਹੋਸ਼ ਦੀ ਸਮੁੱਚੀ ਜੁਗਤ ਨਾਲ ਇਸ ਨੂੰ ਨੇਪਰੇ ਚਾੜ੍ਹਿਆ ਜਾ ਸਕਦਾ ਹੈ।

ਲੇਖਕ 'ਖ਼ੁਦਕੁਸ਼ੀ' ਨਿਬੰਧ ਵਿਚ ਦੱਸਦਾ ਹੈ ਕਿ ਦੁੱਖ ਤਕਲੀਫ਼ਾਂ, ਸਮੱਸਿਆਵਾਂ ਮਨੁੱਖ ਦੀ ਜ਼ਿੰਦਗੀ ਵਿਚ ਚਲਦੀਆਂ ਰਹਿੰਦੀਆਂ ਹਨ, ਬਲਕਿ ਸੋਚਣ ਵਾਲੀ ਗੱਲ ਇਹ ਹੈ ਕਿ ਮਰਨ ਤੋਂ ਬਾਅਦ ਜੀਵ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੁਕਤੀ ਪਾਉਂਦਾ ਹੈ, ਪਰ ਸਾਰੀ ਉਮਰ ਦੁੱਖਾਂ ਦਾ ਪਹਾੜ ਉਨ੍ਹਾਂ ਦੇ ਘਰ ਦਿਆਂ ਨੂੰ ਢੋਣਾ ਪੈਂਦਾ ਹੈ। ਭਾਵ ਖ਼ੁਦਕੁਸ਼ੀ ਕਿਸੇ ਚੀਜ਼ ਦਾ ਹੱਲ ਨਹੀਂ ਹੈ। ਲੇਖਕ ਅਨੁਸਾਰ ਖ਼ੁਦਕੁਸ਼ੀ ਕਰਨ ਵਾਲੇ ਮਨੁੱਖ ਦੀ ਹਾਲਤ ਇਸ ਉਰਦੂ ਦੇ ਸ਼ੇਅਰ ਵਰਗੀ ਹੋ ਜਾਂਦੀ ਹੋਵੇਗੀ ਤਾਂ ਕੀ ਹੁੰਦਾ ਹੋਵੇਗਾ:

'ਯੂ ਤੋ ਘਬਰਾਕੇ ਯੇਹ ਕਹਤੇ ਹੈ, ਕਿ ਮਰ ਜਾਏਂਗੇ,

ਮਰਕੇ ਭੀ ਨਾ ਪਾਇਆ ਚੈਨ ਤੋਂ ਕਿਧਰ ਜਾਏਂਗੇ? (ਕੋਮਲ ''ਸਰੋਕਾਰ ਤੇ ਸੰਕਲਪ'' 37)

ਹਰ ਧਰਮ ਗ੍ਰੰਥ ਮਨੁੱਖ ਵਿਚ ਦਯਾ, ਹਮਦਰਦੀ ਜਗਾਉਣ ਦਾ ਮਾਤਰ ਸਾਧਨ ਹੈ। ਲੇਖਕ 'ਹਮਦਰਦੀ ਸਹਾਨਭੂਤੀ' ਨਿਬੰਧ ਵਿਚ ਵੱਖ-ਵੱਖ ਧਰਮਾਂ ਦੇ ਹਵਾਲੇ ਨਾਲ ਸਮਝਾਉਣਾ ਕਰਦਾ ਹੈ। ਹਰ ਗ੍ਰੰਥ ਮਨੁੱਖ ਨੂੰ ਦਇਆ ਕਰਨ ਦੀ ਜਾਚ ਸਿਖਾਉਂਦਾ ਹੈ:

> ਹਿੰਦੂ ਧਰਮ ਦਾ ਮੁੱਖ ਆਦੇਸ਼ ਹੈ, ਹਿੰਸਾ ਤੋਂ ਪਰਹੇਜ਼ ਕਰਨਾ ਅਹਿੰਸਕ ਹੋ ਕੇ ਹਰ ਜੀਵ ਪ੍ਰਕ੍ਰਿਤੀ ਅਤੇ ਸ੍ਰਿਸ਼ਟੀ ਦੀ ਸੁਰੱਖਿਆ ਕਰਨੀ। ਬੁੱਧ ਧਰਮ ਤਾਂ ਹੈ ਹੀ, ਅਹਿੰਸਾ ਦਾ ਸਾਗਰ। ਦੂਜਿਆਂ ਪੀੜਤ ਜੀਵਾਂ ਦੇ ਦੁੱਖਾਂ ਨੂੰ ਮਹਿਸੂਸ ਕਰਨ ਦੇ ਯਤਨ ਕਰਨੇ। ਇਸਾਈ ਧਰਮ ਵਿਚ ਤਾਂ, ਪ੍ਰਭੂ ਨੂੰ ਹੀ ਦਯਾ ਸਹਾਨਭੂਤੀ ਅਤੇ ਸਾਰੇ ਸੁੱਖਾਂ ਦਾ ਭੰਡਾਰ ਕਿਹਾ ਗਿਆ ਹੈ ਅਤੇ ਆਦੇਸ਼ ਦਿੱਤੇ ਗਏ ਹਨ ਕਿ ਦੂਜਿਆਂ ਦੇ ਦੁੱਖਾਂ ਦਰਦਾਂ ਨੂੰ ਅਨੁਭਵ ਕਰਨ ਵਾਲੇ ਸੱਚੇ ਇਸਾਈ ਹਨ। ਇਸਲਾਮ ਧਰਮ ਵਿਚ ਪ੍ਰਭੂ ਨੂੰ ਰਹਿਮਾਨ ਤੇ ਰਹੀਮ ਕਿਹਾ ਗਿਆ ਹੈ ਰਹਿਮਾਨ ਦੇ ਅਰਥ ਹਨ, ਜੋ ਰਹਿਮ ਕਰਦਾ ਹੈ। ਸਿੱਖ ਧਰਮ ਵਿਚ ਵੀ ਮਨੁੱਖ ਮਾਤਰ ਨੂੰ ਆਪਣੇ ਭਾਈ ਜਾਣ ਕੇ ਜਾਤ-ਪਾਤ ਅਤੇ ਦੇਸ਼ ਦੇ ਭੇਤ ਤਿਆਗ ਕੇ ਪ੍ਰੇਮ ਕਰਨਾ ਅਤੇ ਨਿਸ਼ਕਾਮ ਸੇਵਾ ਕਰਨ ਦੀ ਸਿੱਖਿਆ ਦਿੱਤੀ ਗਈ ਹੈ। (ਕੋਮਲ ''ਸਰੋਕਾਰ ਤੇ ਸੰਕਲਪ'' 66)

ਮਨੁੱਖ ਨੂੰ ਆਪਣੇ ਅੰਦਰ ਚੇਤਨਾ ਜਗਾ ਕੇ, ਹਮਦਰਦੀ ਦੀ ਕਲਾਤਮਕ ਸੋਝੀ ਦਾ ਗਿਆਨ ਹਾਸਿਲ ਕਰਨ ਚਾਹੀਦੇ ਹੈ ਤੇ ਸੰਸਾਰ ਦਾ ਕੋਈ ਵੀ ਗ੍ਰੰਥ ਅਜਿਹਾ ਨਹੀਂ, ਜਿਸ ਵਿਚ ਮਨੁੱਖ ਹਮਦਰਦੀ ਦੀ ਭਾਵਨਾ ਜਗਾਉਣ ਦੀ ਵਕਾਲਤ ਨਾ ਕੀਤੀ ਗਈ ਹੋਵੇ।

ਲੇਖਕ ਇਤਿਹਾਸਕ ਹਵਾਲੇ ਨਾਲ ਮਨੁੱਖ ਨੂੰ ਸੇਧ ਦਿੰਦਾ ਹੈ ਕਿ ਲੜਾਈ ਮਨੁੱਖ ਦਾ ਕੁੱਝ ਨਹੀਂ ਸੰਵਾਰਦੀ, ਸਗੋਂ ਉਹ ਮਨੁੱਖੀ ਜ਼ਿੰਦਗੀ ਵਿਚ ਸੁੱਖ ਚੈਨ ਖੋਹ ਕੇ ,ਉਸ ਨੂੰ ਨਾਕਾਰਾਤਮਕ ਦ੍ਰਿਸ਼ਟੀ ਦਾ ਧਾਰਨੀ ਬਣਾਉਂਦੀ ਹੈ, ਜਿਵੇਂ ਲੱਸੀ ਵਿਚ ਪਾਣੀ ਪਾ ਕੇ ਉਸ ਨੂੰ ਜਿੰਨਾ ਮਰਜ਼ੀ ਵਧਾਈ ਜਾਵੇ, ਉਹਦਾ ਕੋਈ ਅੰਤ ਨਹੀਂ।

ਅਸਲ ਲੜਾਈ ਉਹ, ਜੋ ਸਾਰਥਕ ਹੋਵੇ, ਜੋ ਆਪਣੇ ਹੱਕਾਂ ਲਈ ਚੇਤੰਨ ਹੋ ਕੇ ਲੜੀ ਜਾਵੇ। ਲੇਖਕ 'ਲੜਾਈ' ਨਿਬੰਧ ਵਿਚ ਇਤਿਹਾਸ ਦਾ ਹਵਾਲਾ ਦਿੰਦਾ ਆਖਦਾ ਹੈ:

> ਪ੍ਰਾਚੀਨ ਕਾਲ ਵਿਚ ਜਿਹੜੇ ਦੇਸ਼ ਜਾਂ ਜਿਹੜੀਆਂ ਕੌਮਾਂ ਹਮੇਸ਼ਾ ਲੜਦੀਆਂ ਰਹੀਆਂ ਹਨ, ਉਨ੍ਹਾਂ ਦੀ ਆਪਸੀ ਲੜਾਈ ਵਿਚ ਹੀ, ਨਾਮੋ ਨਿਸ਼ਾਨ ਖ਼ਤਮ ਹੋ ਗਿਆ। ਵੱਡੇ-ਵੱਡੇ ਜੋਧੇ ਜੇ ਲੜਨ ਪਿੱਛੋਂ ਜਿੱਤ ਪ੍ਰਾਪਤ ਕਰ ਵੀ ਲੈਂਦੇ ਸਨ। ਉਹ ਜਲਦੀ ਹੀ ਇਸ ਲਈ ਮਰ ਜਾਂਦੇ ਸਨ ਕਿ ਉਨ੍ਹਾਂ ਦਾ ਦਿਲ ਦਿਮਾਗ਼ ਲੜਾਈ ਦੀ ਅਸਹਿ ਪੀੜ ਨੂੰ ਝੱਲ ਨਹੀਂ ਸੀ ਸਕਦਾ। ਵੱਡੇ ਘੱਲੂਘਾਰਿਆਂ, ਜੰਗਾਂ ਦੇ ਜਿੱਤਣ ਪਿੱਛੋਂ ਵੱਡੇ-ਵੱਡੇ ਰਾਜੇ ਮਹਾਰਾਜੇ ਪਿੱਛੇ ਭਾਵੇਂ ਦੇ ਹੰਝੂ ਵਹਾਉਂਦੇ ਰਹੇ ਹਨ। ਸਿਕੰਦਰ ਸਾਰੀ ਉਮਰ ਲੜਕੇ ਹੀ ਮਹਾਰਾਜਾ ਪੋਰਸ ਨਾਲ ਸੰਵਾਦ ਰਚਾਉਂਦਾ ਰਿਹਾ। (ਕੋਮਲ ''ਬਚਨ ਬਿਲਾਸ''62)

ਉਪਰੋਕਤ ਸ਼ਬਦਾਂ ਤੋਂ ਭਾਵ ਸੂਝ-ਬੂਝ ਤੇ ਸਿਆਣਪ ਨਾਲ ਹਰ ਮਸਲੇ ਨੂੰ ਹੱਲ ਕੀਤਾ ਜਾ ਸਕਦਾ ਹੈ। ਲੜਾਈ ਤਾਂ ਬੱਸ ਤਬਾਹੀ ਹੀ ਲੈ ਕੇ ਆਉਂਦੀ ਹੈ।

ਡਰ ਮਨੁੱਖ ਨੂੰ ਹਮੇਸ਼ਾ ਅਸੁਰੱਖਿਆ ਦਾ ਅਹਿਸਾਸ ਕਰਵਾਉਂਦੇ ਹਨ। ਲੇਖਕ 'ਡਰ' ਨਿਬੰਧ ਵਿਚ ਦੱਸਦਾ ਹੈ ਕਿ ਇਤਿਹਾਸ ਗਵਾਹ ਹੈ ਕਿ ਡਰ ਨਾਲ ਮਨੁੱਖ ਛੋਟੇ ਤੋਂ ਛੋਟੇ ਕੰਮ ਵਿਚ ਵੀ ਅਸਫਲ ਹੋ ਜਾਂਦਾ ਹੈ

> ਅਸ਼ੋਕ ਅਹਿਮਦ ਸ਼ਾਹ ਅਬਦਾਲੀ ਜਾਂ ਔਰੰਗਜ਼ੇਬ ਵਰਗੇ ਅਨੇਕਾਂ ਹੁਕਮਰਾਨ ਆਪਣੇ ਅੰਦਰਲੇ ਡਰ ਤੋਂ ਪੈਦਾ ਹੋਏ, ਖ਼ੌਫ਼ ਤੋਂ ਨਜਾਤ ਪਾਉਣ ਲਈ, ਲੱਖਾਂ ਨਿਰਦੋਸ਼ ਲੋਕਾਂ ਦਾ ਕਤਲ ਕਰਵਾਉਂਦੇ ਰਹੇ ਹਨ। ਜੰਗ ਕੋਈ ਵੀ ਹੋਵੇ, ਉਸ ਦੇ ਪਿੱਛੇ ਕਬਜ਼ਾ ਕਰਨ ਜਾਂ ਕਬਜ਼ਾ ਹੋਣ ਦਾ ਡਰ ਹੀ ਤਾਂ ਹੁੰਦਾ ਹੈ, ਜਿਸ ਕਾਰਨ ਮਨੁੱਖਤਾ ਦਾ ਘਾਣ ਹੁੰਦਾ ਹੈ। ਧਰਤੀ ਲੋਕਾਂ ਦੇ ਖ਼ੂਨ ਨਾਲ ਰੰਗੀ ਜਾਂਦੀ ਹੈ।(ਕੋਮਲ ''ਪੰਚਵਟੀ ਦੇ ਅੰਦਰ ਬਾਹਰ'' 12)

ਮਨੁੱਖੀ ਜ਼ਿੰਦਗੀ ਵਿਚ ਡਰ, ਇੱਕ ਭੈੜੇ ਰੋਗ ਦੀ ਤਰ੍ਹਾਂ ਹੈ, ਜਿਹੜਾ ਮਨੁੱਖੀ ਮਨ ਨੂੰ ਅੰਦਰੋਂ ਹੋਲੀ-ਹੋਲੀ ਕਮਜ਼ੋਰ ਕਰ ਦਿੰਦਾ ਹੈ ਤੇ ਫਿਰ ਉਸ ਦੇ ਮਨ ਦਾ ਇਹੀ ਡਰ ਫਿਰ ਇੱਕ ਲਾਇਲਾਜ ਬਿਮਾਰੀ ਬਣ ਜਾਂਦਾ ਹੈ। ਚਾਹੇ ਨੇਤਾ ਹੋਵੇ ਰਾਜਾ ਹੋਵੇ, ਮਹਾਰਾਜਾ ਹੋਵੇ ਜਾਂ ਆਮ ਵਿਅਕਤੀ ਡਰ ਕਾਰਨ, ਇਹਨਾਂ ਦੀ ਜ਼ਿੰਦਗੀ ਹਨੇਰੇ ਦਾ ਜੰਗਲ ਬਣ ਜਾਂਦੀ ਹੈ।

ਲੇਖਕ ਅਨੁਸਾਰ ਆਤਮ-ਵਿਸ਼ਵਾਸ ਇੱਕ ਅਜਿਹੀ ਸ਼ਕਤੀ ਦਾ ਨਾਮ ਹੈ, ਜੋ ਮਨੁੱਖ ਦੇ ਮਨੋਬਲ ਨੂੰ ਕਦੀ ਡਿੱਗਣ ਨਹੀਂ ਦਿੰਦੀ। ਮਨੁੱਖ ਦਾ ਆਤਮ-ਵਿਸ਼ਵਾਸ ਹੀ ਅਸਲੀ ਸਫਲਤਾ ਦਾ ਮੂਲ ਮੰਤਰ ਹੈ। ਲੇਖਕ 'ਆਤਮ-ਵਿਸ਼ਵਾਸ' ਨਿਬੰਧ ਵਿਚ ਉਦਾਹਰਨ ਰਾਹੀਂ ਮਨੁੱਖ ਨੂੰ ਜ਼ਿੰਦਗੀ ਵਿਚ ਆਤਮ ਵਿਸ਼ਵਾਸ ਦੀ ਮਹੱਤਤਾ ਸਮਝਾਉਂਦਾ ਹੈ।

> ਮਾਊਂਟ ਐਵਰੈਸਟ ਤੇ ਚੜ੍ਹਨ ਵਾਲੇ, ਸਾਗਰਾਂ ਦੀ ਹਿੱਕ ਚੀਰਨ ਵਾਲੇ, ਵੱਡੇ-ਵੱਡੇ ਤਪਦੇ ਰੇਗਿਸਤਾਨਾਂ ਨੂੰ ਪਾਰ ਕਰਨ ਵਾਲੇ ਭਾਵੇਂ ਸਰੀਰਕ ਤੌਰ ਤੇ ਬਹੁਤੇ ਹੱਟੇ ਕੱਟੇ ਨਹੀਂ ਹੁੰਦੇ, ਉਨ੍ਹਾਂ ਅੰਦਰ ਆਤਮ-ਵਿਸ਼ਵਾਸ ਦੀ ਸੁਦ੍ਰਿੜ ਧਾਰਨਾ ਹੁੰਦੀ ਹੈ, ਉਹ ਅਨੇਕਾਂ ਵਾਰ ਅਸਫਲ ਹੁੰਦੇ ਹਨ। ਮੱਕੜੀ ਵਾਂਗ ਐਪਰ ਵਾਰ-ਵਾਰ ਉੱਪਰ ਚੜ੍ਹਨ, ਅਥਵਾ ਸਫਲ ਹੋਣ ਦੇ ਯਤਨ ਕਰਦੇ ਹਨ। (ਕੋਮਲ ''ਬਚਨ ਬਿਲਾਸ'' 86)

ਉਪਰੋਕਤ ਸ਼ਬਦਾਂ ਤੋਂ ਭਾਵ, ਜਿਨ੍ਹਾਂ ਅੰਦਰ ਆਤਮ ਵਿਸ਼ਵਾਸ ਹੁੰਦਾ ਹੈ, ਉਹ ਨਿਰੰਤਰ ਕਾਰਜ ਕਰਦੇ ਰਹਿੰਦੇ ਹਨ। ਉਹ ਆਪਣੀ ਮੰਜ਼ਿਲ ਤੱਕ ਜ਼ਰੂਰ ਪਹੁੰਚਦੇ ਹਨ ਕਿਉਂਕਿ ਫਿਰ ਅਸਫਲਤਾਵਾਂ ਉਨ੍ਹਾਂ ਨੂੰ ਪ੍ਰੇਰਦੀਆਂ ਹਨ, ਤੋੜਦੀਆਂ ਨਹੀਂ।

**ਭਾਵਾਂ, ਵਿਚਾਰਾਂ  ਕਲਪਨਾ ਦਾ ਸੁਮੇਲ:** -ਨਿਬੰਧ ਕਵਿਤਾ ਵਾਂਗ ਨਾ, ਹੀ ਸਿੱਧਾ ਸਪਾਟ ਮਨੁੱਖੀ ਹਿਰਦੇ ਤੋਂ ਪ੍ਰਭਾਵਿਤ ਹੁੰਦਾ ਹੈ, ਨਾ ਨਿਰੋਲ ਅੰਬਰਾਂ ਉੱਪਰ ਕਾਲਪਨਿਕ ਉਡਾਰੀਆਂ ਲਾਉਣ ਦੀ ਸਾਹਿਤਕ ਰਚਨਾ ਹੈ। ਨਿਬੰਧ ਦਾ ਸੰਬੰਧ ਕਵਿਤਾ ਵਾਂਗ ਦਿਲ ਨਾਲ ਨਹੀਂ ਬਲਕਿ, ਦਿਮਾਗ਼ ਨਾਲ ਹੁੰਦਾ ਹੈ। ਨਿਬੰਧ ਬੌਧਿਕ ਚੇਤਨਾ ਨੂੰ ਸ਼ਬਦਾਂ ਰਾਹੀਂ ਕਲਾਤਮਕ ਬਣਾ ਕੇ ਸੰਚਾਰਨ ਦਾ ਨਾਂ ਹੈ। ਡਾ. ਅਮਰ ਕੋਮਲ ਦੇ ਜਿੰਨੇ ਵੀ ਨਿਬੰਧ ਹਨ, ਉਹ ਦਾਰਸ਼ਨਿਕ ਹੁੰਦੇ ਹੋਏ ਵੀ ਹਕੀਕਤ ਪਸੰਦ ਹਨ, ਬੌਧਿਕ ਚੇਤਨਾ ਸੰਚਾਰਦੇ ਹਨ। ਬੁੱਧੀ ਦੇ ਨਾਲ ਭਾਵਨਾਵਾਂ ਨੂੰ ਟੁੰਬਦੇ ਹਨ। ਜ਼ਿੰਦਗੀ ਲਈ ਵਿਗਿਆਨਕ ਸੇਧ ਪ੍ਰਦਾਨ ਕਰਦੇ ਹਨ। ਜੀਵਨ-ਅਨੁਭਵਾਂ ਸਹਾਰੇ ਜ਼ਿੰਦਗੀ ਸਮਾਜ, ਸੰਸਾਰ ਦੀਆਂ ਚਲੰਤ ਸਮੱਸਿਆਵਾਂ ਨੂੰ ਸਪਸ਼ਟ ਵਿਗਿਆਨਕ ਸੋਚ ਦੇ ਨਜ਼ਰੀਏ ਪ੍ਰਤੀ ਜਾਗਰੂਕ ਹੋ ਕੇ, ਹੱਲ ਕਰਨ ਦੀ ਵਕਾਲਤ ਕਰਦੇ ਹਨ। ਕਲਪਨਾ ਲੇਖਕ ਦੇ ਪ੍ਰਗਤੀਸ਼ੀਲ, ਪ੍ਰਗਤੀਵਾਦੀ ਬੌਧਿਕ ਵਿਚਾਰਾਂ ਨੂੰ ਸੋਚ-ਉਡਾਰੀ ਲਵਾਉਣ ਵਿਚ ਸਹਾਇਤਾ ਕਰਦੀ ਹੈ। ਜਿਸ ਕਾਰਨ ਸੋਚ ਭਾਰੂ ਅਥਵਾ ਬੌਧਿਕਤਾ ਔਖੀ ਤੇ ਸਮਝ ਨਹੀਂ ਲੱਗਦੀ। ਭਾਵਾਂ ਦਾ ਵੇਗ, ਬੁੱਧੀ ਅਤੇ ਦਿਮਾਗ਼ੀ ਸਮਗਰੀ ਨੂੰ ਤਰਲ ਸ਼ਿੰਗਾਰ ਅਤੇ ਸੰਵੇਦਨ ਬਣਾ ਦਿੰਦਾ ਹੈ।

ਡਾ. ਅਮਰ ਕੋਮਲ ਨੇ, ਜਦ ਵੀ ਬੌਧਿਕ ਅਥਵਾ ਸਿਧਾਂਤਕ ਤੱਥਾਂ ਦੀ ਅਭਿਵਿਅਕਤੀ ਲਈ ਔਖੇ ਸਿਧਾਂਤਕ ਤੱਥਾਂ ਦੀ ਗੱਲ ਕੀਤੀ ਹੈ ਤਾਂ, ਉਸ ਵਿਚ ਸ਼ਿੰਗਾਰਕ ਸੋਚ ਉਡਾਰੀ ਦੀ ਵਰਤੋਂ ਵੀ ਕੀਤੀ ਹੈ। ਨਿਬੰਧ ਭਾਵੇਂ ਬੇਕਨ ਅਤੇ ਮੋਨਤੇਨ ਦੇ ਸ਼ਬਦਾਂ ਵਿਚ ਖਿੰਡਰਿਆ ਚਿੰਤਨ ਹੁੰਦਾ ਹੈ, ਪ੍ਰੰਤੂ ਇਹ ਲੇਖਕ ਨਿਬੰਧਕਾਰ ਦੀ ਕਲਾਤਮਕ ਸੂਝ ਹੁੰਦੀ ਹੈ  ਨਿਬੰਧ ਰਾਹੀਂ ਵੀ ਸਾਰਥਕ ਸੁਨੇਹੇ ਅਤੇ ਨਵੀਂ ਨਰੋਈ ਸੇਧ ਪ੍ਰਦਾਨ ਕਰਦਾ ਹੈ। ਡਾ. ਅਮਰ ਕੋਮਲ ਦੇ ਨਿਬੰਧਾਂ ਦੇ ਵਿਚਾਰ ਉਸ ਦੇ ਵਿਚਾਰ ਕਲਾਤਮਕ ਸ਼ਬਦਾਂ ਵਿਚ ਅਭਿਵਿਅਕਤ ਕੀਤੇ ਗਏ ਹਨ।

ਲੇਖਕ ਨੇ ਕਾਲਪਨਿਕ-ਸੋਚ ਉਡਾਰੀ ਨੂੰ ਸ਼ਬਦ ਸੰਰਚਨਾ ਰਾਹੀਂ ਉਸਾਰਿਆ ਹੈ।ਵਿਸ਼ੇ ਦੀ ਅਭਿਵਿਅਕਤੀ ਲਈ, ਉਹ ਆਪਣੇ ਵਿਚਾਰ ਮੁਖੀ ਮੂਲ-ਭਾਵਨਾ ਨੂੰ ਸਪਸ਼ਟ ਅਤੇ ਸਹਿਜ-ਵਿਧੀ ਨਾਲ ਸੰਚਾਰਨ

ਵਿਚ ਸਫਲ ਹੁੰਦਾ ਹੈ ਭਾਵੇਂ ਡਾ. ਕੋਮਲ ਨਿਬੰਧ ਦੇ ਵਿਸ਼ੇ ਵਿਚ ਵੀ ਅਨੁਕੂਲ ਵਿਚਾਰਾਂ ਨੂੰ ਅੱਖੋਂ ਪਰੋਖੇ ਕਰਨ ਦੀ ਥਾਂ ਕੇਂਦਰੀ ਵਿਸ਼ੇ ਦਾ ਧੁਰਾ ਬਣਾਈ ਰੱਖਦਾ ਹੈ। ਔਖੇ ਤੋਂ ਔਖੇ ਵਿਸ਼ੇ ਵਿਚ ਵੀ ਭਾਵਾਂ ਤੇ ਕਲਪਨਾ ਨਾਲ ਸਮੋਏ ਹੁੰਦੇ ਹਨ। ਲੇਖਕ ਅੱਜ ਵਧਦੇ ਪ੍ਰਦੂਸ਼ਣ ਦੇ ਪ੍ਰਭਾਵ ਨੂੰ ਦੇਖਦੇ ਹੋਏ ਸਹਿਜੇ ਹੀ ਗਿਆਨ ਹੋ ਜਾਂਦਾ ਹੈ ਕਿ ਬੇਗ਼ਮਪੁਰਾ ਸਿਰਜਣ ਦਾ ਸੰਕਲਪ ਕਿਤੇ ਅਧੂਰਾ ਹੀ ਨਾ ਰਹਿ ਜਾਵੇ:

> ਚੁੱਪ ਜੇ ਸ਼ਾਂਤ ਹੈ। ਮਨ ਖ਼ੂਬਸੂਰਤ ਹੈ। ਚੁੱਪ ਜੇ ਸਥਿਰ ਹੈ ਤੁਹਾਡੇ ਵਿਚਾਰ ਪਰਪੱਕ ਹਨ ਤੇ ਇਰਾਦੇ ਨੇਕ ਹਨ। (ਕੋਮਲ ''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ'' 64)

ਲੇਖਕ 'ਮਿੱਟੀ' ਨਿਬੰਧ ਵਿਚ ਇਸ ਸੰਸਾਰ ਵਿਚ ਵਿਚਰਦੇ ਲੋਕਾਂ ਪ੍ਰਤੀ, ਡੂੰਘੀ ਚਿੰਤਾ ਕਰਦਾ ਭਾਵ ਪੇਸ਼ ਕਰਦਾ ਹੈ ਕਿ ਮਿੱਟੀ ਅਜਿਹੀ ਸਰਬ ਸ਼ਕਤੀ ਹੈ, ਜਿਸ ਦੀ ਕੋਈ ਪਹਿਚਾਣ ਨਹੀਂ ਕਰ ਸਕਦਾ, ਜੋ ਹਮੇਸ਼ਾ ਸਭ ਦੀ ਖ਼ੈਰ ਮੰਗਦੀ ਹੈ:

> ਪਰ ਜਦੋਂ ਧਰਤੀ ਉੱਪਰ ਜੰਗਲ ਮੁੱਕਣ ਲੱਗਣ, ਦਰਿਆਵਾਂ ਦਾ ਪਾਣੀ ਮੈਲਾ ਹੋ ਜਾਵੇ। ਪਹਾੜਾਂ ਦੇ ਸਿਰ ਰੋਡੇ ਹੋ ਜਾਣ, ਧਰਤੀ ਉੱਪਰੋਂ ਹਰਿਆਵਲ ਖ਼ਤਮ ਹੋਣ ਲੱਗੇ ਅਤੇ ਮਿੱਟੀ ਵਿਚ ਜ਼ਹਿਰੀਲੀਆਂ ਦਵਾਈਆਂ ਦੇ ਟੀਕੇ ਲਾਏ ਜਾਣ ਤਾਂ ਜ਼ਾਹਿਰ ਹੈ, ਮਿੱਟੀ ਰੁਦਨ ਕਰਨ ਲੱਗਦੀ ਹੈ। ਲੋਕ ਪ੍ਰਕਿਰਤੀ ਦਾ ਕਰੋਪ ਝੱਲਦੇ ਹਨ, ਮੌਸਮ ਬਦਲਣ ਲੱਗਦੇ ਹਨ। ਵਧੇਰੇ ਗਰਮੀ, ਵਧੇਰੇ ਸਰਦੀ ਪੈਂਦੀ ਹੈ। ਹੜ੍ਹ ਸੁਨਾਮੀ, ਤੂਫ਼ਾਨ, ਭੂਚਾਲ ਆਉਂਦੇ ਹਨ। ਇਹੋ ਮਿੱਟੀ ਦਾ ਰੋਸ ਹੈ। (ਕੋਮਲ ''ਬਚਨ ਬਿਲਾਸ'' 57)

ਉਪਰੋਕਤ ਸ਼ਬਦਾਂ ਤੋਂ ਭਾਵ ਜਦੋਂ ਮਿੱਟੀ ਪ੍ਰਦੂਸ਼ਿਤ ਹੁੰਦੀ ਹੈ ਤਾਂ ਉਸ ਉੱਪਰ ਹਰਿਆਵਲ ਮੁੱਕ ਜਾਂਦੀ ਹੈ। ਪੰਛੀ, ਗੀਤ ਗਾਉਣਾ ਛੱਡ ਦੇਣਗੇ ਤੇ ਮਨੁੱਖ ਲਈ ਆਉਣ ਵਾਲੀਆਂ ਵਿਭਿੰਨ ਬਿਮਾਰੀਆਂ ਨੂੰ ਸੱਦਾ ਹੈ। ਲੇਖਕ

ਕਲਪਨਾ ਕਰਦਾ ਹੈ ਕਿ ਮਨੁੱਖ ਨੂੰ ਇਸ ਦੀ ਮਹੱਤਤਾ ਬਾਰੇ ਗਿਆਨ ਹੋਵੇ ਤਾਂ ਜੋ ਮਨੁੱਖ ਇਸ ਤੋਂ ਸਦਕੇ ਜਾਵੇ ਤੇ ਨਤਮਸਤਕ ਹੋਵੇ।

> ਅਮਰ ਕੋਮਲ ਅਨੁਸਾਰ: ਕੌੜੀਆਂ ਯਾਦਾਂ ਦੇ ਝੂਠੇ ਗੁਲਦਸਤੇ ਹੋਣ ਜਾਂ ਮੁੱਠੀ ਭਰ ਹੁਸਨ ਦੇ ਅਸਥਾਈ ਜਲਵੇ ਤੇ ਜਜ਼ਬੇ, ਕਦੇ ਵੀ ਮਿੱਠੀਆਂ ਯਾਦਾਂ ਦੀ ਖ਼ੁਸ਼ਬੋ ਨਹੀਂ ਬਣਦੇ, ਜੋ ਮਨ, ਤਨ ਅੰਦਰ ਪੈਦਾ ਕਰਦੇ ਹਨ ਤਾਂ ਕੇਵਲ ਤਲਖ਼ੀਆਂ ਦੇ ਵਿਛੋੜੇ ਛੱਡੇ ਜਾਂਦੇ ਹਨ। ਜਦ ਅਸੀਂ ਜ਼ਿੰਦਗੀ ਦੀਆਂ ਬੇਅਰਥ ਬੋਝਲ ਅਤੇ ਸੜੇ ਹੋਏ ਕੂੜੇ ਦੇ ਢੇਰ ਸਿਰ ਉੱਪਰ ਉਠਾਈ ਫਿਰਦੇ ਰਹਿੰਦੇ ਹਾਂ, ਜੋ ਦਰਦ ਸਾਡਾ ਹੈ ਹੀ ਨਹੀਂ, ਅਸੀਂ ਉਸ ਦੇ ਕੰਡਿਆਲੇ ਬੋਝ ਨੂੰ ਚੁੱਕੀ ਫਿਰਦੇ ਹਾਂ। (''ਬਚਨ ਬਿਲਾਸ'' 110)

ਲੇਖਕ ਅਨੁਸਾਰ ਭ੍ਰਿਸ਼ਟਾਚਾਰੀ ਦੇ ਖ਼ਾਤਮੇ ਦਾ ਅੰਤ ਨਾ-ਮੁਮਕਿਨ ਹੈ, ਹਰ ਖੇਤਰ ਵਿਚ ਇਹ ਭਿਆਨਕ ਰੂਪ ਧਾਰ ਰਿਹਾ ਹੈ। ਲੇਖਕ ਆਪਣੇ ਵਿਚਾਰ ਪੇਸ਼ ਕਰਦਾ ਹੋਇਆ ਕਲਪਨਾ ਕਰਦਾ ਹੈ ਕਿ ਕਾਸ਼ ਕੋਈ ਦੁਰਗਾ ਬਣ ਕੇ ਰਾਤੋਂ ਰਾਤ ਇਸ ਭਿਅੰਕਰ ਦੈਂਤ ਦਾ ਖ਼ਾਤਮਾ ਕਰ ਦੇਵੇ:

> ਜਦ ਤੱਕ ਭ੍ਰਿਸ਼ਟਾਚਾਰ ਦੇ ਰਕਤਬੰਦੂ ਪੈਦਾ ਹੁੰਦੇ ਰਹਿਣਗੇ, ਭ੍ਰਿਸ਼ਟਾਚਾਰ ਦਾ ਅੰਤ ਸੰਭਵ ਨਹੀਂ ਹੈ। ਭ੍ਰਿਸ਼ਟਾਚਾਰ ਦਾ ਅੰਨ੍ਹਾ ਝੋਟਾ ਸਾਡਾ ਦੇਸ਼ ਰੂਪੀ ਖੇਤ ਉਜਾੜ ਰਿਹਾ ਹੈ। ਅਸੀਂ ਇਸ ਨੂੰ ਖੋਰੂ ਪਾਉਂਦਾ ਦੇਖ ਤਾਂ ਰਹੇ ਹਾਂ, ਪਰ ਕਰ ਕੁੱਝ ਨਹੀਂ ਸਕਦੇ। ਮਜਬੂਰ ਹਾਂ, ਲਾਚਾਰ ਹਾਂ, ਬੇਬਸ ਹਾਂ। ਦੇਖੀਏ ਕਦ ਤੱਕ ਇਸ ਅੰਨ੍ਹੇ ਝੋਟੇ ਨੂੰ ਅਸੀਂ ਖੌਰੂ ਪਾਉਣ ਅਤੇ ਖੇਤ ਉਜਾੜਨ ਤੋਂ ਰੋਕ ਸਕਾਂਗੇ?(ਕੋਮਲ ''ਸਰੋਕਾਰ ਤੇ ਸੰਕਲਪ'' 126)

ਜਦੋਂ ਤੱਕ ਮਨੁੱਖ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਧਾਰਨ ਨਹੀਂ ਕਰਦਾ, ਉਸ ਦਾ ਤੰਗ ਨਜ਼ਰੀਆ ਅਨੇਕਾਂ ਸਮਾਜਿਕ ਕੁਰੀਤੀਆਂ ਨੂੰ ਜਨਮ ਦਿੰਦਾ ਰਹੇਗਾ:

ਅੱਜ ਦਾ ਮਨੁੱਖ ਬੁਰਾਈਆਂ, ਕੀਮਤਾਂ, ਮੁੱਲਾਂ ਨੂੰ ਮੰਨਣ ਤੋਂ ਇਨਕਾਰੀ ਹੈ। ਵਿਗਿਆਨ ਨੇ ਮਨੁੱਖੀ ਸੋਚ ਬਦਲ ਦਿੱਤੀ ਹੈ। ਏਸੇ ਲਈ ਅੱਜ ਪੁਰਾਣੀਆਂ ਪਰੰਪਰਾਵਾਂ ਪ੍ਰਤੀ ਕੀ, ਕਿਉਂ, ਕਿਵੇਂ ਦੇ ਪ੍ਰਸ਼ਨ ਖੜ੍ਹੇ ਹੋ ਰਹੇ ਹਨ, ਜੋ ਠੀਕ ਹਨ। ਸੰਘਰਸ਼ ਜੀਵਨ ਦੀ ਚੂਲ ਬਣ ਗਿਆ ਹੈ। ਸੰਘਰਸ਼ ਹੀ ਕੀ, ਕਿਉਂ, ਕਿਵੇਂ ਦੇ ਪ੍ਰਸ਼ਨਾਂ ਵਿਚੋਂ ਨਵੀਆਂ ਕੀਮਤਾਂ, ਮੁੱਲਾਂ ਦੀ ਪ੍ਰਾਪਤੀ ਕਰ ਸਕੇਗਾ। ਲੋਕ ਹਿਤ ਪਾਲਦੀਆਂ ਕਦਰਾਂ-ਕੀਮਤਾਂ ਦਾ ਮੁੱਲ ਪੈਣਾ ਜ਼ਰੂਰੀ ਹੈ। ਕਿਉਂ, ਕਿਵੇਂ, ਕੀ ਦੇ ਪ੍ਰਸ਼ਨਾਂ ਨੇ ਹੀ ਨਵੇਂ ਯੁੱਗ ਦੇ ਨਵੇਂ ਸੰਸਾਰ ਨੂੰ ਜਨਮ ਦੇਣਾ ਹੈ, ਜਿਸ ਵਿਚ ਨਾ ਆਤੰਕ ਨਾ ਧਾਰਮਿਕ ਪਰਪੰਚ, ਨਾ ਲੁੱਟ ਖਸੁੱਟ ਅਤੇ ਨਾ ਕੋਈ ਸਮੱਸਿਆ ਹੋਵੇਗੀ। (ਕੋਮਲ ''ਚੇਤਨਾ ਦੇ ਆਰ-ਪਾਰ ਤੇ ਹੋਰ ਨਿਬੰਧ" 105)

ਜਿਸ ਦਿਨ ਮਨੁੱਖ ਨੇ ਕਿਉਂ ਤੇ ਕਿ ਅਤੇ ਕਿਵੇਂ ਦਾ ਉੱਤਰ ਲੱਭਣ ਵੱਲ ਜੁੜ ਗਿਆ, ਸਮਝੋਂ ਸਮੱਸਿਆਵਾਂ ਦੇ ਖ਼ਾਤਮੇ ਦੀ ਸ਼ੁਰੂਆਤ ਹੋਣੀ ਸ਼ੁਰੂ ਹੋ ਜਾਵੇਗੀ।

**ਸਿੱਟਾ:-** ਡਾ. ਅਮਰ ਕੋਮਲ ਵਿਅਕਤਿਤਵ ਦੀ ਛਾਪ, ਉਸ ਦੀ ਹਰ ਲਿਖਤ ਵਿਚੋਂ ਅਨੁਭਵ ਕੀਤੀ ਜਾ ਸਕਦੀ ਹੈ। ਉਸ ਦੀ ਸ਼ੈਲੀ ਦੀ ਮੌਲਿਕਤਾ, ਉਸ ਦੇ ਪਾਠਕਾਂ ਦੇ ਮਨਾਂ ਉੱਪਰ ਅਮਿੱਟ ਵਿਦਵਤਾ ਭਰਪੂਰ ਛਾਪ ਛੱਡ ਜਾਂਦੀ ਹੈ। ਲੇਖਕ ਦੇ ਅਨੁਭਵ, ਗਿਆਨ, ਸੰਚਾਰਨ, ਨਵੀਂ-ਸੋਚ ਦਾ ਸੰਚਾਰਨ, ਅੱਤ ਗੂੜ੍ਹੀ ਅਨੁਭਵੀ ਵਿਚਾਰਧਾਰਾ ਦੇ ਸ਼ਬਦ ਸੰਦੇਸ਼ ਦੇ ਰਹੇ ਹਨ। ਉਸ ਦੀ ਲਿਖਤ ਵਿਚ ਜਿੱਥੇ ਗਿਆਨ-ਵਿਗਿਆਨ ਦੇ ਸੁਨੇਹੇ ਹਨ, ਉੱਥੇ ਸੱਚੇ-ਸੁੱਚੇ ਅੰਤਰਮੁਖੀ ਸਿਦਕ ਦੇ ਸੁਨੇਹੇ ਹਨ। ਪਾਠਕਾਂ ਨੂੰ ਉਂਗਲ ਫੜਕੇ ਤੋਰਦੇ ਹਨ। ਨਿਰਸੰਦੇਹ ਅਸੀਂ ਕਹਿ ਸਕਦੇ ਹਾਂ ਕਿ ਡਾ. ਅਮਰ ਕੋਮਲ ਦਾ ਕੋਈ ਨਿਬੰਧ ਪੜ੍ਹ ਲਵੋ ਸ਼ਬਦਾਂ ਦੀ ਮੌਲਿਕਤਾ ਸੁੰਦਰਤਾ ਅਤੇ ਸ਼ਕਤੀ ਦਾ ਅਹਿਸਾਸ ਹੁੰਦਾ ਹੈ। ਉਸ ਦੀ ਸਦਾ ਅਗਾਂਹਵਧੂ ਸੋਚ, ਸੁਨੇਹੇ ਉਸ ਦੇ ਨਿਬੰਧਾਂ ਦੀ ਸੁਹਾਵਣੀ ਪੈਦਾਵਾਰ ਹਨ, ਅਜੇ ਉਸ ਦੀ ਕਲਮ ਚੱਲ ਰਹੀ ਹੈ।

ਡਾ. ਅਮਰ ਕੋਮਲ ਦੇ ਜੀਵਨ ਦੀ ਦਾਰਸ਼ਨਿਕ ਵਿਚਾਰਧਾਰਾ ਦਾ ਮੂਲ ਉਦੇਸ਼ ਇਹ ਹੈ ਕਿ ਇਸ ਤੇਜ਼ ਰਫ਼ਤਾਰ ਗਿਆਨ-ਵਿਗਿਆਨ, ਕੰਪਿਊਟਰ, ਟੈਲੀਫ਼ੋਨ ਅਤੇ ਤਕਨਾਲੋਜੀ ਕਾਲ ਵਿਚ ਅੱਜ ਦੇ ਸਮਾਜ ਵਿਚ ਨੈਤਿਕ ਸਮੱਸਿਆਵਾਂ ਤੇ ਗਿਰਾਵਟਾਂ ਪੈਦਾ ਹੋ ਰਹੀਆਂ ਹਨ। ਵਿਗਿਆਨਕਤਾ ਦੀ ਵਿਚਾਰਧਾਰਾਈ ਸ਼ਕਤੀ ਨੂੰ ਸੁਮੇਲ ਕਰ ਕੇ ਅੰਦਰਲੇ ਨੂੰ ਤੰਦਰੁਸਤ ਬਣਾਇਆ ਜਾਵੇ ਤਾਂ ਹੀ ਹੈਵਾਨ ਬਣਨ ਤੋਂ ਰੋਕਿਆ ਜਾ ਸਕਦਾ ਹੈ। ਮਨ ਬੁੱਧੀ ਅਤੇ ਆਤਮਾ ਦੇ ਚੇਤਨ ਰੂਪ ਤਾਂ ਹੀ ਹੋ ਸਕਦਾ ਹੈ, ਜੇਕਰ ਅਸੀਂ ਉੱਚੀਆਂ-ਸੁੱਚੀਆਂ ਸਾਕਾਰਾਤਮਕ ਮਨੋਂ ਪ੍ਰਵਿਰਤੀਆਂ ਨੂੰ ਆਪਣੇ ਜੀਵਨ ਦੀ ਨਰੋਈ ਸ਼ੈਲੀ ਬਣਾਉਂਦੇ ਹਾਂ।

ਡਾ. ਅਮਰ ਕੋਮਲ ਦੀ ਸਪਸ਼ਟ ਧਾਰਨਾ ਹੈ ਕਿ ਪੁਰਾਤਨ ਦਾਰਸ਼ਨਿਕ ਵਿਚਾਰਾਂ ਨੂੰ ਵਿਗਿਆਨਕ ਸੋਚ ਅਨੁਸਾਰ ਨਵਾਂ ਸਾਰਥਕ ਸਰੂਪ ਪ੍ਰਦਾਨ ਕਰਦਾ ਹੈ ਤੇ ਨਵਾਂ ਵਾਯੂ ਮੰਡਲ ਸਿਰਜਦਾ ਹੈ। ਇਸ ਲਈ ਉਸ ਨੇ ਆਪਣੀ ਭਾਸ਼ਾ ਦੀਆਂ, ਜੋ ਵੀ ਕਲਾਤਮਕ ਜੁਗਤਾਂ ਗ੍ਰਹਿਣ ਕੀਤੀਆਂ ਹਨ ਉਹ ਸਹਿਜੇ ਹੀ ਭਾਸ਼ਾ ਨੂੰ ਭਾਵਾਂ, ਸੰਵੇਦਨਾਵਾਂ ਅਤੇ ਭਾਵਨਾ ਵਿਚ ਰੰਗ ਕੇ, ਔਖੇ ਵਿਸ਼ੇ ਨੂੰ ਰਮਣੀਕ ਬਣਾ ਦਿੰਦਾ ਹੈ। ਇਸ ਅਧਿਆਇ ਵਿਚ 2011 ਤੋਂ ਲੈ ਕੇ 2018 ਈ ਤੱਕ ਦੇ ਨਿਬੰਧ ਸੰਗ੍ਰਹਿ ਵਿਚਲੇ ਨਿਬੰਧਾਂ ਦੇ ਵਸਤੂ ਤੱਤ ਅਤੇ ਅਭਿਵਿਅਕਤੀ ਕਲਾ ਦੇ ਸਾਹਿਤਕ ਵਿਧਾ ਵਿਧਾਨ ਅਨੁਸਾਰ ਡਾ. ਅਮਰ ਕੋਮਲ ਦੇ ਨਿਬੰਧਾਂ ਦਾ ਸਵਿਸਤਾਰ ਮੁਲਾਂਕਣ ਕਰਦਿਆਂ ਸਪਸ਼ਟ ਨਿਰਨੇ ਲਏ ਹਨ, ਪਰ ਪ੍ਰਗਤੀਵਾਦੀ ਸੋਚ ਅਧੀਨ ਸਪਸ਼ਟਵਾਦੀ ਦ੍ਰਿਸ਼ਟੀਕੋਣ ਤੋਂ ਡਾ. ਅਮਰ ਕੋਮਲ ਦੇ ਨਿਬੰਧਾਂ ਵਿਚ, ਉਹ ਸੁਝਾਅ, ਪ੍ਰੇਰਨਾ ਅਤੇ ਸੁਨੇਹੇ ਸੰਚਾਰਦੇ ਹਨ, ਜਿਹੜੇ ਪਾਠਕਾਂ ਦੇ ਦਿਲ ਦਿਮਾਗ਼ ਨੂੰ ਪ੍ਰਭਾਵਿਤ ਕਰਦੇ ਹਨ।

# ਅਧਿਆਇ ਤੀਜਾ

## ਡਾ. ਕਰਨੈਲ ਸਿੰਘ ਸੋਮਲ ਦੀ ਨਿਬੰਧਕਾਰੀ: ਵਿਧਾ-ਸ਼ਾਸਤਰੀ ਅਧਿਐਨ

ਇੱਕੀਵੀਂ ਸਦੀ ਨੂੰ ਉੱਤਰ-ਆਧੁਨਿਕਤਾ ਦਾ ਯੁੱਗ ਕਿਹਾ ਜਾਂਦਾ ਹੈ। ਜਿਉਂ-ਜਿਉਂ ਸਮਾਂ ਬੀਤਿਆਂ, ਇਸ ਵਿਚ ਪਿਛਲੇ ਯੁੱਗ ਨਾਲੋਂ ਕਾਫ਼ੀ ਪਰਿਵਰਤਨ ਆਏ। ਮੀਡੀਆ ਪਹਿਲਾਂ ਦੇ ਮੁਕਾਬਲੇ ਵਧੇਰੇ ਸ਼ਕਤੀਸ਼ਾਲੀ ਰੂਪ ਵਿਚ ਉੱਤਰਿਆ। ਗਿਆਨ ਦੀ ਥਾਂ ਸੂਚਨਾ ਨੇ ਮਹੱਤਤਾ ਨੂੰ ਗ੍ਰਹਿਣ ਕੀਤਾ। ਉੱਤਰ-ਆਧੁਨਿਕ ਸਥਿਤੀ ਉਹ ਵਿਸ਼ੇਸ਼ ਸਥਿਤੀ ਹੈ, ਜਿਸ ਵਿਚ ਸੂਚਨਾ ਤਕਨਾਲੋਜੀ ਦਾ ਵਿਸਥਾਰ ਹੋਇਆ। ਕੰਪਿਊਟਰ ਤੇ ਸੰਚਾਰ ਮਾਧਿਅਮ ਨੇ ਵੱਡਾ ਇਨਕਲਾਬ ਲਿਆਉਣ ਵਿਚ ਆਪਣਾ ਯੋਗਦਾਨ ਪਾਇਆ। ਜਿਸ ਵਿਚ ਮਸ਼ੀਨ ਦੀ ਥਾਂ ਸੰਚਾਰ ਨੇ ਲੈ ਲਈ ਹੈ, ਜੇਕਰ ਦੇਖਿਆ ਜਾਵੇ ਤਾਂ ਵਿਚਾਰਧਾਰਕ ਤੌਰ 'ਤੇ ਨਵੇਂ-ਨਵੇਂ ਸੰਕਲਪ ਅਤੇ ਅਰਥ ਗ੍ਰਹਿਣ ਕਰਨ ਲੱਗਦੇ ਹਨ।

ਸੰਚਾਰ ਦੇ ਨਵੇਂ-ਨਵੇਂ ਸਾਧਨਾਂ ਨੇ ਦੂਰ ਦੁਰਾਡੇ ਬੈਠੇ ਮਨੁੱਖਾਂ ਨੂੰ ਆਪਸ ਵਿਚ ਬਹੁਤ ਨਜ਼ਦੀਕ ਲਿਆ ਕੇ ਖੜ੍ਹਾ ਕਰ ਦਿੱਤਾ ਹੈ, ਪਰ ਕੀ ਆਧੁਨਿਕ ਯੁੱਗ ਪਹਿਲਾਂ ਨਾਲੋਂ ਬਿਹਤਰ ਨਤੀਜੇ ਸਾਡੇ ਸਾਹਮਣੇ ਲੈ ਕੇ ਆਇਆ।ਇਸ ਵਿਚ ਕੋਈ ਦੋ ਰਾਏ ਨਹੀਂ ਹੈ, ਪ੍ਰੰਤੂ ਇਸ ਯੁੱਗ ਨੇ ਕਿਤੇ-ਨਾ-ਕਿਤੇ ਹੱਦਬੰਦੀਆਂ ਨੂੰ ਵੀ ਤੋੜਿਆ ਹੈ। ਅੱਜ ਸਾਂਝੇ ਪਰਿਵਾਰ ਟੁੱਟਦੇ ਜਾ ਰਹੇ ਹਨ, ਰਿਸ਼ਤੇ ਤਿੜਕ ਰਹੇ ਹਨ, ਤਲਾਕਾਂ ਦੀ ਗਿਣਤੀ ਵੱਧ ਰਹੀ ਹੈ, ਵੇਸਵਾ ਪੁਣਾ ਤੇ ਵਿਭਚਾਰ ਵੱਧ ਰਿਹਾ ਹੈ, ਜਿਸਮਾਂ ਦਾ ਵਪਾਰੀਕਰਨ ਹੋ ਰਿਹਾ ਹੈ। ਅਨੇਕਾਂ ਹੋਰ ਸਮਾਜਿਕ ਬੁਰਾਈਆਂ, ਚਿੰਤਾਵਾਂ, ਅਸੰਤੁਸ਼ਟਤਾ, ਵਿਸ਼ਵਾਸਘਾਤ, ਬਲਾਤਕਾਰ ਤੇ ਕਤਲ ਵਰਗੀਆਂ ਅਣਮਨੁੱਖੀ ਵਾਰਦਾਤਾਂ ਵਿਚ ਬੇਤਹਾਸ਼ਾ ਵਾਧਾ ਹੋ ਰਿਹਾ ਹੈ। ਕਦਰਾਂ-ਕੀਮਤਾਂ ਅਤੇ ਜ਼ਿੰਮੇਵਾਰੀਆਂ ਪੱਖੋਂ ਪੂਰਾ ਸਮਾਜਿਕ ਤਾਣਾ-ਬਾਣਾ ਤਹਿਸ-ਨਹਿਸ ਹੁੰਦਾ ਜਾ ਰਿਹਾ ਹੈ। ਅੱਜ ਸਾਡੇ ਘਰ (Home) ਕੇਵਲ ਮਕਾਨ (House) ਬਣ ਕੇ ਰਹਿ ਗਏ ਹਨ।ਘਰਾਂ ਵਿਚ ਨਾ ਹੀ ਸ਼ਾਂਤੀ ਹੈ, ਨਾ ਹੀ ਉਹ ਸੁੱਖ। ਉੱਚੇ-ਸੁੱਚੇ ਜੀਵਨ ਲਈ ਜ਼ਰੂਰੀ ਕਦਰਾਂ-ਕੀਮਤਾਂ, ਖਿਮਾ,

ਸੰਜਮ, ਸੰਤੋਖ, ਸਬਰ, ਸਮਾਜ ਸੇਵਾ, ਸਚਾਈ ਅਲੋਪ ਹੋ ਰਹੀਆਂ ਹਨ। ਉਨ੍ਹਾਂ ਦੀ ਜਗ੍ਹਾ ਲਾਲਚ, ਈਰਖਾ, ਕਾਮ, ਕ੍ਰੋਧ, ਹੰਕਾਰ, ਝੂਠ, ਚਾਪਲੂਸੀ ਆਦਿ ਮਨੁੱਖੀ ਜੀਵਨ ਦਾ ਹਿੱਸਾ ਬਣ ਗਏ ਹਨ, ਜਿਨ੍ਹਾਂ ਦੀ ਵਜ੍ਹਾ ਕਰ ਕੇ ਅੱਜ ਸਮਾਜ ਵਿਚ ਅਨੇਕਾਂ ਬੁਰਾਈਆਂ ਸਮੱਸਿਆਵਾਂ ਜਨਮ ਲੈ ਰਹੀਆਂ ਹਨ:

- ਖ਼ੁਸ਼ਹਾਲ ਜੀਵਨ ਦੀ ਅਣਹੋਂਦ ਖ਼ਤਮ ਹੁੰਦੀ ਜਾ ਰਹੀ ਹੈ।
- ਘਰੇਲੂ ਕਲੇਸ਼ ਵਧਣ ਦੇ ਕਾਰਨ ਟੁੱਟਦੇ ਪਰਿਵਾਰ।
- ਨਾ ਬਰਾਬਰੀ ਕਾਰਨ ਪੈਦਾ ਹੋ ਰਿਹਾ, ਸਮਾਜਿਕ ਤਣਾਅ।
- ਬੁਨਿਆਦੀ ਜ਼ਰੂਰਤਾਂ ਦੀ ਘਾਟ।
- ਖਪਤ ਸਭਿਆਚਾਰ ਕਾਰਨ ਵੱਧ ਰਿਹਾ ਸਮਾਜਿਕ ਖੋਖਲ਼ਾਪਣ।
- ਭਰੂਣ ਹੱਤਿਆਵਾਂ।
- ਆਚਰਨ ਦੇ ਪੱਖੋਂ ਫੈਲ ਰਹੀ ਅਨੈਤਿਕਤਾ।
- ਬੇਰੁਜ਼ਗਾਰੀ।
- ਗਵਾਚ ਦੀ ਮਾਨਵਤਾ।
- ਨਸ਼ਿਆਂ ਦਾ ਵਧਦਾ ਸੇਵਨ।

ਤਿੜਕਦੇ ਪਰਿਵਾਰ ਅਤੇ ਖ਼ਤਮ ਹੁੰਦੀ ਪਰਿਵਾਰਾਂ ਵਿਚਲੀ ਸਾਂਝੀਵਾਲਤਾ ਨੇ ਕਿਤੇ ਨਾ ਕਿਤੇ ਨੈਤਿਕ ਕਦਰਾਂ-ਕੀਮਤਾਂ ਦਾ ਵੀ ਘਾਣ ਕੀਤਾ ਹੈ। ਇਕੱਲੇ ਪਰਿਵਾਰ ਵਿਚ ਪਲ਼ੇ ਬੱਚਿਆਂ ਵਿਚ ਨੈਤਿਕਤਾ ਦੀ ਘਾਟ ਦੇਖੀ ਜਾ ਸਕਦੀ ਹੈ। ਜੋ ਗੁਣ ਉਹ ਆਪਣੇ ਸਾਂਝੇ ਪਰਿਵਾਰਾਂ ਵਿਚ ਦਾਦਾ-ਦਾਦੀ, ਚਾਚਾ-ਚਾਚੀ ਆਦਿ ਤੋਂ ਗ੍ਰਹਿਣ

ਕਰਦੇ ਸੀ, ਉਹ ਅੱਜ ਗਵਾਚ ਗਏ ਹਨ ਤੇ ਉਨ੍ਹਾਂ ਨੂੰ ਲੱਭਣ ਦੀ ਲੋੜ ਹੈ। ਨੈਤਿਕਤਾ ਕਦਰਾਂ-ਕੀਮਤਾਂ ਤੇ ਅਧਾਰਿਤ ਸਮਾਜ ਹੀ ਮਾਨਵ-ਹਿਤੈਸ਼ੀ ਸਿੱਧ ਹੋ ਸਕਦਾ ਹੈ। ਅਜਿਹੇ ਨੈਤਿਕ ਕਦਰਾਂ-ਕੀਮਤਾਂ ਨਾਲ ਭਰਪੂਰ ਸਮਾਜ ਵਿਚ ਹੀ ਮਨੁੱਖ ਸੁਰੱਖਿਅਤ ਤੇ ਸੁਤੰਤਰ ਮਹਿਸੂਸ ਕਰਨ ਦੇ ਯੋਗ ਬਣ ਸਕਦਾ ਹੈ 'ਤੇ ਅਜੋਕੇ ਦੌਰ ਵਿਚ ਵਾਰਤਕ ਇੱਕ ਮਹੱਤਵਪੂਰਨ ਰੋਲ ਅਦਾ ਕਰ ਰਹੀ ਹੈ। ਅੱਜ ਵਾਰਤਕ ਦਾ ਉਦੇਸ਼ ਮਨੁੱਖ ਨੂੰ ਮੁੜ ਉਸ ਦੇ ਆਪੇ ਨਾਲ ਜੋੜਨਾ ਹੈ, ਜਿਨ੍ਹਾਂ ਤੋਂ ਉਹ ਦੂਰ ਜਾ ਚੁੱਕਿਆ ਹੈ। ਰੁਝੇਵਿਆਂ ਭਰਪੂਰ ਇਸ ਜ਼ਿੰਦਗੀ ਵਿਚ, ਜਿੱਥੇ ਸਿਰਫ਼ ਉਹ ਮਾਨਸਿਕ ਪਰੇਸ਼ਾਨੀਆਂ ਨਾਲ ਜੂਝਦਾ ਹੋਇਆ ਦਿਖਾਈ ਦਿੰਦਾ ਹੈ। ਨਿਬੰਧ ਜਿਸ ਨੂੰ ਗਿਆਨ-ਵਿਗਿਆਨ ਦਾ ਸਾਧਨ ਕਿਹਾ ਜਾਂਦਾ ਹੈ, ਇਹ ਕਿਤੇ ਨਾ ਕਿਤੇ ਅਜੋਕੇ ਮਨੁੱਖ ਨੂੰ ਸਮਾਜਿਕ ਅਤੇ ਮਾਨਸਿਕ ਪ੍ਰੇਸ਼ਾਨੀਆਂ ਵਿਚੋਂ ਕੱਢ ਕੇ, ਉਸ ਵਿਚ ਅਨੇਕਾਂ ਗੁਣਾਂ ਦਾ ਵਿਸਤਾਰ ਕਰ ਕੇ, ਸਮਾਜਿਕ ਸਮੱਸਿਆਵਾਂ ਨਾਲ ਜੂਝਣ ਦੀ ਪ੍ਰੇਰਨਾ ਦਿੰਦਾ ਹੈ। ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਸਰਗਰਮ ਨਿਬੰਧਕਾਰਾਂ ਵਿਚੋਂ ਡਾ. ਕਰਨੈਲ ਸਿੰਘ ਸੋਮਲ ਅਹਿਮ ਸਥਾਨ ਰੱਖਦਾ ਹੈ। ਡਾ. ਕਰਨੈਲ ਸਿੰਘ ਸੋਮਲ ਨੇ ਵਾਰਤਕ, ਪਾਠ-ਪੁਸਤਕਾਂ ਲਈ ਪਾਠ ਅਤੇ ਬਾਲ-ਸਾਹਿਤ ਲਿਖਦਿਆਂ ਹੋਇਆ, ਕਹਾਣੀਆਂ ਤੇ ਕਵਿਤਾਵਾਂ ਵੀ ਲਿਖੀਆਂ। ਲੇਖਕ ਨੇ ਸਵੈ-ਜੀਵਨੀ, ਜੀਵਨੀਆਂ ਤੇ ਸਫ਼ਰਨਾਮਾ, ਸੰਪਾਦਨ ਕਾਰਜ, ਪੁਸਤਕਾਂ ਤੇ ਅਖ਼ਬਾਰਾਂ ਲਈ ਰੀਵਿਊ ਲਿਖੇ ਅਤੇ ਬਹੁਤ ਸਾਰੀਆਂ ਪੁਸਤਕਾਂ ਦੇ ਮੁੱਖ-ਬੰਧ ਵਾਰਤਕ ਵਿਚ ਹੀ ਲਿਖੇ।

ਹਥਲੇ ਖੋਜ ਕਾਰਜ ਅਧੀਨ ਡਾ. ਕਰਨੈਲ ਸਿੰਘ ਸੋਮਲ ਦੇ ਨਿਬੰਧ ਸਾਹਿਤ ਦਾ ਅਧਿਐਨ ਕਰਦਿਆਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਲੇਖਕ ਨੇ ਵਿਭਿੰਨ ਵਿਸ਼ਿਆਂ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਲੇਖਕ ਭਲਾ ਕਰਨ ਵਾਲਾ ਅਤੇ ਅਦੁੱਤੀ ਖਿੱਚ ਵਰਗੇ ਸਾਹਿਤ ਦੇ ਸ੍ਰੇਸ਼ਟ ਗੁਣਾਂ ਨੂੰ ਆਪਣੇ ਵਿਚ ਸਮੇਟਣ ਵਿਚ ਕਾਮਯਾਬ ਹੈ। ਉਨ੍ਹਾਂ ਵੱਲੋਂ ਚੁਣੇ ਗਏ ਵਿਸ਼ਿਆਂ ਦੀ ਵੰਨ-ਸੁਵੰਨਤਾ ਪੰਜਾਬੀ ਸਾਹਿਤ ਨੂੰ ਕਲਿਆਣਕਾਰੀ ਤਾਂ ਬਣਾਈ ਰੱਖਦਾ ਹੈ ਨਾਲ-ਨਾਲ ਅਨੰਦ ਮਈ ਬਣਾਈ ਰੱਖਣ ਦੀ ਯੋਗਤਾ ਵੀ ਰੱਖਦਾ ਹੈ। ਆਧੁਨਿਕ ਯੁੱਗ ਵਿਚ ਰੁਝੇਵਿਆਂ ਭਰਪੂਰ ਜੀਵਨ ਵਿਚੋਂ ਲੇਖਕ ਕਿਸੇ ਸੁਨਹਿਰੀ ਕਿਰਨ ਦੀ ਭਾਲ ਵਿਚ ਹੈ।

ਵਾਰਤਕਕਾਰ ਵਜੋਂ ਕਰਨੈਲ ਸਿੰਘ ਸੋਮਲ ਨੇ ਆਪਣਾ ਸਾਹਿਤਕ ਸਫ਼ਰ 1977-78 ਤੋਂ ਸ਼ੁਰੂ ਕੀਤਾ। ਲੇਖਕ ਦੀ ਨਿਬੰਧਾਂ ਦੀ ਪਹਿਲੀ ਪੁਸਤਕ 'ਜ਼ਿੰਦਗੀ ਉਤਸਵ' ਹੈ 1998 ਈ: ਵਿਚ ਪ੍ਰਕਾਸ਼ਿਤ ਹੋਈ। ਵਾਰਤਕ ਦੇ ਖੇਤਰ ਵਿਚ ਉਹ ਆਪਣੀ ਮਿਹਨਤ ਤੇ ਲਗਨ ਸਦਕਾ ਇਹੋ ਜਿਹੀ ਮੰਜ਼ਿਲ ਤੇ ਪਹੁੰਚ ਚੁੱਕਾ ਹੈ ਕਿ ਵਾਰਤਕਕਾਰਾਂ ਦੀ ਲੜੀ ਵਿਚ ਕਰਨੈਲ ਸਿੰਘ ਸੋਮਲ ਕਿਸੇ ਪਹਿਚਾਣ ਦੀ ਮੁਥਾਜ ਨਹੀਂ ਹੈ।

> ਡਾ. ਜਸਪਾਲ ਸਿੰਘ ਅਨੁਸਾਰ: ਸੋਮਲ ਦੇ ਲੇਖਾਂ ਦਾ ਸਭ ਤੋਂ ਵੱਡਾ ਗੁਣ ਸਹਿਜ, ਸਰਲਤਾ ਅਤੇ ਸੰਤੁਲਨ ਹੈ। ਸੋਮਲ ਆਪਣੀ ਸ਼ਖ਼ਸੀਅਤ ਵਿਚ ਵੀ ਇਹ ਤਿੰਨੇ ਗੁਣ ਭਾਰੂ ਹਨ। ਲੰਬੇ ਬੌਧਿਕ ਅਭਿਆਸ ਅਤੇ ਗੰਭੀਰ ਸੋਚ ਤੋਂ ਮਗਰੋਂ ਹੀ ਇਹ ਗੁਣ ਬੰਦੇ ਨੂੰ ਪ੍ਰਾਪਤ ਹੁੰਦੇ ਹਨ। (ਸੋਮਲ ''ਜੀਵਨ ਜੁਗਤਾਂ ਦੀ ਤਲਾਸ਼'' 3)

ਵਿਧਾ-ਸ਼ਾਸਤਰੀ ਅਧਿਐਨ ਦੀ ਦ੍ਰਿਸ਼ਟੀ ਤੋਂ ਪਰਖਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਕਿਸੇ ਵੀ ਵਿਧਾ ਦਾ ਪ੍ਰਮੁੱਖ ਤੱਤ ਉਸ ਦਾ ਉਦੇਸ਼ ਹੁੰਦਾ ਹੈ। ਇਸੇ ਲਈ ਸਭ ਤੋਂ ਪਹਿਲਾਂ ਕਰਨੈਲ ਸਿੰਘ ਸੋਮਲ ਦੇ ਨਿਬੰਧਾਂ ਦੇ ਉਦੇਸ਼ਾਂ ਨੂੰ ਨਿਬੰਧਾਂ ਦੇ ਵਿਸ਼ਿਆਂ ਦੇ ਸੰਦਰਭ ਵਿਚ ਵਿਚਾਰਿਆ ਗਿਆ ਹੈ।

**ਵਿਸ਼ਾ ਜਾਂ ਮੰਤਵ:-** ਹਰ ਸਾਹਿਤਕਾਰ ਦੀ ਰਚਨਾ ਕਿਸੇ ਨਾ ਕਿਸੇ ਮੰਤਵ ਨੂੰ ਲੈ ਕੇ ਲਿਖੀ ਜਾਂਦੀ ਹੈ। ਲੇਖਕ ਦੇ ਮਨ ਵਿਚ ਵਿਸ਼ੇ ਦੀ ਉਤਪਤੀ ਅਤੇ ਵਿਕਾਸ ਲੇਖਕ ਦੇ ਮਨ ਦੀ ਪੈਦਾਵਾਰ ਹੁੰਦਾ ਹੈ। ਵਿਸ਼ੇ ਸੰਬੰਧੀ ਲੇਖਕ ਦੇ ਮਨ ਵਿਚ, ਜੋ ਕੁੱਝ ਘਟਿਤ ਹੁੰਦਾ ਹੈ, ਦੁੱਖ-ਸੁੱਖ, ਮੁਸੀਬਤ ਜਾਂ ਸੰਤੁਸ਼ਟੀ, ਭੁੱਖ, ਤ੍ਰਿਪਤੀ, ਖ਼ਤਰਾ, ਸੁਰੱਖਿਆ, ਆਤੰਕ ਜਾਂ ਅਮਨ, ਨਿੱਜੀ ਜਾਂ ਸਮਾਜ ਵਿਚ ਕੋਈ ਸਮੱਸਿਆ ਵਾਪਰਦੀ ਹੈ ਤਾਂ ਲੇਖਕ ਉਸ ਸੰਬੰਧੀ ਸੋਚਦਾ ਹੈ, ਚਿੰਤਨ ਕਰਦਾ ਹੈ। ਮਸਲੇ ਨੂੰ ਹੱਲ ਕਰਨ ਲਈ ਆਪਣੀ ਵਿਚਾਰਧਾਰਾ ਅਨੁਸਾਰ ਸਾਹਿਤ ਰਚਦਾ ਹੈ ਭਾਵੇਂ ਸਾਹਿਤ ਦਾ ਕੋਈ ਰੂਪ ਹੋਵੇ। ਉਹ ਰਚਨਾ ਦਾ ਵਿਸ਼ਾ ਹੁੰਦਾ ਹੈ। ਲੇਖਕ ਦੇ ਮਨ ਵਿਚ, ਜਦ ਵਿਸ਼ਾ ਉਸ ਦੀ ਪ੍ਰਕਿਰਤੀ ਸੁਭਾਅ ਦਾ ਅੰਗ ਬਣ ਕੇ ਉਸ ਦੇ ਮਨ ਮੰਥਨ ਵਿਚ ਵਿਚਾਰ ਰੂਪ ਧਾਰਨ ਕਰਦਾ ਹੈ ਤਾਂ ਉਹ ਸਾਹਿਤ

ਦੇ ਕਿਸੇ ਰੂਪ ਵਿਚ, ਆਪਣੇ ਮਨ ਦੇ ਭਾਵਾਂ ਨੂੰ ਹਲਕਾ ਕਰਨ ਲਈ ਰਚਨਾ ਕਰਦਾ ਹੈ। ਇੰਝ ਲੇਖਕ ਦੀ ਰਚਨਾ ਵਿਚ ਵਿਸ਼ਾ ਜਨਮ ਲੈਂਦਾ ਹੈ। ਨਿਬੰਧ ਦਾ ਵਿਸ਼ਾ ਧਰਤੀ ਤੋਂ ਆਕਾਸ਼ ਤੱਕ ਕਿਸੇ ਨਿੱਕੀ ਤੋਂ ਨਿੱਕੀ ਗੱਲ ਤੋਂ ਲੈ ਕੇ ਮਨੁੱਖੀ ਜੀਵਨ ਨਾਲ ਸੰਬੰਧਿਤ ਵੱਡੇ ਤੋਂ ਵੱਡੇ ਸੁਆਲ ਜਾਂ ਸਿਧਾਂਤ ਤੱਕ ਹੋ ਸਕਦਾ ਹੈ। ਨਿਬੰਧਕਾਰ ਦੀ ਵਡਿਆਈ ਇਸ ਵਿਚ ਹੈ ਕਿ ਉਹ ਨਿਗੂਣੀ (ਛੋਟੀ ਤੋਂ ਛੋਟੀ) ਗੱਲ ਨੂੰ ਆਪਣੇ ਨਿਬੰਧ ਦਾ ਵਿਸ਼ਾ ਬਣਾਵੇ, ਪਰ ਆਪਣੇ ਅਨੁਭਵ ਤੇ ਚਿੰਤਨ ਦੇ ਲਿਸ਼ਕਾਰਿਆਂ ਨਾਲ ਸੰਬੰਧਿਤ ਵਿਸ਼ੇ ਨੂੰ ਮਹੱਤਵਪੂਰਨ ਸਿੱਧ ਕਰੇ। ਇਹ ਲੇਖਕ ਦੀ ਯੋਗਤਾ ਉੱਪਰ ਨਿਰਭਰ ਕਰਦਾ ਹੈ ਕਿ ਆਪਣੇ ਵਿਸ਼ੇ ਨਾਲ ਇਨਸਾਫ਼ ਕਰਦਾ ਹੈ ਜਾਂ ਲੋਕ ਮਾਨਸ ਵਿਚ ਜ਼ਹਿਰ ਘੋਲਦਾ ਹੈ

ਲੇਖਕ ਦੇ ਦੂਜੇ ਦਹਾਕੇ ਦੇ ਨਿਬੰਧ 'ਸਾਡੇ ਅੰਬਰਾਂ ਦੇ ਤਾਰੇ', 'ਜ਼ਿੰਦਗੀ ਦੀ ਰੌਣਕ', 'ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆਂ', 'ਵਕਤ ਬਦਲ ਗਏ' ਆਦਿ ਪੁਸਤਕਾਂ ਵਿਚ ਰਚੇ ਨਿਬੰਧਾਂ ਵਿਚ ਪੇਸ਼ ਜੀਵਨ ਜਾਚ ਨਾਲ ਸੰਬੰਧਿਤ ਨਿਬੰਧ ਉੱਭਰ ਕੇ ਸਾਹਮਣੇ ਆਉਂਦੇ ਹਨ। ਨਿਬੰਧ ਕੇਵਲ ਜ਼ਿੰਦਗੀ ਦੀ ਵਾਸਤਵਿਕਤਾ ਨੂੰ ਸਮਝਣ ਸਮਝਾਉਣ ਤੱਕ ਹੀ ਸੀਮਤ ਨਹੀਂ ਹੁੰਦੇ, ਬਲਕਿ ਇੱਕ ਸਾਵੀ ਪੱਧਰੀ ਤੇ ਖ਼ੁਸ਼ਹਾਲ ਜ਼ਿੰਦਗੀ ਦੇ ਅਰਥਾਂ ਦਾ ਖ਼ੁਲਾਸਾ ਵੀ ਕਰਦੇ ਹਨ। ਲੇਖਕ ਦੇ ਨਿਬੰਧਾਂ ਦੇ ਵਿਸ਼ੇ ਮਨੁੱਖ ਨੂੰ ਜ਼ਿੰਦਗੀ ਦੇ ਭੇਦਾਂ ਨੂੰ ਸਮਝਣ ਤੇ ਸਮਝਾਉਣ ਦੀ ਪ੍ਰੇਰਨਾ ਦਿੰਦੇ ਹਨ, ਉਹ ਹਰ ਗੱਲ ਨੂੰ ਬੜੀ ਦੀਰਘ ਦ੍ਰਿਸ਼ਟੀ ਨਾਲ ਅਤੇ ਆਪਣੇ ਹਰ ਵਿਚਾਰ ਨੂੰ ਪੂਰੇ ਤਰਕ ਤੇ ਦਲੀਲ ਨਾਲ ਪੇਸ਼ ਕਰਦੇ ਹਨ ਅਤੇ ਮਨੁੱਖ ਨੂੰ ਨਿਰੰਤਰ ਕਾਰਜਸ਼ੀਲ ਰਹਿਣ ਦੀ ਪ੍ਰੇਰਨਾ ਦਿੰਦੇ ਹਨ। ਲੇਖਕ ਦੇ ਨਿਬੰਧਾਂ ਵਿਚ ਪੇਸ਼ ਵਿਸ਼ਿਆਂ ਦੀ ਭਿੰਨਤਾ ਉੱਪਰ ਵਿਚਾਰ ਕਰਦਿਆਂ ਲੇਖਕ ਦੀਆਂ ਪੁਸਤਕਾਂ ਵਿਚ ਪ੍ਰਮੁੱਖ ਤੌਰ ਤੇ ਜੋ ਵਿਸ਼ੇ ਉੱਭਰ ਕੇ ਸਾਹਮਣੇ ਆਉਂਦੇ ਹਨ। ਉਨ੍ਹਾਂ ਵਿਚ ੳ) ਜੀਵਨ ਜਾਚ ਅ) ਪਰਿਵਾਰਕ ਸਭਿਅਤਾ ੲ) ਇਸਤਰੀ ਪੱਖ ਸ) ਨੈਤਿਕ ਕਦਰਾਂ-ਕੀਮਤਾਂ ਹ) ਪ੍ਰੇਰਨਾਦਾਇਕ ਨਿਬੰਧ ਕ) ਸਮਕਾਲੀ ਸਰੋਕਾਰ ਜਿਵੇਂ ਨਸ਼ੇ, ਵਾਤਾਵਰਣ, ਲਿੰਗ ਵਖਰੇਵੇਂ ਆਦਿ, ਜੋ ਅੱਜ ਦੇ ਸਮਾਜ ਦੇ ਸਭ ਤੋਂ ਭਖਦੇ ਮਸਲੇ ਹਨ ਆਦਿ ਬਾਰੇ ਲੇਖਕ ਆਪਣੇ ਵਿਚਾਰਾਂ ਰਾਹੀਂ ਇੱਕ ਸੁਚੱਜੀ ਤੇ ਆਸ਼ਾਵਾਦੀ ਸੋਚ ਨਾਲ ਮਨੁੱਖ ਨੂੰ ਜੋੜਦਾ ਹੈ।

## 1) ਵਿਸ਼ਾ-ਵਸਤੂ ਅਤੇ ਦ੍ਰਿਸ਼ਟੀਕੋਣ

**ੳ) ਜੀਵਨ ਜਾਚ:-**

> ਪੰਜਾਬੀ ਕੋਸ਼ ਅਨੁਸਾਰ ਜਾਚ ਤੋਂ ਭਾਵ ਹੈ: ਢੰਗ, ਤਰੀਕਾ, ਵੱਲ। (ਜੋਗਾ ਸਿੰਘ ''ਪੰਜਾਬੀ ਪੀਡੀਆ")

ਉਪਰੋਕਤ ਪਰਿਭਾਸ਼ਾ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਕਿਸੇ ਵੀ ਕੰਮ ਨੂੰ ਕਰਨ ਲਈ ਵਰਤੇ ਗਏ ਢੰਗ ਤਰੀਕੇ, ਸਲੀਕਾ ਆਦਿ ਕਿਸੇ ਚੀਜ਼ ਦੀ ਪਰਖ ਕਰਨਾ, ਉਸ ਇਮਤਿਹਾਨ ਦੀ ਘੜੀ ਚੋਂ ਬਾਹਰ ਨਿਕਲਣ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ, ਵਰਤੀਆਂ ਗਈਆਂ ਤਰਕੀਬਾਂ ਆਦਿ ਨੂੰ ਜੀਵਨ ਜਾਚ ਕਿਹਾ ਜਾਂਦਾ ਹੈ। ਜੀਵਨ ਜਾਚ ਇਸ ਜੀਵਨ ਵਿਚੋਂ ਹੀ ਸਿੱਖੀ ਅਤੇ ਜੀਵਨ ਦੇ ਪ੍ਰਸੰਗ ਵਿਚੋਂ ਹੀ, ਇਸ ਨੂੰ ਸਮਝਿਆ ਤੇ ਸਲਾਹਿਆ ਜਾ ਸਕਦਾ ਹੈ।

ਸਿਰਜਣਹਾਰ ਵੱਲੋਂ ਸਿਰਜੀ ਗਈ ਇਹ ਦੁਨੀਆ ,ਬਹੁ-ਪੱਖੀ ਅਤੇ ਬਹੁ-ਪਰਤੀ ਹੈ, ਜਿਵੇਂ ਮਨੁੱਖ ਦੇ ਚਿਹਰੇ ਵੱਖੋ-ਵੱਖਰੇ ਹਨ, ਬਿਲਕੁਲ ਉਸੀ ਤਰ੍ਹਾਂ ਉਸ ਦੇ ਸੁਭਾਅ, ਜੀਵਨ ਪ੍ਰਤੀ ਉਸ ਦਾ ਨਜ਼ਰੀਆ ਅਤੇ ਸ਼ਖ਼ਸੀਅਤਾਂ ਵੀ ਵੱਖੋ-ਵੱਖਰੀਆਂ ਹੁੰਦੀਆਂ ਹਨ। ਮਨੁੱਖੀ, ਸ਼ਖ਼ਸੀਅਤ ਦੇ ਦੋ ਪ੍ਰਮੁੱਖ ਪੱਖ ਹੁੰਦੇ ਹਨ, ਇੱਕ ਤਾਂ ਉਹ ਜਿਹੜਾ ਉਸ ਦੇ ਵੱਸ ਵਿਚ ਨਹੀਂ ਹੁੰਦਾ ਭਾਵ ਕੋਈ ਵਿਅਕਤੀ ਕਿਸ ਸਮੇਂ ਤੇ ਕਿਸ ਪਰਿਵਾਰ ਵਿਚ ਜਨਮ ਲੈਂਦਾ ਹੈ। ਦੂਜਾ ਪੱਖ ਉਹ ਜਿਹੜਾ ਉਸ ਦੇ ਹੱਥ ਵਿਚ ਹੁੰਦਾ ਹੈ, ਜਿਵੇਂ ਚੰਗੇ ਵਿਚਾਰ, ਚੰਗੇ ਬਚਨ, ਚੰਗੇ ਕੀਤੇ ਗਏ ਕਾਰਜਾਂ ਰਾਹੀਂ ਉਹ ਆਪਣੇ ਜੀਵਨ ਨੂੰ ਕਿੰਨਾ ਸਾਰਥਕ ਬਣਾ ਸਕਦਾ ਹੈ ਕਿਉਂਕਿ ਅਹਿਮ ਗੱਲ ਇਹ ਹੁੰਦੀ ਹੈ ਕਿ ਕੋਈ ਇਸ ਜੀਵਨ ਨੂੰ ਕਿਸ ਢੰਗ ਨਾਲ ਜਿਊਂਦਾ ਹੈ ਨਾ ਕਿ ਕਿੰਨਾ ਸਮਾਂ ਜਿਊਂਦਾ ਹੈ। ਲੇਖਕ ਦੇ ਨਿਬੰਧ 'ਜੀਵਨ ਜਾਚ' ਵਿਚ ਪੇਸ਼ ਜੀਵਨ ਜਾਚ ਨਿਮਨ ਲਿਖਤ ਸਤਰਾਂ ਵਿਚ ਦੇਖੀ ਜਾ ਸਕਦੀ ਹੈ:

> ਜੀਵਨ ਜਾਚ ਵਿਅਕਤੀ ਦੇ ਆਚਾਰ-ਵਿਹਾਰ, ਸੋਚਾਂ ਅਤੇ ਵਿਚਾਰਾਂ ਵੱਲ ਸੰਕੇਤ ਕਰਦੇ ਹਨ ।ਬੰਦੇ ਦੇ ਸਮੁੱਚੇ ਵਿਚਰਨ ਨੂੰ ਆਪਣੇ ਵਿਚ ਸਮੋਏ ਸ਼ਬਦ ਜੀਵਨ-ਤਰਜ਼ ਜਾਂ ਜੀਵਨ ਸ਼ੈਲੀ ਵਿਚ ਵੀ ਮਿਲਦੇ ਹਨ। ਇੰਝ ਕਰੋ, ਇੰਝ ਨਾ ਕਰੋ, ਅਰਥਾਤ ਜੀਵਨ ਦਾ ਨੈਤਿਕ ਪੱਖ ਵੀ ਜੀਵਨ-ਜਾਚ ਦੇ ਘੇਰੇ ਵਿਚ ਆਉਂਦਾ ਮੰਨਿਆ ਜਾਂਦਾ ਹੈ। (ਸੋਮਲ ''ਫੁੱਲਾ ਨੇ ਅਜੇ ਖਿੜਨਾ ਨਹੀਂ ਛੱਡਿਆ''131)

ਮਨੁੱਖੀ ਜੀਵਨ ਜਾਚ ਦਾ ਅਸਰ ਸਿਰਫ਼ ਉਸ ਦੇ ਪਰਿਵਾਰ ਤੇ ਹੀ ਨਹੀਂ ਸਗੋਂ, ਸਾਰੇ ਜੀਵ ਜਗਤ ਤੇ ਪੈਂਦਾ ਹੈ, ਜਿਸ ਵਿਚ ਉਹ ਵਿਚਰਦਾ ਹੈ। ਲੇਖਕ ਅਨੁਸਾਰ ਸੁਚੱਜੀ ਜੀਵਨ ਜਾਚ ਮਨੁੱਖ ਦੀ ਜੀਵਨ ਸ਼ੈਲੀ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ:

> ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ: ਜੀਵਨ ਵਿਚ ਦੁੱਖ ਨਹੀਂ ਹੈ, ਦੁੱਖ ਜੀਵਨ ਜਿਉਣ ਦੇ ਢੰਗ ਵਿਚ ਹੈ। ਸਾਡੀਆਂ ਇਮਾਰਤਾਂ ਉੱਚੀਆਂ ਹੋ ਗਈਆਂ ਹਨ, ਸਾਡੇ ਇਰਾਦੇ ਨੀਵੇਂ ਹੋ ਗਏ ਹਨ। ਸੜਕਾਂ ਚੌੜੀਆਂ ਹੋ ਗਈਆਂ ਹਨ, ਸਾਡੀਆਂ ਸੋਚਾਂ ਸੌੜੀਆਂ ਹੋ ਗਈਆਂ ਹਨ। ਡਿਗਰੀਆਂ ਵੱਡੀਆਂ ਹੋ ਗਈਆਂ ਹਨ, ਬੁੱਧੀ ਛੋਟੀ ਹੋ ਗਈ ਹੈ।ਵਿਸ਼ੇ ਉਪਜ ਰਹੇ ਹਨ, ਹੱਲ ਅਲੋਪ ਹੋ ਗਏ ਹਨ। ਦਵਾਈਆਂ ਵੱਧ ਗਈਆਂ ਹਨ, ਤੰਦਰੁਸਤ ਹੋਣ ਦਾ ਅਹਿਸਾਸ ਗੁੰਮ ਗਿਆ ਹੈ। ਅਸੀਂ ਬੋਲਦੇ ਵਧੇਰੇ ਹਾਂ, ਸੁਣਦੇ ਘੱਟ ਹਾਂ।ਅਸੀਂ ਦੂਰ ਗ੍ਰਹਿ 'ਤੇ ਅੱਪੜ ਗਏ ਹਾਂ, ਪਰ ਗੁਆਂਢੀ ਨਾਲ ਮਿਲਣਾ ਭੁੱਲ ਗਏ ਹਾਂ। ਅਸੀਂ ਪੁਲਾੜ ਜਿੱਤ ਲਿਆ ਹੈ ਪਰ ਅੰਦਰੋਂ ਹਾਰ ਗਏ ਹਾਂ ਆਮਦਨਾਂ ਵੱਧ ਗਈਆਂ ਹਨ, ਇਖ਼ਲਾਕ ਘੱਟ ਗਿਆ ਹੈ, ਕੱਦ ਲੰਮੇ ਹੋ ਗਏ ਹਨ, ਚਰਿੱਤਰ ਸੁੰਗੜ ਗਿਆ ਹੈ। ਬਟੂਏ ਭਰ ਗਏ ਹਨ, ਪਰ ਰਿਸ਼ਤੇ ਖੋਖਲੇ ਹੋ ਗਏ ਹਨ। ਮਕਾਨ ਪੱਕੇ ਬਣਨ ਲੱਗ ਪਏ ਹਨ, ਪਰ ਘਰ ਅਤੇ ਪਰਿਵਾਰ ਟੁੱਟਣ ਲੱਗ ਪਏ ਹਨ। ਅਸੀਂ ਕੱਪੜੇ

> ਵਧਾ ਲਏ ਹਨ, ਪਰ ਰਿਵਾਜ ਨੰਗੇ ਹੋਣ ਦਾ ਆਪਣਾ ਲਿਆ ਹੈ। ਗੱਲਾਂ ਸੇਵਾ ਦੀਆਂ ਕਰਦੇ ਹਾਂ, ਪਰ ਸੋਚਦੇ ਲੁੱਟਣ ਬਾਰੇ ਹਾਂ। ਜਿਤਨਾ ਅਸੀਂ ਕਸਮਾਂ ਵਧੇਰੇ ਖਾਂਦੇ ਹਾਂ, ਉਤਨਾ ਹੀ ਅਸੀਂ ਝੂਠ ਵਧੇਰੇ ਬੋਲਦੇ ਹਾਂ।(''ਰਾਹ ਰਸਤੇ'' 35)

ਉਪਰੋਕਤ ਸ਼ਬਦਾਂ ਅਨੁਸਾਰ ਇਹ ਜੀਵਨ ਜਾਚ ਮਨੁੱਖ ਦੀ ਖ਼ੁਦ ਹੀ ਪੈਦਾ ਕੀਤੀ ਹੋਈ ਹੈ ਕਿਉਂਕਿ ਮਨੁੱਖ ਦੇ ਮਨ ਖ਼ੁਦ ਉੱਪਰ ਉੱਠਣ ਨਾਲੋਂ ਜ਼ਿਆਦਾ ਤਾਕਤ, ਦੂਜੇ ਨੂੰ ਗਿਰਾਉਣ ਵਿਚ ਤਾਕਤ ਵਧੇਰੇ ਲਗ ਰਹੀ ਹੈ। ਜਿੰਨੀ ਦੇਰ ਮਨੁੱਖ ਦੀ ਸੋਚ ਵੱਡੀ ਨਹੀਂ ਹੋਵੇਗੀ, ਓਨੀ ਦੇਰ ਸੁਖੀ ਜੀਵਨ ਦੀ ਸਾਂਝ ਤੋਂ ਵਾਂਝਾ ਹੀ ਰਹੇਗਾ। ਮਨੁੱਖ ਜਿਵੇਂ-ਜਿਵੇਂ ਤਰੱਕੀ ਕਰਦਾ ਜਾ ਰਿਹਾ ਹੈ, ਉਹ ਅੰਦਰੋਂ ਖੋਖਲਾ ਹੁੰਦਾ ਜਾ ਰਿਹਾ ਹੈ। ਜਦੋਂ ਤੱਕ ਉਹ ਇਹਨਾਂ ਚੀਜ਼ਾਂ ਤੋਂ ਉੱਪਰ ਉੱਠ ਕੇ ਸੱਚ ਦੇ ਰਾਹ ਦਾ ਪਾਂਧੀ ਨਹੀਂ ਬਣਦਾ, ਅਸਲ ਜੀਵਨ ਜਾਚ ਨਾਲ ਨਹੀਂ ਜੁੜਦਾ, ਓਨੀ ਦੇਰ ਉਹ ਦੁੱਖਾਂ ਵਿਚ ਘਿਰਿਆ ਰਹੇਗਾ।

ਜ਼ਿੰਦਗੀ ਨੂੰ ਜਿਊਣ ਦੇ ਕੁੱਝ ਸੁਨਹਿਰੀ ਨਿਯਮ ਹੁੰਦੇ ਹਨ। ਜੋ ਮਨੁੱਖੀ ਜ਼ਿੰਦਗੀ ਵਿਚ ਨਵੀਂ ਰੂਹ ਭਰ ਸਕਦੇ ਹਨ ਅਤੇ ਉਨ੍ਹਾਂ ਨੂੰ ਹਰ ਦਮ ਚੜ੍ਹਦੀ ਕਲਾ ਵਿਚ ਰੱਖ ਸਕਦੇ ਹਨ ਜਿਵੇਂ: (1) ਸਹੀ ਸੋਚ ਤੇ ਸਹੀ ਪਹੁੰਚ ਹਮੇਸ਼ਾ ਮਨੁੱਖੀ ਜ਼ਿੰਦਗੀ ਨੂੰ ਆਸ਼ਾਵਾਦੀ ਬਣਾਉਂਦੀ ਹੈ।(2) ਕੰਮ ਤੇ ਸਭਿਆਚਾਰ: ਹਰ ਕੰਮ ਨੂੰ ਦਿਲ ਲਾ ਕੇ ਕਰਨਾ ਕਿਸੇ ਵੀ ਕੰਮ ਨੂੰ ਬੋਝ ਨਾ ਸਮਝਣਾ ਕੰਮ ਹੀ ਕਰਮ ਹੈ ਤੇ ਕੰਮ ਹੀ ਧਰਮ ਹੀ ਅਸਲ ਜੀਵਨ ਜਾਚ ਹੈ।3) ਸੰਜਮ ਅਤੇ ਅਨੁਸ਼ਾਸਨ ਵਿਚ ਰਹਿਣਾ, ਸਦਾਚਾਰਕ ਵਿਵਹਾਰ ਮਨੁੱਖੀ ਜੀਵਨ ਸ਼ੈਲੀ ਦੇ ਅਹਿਮ ਅੰਗ ਹੋਣੇ ਚਾਹੀਦੇ ਹਨ।(4) ਸਮਾਜਿਕ ਭਾਵਨਾ ਅਤੇ ਤਹਿਜ਼ੀਬ ਅਤੇ ਹੋਰ ਤਰੀਕੇ, ਜੇਕਰ ਮਨੁੱਖ ਜ਼ਿੰਦਗੀ ਵਿਚ ਧਾਰਨ ਕਰਦਾ ਹੈ ਤਾਂ ਉਹ ਜ਼ਿੰਦਗੀ ਨੂੰ ਚਾਰ ਚੰਨ ਲਾ ਦਿੰਦੇ ਹਨ।(5) ਅਸਲ ਜੀਵਨ ਜਾਚ ਵਿਚ ਆਸ ਤੇ ਵਿਸ਼ਵਾਸ ਮਨੁੱਖੀ ਜ਼ਿੰਦਗੀ ਦੇ ਸਤੰਭ ਮੰਨੇ ਜਾਂਦੇ ਹਨ, ਜੋ ਹਮੇਸ਼ਾ ਮਨੁੱਖ ਨੂੰ ਜ਼ਿੰਦਗੀ ਵਿਚ ਅੱਗੇ ਵਧਣ ਦੀ

ਪ੍ਰੇਰਨਾ ਦਿੰਦੇ ਹਨ। ਜ਼ਿੰਦਗੀ ਉਤਸਵ ਹੈ 'ਉਤਸ਼ਾਹ ਸਦਕਾ' ਨਿਬੰਧ ਵਿਚ ਲੇਖਕ ਜ਼ਿੰਦਗੀ ਨੂੰ ਚਾਉ ਮੱਤ ਅਨੁਸਾਰ ਜਿਊਣ ਦੀ ਸਲਾਹ ਦਿੰਦਾ ਹੈ:

> ਮਨ ਦੀਆਂ ਨਿਵਾਣਾਂ ਨਿਰੇ ਖਾਰੇ ਸਮੁੰਦਰ ਹੁੰਦੀਆਂ ਹਨ। ਇਹਨਾਂ ਦਾ ਕੋਈ ਹੱਦ ਬੰਨ੍ਹਾਂ ਨਹੀਂ ਹੁੰਦਾ। ਆਤਮਘਾਤੀ ਮਾਨਸਿਕਤਾ ਵਿਚ ਅੱਗੇ ਤੁਰਨ ਤੇ ਨਵਾਂ ਸੋਚਣ-ਵਿਉਂਤਣ ਦੀ ਇੱਛਾ ਨਹੀਂ ਰਹਿੰਦੀ, ਪਰ ਜ਼ਿੰਦਗੀ ਕਦੇ ਹਾਰੀ ਟੁੱਟੀ ਨਹੀਂ ਹੁੰਦੀ ਹੈ। ਮਾੜੇ ਤੋਂ ਮਾੜੇ ਵਕਤਾਂ ਵਿਚ ਵੀ ਮਨੁੱਖ ਦੇ ਹਿਰਦੇ ਵਿਚ ਪਿਆਰ ਜਾਗਦਾ ਹੈ, ਵਿਆਹ ਹੁੰਦੇ ਹਨ, ਲੁਸ-ਲੁਸ ਕਰਦੇ ਬੱਚੇ ਜੰਮਦੇ ਹਨ।ਚਾਉ ਨਾਲ ਜੀਣ ਦੇ ਹੀਲੇ-ਵਸੀਲੇ ਬਹੁਤ ਹੁੰਦੇ ਹਨ, ਬੱਸ ਜ਼ਿੰਦਗੀ ਦੇ ਉੱਚੇ ਝੂਲਦੇ ਪਰਚਮ ਨੂੰ ਧੌਣ ਚੁੱਕ ਕੇ ਵੇਖਣ ਦੀ ਲੋੜ ਹੈ ਮੀਂਹ ਨਹੀਂ ਵਰ੍ਹਦੇ ਤਾਂ ਵੀ ਤਾਂ ਫ਼ਸਲਾਂ ਸਿੰਜੀਆਂ ਜਾਂਦੀਆਂ ਹਨ। (ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ'' 10)

ਉਪਰੋਕਤ ਸ਼ਬਦਾਂ ਤੋਂ ਭਾਵ ਜ਼ਿੰਦਗੀ ਦੇ ਹਰ ਪੜਾਅ ਤੇ ਮਨੁੱਖ ਨੂੰ ਖ਼ੁਸ਼ੀ ਮਿਲੇ ਜ਼ਰੂਰੀ ਤਾਂ ਨਹੀਂ, ਪ੍ਰੰਤੂ ਜੇਕਰ ਉਸ ਦੇ ਵਿਚ ਵਿਸ਼ਵਾਸ, ਹੈ ਉਤਸ਼ਾਹ ਹੈ ਤਾਂ ਹੀਲੇ-ਵਸੀਲੇ ਖ਼ੁਦ-ਬਖ਼ੁਦ ਬਣ ਜਾਂਦੇ ਹਨ। ਪਾਣੀ ਦੇ ਸੋਮੇ ਜਿਸ ਤਰ੍ਹਾਂ ਬੰਦੇ ਨੇ ਲੱਭ ਲਏ। ਚਾਅ ਤੇ ਉਤਸ਼ਾਹ ਦੇ ਸੋਮੇ ਵੀ ਪਛਾਣ ਲਏ ਹਨ, ਇਹ ਸੋਮੇ ਸਾਡੇ ਅੰਦਰ ਵੀ ਹਨ ਤੇ ਆਲੇ-ਦੁਆਲੇ ਵਿਚ ਵੀ ਕਿਤੋਂ ਵੀ ਇਹ ਜੀਵਨ ਰਸ ਲਿਆ ਜਾ ਸਕਦਾ ਹੈ। ਜੇਕਰ ਮਨੁੱਖ ਦੀ ਜ਼ਿੰਦਗੀ ਵਿਚ ਉਤਸ਼ਾਹ ਹੈ ਉਸ ਦੀ ਸੋਚ ਚਾਨਣੀ ਸੋਚ ਹੈ ਤਾਂ ਉਹ ਜ਼ਿੰਦਗੀ ਵਿਚ ਆਈਆਂ ਔਕੜਾਂ ਦਾ ਬੜੀ ਦਲੇਰੀ ਨਾਲ ਸਾਹਮਣਾ ਕਰਦਾ ਹੈ।

ਉਤਸ਼ਾਹ ਨਾਲ ਜਿਊਣਾ ਇੱਕ ਜਾਚ ਹੈ, ਜਿਹੜਾ ਮਨੁੱਖ ਕਿਤੋਂ ਵੀ ਸਿੱਖ ਸਕਦਾ ਹੈ। ਦੁੱਖ ਮਨੁੱਖ ਦੀ ਜ਼ਿੰਦਗੀ ਨੂੰ ਹੋਰ ਸੰਜੀਦਗੀ ਨਾਲ ਜਿਊਣ ਦਾ ਵਲ ਸਿਖਾਉਣ ਲਈ ਵੀ ਆਉਂਦੇ ਹਨ। ਉਨ੍ਹਾਂ ਤੋਂ ਘਬਰਾਉਣ ਦੀ ਬਜਾਏ, ਇਹਨਾਂ ਦਾ ਸਾਹਮਣਾ ਦਲੇਰੀ ਨਾਲ ਕਰਨਾ ਚਾਹੀਦਾ ਹੈ:

ਮਨੁੱਖੀ ਮਨ ਨੂੰ ਉਤਸ਼ਾਹ ਵਿਚ ਰੱਖਣ ਲਈ ਨਿੱਤ ਨਰੋਏ ਖ਼ਿਆਲਾ ਨਾਲ ਭਰਨਾ ਹੁੰਦਾ ਹੈ।(ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ'' 14)

ਧਰਮਿੰਦਰ ਸਿੰਘ ਉੱਭਾ ਅਨੁਸਾਰ: ਜੀਵਨ ਜਾਚ ਤੋਂ ਭਾਵ ਅਜੋਕਾ ਮਨੁੱਖ ਅਸਲ ਜੀਵਨ ਜਾਚ ਤੋਂ ਖੁੰਝ ਰਿਹਾ ਹੈ, ਸਾਡੀ ਸੋਚ ਨੂੰ ਇਹ ਕੀ ਹੋ ਰਿਹਾ ਹੈ? ਰਿਸ਼ਤਿਆਂ ਵਿਚ ਤਰੇੜਾਂ ਕਿਉਂ ਵੱਧ ਰਹੀਆਂ ਹਨ? ਹੱਸਦੇ-ਵੱਸਦੇ ਪਰਿਵਾਰ ਕਿਉਂ ਟੁੱਟ ਰਹੇ ਹਨ? ਘਰਾਂ ਤੇ ਮਕਾਨਾਂ ਵਿਚ ਦਾ ਅੰਤਰ ਕਿਉਂ ਘੱਟ ਰਿਹਾ ਹੈ? ਆਦਮੀ ਜਜ਼ਬਾਤਾਂ ਤੋਂ ਸੱਖਣਾ ਕਿਉਂ ਹੋ ਰਿਹਾ ਹੈ? ਮੁਹੱਬਤ ਅਤੇ ਪਿਆਰ ਦਾ ਸੋਕਾ ਕਿਉਂ ਪੈ ਰਿਹਾ ਹੈ? ਘਰਾਂ ਵਿਚ ਏਨਾ ਤਣਾਅ ਕਿਉਂ ਵੱਧ ਰਿਹਾ ਹੈ? ("ਜੀਵਨ ਦੇ ਅੰਗ-ਸੰਗ" 6)

ਉਪਰੋਕਤ ਇਹ ਸਾਰੇ ਸਵਾਲ ਸਵੈ-ਪੜਚੋਲ ਦੀ ਮੰਗ ਕਰਦੇ ਹਨ, ਜੋ ਮਨੁੱਖ ਨੂੰ ਅੰਦਰੋਂ ਝੰਜੋੜ ਕੇ ਪੁੱਛਦੇ ਹਨ ਕਿ ਪਰਮਾਤਮਾ ਵੱਲੋਂ ਮਿਲੀ ਇਸ ਮਹਾਨ ਜੂਨ ਨੂੰ ਅਜਾਈਂ ਕਿਉਂ ਗਵਾ ਰਿਹਾ ਹੈ? ਕਿਉਂ ਅਸੀਂ ਇੱਕ ਦੂਜੇ ਤੋਂ ਇੰਨੇ ਦੂਰ ਹੁੰਦੇ ਜਾ ਰਹੇ ਹਾਂ। ਇੱਕ ਦੂਜੇ ਤੋਂ ਇਹਨਾਂ ਸਾਰੇ ਸਵਾਲਾਂ ਦੇ ਜਵਾਬ ਸਿਰਫ਼ ਹਾਂ-ਪੱਖੀ, ਸਾਕਾਰਾਤਮਕ ਸੋਚ ਅਤੇ ਚੰਗੀ ਸੋਚ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ।

ਜ਼ਿੰਦਗੀ ਵਿਚ ਇੱਕ ਮਨੁੱਖ ਜਿਸ ਚੀਜ਼ ਦੀ ਭਾਲ ਕਰੇਗਾ, ਉਹੋ ਚੀਜ਼ ਉਸ ਨੂੰ ਪ੍ਰਾਪਤ ਹੋ ਸਕੇਗੀ। ਜਿਸ ਮਾਹੌਲ ਵਿਚ ਮਨੁੱਖ, ਜਦੋਂ ਵਿਚਰਦਾ ਹੈ ਤਾਂ ਉਸ ਦੇ ਉਹੋ ਜਿਹੇ ਹੀ ਖ਼ਿਆਲ ਹੋ ਜਾਂਦੇ ਹਨ। ਜ਼ਿੰਦਗੀ ਵਿਚ ਖ਼ੂਬਸੂਰਤੀ ਦਾ ਅਨੰਦ ਲੈਣ ਲਈ ਮਨੁੱਖ ਦੀਆਂ ਅੱਖਾਂ ਦਾ ਖੁੱਲ੍ਹਣਾ ਬਹੁਤ ਜ਼ਰੂਰੀ ਹੈ। ਮਨੁੱਖ ਕੋਲ ਜੋ ਹੈ ਉਸ ਦੇ ਮਹੱਤਵ ਨੂੰ ਪਛਾਣਨ ਦੀ ਲੋੜ ਹੈ।

> ਅੰਮ੍ਰਿਤਾ ਸ਼ੇਰ ਗਿੱਲ: ਅਨੁਸਾਰ ਜੀਵਨ ਜਾਚ ਤੋਂ ਭਾਵ, ਸਾਡੇ ਕੋਲ ਅੱਖਾਂ ਹਨ, ਪਰ ਅਸੀਂ ਦੇਖਦੇ ਨਹੀਂ, ਕੰਨ ਹਨ, ਪਰ ਅਸੀਂ ਸੁਣਦੇ ਨਹੀਂ ਸੋ ਲੋੜ ਹੈ, ਸਜੱਗ ਹੋਣ ਦੀ। (ਸੋਮਲ ''ਸਾਡੇ ਅੰਬਰਾਂ ਦੇ ਤਾਰੇ'' 49)

ਜਿਸ ਦਿਨ ਮਨੁੱਖ ਨੂੰ ਇਹ ਗਿਆਨ ਹੋ ਗਿਆ ਵੀ ਕਿਹੋ ਜਿਹਾ ਦੇਖਣਾ ਤੇ ਸੁਣਨਾ ਹੈ, ਇਹ ਤਰੀਕਾ ਲੱਭ ਲਿਆ ਤਾਂ ਜ਼ਿੰਦਗੀ ਦੀਆਂ ਅੱਧ ਤੋਂ ਵੱਧ ਮੁਸ਼ਕਲਾਂ ਨੇ ਹੋਰ ਮੁਸ਼ਕਲ ਹੋ ਜਾਣਾ ਹੈ। ਉੱਨਤ ਸਮਾਜ ਦੇ ਹਾਣੀ ਹੋਣ ਲਈ ਜੀਵਨ-ਜਾਚ ਬਹੁਤ ਜ਼ਰੂਰੀ ਹੈ। ਅਸਲ ਜੀਵਨ ਜਾਚ ਮਨੁੱਖ ਦੇ ਅਮਲਾਂ ਵਿਚ ਪ੍ਰਗਟ ਹੁੰਦੀ ਹੈ। ਜ਼ਿੰਦਗੀ ਨੂੰ ਸੁਚੱਜੇ ਢੰਗ ਨਾਲ ਜਿਊਣ ਲਈ। ਸਾਡੇ ਗੁਰੂ ਸਾਹਿਬਾਨਾਂ ਦੇ ਦਿੱਤੇ ਸੰਦੇਸ਼, ਮਨੁੱਖ ਲਈ ਸੁਚੱਜੀ ਜੀਵਨ ਜਾਚ ਦੀ ਅਗਵਾਈ ਕਰ ਕੇ ਇੱਕ ਪ੍ਰੇਰਨਾਮਈ ਤਸਵੀਰ ਪੇਸ਼ ਕਰਦੇ ਹਨ। ਜੀਵਨ ਜਾਚ ਸਿੱਖਣ ਲਈ ਕਿਸੇ ਖ਼ਾਸ ਟਰੇਨਿੰਗ ਦੀ ਲੋੜ ਨਹੀਂ ਪੈਂਦੀ। ਮਾਪਿਆ, ਗਲੀ, ਮੁਹੱਲੇ ਦੇ ਬਜ਼ੁਰਗਾਂ, ਆਲੇ-ਦੁਆਲੇ ਵਿਚ ਵਿਚਰਦੇ ਲੋਕਾਂ, ਚੰਗਾ ਸਾਹਿਤ ਆਦਿ ਕਿਸੇ ਕੋਲੋਂ ਵੀ ਸਿੱਖੀ ਜਾ ਸਕਦੀ ਹੈ। ਜਿਸ ਦਿਨ ਸੰਜਮ, ਸਬਰ, ਸੰਤੋਖ, ਸਹਿਜ ਅਤੇ ਹੋਰ ਜੀਵਨ ਮੁੱਲ ਮਨੁੱਖ ਦੀ ਜ਼ਿੰਦਗੀ ਦੇ ਅੰਗ ਬਣ ਜਾਣਗੇ, ਉਸ ਦਿਨ ਮਨੁੱਖ ਅਸਲ ਜ਼ਿੰਦਗੀ ਜਿਊਣਾ ਸ਼ੁਰੂ ਕਰ ਦੇਵੇਗਾ। ਮਨੁੱਖ ਦੀਆਂ ਸੋਚਾਂ ਅਤੇ ਉੱਦਮ ਦੇ ਨਾਲ ਮਨੁੱਖ ਦੇ ਜੀਵਨ ਦੀ ਨੁਹਾਰ ਦੀ ਗੱਲ ਵੀ ਜੁੜੀ ਹੋਈ ਹੈ। ਜਦੋਂ ਇੱਕ ਮਨੁੱਖ ਔਖੀਆਂ ਤੋਂ ਔਖੀਆਂ ਹਲਾਤਾਂ ਵਿਚ ਆਸ ਦਾ ਪੱਲਾ ਘੁੱਟ ਕੇ ਫੜੀ ਰੱਖਦਾ ਹੈ ਤਾਂ ਉਹ ਆਸ, ਯਕੀਨ ਮਾਨੋ ਕਿਸੇ ਸਿਕੰਦਰ ਨਾਲੋਂ ਘੱਟ ਨਹੀਂ ਹੁੰਦੀ, ਕਿਉਂਕਿ ਨਾਉਮੀਦੀ ਵਿਚ ਬੰਦਾ ਮਰਨਊ ਹੋ ਜਾਂਦਾ ਹੈ, ਜਿਵੇਂ ਉਸ ਦੀ ਜ਼ਿੰਦਗੀ ਦੇ ਸਾਰੇ ਉਤਸ਼ਾਹ ਮਰ ਚੁੱਕੇ ਹੋਣ ਤੇ ਉਹ ਜਿਉਂਦੇ ਜੀਅ ਹੀ ਆਪਣੇ ਆਪ ਨੂੰ ਹਨੇਰੀ ਕੋਠੜੀ ਵਿਚ ਬੰਦ ਕਰ ਲੈਂਦਾ ਹੈ।

ਲੇਖਕ ਅਨੁਸਾਰ ਅਜੋਕਾ ਮਨੁੱਖ ਤਣਾਅ ਭਰਪੂਰ ਜੀਵਨ ਜਿਊਂ ਰਿਹਾ ਹੈ ਜਿਵੇਂ-ਜਿਵੇਂ ਉਸ ਦੀਆਂ ਲੋੜਾਂ ਵਧਦੀਆਂ ਗਈਆਂ, ਤਿਵੇਂ-ਤਿਵੇਂ ਉਹ ਤਣਾਅ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਜਿਵੇਂ-ਜਿਵੇਂ ਮਨੁੱਖ ਸਾਂਝੇ

ਪਰਿਵਾਰਾਂ ਨਾਲੋਂ ਟੁੱਟ ਕੇ ਇਕੱਲੇ ਪਰਿਵਾਰਾਂ ਵਿਚ, ਉਸ ਨੇ ਜਿਊਣਾ ਸ਼ੁਰੂ ਕਰ ਦਿੱਤਾ ਤਿਵੇਂ-ਤਿਵੇਂ ਸਮੱਸਿਆ ਵਿਚ ਗ਼ਲਤਾਨ ਹੋਇਆ ਮਾਨਸਿਕ ਤਣਾਅ ਵੱਲ ਵਧਦਾ ਜਾ ਰਿਹਾ ਹੈ। ਲੋੜ ਹੈ ਆਪਣੀਆਂ ਤਨਾਂ ਨੂੰ ਸੀਮਤ ਲੜੀ ਵਿਚ ਪਰੋ ਕੇ ਰੱਖਣ ਦੀ। ਸਹਿਣਸ਼ੀਲਤਾ, ਸਬਰ ਵਰਗੀਆਂ ਭਾਵਨਾਵਾਂ ਨੂੰ ਜਗਾਉਣ ਦੀ, ਜਦੋਂ ਤੱਕ ਮਨੁੱਖ ਅੰਦਰ ਜੀਵਨ ਹੈ ਤਾਂ ਉਹ ਮਰ ਜਾਣ ਜਾਂ ਖ਼ਾਕ ਹੋ ਜਾਣ ਵਾਲੇ ਭੈੜੇ ਖ਼ਿਆਲਾਂ ਬਾਰੇ ਕਿਉਂ ਸੋਚੇ। ਬੰਦੇ ਨੂੰ ਜ਼ਿੰਦਗੀ ਵਿਚ ਮੌਤ ਸਿਰਫ਼ ਇੱਕੋ ਵਾਰ ਆਉਂਦੀ ਹੈ, ਪ੍ਰੰਤੂ ਜੇਕਰ ਉਹ ਅਸਲ ਜਿਊਂਣੇ ਤੋਂ ਖੁੰਝ ਜਾਵੇ ਤਾਂ ਹਰ ਰੋਜ਼ ਉਸਦੀ ਮੌਤ ਹੁੰਦੀ ਹੈ।

ਕਰਨੈਲ ਸਿੰਘ ਕੋਮਲ ਨੇ ਜ਼ਿੰਦਗੀ ਦੇ ਤਜਰਬਿਆਂ ਵਿਚੋਂ ਜੀਵਨ ਜਾਚ ਦਾ ਇਹ ਨਿਚੋੜ ਪੇਸ਼ ਕੀਤਾ ਹੈ ਕਿ ਜੀਵਨ ਜਾਚ ਨਿਰੋਲ ਮਨੁੱਖੀ ਵਰਤਾਰਾ ਹੈ। ਮਨੁੱਖ ਦਾ ਤਜਰਬਾ ਰਿਹਾ ਹੈ ਕਿ ਹਰ ਇੱਕ ਇਨਸਾਨ ਨੂੰ ਜੀਵਨ ਜਾਚ ਦੀ ਜ਼ਰੂਰਤ ਹਮੇਸ਼ਾ ਰਹੀ ਹੈ ਤੇ ਹਮੇਸ਼ਾ ਹੀ ਰਹੇਗੀ। ਹਰੇਕ ਉਹ ਮਨੁੱਖ, ਇੱਕ ਇਨਸਾਨ ਲਈ ਤਾਰਿਆਂ ਜਿਹੀ ਖਿੱਚ ਤੇ ਚਮਕ ਰੱਖਦੇ ਹਨ, ਜੋ ਮਨੁੱਖ ਦਾ ਓਟ ਆਸਰਾ ਬਣਦੇ ਹਨ। ਉਨ੍ਹਾਂ ਦਾ ਮੇਲ ਮਿਲਾਪ ਸਾਨੂੰ ਅਤਿਅੰਤ ਖ਼ੁਸ਼ੀ ਦਿੰਦਾ ਹੈ। ਭਾਵੇਂ ਉਹ ਸਾਡੇ ਤੋਂ ਕਿੰਨੀ ਵੀ ਦੂਰ ਕਿਉਂ ਨਾ ਹੋਣ। ਜ਼ਿੰਦਗੀ ਜਿਊਣਾ ਇੱਕ ਕਲਾ ਹੈ, ਜਿਵੇਂ ਇੱਕ ਕੈਮਰਾਮੈਨ ਆਪਣੇ ਕੈਮਰੇ ਵਿਚ ਜਿਸ ਵਿਚ ਚੀਜ਼ ਤੇ ਜਿਸ ਵੀ ਸ਼ੈਅ ਤੇ ਫੋਕਸ ਕਰਦਾ ਹੈ, ਉਹੀ ਖਿੱਚੀ ਫ਼ੋਟੋ ਉਸ ਨੂੰ ਨਜ਼ਰ ਆਵੇਗੀ।

ਹਰ ਉਹ ਚੀਜ਼, ਜੋ ਤੁਹਾਡੇ ਲਈ ਜ਼ਿੰਦਗੀ ਵਿਚ ਸਹਾਰੇ ਦਾ ਕੰਮ ਕਰਦੀ ਹੈ, ਉਹ ਤੁਹਾਡੇ ਲਈ ਛਤਰੀ ਹੈ। ਜ਼ਿੰਦਗੀ ਵਿਚ ਕੋਈ ਵੀ ਮਨੁੱਖ ਅਜਿਹਾ ਨਹੀਂ ਹੈ, ਜੋ ਤਣਾਅ ਤੋਂ ਪੀੜਤ ਨਹੀਂ ਹੈ, ਅਜਿਹੀ ਸਥਿਤੀ ਵਿਚ ਡੋਲਣ ਦੀ ਬਜਾਏ ਜੀਵਨ ਲੀਲ੍ਹਾ ਖ਼ਤਮ ਕਰਨ ਦੀ ਬਜਾਏ ਲੋੜ ਹੈ, ਆਪਣੀ ਛਤਰੀ ਭਾਲਣ ਦੀ ਹੈ। 'ਛਤਰੀ' ਨਿਬੰਧ ਵਿਚ ਲੇਖਕ ਛਤਰੀ ਦੇ ਅਸਲ ਅਰਥ ਸਮਝਾਉਂਦਾ ਹੈ ਕਿ ਛਤਰੀ ਸਰੀਰ ਨੂੰ ਚੁਸਤ-ਦਰੁਸਤ ਰੱਖਣ ਲਈ ਕੀਤੇ

ਉਪਰਾਲਿਆਂ ਦੀ ਹੋ ਸਕਦੀ ਹੈ। ਆਪਣੇ ਦਿਮਾਗ਼ ਦੀ ਕਸਰਤ ਲਈ ਕੁੱਝ ਨਾ ਕੁੱਝ ਨਵਾਂ ਸਿੱਖਣ ਜਾਂ ਪਹਿਲੇ ਸਿੱਖੇ ਨੂੰ ਨਵਿਆਉਣ ਦੀ ਹੋ ਸਕਦੀ ਹੈ:

> ਛਤਰੀ ਉਨ੍ਹਾਂ ਸਾਰੇ ਜਤਨਾਂ ਦੀ ਪ੍ਰਤੀਕ ਹੈ, ਜੋ ਉਸ ਨੇ ਆਪਣੇ ਆਪ ਨੂੰ ਸਾਂਭਣ, ਬਚਾਉਣ, ਜਗਾਉਣ ਅਤੇ ਉੱਨਤੀ ਲਈ ਵਰਤਦੇ ਹਨ। (ਸੋਮਲ ''ਸਾਡੇ ਅੰਬਰਾਂ ਦੇ ਤਾਰੇ ''46)

ਉਪਰੋਕਤ ਸ਼ਬਦਾਂ ਤੋ ਭਾਵ, ਭਾਵੇਂ ਸਮਾਜਿਕ ਸਿਸਟਮ ਹਿਤਕਾਰੀ ਹੋਣ ਜਾਂ ਸੰਵੇਦਨਾ ਹੀਣ ਆਪਣੀ ਚੌਕਸੀ ਅਤੇ ਆਪਣੀ ਸੋਝੀ ਦੀ ਆਪਣੀ ਹੀ ਥਾਂ ਹੈ। ਕੁਦਰਤ ਨੇ ਹਰ ਇੱਕ ਮਨੁੱਖ ਨੂੰ ਜੀਵਨ ਦਾਤ ਦਿੱਤੀ ਹੈ। ਇਸ ਨੂੰ ਸਹੀ ਢੰਗ ਨਾਲ ਜਿਊਣਾ, ਹਰ ਇੱਕ ਮਨੁੱਖ ਦਾ ਕਰਤੱਵ ਹੈ। ਜ਼ਿੰਦਗੀ ਵਿਚ ਸਹਿਜਤਾ, ਸੰਜਮਤਾ, ਅਨੁਸ਼ਾਸਨ, ਸਹਿਣਸ਼ੀਲਤਾ ਆਦਿ ਅਜਿਹੇ ਸੁਨਹਿਰੀ ਨਿਯਮ ਹਨ, ਜਿਹੜੇ ਮਨੁੱਖ ਨੂੰ ਸਰੀਰਕ ਤੇ ਮਾਨਸਿਕ ਦੋਹਾਂ ਰੂਪ ਵਿਚ ਸਫਲ ਇਨਸਾਨ ਵਜੋਂ ਉਭਾਰਦੇ ਹਨ।

**ਅ) ਪਰਿਵਾਰਿਕ ਸਭਿਅਤਾ:-** ਸਭਿਅਤਾ ਮਨੁੱਖੀ ਜੀਵਨ ਵਰਤਾਰਾ ਹੈ ਅਤੇ ਸਿੱਖਣ ਸਿਖਾਉਣ ਦੀ ਇੱਕ ਪ੍ਰਕਿਰਿਆ ਹੈ। ਅੰਨ੍ਹੇ ਮਸ਼ੀਨੀਕਰਨ ਤੇ ਉਦਯੋਗੀਕਰਨ ਨਾਲ ਮਨੁੱਖ ਦਾ ਸਰੂਪ ਹੀ ਮਸ਼ੀਨ ਵਾਂਗ ਬਣ ਗਿਆ ਹੈ, ਜਿਸ ਨਾਲ ਸਮੁੱਚਾ ਸਭਿਆਚਾਰਕ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ। ਲੇਖਕ ਅਨੁਸਾਰ 'ਬਲਦ ਲਾਣੇ ਦਾ, ਧੀ ਘਰਾਣੇ ਦੀ' ਇਹ ਕਹਾਵਤ ਦੀ ਤਵੱਕੋ ਸੀ ਕਿ ਪਹਿਲੇ ਸਮਿਆਂ ਵਿਚ ਲੋਕ ਮੰਨਦੇ ਸਨ ਕਿ ਤਰੱਕੀ ਪਸੰਦ ਪਰਿਵਾਰ ਦੇ ਧੀਆਂ ਪੁੱਤਰ ਵੀ ਮਿਹਨਤੀ, ਉੱਦਮੀ ਤੇ ਸੁਲਝੇ ਹੋਏ ਵਿਚਾਰਾਂ ਵਾਲੇ ਹੋਣਗੇ ਭਾਵ ਪਰਿਵਾਰ ਦਾ ਮਾਹੌਲ, ਪਰਿਵਾਰ ਵਿਚ ਸ਼ਾਂਤੀ ਸਭਿਅਤਾ ਦਾ ਅਸਰ ਘਰ ਦੇ ਹਰ ਜੀਅ ਤੇ ਪੈਂਦਾ ਹੈ। ਲੇਖਕ 'ਪਰਿਵਾਰ ਦੀ ਸਭਿਅਤਾ' ਨਿਬੰਧ ਵਿਚ ਪਰਿਵਾਰਿਕ ਸਭਿਅਤਾ ਦਾ ਮਹੱਤਵ ਸਮਝਾਉਂਦਾ ਪ੍ਰਗਟਾਉਂਦਾ ਹੈ:

> ਮਾਪਿਆਂ ਦੇ ਸ਼ਖ਼ਸੀ ਗੁਣਾਂ ਅਤੇ ਇਕਸੁਰਤਾ ਵਾਲੇ ਆਪਸੀ ਸੰਬੰਧਾਂ ਤੋਂ ਜਾਣੂ ਬੱਚੇ ਦੀ ਸ਼ਖ਼ਸੀਅਤ ਦੇ ਵਧਣ ਫੁੱਲਣ ਲਈ ਜ਼ਮੀਨ ਮਿਲਦੀ ਹੈ। ਮਾਪੇ ਜਿਵੇਂ ਵਿਚਰਦੇ ਹਨ ਅਤੇ ਜਿਵੇਂ

> ਦੇ ਜੀਵਨ-ਮੁੱਲਾਂ ਦੇ ਧਾਰਨੀ ਹੁੰਦੇ ਹਨ, ਉਨ੍ਹਾਂ ਦੀ ਔਲਾਦ ਇਸ ਬਾਰੇ ਕੁੱਝ ਨੂੰ ਅਚੇਤ-ਸੁਚੇਤ ਗ੍ਰਹਿਣ ਕਰਦੀ ਹੈ। ਜੀਵਨ ਤੇ ਜਗਤ ਬਾਰੇ ਸਿਹਤਮੰਦ ਨਜ਼ਰੀਆ ਆਦਿ ਅਮੁੱਲ ਗੁਣਾਂ ਪੱਖੋਂ ਪਰਿਵਾਰ ਬੱਚੇ ਦੀ ਪ੍ਰਥਮ ਪਾਠਸ਼ਾਲਾ ਬਣ ਜਾਂਦਾ ਹੈ।(ਸੋਮਲ ''ਸਾਡੇ ਅੰਬਰਾਂ ਤਾਰੇ'' 20)

ਮੌਜੂਦਾ ਪੂੰਜੀਵਾਦੀ ਦੌਰ ਵਿਚ ਦੰਪਤੀ ਜੋੜਿਆਂ ਵਿਚ ਘਟਦਾ ਵਿਸ਼ਵਾਸ ਅਤੇ ਸਹਿਯੋਗ ਦੀ ਭਾਵਨਾ ਨੇ ਤਿੜਕਦੇ ਰਿਸ਼ਤਿਆਂ ਨੂੰ ਜਨਮ ਦੇਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਦਾ ਪ੍ਰਭਾਵ ਬੱਚੇ ਦੇ ਬਚਪਨ ਦੇ ਨਾਲ-ਨਾਲ ਉਸ ਦੇ ਭਵਿੱਖ ਤੇ ਪੈਂਦਾ ਵੀ ਸਾਫ਼ ਝਲਕਦਾ ਹੈ। ਅੱਜ ਤਲਾਕਾਂ ਦੀ ਵੱਧ ਰਹੀ ਗਿਣਤੀ ਦਾ ਮੁੱਖ ਕਾਰਨ ਪਰਿਵਾਰਿਕ ਸਭਿਅਤਾ ਦਾ ਖ਼ਤਮ ਹੋਣਾ ਹੀ ਹੈ। ਜੀਵਨ ਦੀ ਨੁਹਾਰ ਬਦਲਣਾ ਮਨੁੱਖ ਦੇ ਆਪਣੇ ਹੱਥ ਵਿਚ ਹੈ। ਮਸਲਾ ਕੇਵਲ ਬੱਚਿਆਂ ਨੂੰ ਆਰਥਿਕ ਪੱਖੋਂ ਮਾਹੌਲ ਸਿਰਜਣ ਦਾ ਨਹੀਂ ਹੁੰਦਾ, ਸਗੋਂ ਪਰਿਵਾਰਿਕ ਸਭਿਅਤਾ ਨੂੰ ਬਚਾ ਕੇ ਕਿਵੇਂ ਰੱਖਣਾ ਹੈ, ਇਹ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।

'ਅਣਕਿਆਸੀਆਂ ਹਾਲਤਾਂ ਦੀਆਂ ਚੁਨੌਤੀਆਂ' ਨਿਬੰਧ ਵਿਚ, ਲੇਖਕ ਰਿਸ਼ਤਿਆਂ ਦੇ ਨਿੱਘ ਨੂੰ ਬਰਕਰਾਰ ਰੱਖਣ ਦੇ ਗੁਣ ਪੇਸ਼ ਕਰਦਾ ਹੈ ਜਿਵੇਂ ਸਬਰ, ਸੰਤੋਖ, ਸਹਿਜ ਸਤਿਕਾਰ ਵਰਗੇ ਗੁਣ ਮਨੁੱਖ ਦੇ ਰਿਸ਼ਤਿਆਂ ਦਾ ਨਿੱਘ ਬਰਕਰਾਰ ਰੱਖਣ ਵਿਚ ਹਮੇਸ਼ਾ ਸਹਾਈ ਹੁੰਦੇ ਹਨ ਤੇ ਅਣਕਿਆਸੀਆਂ ਹਲਾਤਾਂ ਵਿਚ ਵੀ ਰਿਸ਼ਤਿਆਂ ਦੀਆਂ ਗੰਢਾਂ ਖੁੱਲਣ ਨਹੀਂ ਦਿੰਦੇ:

> ਮਾਨਵੀ ਸੰਬੰਧਾਂ ਦਾ ਨਿੱਘ ਖੁੱਭ ਕੇ ਕੰਮ ਕਰਨ ਦੀ ਤਸੱਲੀ, ਉਜਲੀ ਸਵੇਰ, ਚੰਨ-ਚਾਨਣੀ ਤਾਰਿਆਂ ਭਰੀ ਰਾਤ, ਦਿਨ-ਰਾਤ ਬਦਲਦੇ ਕੁਦਰਤ ਦੇ ਰੰਗ, ਰੂਹ ਨੂੰ ਹੁਲਾਰਦੇ ਬਿਰਖਾਂ-ਬੂਟਿਆਂ ਤੇ ਫ਼ਸਲਾਂ ਦੇ ਨਜ਼ਾਰੇ, ਇਹ ਕੁੱਝ ਹੁਣ ਕੋਣ ਵੇਖਦਾ ਹੈ। ਪਦਾਰਥਕ ਤਰੱਕੀ ਲਈ ਮਿਹਨਤ ਕਰਨੀ ਤੇ ਫਿਰ ਸਫਲਤਾ ਦਾ ਇੱਕ-ਇੱਕ ਡੰਡਾ ਚੜ੍ਹਦੇ ਜਾਣਾ, ਫਿਰ ਹੱਕੀ ਸੁੱਖ ਸਹੂਲਤਾਂ ਨੂੰ ਮਾਣਨਾ ਇਹ ਬਹੁਤ ਜ਼ਰੂਰੀ ਹਨ, ਪਰ ਹੋਰ ਸਾਰਾ ਕੁੱਝ ਦਾਅ ਉੱਤੇ ਲਾ ਕੇ

> ਨਹੀਂ। ਸੰਤੁਲਨ ਰੱਖਣਾ ਬਣਦਾ ਹੈ ਕਿਉਂਕਿ ਉਲਾਰ ਹੋਇਆ ਸਾਡੇ ਜੀਵਨ ਵਿਚੋਂ ਬਹੁਤ ਕੁੱਝ ਅਤਿ ਕੀਮਤੀ ਮਨਫ਼ੀ ਹੋ ਜਾਂਦਾ ਹੈ। (ਸੋਮਲ ''ਵਕਤ ਬਦਲ ਗਏ'' 96)

ਜ਼ਿੰਦਗੀ ਵਿਚ ਸੰਤੁਲਨ ਬਣਾ ਕੇ ਤੇ ਸੰਵੇਦਨਸ਼ੀਲ ਬਣ ਕੇ ਆਪਣੇ ਰਿਸ਼ਤਿਆਂ ਦੀਆਂ ਬਣਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਇਆ ਜਾਵੇ ਤੇ ਮੋਹ ਪਿਆਰ ਦੀਆਂ ਤੰਦਾਂ ਨੂੰ ਜੋੜੀ ਰੱਖੀਏ ਤਾਂ ਜੋ ਤਿੜਕਦੇ ਰਿਸ਼ਤਿਆਂ ਨੂੰ ਮੋਹ-ਭਿੱਜ ਰਿਸ਼ਤਿਆਂ ਵਿਚ ਬਦਲੀਏ।

**ੲ) ਇਸਤਰੀ ਪੱਖ:-** ਧੀਆਂ ਤੇ ਧਰੇਕਾਂ ਵਿਹੜੇ ਦੀਆਂ ਰੌਣਕਾਂ ਕਹੀਆਂ ਜਾਂਦੀਆਂ ਹਨ। ਸਮਕਾਲ ਵਿਚ ਇਸਤਰੀ ਦੀ ਸਥਿਤੀ ਵਿਚ ਪੜ੍ਹਨ ਲਿਖਣ ਦੇ ਬਾਵਜੂਦ ਵੀ ਮਾਨਸਿਕ ਤੇ ਸਰੀਰਕ ਪੱਖੋਂ, ਉਹ ਅਜੇ ਵੀ ਸਦੀਆਂ ਪਹਿਲਾਂ ਵਾਲਾ ਸੰਤਾਪ ਭੋਗ ਰਹੀ ਹੈ। ਅਨੁਕੂਲ ਜ਼ਿੰਦਗੀ ਨੂੰ ਜਿਊਣ ਲਈ ਅਜੋਕੇ ਮਨੁੱਖ ਕੋਲ ਹਜ਼ਾਰਾਂ ਅਵਸਰ ਨੇ, ਪਰ ਫਿਰ ਵੀ ਇਸਤਰੀ ਦੀ ਸਥਿਤੀ ਵਿਚ ਸੁਧਾਰ ਨਾਂ-ਮਾਤਰ ਹੀ ਹੈ। ਲੇਖਕ 'ਸਮਾਜਿਕ-ਸੁਰੱਖਿਆ ਦੇ ਘੇਰਿਆਂ ਵਿਚ ਲੱਗਦੀਆਂ ਸੰਨ੍ਹਾਂ' ਨਿਬੰਧ ਵਿਚ ਇਸਤਰੀ ਦੀ ਸਥਿਤੀ ਬਿਆਨਦਾ ਉਸ ਦੇ ਜੀਵਨ ਕਾਲ ਦੌਰਾਨ ਮਹੱਤਤਾ ਬਿਆਨਦਾ ਹੈ:

> ਜ਼ਿੰਦਗੀ ਵਿਚ ਭਾਵੇਂ ਦੀਵਾ ਬਾਲੀਏ ਜਾ ਜੋਤ, ਉਸ ਨੂੰ ਜਗਦੇ ਰੱਖਣ ਲਈ ਵਗਦੀ ਹਵਾ 'ਚ ਤੋਂ ਓਟ ਕਰ ਲਈ ਦੀ ਹੈ। ਇੰਝ ਹੀ ਜ਼ਿੰਦਗੀ ਵਿਚ ਜੋ ਬਹੁਤ ਪਿਆਰਾ ਅਤਿ ਲੋੜੀਂਦਾ ਅਤੇ ਸਾਂਭ ਸੰਭਾਲ ਰੱਖਣ ਵਾਲਾ ਹੋਵੇ, ਉਸ ਦੀ ਸੁਰੱਖਿਆ ਤੇ ਰੱਖ ਰਖਾਓ ਵੱਲ ਸਾਡਾ ਧਿਆਨ ਮੁੜ-ਮੁੜਾ ਜਾਂਦਾ ਹੈ। ਉਸ ਦੇ ਉਧਾਲੇ, ਇੱਕ ਘੇਰੇ ਤੋਂ ਪਿੱਛੋਂ ਦੂਜਾ ਜਾਂ ਤੀਜਾ ਸੁਰੱਖਿਆ ਘੇਰਾ ਬਣਾਇਆ ਜਾਂਦਾ ਹੈ। ਅਜੋਕੇ ਸ਼ਹਿਰੀ ਘਰਾਂ ਦੀਆਂ ਚਾਰ ਦੀਵਾਰੀ ਉੱਤੇ ਲੱਗੇ ਜੰਗਲੇ, ਬੂਹਿਆਂ-ਬਾਰੀਆਂ ਤੇ ਤਾਕੀਆਂ, ਗ੍ਰਿੱਲਾਂ-ਜਾਲੀਆਂ ਤੇ ਬੂਹਿਆਂ-ਬਾਰੀਆਂ ਤੇ ਲਾੱਕ ਅਤੇ ਮੋਟੇ ਲਟਕਦੇ ਜੰਦਰੇ ਵੀ ਇਹੋ ਖ਼ਬਰਦਾਰੀਆਂ ਦਰਸਾਉਂਦੇ ਹਨ? ਕੀ ਘਰਾਂ ਦੀਆਂ ਵਸਤਾਂ, ਧਨ

> ਆਦਿ ਕਿੰਨੀਆਂ ਕੀਮਤੀ ਹਨ, ਪਰ ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਹੋਰ ਹੈ, ਜਿਸ ਦੀ ਹਿਫ਼ਾਜਤ ਕਰਨ ਤੋਂ ਅਸੀ ਅਵੇਸਲੇ ਹੈ? ਜਿਹਨਾਂ ਦੇ ਘੇਰੇ ਨਾਂ-ਮਾਤਰ ਹਨ, ਜੇ ਹਨ ਤਾਂ ਬੇਗੌਰੀ ਦਾ ਸ਼ਿਕਾਰ ਹਨ। (ਸੋਮਲ ਜ਼ਿੰਦਗੀ ਦੀ ਰੌਣਕ" 20)

> ਡਾ.ਪੂਰਨ ਸਿੰਘ ਅਨੁਸਾਰ: ਅੱਜ ਸਮਾਜ ਇੱਕੀਵੀਂ ਸਦੀ ਵਿਚ ਵਿਚਰ ਰਿਹਾ ਹੈ। ਹਰ ਖੇਤਰ ਵਿਚ ਤਰੱਕੀ ਦਿਖਾਈ ਦਿੰਦੀ ਹੈ ਅਤੇ ਪੰਜਾਬੀ ਸਮਾਜ ਦੇ ਲੋਕਾਂ ਦੀ ਸੋਚ ਸਮੇਂ ਦੀ ਹਾਣੀ ਨਹੀਂ ਸਣ ਰਹੀ ਅਤੇ ਅਸੀਂ ਵਹਿਮਾਂ-ਭਰਮਾਂ ਦੀਆਂ ਬੇੜੀਆਂ ਨੂੰ ਕੱਟਣ ਲਈ ਤਿਆਰ ਨਹੀਂ ਹਾਂ। ਜਿੱਥੋਂ ਤਕ ਧੀਆਂ ਦੇ ਕਤਲ ਦੀ ਚਰਚਾ ਹੈ, ਇਹ ਦੋਸ਼ ਸਮੂਹ ਭਾਰਤੀ ਸਮਾਜ ਅੰਦਰ ਪਾਇਆ ਜਾਂਦਾ ਹੈ।("ਪੰਜਾਬੀ ਸਭਿਆਚਾਰ 'ਚ ਤ੍ਰੇੜਾਂ" 20)

ਜਿਵੇਂ ਮਾਂ ਦੀ ਕੁੱਖ ਵਿਚ ਨਿੰਮ੍ਹੇ ਜੀਵ ਨੂੰ ਪੈਦਾ ਹੋਣ ਤੱਕ ਉਸ ਤੋਂ ਬਾਅਦ ਉਹਦੀ ਸਾਂਭ-ਸੰਭਾਲ, ਉਹਨੂੰ ਹਰ ਬੁਰੀ ਬਲ਼ਾ ਤੋਂ ਬਚਾਉਣ ਦੇ ਕਈ ਉਪਰਾਲੇ ਕੀਤੇ ਜਾਂਦੇ ਸਨ, ਪਰ ਹੁਣ ਜਦੋਂ ਪਤਾ ਲੱਗਦਾ ਹੈ ਕਿ ਭਰੂਣ ਇੱਕ ਲੜਕੀ ਹੈ ਤਾਂ ਉਸ ਨੂੰ ਕੁੱਖ ਵਿਚ ਹੀ ਘਾਤ ਕਰ ਦਿੱਤਾ ਜਾਂਦਾ ਹੈ ਤੇ ਫਿਰ ਜਦੋਂ ਇੱਕ ਮਾਂ ਬਣਨ ਯੋਗ ਇਸਤਰੀ ਨੂੰ ਪੂਰਨ ਪਾਲਣ-ਪੋਸ਼ਣ ਨਹੀਂ ਮਿਲਦਾ ਤੇ ਉਸ ਦੇ ਪਰਿਵਾਰ ਵੱਲੋਂ ਭੈੜੇ ਤਸ਼ੱਦਦ ਕੀਤੇ ਜਾਂਦੇ ਹਨ, ਜਿਹੜੇ ਇੱਕ ਇਸਤਰੀ ਨੂੰ ਸਰੀਰਕ ਤੌਰ ਤੇ ਨਹੀਂ, ਬਲਕਿ ਮਾਨਸਿਕ ਤੌਰ ਤੇ ਹਮੇਸ਼ਾ ਲਈ ਬਿਮਾਰ ਕਰਦੇ ਹਨ। ਅਜੋਕਾ ਮਨੁੱਖ ਸ਼ਹਿਰਾਂ ਵਿਚ ਵਾਧੂ ਹੀਲੇ ਵਸੀਲੇ ਹੋਣ ਕਾਰਨ ਇੱਥੇ ਆ ਕੇ ਵੱਸਦਾ ਹੈ, ਪ੍ਰੰਤੂ ਇਹ ਘੇਰਾ ਇੱਥੇ ਵੀ ਨਜ਼ਰ ਨਹੀਂ ਆਉਂਦਾ ਤੇ ਇੱਥੇ ਵੀ ਉਦੋਂ ਘੇਰਾ ਟੁੱਟ ਜਾਂਦਾ ਹੈ, ਜਦੋਂ ਨਿੱਕੀਆਂ-ਨਿੱਕੀਆਂ ਬਾਲੜੀਆਂ ਦਰਿੰਦਿਆਂ ਦੀ ਦਰਿੰਦਗੀ ਦਾ ਸ਼ਿਕਾਰ ਹੁੰਦੀਆਂ ਹਨ।ਲੋੜ ਹੈ ਇਹਨਾਂ ਨੂੰ ਸੁਰੱਖਿਅਤ ਕਰਨ ਦੀ, ਘਰਾਂ ਦੀਆਂ ਬਾਕੀ ਕੀਮਤੀ ਚੀਜ਼ਾਂ ਵਾਂਗ ਘਰ ਦੀ ਇਸਤਰੀ ਸਭ ਤੋਂ ਵੱਧ ਕੀਮਤੀ ਹੈ। 'ਜਿਨਸੀ ਵਿਤਕਰਿਆਂ ਦਾ

ਵਿਆਕਰਣ' ਨਿਬੰਧ ਵਿਚ ਲੇਖਕ ਆਖਦਾ ਹੈ ਕਿ ਇਸਤਰੀ ਦੀ ਸਾਂਭ ਸੰਭਾਲ ਨੇ ਕੇਵਲ ਘਰ ਹੀ ਨਹੀਂ ਬਚਾਉਣੇ, ਸਗੋਂ ਆਉਣ ਵਾਲੀਆਂ ਨਸਲਾਂ ਵੀ ਬਚਾਉਣੀਆਂ ਹਨ:

> ਰਾਤੀ ਨਾ ਮੁੰਡਾ ਘਰ, ਤੇ ਨਾ ਉਸ ਦਾ ਬਾਪ ਘਰ ਦੋਵੇਂ ਬਾਹਰ ਖੇਤਾਂ ਵਿਚ ਸਨ। ਅਸੀਂ ਦੋਵੇਂ ਸੱਸ ਤੇ ਬਹੁ ਇਕੱਲੀਆਂ ਨਾਲ ਜਵਾਨ ਪੋਤੀ। ਸਾਰੀ ਰਾਤ ਨੀਂਦ ਨਾ ਪਈ। (ਸੋਮਲ ''ਸਾਡੇ ਅੰਬਰਾਂ ਦੇ ਤਾਰੇ'' 108)

ਉਪਰੋਕਤ ਸਤਰਾਂ ਤੋਂ ਭਾਵ ਕਿ ਇਹ ਤਿੰਨ ਔਰਤਾਂ ਰਿਸ਼ਟ ਪੁਸ਼ਟ ਹੋਣ ਦੇ ਬਾਵਜੂਦ ਆਪਣੀ ਤਾਕਤ ਨੂੰ ਘਟਾ ਕੇ ਵੇਖਣ ਦੇ ਕਾਰਨ ਘਰ ਵਿਚੋਂ ਆਪਣੇ ਆਪ ਨੂੰ ਨਿਤਾਣੀਆਂ ਮਹਿਸੂਸ ਕਰਦੀਆਂ, ਸਦਾ ਹੀ ਮਰਦ ਦਾ ਸਹਾਰਾ ਲੋਚਦੀਆਂ ਹਨ। ਬਹੁਤ ਸਾਰੀਆਂ ਇਸਤਰੀਆਂ ਨੇ ਇਹ ਮਾਨਸਿਕਤਾ ਬਣਾ ਲਈ ਹੈ। ਇਸ ਲਈ ਇਹ ਧਾਰਨਾ ਬਣੀ ਹੈ ਕਿ ਪੁਰਸ਼ ਭਾਵੇਂ ਮਿੱਟੀ ਦਾ ਹੀ ਕਿਉਂ ਨਾ ਹੋਵੇ, ਸ਼ਰਾਬੀ ਕਬਾਬੀ ਹੀ ਕਿਉਂ ਨਾ ਹੋਵੇ ਘਰ ਵਿਚ ਉਸ ਦੇ ਹੁੰਦਿਆਂ ਇੱਕ ਭੈਅ ਬਣਿਆ ਰਹਿੰਦਾ ਹੈ।

ਅੱਜ ਦੀ ਪੜ੍ਹੀ ਲਿਖੀ ਇਸਤਰੀ ਸਿਰਫ਼ ਪਰਿਵਾਰ ਨੂੰ ਹੀ ਨਹੀਂ, ਬਲਕਿ ਸਮਾਜ ਨੂੰ ਵੀ ਨਰੋਇਆ ਬਣਾਉਣ ਵਿਚ ਅਹਿਮ ਯੋਗਦਾਨ ਪਾਉਂਦੀ ਹੈ। 'ਸਮੇਂ ਬਦਲ ਗਏ' ਨਿਬੰਧ ਵਿਚ ਲੇਖਕ ਇਹ ਸੰਦੇਸ਼ ਦਿੰਦਾ ਹੈ, ਜੇਕਰ ਘਰ ਦੀ ਇਸਤਰੀ ਜਾਗੀ ਹੈ, ਆਪਣੇ ਹੱਕਾਂ ਤੋਂ ਜਾਣੂ ਹੈ ਪੜ੍ਹੀ ਲਿਖੀ ਹੈ, ਤਾਂ ਉਹ ਆਪਣੀ ਇਸ ਜਾਗੀ ਸਮਰੱਥਾ ਨਾਲ ਹਰ ਮੁਸ਼ਕਲ ਨੂੰ ਸਰ ਕਰਦੀ ਹੋਈ, ਬੰਦ ਰਾਹਾਂ ਨੂੰ ਖੋਲ੍ਹਣ ਦੀ ਸਮਰੱਥਾ ਵੀ ਰੱਖਦੀ ਹੈ। ਮਾੜੀਆਂ ਘਟਨਾਵਾਂ ਜ਼ਿੰਦਗੀ ਵਿਚ ਪੁੱਛ ਕੇ ਨਹੀਂ ਆਉਂਦੀਆਂ। ਅੱਜ ਦੇ ਯੁੱਗ ਵਿਚ ਇਸਤਰੀਆਂ ਦਾ ਪੜ੍ਹਿਆ ਲਿਖਿਆ ਹੋਣਾ, ਉਸ ਦੇ ਪਰਿਵਾਰ ਨੂੰ ਤਾਕਤ ਬਖ਼ਸ਼ਦਾ ਹੈ:

> ਅੱਜ ਜੇਕਰ ਪਰਿਵਾਰ ਦੁਰਘਟਨਾਵਾਂ ਤੋਂ ਪ੍ਰਭਾਵਿਤ ਹੋ ਰਹੇ ਹਨ। ਸੜਕ ਹਾਦਸਿਆਂ ਦੇ ਰੂਪ ਵਿਚ ਕਮਾਊ ਉਮਰ ਦੇ ਲੋਕ ਮਰ ਰਹੇ ਹਨ। ਪਰਿਵਾਰਾਂ ਦੀਆਂ ਜ਼ਿੰਮੇਵਾਰੀਆਂ ਨੂੰ ਥੰਮ੍ਹ ਬਣ ਕੇ

> ਚੁੱਕਣ ਵਾਲੇ, ਕਿੰਨੇ ਹੀ ਪੁਰਸ਼ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਆਪਣੀ ਜੀਵਨ ਲੀਲ੍ਹਾ ਮੁਕਾ ਲੈਂਦੇ ਹਨ।ਉਨ੍ਹਾਂ ਦੀਆਂ ਵਿਧਾਵਾਂ ਪਿੱਟਦੀਆਂ ਰਹਿ ਜਾਂਦੀਆਂ ਹਨ।(ਸੋਮਲ ''ਵਕਤ ਬਦਲ ਗਏ'' 19)

ਅੱਜ ਦਾ ਯੁੱਗ ਆਧੁਨਿਕਤਾ ਦਾ ਯੁੱਗ ਹੈ ਤੇ ਮਹਿੰਗਾਈ ਨੇ ਘਰ ਬੈਠੀ ਇਸਤਰੀ ਨੂੰ ਘਰ ਦੀ ਦਹਿਲੀਜ਼ ਤੋਂ ਬਾਹਰ ਲੈ ਆਂਦਾ ਹੈ। ਬੱਸ ਲੋੜ ਹੈ ਉਸ ਨੂੰ ਉਸ ਦਾ ਬਣਦਾ ਮਾਣ ਸਤਿਕਾਰ ਦੇਣ ਦੀ। ਘਰ ਦੀਆਂ ਬਾਕੀ ਕੀਮਤੀ ਚੀਜ਼ਾਂ ਨਾਲੋਂ ਬੇਸ਼ਕੀਮਤੀ ਹੈ, ਇਸਤਰੀ ਦੀ ਸੁਰੱਖਿਆ ਅਤੇ ਉਸ ਦੀ ਦੇਖਭਾਲ, ਉਸ ਦਾ ਸਤਿਕਾਰ:

> ਸਾਡੇ ਸਮਾਜਿਕ, ਸਭਿਆਚਾਰਕ, ਧਾਰਮਿਕ ਅਦਾਰੇ ਸਦੀਆਂ ਤੋਂ ਔਰਤ ਦੇ ਸੰਤਾਪ ਲਈ ਮੁੱਖ ਰੂਪ ਵਿਚ ਜ਼ਿੰਮੇਵਾਰ ਹਨ। ਇਹਨਾਂ ਅਦਾਰਿਆਂ ਦੀ ਛਤਰ-ਛਾਇਆ ਥੱਲੇ ਹੀ ਕਿਸੇ ਵੀ ਦੇਸ਼ ਦਾ ਕਾਨੂੰਨ ਅਤੇ ਕਾਨੂੰਨੀ ਅਵਸਥਾ ਜਨਮ ਲੈਂਦੇ ਅਤੇ ਵਿਗਸਦੇ ਹਨ। ਇਹਨਾਂ ਅਦਾਰਿਆਂ ਉੱਤੇ ਮਰਦ-ਪ੍ਰਧਾਨ ਸਮਾਜ ਦੀ ਪਕੜ ਹੋਣ ਕਰ ਕੇ ਹੀ, ਰਮਾਇਣ ਰਚੇਤਾ, ਮਹਾਂ ਕਵੀ ਤੁਲਸੀ ਦਾਸ, ਔਰਤ ਨੂੰ ਜਾਨਵਰ ਦੇ ਬਰਾਬਰ ਹੀ ਸਮਝਦਾ ਹੈ। ਪ੍ਰਸਿੱਧ ਪੰਜਾਬੀ ਕਿੱਸਾਕਾਰ ਪੀਲੂ ਅਤੇ ਚਰਚਿਤ ਕਵੀ ਵਾਰਿਸ ਸ਼ਾਹ ਵੀ, ਔਰਤ ਨੀਵੀਂ ਨਜ਼ਰ ਨਾਲ ਹੀ ਵੇਖਦੇ ਹਨ। ਅੱਜ ਤੋਂ ਤਕਰੀਬਨ ਪੰਜ ਸੌ ਸਾਲ ਪਹਿਲਾਂ ਸਿੱਖ ਧਰਮ ਦੇ ਪਹਿਲੇ ਗੁਰੂ ਬਾਬਾ ਨਾਨਕ ਵੱਲੋਂ ਔਰਤ ਦੀ ਇੰਨੀ ਵਡਿਆਈ ਕਰਨ ਦੇ ਬਾਵਜੂਦ ਵੀ ਸਿੱਖ ਧਰਮ ਦੇ ਮੱਕੇ ਗੋਲਡਨ ਟੈਂਪਲ ਵਿਚ ਅੱਜ ਤੱਕ ਕੋਈ ਔਰਤ ਮੁੱਖ ਗ੍ਰੰਥੀ ਨਹੀਂ ਬਣ ਸਕੀ। (ਸੁਖਿੰਦਰ "ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਤੀਜਾ)" 27)

ਉਪਰੋਕਤ ਸਤਰਾਂ ਤੋਂ ਭਾਵ ਲੋੜ ਹੈ ਆਪਣੀ ਸੋਚ ਨੂੰ ਬਦਲਣ ਦੀ। ਜੇਕਰ ਅੱਜ ਦੀ ਪੜ੍ਹੀ ਲਿਖੀ ਔਰਤ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਮਰਦ ਦਾ ਸਾਥ ਦੇ ਰਹੀ ਹੈ ਤਾਂ ਉਸ ਦੇ ਪਿੱਛੇ ਇੱਕ ਕਾਰਨ

ਆਰਥਿਕ ਪੱਖੋਂ ਮਜ਼ਬੂਤ ਬਣ ਕੇ ਆਪਣੇ ਬੱਚਿਆ ਨੂੰ ਬਿਹਤਰ ਤੇ ਖ਼ੁਸ਼ਹਾਲ ਜ਼ਿੰਦਗੀ ਦੇਣਾ ਹੈ। ਇਸ ਲਈ ਦੋਹਾਂ ਪਤੀ-ਪਤਨੀ ਦੇ ਵਿਚ ਪਿਆਰ, ਉਨ੍ਹਾਂ ਨੂੰ ਆਰਥਿਕ ਤੌਰ ਤੇ ਹੀ ਨਹੀਂ, ਸਗੋਂ ਮਾਨਸਿਕ ਪੱਖੋਂ ਵੀ ਸੰਤੁਸ਼ਟ ਕਰੇਗਾ।

**ਸ) ਨੈਤਿਕ ਕਦਰਾਂ-ਕੀਮਤਾਂ:-** ਨੈਤਿਕ ਕਦਰਾਂ-ਕੀਮਤਾਂ ਮਨੁੱਖੀ ਜ਼ਿੰਦਗੀ ਦੇ ਉਹ ਬੁਨਿਆਦੀ ਅਸੂਲ, ਨਿਯਮ, ਸਿਧਾਂਤ ਜਾਂ ਮੁੱਲ ਹੁੰਦੇ ਹਨ, ਜੋ ਇੱਕ ਮਨੁੱਖ ਨੂੰ ਸਹੀ ਅਰਥਾਂ ਵਿਚ ਮਨੁੱਖ ਬਣਾਉਂਦੇ ਹਨ।

'ਨੈਤਿਕ' ਸ਼ਬਦ ਅੰਗਰੇਜ਼ੀ ਦੇ 'ਐਥਿਕਸ(Ethics) ਅਥਵਾ 'ਮਾਰਲ' (Moral) ਸ਼ਬਦਾਂ ਦਾ ਸਮਾਨ-ਅਰਥੀ ਹੈ। 'ਐਥਿਕਸ(Ethics) ਸ਼ਬਦ ਦੀ ਉਤਪਤੀ ਗ੍ਰੀਕ ਸ਼ਬਦ ਐਥਿਕਾ ਤੋਂ ਹੋਈ, ਜੋ ਅੱਗੋਂ ਇਥਾਸ ਨਾਲ ਜਾ ਜੁੜਦਾ ਹੈ। ਇਥਾਸ ਦਾ ਅਰਥ ਰੀਤੀ ਜਾਂ ਆਦਤ ਹੈ। ਹਰ ਸਮਾਜ ਵਿਚ ਕੁੱਝ ਅਜਿਹੀਆਂ ਰੀਤੀਆਂ ਹੁੰਦੀਆਂ ਹਨ। ਜਿਨ੍ਹਾਂ ਦੀ ਪ੍ਰਾਪਤੀ ਨੂੰ ਮਨੁੱਖ ਆਪਣਾ ਲਕਸ਼ ਬਣਾਉਂਦਾ ਹੈ। ਸਮਾਜ ਦੇ ਉਹ ਆਦਰਸ਼ ਹੁੰਦੇ ਹਨ, ਜਿਨ੍ਹਾਂ ਦੀ ਪਾਲਣਾ ਕਰਨ ਵਾਲਾ ਮਨੁੱਖ ਸਹੀ ਅਰਥਾਂ ਵਿਚ ਮਨੁੱਖ ਨੂੰ ਸਭਿਅਤਾ ਕਹਾਉਣ ਦਾ ਹੱਕਦਾਰ ਬਣਾਉਂਦੀਆਂ ਹਨ।

> ਡਾ. ਰਾਧਾ ਕ੍ਰਿਸ਼ਨਨ ਅਨੁਸਾਰ: ਭਾਰਤ ਸਹਿਤ ਸਾਰਾ ਵਿਸ਼ਵ, ਇਸ ਲਈ ਕਠਨਾਈਆਂ ਵਿਚੋਂ ਲੰਘ ਰਿਹਾ ਹੈ ਕਿਉਂਕਿ ਸਾਡੀ ਸਿੱਖਿਆ ਕੇਵਲ ਬੌਧਿਕ ਕਸਰਤ ਬਣ ਕੇ ਰਹਿ ਗਈ ਹੈ ਅਤੇ ਉਸ ਵਿਚ ਨੈਤਿਕ ਅਤੇ ਅਧਿਆਤਮਕ ਮੁੱਲਾਂ ਦਾ ਕੋਈ ਸਥਾਨ ਨਹੀਂ। (ਤਿਵਾੜੀ ''ਚਾਰਵਾਕ ਦਾ ਨੈਤਿਕ ਦਰਸ਼ਨ'' 78)

ਨੈਤਿਕ ਕਦਰਾਂ-ਕੀਮਤਾਂ ਤੇ ਅਧਾਰਿਤ ਸਮਾਜ ਹੀ ਮਾਨਵ-ਹਿਤੈਸ਼ੀ ਤੇ ਕਲਿਆਣਕਾਰੀ ਸਿੱਧ ਹੋ ਸਕਦਾ ਹੈ। ਅਜਿਹੇ ਨੈਤਿਕ ਕਦਰਾਂ-ਕੀਮਤਾਂ ਨਾਲ ਭਰਪੂਰ ਸਮਾਜ ਵਿਚ ਹੀ, ਹਰ ਮਨੁੱਖ ਸੁਰੱਖਿਅਤ ਤੇ ਸੁਤੰਤਰ ਮਹਿਸੂਸ ਕਰ ਸਕਦਾ ਹੈ।

ਉਪਰੋਕਤ ਵਿਚਾਰਧਾਰਾਵਾਂ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਨੈਤਿਕ ਕਦਰਾਂ-ਕੀਮਤਾਂ, ਉਨ੍ਹਾਂ ਸਿਧਾਂਤਾਂ ਦੀ ਸੰਘਤਾ ਵੱਲ ਇਸ਼ਾਰਾ ਕਰਦੀਆਂ ਹਨ, ਜੋ ਉੱਤਮ ਜੀਵਨ ਜਿਊਣ ਲਈ ਜ਼ਰੂਰੀ ਹਨ। ਇਹ ਨੈਤਿਕ ਕਦਰਾਂ-ਕੀਮਤਾਂ ਹੀ ਮਨੁੱਖ ਦੇ ਜੀਵਨ ਵਿਚ ਸਵੈ-ਅਨੁਸ਼ਾਸਨ ਵਰਗੇ ਗੁਣ ਪੈਦਾ ਕਰ ਕੇ ਮਨੁੱਖ ਨੂੰ ਜ਼ਿੰਦਗੀ ਜਿਊਣ ਦੀ ਕਲਾ ਸਿਖਾਉਂਦੀਆਂ ਹਨ।

ਨੈਤਿਕ ਕਦਰਾਂ-ਕੀਮਤਾਂ ਮਾਨਵੀ ਜੀਵਨ ਦੇ ਉਹ ਬੁਨਿਆਦੀ ਸਿਧਾਂਤ ਹੁੰਦੇ ਹਨ, ਜੋ ਸਾਨੂੰ ਉੱਚਾ-ਸੁੱਚਾ ਸਾਫ਼-ਸੁਥਰਾ ਅਤੇ ਸਾਵਾ-ਪੱਧਰਾ ਜੀਵਨ ਬਤੀਤ ਕਰਨ ਦੇ ਯੋਗ ਬਣਾਉਂਦੀਆਂ ਹਨ। ਇਨ੍ਹਾਂ ਦਾ ਧਾਰਨੀ ਮਨੁੱਖ ਹਮੇਸ਼ਾ ਹੀ ਮਿਹਨਤੀ, ਇਮਾਨਦਾਰ, ਸੰਜਮੀ, ਅਨੁਸ਼ਾਸਿਤ, ਨਿਰਸਵਾਰਥ ਅਤੇ ਮਾਨਵੀ ਪਿਆਰ ਨਾਲ ਓਤ-ਪੋਤ ਹੁੰਦਾ ਹੈ। ਇਹ ਗੁਣ, ਉਸ ਨੂੰ ਖ਼ੁਸ਼ ਅਤੇ ਸੰਤੁਸ਼ਟ ਰੱਖਦੇ ਹਨ ਅਤੇ ਉਹ ਬੇਲੋੜੀ ਭੱਜ-ਦੌੜ, ਚਿੰਤਾ ਅਤੇ ਤਣਾਅ ਦੀ ਭਾਵਨਾ ਤੋਂ ਬਚਿਆ ਰਹਿੰਦਾ ਹੈ।

ਲੇਖਕ ਅਨੁਸਾਰ ਜੇਕਰ ਬੰਦਾ ਵਕਤ ਦੇ ਨਾਲ ਨਹੀਂ ਚੱਲਦਾ ਤਾਂ ਉਸ ਦੇ ਵੀ ਬਹੁਤ ਸਾਰੇ ਮਾਨਸਿਕ ਕਾਰਨ ਹੁੰਦੇ ਹਨ, ਜਿਨ੍ਹਾਂ ਕਰ ਕੇ ਉਹ ਪੁਰਾਣੀ ਜੀਵਨ ਤਰਜ਼ ਤੇ ਆਪਣੀ ਜ਼ਿੰਦਗੀ ਦੀਆਂ ਪੁਰਾਣੀਆਂ ਸੋਚਾਂ ਦਾ ਪੱਲਾ ਘੁੱਟ ਕੇ ਫੜੀ ਰੱਖਣ ਦਾ ਯਤਨ ਕਰਦਾ ਹੈ ਕਿਉਂਕਿ ਉਹ ਉਸ ਵਿਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਵਾਉਣ ਲਈ ਹੁੰਦਾ ਹੈ। ਅਜੋਕੀ ਪੀੜ੍ਹੀ ਨੈਤਿਕ-ਕਦਰਾਂ ਕੀਮਤਾਂ ਨਾਲੋਂ ਟੁੱਟਦੀ ਜਾ ਰਹੀ ਹੈ। ਸਾਂਝੇ ਪਰਿਵਾਰ, ਰਿਸ਼ਤਿਆਂ ਵਿਚ ਮੋਹ ਟੁੱਟਦਾ ਜਾ ਰਿਹਾ ਹੈ। 'ਕਿਹੜੇ ਮੁੱਲ ਅਤੇ ਕਿਹੜੀਆਂ ਕਦਰਾਂ-ਕੀਮਤਾਂ' ਨਿਬੰਧ ਵਿਚ ਲੇਖਕ ਨੇ ਚਰਚਾ ਕੀਤੀ ਹੈ ਕਿ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਅਜੋਕੇ ਆਪੋ-ਧਾਪੀ ਦੇ ਯੁੱਗ ਵਿਚ ਇਹ ਕਦਰਾਂ-ਕੀਮਤਾਂ ਪੈਰਾਂ ਹੇਠ ਮਧੋਲੀਆਂ ਗਈਆਂ ਹੋਣ। ਇਹ ਕਦਰਾਂ-ਕੀਮਤਾਂ ਹੀ ਮਨੁੱਖੀ ਜੀਵਨ ਸ਼ੈਲੀ ਦਾ ਅਧਾਰ ਬਣਦੀਆਂ ਹਨ:

> ਅਸਲ ਮਨੁੱਖ ਦੀਆਂ ਕਦਰਾਂ-ਕੀਮਤਾਂ ਐਪਰ ਪਦਾਰਥਾਂ ਤੋਂ ਅੱਗੇ ਉਸ ਦੇ ਭਾਵਾਂ, ਆਦਰਸ਼ਾਂ, ਰਿਸ਼ਤਿਆਂ, ਵਿਚਾਰਕ ਸਮਝਾ ਨੂੰ ਵੀ ਆਪਣੇ ਕਲਾਵੇ ਵਿਚ ਲੈਂਦੀਆਂ ਹਨ ।(ਸੋਮਲ ''ਵਕਤ ਬਦਲ ਗਏ'' 49)

> ਕਦਰਾਂ-ਕੀਮਤਾਂ ਹੀ ਮਨੁੱਖ ਨੂੰ ਸੇਧ ਦਿੰਦੀਆਂ ਅਤੇ ਬੇਮੁਹਾਰੇਪਣ ਤੋਂ ਉਸ ਦੇ ਸੰਭਲਣ ਵਿਚ ਸਹਾਈ ਹੁੰਦੀਆਂ ਹਨ। ਚੁਫੇਰੇ ਦੀ ਅਫ਼ਰਾ ਤਫ਼ਰੀ ਤੇ ਬੇਤਰਤੀਬੀ ਵਿਚ, ਇਹ ਮਨੁੱਖ ਨੂੰ ਆਪਣਾ ਰਾਹ ਪਛਾਣਨ ਜਾਂ ਨਵਾਂ ਬਣਾਉਣ ਲਈ ਸੋਹਣੀਆਂ ਟੇਕਾਂ ਬਣਦੀਆਂ ਹਨ। (ਸੋਮਲ ''ਵਕਤ ਬਦਲ ਗਏ'' 50)

ਅਕਸਰ ਜਦੋਂ ਬਜ਼ੁਰਗ ਔਰਤਾਂ ਕਿਸੇ ਨੂੰ ਅਸੀਸ ਦਿੰਦੀਆਂ ਹਨ ਤਾਂ ਹਮੇਸ਼ਾ ਕਹਿੰਦੀਆਂ ਹਨ 'ਜਿਊਂਦੇ ਰਹੋ, ਰੱਬ ਤੇਰੀ ਦੇਹ ਨਰੋਈ ਰੱਖੇ' ਸ਼ਬਦ ਜ਼ਰੂਰ ਬੋਲਦੀਆਂ ਹਨ ਜਿਊਂਦੇ ਰਹਿਣਾ ਵੱਡੀ ਅਤੇ ਚੰਗੀ ਸਿਹਤ ਦੇ ਨਾਲ ਜ਼ਿੰਦਗੀ ਨੂੰ ਜਿਊਣਾ ਇੱਕ ਵੱਡੀ ਕਦਰ ਹੁੰਦੀ ਹੈ।

ਕਦਰਾਂ-ਕੀਮਤਾਂ ਹਮੇਸ਼ਾ ਘਰਾਂ ਵਿਚ ਵੱਡਿਆਂ ਦਾ ਪਾਲਣ ਕਰਨ, ਮਿਹਨਤ ਕਰਨ, ਆਪਣੇ ਕੰਮ ਨੂੰ ਜ਼ਿੰਮੇਵਾਰੀ ਕਰਨਾ ਸਿਖਾਉਂਦੀਆਂ ਹਨ। 'ਕਿਹੜੇ ਮੁੱਲ ਅਤੇ ਕਿਹੜੀਆਂ ਕਦਰਾਂ-ਕੀਮਤਾਂ? 'ਨਿਬੰਧ ਵਿਚ ਲੇਖਕ ਅਨੁਸਾਰ ਇਸ ਪੂੰਜੀਵਾਦੀ ਯੁੱਗ ਵਿਚ ਮਨੁੱਖ ਕੋਲ ਸਬਰ, ਸੰਤੋਖ, ਵਰਗੀਆਂ ਕਦਰਾਂ-ਕੀਮਤਾਂ ਤਖ਼ਤੋਂ ਲੱਥ ਗਈਆਂ ਮਹਿਸੂਸ ਹੁੰਦੀਆਂ ਹਨ।

ਜੇਕਰ ਵੱਖ-ਵੱਖ ਪ੍ਰਬੰਧ ਮਾਨਵੀ ਹਿਤਾਂ ਦੀ ਰਾਖੀ ਕਰਨ ਵਾਲੇ ਹੋਣ, ਤਦ ਹਰ ਰੁੱਤੇ ਖਿੜਦੀਆਂ ਤੇ ਮਹਿਕਦੀਆਂ ਫੁਲਵਾੜੀਆਂ ਵਾਂਗ ਕਦਰਾਂ-ਕੀਮਤਾਂ ਮਨੁੱਖ ਨੂੰ ਅੰਦਰੋਂ ਨਿੱਗਰ ਅਤੇ ਨਰੋਆ ਬਣਾ, ਉਸ ਦੀ ਸ਼ਖ਼ਸੀਅਤ ਨੂੰ ਪ੍ਰਫੁਲਿਤ ਕਰਦੀਆਂ ਹਨ।(ਸੋਮਲ ''ਵਕਤ ਬਦਲ ਗਏ'' 54)

ਸਮਕਾਲ ਵਿਚ ਮਨੁੱਖ ਨੈਤਿਕ ਕਦਰਾਂ-ਕੀਮਤਾਂ ਤੋਂ ਸੱਖਣਾ ਹੁੰਦਾ ਜਾ ਰਿਹਾ ਹੈ। ਇਕਹਿਰੇ ਪਰਿਵਾਰਾਂ ਨੇ ਇਸ ਵਿਚ ਪਹਿਲ ਕਦਮੀ ਵਿਖਾਈ ਹੈ। ਜਿੱਥੇ ਘਰਾਂ ਵਿਚ ਆਪਸੀ ਦੰਪਤੀ ਦੇ ਸੰਬੰਧਾਂ ਵਿਚ ਵਿਸ਼ਵਾਸ ਤੇ ਸਤਿਕਾਰ ਤੇ ਸਹਿਯੋਗ ਦੀ ਭਾਵਨਾ ਦਾ ਕਾਲ ਪੈ ਜਾਏਗਾ, ਉੱਥੇ ਫਿਰ ਪਰਿਵਾਰਕ ਮਾਹੌਲ ਵਿਗੜੇਗਾ ਤੇ ਇਹ ਸਿਰਫ਼ ਬੱਚਿਆਂ ਦੇ ਅੱਜ ਤੇ ਹੀ ਨਹੀਂ, ਸਗੋਂ ਭਵਿੱਖ ਤੇ ਵੀ ਪ੍ਰਸ਼ਨ ਚਿੰਨ੍ਹ ਲਗਾਵੇਗਾ। ਲੇਖਕ ਅਨੁਸਾਰ ਕਦਰਾਂ-ਕੀਮਤਾਂ ਆਪ ਮੁਹਾਰੇ ਪਨਪਦੀਆਂ ਹਨ। ਇਹ ਠੋਸੀਆਂ ਨਹੀਂ ਜਾ ਸਕਦੀਆਂ। ਕਦਰਾਂ ਕੀਮਤਾਂ ਮਨੁੱਖੀ ਜੀਵਨ ਵਿਚ ਸਹਾਈ ਹੁੰਦੀਆਂ ਹਨ। ਰਿਸ਼ਤਿਆਂ ਵਿਚ ਸਾਂਝ, ਅਫ਼ਰਾ ਦਫ਼ੜੀ ਦੇ ਮਾਹੌਲ ਵਿਚ ਮਨੁੱਖ ਨੂੰ ਸੰਪੂਰਨ ਸੇਧ ਅਤੇ ਨਿਰਸਵਾਰਥ, ਮਿਹਨਤੀ, ਸੰਜਮੀ ਤੇ ਸੰਪੂਰਨ ਇਨਸਾਨ ਬਣਾਉਣ ਵਿਚ ਸੋਹਣਾ ਆਸਰਾ ਬਣਦੀਆਂ ਹਨ।

ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ। ਅੱਜ ਮਨੁੱਖ ਦੀ ਸੋਚ ਵਿਗਿਆਨਕ ਹੋਣੀ ਤੇ ਸਮੇਂ ਦੇ ਹਾਣ ਦੀ ਹੋਣੀ ਅਤਿ ਲੋੜੀਂਦੀ ਹੈ। ਅਜੋਕੀਆਂ ਕਦਰਾਂ-ਕੀਮਤਾਂ, ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਵਾਤਾਵਰਣ ਨੂੰ ਸੁਰੱਖਿਅਤ ਕਿਵੇਂ ਰੱਖਿਆ ਜਾਵੇ। ਜੇਕਰ ਪਾਣੀ ਫ਼ਾਲਤੂ ਚੱਲ ਰਿਹਾ ਹੈ ਤਾਂ ਉਸ ਨੂੰ ਬੰਦ ਕੀਤਾ ਜਾਵੇ। ਜੇਕਰ ਕੋਈ ਦੁਰਘਟਨਾ ਵਾਪਰਦੀ ਹੈ ਤਾਂ ਉਨ੍ਹਾਂ ਦੀ ਤੁਰੰਤ ਮਦਦ ਕੀਤੀ ਜਾਵੇ। ਦਰਖ਼ਤ ਲਗਾਉਣੇ ਭਾਵ, ਜੋ ਕੰਮ ਮਾਨਵ ਬਣ ਕੇ ਕੀਤਾ ਜਾਵੇ ਉਹ ਨੈਤਿਕਤਾ ਹੀ ਹਨ। ਅਜੋਕੇ ਸਮਾਜ ਤੇ ਦੇਸ਼ ਨੂੰ ਬਚਾਉਣ ਲਈ ਹਰ ਮਨੁੱਖ ਅੰਦਰ ਇਹਨਾਂ ਦਾ ਵਾਸਾ ਹੋਣਾ ਜ਼ਰੂਰੀ ਹੈ ਤਾਂ ਜੋ ਨਰੋਏ ਸਮਾਜ ਦੀ ਸਿਰਜਣਾ ਹੋ ਸਕੇ। ਲੇਖਕ ਇੱਕ ਇਸਤਰੀ ਦੇ ਮਨ ਦੀ ਪੀੜਾ ਬਿਆਨ ਦਾ ਆਖਦਾ ਹੈ ਕਿ ਕਿੰਨੇ ਹੀ ਰਿਸ਼ਤਿਆਂ ਵਿਚ ਬੱਝੀ ਇਸਤਰੀ, ਸਿਰਫ਼ ਆਪਣੇ ਘਰ ਨੂੰ ਬਚਾਉਣ ਲਈ ਕਿੰਨੀਆਂ ਹੀ ਪੀੜਾਂ ਸਹਿੰਦੀ ਹੈ ਤੇ ਸੀ ਤੱਕ ਨਹੀਂ ਕਰਦੀ ਸੀ, ਸ਼ਾਇਦ ਇਸ ਲਈ ਹੀ ਰੱਬ ਤੋਂ ਬਾਅਦ ਇਸਤਰੀ ਨੂੰ ਭਾਵ, ਮਾਂ ਨੂੰ ਹੀ ਇਹ ਰੁਤਬਾ ਮਿਲਿਆ ਹੈ:

> ਸਾਡੇ ਸਮਾਜ ਵਿਚ ਇਸਤਰੀ ਵਿਆਹ ਦੇ ਬੰਧਨ ਵਿਚ ਬੰਨ੍ਹੀ ਹੋਈ ਅਨੇਕਾਂ ਦੁੱਖ ਕੱਟੀ ਜਾਂਦੀ ਹੈ, ਸਿਰਫ਼ ਇਸ ਲਈ ਕਿ ਉਹ ਬਾਹਰਲੇ ਬਘਿਆੜਾਂ ਤੋਂ ਸੁਰੱਖਿਅਤ ਮਹਿਸੂਸ ਕਰਦੀ ਹੈ।

> ਉਸ ਦਾ ਮਰਦ ਬਾਹਰੋਂ ਕਮਾ ਕੇ ਲਿਆਉਂਦਾ ਹੈ। ਘਰ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ ਹੈ, ਪਰ ਇਹ ਇਸਤਰੀ ਇਨ੍ਹਾਂ ਵਿਚੋਂ ਕਿਸੇ ਗੱਲ ਲਈ ਵੀ ਕਿਸੇ ਦੀ ਮੁਹਤਾਜ ਨਹੀਂ ਸੀ। (ਸੋਮਲ ''ਜ਼ਿੰਦਗੀ ਦੀ ਰੌਣਕ''100)

ਉਪਰੋਕਤ ਸ਼ਬਦਾਂ ਤੋਂ ਭਾਵ ਧੀਆਂ ਜੇਕਰ ਪੜ੍ਹੀਆਂ ਲਿਖੀਆਂ ਹੋਣ ਮਾਪੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਹੋਣ ਤਾਂ ਔਰਤਾਂ ਦੀ ਜੀਵਨ ਕਹਾਣੀ ਹੀ ਵੱਖ ਹੋਵੇਗੀ, ਫਿਰ ਉਹ ਆਪਣੇ ਉੱਤੇ ਹੋ ਰਹੇ ਜ਼ੁਲਮਾਂ ਖ਼ਿਲਾਫ਼, ਆਵਾਜ਼ ਉਠਾਉਣ ਵਿਚ ਦੇਰੀ ਨਹੀਂ ਲਾਵੇਗੀ। ਮਰਦ ਦੇ ਸਹਾਰੇ ਤੋਂ ਬਿਨਾਂ ਵੀ ਉਹ ਸੁਰੱਖਿਅਤ ਹੋਣ ਦੀ ਇੱਛਾ ਰੱਖ ਸਕੇਗੀ। ਜ਼ਿੰਦਗੀ ਇੱਕ ਖੇਡ ਹੈ ਤੇ ਕਿਉਂ ਨਾ ਖੇਡ ਉਹ ਚੁਣੀ ਜਾਵੇ, ਜਿਹੜੀ ਰੂਹ ਨੂੰ ਸਕੂਨ ਦੇਵੇ। ਉਨ੍ਹਾਂ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਵੇ, ਜਿਹੜੇ ਰੂਹ ਨੂੰ ਸਕੂਨ ਦੇਣ ਤੇ ਅੰਦਰਲੀ ਮਾਨਸਿਕਤਾ ਨੂੰ ਡੋਲਣ ਨਾ ਦੇਣ।

**ਹ) ਪ੍ਰੇਰਨਾਦਾਇਕ ਨਿਬੰਧ/ਸਿੱਖਿਆਦਾਇਕ ਨਿਬੰਧ:-** ਹਰ ਮਨੁੱਖ ਆਪਣੇ ਜੀਵਨ ਵਿਚ ਅਨੇਕਾਂ ਦੁੱਖਾਂ-ਸੁੱਖਾਂ, ਉਤਰਾਵਾਂ-ਚੜ੍ਹਾਵਾਂ, ਸਫਲਤਾਵਾਂ-ਅਸਫਲਤਾਵਾਂ, ਖ਼ੁਸ਼ੀਆਂ-ਗ਼ਮੀਆਂ ਅਤੇ ਨਫ਼ੇ-ਨੁਕਸਾਨਾਂ ਦਾ ਸਾਹਮਣਾ ਕਰਦਾ ਹੈ। ਇਸ ਤਰ੍ਹਾਂ ਹੀ ਉਸ ਦਾ ਅਨੇਕ ਪ੍ਰਕਾਰ ਦੇ ਲੋਕਾਂ ਨਾਲ ਵਾਹ ਪੈਂਦਾ ਹੈ, ਜਿਨ੍ਹਾਂ ਵਿਚੋਂ ਕੁੱਝ ਸਦਾ ਉਸਦਾ ਭਲਾ ਲੋਚਨ, ਭਲਾ ਸੋਚਣ ਤੇ ਭਲਾ ਕਰਨ ਵਾਲੇ ਹੁੰਦੇ ਹਨ, ਜਦਕਿ ਕੁੱਝ ਅਜਿਹੇ ਜੋ ਉਸ ਦਾ ਬੁਰਾ ਚਿਤਵਣ ਅਤੇ ਬੁਰਾ ਕਰਨ ਵਾਲੇ ਹਨ। ਆਪਣੇ ਜੀਵਨ ਵਿਚ ਉਹ ਬਹੁਤ ਸਾਰੀਆਂ ਵੱਖ-ਵੱਖ ਥਾਵਾਂ ਅਤੇ ਵਸਤਾਂ ਵੀ ਦੇਖਦਾ ਹੈ। ਇਹ ਸਭ ਉਸ ਦੇ ਨਿੱਜੀ ਅਨੁਭਵ ਹੁੰਦੇ ਹਨ, ਕੁੱਝ ਕੌੜੇ ਅਤੇ ਕੁੱਝ ਮਿੱਠੇ, ਪਰ ਸਾਰੇ ਹੀ ਉਸ ਨੂੰ ਕੁੱਝ ਸਿਖਾਉਣ ਵਾਲੇ। 'ਅਮੁੱਕ ਸੋਮੇ ਪ੍ਰੇਰਨਾਵਾਂ ਦੇ' ਨਿਬੰਧ ਵਿਚ ਲੇਖਕ ਆਪਣੇ ਵਿਅਕਤੀਗਤ ਅਨੁਭਵ ਦੁਆਰਾ ਬਹੁਤ ਹੀ ਸੁੰਦਰ ਸੰਦੇਸ਼ ਦਿੱਤਾ ਹੈ:

> ਸਫਲਤਾਵਾਂ ਨਿਰਸੰਦੇਹ ਪ੍ਰੇਰਨਾ ਦਿੰਦੀਆਂ ਹਨ ਤੇ ਅਸਫਲਤਾਵਾਂ ਵੀ, ਜੇ ਇਨ੍ਹਾਂ ਨੂੰ ਸਿਹਤਮੰਦ ਨਜ਼ਰੀਏ ਨਾਲ ਵੇਖਿਆ ਜਾਵੇ ਅਤੇ ਇਨ੍ਹਾਂ ਨੂੰ ਚੁਨੌਤੀ ਦੇ ਰੂਪ ਵਿਚ ਲਿਆ ਜਾਵੇ

> ਤਾਂ ਨਿੱਗਰ ਪ੍ਰੇਰਨਾਵਾਂ ਬਣ ਜਾਂਦੀਆਂ ਹਨ। ਵੈਸੇ ਵੇਖਿਆ ਜਾਵੇ ਮਨੁੱਖ ਦੀਆਂ ਕਾਮਯਾਬੀਆਂ ਦੇ ਪਿੱਛੇ ਅਨੇਕਾਂ ਨਾ ਕਾਮਯਾਬੀਆਂ ਰਹੀਆਂ ਹੁੰਦੀਆਂ ਹਨ। ਅਸੀਂ ਇਨ੍ਹਾਂ ਨੂੰ ਜੱਦੋ-ਜਹਿਦ, ਸੰਘਰਸ਼ ਆਦਿ ਕਹਿ ਕੇ ਪ੍ਰੇਰਨਾ ਦਾ ਰੰਗ ਦਿੰਦੇ ਹਾਂ। (ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ'' 34)
>
> ਜੀਵਨ ਜੁਗਤਾਂ ਦੀ ਤਲਾਸ਼, ਆਪਣਾ ਸਿਰ ਆਪ ਗੁੰਦਣ ਜਿਹੀ ਗੱਲ ਹੁੰਦੀ ਹੈ, ਫਿਰ ਫ਼ੱਬਤ ਵੀ ਹੁੰਦੀ ਹੈ, ਟਹਿਕ ਅਤੇ ਟਿਕਾਓ ਵੀ।(ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ'' 51)

ਉਪਰੋਕਤ ਸ਼ਬਦਾਂ ਤੋਂ ਭਾਵ ਜ਼ਿੰਦਗੀ ਵਿਚ ਅਸਲ ਜੁਗਤਾਂ ਦੀ ਤਲਾਸ਼ ਖ਼ੁਦ ਹੀ ਕਰਨੀ ਪਵੇਗੀ ਕਿਉਂਕਿ ਪਰੋਸੀ ਚੀਜ਼ ਨਾਲੋਂ ਜ਼ਿਆਦਾ ਸਵਾਦ ਮਿਹਨਤ ਕਰ ਕੇ ਖਾਣ ਵਿਚ ਹੈ। ਜਿਸ ਦੀ ਫ਼ੱਬਤ ਹੀ ਨਿਰਾਲੀ ਹੈ।

> ਸੰਤੋਖ ਸਿੰਘ ਧੀਰ ਦੇ ਸ਼ਬਦਾਂ ਵਿਚ: ਡਾ. ਸੋਮਲ ਦੇ ਲਿਖੇ ਨਿਬੰਧ ਜ਼ਿੰਦਗੀ ਨੂੰ ਉਤਸਵ ਹੋਣ ਦਾ ਦਰਜਾ ਦੇਣ ਲਈ ਲਿਖੇ ਹਨ, ਪਰ ਲਿਖੇ ਏਨੇ ਸੋਹਣੇ ਹਨ ਕਿ ਇਹ ਨਿਬੰਧ ਆਪਣੇ ਆਪ ਵਿਚ ਉਤਸਵ ਬਣ ਗਏ ਹਨ। ਇਹ ਨਿਬੰਧ ਵਿਚਾਰਵਾਨ, ਕਲਮ ਤੋਂ ਉਪਜੇ ਹੋਏ ਹਨ। ਲੇਖਕ ਵਿਦਵਾਨ ਹੀ ਨਹੀਂ, ਸਗੋਂ ਕਿਤੇ-ਕਿਤੇ ਉੱਚ ਕੋਟੀ ਦਾ ਦਾਰਸ਼ਨਿਕ ਵੀ ਬਣ ਜਾਂਦਾ ਹੈ ਬੋਲੀ ਬੜੀ ਢੁਕਵੀਂ, ਸਾਦਾ ਅਤੇ ਸੰਜਮੀ ਹੁੰਦੀ ਹੈ। ਅਜਿਹੇ ਨਿਬੰਧ ਸਾਡੀ ਬੋਲੀ ਵਿਚ ਘੱਟ ਹੀ ਲਿਖੇ ਗਏ ਹਨ। (''ਅੰਮ੍ਰਿਤ ਕੀਰਤਨ'' ਸਤੰਬਰ 24)

'ਸੇਵਾ ਮੁਕਤੀ ਪਿੱਛੋਂ ਖੁੱਲ੍ਹੇ ਅਸਮਾਨੀ ਉੱਡਣਾ' ਨਿਬੰਧ ਵਿਚ ਲੇਖਕ ਮਨੁੱਖ ਨੂੰ ਸਮਝਾਉਂਦਾ ਹੈ ਕਿ ਮਨੁੱਖੀ ਜ਼ਿੰਦਗੀ ਦੇ ਕਈ ਪੜਾਅ ਹੁੰਦੇ ਹਨ ਤੇ ਅਖੀਰ ਨੂੰ ਬੰਦਾ ਇਹਨਾਂ ਜ਼ਿੰਦਗੀ ਦੇ ਝਮੇਲਿਆਂ ਤੋਂ ਰਿਟਾਇਰ

ਹੋਣਾ ਲੋਚਦਾ ਹੈ ਤੇ ਰਿਟਾਇਰ ਹੋਣ ਤੋਂ ਬਾਅਦ ਜ਼ਿੰਦਗੀ ਨੂੰ ਨਵੇਂ ਸਿਰਿਓਂ ਜਿਊਣਾ ਸ਼ੁਰੂ ਕਰਨਾ ਚਾਹੀਦਾ ਹੈ, ਨਾਂ ਕਿ ਉਸ ਨੂੰ ਬੋਝ ਸਮਝਣਾ ਚਾਹੀਦਾ ਹੈ:

> ਜਦੋਂ ਤੱਕ ਵਿਅਕਤੀ ਸਮੂਹ ਦੇ ਭਲੇ ਲਈ ਸੋਚਦਾ ਤੇ ਸਿਰਜਣਾਤਮਕ ਕੰਮ ਕਰਦਾ ਹੈ, ਉਹ ਨਾ ਤੇ ਕਿਸੇ ਤੇ ਬੋਝ ਬਣਦਾ ਹੈ ਤੇ ਨਾ ਹੀ ਬੁੱਢਾ ਹੁੰਦਾ ਹੈ। ਸਮੱਸਿਆ ਹਮੇਸ਼ਾ ਉਦੋਂ ਬਣਦੀ ਹੈ, ਜਦੋਂ ਵਿਅਕਤੀ ਚਾਹੇ ਉਹ ਜਵਾਨ ਹੈ ਜਾਂ ਸੇਵਾ-ਮੁਕਤ, ਤੰਦਰੁਸਤ ਹੁੰਦਿਆਂ ਹੋਇਆ ਵੀ ਵਿਹਲਾ ਰਹਿੰਦਾ ਹੈ, ਨਾਲ ਹੀ ਆਪਣੇ ਆਪ ਨੂੰ ਖ਼ਾਲੀ ਅਤੇ ਬੇਕਾਰ ਸਮਝਦਾ ਹੈ। ਸੇਵਾ-ਮੁਕਤੀ ਨੌਕਰੀ ਦਾ ਸੰਕਲਪ ਹੈ, ਜੀਵਨ ਦਾ ਨਹੀਂ। (ਸੋਮਲ ''ਸਾਡੇ ਅੰਬਰਾਂ ਦੇ ਤਾਰੇ'' 133)

ਉਪਰੋਕਤ ਸ਼ਬਦਾਂ ਤੋਂ ਭਾਵ ਸੁਖਦ ਜ਼ਿੰਦਗੀ ਨੂੰ ਜਿਊਣ ਦਾ ਸਫਲ ਰਾਜ ਵੀ ਇਹ ਹੈ ਕਿ ਆਪਣੇ ਆਪ ਨੂੰ ਹਮੇਸ਼ਾ ਰੁੱਝਿਆ ਰੱਖਿਆ ਜਾਵੇ, ਕਿਉਂਕਿ ਰੁੱਝਿਆ ਵਿਅਕਤੀ ਹਮੇਸ਼ਾ ਸੁਖਦ ਤੇ ਅਨੰਦਮਈ ਅਵਸਥਾ ਵਿਚ ਜ਼ਿੰਦਗੀ ਗੁਜ਼ਾਰਦਾ ਹੈ।

'ਬਹੁਤੇ ਡਰ ਨਿਰਮੂਲ ਹੀ ਤਾਂ ਹੁੰਦੇ ਹਨ' ਨਿਬੰਧ ਵਿਚ ਲੇਖਕ ਅਨੁਸਾਰ ਹਰ ਸਥਿਤੀ ਵਿਚ ਜੇਕਰ ਵਿੱਦਿਆ ਦਾ ਚਾਨਣ ਮਨੁੱਖ ਕੋਲ ਹੈ ਤਾਂ ਬੇਮਤਲਬ ਦੇ ਡਰ ਤੇ ਭੈਅ ਤੋਂ ਮੁਕਤ ਕਰ ਦਿੰਦਾ ਹੈ ਤੇ ਉਸ ਨੂੰ ਵਾਸਤਵਿਕ ਸਥਿਤੀ ਬਾਰੇ ਸੋਚਣ, ਸਮਝਣ ਤੇ ਉਸ ਨੂੰ ਜਾਣਨ ਦੀ ਸਮਰੱਥਾ ਬਖ਼ਸ਼ਦਾ ਹੈ।

> ਨਿਰਮੂਲ ਡਰ ਬੰਦੇ ਲਈ ਐਸੀ ਕਮਜ਼ੋਰੀ ਬਣ ਜਾਂਦੀ ਹੈ ਕਿ ਉਹ ਇਸ ਕਾਰਨ ਸਮਰੱਥ ਦੇ ਹੁੰਦਿਆਂ ਅਸਮਰਥ ਤੇ ਸੋਝੀ ਹੁੰਦਿਆਂ, ਬੇਸਮਝ ਬਣ ਜਾਂਦਾ ਹੈ।(ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ'' 85)

ਉਪਰੋਕਤ ਸ਼ਬਦਾਂ ਤੋਂ ਭਾਵ ਜਦ ਮਨੁੱਖ ਗਿਆਨ-ਵਿਗਿਆਨ ਨਾਲ ਜੁੜ ਜਾਂਦਾ ਹੈ ਤਾਂ ਉਸ ਦਾ ਸੋਚਣ ਦਾ ਢੰਗ ਤਰਕ ਮਈ ਹੋ ਜਾਂਦਾ ਹੈ ਤੇ ਉਸ ਕੋਲ ਅਜਿਹੇ ਗਿਆਨ ਦਾ ਚਾਨਣ ਹੋ ਜਾਂਦਾ ਹੈ, ਜੋ ਹਰ ਚੀਜ਼ ਪਿੱਛੇ ਤਰਕ ਲੱਭਦਾ ਹੈ ਤੇ ਫਿਰ ਉਸ ਦੀਆਂ ਕਮਜ਼ੋਰੀਆਂ ਕਦੋਂ ਉਸ ਦੀ ਤਾਕਤ ਬਣ ਜਾਣ ਪਤਾ ਹੀ ਨਹੀਂ ਲੱਗਦਾ।

ਲੇਖਕ ਅਨੁਸਾਰ ਬੱਚਿਆਂ ਨੂੰ ਸਾਂਝੇ ਪਰਿਵਾਰਾਂ ਵਿਚ ਰਹਿੰਦਿਆਂ ਚੰਗੀਆਂ ਆਦਤਾਂ ਸਿੱਖਣ ਦੀ ਲੋੜ ਨਹੀਂ ਪੈਂਦੀ ਸੀ। ਬੱਚਾ ਖੇਲ੍ਹ-ਖੇਲ੍ਹ 'ਚ ਹੀ ਚਾਚੇ, ਤਾਇਆ ਕੋਲੋਂ ਗ੍ਰਹਿਣ ਕਰ ਲੈਂਦਾ ਸੀ ਕਿਉਂਕਿ ਜਿਹੋ ਜਿਹੀਆਂ ਤਬਦੀਲੀਆਂ ਪਹਿਲਾਂ ਕਦੀ ਇੱਕ ਸਦੀ ਵਿਚ ਵੀ ਨਹੀਂ ਸਨ ਵਾਪਰਦੀਆਂ। ਹੁਣ ਇੱਕ ਦਹਾਕਾ ਵੀ ਪੈਣ ਨਹੀਂ ਦਿੰਦੀਆਂ। ਸਿਆਣੇ ਕਹਿੰਦੇ ਹਨ ਕਿ ਸਿਆਣਪ ਕੈਪਸੂਲਾਂ ਵਿਚ ਬਜ਼ਾਰਾਂ ਵਿਚ ਨਹੀਂ ਵਿਕਦੀ, ਇਹ ਸਿਆਣਿਆ ਤੇ ਵੱਡੇ-ਵਡੇਰਿਆਂ ਦੇ ਜੀਵਨ ਤਜਰਬਿਆਂ ਦਾ ਨਿਚੋੜ ਹੁੰਦੀ ਹੈ।ਕ ਈ ਥਾਈਂ ਤਾਂ ਜ਼ਿੰਦਗੀ ਵਿਚ ਕੁੱਝ ਵੀ ਨਹੀਂ ਹੁੰਦਾ, ਨਾ ਹੀ ਸਮੱਸਿਆਵਾਂ ਤੇ ਨਾ ਹੀ, ਉਨ੍ਹਾਂ ਨੂੰ ਸੁਲਝਾਉਣ ਦੇ ਹੱਲ। 'ਜੀਵਨ ਜੁਗਤਾਂ ਦੀ ਤਲਾਸ਼' ਨਿਬੰਧ ਵਿਚ ਲੇਖਕ ਜੀਵਨ ਜੁਗਤਾਂ ਬਾਰੇ ਵਿਚਾਰ ਪੇਸ਼ ਕਰਦਾ ਹੈ:

> ਸਮੁੱਚੀ ਜੀਵਨ-ਚਾਲ ਬਦਲ ਗਈ ਹੈ।ਉੱਖੜ ਗਈ ਵੀ ਕਹੀ ਜਾ ਸਕਦੀ ਹੈ। ਆਪਣੀਆਂ ਪ੍ਰੇਸ਼ਾਨੀਆਂ ਨੂੰ ਪਛਾਣਨ ਤੇ ਨਵੀਆਂ ਜੀਵਨ-ਜੁਗਤਾਂ ਲੱਭ ਕੇ, ਇਨ੍ਹਾਂ ਨੂੰ ਦੂਰ ਕਰਨ ਦੀ ਥਾਂ ਨਸ਼ਿਆਂ ਵਿਚ ਗ਼ਰਕਿਆ ਜਾ ਰਿਹਾ ਹੈ। ਘਰਾਂ ਦੇ ਘਰ ਪੁੱਟੇ ਜਾ ਰਹੇ ਹਨ। (ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ ''49)

ਸਮਕਾਲ ਨੂੰ ਵਿਸ਼ਵੀਕਰਨ ਦਾ ਦੌਰ ਕਿਹਾ ਜਾ ਸਕਦਾ ਹੈ। ਵਿਸ਼ਵੀਕਰਨ ਦੇ ਇਸ ਦੌਰ ਨੇ ਮਨੁੱਖ ਦੀ ਪੂਰੀ ਜ਼ਿੰਦਗੀ ਹੀ ਬਦਲ ਕੇ ਰੱਖ ਦਿੱਤੀ ਹੈ। ਵਧਦੀ ਆਧੁਨਿਕਤਾ ਨੇ ਮਨੁੱਖ ਨੂੰ ਰੁਝੇਵਿਆਂ ਭਰਪੂਰ ਜ਼ਿੰਦਗੀ ਦਿੱਤੀ, ਪਰ ਆਧੁਨਿਕ ਮਨੁੱਖ ਜੀਵਨ ਨੂੰ ਜਿਉਣ ਦਾ ਢੰਗ ਭੁੱਲ ਗਿਆ ਹੈ। ਵਿਸ਼ਵੀਕਰਨ ਦੇ ਦੌਰ ਵਿਚ ਹੋਈਆਂ ਕਾਢਾਂ ਜਿਵੇਂ ਇੰਟਰਨੈੱਟ, ਆਵਾਜਾਈ ਦੇ ਸਾਧਨ, ਮੋਬਾਈਲ ਫ਼ੋਨ, ਪੁਸਤਕਾਂ, ਅਖ਼ਬਾਰਾਂ ਆਦਿ ਨੇ ਸਮੁੱਚੀ

ਲੁਕਾਈ ਨੂੰ ਇੱਕ ਕਰਨ ਵਿਚ ਭਾਵੇਂ ਅਹਿਮ ਭੂਮਿਕਾ ਨਿਭਾਈ ਹੈ। ਵਧਦੇ ਰੁਝੇਵਿਆਂ ਤੇ ਮਨੁੱਖ ਦੀ ਵਧੇਰੇ ਐਸ਼ਪ੍ਰਸਤ ਵਾਲੀ ਜ਼ਿੰਦਗੀ ਜਿਊਣ ਦੀ ਲਾਲਸਾ ਨੇ ਉਸ ਦੀ ਜ਼ਿੰਦਗੀ ਵਿਚੋਂ ਸਕੂਨ ਖੋਹ ਲਿਆ ਹੈ। 'ਚਾਨਣੀ ਸੋਚ' ਨਿਬੰਧ ਵਿਚ ਲੇਖਕ ਅਨੁਸਾਰ ਅੱਜ ਵਧਦੀ ਬੇਰੁਜ਼ਗਾਰੀ ਦੀ ਸਮੱਸਿਆ ਨੇ ਅਜੋਕੀ ਪੀੜ੍ਹੀ ਨੂੰ ਨਸ਼ਿਆਂ ਵੱਲ ਪ੍ਰੇਰਿਤ ਕੀਤਾ ਹੈ ਭਾਵ ਮਨੁੱਖ ਨੂੰ ਗਿਆਨ-ਵਿਗਿਆਨ ਨਾਲ ਜੁੜ ਕੇ ਅਸਲ ਜੀਵਨ ਜੁਗਤਾਂ ਦੀ ਤਲਾਸ਼ ਕਰਨੀ ਚਾਹੀਦੀ ਹੈ, ਨਾ ਕਿ ਮੁਸ਼ਕਲਾਂ ਨਾਲ ਜੂਝਣ ਦੀ ਬਜਾਏ, ਉਨ੍ਹਾਂ ਵਿਚ ਗ੍ਰਸਤ ਹੋਣ ਦੀ।ਨਿਮਨ ਲਿਖਤ ਸਤਰਾਂ ਮਨੁੱਖ ਨੂੰ ਚਾਨਣੀ ਸੋਚ ਅਪਣਾਉਣ ਦੀ ਪ੍ਰੇਰਨਾ ਦਿੰਦੀਆਂ ਹਨ:

> ਚਾਨਣੀ ਸੋਚ ਸਦਾ ਜੀਵਨ-ਰੌਂਅ ਦੀ ਹਿਮਾਇਤੀ ਹੁੰਦੀ ਹੈ। ਇਸ ਧਰਤੀ ਦੇ ਬਾਸ਼ਿੰਦਿਆਂ ਨੂੰ ਅਣਗਿਣਤ ਵਾਰੀ ਆਫ਼ਤਾਂ ਆਈਆਂ, ਬਹੁਤ ਵਾਰੀ ਬਿਆਨ ਤੋਂ ਬਾਹਰ ਬਰਬਾਦੀ ਹੋਈ।ਨਗਰਾਂ ਦੇ ਨਗਰ ਤਹਿਸ-ਨਹਿਸ ਹੋਏ। ਮਕਾਨ ਨੇ ਧਰਤ ਦੀ ਹਰਿਆਵਲ ਪਤਾ ਨਹੀਂ ਕਿੰਨੀ ਕੁ ਵਾਰ ਚੱਟੀ।ਹੜ੍ਹਾਂ ਨੇ ਕੀਤੀਆਂ-ਕਰਾਈਆਂ ਉੱਤੇ ਬੇਸ਼ੁਮਾਰ ਵਾਰ ਪਾਣੀ ਫੇਰਿਆ। ਲੋਕਾਂ ਉੱਤੇ ਜ਼ੁਲਮਾਂ ਦੇ ਕਹਿਰ ਨਾ ਜਾਣੇ ਕਿੰਨੀ ਵਾਰੀ ਟੁੱਟੇ। ਸਿਰਫ਼ ਚਾਨਣੀ ਸੋਚ ਹਾਂ ਪੱਖੀ ਨਜ਼ਰੀਏ ਦੇ ਸਦਕਾ ਮਨੁੱਖੀ ਜੀਵਨ, ਫਿਰ ਅੰਗੜਾਈਆਂ ਲੈਂਦਾ ਰਿਹਾ। ਮੇਲੇ ਓਵੇਂ ਭਰੀਣ ਲੱਗਦੇ। ਤਿਉਹਾਰ ਮੰਨੀਦੇ ਰਹੇ।ਜ਼ਿੰਦਗੀ ਦੀ ਧੁਪ੍ਹ ਫਿਰ ਮੱਚਦੀ ਰਹੀ। (ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ ''20)

'ਅਣਲੋੜੀਂਦੇ ਤੋਂ ਛੁਟਕਾਰਾ' ਨਿਬੰਧ ਵਿਚ ਲੇਖਕ ਹਾਂ-ਪੱਖੀ ਸੋਚ ਦੀ ਤਾਕਤ ਦੱਸਦਾ ਆਖਦਾ ਹੈ ਕਿ ਜ਼ਿੰਦਗੀ ਨੂੰ ਜਿਊਣ ਪ੍ਰਤੀ ਮਨੁੱਖ ਦੀ ਹਾਂ ਪੱਖੀ ਸੋਚ, ਚਾਨਣ ਵਾਂਗ ਹੁੰਦੀ ਹੈ ਤੇ ਚਾਨਣੀ ਸੋਚ ਵਾਲਾ ਵਿਅਕਤੀ ਹਮੇਸ਼ਾ ਹਨੇਰਿਆਂ ਚੋ ਗੁਜ਼ਰਦਾ ਹੋਇਆ ਵੀ ਮਨ ਵਿਚ ਆਸ ਤੇ ਸਿਦਕ ਬਣਾਈ ਰੱਖਦਾ ਹੈ। ਲੇਖਕ ਨੇ ਜ਼ਿੰਦਗੀ

ਵਿਚ ਹਾਂ-ਪੱਖੀ ਸੋਚ ਨੂੰ ਬਣਾਉਣ ਲਈ ਕਿੰਨੀਆਂ ਹੀ ਉਦਾਹਰਨਾਂ ਪੇਸ਼ ਕੀਤੀਆਂ ਹਨ, ਜਿਸ ਤੋਂ ਪ੍ਰੇਰਨਾ ਲੈ ਕੇ ਮਨੁੱਖ ਆਪਣੀ ਸੋਚ ਨੂੰ ਚਾਨਣ ਵਰਗੀ ਹਾਂ ਪੱਖੀ ਬਣਾ ਸਕਦਾ ਹੈ:

> ਕਬਾੜ ਵਸਤਾਂ ਦਾ ਹੀ ਹੋਵੇ, ਅਜਿਹਾ ਨਹੀਂ ਹੈ।ਵਕਤ ਵਿਹਾ ਚੁੱਕੀਆਂ ਸੋਚਾਂ ਤੇ ਵਿਸ਼ਵਾਸ, ਪੈਰ ਪੈਰ ਤੇ ਗ਼ਲਤ ਸਾਬਤ ਹੁੰਦੀਆਂ ਰਹੀਆਂ ਧਾਰਨਾਵਾਂ, ਮੈਂ ਨਾਲ ਜੁੜੀਆਂ ਹੋਣ ਕਾਰਨ ਤਜੀਆਂ ਨਹੀਂ ਜਾਂਦੀਆਂ। ਕਿਸੇ ਨਵੇਂ ਵਿਚਾਰ, ਵਿਸ਼ਵਾਸ ਅਤੇ ਨਜ਼ਰੀਏ ਲਈ ਤਦ ਥਾਂ ਹੀ ਨਹੀਂ ਬਣਦੀ। ਸੁਖਾਲੇ ਰਹਿਣ ਲਈ ਆਪਣੇ ਨਾਲ ਜੁੜੇ ਅਤੇ ਭਾਰੂ ਪੈਂਦੇ ਕੂੜ ਅਤੇ ਕੂੜ-ਕਬਾੜ ਤੋਂ ਸੁਰਖ਼ਰੂ ਹੋਣ ਦੀ ਲੋੜ ਹੈ। ਅਜੋਕਾ ਯੁੱਗ ਹੈ ਸਾਡੀਆਂ ਪਿੱਠਾਂ ਉੱਤੇ ਤਰ੍ਹਾਂ-ਤਰ੍ਹਾਂ ਦੇ ਭਾਰ ਲੱਦਣ ਲਈ ਤਤਪਰ ਰਹਿੰਦਾ ਹੈ। ਇਸ ਲਈ ਕਦੇ-ਕਦੇ ਯਾਤਰੂਆਂ ਵਾਂਗ ਚੁਣੀਦੀਆਂ ਚੀਜ਼ਾਂ ਹੀ ਚੁੱਕਣ ਬਾਰੇ ਸੋਚਿਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਕੂੜ-ਕਬਾੜ ਵਿਚ ਘਿਰ ਜਾਈਏ, ਇਸ ਨੂੰ ਸਮੇਂ-ਸਮੇਂ ਲਾਹ ਸੁੱਟਣ ਵਿਚ ਹੀ ਭਲਾ ਹੈ। ਕਹਾਵਤ ਤਾਂ ਉਸ ਸੋਨੇ ਨੂੰ ਵੀ ਰੱਦ ਕਰਦੀ ਹੈ, ਜਿਹੜਾ ਕੰਨਾਂ ਨੂੰ ਸੁਖਾਂਦਾ ਨਹੀਂ ਹੈ- 'ਭੱਠ ਪਿਆ ਸੋਨਾ, ਜਿਹੜਾ ਕੰਨਾਂ ਨੂੰ ਖਾਵੇ' ।(ਸੋਮਲ ''ਵਕਤ ਬਦਲ ਗਏ'' 79)

ਖ਼ੁਸ਼ੀ ਜਿਸ ਨੂੰ ਹਰ ਮਨੁੱਖ ਪਾਉਣ ਦੀ ਲੋਚਾ ਰੱਖਦਾ ਹੈ ਤੇ ਜ਼ਿੰਦਗੀ ਨੂੰ ਸਹੀ ਤੇ ਸੁਚੱਜੇ ਢੰਗ ਨਾਲ ਚਲਾਉਣ ਲਈ ਜ਼ਿੰਦਗੀ ਵਿਚ ਖ਼ੁਸ਼ੀ ਦਾ ਹੋਣਾ ਬਹੁਤ ਜ਼ਰੂਰੀ ਹੈ, ਪ੍ਰੰਤੂ ਅਸਲ ਖ਼ੁਸ਼ੀ ਉੱਥੇ ਹੁੰਦੀ ਹੈ, ਜੋ ਮਨੁੱਖ ਜ਼ਿੰਦਗੀ ਨੂੰ ਪਿਆਰਦਾ ਹੈ। '

ਤੇਰੀ ਤਲਾਸ਼ 'ਚ' ਨਿਬੰਧ ਵਿਚ ਲੇਖਕ ਇਸ ਦੀ ਮਹੱਤਤਾ ਦੱਸਦਾ ਹੈ, ਜੋ ਜ਼ਿੰਦਗੀ ਵਿਚ ਆਈਆਂ ਮੁਸ਼ਕਲਾਂ ਨਾਲ ਜੂਝਦਾ ਹੋਇਆ, ਉਸ ਨੂੰ ਖਿੜੇ ਮੱਥੇ ਸਵੀਕਾਰਦਾ ਹੈ। ਲੇਖਕ ਨੇ ਬਹੁਤ ਸੋਹਣੇ ਸ਼ਬਦਾਂ ਵਿਚ ਆਪਣੀਆਂ ਭਾਵਨਾਵਾਂ ਨੂੰ ਜ਼ਾਹਿਰ ਕੀਤਾ ਹੈ।

> ਤੂੰ ਉਨ੍ਹਾਂ ਸਭਨਾਂ ਕੋਲ ਹੈ, ਜੋ ਜ਼ਿੰਦਗੀ ਦੀ ਬਿਹਤਰੀ ਲਈ ਕੁੱਝ ਸਿਰਜਦੇ ਹਨ। ਚਾਹੇ ਅਨਾਜ ਪੈਦਾ ਕਰਦਾ ਕਿਸਾਨ ਹੋਵੇ, ਚਾਹੇ ਕੋਈ ਨਵੀਂ ਕਲਾ ਲੱਭਦਾ ਵਿਗਿਆਨੀ, ਕਵਿਤਾ ਲਿਖਦਾ ਇੱਕ ਕਵੀ, ਨਵੀਂ ਧੁਨ ਕੱਢਦਾ ਸੰਗੀਤਕਾਰ, ਤੇ ਬਾਹਰ ਦੇ ਸੁਆਗਤ ਵਿਚ ਫੁੱਲਾਂ ਕਿਆਰੀਆਂ ਸੰਵਾਰਦਾ ਮਾਲੀ, ਉਹ ਜ਼ਿੰਦਗੀ ਦੇ ਹਮਵਾਰ ਹੁੰਦੇ ਤੇ ਤੂੰ ਉਨ੍ਹਾਂ ਦੀ ਹਮਵਾਰ ਹੁੰਦੀ ਹੈ। (ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ'' 26 )

'ਦੂਜਿਆਂ ਨਾਲ ਵਿਹਾਰ ਦੀ ਕਲਾ' ਨਿਬੰਧ ਵਿਚ ਲੇਖਕ ਅਨੁਸਾਰ, ਖ਼ੁਸ਼ੀ ਪ੍ਰਾਪਤ ਕਰਨ ਲਈ ਕਿਸੇ ਖ਼ਾਸ ਮੌਕੇ ਦੀ ਤਲਾਸ਼ ਜ਼ਰੂਰੀ ਨਹੀਂ। ਨਿੱਕੀਆਂ-ਨਿੱਕੀਆਂ ਗੱਲਾਂ ਵਿਚੋਂ ਇਸ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਸਿਆਣੇ ਕਹਿੰਦੇ ਹਨ ਕਿ ਸਜੱਗਤਾ, ਸਚੇਤਤਾ, ਬੋਧ ਤਿੰਨੇ ਅਜਿਹੇ ਫੁਲ ਹਨ, ਜਿਹੜੇ ਇਨਸਾਨ ਦੀ ਜ਼ਿੰਦਗੀ ਨੂੰ ਸਰਸ਼ਾਰ ਕਰ ਦਿੰਦੇ ਹਨ, ਭਾਵ ਸੁਜੱਗ ਹੋਏ ਵਿਅਕਤੀ ਜ਼ਿੰਦਗੀ ਵਿਚ ਕਦੇ ਥੱਕਦੇ ਨਹੀਂ, ਜ਼ਿੰਦਗੀ ਵਿਚ ਸੁਜੱਗ ਵਿਅਕਤੀ ਆਪਣੀ ਔਲਾਦ ਨੂੰ ਬਿਨਾਂ ਕਿਸੇ ਜਿਨਸੀ ਵਿਤਕਰੇ ਤੋਂ ਆਪਣੀ ਜ਼ਿੰਦਗੀ ਵਿਚ ਮਿਲੇ, ਕੁਦਰਤ ਦੇ ਮੌਕੇ ਨੂੰ ਅਵਸਰ ਸਮਝ ਕੇ ਬੜੀ ਹੀ ਰੀਝ ਨਾਲ ਪਾਲਦਾ ਹੈ।

> ਇਹ ਜ਼ਿੰਦਗੀ ਬੜੀ ਛੋਟੀ ਹੈ। ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਮਨੁੱਖ ਆਪਣੀ ਅਉਧ ਵਿਚ ਹੀ ਦੂਜਿਆਂ ਨਾਲ ਚੰਗਾ ਵਿਹਾਰ ਕਰਦਿਆਂ, ਵਡਿਆਈ ਹਾਸਲ ਕਰੇ। ਦੁਨੀਆ ਪਿਆਰ ਨਾਲ ਜਿੱਤੀ ਜਾਂਦੀ ਹੈ। ਨਫ਼ਰਤ ਉੱਤੇ ਕਾਬੂ ਨਫ਼ਰਤ ਨਾਲ ਨਹੀਂ, ਪਿਆਰ ਨਾਲ ਹੋ ਸਕਦਾ ਹੈ। ਚੰਗਾ ਵਿਹਾਰ ਸਚਿਆਰੇ ਇਨਸਾਨ ਅੰਦਰੋਂ ਫੁੱਟਦੀ ਪਿਆਰ-ਭਾਵਨਾ ਦੀ ਹੀ ਉਪਜ ਹੈ। ਗੁਰੂ ਨਾਨਕ ਦੇਵ ਜੀ ਦੀ ਇਹ ਤੁਕ ਮਨੁੱਖ ਦੇ ਸਮੁੱਚੇ ਜੀਵਨ ਲਈ ਕਲਿਆਣਕਾਰੀ ਸਾਬਤ ਹੋ ਸਕਦੀ ਹੈ। 'ਸਚਹੁ ਓਰੈ ਸਭੁ ਕੋ ਉਪਰਿ ਸਚੁ ਅਚਾਰੁ'।(ਸੋਮਲ ''ਵਕਤ ਬਦਲ ਗਏ ''135)

ਜਿਸ ਦਿਨ ਮਨੁੱਖ ਨੂੰ ਇਹ ਗਿਆਨ ਹੋ ਗਿਆ ਕਿ ਦੂਜਿਆਂ ਨਾਲ ਕੀਤੇ ਚੰਗੇ ਵਰਤਾਓ ਦਾ ਨਤੀਜਾ, ਸੂਤ ਸਮੇਤ ਤੁਹਾਡੇ ਕੋਲ ਵਾਪਸ ਆਵੇਗਾ, ਉਸ ਦਿਨ ਮਨੁੱਖ ਪੂਰਨ ਰੂਪ ਵਿਚ ਸੁਖਦ ਜ਼ਿੰਦਗੀ ਜੀਵੇਗਾ। ਹਜ਼ਾਰਾਂ ਗਿਆਨ ਰੂਪੀ ਤੇ ਪ੍ਰੇਰਨਾਮਈ ਕਿਤਾਬਾਂ ਮਨੁੱਖ ਕੋਲ ਕਹਾਣੀਆਂ, ਅਖਾਉਤਾਂ ਆਦਿ ਸਾਹਿਤ ਦੇ ਰੂਪ ਵਿਚ ਪਈਆਂ ਹਨ, ਜੋ ਚੰਗੇ ਵਿਹਾਰ ਦੀਆਂ ਰਾਹ ਦਰਸਾਊ ਹਨ। ਤਰਸ ਦਾ ਪਾਤਰ ਬਣਨ ਦੀ ਬਜਾਇ, ਆਪਣੇ ਆਪ ਉੱਤੇ ਵਿਸ਼ਵਾਸ, ਆਪਣੇ ਪ੍ਰਤੀ ਚੰਗਾ ਨਜ਼ਰੀਆ ਰੱਖ ਕੇ, ਸੱਚੀ ਹਮਦਰਦੀ ਦੇ ਹੱਕਦਾਰ ਬਣੀਏ।

ਹਿੰਮਤ ਹਮੇਸ਼ਾ ਹਰ ਕੰਮ ਨੂੰ ਸਿਰੇ ਚਾੜ੍ਹਨ ਲਈ ਇੱਕ ਪ੍ਰੇਰਨਾ ਵਜੋਂ ਉੱਭਰਦੀ ਹੈ। ਮਨੁੱਖ ਦਾ ਉੱਦਮੀ ਹੋਣਾ ਸਾਲ ਦੇ ਹਰ ਦਿਨ ਵਿਚ ਇੱਕ ਨਵਾਂ ਜਨਮ ਲੈਣ ਦੇ ਬਰਾਬਰ ਹੈ 'ਵਕਤ ਦਾ ਨਵਾਂ ਵਰਕਾ ਹਾਜ਼ਰ ਹੈ ਕੁੱਝ ਚੰਗਾ ਲਿਖੇ ਜਾਣ ਲਈ' ਨਿਬੰਧ ਵਿਚ ਲੇਖਕ ਇਹ ਸਿੱਖਿਆ ਦਿੰਦਾ ਹੈ ਕਿ ਸਾਲ ਦਾ ਹਰ ਦਿਨ ਕੁੱਝ ਨਵਾਂ ਕਰਨ ਤੇ ਨਵੀਆਂ ਪੁਲਾਂਘਾਂ ਪੁੱਟਣ ਦੇ ਇੰਤਜ਼ਾਰ ਵਿਚ ਹੈ:

> ਇੱਕ ਦਿਨ ਹੋਵੇ ਜਾਂ ਮਹੀਨਾ, ਸਾਲ, ਦਹਾਕਾ, ਸਦੀ, ਵਕਤ ਸਾਡੇ ਸਾਹਮਣੇ ਇੱਕ ਖ਼ਾਲੀ ਵਰਕੇ ਵਾਂਗ ਆ ਪ੍ਰਸਤੁਤ ਹੁੰਦਾ ਹੈ। ਇਸ ਲਈ ਇਸ ਉੱਤੇ ਜੋ ਕੁੱਝ ਲਿਖਿਆ ਜਾਣਾ ਹੈ, ਮਨੁੱਖ ਦੇ ਉੱਦਮ ਸਦਕਾ ਹੀ ਹੋਣਾ ਹੈ। ਵਕਤ ਤਾਂ ਜਾਣੋ ਜ਼ਮੀਨ ਹੈ ਇਸ ਵਿਚ ਜੋ ਬੀਜਿਆ ਜਾਵੇਗਾ, ਉਹੀ ਇਸ ਨੇ ਜੰਮਣਾ ਹੈ। (ਸੋਮਲ ''ਵਕਤ ਬਦਲ ਗਏ '' 23)

**ਕ) ਸਮਕਾਲੀ ਸਰੋਕਾਰ:-** ਸਮਕਾਲੀ ਸਰੋਕਾਰਾਂ ਤੋਂ ਭਾਵ ਕਿਸੇ ਵਿਅਕਤੀ ਦੇ ਆਪਣੇ ਸਮੇਂ ਦੀਆਂ ਸਮੱਸਿਆਵਾਂ, ਸਥਿਤੀਆਂ, ਰੁਚੀਆਂ, ਚਿੰਤਾਵਾਂ, ਵਿਚਾਰਧਾਰਾਵਾਂ ਅਤੇ ਪ੍ਰਾਪਤੀਆਂ ਆਦਿ ਤੋਂ ਹੁੰਦਾ ਹੈ। ਜਦ ਅਸੀਂ ਕਹਿੰਦੇ ਹਾਂ ਕਿ ਕਿਸੇ ਲੇਖਕ ਦੀਆਂ ਲਿਖਤਾਂ ਦਾ ਸੰਬੰਧ ਸਮਾਜਿਕ ਸਰੋਕਾਰਾਂ ਨਾਲ ਹੈ ਤਾਂ ਸਾਡਾ ਭਾਵ ਹੁੰਦਾ ਹੈ ਕਿ ਉਹ ਲੇਖਕ ਆਪਣੀਆਂ ਲਿਖਤਾਂ ਵਿਚ ਅਜੋਕੇ ਸਮੇਂ ਦੀਆਂ ਸਮਾਜਿਕ ਸਮੱਸਿਆਵਾਂ, ਸਥਿਤੀਆਂ, ਰੁਚੀਆਂ, ਚਿੰਤਾਵਾਂ, ਵਿਚਾਰਧਾਰਾਵਾਂ ਆਦਿ ਵਿਚ ਰੁਚਿਤ ਹੈ, ਉਨ੍ਹਾਂ ਬਾਰੇ ਚਿੰਤਤ ਹੈ। ਉਨ੍ਹਾਂ ਦਾ ਵਰਣਨ ਕਰਦਾ ਹੈ, ਉਨ੍ਹਾਂ ਸੰਬੰਧੀ

ਕੋਈ ਸੁਝਾਅ ਪੇਸ਼ ਕਰਦਾ ਹੈ ਜਾਂ ਆਪਣਾ ਕੋਈ ਹੋਰ ਪ੍ਰਤੀਕਰਮ ਦਿੰਦਾ ਹੈ। ਸਮਕਾਲੀ ਸਰੋਕਾਰਾਂ ਵਿਚ ਲੇਖਕ ਨਸ਼ੇ, ਗਵਾਚ ਦੀਆਂ ਕਦਰਾਂ-ਕੀਮਤਾਂ, ਵਾਤਾਵਰਣ ਅਤੇ ਦੀ ਲਿੰਗਕ ਵਖਰੇਵੇਂ, ਮਾਂ ਬੋਲੀ ਦੀ ਗਵਾਚਦੀ ਹੋਂਦ ਦੀ ਸਮੱਸਿਆ ਦਾ ਜ਼ਿਕਰ ਕਰਦਾ ਹੈ। ਅਜੋਕਾ ਮਨੁੱਖ ਨਸ਼ਿਆਂ ਵਿਚ ਗ਼ਲਤਾਨ ਹੋ ਰਿਹਾ ਹੈ। 'ਜੀਵਨ ਜਾਚ' ਨਿਬੰਧ ਵਿਚ ਲੇਖਕ ਦੱਸਦਾ ਹੈ:

> ਮਨੁੱਖ ਅੱਜ ਆਪਣੀ ਜੀਵਨ ਜਾਚ ਤੋਂ ਖੁੰਝਿਆ ਆਪਣੇ ਵਿਰਸੇ, ਪਰਿਵਾਰ ਅਤੇ ਆਪਣੇ ਵੱਲ ਪਿੱਠ ਕਰ ਕੇ ਇੱਕ ਬੰਨੇ ਨਸ਼ਿਆਂ, ਭਰੂਣ ਹੱਤਿਆਵਾਂ, ਖੁਦਕੁਸ਼ੀਆਂ, ਅੰਧਵਿਸ਼ਵਾਸਾ, ਅਸਹਿਣਸ਼ੀਲਤਾ ਅਤੇ ਅਨੇਕ ਭਾਂਤ ਦੇ ਰੋਗਾਂ ਦੇ ਰੂਪ ਵਿਚ ਸਮਾਜਿਕ ਮਾਹੌਲ ਦਾ ਗੰਧਲਾਪਣ ਤੇ ਦੂਜੇ ਪਾਸੇ ਤਬਾਹੀ ਨੂੰ ਸੱਦਾ ਦਿੰਦਾ ਹੋਇਆ ਪ੍ਰਦੂਸ਼ਣ ਵਿਹਾਜਣ ਤੁਰ ਪਏ ਹਨ। (ਸੋਮਲ ''ਸਾਡੇ ਅੰਬਰਾਂ ਦੇ ਤਾਰੇ'' 18)

ਇਹਨਾਂ ਸਭ ਦਾ ਕਾਰਨ ਹੈ ਕਿ ਮਨੁੱਖ ਅਸਲ ਜੀਵਨ ਜਾਚ ਤੋਂ ਖੁੰਝ ਰਿਹਾ ਹੈ। ਜੀਵਨ ਜਾਚ ਭੁੱਲ ਕੇ ਉਹ ਆਪਣੀ ਹੀ ਜ਼ਿੰਦਗੀ ਵਿਚ ਮਸਤ ਹੋ ਕੇ ਜਿਉਣ ਨੂੰ ਜੀਵਨ ਜਾਚ ਕਹਿੰਦਾ ਹੈ, ਪ੍ਰੰਤੂ ਅੱਜ ਦੀ ਤਾਰੀਖ਼ ਵਿਚ ਮਸਲਾ ਕੇਵਲ ਆਰਥਿਕ ਪੱਖੋਂ ਸਮਰੱਥ ਹੋਣ ਦਾ ਨਹੀਂ, ਬਲਕਿ ਪਰਿਵਾਰਿਕ ਮਾਹੌਲ ਸਿਰਜ ਸਕਣ ਦਾ ਵੀ ਹੁੰਦਾ ਹੈ।

ਅੱਜ ਸਾਡੇ ਦੇਸ਼ ਵਿਚ ਮਨੁੱਖ ਇੰਨਾ ਪੜ੍ਹਨ ਲਿਖਣ ਦੇ ਬਾਵਜੂਦ ਵੀ ਸਮਾਜ ਵਿਚ ਕੁੜੀ-ਮੁੰਡੇ ਦੇ ਪਾੜੇ ਨੂੰ ਖ਼ਤਮ ਨਹੀਂ ਕਰ ਸਕਿਆ। ਲੇਖਕ 'ਸਮਾਜਿਕ ਵਰਤਾਰੇ ਵਿਚ ਗੁੱਝੀਆਂ ਮਾਰਾਂ ਮਾਰਨ ਦੇ ਰੁਝਾਨ' ਨਿਬੰਧ ਵਿਚ ਲਿਖਦਾ ਹੈ। ਬਜ਼ੁਰਗ ਇਸਤਰੀਆਂ ਹਮੇਸ਼ਾ ਸੁਹਾਗਣਾ ਨੂੰ ਇਹੋ ਅਸੀਸ ਦੇ ਕੇ ਨਿਵਾਜਦੀਆਂ ਹਨ।'ਬੁੱਢ ਸੁਹਾਗਣ ਹੋ ਦੁੱਧੀਂ ਪੁੱਤੀਂ ਫੁੱਲੇ', ਤੇ ਲੋਹੜੀ ਵੀ ਹਮੇਸ਼ਾ ਮੁੰਡਿਆ ਦੀ ਹੀ ਪਾਈ ਜਾਂਦੀ ਹੈ।

> ਲੋਹੜੀ ਆ ਗਈ। ਸੰਸਕਾਰ-ਵੱਸ ਪੁੱਤਰ ਜਨਮ ਤੇ ਪਰਿਵਾਰਾਂ ਨੇ ਉਚੇਚੀਆਂ ਤਿਆਰੀਆਂ ਕੀਤੀਆਂ, ਧੀ ਜਨਮੇ ਘਰਾਂ ਵਿਚ ਕਿਸੇ ਵਿਰਲੇ ਨੇ ਹੀ ਚਾਵਾਂ ਮਤੇ ਹੋਣ ਦਾ ਯਤਨ ਕੀਤਾ। ਬਹੁਤਿਆਂ ਨੇ ਘੰਟਾ, ਅੱਧਾ ਘੰਟਾ ਪੂਰੇ ਸ਼ਗਨ ਮਨਾਏ। ਐਪਰ ਕਈ ਸਨ ਕਿ ਉਨ੍ਹਾਂ ਨੇ ਅੱਧੀ ਰਾਤ ਲੰਘਣ ਉੱਤੇ ਵੀ ਢੋਲ-ਢਮੱਕੇ ਵਾਲੇ ਗੀਤਾਂ ਦੀਆਂ ਸੁਰਾਂ ਸਿਖ਼ਰਾਂ ਉੱਤੇ ਕਰੀ ਰੱਖਿਆ। ਕਿਹੋ ਜਿਹਾ ਸੱਖਣਾਪਣ ਸੀ ਉਨ੍ਹਾਂ ਦੇ ਅੰਦਰ ਜੋ ਇੰਨਾ ਸ਼ੋਰ ਮਚਾਇਆ ਵੀ ਭਰਨ ਵਿਚ ਨਹੀਂ ਸੀ ਆ ਰਿਹਾ। (ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ'' 80)

ਲੋੜ ਹੈ ਮਨੁੱਖ ਨੂੰ ਆਪਣੀ ਸੋਚ, ਆਪਣਾ ਨਜ਼ਰੀਆ ਬਦਲਣ ਦੀ। ਕਿਤੇ ਨਾ ਕਿਤੇ ਜ਼ਿੰਦਗੀ ਵਿਚ ਸੰਜਮ ਵਾਲੀ ਜੀਵਨ ਸ਼ੈਲੀ ਮਨੁੱਖ ਨੂੰ ਖੋਖਲਾ ਹੋਣ ਤੋਂ ਬਚਾਉਂਦੀ ਹੈ।

ਜਦੋਂ ਇੱਕ ਲੇਖਕ ਕਲਮ ਛੱਡ ਦੇਵੇ ਜਾਂ ਉਸ ਦੀਆਂ ਰਚਨਾਵਾਂ, ਲਿਖਤਾਂ ਵਿਚ ਪਹਿਲਾਂ ਵਰਗੀ ਅਸਰਦਾਰ ਸ਼ਕਤੀ ਨਹੀਂ ਰਹਿੰਦੀ ਤਾਂ, ਉਸ ਦੀ ਮੌਤ ਹੋਈ ਸਮਝੀ ਜਾਂਦੀ ਹੈ। 'ਪਰਛਾਵਾਂ ਮੌਤ ਦਾ ਤੇ ਪ੍ਰਕਾਸ਼ ਜ਼ਿੰਦਗੀ' ਦਾ ਨਿਬੰਧ ਵਿਚ ਲੇਖਕ ਦੱਸਦਾ ਹੈ:

> ਸੰਵੇਦਨ ਹੀਣ ਹੋਣਾ ਵੀ ਇੱਕ ਪੱਖੋਂ ਮਰੇ ਹੋਣਾ ਹੈ, ਪਤਨੀ ਬਿਮਾਰ ਹੈ, ਬੱਚੇ ਰੋਟੀ ਲਈ ਤਰਸ ਰਹੇ ਹਨ, ਪਿਆਕੜ ਕੇਵਲ ਪੀਣ ਦੇ ਜੁਗਾੜ ਬਾਰੇ ਹੀ ਸੋਚ ਰਿਹਾ ਹੈ।ਕੋਈ ਬਿਮਾਰੀ ਨਾਲ ਮਰੇ ਜਾਂ ਭੁੱਖ ਨਾਲ ਉਸ ਨੂੰ ਕੀ? (ਸੋਮਲ ''ਸਾਡੇ ਅੰਬਰਾਂ ਦੇ ਤਾਰੇ''27-28)

ਉਪਰੋਕਤ ਸ਼ਬਦਾਂ ਵਿਚ ਲੇਖਕ ਨੇ ਅੱਜ ਦੇ ਮਨੁੱਖ ਦੀ ਹੋਣੀ ਦਾ ਸੱਚ ਪੇਸ਼ ਕੀਤਾ ਹੈ ਕਿ ਅਜੋਕਾ ਮਨੁੱਖ ਆਪਣੀ ਜ਼ਿੰਦਗੀ ਵਿਚ ਇੰਨਾ ਗ਼ਲਤਾਨ ਹੋ ਚੁੱਕਿਆ ਹੈ ਕਿ ਉਸ ਨੂੰ ਆਪਣੇ ਤੋਂ ਬਿਨਾਂ ਹੋਰ ਕੋਈ ਵੀ ਨਜ਼ਰ ਨਹੀਂ ਆਉਂਦਾ। ਉਹ ਸਵਾਰਥ ਭਰੀ ਜ਼ਿੰਦਗੀ ਜਿਉਂ ਰਿਹਾ ਹੈ।ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਰਿਹਾ ਹੈ।

ਜਿਵੇਂ-ਜਿਵੇਂ ਸਮਾਂ ਬਦਲ ਰਿਹਾ ਹੈ। ਲੋਕਾਂ ਦਾ ਮੋਹ ਪੰਜਾਬੀ ਮਾਂ ਬੋਲੀ ਵੱਲੋਂ ਟੁੱਟਦਾ ਜਾ ਰਿਹਾ ਹੈ, ਕਹਿੰਦੇ ਹਨ, ਜੇਕਰ ਕਿਸੇ ਨੂੰ ਬਦਸੀਸ ਦੇਣੀ ਹੋਵੇ ਤਾਂ ਕਿਹਾ ਜਾਂਦਾ ਹੈ ਜਾ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ। ਵਧਦੇ ਅੰਗਰੇਜ਼ੀ ਦੇ ਪ੍ਰਭਾਵ ਨੇ ਮਾਂ ਬੋਲੀ ਨੂੰ ਵਿਸਾਰ ਦਿੱਤਾ ਹੈ। ਲੋਕ ਅੰਗਰੇਜ਼ੀ ਨੂੰ ਸੁਣਨ ਨੂੰ ਪਹਿਲ ਦੇ ਰਹੇ ਹਨ। ਮਾਂ ਬੋਲੀ ਪ੍ਰੇਮੀਆਂ ਵੱਲੋਂ ਮਾਂ ਬੋਲੀ ਨੂੰ ਉਸਾਰਨ ਲਈ ਹਜ਼ਾਰਾ ਯਤਨ ਕੀਤੇ ਜਾ ਰਹੇ ਹਨ।ਲੇਖਕ ਆਪਣੇ ਨਿਬੰਧ 'ਮਾਤ ਭਾਸ਼ਾ ਪੰਜਾਬੀ ਦੀ ਪੜ੍ਹਾਈ ਜ਼ਰੂਰੀ ਕਿਉਂ!' ਵਿਚ ਲੇਖਕ ਇਸ ਦੀ ਮਹੱਤਤਾ ਸਮਝਾਉਂਦਾ ਹੈ:

> ਕਿਸੇ ਵਿਦਿਆਰਥੀ ਨੂੰ ਉਸ ਦੀ ਮਾਤ ਭਾਸ਼ਾ ਵਿਚ ਸਿੱਖਿਆ ਨਾ ਦੇਣਾ ਓਵੇਂ ਹੀ ਹੈ ਜਿਵੇਂ ਉਸ ਨੂੰ ਮਾਂ ਦੇ ਦੁੱਧ ਅਤੇ ਪਿਆਰ ਤੋਂ ਵਾਂਝੇ ਰੱਖਣਾ। ਅਰਥਾਤ ਮਾਤ-ਭਾਸ਼ਾ ਦੇ ਅੰਮ੍ਰਿਤ ਤੋਂ ਉਸ ਨੂੰ ਵੰਚਿਤ ਕਰਨਾ।(ਸੋਮਲ ''ਅੰਬਰਾਂ ਦੇ ਤਾਰੇ'' 80)

> ਰਵਨੀਤ ਕੌਰ ਦੇ ਸ਼ਬਦਾਂ ਵਿਚ: ਜੋ ਬੱਚਾ ਆਪਣੀ ਮਾਂ ਦਾ ਸਤਿਕਾਰ ਕਰਦਾ ਹੈ, ਉਹ ਦੂਜਿਆਂ ਦੀਆਂ ਮਾਵਾਂ ਦੀ ਵੀ ਕਦਰ ਕਰਦਾ ਹੈ, ਪਰ ਜੋ ਹੋਰਨਾਂ ਦੀਆਂ ਮਾਵਾਂ ਦਾ ਸਤਿਕਾਰ ਕਰਦੇ ਹਨ, ਉਹ ਆਪਣੀ ਮਾਂ ਦਾ ਨਿਰਾਦਰ ਨਹੀਂ ਕਰ ਸਕਦੇ। ਸੋ ਲੋੜ ਹੈ ਕਿ ਅਸੀਂ ਆਪਣੀ ਮਾਂ-ਬੋਲੀ ਬੋਲਣ ਤੋਂ ਝਿਜਕੀਏ ਨਾ। ਆਪਣੀ ਵਿਦਵਤਾ ਦਾ ਪ੍ਰਦਰਸ਼ਨ ਦਰਨ ਹਿੱਤ ਬੇਲੋੜੇ ਸ਼ਬਦ ਜਾਲ ਵਿਚ ਨਾ ਆਪ ਫਸੀਏ ਤੇ ਨਾ ਕਿਸੇ ਨੂੰ ਫਸਾਈਏ। ਆਸ ਕਰੀਏ ਕਿ ਸਾਰੇ ਲੋਕ ਆਪਣੀਆਂ ਮਾਤ-ਭਾਸ਼ਾਵਾਂ ਨੂੰ ਅਪਣੱਤ ਨਾਲ ਅਪਣਾਉਣਗੇ। ਦੂਜੀਆਂ ਭਾਸ਼ਾਵਾਂ ਲਈ ਸ਼ਹਿਣਸ਼ੀਲਤਾ ਰੱਖੀਏ।(ਪੂਰਨ ਸਿੰਘ "ਪੰਜਾਬੀ ਸਭਿਆਚਾਰ 'ਚ ਤ੍ਰੇੜਾਂ"38)

> ਮਾਂ-ਬੋਲੀ ਨਿਰਉਚੇਚ ਤੇ ਨਿਰਯਤਨ ਆ ਜਾਂਦੀ ਹੈ। 'ਹਿੰਗ ਨਾ ਲੱਗੇ ਫਟਕੜੀ ਰੰਗ ਚੋਖਾ' ਦੀ ਅਖੌਤ ਇੱਥੇ ਪੂਰੀ ਢੁਕਦੀ ਹੈ। ਰੂਹ ਦੀ ਗੱਲ ਆਪਣੀ ਬੋਲੀ ਵਿਚ ਹੀ ਹੁੰਦੀ ਹੈ। ਕੋਈ ਦੂਜੀ ਬੋਲੀ ਸਿੱਖਣੀ ਹੋਵੇ ਤਾਂ ਪਹਿਲਾਂ ਉਸ ਦੀ ਵਿਆਕਰਨ ਦੇ ਨਿਯਮ ਜਾਣਨੇ ਪੈਂਦੇ ਹਨ। ਇੱਕ

> ਇੱਕ ਸ਼ਬਦ ਸਿੱਖਣਾ ਪੈਂਦਾ ਹੈ, ਫਿਰ ਵੀ ਉਸ ਨੂੰ ਸੋਖ ਤੇ ਮੌਜ ਨਾਲ ਬੋਲਿਆ ਤੇ ਲਿਖਿਆ ਨਹੀਂ ਜਾ ਸਕਦਾ, ਜਿੰਨਾ ਮਾਂ-ਬੋਲੀ ਨੂੰ ਇਸ ਸਚਾਈ ਉੱਤੇ ਬਲ ਦੇਣ ਲਈ ਕਹਿ ਦਿੱਤਾ ਜਾਂਦਾ ਹੈ ਕਿ 'ਅਵਰ' ਬੋਲੀ ਵਿਚ ਬੋਲਦਾ ਬੰਦਾ ਇਉਂ ਲਗਦੇ, ਜਿਵੇਂ ਝੂਠ ਬੋਲ ਰਿਹਾ ਹੁੰਦਾ ਹੈ ਭਾਵ ਉਹ ਅੰਦਰੋਂ ਨਹੀਂ ਬੋਲਦਾ ਉਸ ਦੇ ਬੋਲਣ ਵਿਚ ਬਣਾਉਟੀਪਣ ਹੁੰਦਾ ਹੈ। (ਸੋਮਲ ''ਵਕਤ ਬਦਲ ਗਏ ''138)

ਅਜੋਕੀ ਪੀੜ੍ਹੀ ਵਿਚ ਬੇਸਹਾਰਾ ਵਿਚਰਨ ਦੀ ਲੀਲ੍ਹਾ ਇਸ ਪ੍ਰਕਾਰ ਵਧ ਚੁੱਕੀ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਵਿਚੋਂ ਸਲੀਕਾ, ਲਿਹਾਜ਼, ਅਸਹਿਣਸ਼ੀਲਤਾ ਖ਼ਤਮ ਹੋਣਾ ਆਮ ਜਿਹੀ ਗੱਲ ਲੱਗਦੀ ਹੈ। ਇਹ ਆਸਾਵਾਂਪਣ ਤੇ ਅਸਹਿਣਸ਼ੀਲਤਾ ਸੜਕਾਂ ਤੇ ਬਾਖ਼ੂਬੀ ਦੇਖਿਆ ਜਾ ਸਕਦਾ ਹੈ। ਲੇਖਕ 'ਸਮਾਜ ਦੀ ਗੱਡੀ ਦੀ ਬਰੇਕਾਂ ਕਿੱਥੇ ਹਨ' ਨਿਬੰਧ ਵਿਚ ਮਨੁੱਖ ਦੀ ਘਟਦੀ ਸਹਿਣਸ਼ੀਲਤਾ ਵੱਲ ਇਸ਼ਾਰਾ ਕਰਦਾ ਹੈ:

> ਅੱਜ ਦੇ ਮਨੁੱਖ ਨੂੰ ਸਫ਼ਰ ਤੇ ਜਾਂਦਿਆਂ ਇਹ ਡਰ ਬਣਿਆ ਰਹਿੰਦਾ ਹੈ ਕਿ ਉਹ ਸਹੀ ਸਲਾਮਤ ਘਰ ਪਹੁੰਚੇਗਾ ਵੀ। ਸਾਡੀਆਂ ਕਈ ਸੜਕਾਂ ਦਾ ਨਾਂ ਖ਼ੂਨੀ ਸੜਕਾਂ ਪੈ ਗਿਆ ਹੈ ਇਵੇਂ ਹੀ ਖ਼ੁਦਕੁਸ਼ੀਆਂ, ਕਤਲਾਂ, ਬਲਾਤਕਾਰਾਂ, ਲੁੱਟਾਂ-ਖੋਹਾਂ, ਧੋਖੇ ਦੇ ਦੀਆਂ ਚੀਕ਼ਾਂ ਸੁਣ ਪੜ੍ਹ ਕੇ ਘੁੱਗ ਵੱਸਦੇ ਸ਼ਹਿਰ, ਜੰਗਲ ਜਾਪਣ ਲੱਗਦੇ ਹਨ।ਜੰਗਲ ਵੀ ਕੁੱਝ ਬਿਹਤਰ ਹੁੰਦੇ ਹਨ, ਕਿਉਂਕਿ ਜੰਗਲੀ ਜੀਵ ਮਨੁੱਖ ਵਾਂਗ ਅਵੈੜ ਰੁਚੀਆਂ ਦੇ ਮਾਲਕ ਨਹੀਂ ਹੁੰਦੇ।(ਸੋਮਲ ''ਸਾਡੇ ਅੰਬਰਾਂ ਦੇ ਤਾਰੇ'' 96)

ਹਰ ਮਨੁੱਖ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਫ਼ਰਜ਼ਾਂ ਤੇ ਪਹਿਰਾਂ ਦੇਣ। ਸੜਕ ਉੱਤੇ ਚੱਲਦੇ ਵਾਹਨਾਂ ਦੀ ਤਰ੍ਹਾਂ ਸਮਾਜਿਕ ਜੀਵਨ ਦੀਆਂ ਬਰੇਕਾਂ ਕੰਮ ਕਰਦੀਆਂ ਹੋਈਆਂ ਚਾਹੀਦੀਆਂ ਹਨ, ਜਿਨ੍ਹਾਂ ਦਾ ਜਾਮ ਹੋਣਾ ਵੀ ਪੁੱਗਦਾ ਨਹੀਂ।

> ਅੱਜ ਸਾਡਾ ਸਮਾਜ ਬਿਮਾਰ ਤੇ ਖੋਖਲਾ ਹੋਇਆ ਜਾਪਦਾ ਹੈ। ਪੈਸੇ ਵਾਲੇ ਵਿਆਹਾਂ-ਸ਼ਾਦੀਆਂ ਨਾਲ ਜੁੜੀਆਂ ਰਸਮਾਂ ਨੂੰ ਬੇਮਤਲਬ ਵਧਾਉਣ ਲੱਗ ਪਏ ਹਨ। ਉਨ੍ਹਾਂ ਦੀ ਰੀਸੇ ਸਧਾਰਨ ਲੋਕ ਵੀ ਅੱਡੀਆਂ ਚੁੱਕ ਕੇ ਫਾਹਾ ਲੈਣ ਲੱਗ ਪਏ ਹਨ। ਵਾਹਨਾਂ ਦੀਆਂ ਲਾਮ ਡੋਰੀਆਂ ਵਿਚ 'ਸ਼ਾਨ' ਸਮਝੀ ਜਾਂਦੀ ਹੈ। ਸੜਕਾਂ ਨੂੰ ਸਾਹ ਨਹੀਂ ਆ ਰਿਹਾ। ਪੀਣ-ਯੋਗ ਪਾਣੀ ਦੀ ਦਿੱਕਤ ਹੋ ਰਹੀ ਹੈ।ਦੂਜੇ ਬੰਨੇ ਸ਼ਰਾਬ ਦਾ ਵਹਾਅ ਬੁੱਧ-ਬਿਬੇਕ ਨੂੰ ਰੇਹੜੀ ਜਾ ਰਿਹਾ ਹੈ। ਇਹ ਵਰਤਾਰੇ ਮੰਗ ਕਰਦੇ ਹਨ ਕਿ ਹਰ ਪੱਧਰ ਉੱਤੇ ਵਧੇਰੇ ਖ਼ਬਰਦਾਰੀ ਤੇ ਚੌਕਸੀ ਰੱਖੀ ਜਾਵੇ। ਜੋਸ਼ ਦੇ ਨਾਲ ਹੋਸ਼, ਸਰੀਰਕ ਬਲ ਦੇ ਨਾਲ ਨੈਤਿਕ ਬਲ, ਚਿੰਤਾ ਦੇ ਨਾਲ ਚਿੰਤਨ, ਗਿਆਨ ਦੇ ਨਾਲ ਸਜੱਗਤਾ ਨੂੰ ਜੀਵਨ-ਜਾਚ ਦਾ ਹਿੱਸਾ ਬਣਾਇਆ ਜਾਵੇ। ਖ਼ੁਸ਼ੀ-ਗਮੀ ਦੇ ਮੌਕਿਆਂ ਉੱਤੇ ਸੰਜਮ, ਸੁਚੱਜ ਵਾਲਾ ਰਹਾ-ਦਿਖਾਊ ਵਿਹਾਰ ਕੀਤਾ ਜਾਵੇ।(ਸੋਮਲ ''ਵਕਤ ਬਦਲ ਗਏ'' 120)

ਕਈ ਵਾਰੀ ਮੌਕੇ ਸਾਡੇ ਸਾਹਮਣੇ ਹੁੰਦੇ ਹਨ, ਪਰ ਅਸੀਂ ਸਾਹਮਣੇ ਇਸ ਦੀਆਂ ਮੁਸ਼ਕਲਾਂ ਨੂੰ ਦੇਖ ਕੇ ਉਨ੍ਹਾਂ ਨਾਲ ਲੜਨ ਦੀ ਬਜਾਏ, ਉਨ੍ਹਾਂ ਨੂੰ ਕਿਨਾਰਾ ਕਰ ਲੈਂਦੇ ਹਨ ਤੇ ਫਿਰ ਦੋਸ਼ ਸਰਕਾਰਾਂ ਦੇ ਸਿਰ ਮੜ੍ਹ ਦਿੰਦੇ ਹਾਂ। ਲੇਖਕ ਨੇ 'ਨਿੱਕੀਆਂ-ਨਿੱਕੀਆਂ ਤ੍ਰਿਪਤੀਆਂ ਤੇ ਨਿੱਕੇ-ਨਿੱਕੇ ਸੁਖ' ਨਿਬੰਧ ਵਿਚ ਮਨੁੱਖ ਨੂੰ ਹਰ ਸਥਿਤੀ ਵਿਚ ਜੂਝਣ ਦੀ ਪ੍ਰੇਰਨਾ ਦਿੱਤੀ ਹੈ:

> ਲੋਕ ਖੇਚਲ਼ਾਂ ਤੋਂ ਡਰਦੇ ਹਨ, ਜ਼ੁੰਮੇਵਾਰੀਆਂ ਤੋਂ ਭੱਜਦੇ ਹਨ। ਜਿਹੜੇ ਇਨ੍ਹਾਂ ਔਖਿਆਈਆਂ ਦਾ ਸਾਹਮਣਾ ਕਰਦੇ ਹਨ।ਅਜਿਹਾ ਕਰ ਸਕਣ ਦਾ ਸੁਖ ਵੀ ਉਹੀ ਮਹਿਸੂਸ ਕਰਦੇ ਹਨ।ਇੱਕ ਕਹਿੰਦਾ ਕੰਮ ਮੇਰੇ ਅੱਗੇ ਭੱਜਿਆ ਫਿਰਦਾ ਹੈ। ਕੰਮ ਵਿਚ ਖੁੱਭੇ ਨੂੰ, ਜੇ ਕੋਈ ਪੁੱਛ ਲਵੇ, ਕੀ ਹਾਲ ਚਾਲ ਹੈ? ਤਦ ਅੱਗੋਂ ਉੱਤਰ ਮਿਲਦਾ ਹੈ 'ਕਾਟੋ ਫੁੱਲਾਂ ਤੇ ਉੱਤੇ ਖੇਡਦੀ ਹੈ' ਸਵੇਰ ਤੋਂ ਹੱਥ

> ਪਰ ਹੱਥ ਧਰ ਕੇ ਬੈਠਾ ਇਹੋ ਜਿਹਾ ਹੁਲਾਰੇ ਵਾਲਾ ਉੱਤਰ ਨਹੀਂ ਦੇ ਸਕਦਾ। (ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ'' 92)

ਉਪਰੋਕਤ ਸ਼ਬਦਾਂ ਤੋਂ ਭਾਵ ਔਕੜਾਂ, ਦੁੱਖ ਮਨੁੱਖੀ ਜ਼ਿੰਦਗੀ ਦਾ ਹਿੱਸਾ ਹਨ। ਇਹਨਾਂ ਤੋਂ ਘਬਰਾਉਣ ਦੀ ਬਜਾਏ, ਆਪਣਾ ਕੰਮ ਵਧੀਆਂ ਤੇ ਖਿੜੇ ਮੱਥੇ ਸਵੀਕਾਰ ਕਰਨ ਨਾਲ ਹਰ ਇੱਕ ਦਾ ਉੱਤਰ ਇਹੀ ਹੋਵੇਗਾ ਕੇ 'ਕਾਟੋ ਫੁੱਲਾਂ ਤੇ ਖੇਡਦੀ ਹੈ।'

ਅੱਜ ਵਾਤਾਵਰਣ ਦੀ ਸੰਭਾਲ ਦੀ ਸਮੱਸਿਆ ਸਾਡੇ ਮੁਲਕ ਦੀ ਸਭ ਤੋਂ ਗੰਭੀਰ ਸਮੱਸਿਆ ਬਣ ਚੁੱਕੀ ਹੈ ਤੇ ਇੱਕ ਸਮਾਜਿਕ ਵਾਤਾਵਰਣ ਵੀ ਵਿਗੜਦਾ ਜਾ ਰਿਹਾ ਹੈ। ਜਿਹਦੇ ਨਤੀਜੇ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਭੁਗਤਣੇ ਪੈਣਗੇ, ਵਿਗੜਦੇ ਵਾਤਾਵਰਣ ਦਾ ਸਮਾਜਿਕ ਰਿਸ਼ਤਿਆਂ ਤੇ ਕਿੰਨਾ ਡੂੰਘਾ ਅਸਰ ਪੈਂਦਾ ਹੈ। ਇਸ ਦਾ ਅੰਦਾਜ਼ਾ ਲਾਉਣਾ ਬਹੁਤ ਮੁਸ਼ਕਲ ਹੈ। ਤਿੜਕਦੇ ਰਿਸ਼ਤੇ, ਬਿਖਰਦੇ ਪਰਿਵਾਰ ਆਧੁਨਿਕ ਯੁੱਗ ਦੀ ਸਭ ਤੋਂ ਵੱਡੀ ਉਦਾਹਰਨ ਹੈ:

> ਸਮਾਜਿਕ ਵਾਤਾਵਰਣ ਦਾ ਬਾਲ ਮਨ ਉੱਤੇ ਕਿੰਨਾ ਡੂੰਘਾ ਪ੍ਰਭਾਵ ਪੈਂਦਾ ਹੈ, ਪਰ ਅਸੀਂ ਇਸ ਬਾਰੇ ਚੇਤੰਨ ਨਹੀਂ ਹੋ ਰਹੇ। ਜਦੋਂ ਦੋ ਮੁਲਕਾਂ ਵਿਚਕਾਰ ਲੜਾਈ ਹੁੰਦੀ ਹੈ ਤਾਂ ਤਦ 'ਦੁਸ਼ਮਣ' ਆਖੇ ਜਾਂਦੇ ਮੁਲਕ ਦੇ ਖ਼ਿਲਾਫ਼ ਗ਼ੁਸੈਲੇ ਪ੍ਰਚਾਰ ਵਿਚ ਸਕੂਲਾਂ ਦੇ ਨੰਨ੍ਹੇ ਬੱਚੇ ਵੀ ਸ਼ਾਮਲ ਕਰ ਲਏ ਜਾਂਦੇ ਹਨ।ਮੁਲਕ ਤਾਂ ਸਮਾਂ ਪਾ ਕੇ ਦੁਸ਼ਮਣ ਤੋਂ ਮਿੱਤਰ ਬਣ ਜਾਂਦੇ ਹਨ, ਪਰ ਬਾਲ ਮਨਾਂ ਉੱਤੇ ਪਿਆ ਪ੍ਰਭਾਵ ਉਨ੍ਹਾਂ ਦੇ ਵੱਡੇ ਹੋਣ ਤੱਕ ਨਾਲ ਤੁਰੀ ਜਾਂਦੀ ਹੈ। (ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ'' 125)

ਘਰਾਂ ਦੇ ਵਿਗੜਦੇ ਮਾਹੌਲ ਦਾ ਸਭ ਤੋਂ ਵੱਡਾ ਅਸਰ ਬੱਚੇ ਦੇ ਬਾਲਪਣ ਦੇ ਨਾਲ-ਨਾਲ, ਉਸ ਦੇ ਭਵਿੱਖ ਤੇ ਵੀ ਪੈਂਦਾ ਹੈ। ਮਾਤਾ-ਪਿਤਾ ਦਾ ਲੜਾਈ ਝਗੜਾ, ਘਰ ਵਿਚ ਸੱਸ ਨੂੰਹ ਦਾ ਝਗੜਾ ਆਦਿ ਬੱਚੇ ਨੂੰ ਰਿਸ਼ਤਿਆਂ

ਦਾ ਘਾਣ ਕਰਨਾ ਸਿਖਾਉਂਦੇ ਹਨ। ਘਰ ਦੇ ਵਿਸ਼ੈਲੇ ਵਾਤਾਵਰਣ ਵਿਚ ਬੱਚਾ ਜੋ ਕੁੱਝ ਸੁਣਦਾ ਹੈ, ਉਸ ਤੋਂ ਉਸ ਦੀ ਮਸੂਮੀਅਤ ਘਾਇਲ ਹੁੰਦੀ ਜਾਂਦੀ ਹੈ। 'ਆਸ ਤੇ ਵਿਸ਼ਵਾਸ ਨੂੰ ਖੋਰਾ ਲੱਗਣਾ ਚਿੰਤਾਜਨਕ' ਨਿਬੰਧ ਵਿਚ ਲੇਖਕ ਭ੍ਰਿਸ਼ਟਾਚਾਰੀ ਦੀ ਇਕ ਤਸਵੀਰ ਪੇਸ਼ ਕਰਦਾ ਹੈ:

> ਸਿਹਤ, ਸਿੱਖਿਆ, ਧਰਮ ਦੇ ਖੇਤਰਾਂ ਨੂੰ ਪਵਿੱਤਰ ਮੰਨਿਆ ਜਾਂਦਾ ਰਿਹਾ ਹੈ। ਹੁਣ ਤਾਂ ਇਹ ਵੀ ਬਹੁਤਾ ਕਰ ਕੇ ਮਾਇਆਧਾਰੀਆਂ ਦੀਆਂ ਅਮੁੱਕ ਲਾਲਸਾਵਾਂ ਦੀ ਭੇਟ ਚੜ੍ਹ ਰਹੇ ਹਨ। ਸਧਾਰਨ ਵਿਅਕਤੀ ਬੇਵੱਸ ਹੋਇਆ ਮੁੜ ਮੁੜ ਸੋਚਦਾ ਹੈ, 'ਉਹ ਕਿੱਥੇ ਜਾਵੇ', ਕਿਹਦੇ ਤੇ ਇਤਬਾਰ ਕਰੇ'। ਮੁਨਾਫ਼ੇ ਲਈ ਮਾਰੋ ਮਾਰ ਕਰਦੇ, ਇਸ ਪ੍ਰਬੰਧ ਵਿਚ ਉਹ ਲੋਕ, ਜਿਨ੍ਹਾਂ ਨੂੰ ਦੋ ਵਕਤ ਦੀ ਰੋਟੀ ਦੇ ਲਾਲੇ ਪਏ ਹੋਏ ਹਨ, ਆਪਣੇ ਲਈ ਕੋਈ ਥਾਂ ਨਹੀਂ ਵੇਖ ਰਹੇ। ਇਹ ਸਧਾਰਨ ਮਨੁੱਖ ਦੀ ਆਸ ਤੇ ਵਿਸ਼ਵਾਸ ਨੂੰ ਖੋਰਾ ਲੱਗਣ ਦਾ ਸੰਕਟ ਹੈ। ਇੰਨਾ ਹੀ ਨਹੀਂ, ਭੰਬਲਭੂਸੇ ਪੈਦਾ ਕਰਦੇ ਸਮਾਚਾਰ, ਇਲੈਕਟ੍ਰੋਨਿਕ ਪ੍ਰਸਾਰ ਸਾਧਨਾਂ ਉੱਤੇ ਅੰਧਵਿਸ਼ਵਾਸੀ ਦਾ ਭਰਵਾਂ ਪ੍ਰਚਾਰ ਅਤੇ ਸ਼ੋਰ ਮਚਾਉਂਦੀ ਇਸ਼ਤਿਹਾਰਬਾਜ਼ੀ ਵਿਚੋਂ ਸੱਚ ਦਾ ਕਿਣਕਾ ਨਿਖੇੜਨ ਲਈ ਸਾਡੇ ਕੋਲ ਛਾਨਣੀ ਤੇ ਪੁਣਨੀ ਨਹੀਂ। ਸਾਡੀ ਸੋਝੀ, ਜਾਗ੍ਰਿਤੀ ਅਤੇ ਵਿਵੇਕ ਨੂੰ ਖੁੰਢਾ ਕਰਨ ਤੇ ਸੁਸਤਾਉਣ ਦੀਆਂ ਗੁੱਝੀਆਂ ਚਾਲਾਂ ਦੀ ਗ੍ਰਿਫ਼ਤ ਵੱਧ ਰਹੀ ਹੈ। (ਸੋਮਲ ''ਵਕਤ ਬਦਲ ਗਏ''119)

**ਖ) ਮਾਨਵੀ ਭਾਵਨਾਵਾਂ:-** ਮਾਨਵੀ ਭਾਵਨਾਵਾਂ ਸਾਡੀਆਂ ਉਹ ਭਾਵਨਾਵਾਂ ਹੁੰਦੀਆਂ, ਜਿਨ੍ਹਾਂ ਦਾ ਸੰਬੰਧ ਮਨੁੱਖੀ ਅਥਵਾ ਮਾਨਵੀ ਸਰੋਕਾਰਾਂ ਨਾਲ ਹੁੰਦਾ ਹੈ। ਅਸੀਂ ਇੱਕ ਹੀ ਰੁੱਖ ਦੇ ਪੱਤੇ ਹਾਂ, ਅਸੀਂ ਇੱਕ ਹੀ ਮਾਂ ਦੇ ਬੱਚੇ ਹਾਂ ਅਰਥਾਤ ਅਸੀਂ ਸਾਰੇ ਇੱਕ ਹੀ ਪ੍ਰਭੂ-ਪਰਮਾਤਮਾ ਦੀ ਸੰਤਾਨ ਹਾਂ, ਧਰਤੀ ਸਾਡੀ ਸਭ ਦੀ ਮਾਂ ਹੈ, ਜੋ ਸਾਡਾ ਸਭ ਦਾ ਪਾਲਣ ਕਰਦੀ ਹੈ। ਸਾਰਾ ਸੰਸਾਰ ਸਾਡਾ ਘਰ ਹੈ ਤੇ ਸਾਡਾ ਸਭ ਦਾ ਇੱਕ ਹੀ ਪਰਿਵਾਰ ਹੈ। ਇਹ ਇੱਕ

ਅਜਿਹੀ ਬੁਨਿਆਦੀ ਮਾਨਵੀ ਭਾਵਨਾ ਹੈ, ਜੋ ਸਾਡੇ ਅੰਦਰ ਸਾਰੇ ਮਨੁੱਖਾਂ ਨਾਲ ਪਿਆਰ ਕਰਨ, ਲੋੜਵੰਦਾਂ ਦੀ ਸਹਾਇਤਾ ਕਰਨ, ਮੁਸੀਬਤਾਂ ਮਾਰਿਆਂ ਨਾਲ ਹਮਦਰਦੀ ਕਰਨ, ਆਪਣੇ ਗੁਨਾਹਾਂ ਤੇ ਪਸ਼ਚਾਤਾਪ ਕਰਨ ਵਾਲਿਆਂ ਤੇ ਦਇਆ ਕਰਨ ਅਤੇ ਕਿਸੇ ਦਾ ਹੱਕ ਨਾ ਮਾਰਨ ਵਰਗੀਆਂ ਬਾਕੀ ਮਾਨਵੀ ਭਾਵਨਾਵਾਂ ਪੈਦਾ ਕਰਦੀ ਹੈ। ਮਨੁੱਖ ਨੂੰ ਹਮੇਸ਼ਾ ਆਪਣਾ ਜੀਵਨ ਢੰਗ ਅਜਿਹਾ ਰੱਖਣਾ ਚਾਹੀਦਾ ਹੈ ਕਿ ਉਹ ਆਪਣੇ ਸੰਪਰਕ ਵਿਚ ਆਉਣ ਵਾਲੇ ਹਰ ਇੱਕ ਦੇ ਧੰਨਵਾਦ ਤੇ ਪ੍ਰਸ਼ੰਸਾ ਦਾ ਪਾਤਰ ਬਣ ਸਕੇ। 'ਸ਼ੁਕਰਾਨੇ ਦੇ ਭਾਵ' ਨਿਬੰਧ ਵਿਚ ਲੇਖਕ ਨੇ ਆਪਣੇ ਅਨੁਭਵਾਂ ਨੂੰ ਬਹੁਤ ਹੀ ਸੋਹਣੇ ਢੰਗ ਨਾਲ ਬਿਆਨ ਕੀਤਾ ਹੈ:

> ਸੁੱਖ ਵਿਚ ਕੀਤਾ ਸ਼ੁਕਰਾਨਾ, ਓਵੇਂ ਹੀ ਲਾਭ ਦਿੰਦਾ ਹੈ, ਜਿਵੇਂ ਦੁੱਖ ਵਿਚ ਕੀਤੀ ਅਰਦਾਸ ਜਾਂ ਪੁਕਾਰ।(ਸੋਮਲ ''ਸਾਡੇ ਅੰਬਰਾਂ ਦੇ ਤਾਰੇ''48)
>
> ਹਰਪਿੰਦਰ ਕੌਰ ਅਨੁਸਾਰ: ਲੇਖਕ ਮਾਨਵਵਾਦ ਨੂੰ ਸ਼ਿੱਦਤ ਨਾਲ ਪੇਸ਼ ਕਰਨ ਵਾਲਾ ਨਿਬੰਧਕਾਰ ਹੈ। ਉਹ 'ਮੁਹੱਬਤ' ਨੂੰ ਮੁਫ਼ਤ-ਮੁਫ਼ਤ ਮਿਲਦੀਆਂ ਖ਼ੁਸ਼ੀਆਂ ਵਿਚ ਹਾਸਿਲ ਕਰਦਾ ਹੈ ਤੇ 'ਨਫ਼ਰਤ' ਨੂੰ 'ਦੋਸਤੀ' ਵਿਚੋਂ ਬਦਲ ਕੇ ਨਵੇਂ 'ਇਨਸਾਨੀ ਰਿਸ਼ਤੇ' ਆਪਣੀ 'ਚਾਨਣੀ ਸੋਚ' ਨਾਲ ਸਿਰਜਦਾ ਹੈ। ਉਹ ਮੰਨਦਾ ਹੈ ਕਿ ਜ਼ਿੰਦਗੀ ਚਾਹੇ ਕਿੰਨਾ ਕਸ਼ਿਸ਼ ਭਰੀ ਹੈ। ਸੋਮਲ ਦੀ ਵਾਰਤਕ ਵਿਚ ਸਮੋਇਆ ਹੈ, ਸਭ ਉਸ ਨੇ ਆਪਣੇ ਅਨੁਭਵਾਂ ਅਤੇ ਹੱਡ-ਮਾਸ ਨਾਲ ਨਿਭਾਇਆ ਹੈ। (''ਸੋਮਲ ਦੀ ਵਾਰਤਕ ਵਿਚ ਸਭਿਆਚਾਰਕ ਅਤੇ ਵਿਚਾਰਧਾਰਕ ਅਧਿਐਨ'' 85)

ਵਿਸ਼ਵੀਕਰਨ ਦੇ ਦੌਰ ਵਿਚ ਜਿਵੇਂ-ਜਿਵੇਂ ਮਨੁੱਖ ਆਧੁਨਿਕਤਾ ਦੀ ਪੌੜੀ ਵੱਲ ਆਪਣੇ ਕਦਮ ਵਧਾਉਂਦਾ ਚੱਲਿਆ ਜਾ ਰਿਹਾ ਹੈ, ਤਿਵੇਂ-ਤਿਵੇਂ ਕਿਤੇ ਨਾ ਕਿਤੇ ਅੰਦਰੋਂ ਖੋਖਲਾ ਹੁੰਦਾ ਜਾ ਰਿਹਾ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਵਧਦੀ ਧਨ ਦੀ ਲਾਲਸਾ ਨਾਲ ਰਿਸ਼ਤਿਆਂ ਦੀ ਟੁੱਟ ਭੱਜ ਹੋ ਰਹੀ ਹੈ। ਇਵੇਂ ਹੀ ਜ਼ਿੰਦਗੀ ਦਾ ਇੱਕ

ਪੜਾਅ ਬੁਢਾਪਾ ਹੈ। ਆਪਣੇ ਜੀਵਨ ਚੱਕਰ ਦੌਰਾਨ ਹਰ ਮਨੁੱਖ ਜ਼ਿੰਦਗੀ ਦੇ ਹਰ ਇੱਕ ਪੜਾਅ ਤੇ ਸੁਹਜ ਅਤੇ ਆਕਰਸ਼ਣ ਦਾ ਸਵਾਮੀ ਹੁੰਦਾ ਹੈ, ਪ੍ਰੰਤੂ ਅੱਜ ਬੁਢੇਪਾ ਬਜ਼ੁਰਗਾਂ ਲਈ ਇੱਕ ਮਾਨਸਿਕ ਰੋਗ ਬਣਦਾ ਜਾ ਰਿਹਾ ਹੈ। ਅੱਜ ਦੇ ਨੌਜਵਾਨ ਇਕੱਲਤਾ ਨੂੰ ਪਹਿਲ ਦਿੰਦੇ ਹਨ। ਬੁਢੇਪੇ ਦੀਆਂ ਬਹੁਤੀਆਂ ਪ੍ਰੇਸ਼ਾਨੀਆਂ ਦੇ ਕਾਰਨ ਸਮਾਜਿਕ ਹਨ, ਪ੍ਰੰਤੂ ਕੁੱਝ ਹੱਦ ਤੱਕ ਵਿਅਕਤੀਗਤ ਵੀ ਹਨ, ਜਿਨ੍ਹਾਂ ਨੂੰ ਜੇਕਰ ਚਾਹੋ ਤਾਂ ਟਾਲਿਆ ਜਾ ਸਕਦਾ ਹੈ। ਲੇਖਕ ਨੇ ਇਸ ਤੇ ਚਾਨਣਾ ਪਾਇਆ ਹੈ। ਲੇਖਕ ਨੇ 'ਬੁਢੇਪੇ ਦੇ ਸੁਖਦ ਪਹਿਲ' ਨਿਬੰਧ ਵਿਚ ਅਜੋਕੇ ਸਮੇਂ ਦੀ ਮੁੱਖ ਸਮੱਸਿਆ ਬੁਢੇਪੇ ਬਾਰੇ ਚਰਚਾ ਕੀਤੀ ਹੈ

> ਮਨੁੱਖੀ ਅਉਧ ਦਾ ਕੋਈ ਪੜਾ ਅਜਿਹਾ ਨਹੀਂ ਹੈ, ਜਿਸ ਵਿਚ ਜੇ ਦੁੱਖ ਹਨ ਤਾਂ ਸੁੱਖ ਨਾ ਹੋਣ।ਦੁੱਖਾਂ ਅਤੇ ਸੁੱਖਾਂ ਦੀ ਇਹ ਮਿੱਸ ਉਮਰ ਭਰ ਮਿਲਦੀ ਹੈ, ਕਦੇ ਸੁੱਖਾਂ ਦਾ ਪਲੜਾ ਭਾਰੀ ਲਗਦਾ ਹੈ ਅਤੇ ਕਦੇ ਦੁੱਖਾਂ ਦਾ, ਵੈਸੇ ਬਚਪਨ ਵੀ ਦੁਖੀ ਰਹਿ ਸਕਦਾ ਹੈ, ਜੇ ਠੀਕ ਪਾਲਣ-ਪੋਸ਼ਣ ਨਾ ਮਿਲੇ, ਇਵੇਂ ਹੀ ਜਵਾਨੀ ਵੀ ਖ਼ੁਆਰ ਹੋ ਸਕਦੀ ਹੈ। ਬੜੇ ਹੋਣਹਾਰ ਗੱਭਰੂ ਗੁਮਰਾਹ ਹੋ ਕੇ ਨਸ਼ਿਆਂ ਦੀ ਦਲਦਲ ਵਿਚ ਫਸ ਜਾਂਦੇ ਹਨ। ਬੇਰੁਜ਼ਗਾਰੀ ਕਾਰਨ ਵੀ ਡਾਢੀ ਲਾਚਾਰੀ ਹੁੰਦੀ ਹੈ ਤੇ ਭਵਿੱਖ ਧੁੰਦਲਾ ਹੋ ਜਾਂਦਾ ਹੈ। ਗੱਲ ਸਿਰਫ਼ ਇਹ ਹੈ ਕਿ, ਸਮਾਜ ਦੇ ਪ੍ਰਬੰਧ ਠੀਕ ਨਾ ਹੋਣ ਬਚਪਨ ਅਤੇ ਜਵਾਨੀ ਵਾਂਗ ਬੁਢੇਪਾ ਵੀ ਰੁਲ ਸਕਦਾ ਹੈ। ਇਸ ਦੇ ਉਲਟ ਜੇਕਰ ਸਭ ਕੁੱਝ ਠੀਕ ਹੋਵੇ ਤਾਂ, ਜ਼ਿੰਦਗੀ ਦੀ ਸਵੇਰ ਵਾਂਗ ਇਸ ਦੀ ਦੁਪਹਿਰ, ਤਿਪਹਿਰ ਅਤੇ ਸ਼ਾਮ ਵੀ ਕੋਈ ਘੱਟ ਲੁਭਾਉਣੀ ਨਹੀਂ ਹੁੰਦੀ।(ਸੋਮਲ ''ਜ਼ਿੰਦਗੀ ਦੀ ਰੌਣਕ''116)

**ਦ੍ਰਿਸ਼ਟੀਕੋਣ:-** ਲੇਖਕ ਪ੍ਰਗਤੀਵਾਦੀ ਵਿਚਾਰਧਾਰਾ ਦਾ ਲੇਖਕ ਹੈ। ਲੇਖਕ ਦੇ ਸਮੁੱਚੇ ਨਿਬੰਧਾਂ ਦੀ ਵਿਚਾਰਧਾਰਾਈ ਦ੍ਰਿਸ਼ਟੀ ਨਵੀਂ ਨਰੋਈ ਉਸਾਰੂ, ਸਿੱਖਿਆਦਾਇਕ ਅਤੇ ਪ੍ਰੇਰਨਾਮਈ ਹੈ। ਲੇਖਕ ਸਿੱਖੀ ਆਤਮਕ ਵਿਚਾਰਧਾਰਾ ਨਾਲ ਸੰਬੰਧਿਤ ਹੈ। ਸਿੱਖ ਪਰਿਵਾਰ ਨਾਲ ਸੰਬੰਧਿਤ ਹੋਣ ਕਾਰਨ ਉਸ ਦੀਆਂ ਲਿਖਤਾਂ ਵਿਚ ਸਿੱਖ ਫ਼ਲਸਫ਼ਾ ਵੀ

ਝਲਕਾਰੇ ਮਾਰਦਾ ਹੈ। ਲੇਖਕ ਦੀ ਜੀਵਨ ਦ੍ਰਿਸ਼ਟੀ ਵਿਚ ਜ਼ਿੰਦਗੀ ਨੂੰ ਅਸੀਂ ਹੀ ਉਤਸਵ ਰੂਪ ਪ੍ਰਦਾਨ ਕਰਵਾਉਣ ਵਿਚ ਯੋਗਦਾਨ ਪਾ ਸਕਦੇ ਹਾਂ। ਜ਼ਿੰਦਗੀ ਦੀਆਂ ਉਸਾਰੂ ਜੀਵਨ-ਜੁਗਤਾਂ ਦੀ ਤਲਾਸ਼ ਕਰਨ ਵਾਲੇ ਲੋਕ ਸਫਲ ਹੁੰਦੇ ਹਨ। ਜ਼ਿੰਦਗੀ ਖ਼ੂਬਸੂਰਤ ਹੈ। ਇਸ ਦੀਆਂ ਰੌਣਕਾਂ ਅਸੀਂ ਆਪ ਪੈਦਾ ਕਰਨੀਆਂ ਹਨ। ਸੋਮਲ ਦੀ ਸੂਖਮ ਨਿਬੰਧਕਾਰੀ ਸਹਿਜੇ ਹੀ ਪਾਠਕਾਂ ਅੰਦਰ ਆਪਣੇ ਅੰਦਰੋਂ ਨਾਕਾਰਾਤਮਕ ਸੋਚਾਂ ਦੀ ਥਾਂ ਸਿਰਜਣਾਤਮਕ ਵਲਵਲੇ ਸੰਚਾਰਦੀ ਹੈ। ਜਿਸ ਤੋਂ ਪ੍ਰੇਰਨਾ ਲੈ ਕੇ ਵਿਅਕਤੀ ਅੰਦਰ ਅਸਥਾਈ ਲਾਭ ਲੈਣ ਪ੍ਰਾਪਤ ਕਰਨ ਦੀ ਬਜਾਇ, ਕੁੱਝ ਬਣਨ ਦੀ ਸ਼ਕਤੀ ਪੈਦਾ ਹੁੰਦੀ ਹੈ। ਮਾਨਵ ਉਹ ਹੈ, ਜਿਸ ਦੀ ਜੀਵਨ ਦ੍ਰਿਸ਼ਟੀ ਵਿਚ ਉਚੇਰੇ ਲਕਸ਼ ਪ੍ਰਾਪਤ ਕਰ ਕੇ, ਮਾਨਵਤਾ, ਸਮੁੱਚੀ ਕਾਇਨਾਤ ਪ੍ਰਤੀ ਕਲਿਆਣਕਾਰੀ ਕਾਰਜ ਨੇਪਰੇ ਚਾੜ੍ਹਨੇ ਹੋਣ।

ਸੂਰਤ ਜ਼ਿੰਦਗੀ ਦੇ ਹੰਢਾਏ ਪਲਾਂ ਅਤੇ ਤਜਰਬਿਆਂ ਨੂੰ ਇੱਕ ਰਚਨਾ ਵਿਚ ਪੇਸ਼ ਕਰਨ ਲਈ ਇੱਕ ਲੇਖਕ ਆਪਣੀ ਦ੍ਰਿਸ਼ਟੀ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਕਰਨੈਲ ਸਿੰਘ ਸੋਮਲ ਦੇ ਸ਼ਬਦ ਹੱਡ ਬੀਤੀਆਂ ਨੂੰ ਜੱਗ ਬੀਤੀਆਂ ਬਣਾ ਕੇ ਪੇਸ਼ ਕਰਨ ਦੀ ਸਮਰੱਥਾ ਰੱਖਦੇ ਹਨ। ਸੋਮਲ ਦੇ ਨਿਬੰਧਾਂ ਵਿਚ ਇੱਕ ਭਾਵ ਪੂਰਨ ਰਚਨਾ ਸੰਸਾਰ ਸਿਰਜਦਾ ਹੈ, ਜਿਸ ਕਾਰਨ ਉਸ ਦੇ ਪਾਠਕਾਂ ਦੇ ਮਨਾਂ ਵਿਚ ਵਿਸ਼ਾਲ ਅਰਥਾਂ ਅਤੇ ਅਨੁਭਵਾਂ ਦੀਆਂ ਹਜ਼ਾਰਾ ਤਰੰਗਾਂ ਜਨਮ ਲੈਂਦੀਆਂ ਹਨ।

ਡਾ. ਕਰਨੈਲ ਸਿੰਘ ਸੋਮਲ ਆਧੁਨਿਕ ਅਤੇ ਉਤਰ ਕਾਲ ਦਾ ਅਜਿਹਾ ਨਿਬੰਧਕਾਰ ਹੈ, ਜਿਸ ਨੇ ਸਵੈ ਲਗਨ ਆਪਣੀ ਮਿਹਨਤ ਅਤੇ ਅਧਿਐਨ ਕਾਰਜਾਂ ਸਦਕੇ ਆਪਣੀ ਸਾਹਿਤਕ ਚੇਤਨਾ ਦਾ ਪਸਾਰ ਆਪ ਕੀਤਾ ਹੈ। ਨਿਬੰਧ ਰਚਨਾ ਕਰਨ ਤੋਂ ਇਲਾਵਾ ਆਪ ਨੇ ਥਾਂ, ਗਿਆਨ ,ਵਿਗਿਆਨ, ਦੀਆਂ ਵਿਦਿਆਰਥੀਆਂ ਲਈ ਦਰਜਨਾਂ ਪੁਸਤਕਾਂ ਲਿਖੀਆਂ ਹਨ।

ਲੇਖਕ ਨੇ ਨਿਬੰਧਾਂ ਦੇ ਬਹੁ ਪ੍ਰਕਾਰ ਦੇ ਉਨ੍ਹਾਂ ਦਿੰਦਾ ਉੱਪਰ ਆਪਣੀ ਚਿੰਤਨ ਤੇ ਚੇਤਨਾ ਮੁਖੀ ਵਿਚਾਰਧਾਰਾਈ, ਕਲਮ ਚਲਾਈ ਹੈ। ਲੋਕ ਜੀਵਨ ਵਿਚ ਖ਼ਤਮ ਹੋ ਰਹੀ, ਖ਼ੁਸ਼ਹਾਲੀ ਦੀ ਪੁਨਰ-ਸਥਾਪਨਾ ਕਿਵੇਂ

ਕੀਤੀ ਜਾਵੇ? ਘਰੇਲੂ ਕਲੇਸ਼, ਆਪਣੀ ਨਾ ਬਰਾਬਰੀ, ਬੁਨਿਆਦੀ ਜੀਵਨ ਦੀਆਂ ਲੋੜਾਂ ਦੀ ਪ੍ਰਾਪਤੀ, ਸਭਿਆਚਾਰਕ ਗਿਰਾਵਟ, ਅਨੈਤਿਕਤਾ, ਨਸ਼ਿਆਂ ਦਾ ਤਾਂਡਵ ਆਦਿ ਮੁੱਖ ਸਮੱਸਿਆਵਾਂ ਉੱਪਰ ਆਪ ਨੇ ਖੁੱਲ੍ਹ ਕੇ ਨਿਬੰਧਾਂ ਦੀ ਰਚਨਾ ਕੀਤੀ ਹੈ। ਲੇਖਕ ਦੀ ਤੀਜੀ ਅੱਖ, ਮਾਨਵਤਾ ਦੀਆਂ ਸਮੱਸਿਆਵਾਂ ਪ੍ਰਤੀ ਜਾਗਰੂਕ-ਝਾਤ ਪਾ ਕੇ ਗਿਆਨ-ਵਿਗਿਆਨ ਦੀਆਂ ਵਿਚਾਰਧਾਰਾਈ ਚੇਤਨ ਮੁਖੀ ਦਲੀਲਾਂ ਵੀ ਪੇਸ਼ ਕਰਦਾ ਹੈ ਅਤੇ ਇਸ ਜਗਤ ਵਿਚ ਕਿਵੇਂ ਅਮਨ, ਪਿਆਰ, ਮਿਲਵਰਤਨ ਅਤੇ ਸਾਂਝ ਦੀ ਸਥਾਪਤੀ ਹੋਵੇ ਦੇ ਸੁਝਾਅ ਵੀ ਦਿੰਦਾ ਹੈ।

## 2) ਵਿਧਾਗਤ ਜੁਗਤਾਂ:-

**ੳ)ਸ਼ੈਲੀਗਤ ਜੁਗਤਾਂ:-** ਸ਼ੈਲੀ ਇੱਕ ਸਾਹਿਤਕਾਰ ਦੇ ਵਿਚਾਰ ਅਭਿਵਿਅਕਤੀ ਦਾ ਸਾਧਨ ਮੰਨੀ ਜਾਂਦੀ ਹੈ, ਜੋ ਉਸ ਦੀ ਸ਼ਖ਼ਸੀਅਤ ਦੇ ਅਨੁਸਾਰ ਹੀ ਹੁੰਦੀ ਹੈ। ਪੰਜਾਬੀ ਸਾਹਿਤ ਵਿਚ ਜਿੱਥੇ ਲੇਖਕ, ਭਾਸ਼ਾ ਦੇ ਮਾਧਿਅਮ ਰਾਹੀਂ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਦਾ ਹੈ, ਓਵੇਂ ਹੀ ਭਾਸ਼ਾ ਨੂੰ ਸੁੰਦਰ ਤੇ ਗੁਣਵੱਤਾ ਭਰਪੂਰ ਬਣਾਉਣ ਲਈ, ਹਰ ਲੇਖਕ ਆਪੋ-ਆਪਣੇ ਢੰਗ ਤਰੀਕੇ ਵਰਤਦਾ ਹੈ, ਜਿਸ ਨੂੰ ਸ਼ੈਲੀ ਕਿਹਾ ਜਾਂਦਾ ਹੈ।

ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਲੇਖਕ ਦੀ ਲਿਖਤ, ਸਾਹਿਤ ਵਿਚ ਵਿਲੱਖਣਤਾ ਹਾਸਿਲ ਨਹੀਂ ਕਰ ਸਕਦੀ, ਜਿੰਨੀ ਦੇਰ ਤੱਕ ਉਸ ਦੀ ਆਪਣੀ ਸ਼ੈਲੀ ਦੀ ਇੱਕ ਵੱਖਰੀ ਪਹਿਚਾਣ ਨਾ ਹੋ ਜਾਵੇ। ਸ਼ੈਲੀ ਇੱਕ ਵਾਰਤਕਕਾਰ ਦਾ ਉਹ ਹਥਿਆਰ ਅਤੇ ਅੰਦਾਜ਼ ਹੈ, ਜਿਸ ਨੂੰ ਉਹ ਆਪਣੇ ਡੂੰਘੇ ਅਧਿਐਨ ਤੇ ਅਭਿਆਸ ਰਾਹੀਂ ਅਮੀਰ ਬਣਾ ਸਕਦਾ ਹੈ। ਮਿਡਲਟਨ ਮਰੇ ਸ਼ੈਲੀ ਬਾਰੇ ਆਪਣੇ ਵਿਚਾਰ ਸੈੱਲ ਕਰਦਾ ਲਿਖਦਾ ਹੈ:

> ਸ਼ੈਲੀ ਤੋਂ ਭਾਵ ਉਹ ਵਿਅਕਤੀਗਤ ਪ੍ਰਗਟਾ ਢੰਗ ਤੋਂ ਜਿਸ ਰਾਹੀਂ ਅਸੀਂ ਕਿਸੇ ਲਿਖਾਰੀ ਨੂੰ ਪਛਾਣ ਸਕਦੇ ਹਾਂ। (''The problem of style'' 4)

ਇੱਕ ਚੰਗੀ ਸ਼ੈਲੀ ਉਸ ਨੂੰ ਮੰਨਿਆ ਜਾਂਦਾ ਹੈ, ਜਿਸ ਵਿਚ ਇੱਕ ਲੇਖਕ ਦੇ ਵਿਅਕਤੀਗਤ ਅਨੁਭਵਾਂ ਤੇ ਵਿਚਾਰਾਂ ਨੂੰ ਉਸ ਦੇ ਕਹਿਣ ਦੀ ਸਮਰੱਥਾ ਨੂੰ ਇਸ ਢੰਗ ਨਾਲ ਉਚਾਈ ਤੇ ਲੈ ਜਾਣ ਕਿ ਉਹ ਕਿਸੇ ਵਿਸ਼ੇਸ਼ ਵਿਅਕਤੀ ਦੇ ਵਿਚਾਰ ਨਾ ਲੱਗਣ, ਸਗੋਂ ਸਮੂਹ ਦੇ ਅਨੁਭਵ ਲੱਗਣ। ਇਸ ਪ੍ਰਕਾਰ ਨਿਬੰਧ ਦੀ ਰਚਣ ਪ੍ਰਕਿਰਿਆ ਵਿਚ ਸ਼ੈਲੀ ਦੀ ਆਪਣੀ ਇੱਕ ਵੱਖਰੀ ਪਹਿਚਾਣ ਹੈ। ਜਿਸ ਪ੍ਰਕਾਰ ਦੋ ਵੱਖੋਂ-ਵੱਖਰੇ ਮਨੁੱਖ ਵੱਖੋ-ਵੱਖਰੀ ਸ਼ਖ਼ਸੀਅਤ ਦੇ ਮਾਲਕ ਹੁੰਦੇ ਹਨ। ਉਸ ਪ੍ਰਕਾਰ ਉਨ੍ਹਾਂ ਦੀ ਸ਼ੈਲੀ ਵੀ ਅਲੱਗ-ਅਲੱਗ ਹੁੰਦੀ ਹੈ। ਇੱਕ ਸਫਲ ਨਿਬੰਧਕਾਰ ਵਿਚ ਵੱਖਰਾਪਣ ਅਜਿਹੇ ਗੁਣ ਮੰਨੇ ਜਾਂਦੇ ਹਨ, ਜੋ ਇੱਕ ਲੇਖਕ ਦੀ ਰਚਨਾ ਦੇ ਨਿੱਜਤਵ ਨੂੰ ਪ੍ਰਗਟਾਉਂਦੇ ਹਨ। ਇਹਨਾਂ ਗੁਣਾਂ ਦੀ ਬਦੌਲਤ ਹੀ ਉਸ ਦੀ ਇੱਕ ਵੱਖਰੀ ਪਹਿਚਾਣ ਬਣਦੀ ਹੈ।

ਡਾ. ਕਰਨੈਲ ਸਿੰਘ ਸੋਮਲ ਆਪਣੀ ਰਚਨਾ ਪ੍ਰਕਿਰਿਆ ਵੇਲੇ ਵੱਖ-ਵੱਖ ਸ਼ੈਲੀਆਂ ਦੀ ਵਰਤੋਂ ਕਰਦਾ ਹੈ ਤਾਂ, ਜੋ ਉਹ ਪਾਠਕਾਂ ਤੱਕ ਆਪਣੇ ਵਿਚਾਰਾਂ ਨੂੰ ਡੂੰਘਾਈ ਤੱਕ ਪਹੁੰਚ ਕੇ ਆਪਣੀ ਇੱਕ ਵੱਖਰੀ ਛਾਪ ਛੱਡਣ ਦੇ ਸਮਰੱਥ ਬਣ ਸਕੇ। ਡਾ.ਕਰਨੈਲ ਸਿੰਘ ਸੋਮਲ ਦੇ ਨਿਬੰਧਾਂ ਵਿਚ ਮੁੱਖ ਤੌਰ ਤੇ ਵਿਆਖਿਆਤਮਕ ਸ਼ੈਲੀ, ਚਿਤ੍ਰਾਤਮਕ ਸ਼ੈਲੀ, ਭਾਵਾਤਮਕ ਸ਼ੈਲੀ, ਵਿਚਾਰਾਤਮਕ ਸ਼ੈਲੀ ਅਤੇ ਬਿਰਤਾਂਤਕ ਸ਼ੈਲੀ ਆਦਿ ਦੀ ਵਰਤੋਂ ਕੀਤੀ ਹੈ।

**ੳ) ਵਿਆਖਿਆਤਮਕ ਸ਼ੈਲੀ:-** ਕਰਨੈਲ ਸਿੰਘ ਸੋਮਲ ਦੇ ਨਿਬੰਧਾਂ ਵਿਚ ਵਿਆਖਿਆਤਮਕ ਸ਼ੈਲੀ ਆਮ ਦੇਖਣ ਨੂੰ ਮਿਲਦੀ ਹੈ। ਪੇਸ਼ੇ ਵਜੋਂ ਇੱਕ ਅਧਿਆਪਕ ਦੇ ਅਹੁਦੇ ਤੇ ਰਹਿਣ ਕਰ ਕੇ ਉਹ ਹਰ ਇੱਕ ਚੀਜ਼ ਨੂੰ ਪਾਠਕਾਂ ਤੱਕ ਅਪੜਾਉਣ ਲਈ ਸੋਖੇ ਤੇ ਸਰਲ ਤਰੀਕੇ ਨਾਲ ਵਿਆਖਿਆ ਕਰ ਕੇ ਸਮਝਾਉਣ ਦਾ ਯਤਨ ਕਰਦੇ ਹਨ। ਵਿਆਖਿਆਤਮਕ ਸ਼ੈਲੀ ਵਿਚ ਨਿਰੀਖਣ ਪਰੀਖਣ, ਤਰਕ ਵਿਤਰਕ ਦੇ ਪ੍ਰਮਾਣ ਵੀ ਪੇਸ਼ ਕੀਤੇ ਜਾਂਦੇ ਹਨ।

'ਜੇ ਤੂੰ ਮੇਰੀ ਹੋ ਜਾਏ' ਨਿਬੰਧ ਵਿਚ ਲੇਖਕ ਅੱਜ ਦੀ ਪੀੜ੍ਹੀ ਨੂੰ ਇੱਕ ਸਿੱਖਿਆ ਦਿੰਦਾ ਦਿਖਾਈ ਦਿੰਦਾ ਹੈ। ਇਹ ਪੁਸਤਕ ਤਿੱਬਤ ਦੇ ਵਿਚ ਕਿਸੇ ਲਾਮੇ ਵਿਦਵਾਨ ਦੁਆਰਾ ਲਿਖੀ ਗਈ ਸੀ। ਫਿਰ ਚੀਨ ਦੇ ਬਾਦਸ਼ਾਹ ਨੇ

ਕਿਸੇ ਨਾ ਕਿਸੇ ਤਰ੍ਹਾਂ ਇਹ ਬੁੱਕ ਹਾਸਲ ਕੀਤੀ ਤੇ ਇਹ ਚੀਨ ਭਾਸ਼ਾ ਵਿਚ ਛਪੀ। ਫਿਰ ਇਹ ਪੁਸਤਕ ਇੰਗਲੈਂਡ ਵਿਚ ਪਹੁੰਚੀ ਅੰਗਰੇਜ਼ੀ ਵਿਚੋਂ The Economy of Human Life' ਨਾਂ ਹੇਠ 1751 ਵਿਚ ਛਪੀ ਫਿਰ ਜਦੋਂ ਇਹ ਪੁਸਤਕ ਕਿਸੇ ਗੁਜਰਾਤੀ ਦੇ ਹੱਥ ਲੱਗੀ ਤਾਂ ਉਸ ਨੇ ਸੋਚਿਆ ਵੀ ਕਿਉਂ ਨਾ ਇਸ ਪੁਸਤਕ ਨੂੰ ਉਸ ਦੀ ਮਾਂ ਬੋਲੀ ਗੁਜਰਾਤੀ ਵਿਚ ਛਾਪੇ। ਫਿਰ ਇਹ ਪੰਜਾਬੀ ਵਿਦਵਾਨ ਦੀ ਹਿੰਮਤ ਸਦਕਾ 'ਨੀਤੀ ਰਤਨ ਭੰਡਾਰ' ਨਾਂ ਹੇਠ 1911 ਵਿਚ ਇਹ ਪੁਸਤਕ ਪੰਜਾਬੀ ਐਡੀਸ਼ਨ ਛਪੀ। ਜਿਸ ਵਿਚ ਇੱਕ ਮੁਟਿਆਰ ਨੂੰ ਅੱਲ੍ਹੜ ਉਮਰ ਪੈਰ ਧਰਦੀ ਨੂੰ ਸੰਬੋਧਿਤ ਕਰਦੀ ਮਿਲੀ ਜੋ ਅਜੋਕੀ ਪੀੜ੍ਹੀ ਨੂੰ ਸਿੱਖਿਆ ਦਿੰਦੀਆਂ ਹਨ:

> ਤੇਰੀ ਜਵਾਨੀ ਦੇ ਮੌਸਮ ਵਿਚ, ਤੇਰੇ ਦਿਨਾਂ ਦੇ ਚੰਗੇ ਸਮੇਂ ਵਿਚ ਤੈਨੂੰ ਜਦ ਮਰਦਾਂ ਦੀਆਂ ਅੱਖਾਂ ਵੇਖ ਕੇ ਅਨੰਦ ਪਾਉਂਦੀਆਂ ਹੋਣ ਅਤੇ ਜਦੋਂ ਉਨ੍ਹਾਂ ਦੀ ਨਜ਼ਰ ਦਾ ਅਰਥ ਕੁਦਰਤ ਖ਼ੁਦ ਤੇਰੇ ਕੰਨਾਂ ਵਿਚ ਹੌਲੀ ਤਰ੍ਹਾਂ ਸਮਝਾਏ, ਤਦ ਉਹ ਉਸ ਵੇਲੇ ਉਨ੍ਹਾਂ ਦੇ ਮਿੱਠਤ ਭਰੇ ਸ਼ਬਦ ਸੁਣਨ ਵੇਲੇ ਖ਼ੂਬ ਸੁਚੇਤ ਹੋ ਰਹੀ ਆਪਣੇ ਦਿਲ ਉੱਤੇ ਚੰਗੀ ਤਰ੍ਹਾਂ ਪੈਰਾਂ ਰੱਖੀਂ, ਉਹ ਨਿਮਰਤਾ ਨਾਲ ਤੇਰੇ ਮਨ ਨੂੰ ਭਰਮਾਉਣ ਦੀ ਜੁਗਤ ਕਰਨ ਤਾਂ ਉਸ ਉੱਤੇ ਭਰਮੀ ਨਾਂ। ਯਾਦ ਰੱਖੀ ਕਿ ਮਰਦ ਦਾ ਇੱਕ ਸਮਝਦਾਰ ਸਾਥੀ ਬਣਨ ਲਈ ਤੂੰ ਪੈਦਾ ਹੋਈ ਹੈ, ਕੋਈ ਉਸ ਦੇ ਹਵਸਾਂ ਦੀ ਗ਼ੁਲਾਮ ਗਿਰੀ ਕਰਨ ਲਈ ਨਹੀਂ ਹੋਈ। (ਸੋਮਲ ''ਵਕਤ ਬਦਲ ਗਏ '' 113)

ਲੇਖਕ ਨੇ ਇਸ ਸਿਰਲੇਖ ਤੇ ਚਾਨਣਾ ਪਾਉਂਦਿਆਂ ਕਿਹਾ ਹੈ ਕਿ ਜੇਕਰ ਇਹ ਇਸ ਤਰ੍ਹਾਂ ਹੁੰਦਾ ਕਿ ਤੂੰ ਪਹਿਲਾਂ ਆਪਣੇ ਆਪ ਦੀ ਹੋ ਜਾਵੇ ਭਾਵ ਮੁੰਡਾ ਹੋਵੇ ਜਾਂ ਕੁੜੀ ਪਹਿਲਾਂ ਦੋਵਾਂ ਲਈ, ਇੱਕ ਵਿਕਸਤ ਇਨਸਾਨ ਬਣਨਾ ਅਤਿ ਜ਼ਰੂਰੀ ਹੈ ਕਿਉਂਕਿ ਜਦੋਂ, ਉਹ ਦੋਵੇਂ ਇੱਕ ਦੂਜੇ ਦੀ ਹਸਤੀ ਤੋਂ ਜਾਣੂ ਹੋ ਜਾਣਗੇ, ਇੱਕ ਦੂਜੇ ਨੂੰ ਸਤਿਕਾਰਨਗੇ ਤਾਂ ਉਹ ਬੇਓੜਕ ਸਮਰੱਥਾਵਾਂ ਦੇ ਮਾਲਕ ਬਣ ਜਾਣਗੇ ਤੇ ਸੋਹਣੇ ਹੱਸਦੇ ਵੱਸਦੇ ਘਰ ਦੀ ਤਾਕਤ

ਬਣਨਗੇ ਅਤੇ ਔਖਿਆਈਆਂ ਨੂੰ ਵੀ ਸਿਰ ਮੱਥੇ ਸਵੀਕਾਰ ਕਰਨਗੇ। ਰਿਸ਼ਤਿਆਂ ਨੂੰ ਗਹਿਰਾਈ ਨਾਲ ਨਿਭਾਉਣ ਲਈ ਪਕੇਰੀ ਸੂਝ ਦੀ ਲੋੜ ਹੈ। ਰਿਸ਼ਤੇ ਸਤਿਕਾਰ ਤੇ ਪਿਆਰ ਦੀ ਭਾਵਨਾ ਹੇਠ ਹੀ ਪਨਪਦੇ ਹਨ।

> ਮਨੁੱਖ ਸੋਚ ਦਾ ਇੱਕ ਅਜਬ ਸੱਚ ਇਹ ਮੰਨਿਆਂ ਜਾਂਦਾ ਹੈ ਕਿ ਉਹ ਹੋਰਨਾਂ ਦੇ ਮਰਨਿਆਂ ਤੇ ਜਾਂਦਾ ਹੋਇਆ ਵੀ ਇਹ ਯਕੀਨ ਨਹੀਂ ਕਰਦਾ ਕਿ ਉਸ ਨੇ ਆਪ ਵੀ ਇਕ ਦਿਨ ਮਰ ਜਾਣਾ ਹੈ। ਇਹ ਕੁਝ ਕਥਣ ਦਾ ਮਤਲਬ ਇਹ ਹੁੰਦਾ ਹੈ ਕਿ ਜੇ ਮਨੁੱਖ ਨੂੰ ਆਪਣਾ ਮਰਨਾ ਚੇਤੇ ਰਹੇ ਤਾਂ ਉਸਦੇ ਵਰਤਮਾਨ ਜੀਵਨ ਵਿਚ ਸੋਹਣੀਆਂ ਤਬਦੀਲੀਆਂ ਆ ਸਕਦੀਆਂ ਹਨ।ਇਹ ਠੀਕ ਹੈ ਅਤੇ ਸੱਚ ਵੀ ਹੈ ਕਿ ਜਦੋਂ ਤੀਕ ਪੱਤਾ ਬਿਰਛ ਜਾਂ ਬੂਟੇ ਦਾ ਅੰਗ ਬਣਿਆ ਰਹਿੰਦਾ ਹੈ, ਉਸਦੀ ਸ਼ਾਨ ਨਿਰਾਲੀ ਹੁੰਦੀ ਹੈ ਉਹ ਟਹਿਣੀਆਂ ਦੇ ਹਿਲੋਰਿਆਂ ਦੇ ਨਾਲ ਝੂਮਦਾ ਹੈ। ਹਵਾ ਵਗਣ ਪਰ ਸਾਥੀ ਪੱਤਿਆਂ ਨਾਲ ਮਿਲ ਦੇ ਸੰਗੀਤ ਪੈਦਾ ਕਰਦਾ ਹੈ। ਉਸ ਵਿਚ ਬਿਰਛ ਜਿਊਂਦਾ ਹੈ। ਪਤਝੜ ਆਉਣ ਤੇ ਉਹ ਝੜ ਜਾਵੇਗਾ ਤਾਂ ਕੀ ਹੈ, ਜਿੰਨੀ ਦੇਰ ਉਸ ਅੰਦਰ ਜੀਵਨ ਹੈ, ਉਹ ਕਦੇ ਝੜ ਕੇ ਸੁੱਕ ਜਾਣ ਅਤੇ ਫਿਰ ਭੁਰ ਕੇ ਖਾਕ ਹੋ ਜਾਣ ਬਾਰੇ ਕਿਉਂ ਚਿੰਤਤ ਹੋਵੇ। (ਸੋਮਲ "ਸਾਡੇ ਅੰਬਰਾਂ ਦੇ ਤਾਰੇ'' 30)

ਉਪਰੋਕਤ ਸ਼ਬਦਾਂ ਤੋਂ ਭਾਵ ਜਦੋਂ ਤੱਕ ਮਨੁੱਖ ਜੀਵਨ ਹੈ, ਇਸ ਨੂੰ ਨਿਰਾਸ਼ਤਾ ਦੀ ਡੂੰਘੀ ਖਾਈ ਲਿਜਾਣ ਨਾਲੋਂ ਇਸਦੀ ਜੈ ਕਰਨੀ ਬਣੀ ਹੈ।

**ਅ)ਚਿਤ੍ਰਾਤਮਕ ਸ਼ੈਲੀ:-** ਕਰਨੈਲ ਸਿੰਘ ਸੋਮਲ ਦੇ ਨਿਬੰਧਾਂ ਦਾ ਇਹ ਸਭ ਤੋਂ ਵੱਡਾ ਗੁਣ ਹੈ ਕਿ ਜਦੋਂ ਕਿ ਇਨ੍ਹਾਂ ਰਚਨਾਵਾਂ ਨੂੰ ਪੜ੍ਹਦਾ ਹੈ ਤਾਂ ਪਾਠਕ ਦੀਆਂ ਅੱਖਾਂ ਸਾਹਮਣੇ ਉਸ ਦੀ ਜ਼ਿੰਦਗੀ ਦੀਆਂ ਘਟਨਾਵਾਂ ਨਾਲ ਮਿਲਦੇ ਚਿੱਤਰ ਤੇ ਉਨ੍ਹਾਂ ਦੇ ਹੱਲ ਨਜ਼ਰੀ ਪੈਣ ਲੱਗਦੇ ਹਨ।

ਲੇਖਕ ਦੇ ਨਿਬੰਧ 'ਫ਼ੁਰਸਤ ਦੇ ਪਲ' ਵਿਚ ਲੇਖਕ ਨੇ ਫ਼ੁਰਸਤ ਦੇ ਪਲਾਂ ਦੇ ਸਵਾਦ ਦੀ ਗੱਲ ਕੀਤੀ ਹੈ। ਅਜੋਕੇ ਮਨੁੱਖ ਦੀ ਜ਼ਿੰਦਗੀ ਵਿਚ ਸ਼ਾਇਦ ਇਸ ਗੱਲ ਦੀ ਕਮੀ ਹਮੇਸ਼ਾ ਖੱਲ ਦੀ ਰਹੇਗੀ ਕਿ ਕਾਸ਼ ਮੇਰੇ ਕੋਲ ਵੀ ਵਿਹਲ ਹੁੰਦੀ, ਮੈਂ ਇੰਝ ਕਰਦਾ, ਮੈਂ ਇੰਝ ਕਰਦਾ। ਅੱਜ ਦੌੜ ਭੱਜ ਦੀ ਜ਼ਿੰਦਗੀ ਵਿਚ ਜੇਕਰ ਮਨੁੱਖ ਨੂੰ ਫ਼ੁਰਸਤ ਦੇ ਪਲ ਮਿਲਦੇ ਵੀ ਹਨ ਤਾਂ ਉਹ ਨੇ ਉਸ ਨੂੰ ਇੰਟਰਨੈੱਟ ਨਾਲ ਜੋੜ ਲਿਆ ਹੈ, ਜਿਹਦੇ ਕਾਰਨ ਘਰਾਂ ਵਿਚ ਪਰਿਵਾਰਾਂ ਦੇ ਹਿੱਸੇ ਆਉਂਦਾ, ਸਮਾਂ ਵੀ ਮਨੁੱਖ ਕੋਲ ਖੁੰਝ ਜਾਂਦਾ ਹੈ ਤੇ ਜਿਸ ਦੇ ਕਰ ਕੇ ਕਿਤੇ ਜਾ ਕਿਤੇ ਉਹ ਨਿੱਕੀਆਂ ਨਿੱਕੀਆਂ ਖ਼ੁਸ਼ੀਆਂ ਤੋਂ ਵਾਂਝੇ ਰਹਿ ਜਾਂਦਾ ਹੈ:

> ਚੰਗਾ ਹੀ ਹੈ ਫ਼ੁਰਸਤ ਦੇ ਪਲਾਂ ਦਾ ਸੌਦਾ ਨਹੀਂ ਸਕਦਾ ਨਹੀਂ ਤਾਂ ਇਹਨਾਂ ਸਾਹਾਂ ਦਾ ਮੁੱਲ ਵੀ ਤਾਰਨ ਵਾਲੀ ਗੱਲ ਹੋ ਜਾਣੀ ਸੀ। (ਸੋਮਲ ''ਫੁੱਲਾ ਨੇ ਅਜੇ ਖਿੜਨਾ ਨਹੀਂ ਛੱਡਿਆ'' ੮੯)

**ੲ) ਭਾਵਾਤਮਕ ਸ਼ੈਲੀ:-** ਲੇਖਕ ਦੇ ਨਿਬੰਧਾਂ ਵਿਚ ਭਾਵਾਤਮਕ ਸ਼ੈਲੀ ਵੀ ਵੇਖਣ ਨੂੰ ਮਿਲਦੀ ਹੈ। ਭਾਵ ਕਿਸੇ ਵੀ ਰਚਨਾ ਦੀ ਜਿੰਦ-ਜਾਨ ਹੁੰਦੇ ਹਨ। ਕੋਈ ਵੀ ਕ੍ਰਿਆਤਮਕ ਲੇਖਕ ਆਪਣੀ ਜ਼ਿੰਦਗੀ ਵਿਚ ਮਸਤੀ ਵਿਚ ਆਪਣੇ ਭਾਵਾਂ ਨੂੰ ਬਿਆਨ ਕਰਦਾ ਤੁਰਿਆ ਜਾਂਦਾ ਹੈ:

> ਡਾ. ਮਨਮੋਹਨ ਸਿੰਘ ਕੇਸਰ ਅਨੁਸਾਰ: ਅਜਿਹੀ ਸ਼ੈਲੀ ਭਾਵ ਨਦੀ ਦੇ ਉਸ ਵਹਿਣ ਵਾਂਗ ਹਨ, ਜਿਨ੍ਹਾਂ ਆਪਣਾ ਰਸਤਾ ਆਪ ਬਣਾਉਣਾ ਹੁੰਦਾ ਹੈ ਅਰਥਾਤ ਭਾਵਾਤਮਕ ਸ਼ੈਲੀ ਅਧੀਨ ਲਿਖਾਰੀ ਕਿਸੇ ਪੇਸ਼ਕਾਰੀ ਵਿਉਂਤ ਦੀ ਸਿਰਜਨਾ ਨਹੀਂ ਕਰਦਾ, ਸਗੋਂ ਸਾਰੀ ਸਮਗਰੀ ਦਾ ਜ਼ਿਕਰ ਓਵੇਂ ਕਰੀ ਜਾਂਦਾ ਜਿਵੇਂ ਉਸ ਨੂੰ ਕੁੱਝ ਫੁਰੀ ਜਾਂਦਾ ਹੈ। (''ਗੱਦ, ਪਰਿਭਾਸ਼ਾ, ਤੇ ਪ੍ਰਕ੍ਰਿਤੀ'' 55-56)

'ਸਮਾਜ ਦੀ ਗੱਡੀ ਦੀਆਂ ਬਰੇਕਾਂ ਕਿੱਥੇ ਹਨ' ਨਿਬੰਧ ਵਿਚ ਲੇਖਕ ਭਾਵਨਾ ਨਾਲ ਭਰਿਆ ਹੋਇਆ ਅੱਜ ਦੀ ਘਿਨਾਉਣੀ ਸਚਾਈ ਨੂੰ ਵੀ ਬਿਆਨ ਕਰਦਾ ਹੈ।

> ਮਨੁੱਖੀ ਜੀਵਨ ਵਿਚ ਅਨੁਸ਼ਾਸਨ ਦੀ ਕਮੀ ਦਿਲ ਦਹਿਲਾ ਦੇਣ ਵਾਲੇ ਵਰਤਾਰਿਆਂ ਨੂੰ ਜਨਮ ਦਿੰਦੀ ਹੈ, ਉਹ ਚਿੰਤਾ ਦਾ ਵਿਸ਼ਾ ਹੈ। ਉਦਾਹਰਨ ਵਜੋਂ ਜਿਵੇਂ ਦੋ ਬਾਲਗ ਯਾਅਨੀ, ਪੁਰਖ ਅਤੇ ਇਸਤਰੀ ਇੱਕ ਬੱਚੇ ਦੇ ਜਨਮ ਲੈਣ ਦੇ ਸਬੱਬ ਬਣਦੇ ਹਨ। ਜੇਕਰ ਉਹ ਉਸ ਬੱਚੇ ਦੇ ਯੋਗ ਪਾਲਣ-ਪੋਸ਼ਣ ਦੀ ਜ਼ੁੰਮੇਵਾਰੀ ਨਹੀਂ ਚੁੱਕਦੇ। ਉਸ ਨੂੰ ਭਰੂਣ ਰੂਪ ਵਿਚ ਹੀ ਨਸ਼ਟ ਕਰ ਦਿੰਦੇ ਹਨ ਜਾਂ ਜੇ ਉਹ ਜੰਮ ਹੀ ਜਾਵੇ ਤਾਂ ਉਸ ਨੂੰ ਅਣਚਾਹਿਆ ਸਮਝ ਕਿਸੇ ਨਿਰਜਨ ਥਾਂ ਤੇ ਸੁੱਟ ਦਿੰਦੇ ਹਨ, ਜਾਂ ਉਸ ਨੂੰ ਥੁੜਾਂ ਅਤੇ ਤਰਸੇਵਿਆਂ ਦੀ ਹਾਲਤ ਵਿਚ ਤਿਲ-ਤਿਲ ਮਰਨ ਦਿੰਦੇ ਹਨ ਜਾਂ ਬੱਚਿਆਂ ਦੇ ਭਾਵਾਤਮਕ ਵਿਕਾਸ ਲਈ ਅਤਿ ਜ਼ਰੂਰੀ ਸੁਖਾਵਾਂ ਘਰੇਲੂ ਮਾਹੌਲ ਬਣਾਉਣ ਦਾ ਜਤਨ ਨਹੀਂ ਕਰਦੇ, ਤਦ ਅਨੇਕਾਂ ਉੱਠਦੇ ਸਵਾਲਾਂ ਵਿਚੋਂ ਉਸ ਬੱਚੇ ਦਾ ਕੀ ਕਸੂਰ ਸੀ, ਇਹ ਸਵਾਲ ਸਾਰਿਆਂ ਦੇ ਸਾਹਮਣੇ ਖੜ੍ਹਾ ਹੁੰਦਾ ਹੈ। (ਸੋਮਲ ''ਸਾਡੇ ਅੰਬਰਾਂ ਦੇ ਤਾਰੇ'' 97)

ਅੱਜ ਦੀ ਅਖ਼ਬਾਰਾਂ ਵਿਚ ਛਪਦੀਆਂ ਰੋਜ਼ ਅਜਿਹੀਆਂ ਖ਼ਬਰਾਂ ਕਿਤੇ ਨਾ ਕਿਤੇ ਇਹ ਸੰਕੇਤ ਦਿੰਦੀਆਂ ਹਨ ਕਿ ਸਮਾਜ ਦੀ ਗੱਡੀ ਦੀਆਂ ਬਰੇਕਾਂ ਲੱਭਣ ਦੀ ਲੋੜ ਹੈ। ਆਪਣੀਆਂ ਜ਼ਿੰਮੇਵਾਰੀਆਂ ਨੂੰ ਖਿੜੇ ਮੱਥੇ ਸਵੀਕਾਰਨ ਦੀ ਲੋੜ ਹੈ। ਧੀਆਂ ਹੋਣ ਜਾਂ ਪੁੱਤ ਦੋਨੋਂ ਹੀ ਬਰਾਬਰੀ ਦੇ ਹੱਕਦਾਰ ਹਨ। ਉਸ ਕੁਦਰਤ ਦੇ ਦਿੱਤੇ ਹੁਸੀਨ ਤੋਹਫ਼ੇ ਦੇ ਸਰਾਹਨਾ ਕਰਦੇ ਹੋਏ, ਉਸ ਦੀ ਦਿੱਤੀ ਦਾਤ ਨੂੰ ਖਿੜੇ ਮੱਥੇ ਸਵੀਕਾਰ ਕਰਨ ਦੀ ਲੋੜ ਹੈ।

> ਬਿਰਖ ਦੀ ਬੇਪਰਵਾਹੀ ਦਾ ਵੀ ਲੇਖਾ ਨਹੀਂ। ਫਲਾਂ ਦੇ ਪੱਕਦਿਆਂ ਹੀ ਆਪਣੀ ਇਹ ਨਿਧੀ ਲੁਟਾ ਦੇਣੀ, ਅੱਗੋਂ ਕੋਈ ਕੀੜੀ ਖਾਵੇ ਜਾਂ ਮਨੁੱਖ, ਉਹ ਵਾਸਤਾ ਨਹੀਂ ਰੱਖਦਾ। ਵਿਤਕਰਾ ਕਰਨੀ ਵੀ ਉਸ ਦੀ ਪ੍ਰਕਿਰਤੀ ਨਹੀਂ। ਬਿਰਖ ਦਾਤਾਂ ਦੇ ਕੇ ਜਾਣੋ ਭੁੱਲ ਜਾਂਦਾ ਹੈ। ਮੁੜ ਚਿਤਾਰਦਾ ਤੱਕ ਨਹੀਂ, ਕਿਸੇ ਤੋਂ ਉਸ ਨੇ ਮੰਗਣਾ ਤਾਂ ਕੀ ਹੈ? ਬਿਰਖ ਦਾ ਸਿਦਕ ਵੀ ਵੇਖਣ ਵਾਲਾ ਹੁੰਦਾ ਹੈ।ਇਸ ਨੂੰ ਵੱਢ ਦੇਈਏ

ਜਾਂ ਛਾਂਗ ਦੇਈਏ ਤਾਂ ਇਹ ਫਿਰ ਫੁੱਟ ਆਉਂਦਾ ਹੈ। ਮੁੜ ਹਰੀ-ਭਰੀ ਛਤਰੀ ਬਣਾ ਕੇ ਫੁੱਲਾਂ ਦੇ ਫਲਾਂ ਨਾਲ ਭਰ ਜਾਣ ਦਾ ਦਾਈਆ ਵਾਹ ਲੱਗਦੀਆਂ ਨਹੀਂ ਛੱਡਦਾ। ਹਰ ਦੁੱਖ ਵਿਚੋਂ ਉੱਭਰਨ ਅਤੇ ਫਿਰ ਕੋਈ ਗਿਲਾ ਨਾ ਕਰਨ ਦੀ ਬਿਰਤੀ ਤੇ ਪੱਖ ਤੋਂ ਬਿਰਖ ਬੇਮਿਸਾਲ ਹੈ। ਸਭ ਕੁੱਝ ਜ਼ਰ ਕੇ ਧਰਤੀ ਨੂੰ ਸੁਹਾਵਣੀ ਅਤੇ ਰਮਣੀਕ ਬਣਾਉਣ ਦੀ ਬਿਰਖ ਦਾ ਜਤਨ ਕਿਸੇ ਪਰਉਪਕਾਰ ਤੋਂ ਘੱਟ ਨਹੀਂ।( ਸੋਮਲ ''ਸਾਡੇ ਅੰਬਰਾਂ ਦੇ ਤਾਰੇ'' 125)

**ਸ)ਵਿਅੰਗਾਤਮਕ ਸ਼ੈਲੀ:-** ਅਸਲ ਵਿਚ ਇਹ ਦਿਮਾਗ਼ੀ ਸ਼ਕਤੀ ਹੁੰਦੀ ਹੈ। ਜਦ ਇੱਕ ਲੇਖਕ ਆਮ ਵਿਅਕਤੀ ਨੂੰ ਨਾਲ ਲੈ ਕੇ ਤੁਰਦਾ ਹੈ ਤੇ ਅਜਿਹੇ ਤਰੀਕੇ ਨਾਲ ਵਿਅੰਗ ਕੱਸਦਾ ਹੈ ਕਿ ਜਿਹੜੀ ਚੋਭ ਹੈ, ਉਹ ਧੁਰ ਅੰਦਰ ਤੱਕ ਪਹੁੰਚਦੀ ਹੈ। ਆਪਣੇ ਨਿਬੰਧ 'ਜ਼ਿੰਦਗੀ ਦੀ ਰੌਣਕ: ਇਹ ਭੋਲੇ-ਭਾਲੇ ਸਰਲ ਚਿਤ ਲੋਕ' ਨਿਬੰਧ ਵਿਚ ਲੇਖਕ ਇੱਕ ਵਿਅੰਗ ਰਾਹੀਂ ਅੱਜ ਦੇ ਮੁਲਾਜ਼ਮਾਂ ਦੀ ਸਥਿਤੀ ਬਿਆਨ ਦਾ ਹੈ:

> ਤਿੰਨ ਬੰਦਿਆਂ ਨੂੰ ਕੰਮ ਦਿੱਤਾ ਗਿਆ। ਪਹਿਲੇ ਨੇ ਟੋਏ ਪੁੱਟਦੇ ਜਾਣਾ ਸੀ।ਦੂਜੇ ਨੇ ਕਿਤੋਂ ਲਿਆਂਦੇ ਬੂਟਿਆਂ ਨੂੰ ਟੋਇਆਂ ਵਿਚ ਲਾਉਂਦੇ ਜਾਣਾ ਸੀ। ਤੀਜੇ ਉਹ ਟੋਏ ਮੁੰਦਣੇ ਸਨ। ਸਬੱਬੀਂ ਬੂਟੇ ਲਾਉਣ ਵਾਲਾ ਕਾਮਾ ਨਾ ਆਇਆ, ਪਰ ਦੋਹਾਂ ਨੇ ਆਪਣੀ ਡਿਊਟੀ ਵਜਾਉਣੀ ਜਾਰੀ ਰੱਖੀ। ਇੱਕ ਟੋਏ ਪੁੱਟੀ ਗਿਆ, ਤੀਜਾ ਪੁੱਟੇ ਟੋਇਆਂ ਨੂੰ ਭਰੀ ਗਿਆ। ਸੰਝ ਹੋਣ ਤੇ ਉਹ ਦੋਵੇਂ ਆਪਣੀ ਡਿਊਟੀ ਕਰ ਲੈਣ ਤੇ ਖ਼ੁਸ਼ ਸਨ।(ਸੋਮਲ ''ਜ਼ਿੰਦਗੀ ਦੀ ਰੌਣਕ'' 94)

ਇਵੇਂ ਹੀ ਅੱਜ ਦੇ ਮਨੁੱਖ ਦੀ ਜ਼ਿੰਦਗੀ ਬਣ ਗਈ ਹੈ।ਉਹ ਆਪਣੇ ਕੰਮ ਨੂੰ ਸਿਰਫ਼ ਡਿਊਟੀ ਸਮਝ ਕੇ ਨਿਭਾਉਂਦੇ ਹਨ। ਜਿਸ ਦਿਨ ਉਨ੍ਹਾਂ ਨੇ ਉਸ ਨੂੰ ਆਪਣਾ ਫ਼ਰਜ਼ ਸਮਝਣਾ ਸ਼ੁਰੂ ਕਰ ਦਿੱਤਾ ਤਾਂ ਉਸ ਦਿਨ ਉਸ ਵਿਚ ਸਿਰਫ਼ ਫੋਕੀ ਖ਼ੁਸ਼ੀ ਨਹੀਂ ਹੋਵੇਗੀ, ਬਲਕਿ ਮਾਨਸਿਕ ਤੇ ਸਦੀਵੀ ਖ਼ੁਸ਼ੀ ਹੋਵੇਗੀ, ਨਹੀਂ ਤਾਂ ਉਸ ਮੁਹਾਵਰੇ ਵਾਲੀ ਗੱਲ ਹੋ ਜਾਣੀ ਹੈ ਕਿ 'ਨਾ ਸੁੱਤੀ ਨਾ ਕੱਤਿਆ'।

**ਹ)ਵਿਚਾਰਾਤਮਕ ਸ਼ੈਲੀ:-** ਜਿਹੜੀ ਸ਼ੈਲੀ ਮਨ ਦੇ ਵਿਚ ਆਏ ਵਿਚਾਰਾਂ ਨੂੰ ਪੇਸ਼ ਕਰੇ। ਲੇਖਕ ਨਿਬੰਧ 'ਜੇ ਉਹ ਅੱਖ ਖੁੱਲ੍ਹ ਜਾਵੇ ਜਰਾਂ' ਵਿਚ ਦੱਸਦਾ ਹੈ ਕਿ ਜਿਸ ਪਰੇਸ਼ਾਨੀ ਨਾਲ ਹਰ ਮਨੁੱਖ ਜੂਝਦਾ ਹੈ, ਉਹ ਇਹ ਹੈ ਕਿ ਮਨੁੱਖ ਅੱਜ ਨੂੰ ਛੱਡ ਕੇ ਆਉਣ ਵਾਲੇ ਕੱਲ੍ਹ ਦੀ ਜ਼ਿੰਦਗੀ ਬਾਰੇ ਚਿੰਤਾਤੁਰ ਹੈ, ਜਿਸ ਕਰ ਕੇ ਉਹ ਕਈ ਤਰ੍ਹਾਂ ਦੀਆਂ ਮਾਨਸਿਕਤਾ ਪਰੇਸ਼ਾਨੀਆਂ ਨੂੰ ਸਹੇੜਦਾ ਹੈ:

> ਵਰਤਮਾਨ ਉਹ ਹੈ, ਜਿਹੜਾ ਸਭ ਦੀ ਨਜ਼ਰੀਂ ਪੈ ਰਿਹਾ ਹੈ। ਜਿਹੜੇ ਪੱਤਰ ਅਜੇ ਨਿਕਲਣ, ਫ਼ੁਲ ਪੈਣੇ, ਅਤੇ ਫਲ ਲੱਗਣੇ ਹਨ, ਉਹ ਉਸ ਦਾ ਭਵਿੱਖ ਹੈ। ਜਿਹੜੇ ਵਿਚਾਰ, ਵਿਸ਼ਵਾਸ ਅਤੇ ਸੋਚਾਂ ਕਦੇ ਬੜੇ ਅਰਥ ਰੱਖਦੀਆਂ ਸਨ, ਪਰ ਹੁਣ ਅਰਥ ਵਾਣ ਨਹੀਂ, ਉਨ੍ਹਾਂ ਦਾ ਮੋਹ ਇੰਝ ਹੀ ਤਿਆਗ ਦੇਣਾ ਬਣਦਾ ਹੈ। ਉਨ੍ਹਾਂ ਦੀ ਥਾਂ ਲੱਸ-ਲੱਸ ਕਰਦੇ ਨਵੇਂ ਪੱਤਿਆਂ ਵਾਂਗ ਨਵਾਂ ਅਤੇ ਸਮੇਂ ਦੇ ਹਾਣ ਦਾ ਗ੍ਰਹਿਣ ਕਰਨ ਦੀ ਜ਼ਰੂਰਤ ਹੈ। ਕੁਦਰਤ ਦੇ ਨੇਮਾਂ ਅਨੁਸਾਰ ਚੱਲਣ ਦਾ ਸੁਨੇਹਾ ਵੀ ਦਰਖ਼ਤ ਦੇ ਰਿਹਾ ਹੈ।(ਸੋਮਲ ''ਵਕਤ ਬਦਲ ਗਏ''17)

> ਕੁਦਰਤ ਸਾਨੂੰ ਸਾਰਾ ਜੀਵਨ ਇਕਵਾਰਗੀ ਨਹੀਂ ਬ਼ਖਸ਼ਦੀ। ਇਹ ਹਰ ਸਾਹ, ਹਰ ਸਵੇਰ ਤੇ ਹਰ ਰੁੱਤ ਦੇ ਰੂਪ ਵਿੱਚ ਥੋੜ੍ਹਾ ਥੋੜ੍ਹਾ ਪ੍ਰਸ਼ਾਦ ਵਾਂਗ ਮਿਲਦਾ ਹੈ। ਜੀਵਨ-ਅੰਮ੍ਰਿਤ ਦੀ ਬ਼ਖ਼ਸ਼ਿਸ਼ ਬੂੰਦ ਬੂੰਦ ਕਰਕੇ ਹੀ ਹੁੰਦੀ ਹੈ। ਅੰਮ੍ਰਿਤ ਵੇਲੇ ਇਹ ਦਾਤ ਪ੍ਰਾਪਤ ਹੋਣ ਦਾ ਇਹਸਾਸ ਬੜਾ ਤੀਖਣ ਹੁੰਦਾ ਹੈ। ਜਕਰ ਕੋਈ ਸੋਚੇ ਕਿ ਲੰਮੀ ਉਮਰ ਮਿਲ ਗਈ ਹੈ, ਬੇਸ਼ੱਕ ਗਾਫਲ ਹੋ ਜਾਓ, ਤਦ ਕੀਮਤ ਨਹੀਂ ਜਾਣ ਸਕੀਦੀ ਇਸ ਜੀਵਨ ਦੀ। ਹਰ ਦਮ ਅਮੋਲਕ ਸਮਝਿਆਂ ਹੀ ਕੋਈ ਗੱਲ ਬਣਦੀ ਹੈ। ਹਰ ਸਵੇਰੇ ਸੁਵਖਤੇ ਜਾਗਣਾ ਤੇ ਸ਼ੁਕਰਾਨੇ ਦੇ ਭਾਵਾਂ ਨਾਲ ਭਰ ਜਾਣਾ, ਅਨੋਖਾ ਅਨੁਭਵ ਹੀ ਤਾਂ ਹੈ। (ਸੋਮਲ ''ਵਕਤ ਬਦਲ ਗਏ''5)

ਮਨੁੱਖ ਨੂੰ ਕੁਦਰਤ ਦੇ ਰੰਗਾਂ ਨੂੰ ਮਾਣਨਾ ਚਾਹੀਦਾ ਹੈ। ਜੇਕਰ ਮਨੁੱਖ ਉਨ੍ਹਾਂ ਨੂੰ ਮਾਣਨ ਦੀ ਬਜਾਏ, ਇਹੀ ਖ਼ਿਆਲ ਕਰੀ ਜਾਏ ਵੀ ਇਹ ਪੱਤੇ ਨਵੇਂ ਨਿਕਲੇ ਹੋਣਗੇ? ਪਹਿਲਾਂ ਡਿੱਗੇ ਪੱਤੇ ਕਿੱਥੇ ਜਾਣਗੇ? ਮਿੱਟੀ ਵਿਚ ਮਿਲਣ ਬਾਰੇ ਸੋਚਣ ਦੀ ਬਜਾਏ, ਇਹ ਸੋਚੇ ਕਿ ਇਹ ਇਹਨਾਂ ਦਾ ਬੀਤਿਆ ਆਪਾ ਹੈ।

**ਕ) ਬਿਰਤਾਂਤਕ ਸ਼ੈਲੀ:-** 'ਸਿਰਫ਼ ਸਾਡੀ ਨਜ਼ਰ ਦਾ ਸਵਾਲ' ਨਿਬੰਧ ਵਿਚ ਲੇਖਕ ਇੱਕ ਨਿੱਕੀ ਜਿਹੀ ਕਹਾਣੀ ਰਾਹੀਂ ਮਨੁੱਖ ਨੂੰ ਸੰਦੇਸ਼ ਦਿੰਦਾ ਹੈ:

> ਮੰਨ ਲਓ ਕਿਸੇ ਨਗਰ ਵਿਚ ਇੱਕੋ ਸਮੇਂ ਪੰਜ ਮੁਸਾਫ਼ਰ ਪਹਿਲੀ ਵਾਰੀ ਪਹੁੰਚਦੇ ਹਨ।ਉਨ੍ਹਾਂ ਵਿਚੋਂ ਇੱਕ ਨਸ਼ੇੜੀ, ਦੂਜਾ ਧਾਰਮਿਕ ਬਿਰਤੀ ਵਾਲਾ ਹੈ। ਤੀਜਾ ਪੜ੍ਹਨ ਦਾ ਸ਼ੌਕੀਨ ਹੈ।ਚੌਥਾ ਖਿਡਾਰੀ ਅਤੇ ਪੰਜਵਾਂ ਕਾਰੋਬਾਰੀ ਹੈ।ਇਹ ਅਚੰਭਾ ਨਹੀਂ ਹੋਵੇਗਾ ਕਿ ਅਗਲੇ ਹੀ ਦਿਨ ਇੱਕ ਨਸ਼ੇੜੀ ਲੱਭ ਕੇ ਜਾਣ ਲਵੇਗਾ ਕਿ ਨਸ਼ਾ ਕਿੱਥੋਂ ਤੇ ਕਿਵੇਂ ਮਿਲਦਾ ਹੈ। ਧਾਰਮਿਕ ਬਿਰਤੀ ਵਾਲੇ ਨੂੰ ਅਗਲੀ ਸਵੇਰ ਤੱਕ ਨੇੜੇ ਧਾਰਮਿਕ ਸਥਾਨਾਂ ਦਾ ਪਤਾ ਲੱਗ ਜਾਵੇਗਾ। ਪੜ੍ਹਨ ਦਾ ਸ਼ੌਕੀਨ ਕਿਸੇ ਲਾਇਬ੍ਰੇਰੀ ਜਾਂ ਕਿਤਾਬਾਂ ਦੀ ਦੁਕਾਨ ਨੂੰ ਢੂੰਡ ਲਵੇਗਾ। ਖਿਡਾਰੀ ਦੇ ਪੈਰ ਉਸ ਨਗਰ ਦੇ ਕਿਸੇ ਖੇਡ ਮੈਦਾਨ ਵੱਲ ਜਾ ਰਹੇ ਹੋਣਗੇ। ਕਾਰੋਬਾਰੀ ਉੱਥੋਂ ਦੇ ਕਿਸੇ ਵਪਾਰੀ ਨਾਲ ਕਿਸੇ ਕਾਰੋਬਾਰ ਦੀਆਂ ਸੰਭਾਵਨਾਵਾਂ ਬਾਰੇ ਗੱਲ ਕਰਨ ਬੈਠ ਜਾਵੇਗਾ। ਜਿਵੇਂ ਆਮ ਮੱਖੀਆਂ ਕੂੜੇ-ਕਰਕਟ ਦੇ ਢੇਰਾ ਤੇ ਮੰਡਰਾਉਣ ਲੱਗ ਪੈਂਦੀਆਂ ਹਨ ਜਦ ਕਿ ਮਧੂ-ਮੱਖੀਆਂ ਫੁੱਲਾਂ ਦੀ ਭਾਲ ਵਿਚ ਦੂਰ-ਦੂਰ ਤੱਕ ਉੱਡਦੀਆਂ ਹਨ। (ਸੋਮਲ ''ਸਾਡੇ ਅੰਬਰਾਂ ਦੇ ਤਾਰੇ''39)

ਇਸ ਪ੍ਰਕਾਰ ਜ਼ਿੰਦਗੀ ਵਿਚ ਇੱਕ ਮਨੁੱਖ ਨੂੰ ਉਹੋ ਕੁੱਝ ਹੀ ਪ੍ਰਾਪਤ ਹੁੰਦਾ ਹੈ, ਜਿਸ ਨੂੰ ਮਨੁੱਖ ਲੱਭਣ ਦਾ ਯਤਨ ਕਰਦਾ ਹੈ। ਮਨੁੱਖ ਦੀ ਨਜ਼ਰ ਜਿਸ ਦਿਸ਼ਾ ਵੱਲ ਮੁੜ-ਮੁੜ ਪਰਤਦੀ ਹੈ, ਉਹੋ ਜਿਹਾ ਹੀ ਉਸ ਦਾ

ਨਜ਼ਰੀਆ ਬਣ ਜਾਂਦਾ ਹੈ। ਇਹੋ ਨਜ਼ਰੀਆ ਹੀ ਕਿਸੇ ਮਨੁੱਖ ਨੂੰ ਸੰਨਿਆਸੀ, ਕਿਸੇ ਨੇ ਵਿਦਵਾਨ, ਕਿਸੇ ਨੂੰ ਘੁਮੱਕੜ ਤੇ, ਕਿਸੇ ਨੂੰ ਪੈਸੇ ਦਾ ਪੀਰ ਤੇ ਕਿਸੇ ਨੂੰ ਖੋਜੀ ਬਣਾ ਦਿੰਦਾ ਹੈ।

**ਅ) ਭਾਸ਼ਾਈ ਪ੍ਰਯੋਗ:-** ਭਾਸ਼ਾ ਨੂੰ ਖ਼ਿਆਲਾਂ ਦਾ ਵਾਹਨ ਕਿਹਾ ਜਾਂਦਾ ਹੈ, ਜਿਸ ਦੇ ਰਾਹੀਂ ਲੇਖਕ ਪਾਠਕਾਂ/ਸਰੋਤਿਆਂ ਕੋਲ ਸਹਿਜੇ ਹੀ ਪੁੱਜ ਸਕਦਾ ਹੈ। ਇਹ ਜਿੰਨੀ ਸਰਲ ਸ਼ੁੱਧ ਤੇ ਠੇਠ ਹੋਵੇਗੀ, ਓਨੀ ਹੀ ਪਾਠਕ ਲੇਖਕ ਨਾਲ ਵਧੇਰੇ ਨੇੜਤਾ ਮਹਿਸੂਸ ਕਰਨਗੇ। ਜੇਕਰ ਇੱਕ ਲੇਖਕ ਆਪਣੇ ਸੂਖਮ ਵਿਚਾਰਾਂ ਤੇ ਖ਼ਿਆਲਾਂ ਨੂੰ ਜਿੰਨੇ ਸਰਲ ਢੰਗ ਨਾਲ ਲੈ ਕੇ ਪਾਠਕਾਂ ਤੇ ਸਨਮੁੱਖ ਕਰੇਗਾ, ਓਨੀ ਹੀ ਉਸ ਦੀ ਰਚਨਾ ਲੋਕਪ੍ਰਿਯਤਾ ਹਾਸਿਲ ਕਰੇਗੀ। ਇੱਕ ਲੇਖਕ ਕਿਹੜੇ ਢੰਗ ਤਰੀਕਿਆਂ ਨਾਲ ਆਪਣੇ ਭਾਵ ਅਤੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਦਾ ਹੈ। ਉਸ ਦੀ ਸ਼ਬਦ ਸਿਰਜਣ ਦੀ ਸਮਰੱਥਾ ਕਿਹੋ ਜਿਹੀ ਹੈ, ਉਸ ਦਾ ਸ਼ਬਦ ਭੰਡਾਰ ਕਿਹੋ ਜਿਹਾ ਹੈ, ਉਹ ਸਿਰਜਣ ਕਲਾ ਵੇਲੇ ਕਿਹੜੇ ਢੁਕਵੇਂ ਤੇ ਸਰਲ ਸ਼ਬਦਾਂ ਦੀ ਵਰਤੋਂ ਕਰਦਾ ਹੈ ਆਦਿ ਸਭ ਗੱਲਾਂ ਭਾਸ਼ਾ ਤੇ ਨਿਰਭਰ ਕਰਦੀਆਂ ਹਨ। ਕਿਸੇ ਵੀ ਲੇਖਕ ਦੀ ਸਫਲਤਾ ਜਾਂ ਅਸਫਲਤਾ ਦਾ ਸਿਹਰਾ ਕਿਤੇ ਨਾ ਕਿਤੇ ਭਾਸ਼ਾ ਨੂੰ ਹੀ ਜਾਂਦਾ ਹੈ:

> ਭਾਸ਼ਾ ਬਾਰੇ ਪ੍ਰਿਤਪਾਲ ਸਿੰਘ ਆਖਦੇ ਹਨ: ਚਿੰਤਨ ਤੇ ਗਿਆਨ ਦੇ ਹੋਰ ਵਿਭਾਗਾਂ ਵਿਚ ਭਾਸ਼ਾ ਕੇਵਲ ਅਭਿਧਾਨਿਕ ਅਰਥਾਂ ਵਿਚ ਪ੍ਰਯੁਕਤ ਹੁੰਦੀ ਹੈ, ਪ੍ਰੰਤੂ ਸਾਹਿਤ ਭਾਸ਼ਾ ਨੂੰ ਲਿਖਣ ਤੇ ਅਭਿਵਿਅੰਜਨਾ ਸ਼ਕਤੀਆਂ ਨਾਲ ਗਰਭਿਤ ਕਰ ਕੇ ਨਵੇਂ ਅਰਥ-ਪਸਾਰ ਪ੍ਰਦਾਨ ਕਰਦਾ ਹੈ। ਇਸ ਤੋਂ ਇਤਰਿਕਤ ਸਾਹਿਤ ਵਿਚ ਭਾਸ਼ਾ ਦਾ ਮਹੱਤਵ ਕੇਵਲ ਉਸ ਦੇ ਅਰਥ-ਸਮਰੱਥਾ ਵਿਚ ਨਹੀਂ, ਸਗੋਂ ਉਸ ਦੇ ਅੰਤਰ-ਨਾਦ ਦੇ ਰੂਪ ਸੁਹਜ ਵਿਚ ਵੀ ਹੈ। ਇਸ ਅਵਲੋਕਨ ਦਾ ਅਤਿ ਸਾਰ ਇਹ ਹੈ ਕਿ ਭਾਸ਼ਾ ਦੀ ਪ੍ਰਭੁਤਾ ਹੁੰਦੀ ਹੈ ਅਤੇ ਸਾਹਿਤ ਦਾ ਅਲੌਕਿਕ ਜਲੌ ਅਸਲ ਵਿਚ ਉਸ ਵਿਚ ਪ੍ਰਯੁਕਤ ਭਾਸ਼ਾ ਦਾ ਜਲੌ ਹੁੰਦਾ ਹੈ। (ਪ੍ਰਿਤਪਾਲ ਸਿੰਘ ''ਸਾਹਿਤ ਦੀ ਭੂਮਿਕਾ'' 118)

ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਲਿਖਤ ਲਈ ਭਾਸ਼ਾ ਦਾ ਸੁਖਾਵਾਂ ਤੇ ਸਰਲ ਹੋਣਾ ਅਤਿ ਲੋੜੀਂਦਾ ਹੈ। ਸਮਰੱਥ ਨਿਬੰਧਕਾਰ ਡਾ. ਕਰਨੈਲ ਸਿੰਘ ਸੋਮਲ ਨੇ ਆਪਣੇ ਸਮੁੱਚੇ ਨਿਬੰਧਾਂ ਵਿਚ ਬਹੁਤ ਹੀ ਸਰਲ ਤੇ ਢੁਕਵੀਂ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਜਿੱਥੇ ਉਨ੍ਹਾਂ ਦੇ ਨਿਬੰਧਾਂ ਦੀ ਸੰਰਚਨਾ ਵਿਚ ਇੱਕ ਪਾਸੇ ਦਾਰਸ਼ਨਿਕ ਤੇ ਬੌਧਿਕ ਤੱਤਾਂ ਦਾ ਸੁਮੇਲ ਹੋ, ਓਵੇਂ ਹੀ ਦੂਜੇ ਪਾਸੇ ਭਾਵੁਕ ਤੇ ਕਾਲਪਨਿਕ ਤੱਤਾਂ ਦੀ ਸੁਮੇਲਤਾ ਵੀ ਹੈ। ਲੇਖਕ ਨੇ ਨਿਬੰਧਾਂ ਵਿਚ ਵਰਤੀ ਗਈ ਭਾਸ਼ਾ ਸਪਸ਼ਟ ਹੋਣ ਦੇ ਨਾਲ-ਨਾਲ ਸਰਲ, ਰੋਚਕ ਤੇ ਆਕਰਸ਼ਿਤ ਹੋਵੇ, ਜਿਹੜੀ ਪਾਠਕ ਨੂੰ ਅੰਤ ਵੇਲੇ ਤੱਕ ਕੀਲ ਕੇ ਰੱਖਣ ਦੀ ਸਮਰੱਥਾ ਰੱਖਦੀ ਹੋਵੇ। ਲੇਖਕ ਵੱਲੋਂ ਵਰਤੀ ਗਈ ਭਾਸ਼ਾ ਟਕਸਾਲੀ ਹੈ।

**ਵਾਕ ਸਿਰਜਣਾ:-** ਵਾਕ ਸਿਰਜਣ ਦੇ ਪੱਖ ਤੋਂ ਡਾ. ਕਰਨੈਲ ਸਿੰਘ ਸੋਮਲ ਨੇ ਆਪਣੇ ਭਾਵਾਂ ਨੂੰ ਅਭਿਵਿਅਕਤ ਕਰਨ ਲਈ ਛੋਟੇ-ਛੋਟੇ ਸਰਲ ਵਾਕਾਂ ਦਾ ਪ੍ਰਯੋਗ ਕੀਤਾ। ਇਹ ਛੋਟੇ-ਛੋਟੇ ਵਾਕ ਕਿਤੇ ਨਾ ਕਿਤੇ ਉਸ ਦੀ ਵਾਰਤਕ ਨੂੰ ਹੋਰ ਨਿੱਖੜਵਾਂ ਰੂਪ ਪ੍ਰਦਾਨ ਕਰਦੇ ਹਨ:

- ਗ਼ਰੀਬੀ ਤੇ ਬੇਅੰਤ ਔਕੜਾਂ ਵਾਲਾ ਬਚਪਨ ਗੁਜ਼ਾਰ ਕੇ ਵੀ ਕਿੰਨੇ ਹੀ ਲੋਕਾਂ ਨੇ ਉੱਚੀਆਂ ਪ੍ਰਾਪਤੀਆਂ ਕੀਤੀਆਂ। ਇੱਛਾ, ਸ਼ਕਤੀ ਤੇ ਉਤਸ਼ਾਹ ਹੋਵੇ ਤਾਂ ਕੋਈ ਅਪੰਗਤਾ ਅੜਿੱਕਾ ਨਹੀਂ ਬਣਦੀ। (ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ'' 12)

- ਤੜਕੇ ਉੱਠੇ ਕੇ ਸੁਬ੍ਹਾ ਹੋਣ ਦੇ ਇੰਤਜ਼ਾਰ ਵਿਚ ਕਦੇ-ਕਦੇ ਘਰ ਦੀਆਂ ਖਿੜਕੀਆਂ ਖੋਲ੍ਹ ਲਈਆਂ ਜਾਣ। (ਸੋਮਲ ''ਵਕਤ ਬਦਲ ਗਏ'' 5)

ਲੇਖਕ ਦੀ ਵਾਰਤਕ ਵਿਚ ਵਧੇਰੇ ਕਰ ਕੇ ਲੰਮੇ ਵਾਕਾਂ ਦੀ ਸਿਰਜਣਾ ਕਰਦਾ ਹੈ। ਇਹ ਵਾਕ ਜਟਿਲ ਨਾ ਹੋ ਕੇ, ਇਨ੍ਹਾਂ ਦੀ ਸੰਰਚਨਾ ਜ਼ਿਆਦਾਤਰ ਸੰਯੁਕਤ ਵਾਕ ਵਾਂਗ ਹੁੰਦੀ ਹੈ, ਪ੍ਰੰਤੂ ਲੰਬੇ ਵਾਕਾਂ ਦੇ ਬਾਵਜੂਦ ਵਾਕਾਂ ਵਿਚਲੀ ਰਵਾਨਗੀ ਤੇ ਚੁਸਤੀ ਕਾਇਮ ਰਹਿੰਦੀ ਹੈ।

- ਲਗਾਓ ਦਾ ਵੀ ਸੁੱਖ ਹੁੰਦਾ ਹੈ ਅਤੇ ਅਗਲਾਉ ਦਾ ਵੀ। ਦੁੱਖ ਵਿਚ ਆਪਣੇ ਕਿਸੇ ਸੱਚੇ ਹਮਦਰਦ ਦੇ ਮੋਢੇ ਲੱਗ ਕੇ ਆਪਣੇ ਮਨ ਦੀ ਪੀੜ ਜਾਣੋ ਲਾਹ ਦਿੱਤੀ ਜਾਂਦੀ ਹੈ। ਮਿਹਨਤ-ਮੁਸ਼ੱਕਤ ਪਿੱਛੋਂ ਨੀਂਦ ਦਾ ਸੁੱਖ ਆਪਣੇ ਸਾਰੇ ਤਣਾਵਾਂ ਅਤੇ ਪਕੜਾ ਨੂੰ ਢਿੱਲੀਆਂ ਛੱਡ ਕੇ, ਅਰਥਾਤ ਆਪਣੇ ਸੁਚੇਤ ਆਪੇ ਦਾ ਤਿਆਗ ਕਰ ਕੇ ਹੀ ਮਿਲਦਾ ਹੈ। (ਸੋਮਲ ''ਜ਼ਿੰਦਗੀ ਦੀ ਰੌਣਕ'' 21)

ਲੇਖਕ ਦੇ ਵਾਕਾਂ ਵਿਚ ਅਨੰਦ ਹੈ ਇੱਕ ਕੋਮਲ ਭਾਵਾਤਮਕ ਭਾਵ ਛੁਪੇ ਹੋਏ ਹਨ। ਪਾਠਕਾਂ ਨਾਲ ਰਾਬਤਾ ਬਣਾਈ ਰੱਖਣ ਲਈ, ਉਨ੍ਹਾਂ ਨੂੰ ਆਪਣੇ ਨਾਲ ਜੋੜੀ ਰੱਖਣ ਲਈ ਲੇਖਕ ਨਿਬੰਧ ਵਿਚ ਪ੍ਰਸ਼ਨ ਵਾਚੀ ਵਾਕ ਵੀ ਪ੍ਰਯੋਗ ਕਰਦਾ ਹੈ।

- ਬੜੇ ਦੀਦਾਰੀ ਲੋਕ ਵੀ ਜੇਕਰ ਨਸ਼ਿਆਂ ਦਾ ਧੰਦਾ ਕਰਦੇ ਹੋਏ ਭੋਲੇ-ਭਾਲੇ ਨੌਜਵਾਨਾਂ ਅਤੇ ਕਿਰਤੀਆਂ ਦੀਆਂ ਦੇਹਾਂ ਗਲਣ ਦਾ ਕਰਨ ਬਣਦੇ ਹਨ, ਤਦ ਉਨ੍ਹਾਂ ਜਿਹੇ ਭ੍ਰਿਸ਼ਟ ਚਿਹਰੇ ਹੋਰ ਕਿਹੜੇ ਹੋਣਗੇ? (ਸੋਮਲ ''ਵਕਤ ਬਦਲ ਗਏ ''10)

- ਨਵੇਂ ਪੱਤੇ ਪਹਿਲਾਂ ਕਿੱਥੇ ਸਨ? ਇਹ ਡਿੱਗੇ ਪੱਤੇ ਅੱਗੇ ਕਿੱਥੇ ਜਾਣਗੇ ? (ਸੋਮਲ ''ਵਕਤ ਬਦਲ ਗਏ '' 17)

- ਕਿਤੇ ਭੂਚਾਲ ਆਇਆ ਹੁੰਦਾ ਹੈ ਕਿਤੇ ਸੁਨਾਮੀ, ਕਿਤੇ ਕਾਲ ਪਿਆ ਹੁੰਦਾ ਹੈ, ਕਿਤੇ ਯੁੱਧ ਜਾਂ ਖ਼ਾਨਾ-ਜੰਗੀ ਕਾਰਨ ਅਜਿਹਾ ਕੁੱਝ ਹੋਇਆ ਹੁੰਦਾ ਹੈ। ਇਹ ਬੱਚਾ, ਆਪਣੀ ਜ਼ਿੰਦਗੀ ਵਿਚ ਕਿਵੇਂ ਉੱਠੇਗਾ? ਕੀ ਉਹ ਇਹ ਜੀਵਨ ਪਿਆਰਾ ਲੱਗੇਗਾ? (ਸੋਮਲ ''ਜ਼ਿੰਦਗੀ ਦੀ ਰੌਣਕ'' 102)

- ਇਹ ਰਾਜਸਥਾਨੀ ਬੱਚਾ ਵੱਡਾ ਹੋ ਕੇ ਕਿਹੋ ਜਿਹਾ ਬਣੇਗਾ, ਗੁਸੈਲ, ਦੱਬੂ, ਜ਼ਮਾਨੇ ਤੋਂ ਬਦਲੇ ਲੈਣ ਵਾਲਾ, ਵੈਰਾਗ ਵਿਚ ਭਿੱਜਿਆ ਕੋਈ ਸਾਧੂ, ਡਾਕੂ, ਚੋਰ, ਪਰਉਪਕਾਰੀ, ਨਸ਼ੇੜੀ ਜਾ ਕੁੱਝ ਹੋਰ? (ਸੋਮਲ ''ਜ਼ਿੰਦਗੀ ਦੀ ਰੌਣਕ'' 103)

**ਸੰਜਮਤਾ:** ਨਿਬੰਧ ਅਕਾਰ ਵਜੋਂ ਛੋਟਾ ਹੁੰਦਾ ਹੈ ਤੇ ਵਿਸ਼ਾਲ ਅਰਥਾਂ ਦਾ ਧਾਰਨੀ ਹੁੰਦਾ ਹੈ। ਲੇਖਕ ਵੱਲੋਂ ਲਿਖੇ ਸਾਰੇ ਨਿਬੰਧ ਸੰਜਮਤਾ ਤੇ ਸੰਖੇਪਤਾ ਦੇ ਧਾਰਨੀ ਹਨ। ਬੇਲੋੜਾ ਵਿਸਥਾਰ ਲੇਖਕ ਦੇ ਨਿਬੰਧਾਂ ਵਿਚ ਪੇਸ਼ ਨਹੀਂ ਹੈ। ਸੰਜਮਤਾ ਨਿਬੰਧਾਂ ਦੇ ਬੁਨਿਆਦੀ ਗੁਣਾਂ ਵਿਚੋਂ ਇੱਕ ਹੈ।

**ਸਪਸ਼ਟਤਾ:** ਲੇਖਕ ਦੇ ਨਿਬੰਧਾਂ ਦਾ ਵਿਸ਼ੇਸ਼ ਗੁਣ ਸਪਸ਼ਟਤਾ ਹੈ। ਲੇਖਕ ਵੱਲੋਂ ਵਰਤੀ ਭਾਸ਼ਾ ਕੇਂਦਰੀ ਪੰਜਾਬੀ ਹੈ। ਜਿਹੜੀ ਸਾਧਾਰਨ ਮਨੁੱਖ ਨੂੰ ਅਸਾਨੀ ਨਾਲ ਸਮਝ ਆਉਂਦੀ ਹੈ। ਲੇਖਕ ਜਿੱਥੇ ਸਰਲ ਤੇ ਸਾਦੀ ਭਾਸ਼ਾ ਵਰਤਦਾ ਹੈ। ਢੁਕਵੇਂ ਸ਼ਬਦਾਂ ਦੀ ਢੁਕਵੀਂ ਵਰਤੋਂ ਵਿਚ ਲੇਖਕ ਮਾਹਿਰ ਹੈ। ਕਿਸੇ ਵੀ ਰਚਨਾ ਲਈ ਭਾਸ਼ਾ ਦਾ ਸਰਲ ਤੇ ਸੁਭਾਵਕ ਹੋਣਾ ਉਸ ਦਾ ਪਹਿਲਾ ਲੱਛਣ ਹੈ ਕਿਉਂਕਿ ਰਚਨਾ ਨੂੰ ਪੜ੍ਹਨ ਵਾਲਾ ਕਿਸੇ ਵੀ ਉਮਰ ਦਾ ਹੋ ਸਕਦਾ ਹੈ। ਜਿੰਨੀ ਸਰਲ ਤੇ ਢੁਕਵੀਂ ਭਾਸ਼ਾ ਦਾ ਪ੍ਰਯੋਗ ਲੇਖਕ ਆਪਣੀ ਰਚਨਾ ਵਿਚ ਕਰੇਗਾ, ਓਨੀ ਹੀ ਪ੍ਰਸਿੱਧੀ ਦਾ ਮਾਲਕ ਬਣੇਗਾ। ਲੇਖਕ ਦੇ ਨਿਬੰਧ ਜਿੱਥੇ ਵਿਚਾਰਸ਼ੀਲ ਤੇ ਬੌਧਿਕਤਾ ਦੀ ਗਵਾਹੀ ਭਰਦੇ ਹਨ।

**ਸ਼ਬਦਾਵਲੀ:** ਲੇਖਕ ਨੇ ਹੋਰਨਾਂ ਭਾਸ਼ਾਵਾਂ ਵਾਂਗ, ਉਰਦੂ, ਹਿੰਦੀ ਅਤੇ ਅੰਗਰੇਜ਼ੀ ਦੇ ਸ਼ਬਦਾਂ ਦਾ ਪ੍ਰਯੋਗ ਵੀ ਕੀਤਾ ਹੈ।ਜਿਵੇਂ:

**ਉਰਦੂ ਦੇ ਸ਼ਬਦ:** ਖ਼ੁਦ-ਸ਼ਨਾਸੀ, ਖ਼ੁਦਾ-ਸ਼ਨਾਸੀ , ਅੰਦਾਜ਼, ਯਾਅਨੀ, ਖ਼ੁਸ਼ਗਵਾਰ, ਬਾਸ਼ਿੰਦੇ, ਬੇਗ਼ਰਜ਼ੀ, ਤਵੱਜੋ, ਅਕਹਿ, ਤਸ਼ਬੀਹਾਂ।

**ਹਿੰਦੀ ਦੇ ਸ਼ਬਦ:** ਜਗਿਆਸਾ, ਤ੍ਰਿਪਤ, ਬਿਰਛ, ਆਵੱਸ਼ਕ, ਆਪ ਯੇ ਕਯਾ ਚੁਨ ਰਹੀ ਹੈ, ਪੜੋਸ, ਸੁਬ੍ਹਾ, ਢੂੰਡ, ਛਵੀ ਆਦਿ। ਲੇਖਕ ਹਿੰਦੀ ਦੇ ਸ਼ਾਇਰ ਜਿਗਰ ਮੁਰਾਦਾਬਾਦੀ ਦੀ ਗ਼ਜ਼ਲ ਦਾ ਸ਼ੇਅਰ ਦੀ ਵਰਤੋਂ ਨਿਬੰਧਾਂ ਵਿਚ ਰਸ ਭਰਨ ਲਈ ਕਰਦਾ ਹੈ।

- ਵਹੀ ਹੈ ਜ਼ਿੰਦਗੀ, ਲੇਕਿਨ ਜਿਗਰ ਕਾ ਯੇ ਹਾਲ ਹੈ ਅਪਨਾ ਕਿ ਜੈਸੇ, ਜ਼ਿੰਦਗੀ ਸੇ ਜ਼ਿੰਦਗੀ ਕਮ ਹੋਤੀ ਜਾਤੀ ਹੈ। (ਸੋਮਲ ''ਜ਼ਿੰਦਗੀ ਦੀ ਰੌਣਕ'' 121)
- ਦਿਲ ਕੀ ਬਾਤ ਕਹੀ ਨਹੀਂ ਜਾਤੀ ਚੁਪ ਕਰਕੇ ਰਹਿਨਾ ਠਾਨਾ ਹੈ। (ਸੋਮਲ ''ਜ਼ਿੰਦਗੀ ਦੀ ਰੌਣਕ'' 137)

ਇਸ ਤੋਂ ਇਲਾਵਾ ਲੇਖਕ ਆਪਣੇ ਵਿਚਾਰਾਂ ਨੂੰ ਸਪਸ਼ਟ ਕਰਨ ਲਈ ਸ਼ਾਇਰਾਨਾ ਅੰਦਾਜ਼ ਅਪਣਾਉਂਦਾ ਹੈ ਹਿੰਦੀ ਦੇ ਸ਼ਬਦਾਂ ਦੀ ਵਰਤੋਂ ਕਰਦਾ ਹੈ।

ਹਜ਼ਾਰੋਂ ਖ਼ਾਹਿਸ਼ੇਂ ਐਸੀ ਕਿ ਹਰ ਖ਼ਾਹਿਸ਼ ਪੇ ਦਮ ਨਿਕਲੇ,

ਬਹੁਤ ਨਿਕਲੇ ਮੇਰੇ ਅਰਮਾਨ ਫਿਰ ਵੀ ਕਮ ਨਿਕਲੇ। (ਸੋਮਲ ''ਵਕਤ ਬਦਲ ਗਏ'' 172)

**ਅੰਗਰੇਜ਼ੀ ਦੇ ਸ਼ਬਦ**: ਮੀਟਿੰਗ, ਮਨਾਪਲੀ, ਸੁਪਰ-ਫਾਸਟ, ਪ੍ਰੋਗਰਾਮ, ਬੈੱਡ-ਰੂਮ, ਫਾਸਟ-ਫੂਡ, ਜੰਕ-ਫੂਡ, ਸਕੂਲ ਬੈਗ, ਮਸ਼ੀਨਾਂ, ਹਾਰਨ, ਸੈਟੇਲਾਈਟ, ਸੰਚਾਰ, ਇਨਸਕਿਉਰ, ਵਾਇਸ-ਮੇਲ਼ਾਂ, ਚੈਨਲ, ਵਰਕ, ਡਿਊਟੀ, ਓਪਰੇਸ਼ਨ, ਥੀਏਟਰ, ਟਾਈਮ ਇਜ਼ ਮਨੀ, ਟਾਈਮ ਮੈਨੇਜਮੈਂਟ,

ਲੇਖਕ ਦੇ ਨਿਬੰਧਾਂ ਵਿਚ ਵਰਤੀ ਭਾਸ਼ਾ ਜਨ-ਸਾਧਾਰਨ ਦੀ ਭਾਸ਼ਾ ਹੈ।ਲੇਖਕ ਆਪਣੇ ਨਿਬੰਧਾਂ ਵਿਚ ਵਧੇਰੇ ਕਰ ਕੇ ਲਮੇਰੇ ਵਾਕਾਂ ਦਾ ਪ੍ਰਯੋਗ ਕਰਦਾ ਹੈ, ਪ੍ਰੰਤੂ ਉਸ ਦੇ ਬਾਵਜੂਦ ਨਿਬੰਧਾਂ ਵਿਚਲੀ ਰੋਚਿਕਤਾ ਉਸ ਨੂੰ ਨੀਰਸਤਾ ਤੋਂ ਬਚਾਉਂਦੀ ਹੈ

**ਪ੍ਰਤੀਕਾ ਦੀ ਵਰਤੋਂ**: 'ਕੱਚੇ ਭਾਂਡੇ ਪੱਕੇ ਭਾਂਡੇ' ਨਿਬੰਧ ਵਿਚ ਲੇਖਕ ਨੇ ਕੱਚੇ ਭਾਂਡੇ ਤੇ ਪੱਕੇ ਭਾਂਡੇ ਦੀ ਤੁਲਨਾ ਮਨੁੱਖ ਦੇ ਸੁਭਾਅ ਨਾਲ ਕੀਤੀ ਹੈ ਕਿ ਜਿਨ੍ਹਾਂ ਮਨੁੱਖਾਂ ਦੇ ਦਿਲ ਵਿਚ ਕੋਈ ਗੱਲ ਨਹੀਂ ਰਹਿੰਦੀ, ਅਸੀਂ ਕਹਿ ਦਿੰਦੇ ਹਾਂ ਕਿ ਮੈਂ ਤਾਂ ਕੱਚਾ ਭਾਂਡਾ ਹਾਂ, ਨਹੀਂ ਤਾਂ ਮਨੁੱਖ ਆਪਣੀ ਹਉਮੈਂ ਨੂੰ ਕਾਇਮ ਰੱਖਣ ਲਈ ਆਪਣੀਆਂ ਕਮੀਆਂ ਤੇ ਪੜਦਾ ਪਾਉਂਦਾ ਹੈ:

> ਆਪਣੇ ਆਪ ਨੂੰ ਬਹੁਤਾ ਪੱਕਾ ਕਹਿਣ ਵਾਲਿਆਂ ਨਾਲ ਸਾਡਾ ਵਾਹ ਅਕਸਰ ਪੈਂਦਾ ਹੈ। ਜਤਾਉਣ ਨਾਲ ਹੋਣ ਵਿਚ ਢੇਰ ਅੰਤਰ ਹੁੰਦਾ ਹੈ।ਅਸੀਂ ਵਾਅਦੇ ਕਰਦੇ ਹਾਂ ਪਰ ਉਨ੍ਹਾਂ ਤੇ ਪੂਰਾ ਨਹੀਂ ਉੱਤਰਦੇ। ਕੋਈ ਜ਼ਰੂਰੀ ਵੀ ਨਹੀਂ ਹੁੰਦੀ। ਨਿੱਕੇ-ਨਿੱਕੇ ਲਾਲਚ ਅਤੇ ਸਵਾਰਥ ਸਾਨੂੰ ਪੈਰੋਂ ਹਿਲਾ ਦਿੰਦੇ ਹਨ। ਪੁੱਤਰ ਦੀ ਸ਼ਾਦੀ ਤੈਅ ਕਰਨ ਵੇਲੇ ਸਾਡੇ ਮਨ ਵਿਚ ਹਜ਼ਾਰਾ ਲਾਲਸਾਵਾਂ ਹੁੰਦੀਆਂ ਹਨ। ਮੂੰਹ ਉੱਤੇ ਪਰ ਅਸੀਂ 'ਕੁੱਝ ਨਹੀਂ ਲੈਣਾ' ਆਖੀ ਜਾਂਦੇ ਹਾਂ। ਫ਼ਰੀਦ ਜੀ ਤਾਂ ਕਹਿੰਦੇ ਹਨ, 'ਜਿਨ ਮਨਿ ਹੋਰੁ ਮੁਖਿ ਹੋਰੁ ਸੀ ਕਾਢੇ ਕੱਚਿਆਂ', ਜਦ ਕਿਸੇ ਨਾਲ ਮੇਲ ਵਧਾਉਣਾ ਹੋਵੇ ਤਦ ਅਸੀਂ ਮਿੱਠੇ ਵੀ ਹੁੰਦੇ ਹਾਂ ਅਤੇ ਨਿਮਰ ਵੀ।(ਸੋਮਲ ''ਜ਼ਿੰਦਗੀ ਦੀ ਰੌਣਕ'' 5)

**ੲ) ਕਲਾ-ਜੁਗਤਾਂ:-** ਲੇਖਕ ਆਪਣੇ ਅੰਦਰ ਉਮੜਦੇ ਵਿਚਾਰਾਂ ਨੂੰ ਪਾਠਕਾਂ ਤੱਕ ਪਹੁੰਚਾਉਣ ਲਈ ਵਿਭਿੰਨ ਜੁਗਤਾਂ ਦੀ ਸਫਲਤਾ ਪੂਰਵਕ ਵਰਤੋਂ ਕਰਦਾ ਹੈ। ਡਾ. ਸੋਮਲ ਹਰ ਗੱਲ ਨੂੰ ਪਾਠਕਾਂ ਨੂੰ ਸਮਝਾਉਣ ਲਈ ਗੁਰਬਾਣੀ ਦੀਆਂ ਟੂਕਾਂ, ਵੱਖ-ਵੱਖ ਵਿਦਵਾਨਾਂ ਦੇ ਵਿਚਾਰ, ਮੁਹਾਵਰਿਆਂ, ਅਖਾਉਤਾਂ, ਕਹਾਣੀਆਂ ਆਦਿ ਦੀ ਵਰਤੋਂ ਵੀ ਕਰਦਾ ਹੈ। ਲੇਖਕ ਵੱਲੋਂ ਵਰਤੀ ਗਈ ਭਾਸ਼ਾ ਠੇਠ ਅਤੇ ਸਰਲ ਹੈ।ਲੇਖਕ ਦੇ ਸ਼ਬਦਾਂ ਦੀ ਚੋਣਾਂ, ਵਾਕਾਂ ਦੀ ਚੋਣ, ਉਸ ਦੇ ਤਜਰਬਿਆਂ ਨੂੰ ਦਰਸਾਉਂਦੀ ਹੈ। ਉਸ ਦੀ ਰਚਨਾ ਸੁਹਜਾਤਮਕਤਾ ਤੇ ਸਾਹਿਤਕਤਾ ਦੇ ਨੇੜੇ ਵੀ ਜਾਪਦੀ ਹੈ ਤੇ ਹਰ ਗੱਲ ਨੂੰ ਉਹ ਪੂਰਨ ਰੂਪ ਵਿਚ ਦਲੀਲ ਦੇ ਕੇ ਪੇਸ਼ ਕਰਨ ਦਾ ਜਤਨ ਕਰਦਾ ਹੈ। ਲੇਖਕ

ਸਮਾਜ ਵਿਚ ਫੈਲੇ ਅੰਧ-ਵਿਸ਼ਵਾਸਾਂ, ਜਿਨਸੀ ਵਿਤਕਰਿਆਂ, ਵਾਤਾਵਰਣ ਵਿਚ ਪੈ ਰਹੇ ਵਿਗਾੜ ਦੇ ਕਾਰਨਾਂ ਆਦਿ ਨੂੰ ਆਪਣੀ ਜ਼ਿੰਦਗੀ ਦੇ ਨਿੱਜੀ ਤਜਰਬਿਆਂ ਰਾਹੀਂ ਸਾਹਿਤਕ ਹਵਾਲੇ ਦੇ ਕੇ ਤਰਕ ਦੇ ਅਧਾਰ ਤੇ ਆਪਣੀ ਗੱਲ ਨੂੰ ਪੇਸ਼ ਕਰਨ ਦਾ ਯਤਨ ਕਰਦਾ ਹੈ। ਲੇਖਕ ਗੁਰਬਾਣੀ ਦੀਆਂ ਟੂਕਾਂ ਅਤੇ ਪ੍ਰਸਿੱਧ ਵਿਦਵਾਨਾਂ ਦੀਆਂ ਉਦਾਹਰਨਾਂ ਰਾਹੀਂ ਸਿੱਖਿਆ ਦਿੰਦਾ ਹੈ ਕਿ ਮਨੁੱਖ ਕਿਤੋਂ ਵੀ ਪ੍ਰੇਰਨਾ ਲੈ ਸਕਦਾ ਹੈ, ਬੱਸ ਉਸ ਦਾ ਮਨ ਚਾਤ੍ਰਿਕ ਹੋਣਾ ਚਾਹੀਦਾ ਹੈ।

ਚਾਨਣੀ ਸੋਚ ਦੇ ਬੀਜ ਇਸ ਕਰ ਕੇ ਬੀਜਣੇ ਵੀ ਜ਼ਰੂਰੀ ਹਨ ਕਿ ਇਸ ਸੋਚ ਦੇ ਹੁੰਦਿਆਂ ਮਨੋਬਲ ਉੱਚਾ ਹੁੰਦਾ ਹੈ, ਜਿਸ ਅੱਗੇ ਹਰ ਦੁੱਖ ਤੁੱਛ ਜਾਪਦਾ ਹੈ। ਆਜ਼ਾਦੀ ਲਈ ਜੂਝਦਿਆਂ ਅਨੇਕਾਂ ਨੂੰ ਫਾਂਸੀ ਦੀ ਸਜ਼ਾ ਹੋਈ, ਪਰ ਉਹ ਰੋ ਕੇ ਫਾਂਸੀ ਨਹੀਂ ਚੜ੍ਹੇ। ਉਨ੍ਹਾਂ ਨੇ ਚਾਨਣੀ ਸੋਚ ਸਦਕਾ ਹੱਸਦਿਆਂ-ਹੱਸਦਿਆਂ ਫਾਂਸੀ ਦਾ ਰੱਸਾ ਚੁੰਮਿਆ। ਲੇਖਕ ਸ਼ਾਇਰਾਨਾ ਅੰਦਾਜ਼ ਵਿਚ ਆਪਣੇ ਭਾਵਾਂ ਨੂੰ ਬਿਆਨ ਦਾ ਆਖਦਾ ਹੈ:

- 'ਜਿਸ ਧਜ ਸੇ ਕੋਈ ਮਕਤਲ ਮੇਂ ਗਿਆ

  ਵੋਹ ਸ਼ਾਨ ਸਲਾਮਤ ਰਹਿਤੀ ਹੈ।'(ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ''23)

ਲੇਖਕ ਆਪਣੇ ਨਿਬੰਧਾਂ ਨੂੰ ਨੀਰਸਤਾ ਤੋਂ ਬਚਾਉਣ ਲਈ ਅਤੇ ਰਸ ਭਰਨ ਲਈ ਅਖਾਉਤਾਂ ਦੀ ਵਰਤੋਂ ਵੀ ਕਰਦਾ ਹੈ।

- ਜੇ ਪਾਟੇ ਨੂੰ ਸੀਵੀਏ ਨਾ ਅਤੇ ਰੁੱਸੇ ਨੂੰ ਮਨਾਈਏ ਨਾ, ਤਾਂ ਘਰ ਨਹੀਂ ਵੱਸਦੇ।
- ਹੱਸ ਕੇ ਸੱਜਣ ਛੋੜੀਏ, ਫਿਰ ਮਿਲਣ ਕੀ ਆਸ।
- ਜਲਦੀ ਸੌਂ ਤੇ ਜਲਦੀ ਜਾਗ, ਵਧੇ ਉਮਰ ਤੇ ਜਾਗਣ ਭਾਗ।

- ਦੱਬ ਕੇ ਵਾਹ ਤੇ ਰੱਜ ਕੇ ਖਾ।(ਸੋਮਲ'' ਅੰਬਰਾਂ ਦੇ ਤਾਰੇ''16)

ਉਪਰੋਕਤ ਅਖਾਉਂਤਾ ਅਕਲ ਦੇ ਉਹ ਕੈਪਸੂਲ ਹਨ, ਜਿਨ੍ਹਾਂ ਵਿਚ ਜੀਵਨ ਨੂੰ ਵਧੀਆ ਢੰਗ ਨਾਲ ਜਿਉਣ ਦੀਆਂ ਮਿਸਾਲਾਂ ਦਰਜ ਹਨ। ਲੇਖਕ ਦੇ ਨਿਬੰਧਾਂ ਵਿਚ ਹਰ ਗੱਲ ਨੂੰ ਤਰਕ ਨਾਲ ਪੇਸ਼ ਕਰਨ ਲਈ ਉਹ ਕਈ ਪ੍ਰਕਾਰ ਦੀਆਂ ਜੁਗਤਾਂ ਦੀ ਵਰਤੋਂ ਕਰਦਾ ਹੈ ਤਾਂ, ਜੋ ਉਸ ਦੀ ਕਹੀ ਹੋਈ ਹਰ ਗੱਲ ਸਿੱਧੀ ਪਾਠਕਾਂ ਦੇ ਦਿਲ ਤੇ ਦਸਤਕ ਦੇਵੇ।

'ਜੀਵਨ ਜਾਚ' ਨਿਬੰਧ ਵਿਚ ਲੇਖਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚਿਤ ਬਾਣੀ ਦੀ ਮਹੱਤਤਾ ਮਨੁੱਖ ਨੂੰ ਸਮਝਾਉਂਦੇ ਹੋਏ ਆਖਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਜ਼ਿੰਦਗੀ ਦੀਆਂ ਗਹਿਰਾਈਆਂ ਸਮਝਣ ਲਈ ਅਟੁੱਟ ਖ਼ਜ਼ਾਨਾ ਹੈ ਜਿਵੇਂ:

- ਫ਼ਰੀਦਾ ਬਾਰਿ ਪਰਾਇਐ ਬੈਸਣਾ, ਸਾਈ ਮੁਝੈ ਨ ਦੇਹਿ।
- ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤੱਤ।
- ਬਾਬਾ ਹੋਰੁ ਖਾਣਾ, ਖੁਸ਼ੀ ਖ਼ੁਆਰ। (ਸੋਮਲ ''ਸਾਡੇ ਅੰਬਰਾਂ ਦੇ ਤਾਰੇ'' 16)

ਗੁਰਬਾਣੀ ਦੀਆਂ ਇਹਨਾਂ ਟੂਕਾਂ ਵਿਚ, ਮਨੁੱਖੀ ਜ਼ਿੰਦਗੀ ਵਿਚ ਸਦਾ ਸਹਾਈ ਹੋਣ ਵਾਲੀ ਜੀਵਨ ਜਾਚ ਦੱਸੀ ਗਈ ਹੈ। ਲੇਖਕ ਅਨੁਸਾਰ ਜ਼ਿੰਦਗੀ ਰੂਪੀ ਮਨ ਭਾਂਡੇ ਵਿਚ ਕੁੱਝ ਨਾ ਕੁੱਝ ਤਾਂ ਰਹਿਣਾ ਹੀ ਹੈ ਅਤੇ ਇਸ ਭਾਂਡੇ ਦਾ ਮੂੰਹ ਜਿਸ ਪਾਸੇ ਕੀਤਾ ਜਾਂਦਾ ਹੈ, ਉਸੇ ਨਾਲ ਭਰਦਾ ਜਾਂਦਾ ਹੈ। ਲੇਖਕ ਇਤਿਹਾਸਕ ਹਵਾਲੇ ਦੇ ਕੇ ਆਪਣੀ ਗੱਲ ਨੂੰ ਤਰਕ ਨਾਲ ਪੇਸ਼ ਕਰਨ ਦਾ ਜਤਨ ਕਰਦਾ ਹੈ। ਲੇਖਕ 'ਛਤਰੀ ਨਿਬੰਧ ਵਿਚ ਸਿਕੰਦਰ ਬਾਰੇ ਇੱਕ ਜੀਵਨੀ ਕਾਰ ਦੀਆਂ ਕਹੀਆਂ ਸਤਰਾਂ ਤੇ ਝਾਤ ਪਵਾਉਂਦਾ ਹੈ:

ਸਿਕੰਦਰ ਜਿਸ ਵੀ ਇਲਾਕੇ ਨੂੰ ਜਿੱਤਦਾ ਸੀ ਆਪਣੇ ਮਿੱਤਰਾਂ ਨੂੰ ਵੰਡ ਦਿੰਦਾ ਸੀ। ਇੱਕ ਵਾਰੀ ਸਿਕੰਦਰ ਨੂੰ ਉਸ ਦੇ ਇੱਕ ਮਿੱਤਰ ਨੇ ਪੁੱਛਿਆ ਕਿ ਤੂੰ ਆਪਣੇ ਲਈ ਕੀ ਰੱਖਦਾ ਹੈ? ਤਾਂ ਉਸ ਦਾ ਤੁਰੰਤ ਉੱਤਰ ਸੀ ਉਮੀਦ। (ਸੋਮਲ ''ਅੰਬਰਾਂ ਦੇ ਤਾਰੇ'' 44)

ਉਪਰੋਕਤ ਸ਼ਬਦਾਂ ਤੋਂ ਭਾਵ ਉਮੀਦ ਇੱਕ ਅਜਿਹੀ ਸ਼ੈਅ ਦਾ ਨਾਂ ਹੈ, ਜਿਸ ਵੀ ਬੰਦੇ ਕੋਲ ਹੋਵੇ ਉਹ ਔਖੇ ਤੋਂ ਔਖੇ ਹਲਾਤਾਂ ਵਿਚ ਵੀ ਆਸ ਦਾ ਪੱਲਾ ਕਦੀ ਨਹੀਂ ਛੱਡੇਗਾ ਤੇ ਨਾ ਉਮੀਦੀ ਬੰਦੇ ਨੂੰ ਧੁਰ ਅੰਦਰ ਤੱਕ ਤੋੜ ਦਿੰਦੀ ਹੈ।

ਕਿਤੇ-ਕਿਤੇ ਲੇਖਕ ਆਪਣੇ ਨਿਬੰਧਾਂ ਵਿਚ ਕਾਵਿਕ ਜੁਗਤਾਂ ਵੀ ਵਰਤਦਾ ਹੈ। ਲੇਖਕ ਰੋਟੀ ਦੀ ਕੀਮਤ ਬਾਰੇ ਸਮਝਾਉਂਦਾ ਹੈ ਕਿ ਅੱਜ ਵੀ ਕਈ ਲੋਕਾਂ ਦਾ ਸਾਰਾ ਸਮਾਂ ਤੇ ਉਨ੍ਹਾਂ ਦੀ ਸ਼ਕਤੀ ਰੋਟੀ ਦੇ ਲੇਖੇ ਲੱਗ ਜਾਂਦੀ ਹੈ। ਲੇਖਕ 'ਸੁੰਗੜਦੀ ਅਤੇ ਫੈਲਦੀ ਰੋਟੀ' ਨਿਬੰਧ ਵਿਚ ਕਵੀ ਸ਼ਿਵ ਨਾਥ ਦੀ ਕਵਿਤਾ 'ਰੋਟੀ' ਵਿਚ ਆਏ ਸ਼ਬਦਾਂ ਦਾ ਜ਼ਿਕਰ ਕਰਦਾ ਹੈ। ਇਹ ਰੋਟੀ ਪਾਪੀ ਪੇਟ ਮਨੁੱਖ ਤੋਂ ਬਹੁਤ ਕੁੱਝ ਕਰਵਾ ਦਿੰਦਾ ਹੈ। ਢਿੱਡ ਭਰਨ ਲਈ ਮਨੁੱਖ ਨੂੰ ਅਣਥੱਕ ਮਿਹਨਤ ਕਰਨੀ ਪੈਂਦੀ ਹੈ। ਹਮੇਸ਼ਾ ਮਾਪੇ ਬੱਚਿਆਂ ਨੂੰ ਡਾਂਟਦੇ ਰਹਿੰਦੇ ਹਨ ਕਿ ਪੜ੍ਹ ਲਈ ਕੁੱਝ ਬਣ ਜਾਵੋਗੇ। ਇਸ ਦਾ ਪਹਿਲਾ ਭਾਵ ਇਹੀ ਕਿ ਰੋਟੀ ਕਮਾਉਣ ਦੇ ਯੋਗ ਹੋ ਜਾਵੋਗੇ ਲੇਖਕ ਅਨੁਸਾਰ ਰੋਟੀ ਦੀ ਲੜਾਈ ਜੀਵਨ ਸੁਰੱਖਿਆ ਲਈ ਲੜਾਈ ਹੈ। ਕਿਰਤ ਦੀ ਰੋਟੀ ਅੰਮ੍ਰਿਤ ਹੈ ਤੇ ਮਿਹਨਤ ਨਾਲ ਕਮਾਈ ਰੋਟੀ ਦੀ ਰੀਸ ਦੁਨੀਆ ਦੀ ਮਹਿੰਗੀ ਤੋਂ ਮਹਿੰਗੀ ਚੀਜ਼ ਨਹੀਂ ਕਰ ਸਕਦੀ:

ਦੌੜ ਰਹੀ ਹੈ ਚੰਨ ਜਿਹੀ ਰੋਟੀ, ਮੇਰੇ ਅੱਗੇ-ਅੱਗੇ,

ਜਿਸ ਨੂੰ ਫੜਦਿਆਂ, ਪਤਾ ਨਹੀਂ

ਮੈਨੂੰ ਕਿੰਨਾ ਚਿਰ ਲੱਗੇ। (ਸੋਮਲ ''ਅੰਬਰਾਂ ਦੇ ਤਾਰੇ'' 55)

ਲੇਖਕ 'ਜੀਵਨ ਜਾਚ' ਨਿਬੰਧ ਵਿਚ ਸਾਹਿਤਕ ਹਵਾਲੇ ਨਾਲ ਰੋਚਕਤਾ ਪੈਦਾ ਕਰਦਾ ਹੈ ਕਿ ਜ਼ਿੰਦਗੀ ਬਹੁਤ ਖ਼ੂਬਸੂਰਤ ਹੈ। ਇਸ ਦਾ ਅਨੰਦ ਮਾਣਨਾ ਚਾਹੀਦਾ ਹੈ। ਲੇਖਕ ਅਨੁਸਾਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ, ਸੂਫ਼ੀ ਸਾਹਿਤ, ਕਿੱਸਾ ਸਾਹਿਤ ਅਤੇ ਆਧੁਨਿਕ ਸਾਹਿਤ ਵਿਚ ਵੀ ਅਨੇਕਾਂ ਮੋਤੀ ਮਿਲਦੇ ਹਨ। ਜਿਹੜੇ ਸੋਹਣੇ ਜੀਵਨ ਨੂੰ ਜਿਊਣ ਦੇ ਸੁਝਾਅ ਦਿੰਦੇ ਹਨ।

- ਸ਼ਾਹ ਹੁਸੈਨ ਅਨੁਸਾਰ 'ਜੀਵਨ ਦੁਨੀਆ ਚਾਰ-ਦਿਹਾੜੇ' ਕੌਣ ਕਿਸੇ ਨਾਲ ਰੁੱਸੇ'।
- ਵਾਰਸ ਸ਼ਾਹ ਅਨੁਸਾਰ 'ਲੁਕਾਈਏ ਜਗ ਕੋਲੋਂ, ਭਾਵੇਂ ਆਪਣਾ ਹੀ ਗੁੜ ਖਾਈਏ ਜੀ'।
- ਪੂਰਨ ਸਿੰਘ ਕਹਿੰਦਾ ਹੈ 'ਸੋਹਣਿਆਂ ਮੁੱਲ ਪਾ ਤੂੰ ਆਪਣਾ'।(ਸੋਮਲ'' ਅੰਬਰਾਂ ਦੇ ਤਾਰੇ'' ਉਹੀ 16)

ਉਪਰੋਕਤ ਉਦਾਹਰਨਾਂ ਰਾਹੀਂ ਲੇਖਕ ਪੰਜਾਬੀ ਸਾਹਿਤ ਵਿਚੋਂ ਹਵਾਲੇ ਦੇ ਕੇ ਮਨੁੱਖ ਨੂੰ ਜ਼ਿੰਦਗੀ ਦਾ ਅਸਲੀ ਅਰਥ ਸਮਝਾਉਂਦਾ ਹੈ। ਇਹਨਾਂ ਲਿਖਤਾਂ ਨੂੰ ਸਿੱਧੇ ਰੂਪ ਵਿਚ ਜੀਵਨ ਜਾਚ ਦਾ ਸਾਹਿਤ ਕਿਹਾ ਜਾ ਸਕਦਾ ਹੈ।

ਲੇਖਕ ਅਨੁਸਾਰ ਜ਼ਿੰਦਗੀ ਨੂੰ ਉਤਸਵ ਤੇ ਉਤਸ਼ਾਹ ਨਾਲ ਜੀਣਾ ਚਾਹੀਦਾ ਹੈ। ਲੇਖਕ ਕੁੱਝ ਉਦਾਹਰਨਾਂ ਰਾਹੀਂ ਪ੍ਰੇਰਨਾ ਦੀ ਅਹਿਮੀਅਤ ਸਮਝਾਉਂਦਾ ਆਖਦਾ ਹੈ:

- ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੇ ਰਚੇ ਸ਼ਬਦ ਤੋਂ ਪ੍ਰੇਰਤ ਹੋਏ, ਉਸੇ ਰੰਗ ਵਿਚ ਰੰਗੇ ਗਏ ਅਤੇ ਪਿੱਛੋਂ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਪ੍ਰੇਰਨਾ ਦੇ ਸੋਮੇ ਬਣ ਗਏ।

- ਸੰਸਾਰ ਦੇ ਕਲਾਸਿਕ ਗ੍ਰੰਥਾਂ ਨੇ ਅਣਗਿਣਤ ਲੋਕਾਂ ਨੂੰ ਬਰਾਬਰ ਉਤਸ਼ਾਹ ਦਿੱਤਾ।(ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ'' 11)

ਉਪਰੋਕਤ ਸ਼ਬਦਾਂ ਤੋਂ ਭਾਵ ਜ਼ਿੰਦਗੀ ਨੂੰ ਇੱਕ ਉਤਸਵ ਦੀ ਤਰ੍ਹਾਂ ਮਾਣ ਕੇ ਉਤਸ਼ਾਹ ਪੂਰਵਕ ਜਿਊਣਾ ਅਸਲ ਜੀਵਨ ਜੁਗਤ ਹੈ। ਮਨੁੱਖ ਦੇ ਆਲੇ-ਦੁਆਲੇ ਬਹੁਤ ਕੁੱਝ ਪਸਰਿਆ ਪਿਆ ਹੈ, ਜਿਸ ਤੋਂ ਮਨੁੱਖ ਸੇਧ ਲੈ ਕੇ ਜ਼ਿੰਦਗੀ ਨੂੰ ਉਤਸ਼ਾਹ ਨਾਲ ਜੀਅ ਸਕਦਾ ਹੈ।

'ਜਸ਼ਨ' ਨਿਬੰਧ ਵਿਚ ਲੇਖਕ ਮਨੁੱਖ ਨੂੰ ਪ੍ਰੇਰਨਾ ਦਿੰਦਾ ਆਖਦਾ ਹੈ ਕਿ ਮਨੁੱਖੀ ਜ਼ਿੰਦਗੀ ਦੇ ਰਾਹ ਵਿਚ ਬਹੁਤ ਸੁਖ ਵੀ ਹਨ ਤੇ ਬਹੁਤ ਸਾਰੀਆਂ ਔਖਿਆਈਆਂ ਵੀ, ਅਨੇਕਾਂ ਦਿਲ ਲਭਾਉਂਦੇ ਨਜ਼ਾਰੇ ਵੀ ਹਨ ਤੇ ਅਨੇਕਾਂ ਜੋਖ਼ਮ ਵੀ ਹਨ, ਜੇ ਕੋਈ ਇਹਨਾਂ ਨੂੰ ਸਹੀ ਢੰਗ ਨਾਲ ਜਾਣੇ ਤੇ ਮਾਣਨ ਦਾ ਜਤਨ ਕਰੇ ਤਾਂ ਉਸ ਦੀ ਝੋਲੀ ਸੱਖਣੀ ਕਿਵੇਂ ਰਹੇ। ਲੇਖਕ ਦੇਸ਼ ਭਗਤਾਂ ਦੇ ਅੰਦਰ ਉਮੜਦੀਆਂ ਭਾਵਨਾਵਾਂ ਨੂੰ ਵਿਚਾਰਾਂ ਦਾ ਜਾਮਾ ਪਹਿਨਾ ਕੇ ਪਾਠਕਾਂ ਦੀ ਉਨ੍ਹਾਂ ਦੇ ਭਾਵਾਂ ਨਾਲ ਝਾਤ ਪਵਾਉਂਦਾ ਹੈ:

> ਜ਼ਿੰਦਗੀ ਨੂੰ ਪਿਆਰ ਕਰਨ ਵਾਲਾ ਮਨੁੱਖ ਨੂੰ, ਇਸ ਨੂੰ ਜਸ਼ਨ ਵਾਂਗ ਲੈਂਦਾ ਹੈ। ਕਰਤਾਰ ਸਿੰਘ ਸਰਾਭਾ ਤੇ ਭਗਤ ਸਿੰਘ ਜਿਹੇ ਸੂਰਮੇ ਦੇਸ਼ ਦੀ ਆਜ਼ਾਦੀ ਲਈ ਮਰ ਮਿਟੇ ਕਿਉਂਕਿ ਉਹ ਜ਼ਿੰਦਗੀ ਨੂੰ ਬੇਓੜਕ ਪਿਆਰ ਕਰਦੇ ਸਨ। ਉਨ੍ਹਾਂ ਦਾ ਸੁਪਨਾ ਸੀ ਕਿ ਹਰ ਦੇਸ਼ਵਾਸੀ ਲਈ ਜ਼ਿੰਦਗੀ ਇੱਕ ਜਸ਼ਨ ਵਾਂਗ ਹੋਵੇ। (ਸੋਮਲ ''ਵਕਤ ਬਦਲ ਗਏ'' 42 )

ਉਪਰੋਕਤ ਸਤਰਾਂ ਤੋਂ ਭਾਵ ਜ਼ਿੰਦਗੀ ਨੂੰ ਸੰਵਾਰਨ ਲਈ ਯਤਨ ਕਰੋ। ਜਦ ਤੱਕ ਮਨੁੱਖ, ਜ਼ਿੰਦਗੀ ਨੂੰ ਜਸ਼ਨ ਵਾਂਗ ਜਿਉਂਦਾ ਹੈ ਤਾਂ ਉਸ ਦੇ ਉੱਦਮ ਸਦਕਾ ਹੀ ਜ਼ਿੰਦਗੀ ਵਿਚ ਬਦਲਾਓ ਆਉਂਦੇ ਹਨ।

ਲੇਖਕ ਪ੍ਰਸਿੱਧ ਲੇਖਕਾਂ ਦੇ ਹਵਾਲੇ ਨਾਲ ਵਾਤਾਵਰਣ ਪ੍ਰਤੀ ਚੇਤੰਨ ਹੋਣ ਦੀ ਸਲਾਹ ਦਿੰਦਾ ਹੈ ਤੇ ਪ੍ਰੋ. ਪੂਰਨ ਸਿੰਘ ਦੇ ਹਵਾਲੇ ਨਾਲ ਇਹ ਆਖਦਾ ਹੈ:

> ਸਵਾਮੀ ਜੀ (ਪ੍ਰੋ. ਪੂਰਨ ਸਿੰਘ) ਮੈਨੂੰ ਦੱਸਦੇ ਕਿ ਜਾਪਾਨੀ ਫੁੱਲਾਂ ਕੋਲ ਖੜੇ ਕੇ ਉੱਚਾ ਬੋਲਣਾ ਤਾਂ ਕਿਤੇ ਦੂਰ ਰਿਹਾ, ਉੱਚਾ ਸਾਹ ਵੀ ਨਹੀਂ ਲੈਂਦੇ। ਜਾਪਾਨੀ ਦਰਖਤਾਂ ਨਾਲੋਂ ਵਿੱਛੜੇ ਪੱਤਿਆਂ ਨੂੰ ਪਰੇ ਨਹੀਂ ਸੁੱਟਦੇ।(ਸੋਮਲ ''ਅੰਬਰਾਂ ਦੇ ਤਾਰੇ'' 122)

ਜੇਕਰ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਜਗ੍ਹਾ ਜਗ੍ਹਾ ਤੇ ਪੱਤਿਆਂ ਦੀਆਂ ਧੂਣੀਆਂ ਬਾਲ ਕੇ ਵਾਤਾਵਰਣ ਨੂੰ ਦੂਸ਼ਿਤ ਕਰ ਰਹੇ ਹਾਂ। ਅੱਜ ਇਸ ਦਾ ਸੰਤਾਪ ਸਿਰਫ਼ ਦਰਖ਼ਤ, ਬੂਟੇ, ਮਨੁੱਖ, ਪਸ਼ੂ-ਪੰਛੀ ਹੀ ਨਹੀਂ ਭੋਗ ਰਹੇ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਦਾ ਹਰਜਾਨਾ ਭੁਗਤਣ ਲਈ ਤਿਆਰ ਕਰ ਰਹੇ ਹਾਂ। ਅੱਜ ਵਾਤਾਵਰਣ ਨੂੰ ਬਚਾਉਣਾ ਮਨੁੱਖੀ ਲੋੜ ਬਣ ਚੁੱਕਿਆ ਹੈ। ਆਉਣ ਵਾਲੇ 20-30 ਸਾਲਾਂ ਵਿਚ ਪੰਜਾਬ ਨੇ ਮਾਰੂਥਲ ਵਿਚ ਤਬਦੀਲ ਹੋ ਜਾਣਾ ਹੈ। ਅਜੇ ਵੀ ਜਾਗੋ, ਮਿਲ ਕੇ ਹੰਭਲਾ ਮਾਰੀਏ। ਰੁੱਖਾਂ ਪ੍ਰਤੀ ਸਾਡੀ ਲਾਪਰਵਾਹੀ ਸਾਡੀਆਂ ਜ਼ਿੰਦਗੀਆਂ ਨੂੰ ਹੋਰ ਘਟਾ ਦੇਵੇਗੀ।

**ਵਿਅਕਤੀਗਤ ਅਨੁਭਵ:-** ਸਾਹਿਤ ਸਿਰਜਣਾ ਸੁਚੇਤ ਅਤੇ ਸਚੇਤ ਰੂਪ ਵਿਚ ਕੀਤਾ ਜਾਣ ਵਾਲਾ ਕਾਰਜ ਹੁੰਦਾ ਹੈ। ਇੱਕ ਲੇਖਕ ਜਦੋਂ ਸਾਹਿਤਕ ਰਚਨਾ ਰਚਦਾ ਹੈ ਤਾਂ ਇਸ ਵਿਚ ਉਸ ਦੇ ਜੀਵਨ ਦੇ ਅਨੁਭਵ ਸਮੋਏ ਹੁੰਦੇ ਹਨ। ਇੱਕ ਲੇਖਕ ਜਦੋਂ ਰਚਨਾ ਕਰਦਾ ਹੈ ਤਾਂ ਉਹ ਉਸ ਵਿਚ ਉਨ੍ਹਾਂ ਚੀਜ਼ਾਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਸ ਨੇ ਜੋ ਕੁੱਝ ਉਸਨੇ ਜੀਵਿਆ ਅਤੇ ਹੰਢਾਇਆ ਹੁੰਦਾ ਹੈ। ਉਸੇ ਅਧਾਰ ਤੇ ਹੀ ਉਹ ਆਪਣੇ ਵਿਚਾਰ ਪੇਸ਼ ਕਰਦਾ ਹੈ। ਜਦੋਂ ਕਿਸੇ ਸਾਹਿਤਕ ਵਿਧਾ ਵਿਚ ਕੀਤੀ ਪੇਸ਼ਕਾਰੀ ਨੂੰ, ਮਨੁੱਖ ਆਪਣੇ ਆਲੇ-ਦੁਆਲੇ ਦੇ ਜੀਵਨ ਅਤੇ ਆਪਣੇ ਜੀਵਨ ਨਾਲ ਮੇਲ ਕੇ ਵੇਖਦਾ ਹੈ ਤਾਂ ਵਿਚਾਰਧਾਰਾ ਦੀ ਉਤਪਤੀ ਹੁੰਦੀ ਹੈ:

ਮਹਾਨ ਕੋਸ਼ ਅਨੁਸਾਰ: ਅਨੁਭਵ ਤੋਂ ਭਾਵ 1.ਬਿਨਾ ਸੰਸਕਾਰ ਉਤਪੰਨ ਹੋਇਆ ਗਯਾਨ 2. ਪ੍ਰਤੱਖ ਗਯਾਨ।3. ਬਿਨਾ ਸੰਸੇ ਗਯਾਨ (ਭਾਈ ਕਾਨ੍ਹ ਸਿੰਘ ਨਾਭਾ ''ਗੁਰੁਸ਼ਬਦ ਰਤਨਕਾਰ ਮਹਾਨ ਕੋਸ਼'')

ਅਨੁਭਵ: ਪ੍ਰਯੋਗ ਅਤੇ ਪ੍ਰੀਖਿਆ ਰਾਹੀਂ ਪ੍ਰਾਪਤ ਹੋਇਆ ਗਿਆਨ ਹੈ। ਇਸ ਨੂੰ ਪ੍ਰਤੱਖ ਗਿਆਨ ਜਾਂ ਬੋਧ ਵੀ ਕਹਿੰਦੇ ਹਨ।

ਡਾ. ਸੋਮਲ ਨੇ ਸੇਵਾ ਮੁਕਤੀ ਤੋਂ ਬਾਅਦ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਨੂੰ ਬੋਝ ਨਾ ਸਮਝ ਕੇ ਬਲਕਿ ਆਪਣੇ ਪਸੰਦ ਦਾ ਰੁਝਾਨ ਚੁਣ ਕੇ, ਇਸ ਨੀਰਸ ਸਮਝੇ ਜਾਂਦੇ ਉਮਰ ਦੇ ਪੜ੍ਹਾ ਨੂੰ ਵੀ ਰੁਸ਼ਨਾਉਣ ਦਾ ਤਰੀਕਾ ਪੇਸ਼ ਕੀਤਾ ਹੈ। ਉਨ੍ਹਾਂ ਨੇ ਆਪਣੇ ਨਿਬੰਧਾਂ ਵਿਚ ਆਪਣੇ ਅਨੁਭਵਾਂ ਨੂੰ ਸਾਂਝੇ ਕਰ ਕੇ ਵੱਖ-ਵੱਖ ਲੋਕਾਂ ਦੇ ਜੀਵਨ ਦੀਆਂ ਉਦਾਹਰਨਾਂ ਦੇ ਕੇ ਪੇਸ਼ ਕਰਨ ਦਾ ਯਤਨ ਕੀਤਾ ਹੈ ਕਿ ਜ਼ਿੰਦਗੀ ਨੂੰ ਬੋਝ ਨਾ ਸਮਝ ਕੇ ਆਪਣੇ ਆਪ ਨੂੰ ਜੀਵਨ ਵਿਚ ਰੁਝਾ ਕੇ ਰੱਖੋ ।

ਲੇਖਕ ਨੇ ਇੱਕ ਨਿਬੰਧ 'ਸੇਵਾ-ਮੁਕਤੀ ਪਿੱਛੋਂ ਖੁੱਲ੍ਹੇ ਅਸਮਾਨੀ ਉੱਡਣਾ' ਵਿਚ ਵੱਖ-ਵੱਖ ਵਿਅਕਤੀਆਂ ਦੇ ਜੀਵਨ ਤੇ ਝਾਤ ਪਵਾਈ ਜਿਵੇਂ ਪਟਿਆਲੇ ਰਹਿੰਦੇ ਡਾ. ਟੀ.ਆਰ ਸ਼ਰਮਾ, ਜਿਹੜੇ ਉੱਘੇ ਸਿੱਖਿਆ ਸ਼ਾਸਤਰੀ ਸਨ।ਡਾ. ਬੀ. ਡੀ. ਧਵਨ ਜਿਹੜੇ ਇੱਕ ਪ੍ਰਸ਼ਾਸਨਿਕ ਅਧਿਕਾਰੀ ਵਜੋਂ ਸੇਵਾ ਮੁਕਤ ਹੋਏ। ਸੇਵਾ ਮੁਕਤੀ ਤੋਂ ਬਾਅਦ ਉਨ੍ਹਾਂ ਸੰਸਕ੍ਰਿਤ ਦੀ ਐਮ.ਏ ਕੀਤੀ ਤੇ ਫਿਰ ਉਪਨਿਸ਼ਦਾਂ ਉੱਪਰ ਪੀਐੱਚਡੀ ਕੀਤੀ, ਫਿਰ ਉਨ੍ਹਾਂ ਨੇ ਅੰਗਰੇਜ਼ੀ ਅਤੇ ਪੰਜਾਬੀ ਸਾਹਿਤ ਵਿਚ ਪੁਸਤਕਾਂ ਲਿਖੀਆਂ।

ਡਾ. ਜੀਆ ਲਾਲ ਹਾਂਡੂ ਜਿਹੜੇ ਪੰਜਾਬ ਦੇ ਸਿੱਖਿਆ ਵਿਭਾਗ ਵਿਚ ਸੀਨੀਅਰ ਪ੍ਰੋਫੈਸਰ ਅਤੇ ਵਿੱਦਿਅਕ ਮਾਹਿਰ ਸਨ। ਸੇਵਾ ਮੁਕਤੀ ਤੋਂ ਬਾਅਦ ਆਪਣੀ ਜ਼ਿੰਦਗੀ ਨੂੰ ਉਨ੍ਹਾਂ ਨੇ ਪੀ.ਜੀ.ਆਈ. ਵਿਚ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਤੇ ਹੋਰ ਸਹਾਇਤਾ ਦੇਣ ਵਿਚ ਲੱਗ ਗਏ ਹਨ।

'ਸੇਵਾ-ਮੁਕਤੀ ਪਿੱਛੋਂ ਖੁੱਲ੍ਹੇ ਅਸਮਾਨੀ ਉੱਡਣਾ' ਨਿਬੰਧ ਵਿਚ ਲੇਖਕ ਜ਼ਿੰਦਗੀ ਨੂੰ ਸਹੀ ਢੰਗ ਨਾਲ ਜਿਊਣ ਦੇ ਗੁਰ ਦੱਸਦਾ ਹੈ ਕਿ ਪ੍ਰਸਿੱਧ ਸਾਹਿਤਕਾਰ ਡਾ. ਸੰਸਾਰ ਚੰਦਾ, ਡਾ. ਮਾਨ ਸਿੰਘ ਨਿਰੰਕਾਰੀ, ਡਾ. ਗੋਸਵਾਮੀ, ਸਾਹਿਤ ਤੇ ਖੋਜੀ ਡਾ. ਹਰਨਾਮ ਸਿੰਘ ਸ਼ਾਨ ਅਤੇ ਪ੍ਰੋ. ਪ੍ਰੀਤਮ ਸਿੰਘ ਜਿਨ੍ਹਾਂ ਦੀ ਉਮਰ 90 ਸਾਲ ਤੋਂ ਵੀ ਉੱਪਰ ਸਨ। ਅਜਿਹੇ ਬਹੁਤ ਸਾਰੀਆਂ ਵਿਅਕਤੀਆਂ ਦੇ ਜੀਵਨ ਬਾਰੇ ਲੇਖਕ ਨੇ ਝਾਤ ਪਵਾਈ ਹੈ ਕਿ ਇਹਨਾਂ ਲੋਕਾਂ ਦੀ ਜ਼ਿੰਦਗੀ ਉਨ੍ਹਾਂ ਲਈ ਪ੍ਰੇਰਨਾ ਦਾ ਸਰੋਤ ਬਣਦੀ ਹੈ, ਜਿਹੜੇ ਸੇਵਾ ਮੁਕਤੀ ਤੋਂ ਬਾਅਦ ਆਪਣੀ ਜ਼ਿੰਦਗੀ ਨੂੰ ਬੋਝ ਤੇ ਨੀਰਸ ਸਮਝਣ ਲੱਗ ਜਾਂਦੇ ਹਨ:

> ਜਦੋਂ ਤੱਕ ਇੱਕ ਵਿਅਕਤੀ ਇਕੱਲਾ ਆਪਣੇ ਬਾਰੇ ਨਾ ਸੋਚ ਕੇ ਸਮੂਹ ਲਈ ਸੋਚਦਾ ਹੈ ਤੇ ਕੋਈ ਨਾ ਕੋਈ ਸਿਰਜਨਾਤਮਕ ਕੰਮ ਕਰਦਾ ਹੈ। ਉਹ ਨਾ ਕਿਸੇ ਉੱਤੇ ਬੋਝ ਬਣਦਾ ਹੈ ਤੇ ਨਾ ਹੀ ਬੁੱਢਾ ਹੁੰਦਾ ਹੈ। ਸੇਵਾ-ਮੁਕਤੀ ਨੌਕਰੀ ਦਾ ਸੰਕਲਪ ਹੈ, ਜ਼ਿੰਦਗੀ ਦਾ ਨਹੀਂ। (ਸੋਮਲ ''ਸਾਡੇ ਅੰਬਰਾਂ ਦੇ ਤਾਰੇ'' 133)

ਆਪਣੇ ਆਪ ਨੂੰ ਬੋਝ ਸਮਝਣ ਦੀ ਬਜਾਏ, ਇੱਕ ਪ੍ਰੇਰਨਾ ਸਰੋਤ ਬਣ ਕੇ ਜੀਵਨ ਨੂੰ ਗੁਜ਼ਾਰਨਾ ਚਾਹੀਦਾ ਹੈ ਤਾਂ ਜੋ ਆਪਣੇ ਆਉਣ ਵਾਲੀਆ ਪੀੜ੍ਹੀਆਂ ਲਈ ਮਿਸਾਲ ਕਾਇਮ ਕੀਤੀ ਜਾ ਸਕੇ।

**ਭਾਵਾਂ, ਵਿਚਾਰਾਂ ਅਤੇ ਕਲਪਨਾ ਦਾ ਸੁਮੇਲ:-** ਨਿਬੰਧ ਦੀ ਵਿਚਾਰਧਾਰਾ ਨਾ ਕਿਸੇ ਧਰਮ-ਸ਼ਾਸਤਰ ਦਾ ਟੀਕਾ ਹੈ, ਨਾ ਕਿਸੇ ਸਨਾਤਨੀ ਸਿਧਾਂਤ ਦੀ ਵਿਆਖਿਆ ਅਤੇ ਨਾ ਹੀ ਸਮਕਾਲੀ ਜੀਵਨ ਦੀਆਂ ਸਮੱਸਿਆਵਾਂ ਦੀ ਅਖ਼ਬਾਰੀ ਰਿਪੋਰਟ ਸਗੋਂ, ਇਹ ਸਭ ਕੁੱਝ ਹੁੰਦੀ ਹੋਈ, ਉਹ ਸਮੁੱਚੇ ਗਿਆਨ ਨੂੰ ਆਪਣੇ ਅੰਦਰ ਸਮੋ ਕੇ ਨਿਬੰਧਕਾਰ ਦੇ ਨਿੱਜੀ ਅਨੁਭਵ ਦਾ ਰੂਪ ਧਾਰ ਕੇ ਸੰਬੰਧਿਤ ਵਿਸ਼ੇ ਬਾਰੇ ਟਿੱਪਣੀ ਦੇ ਲਿਸ਼ਕਾਰੇ ਮਾਰਦੀ ਵਿਸ਼ੇ ਵਸਤੂ ਦਾ ਸਮਾਵੇਸ਼ ਕਰਦੀ ਹੈ।

ਮਨੁੱਖੀ ਮਨ ਫੁਰਨਿਆਂ, ਭਾਵਾਂ, ਤਰੰਗਾਂ ਵਲ ਵਲਿਆਂ ਦਾ ਸਰੋਤ ਹਨ।ਸਾਹਿਤਕਾਰ ਇਨ੍ਹਾਂ ਮਨ ਦੀਆਂ ਤਰਲ ਤਰੰਗਾਂ, ਭਾਵਨਾਵਾਂ, ਸੁਪਨਿਆਂ, ਕਲਪਨਾਵਾਂ ਦੀ ਜਦ ਸੁਚੱਜੀ ਵਰਤੋਂ ਆਪਣੀ ਰਚਨਾ ਸਿਰਜਣ ਲਈ ਕਰਦਾ ਹੈ। ਇੱਕ ਉਸਾਰੂ ਪਰ ਕਾਲਪਨਿਕ ਰਚਨਾ ਸੁਪਨੇ ਦੀ ਪੂਰਤੀ ਹੋ ਜਾਂਦੀ। ਜਿਵੇਂ ਕਾਵਿ ਲਈ ਵਲਵਲੇ ਕਲਪਨਾ ਤੋਂ ਪੈਦਾ ਹੁੰਦੇ ਭਾਵਾਂ ਦੀ ਲੋੜ ਪੈਂਦੀ ਹੈ ਇਵੇਂ ਹੀ ਨਿਬੰਧ ਲਈ ਭਾਵਾਂ ਤੋਂ ਬਣੇ ਵਿਚਾਰ ਤੱਤ ਦੀ ਵਰਤੋਂ ਨਾਲ ਨਿਬੰਧਕਾਰ ਨਿਬੰਧ ਸਿਰਜਦਾ ਹੈ। ਵਿਚਾਰ ਅਨੁਭਵ ਬੁੱਧੀ (ਦਿਲ ਦਿਮਾਗ਼) ਦੇ ਨਾਲ-ਨਾਲ ਮਨੋ ਕਲਪਨਾ, ਸੰਵੇਦਨਾ, ਤੱਤ ਵੀ ਨਿਬੰਧ ਸਿਰਜਣ ਲਈ ਜ਼ਰੂਰੀ ਹੁੰਦੇ ਹਨ। ਵਿਸ਼ਾ ਭਾਵੇਂ ਔਖਾ ਜਾ ਸੌਖਾ ਹੋਵੇ, ਅਥਵਾ ਦਾਰਸ਼ਨਿਕ, ਬਿਰਤਾਂਤ, ਨਿੱਜਤਵ ਜਾਂ ਵਰਨਣਾਤਮਕ ਹੋਵੇ, ਉਸ ਵਿਚ ਸਮਰੂਪ ਮਾਤਰਾਂ ਵਿਚ, ਵਿਚਾਰ, ਭਾਵ, ਕਲਪਨਾ ਤੱਤ ਨਿਜ਼ਾਮ ਕਰਨ ਲਈ ਲੇਖਕ ਦੀ ਕਰਾਮਾਤੀ ਸ਼ਕਤੀ ਕਾਰਜ ਕਰਦੀ ਹੈ।

ਕਲਪਨਾ, ਲੇਖਕ ਦੀ ਸੋਚ-ਉਡਾਰੀ ਦਾ ਦੂਜਾ ਨਾਮ ਹੈ। ਇਹ ਸੋਚ ਉਡਾਰੀ ਸਿਤਾਰਿਆਂ ਤੋਂ ਪਾਰ ਅਣ ਦਿਸਦੇ ਮੰਡਲਾਂ ਵਿਚ ਪਹੁੰਚ ਕੇ ਅਗੰਮੀ ਦੇਸ਼ਾਂ ਦੇ ਗੁੱਝੇ ਭੇਦ ਮਨੁੱਖਤਾ ਨੂੰ ਪ੍ਰਦਾਨ ਕਰਦੀ ਹੈ। ਵਿਚਾਰਾਂ ਦੀ ਪੁਸ਼ਟੀ ਲਈ ਢੁਕਵੀਆਂ ਉਪਮਾਵਾਂ, ਰੂਪਕ ਅਤੇ ਦ੍ਰਿਸ਼ਟਾਂਤ ਵੀ ਇਸੇ ਕਲਪਨਾ ਸ਼ਕਤੀ ਦਾ ਚਮਤਕਾਰ ਹਨ। ਬੇਸ਼ੱਕ ਨਿਬੰਧ ਵਿਚ ਕਲਪਨਾ ਦੀ ਰੰਗ-ਲੀਲ੍ਹਾ ਦਾ ਪਸਾਰ ਕਵਿਤਾ ਦੇ ਟਾਕਰੇ ਵਿਚ ਬਹੁਤ ਘੱਟ ਹੁੰਦਾ ਹੈ, ਪਰ ਵਿਚਾਰਾਂ ਦੀ ਮੌਲਿਕਤਾ ਜਦੋਂ ਮਨੁੱਖੀ ਮਨ ਦੀਆਂ ਪਰਤਾਂ ਨੂੰ ਇੱਕ-ਇੱਕ ਕਰ ਕੇ ਖੋਲ੍ਹਦੀ ਹੈ ਤਾਂ ਅਨੁਭਵ ਵਿਚ ਚਿੰਤਨ ਅਤੇ ਕਲਪਨਾ ਦੇ ਰੰਗ ਘੁਲੇ ਮਿਲੇ ਹੁੰਦੇ ਹਨ।

ਮਨੁੱਖ ਦਾ ਸਭ ਤੋਂ ਵੱਡਾ ਕੰਮ ਆਪਣਾ ਕੰਮ ਸਿੱਧ ਕਰਨਾ ਹੈ। 'ਸਫ਼ੇ ਤੋਂ ਬਾਹਰ ਧਕੇਲੀ ਜਾਂਦੀ ਇਬਾਰਤ' ਨਿਬੰਧ ਵਿਚ ਲੇਖਕ ਦੱਸਦਾ ਹੈ ਕਿ ਵਾਅਦਿਆਂ ਬਾਰੇ ਵੀ ਇਹ ਕਿਹਾ ਜਾਂਦਾ ਹੈ ਇਹ ਜਾਣਦਿਆਂ ਵੀ ਇਹ ਝੂਠੇ ਵਾਅਦੇ ਵੀ ਹੋ ਸਕਦੇ ਹਨ, ਪਰ ਚੰਗੇ ਲਗਦੇ ਹਨ। ਇਸ ਤਰ੍ਹਾਂ ਮਨੁੱਖ ਬਹੁਤ ਵਾਰੀ ਕੱਚਾ ਭਾਂਡਾ ਨਿਕਲਦਾ ਹੈ। ਔਰਤ ਸੰਬੰਧੀ ਆਪਣੇ ਭਾਵਾਂ ਨੂੰ ਲੇਖਕ ਨਿਮਨ ਲਿਖਤ ਸਤਰਾਂ ਵਿਚ ਬਿਆਨ ਕਰਦਾ ਹੈ:

> ਇੱਕ ਔਰਤ ਨਿੱਕੇ-ਮੋਟੇ ਬਰਤਨਾਂ ਦੇ ਬਦਲੇ ਪੁਰਾਣੇ ਕੱਪੜੇ ਲੈਂਦੀ ਘਰੋਂ ਜਾਂਦੀ ਹੈ। ਉਸ ਦੇ ਸਿਰ ਤੇ ਬਰਤਨਾਂ ਨਾਲ ਭਰਿਆ ਛਾਬਾ ਹੁੰਦਾ ਹੈ ਪਿੱਠ ਤੇ ਪੁਰਾਣੇ ਕੱਪੜਿਆਂ ਦਾ ਗੱਠੜ ਹੁੰਦਾ ਹੈ। ਉਹ ਇੰਨਾ ਭਾਰ ਚੁੱਕੀ ਗਲੀ-ਮੁਹੱਲਿਆਂ ਵਿਚ ਗੱਡੀਆਂ ਵਾਲੀਆਂ ਵਾਂਗ ਹੋਕਾ ਦਿੰਦੀ ਨਿਡਰ ਘੁੰਮਦੀ ਹੈ। ਉਸ ਦਾ ਜੁੱਸਾ ਇੰਨਾ ਨਰੋਆ ਭਾਵੇਂ ਨਾ ਹੋਵੇ, ਪਰ ਛੀਂਟ ਕੇ ਜਿਹੇ ਸਰੀਰ ਵਿਚ ਆਪਣੇ ਪੈਰੀਂ ਖਲੋਣ ਦਾ ਇਰਾਦਾ ਤਕੜਾ ਹੈ ਤੇ ਲੋਹੜੇ ਦਾ ਵਾਦੀਆਂ ਨਾਲ ਭਰੀ ਇਸ ਔਰਤ ਅੱਗੇ ਕਿਸੇ ਮਰਦ ਦੀ ਕੀ ਹਿੰਮਤ ਵੀ ਸਿੱਧਾ ਉਸ ਵੱਲ ਤੱਕ ਸਕੇ। ਉਹ ਜ਼ਿੰਦਗੀ ਦਾ ਭਾਰ ਹੱਸ ਕੇ ਢੋਂਦੀ ਹੈ, ਪਰ ਸਵੈਮਾਣ ਨਾਲ ਉਹ ਕਦੇ ਸਮਝੌਤਾ ਨਹੀਂ ਕਰਦੀਆਂ। (ਸੋਮਲ ''ਵਕਤ ਬਦਲ ਗਏ'' 47)

ਉਪਰੋਕਤ ਸ਼ਬਦਾਂ ਤੋਂ ਭਾਵ ਜ਼ਿੰਦਗੀ ਨੂੰ ਕਦੇ ਵੀ ਨੀਰਸ ਨਾ ਹੋਣ ਦਿਓ। ਤਪਦੀਆਂ ਧੁੱਪਾਂ ਵੀ ਇਨਸਾਨ ਨੂੰ ਜ਼ਿੰਦਗੀ ਚਾਉ ਸਬਰ ਨਾਲ ਜਿਊਣਾ ਮਿਹਨਤ ਕਰਨਾ ਸਿਖਾ ਦਿੰਦੀਆਂ ਹਨ। ਲੋੜ ਹੈ ਆਪਣੀ ਹੋਣੀ ਲਈ ਜ਼ੁੰਮੇਵਾਰ ਹਲਾਤਾਂ ਤੋਂ ਸੁਚੇਤ ਹੋਣ ਦੀ। ਇਹਨਾਂ ਕੰਮ ਕਰਦੀਆਂ ਔਰਤਾਂ ਦੀ ਦਸ਼ਾ ਤਾਂ ਪ੍ਰਤੱਖ ਹੈ, ਪਰ ਦਿਸ਼ਾ ਅਜੇ ਕੋਈ ਨਹੀਂ ਤੈਅ ਹੋਈ। ਇਸ ਵਿਚ ਲੇਖਕ ਨੇ ਅੱਜ ਦੀ ਔਰਤ ਨੂੰ ਇਨ੍ਹਾਂ ਇਸਤਰੀਆਂ ਤੋਂ ਸਿੱਖਿਆ ਲੈਣ ਵੱਲ ਵੀ ਇਸ਼ਾਰਾ ਕੀਤਾ ਹੈ।

'ਔਖੇ ਸਮੇਂ ਦਾ ਸਾਥ' ਨਿਬੰਧ ਵਿਚ ਲੇਖਕ ਮਨੁੱਖ ਨੂੰ ਸਮਝਾਉਣ ਦਾ ਜਤਨ ਕਰਦਾ ਹੈ ਕਿ ਮਨੁੱਖ ਦਾ ਸਭ ਤੋਂ ਮੁਸ਼ਕਲ ਘੜੀ ਦਾ ਸਾਥ, ਉਸ ਦਾ ਧੀਰਜ ਹੁੰਦਾ ਹੈ:

> ਜਿਵੇਂ ਬੁੱਧ ਧਰਮ ਕਹਿੰਦਾ ਹੈ, ਹਰ ਵਕਤ ਹਰ ਚੀਜ਼ ਬਦਲਦੀ ਰਹਿੰਦੀ ਹੈ। ਜੋ ਅੱਜ ਹੈ, ਉਹ ਕੱਲ੍ਹ ਨੂੰ ਨਹੀਂ ਰਹੇਗਾ ਜਾਂ ਉਹੋ ਜਿਹਾ ਨਹੀਂ ਰਹੇਗਾ। ਅਸੀਂ ਕਿਸੇ ਸਮੇਂ ਗੁੱਸੇ ਵਿਚ ਭਰੇ ਪੀਤੇ ਹੁੰਦੇ ਹਾਂ, ਕਿਸੇ ਹੋਰ ਘੜੀ ਬੜੇ ਸ਼ਾਂਤ ਰਹਿੰਦੇ ਹਾਂ। ਸੰਕਟ ਆਉਂਦੇ ਹਨ ਤੇ ਲੰਘ ਜਾਂਦੇ ਹਨ।

> ਕਈ ਸਿਆਣਪ ਅਤੇ ਠਰ੍ਹੰਮੇ ਨਾਲ ਇਨ੍ਹਾਂ ਨੂੰ ਹੱਲ ਕਰ ਲੈਂਦੇ ਹਨ, ਕਈ ਕਾਹਲੇ ਵਗੇ ਇਨ੍ਹਾਂ ਦੇ ਸ਼ਿਕਾਰ ਹੋ ਜਾਂਦੇ ਹਨ। (ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ'' 110)

ਲੇਖਕ ਅਨੁਸਾਰ ਧੀਰਜ ਮਨੁੱਖ ਦਾ ਅਜਿਹਾ ਹਥਿਆਰ ਹੈ, ਜਿਹੜਾ ਹੋਰ ਸਾਥ ਤੇ ਸਹਾਰੇ ਦਾ ਮੁਹਤਾਜ ਨਹੀਂ ਹੁੰਦਾ ਤੇ ਕਲਪਨਾ ਕਰਦਾ ਹੈ ਕਿ ਜੇਕਰ ਹਰ ਮਨੁੱਖ ਇਸ ਨੂੰ ਆਪਣੀ ਜ਼ਿੰਦਗੀ ਚ' ਅਪਣਾਵੇ ਤਾਂ ਸੁੱਖ ਭਰੀ ਜ਼ਿੰਦਗੀ ਉਸ ਦਾ ਇੰਤਜ਼ਾਰ ਕਰ ਰਹੀ ਪ੍ਰਤੀਤ ਹੋਵੇਗੀ। ਕਿਉਂਕਿ ਕਾਹਲ ਮਨੁੱਖ ਨੂੰ ਮਾਨਸਿਕ ਦਵੰਦਾਂ ਨਾਲ ਝੰਜੋੜਦੀ ਹੈ ਤੇ ਧੀਰਜ ਮਨੁੱਖ ਦੀ ਜ਼ਿੰਦਗੀ ਨੂੰ ਅਮੀਰ ਬਣਾਉਂਦਾ ਹੈ।

ਜਿਨਸੀ ਵਿਤਕਰੇ ਦਿਨੋਂ-ਦਿਨ ਵੱਧ ਰਹੇ ਹਨ। ਜਿਨਸੀ ਵਿਤਕਰੇ ਤੋਂ ਭਾਵ ਹੈ ਇਸਤਰੀ ਤੇ ਪੁਰਖ ਵਿਚ ਸਮਾਨਤਾ ਨਾ ਹੋਣਾ। ਇਹ ਕਾਣ ਕਿਉਂ ਪਹਿਲਾਂ ਦੇ ਜ਼ਮਾਨਿਆਂ ਵਿਚ ਔਰਤ ਦਾ ਘੱਟ ਪੜ੍ਹਿਆ ਲਿਖਿਆ ਹੋਣਾ ਤੇ ਦੁਨੀਆ ਵਿਚ ਘੱਟ ਵਿਚਰਨਾ ਇੱਕ ਕਾਰਨ ਸੀ। ਆਧੁਨਿਕ ਯੁੱਗ ਵਿਚ ਅੱਜ ਵੀ ਕੁੜੀਆਂ ਦੀ ਘਟਦੀ ਗਿਣਤੀ, ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਅੱਜ ਦੀ ਪੀੜ੍ਹੀ ਇੰਨੀ ਪੜ੍ਹ ਲਿਖ ਕੇ ਵੀ ਸੋਚ ਵਿਚ ਬਦਲਾਵ ਕਿਉਂ ਨਹੀਂ ਲੈ ਕੇ ਆਉਂਦੀ:

> ਪਹਿਲਾਂ,'ਖੇਤ ਬੀਜੀ ਕਣਕ ਜੰਮ ਪਈ', ਦੂਜਾ, 'ਘਰ ਕੁੜੀ ਜੰਮ ਪਈ'। ਸਪਸ਼ਟ ਹੈ ਕਿ ਕਣਕ ਦੇ ਜੰਮਣ ਤੇ ਖ਼ੁਸ਼ੀ ਹੁੰਦੀ ਹੈ, ਜਦ ਕਿ ਕੁੜੀ ਦੇ ਜੰਮਣ ਤੇ ਸੁੰਨ ਪਸਰ ਜਾਂਦੀ ਹੈ। ਜੱਗ-ਜੰਮਿਆ ਤਾਂ ਮਿਲਣ ਵਧਾਈਆਂ ਅਤੇ ਕੁੜੀ ਜੰਮ ਪਈ ਜਵਾਈ ਵਾਲਾ ਹੋ ਗਿਆ। ਇੱਕ ਵਿਚ ਪੁੱਤ ਜੰਮਣ ਦੀ ਖ਼ੁਸ਼ੀ ਹੈ ਅਤੇ ਦੂਜੇ ਵਿਚ ਧੀ ਦੇ ਜੰਮੇਂ ਤੋਂ ਮਮੋਸੇ ਮਨ ਦਾ ਪ੍ਰਗਟਾਵਾ। ਧੀ ਜੰਮਦਿਆਂ ਹੀ ਇਸ ਕਾਣ ਦਾ ਸ਼ਿਕਾਰ ਹੋ ਜਾਂਦੀ ਹੈ। (ਸੋਮਲ ''ਸਾਡੇ ਅੰਬਰਾਂ ਦੇ ਤਾਰੇ'' 107-108)

ਜਿਨਸੀ ਵਿਤਕਰੇ ਸਿਰਫ਼ ਬਜ਼ੁਰਗਾਂ ਦੇ ਬੋਲਾਂ ਵਿਚ ਹੀ ਨਹੀਂ, ਅਖਾਉਤਾਂ ਅਤੇ ਮੁਹਾਵਰਿਆਂ ਵਿਚ ਵੀ ਲੱਭ ਪੈਂਦੇ ਹਨ। ਅਖ਼ਬਾਰਾਂ ਵਿਚ ਨਿੱਤ ਛਪਦੇ ਆਰਟੀਕਲ ਇਸ ਗੱਲ ਦਾ ਸੰਕੇਤ ਹਨ ਕਿ ਅਜੋਕੀ ਪੀੜ੍ਹੀ ਵੀ

ਇਸ ਤੋਂ ਅਭਿੱਜ ਨਹੀਂ ਹੈ। ਔਰਤ ਇਸ ਸਮਾਜ ਵਿਚ ਇੰਨਾ ਪੜ੍ਹ ਲਿਖ ਕੇ ਉੱਚੇ ਦਰਜੇ ਤੇ ਪਹੁੰਚਣ ਦੇ ਬਾਵਜੂਦ ਇਸ ਜਿਨਸੀ ਵਿਤਕਰੇ ਨੂੰ ਖ਼ਤਮ ਨਹੀਂ ਕਰ ਪਾਈ।

**ਸਿੱਟਾ:-** ਡਾ. ਕਰਨੈਲ ਸਿੰਘ ਸੋਮਲ, ਪੰਜਾਬੀ ਦੇ ਅਜਿਹੇ ਨਿਬੰਧਕਾਰ ਹਨ ਜਿਨ੍ਹਾਂ ਦਾ ਅਧਿਐਨ, ਅਧਿਆਪਨ, ਜਾਣਨ ਸਮਝਣ ਤੇ ਸਾਹਿਤ ਲਿਖਣ ਦਾ ਤਜਰਬਾ ਵੀ ਦਹਾਕਿਆਂ ਦਾ ਹੈ। ਲੇਖਕ ਪ੍ਰਗਤੀਵਾਦੀ ਵਿਚਾਰਧਾਰਾ ਦਾ ਲੇਖਕ ਹੈ। ਲੇਖਕ ਨੇ ਨਵੀਂ ਸੋਚ ਤੇ ਨਵੀਨ ਸ਼ੈਲੀ ਵਿਚ, ਜੋ ਨਿਬੰਧਾਂ ਦੀ ਰਚਨਾ ਕੀਤੀ ਹੈ, ਉਨ੍ਹਾਂ ਵਿਚ ਸਾਡੇ ਵਿਚਾਰ ਅਥਵਾ ਅਧਿਐਨ ਅਧੀਨ ਨਿਬੰਧਾਂ ਤੋਂ, ਜੋ ਅਸੀਂ ਸਿੱਟੇ ਦ੍ਰਿਸ਼ਟੀਗੋਚਰ ਕਰਵਾਏ ਹਨ, ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਸੋਮਲ ਦੇ ਨਿਬੰਧ, ਵਿਸ਼ੇਸ਼ ਨਿਵੇਕਲੇ ਮਹੱਤਵਪੂਰਨ ਹਨ ਅਤੇ ਉੱਚੀਆਂ ਸੁੱਚੀਆਂ ਕਦਰਾਂ-ਕੀਮਤਾਂ ਤੇ ਚੜ੍ਹਦੀਕਲਾ ਦੇ ਸੰਕਲਪਾਂ ਦੀ ਵਕਾਲਤ ਕਰਦੇ ਹਨ।

ਲੇਖਕ ਦੇ ਨਿਬੰਧਾਂ ਦੇ ਵਿਸ਼ਾ-ਵਸਤੂ ਆਮ ਸਧਾਰਨ ਮਾਨਵ ਤੋਂ ਲੈ ਕੇ ਵਿਸ਼ੇਸ਼ ਮਾਨਵ ਲਈ ਪ੍ਰੇਰਨਾ ਦੇ ਸਰੋਤ ਕਹੇ ਜਾ ਸਕਦੇ ਹਨ। ਇਨ੍ਹਾਂ ਰਾਹੀਂ ਪਾਠਕਾਂ ਅੰਦਰ ਮੂਲ ਆਤਮਾ ਦੀ ਭਾਵਾਤਮਕ ਸਾਂਝ ਤਾਂ ਪੈਦਾ ਹੁੰਦੀ ਹੈ, ਮਨ ਬੁੱਧੀ ਵੀ ਜਾਗਦੀ ਹੈ। ਸਵੈ ਝਾਤ ਪਾਉਣ ਦੇ ਅਵਸਰ ਪ੍ਰਾਪਤ ਹੁੰਦੇ ਹਨ, ਬਲਕਿ ਮਨ ਬੁੱਧੀ ਅੰਤਹਿਕਰਨ ਦੀ ਕਰਤਾਰੀ ਸ਼ਕਤੀ ਹੈਵਾਨ, ਬਣ ਮਨੁੱਖ ਨੂੰ ਇਨਸਾਨ ਬਣਾਉਂਦੀ ਹੈ। ਆਪਣੇ ਨਿਬੰਧਾਂ ਰਾਹੀਂ ਡਾ. ਕਰਨੈਲ ਸਿੰਘ ਸੋਮਲ ਨੇ ਆਪਣੀ ਸੋਚ ਨੂੰ ਅਜੋਕੇ ਮਨੁੱਖੀ ਸੰਸਾਰ ਵਿਚ ਜ਼ਿੰਦਗੀ ਸਮਾਜ ਸੰਸਾਰ ਦੇ ਆਲ਼ੇ ਦੁਆਲੇ ਕੇਂਦਰਿਤ ਕਰ ਕੇ ਆਪਣੇ ਚੜ੍ਹਦੀਆਂ ਕਲਾ ਵਾਲੇ ਸ਼ਬਦਾਂ ਦੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਹੈ। ਯਥਾਰਥਕ ਹਲਾਤਾਂ ਦੀ ਪਿੱਠ ਭੂਮੀ ਵਿਚ ਉਸ ਨੇ ਪੇਸ਼ ਸਮੱਸਿਆਵਾਂ ਦੇ ਵਿਗਿਆਨਕ ਦ੍ਰਿਸ਼ਟੀ ਤੋਂ ਹੱਲ ਪੇਸ਼ ਕੀਤੇ ਹਨ। ਉਸ ਦੀ ਅਭਿਵਿਅਕਤੀ ਕਲਾ ਦੀ ਖ਼ੂਬਸੂਰਤੀ, ਉਸ ਦੀ ਸਾਦੀ ਭਾਸ਼ਾ ਦੀ ਸੁ ਵਰਤੋਂ ਵਿਚ ਹੈ। ਲੋਕ-ਭਾਸ਼ਾ ਵਿਚ ਉਹ ਸਤਿ-ਸੰਕਲਪੀ ਸਿਆਣਪਾਂ ਅਤੇ ਸੁਝਾਵਾਂ ਨੂੰ ਪੇਸ਼ ਕਰਦਾ ਹੋਇਆ, ਆਪਣੇ ਨਿਬੰਧਾਂ ਨੂੰ ਰੋਚਿਕ ਤੇ ਰਮਣੀਕ ਬਣਾਉਂਦਾ ਹੈ। ਹਰ ਲੇਖਕ ਆਪਣੇ ਜ਼ਿੰਦਗੀ ਵਿਚ ਵਾਪਰੇ ਕਸ਼ਟਾਂ ਨੂੰ ਪਾਠਕਾਂ ਨੂੰ ਮਹਿਸੂਸ

ਕਰਵਾਉਣਾ ਚਾਹੁੰਦਾ ਹੈ, ਜਿਸ ਲਈ ਉਹ ਆਪਣੀ ਹੱਡ ਬੀਤੀ ਨੂੰ ਜੱਗ ਬੀਤੀ ਬਣਾ ਕੇ ਦੂਜਿਆਂ ਨੂੰ ਉਹ ਚੀਸ ਮਹਿਸੂਸ ਕਰਵਾਉਣ ਦਾ ਵਸੀਲਾ ਬਣਦੇ ਹਨ।

ਡਾ. ਕਰਨੈਲ ਸਿੰਘ ਸੋਮਲ ਦੀ ਨਿਬੰਧਕਾਰੀ ਦਾ ਵਿਧਾ-ਸ਼ਾਸਤਰੀ ਅਧਿਐਨ ਕੀਤਿਆਂ, ਇਹ ਸਪਸ਼ਟ ਨਿਰਨੇ ਦ੍ਰਿਸ਼ਟੀਗੋਚਰ ਹੁੰਦੇ ਹਨ। ਲੇਖਕ ਨੇ ਬੱਚਿਆਂ, ਵਿਦਿਆਰਥੀਆਂ ਲਈ ਪੁਸਤਕਾਂ ਤਿਆਰ ਕਰਨ ਤੋਂ ਇਲਾਵਾ ਪੰਜਾਬੀ ਭਾਸ਼ਾ, ਸਾਹਿਤ ਸਭਿਆਚਾਰ ਦੇ ਉਥਾਨ ਲਈ ਪੰਜਾਬੀ ਨਿਬੰਧ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਲੇਖਕ ਦੀ ਜੀਵਨ-ਦ੍ਰਿਸ਼ਟੀ ਨਵੀਂ-ਨਰੋਈ, ਗਿਆਨ ਵਿਗਿਆਨ ਅਨੁਸਾਰ ਉਸਾਰੂ ਅਤੇ ਕਲਿਆਣਕਾਰੀ ਹੈ। ਲੇਖਕ  ਸੋਧ ਅਤੇ ਖੋਜ ਖੇਤਰ ਵਿਚ ਭਾਈ ਦਿੱਤ ਸਿੰਘ ਗਿਆਨੀ ਦੀ ਰਚਨਾ, ਸ਼ਖ਼ਸੀਅਤ ਸੰਬੰਧੀ ਪੁਸਤਕ 2005 ਪ੍ਰਕਾਸ਼ਿਤ ਕਰਵਾਈ ਹੈ। ਬੱਚਿਆਂ ਲਈ ਲਗਭਗ ਦੋ ਦਰਜਨ ਪੁਸਤਕਾਂ ਦੀ ਰਚਨਾ ਕਰ ਕੇ ਪੰਜਾਬੀ ਬਾਲ ਸਾਹਿਤ ਵਿਚ ਲੇਖਕ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ।

# ਅਧਿਆਇ ਚੌਥਾ

## ਪ੍ਰੋ. ਅੱਛਰੂ ਸਿੰਘ ਦੀ ਨਿਬੰਧਕਾਰੀ: ਵਿਧਾ-ਸ਼ਾਸਤਰੀ ਅਧਿਐਨ

ਡਾ. ਅੱਛਰੂ ਸਿੰਘ ਭਾਵੇਂ ਅੰਗਰੇਜ਼ੀ ਸਾਹਿਤ ਦੇ ਅਧਿਆਪਕ, ਗੰਭੀਰ ਅਧਿਐਨ ਕਰਤਾ ਅਤੇ ਨਵੀਂ ਸੋਚਾਂ ਦੇ ਸੰਚਾਲਕ ਹਨ, ਪਰੰਤੂ ਉਨ੍ਹਾਂ ਨੇ ਪੰਜਾਬੀ ਸਾਹਿਤ ਨੇ ਨਿਬੰਧ ਵਿਧਾ ਨੂੰ ਆਪਣੀ ਲੇਖਣੀ ਦਾ ਧੁਰਾ ਬਣਾਉਣਾ ਆਪਣੀ ਮਾਂ ਬੋਲੀ ਪ੍ਰਤੀ ਪਿਆਰ ਹੈ। ਲੇਖਕ ਨੇ, ਜੋ ਨਿਬੰਧ ਲਿਖੇ ਹਨ, ਉਨ੍ਹਾਂ ਰਾਹੀਂ ਉਹ ਨਵੀਆਂ ਵਿਗਿਆਨਕ ਸੋਚਾਂ ਦੀ ਦ੍ਰਿਸ਼ਟੀ ਤੋਂ ਵਰਤਮਾਨ ਸਮਾਜ ਦੀਆਂ ਆਰਥਿਕ, ਸਭਿਆਚਾਰਕ, ਨੈਤਿਕ ਅਤੇ ਅਨੈਤਿਕ ਸਮੱਸਿਆਵਾਂ ਦਾ ਗਹਿਰ ਗੰਭੀਰ ਅਧਿਐਨ ਕੀਤਾ ਹੈ। ਲੇਖਕ ਨੇ ਸਿੱਖ ਧਰਮ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਰਵਾਇਤਾਂ, ਪ੍ਰਾਪਤੀਆਂ ਸੰਬੰਧੀ ਵੀ ਨਿਬੰਧ ਲਿਖੇ ਹਨ। ਪ੍ਰੋ. ਅੱਛਰੂ ਸਿੰਘ ਪੰਜਾਬੀ ਨਿਬੰਧਕਾਰੀ ਵਿਚ ਕਾਰਜਸ਼ੀਲ ਪ੍ਰਮੁੱਖ ਨਾਮ ਹੈ। ਪ੍ਰੋ. ਅੱਛਰੂ ਸਿੰਘ ਨੇ ਆਪਣੀਆਂ ਪੁਸਤਕਾਂ ਵਿਚ ਪੇਸ਼ ਨਿਬੰਧਾਂ ਵਿਚ ਜੀਵਨ ਦੇ ਹਰ ਪੱਖ ਨੂੰ ਛੂਹਿਆ ਹੈ। ਲੇਖਕ ਆਪਣੇ ਨਿਬੰਧਾਂ ਵਿਚ ਮਨੁੱਖ ਨੂੰ ਜੀਵਨ ਦੇ ਹਰ ਖੇਤਰ ਨਾਲ ਸੰਬੰਧਿਤ ਮੁਸ਼ਕਲਾਂ ਪ੍ਰਤੀ ਅਗਵਾਈ ਦਿੰਦਾ ਹੈ। ਪ੍ਰੋ. ਅੱਛਰੂ ਸਿੰਘ ਦੇ ਨਿਬੰਧਾਂ ਦਾ ਮੁੱਖ ਉਦੇਸ਼ ਪ੍ਰੇਰਨਾਮਈ ਤੇ ਸਿੱਖਿਆਦਾਇਕ ਨਿਬੰਧਾਂ ਰਾਹੀਂ ਮਨੁੱਖ ਨੂੰ ਸੇਧ ਦੇਣਾ ਹੈ ਤਾਂ ਜੋ ਉਹ ਸੁਚੱਜੀ ਤੇ ਅਰਥ ਪੂਰਨ ਜ਼ਿੰਦਗੀ ਬਿਤਾ ਸਕੇ:

> ਵੀਰਵੰਤੀ ਕੌਰ ਅਨੁਸਾਰ: ਲੇਖਕ ਦੇ ਨਿਬੰਧਾਂ ਵਿਚ ਪੇਸ਼ ਵਿਸ਼ੇ ਜ਼ਿੰਦਗੀ ਦੇ ਹਰ ਪੱਖ ਦਾ ਸਹਿਜ ਗਿਆਨ ਕਰਵਾਉਂਦੇ ਹੋਏ, ਜੀਵਨ ਨੂੰ ਜਿਉਣ ਦਾ ਅਸਲ ਢੰਗ ਸਮਝਾਉਂਦੇ ਹਨ। ਜ਼ਿੰਦਗੀ ਰੂਪੀ ਇਸ ਰੁੱਖ ਨੂੰ ਬੋਹੜ ਵਰਗਾ ਸੰਘਣਾ ਬਣਾਉਣਾ ਚਾਹੁੰਦੇ ਹਨ ਤਾਂ ਜੋ ਸਭ ਲਈ ਹਰ ਪਾਸੇ ਮਿੱਠੀ ਛਾਂ ਹੋ ਸਕੇ। ਲੇਖਕ ਦੇ ਨਿਬੰਧ ਲੋਕਾਂ ਨੂੰ ਨਿਰਾਸ਼ਾ ਦੇ ਆਲਮ ਵਿਚੋਂ ਕੱਢਣ ਵਾਲੇ, ਜਵਾਨੀ ਨੂੰ ਸਹੀ ਸੇਧ ਦੇਣ ਵਾਲੇ, ਸ਼ਖ਼ਸੀਅਤ ਵਿਚ ਨਿਖਾਰ ਲਿਆਉਣ ਦੇ ਗੁਰ ਦੱਸਣ ਵਾਲੇ, ਖ਼ੁਸ਼ੀਆਂ ਦਾ ਖ਼ਜ਼ਾਨਾ ਲੱਭਣ ਦਾ ਰਾਹ ਦਿਖਾਉਣ ਵਾਲੇ, ਡਿੱਗਿਆ ਨੂੰ ਉਠਾਉਣ ਵਾਲੇ, ਸੁੱਤਿਆਂ ਨੂੰ ਜਗਾਉਣ ਵਾਲੇ ਅਤੇ ਜ਼ਿੰਦਗੀ ਦੇ ਹਨੇਰੇ ਰਾਹਾਂ ਨੂੰ ਰੁਸ਼ਨਾਉਣ ਦਾ ਕੰਮ ਕਰਦੇ

ਹਨ। (ਵੀਰਵੰਤੀ ਕੌਰ ''ਆਧੁਨਿਕ ਪੰਜਾਬੀ ਵਾਰਤਕ ਵਿਚ ਪ੍ਰੋ. ਅੱਛਰੂ ਸਿੰਘ ਦਾ ਯੋਗਦਾਨ'' 8)

**ਲੇਖਕ ਦੇ ਨਿਬੰਧਾਂ ਦੇ ਵਿਸ਼ੇ:-** ਲੇਖਕ ਦੇ ਨਿਬੰਧਾਂ ਵਿਚ ਪੇਸ਼ ਵਿਸ਼ੇ ੳ) ਜੀਵਨ ਜਾਚ ਅ) ਦਾਰਸ਼ਨਿਕ ਨਿਬੰਧ ੲ) ਸਭਿਆਚਾਰਕ ਪੱਖ ਸ) ਪਰਿਵਾਰਿਕ ਰਿਸ਼ਤਿਆਂ ਦਾ ਸਰੂਪ ਹ) ਇਸਤਰੀ ਪੱਖ ਕ) ਪ੍ਰੇਰਨਾਮਈ/ ਸਿੱਖਿਆਦਾਇਕ ਨਿਬੰਧ ਹ) ਸਮਕਾਲੀ ਸਰੋਕਾਰ ਆਦਿ ਹਨ।

## 1) ਵਿਸ਼ਾ-ਵਸਤੂ ਅਤੇ ਦ੍ਰਿਸ਼ਟੀਕੋਣ:-

**ੳ) ਜੀਵਨ ਜਾਚ**:- ਮਨੁੱਖ ਨੂੰ ਆਪਣੀ ਜ਼ਿੰਦਗੀ ਵਿਚ ਬਹੁਤ ਸਾਰੇ ਪੱਧਰਾਂ ਤੇ ਪਰਤਾਂ ਉੱਪਰ ਵਿਚਰਨਾ ਪੈਂਦਾ ਹੈ, ਜਿਨ੍ਹਾਂ ਨਾਲ ਇਕਸੁਰਤਾ ਪੈਦਾ ਕਰਨਾ, ਉਸ ਦੀ ਪਹਿਲੀ ਬੁਨਿਆਦੀ ਜ਼ਿੰਮੇਵਾਰੀ ਹੁੰਦੀ ਹੈ। 'ਜੀਵਨ ਦੀ ਬੁਨਿਆਦੀ ਲੋੜ ਸਰਬਾਂਗੀ ਇਕਸੁਰਤਾ' ਨਿਬੰਧ ਵਿਚ ਲੇਖਕ ਜ਼ਿੰਦਗੀ ਵਿਚ ਤਿੰਨ ਕਾਰਜਸ਼ੀਲ ਪੱਧਰਾਂ ਦੀ ਮਹੱਤਤਾ ਦੱਸਦਾ ਹੈ:

> ਜੀਵਨ ਵਿਚ ਹਰ ਮਨੁੱਖ ਤਿੰਨ ਪੱਧਰਾਂ ਤੇ ਹੀ ਕਾਰਜਸ਼ੀਲ ਰਹਿੰਦਾ ਹੈ ਅਤੇ ਇਹ ਪੱਧਰ ਹਨ ਮਨ, ਬਚਨ ਅਤੇ ਕਰਮ। ਇਸ ਦਾ ਭਾਵ ਹੈ ਕਿ ਮਨੁੱਖ ਪਹਿਲਾਂ ਸੋਚਦਾ ਹੈ, ਫਿਰ ਬੋਲਦਾ ਹੈ ਤੇ ਫਿਰ ਕਾਰਜ ਕਰਦਾ ਹੈ। ਸਿਆਣਾ ਮਨੁੱਖ ਉਸੇ ਨੂੰ ਕਿਹਾ ਜਾ ਸਕਦਾ ਹੈ, ਜੋ ਚੰਗਾ ਸੋਚੇ, ਚੰਗਾ ਬੋਲੇ ਅਤੇ ਚੰਗੇ ਕਾਰਜ ਕਰੇ। ਅਜਿਹਾ ਮਨੁੱਖ ਹੀ ਜੀਵਨ ਵਿਚ ਸਫਲ ਹੁੰਦਾ ਹੈ। (ਅੱਛਰੂ ਸਿੰਘ ''ਜੀਵਨ ਬਾਤਾਂ'' 59

ਚੰਗੀ ਬੋਲ ਬਾਣੀ, ਚੰਗੇ ਵਿਚਾਰ ਤੇ ਉਸ ਵੱਲੋਂ ਕੀਤੇ ਚੰਗੇ ਕੰਮ ਉਸ ਨੂੰ ਜਗਤ ਵਿਚ ਸ਼ੋਭਾ ਦਿਵਾਉਂਦੇ ਹਨ। ਕਿਹਾ ਜਾਂਦਾ ਹੈ ਤਲਵਾਰ ਦੇ ਫੱਟ ਤਾਂ ਮਿਟ ਜਾਂਦੇ ਨੇ ਜ਼ੁਬਾਨ ਦੇ ਨਹੀਂ।ਸਮਕਾਲ ਦੀ ਲੋੜ ਵੀ ਇਹੋ ਹੈ ਕਿ

ਮਨੁੱਖ ਤੇ ਜ਼ਬਾਨ ਦੀ ਮਿਠਾਸ, ਉਸ ਦੇ ਸੋ ਕੰਮ ਸਵਾਰ ਦਿੰਦੀ ਹੈ। 'ਜੀਵਨ ਜਾਚ ਖ਼ੁਸ਼ੀ ਦਾ ਮਾਪ' ਨਿਬੰਧ ਵਿਚ ਲੇਖਕ ਅਨੁਸਾਰ ਸਹੀ ਜੀਵਨ ਜਾਚ ਦਾ ਮੁੱਖ ਅਧਾਰ, ਸਹੀ ਸੋਚ ਹੋਣਾ ਹੈ। ਮਨੁੱਖੀ ਜੀਵਨ ਨੂੰ ਸਾਰਥਕ ਬਣਾਉਣ ਲਈ ਅਤੇ ਇਸ ਦਾ ਸਹੀ ਅਨੰਦ ਮਾਣਨ ਲਈ ਜ਼ਰੂਰੀ ਹੈ ਕਿ ਮਨੁੱਖ ਉੱਚੀਆਂ-ਸੁੱਚੀਆਂ ਮਾਨਵੀ ਕਦਰਾਂ-ਕੀਮਤਾਂ ਦਾ ਧਾਰਨੀ ਹੋਵੇ। ਉਹ ਸੰਜਮੀ, ਸੁਹਿਰਦ, ਸਪਸ਼ਟ ਤੇ ਸੱਚ ਨੂੰ ਪਰਨਾਇਆ ਹੋਵੇ, ਉਹ ਕਿਸੇ ਵੀ ਹਾਲਤ ਵਿਚ ਇਮਾਨਦਾਰੀ, ਵਫ਼ਾਦਾਰੀ, ਖ਼ੁਦਦਾਰੀ, ਦਿਲਦਾਰੀ ਅਤੇ ਸੰਜੀਦਗੀ ਦਾ ਪੱਲਾ ਨਾ ਛੱਡੇ। ਅਜਿਹੇ ਵਡਮੁੱਲੇ ਗੁਣਾਂ ਵਾਲਾ ਵਿਅਕਤੀ ਕੇਵਲ ਖ਼ੁਦ ਖੇੜੇ ਭਰਪੂਰ ਜੀਵਨ ਦਾ ਅਨੰਦ ਹੀ ਨਹੀਂ ਮਾਣੇਗਾ, ਸਗੋਂ ਜਿਸ ਦੀ ਵਿਚ ਜ਼ਿੰਦਗੀ ਨਾਲ ਜੁੜੇਗਾ, ਉਸ ਦਾ ਜੀਵਨ ਵੀ ਅਨੰਦ ਭਰਪੂਰ ਬਣਾਏਗਾ।

'ਚੜ੍ਹਦੀ ਕਲਾ ਵਿਚ ਰਹਿਣ ਦਾ ਵਲ' ਨਿਬੰਧ ਵਿਚ ਲੇਖਕ ਮਨੁੱਖ ਨੂੰ ਚੜ੍ਹਦੀ ਕਲਾ ਵਿਚ ਰਹਿਣ ਦੀ ਜਾਚ ਸਿਖਾਉਂਦਾ ਹੈ।

> ਹਰ ਸਥਿਤੀ ਵਿਚ ਸਹਿਜ, ਸੰਤੁਲਿਤ ਤੇ ਸੰਤੁਸ਼ਟ ਰਹਿਣ ਵਾਲੇ ਵਿਅਕਤੀ ਮੁਸ਼ਕਲਾਂ ਅਤੇ ਦੁੱਖਾਂ ਤੋਂ ਰਹਿਤ ਨਹੀਂ ਹੁੰਦੇ, ਸਗੋਂ ਉਨ੍ਹਾਂ ਨੂੰ ਇਹਨਾਂ ਨਾਲ ਸਿੱਝਣ ਦਾ ਵੱਲ ਆ ਜਾਂਦਾ ਹੈ। ਉਨ੍ਹਾਂ ਅਨੁਸਾਰ ਜੋ ਹੋਇਆ ਸੀ, ਉਹ ਠੀਕ ਹੋਇਆ ਸੀ, ਜੋ ਹੋ ਰਿਹਾ ਹੈ ਉਹ ਠੀਕ ਹੋ ਰਿਹਾ ਹੈ ਤੇ ਜੋ ਹੋਵੇਗਾ, ਉਹ ਵੀ ਠੀਕ ਹੀ ਹੋਵੇਗਾ। ਉਹ ਬੁਰਾਈ ਵਿਚੋਂ ਵੀ ਭਲਾਈ ਦੀ ਮੰਗ ਕਰਦੇ ਹਨ ਅਤੇ 'ਰੱਖ ਭਰੋਸਾ ਸਾਂਈ' ਤੇ ਕਰਦਾ ਜਾਹ ਤੂੰ ਸੱਚੀ ਕਾਰ ਦੇ ਸੁਨਹਿਰੀ ਸਿਧਾਂਤ ਵਿਚ ਵਿਸ਼ਵਾਸ ਰੱਖਦੇ ਹਨ। (ਅੱਛਰੂ ਸਿੰਘ ''ਜੀਵਨ ਦੇ ਰੰਗ''62-63)

ਲੇਖਕ 'ਜੀਵਨ ਜਾਚ-ਜੀਵਨ ਦੇ ਸੁਨਹਿਰੀ ਨਿਯਮ' ਨਿਬੰਧ ਵਿਚ ਮਨੁੱਖ ਨੂੰ ਸੇਧ ਦਿੰਦਾ ਹੈ ਕਿ ਜ਼ਿੰਦਗੀ ਬਾਰੇ ਗੰਭੀਰਤਾ ਨਾਲ ਸੋਚਣਾ ਅਤੇ ਚਿੰਤਨ ਕਰਨਾ ਇੱਕ ਸਫਲ ਜੀਵਨ ਦੀ ਬੁਨਿਆਦ ਹੈ। ਔਕੜਾਂ

ਵਿਚ ਘਬਰਾਉਣ ਦੀ ਬਜਾਏ, ਉਨ੍ਹਾਂ ਔਕੜ ਨੂੰ ਦੂਰ ਕਰਨ ਲਈ ਚਿੰਤਨ ਦੀ ਲੋੜ ਹੈ, ਜ਼ਿੰਦਗੀ ਵਿਚ ਆਸ ਤੇ ਵਿਸ਼ਵਾਸ, ਜਿੰਦਾ-ਦਿਲੀ ਤੇ ਸੰਜੀਦਗੀ ਮਨੁੱਖ ਨੂੰ ਸਾਕਾਰਾਤਮਕ ਦ੍ਰਿਸ਼ਟੀ ਦੇ ਧਾਰਨੀ ਬਣਾਉਂਦੀਆਂ ਹਨ:

> ਇਸ ਲਈ ਮਨੁੱਖ ਨੂੰ ਆਪਣੀਆਂ ਨਾਕਾਰਾਤਮਕ ਰੁਚੀਆਂ ਅਤੇ ਪੰਜ ਸ਼ਕਤੀਸ਼ਾਲੀ ਦੁਸ਼ਮਣਾਂ ਨੂੰ ਵੱਸ ਵਿਚ ਕਰਨਾ ਪਵੇਗਾ।(ਅੱਛਰੂ ਸਿੰਘ ''ਸ਼ਖ਼ਸੀਅਤ ਵਿਕਾਸ, ਕੋਮਲ ਹੁਨਰ ਅਤੇ ਮਾਨਵੀ ਕਦਰਾਂ-ਕੀਮਤਾਂ'' 48-49)

ਜਿੱਥੇ ਮਨੁੱਖ ਮਾਨਸਿਕ ਰੂਪ ਵਿਚ ਤੰਦਰੁਸਤ ਮਹਿਸੂਸ ਕਰੇਗਾ, ਉੱਥੇ ਉਹ ਇੱਕ ਨਰੋਏ ਤੇ ਸਿਹਤਮੰਦ ਸਮਾਜ ਉਸਾਰਨ ਵਿਚ ਵੀ ਆਪਣੀ ਭੂਮਿਕਾ ਨਿਭਾ ਸਕੇਗਾ। ਇੱਕ ਮਨੁੱਖ ਨੂੰ ਜ਼ਿੰਦਗੀ ਵਿਚ ਖ਼ੁਸ਼ ਰਹਿਣ ਲਈ ਅਤੇ ਹਰ ਮੁਸ਼ਕਲ ਨੂੰ ਅਸਾਨ ਬਣਾਉਣ ਸਮੁੱਚੀ ਸ੍ਰਿਸ਼ਟੀ ਨਾਲ ਇਕਸੁਰਤਾ ਕਾਇਮ ਰੱਖਣੀ ਪਵੇਗੀ। 'ਸਿਹਤ ਸੰਭਾਲ' ਨਿਬੰਧ ਵਿਚ ਲੇਖਕ ਚੰਗੀ ਖ਼ੁਰਾਕ, ਰੋਜ਼ਾਨਾ ਕਸਰਤ, ਮਾਨਸਿਕ ਤੰਦਰੁਸਤੀ, ਆਲੇ-ਦੁਆਲੇ ਸਫ਼ਾਈ ਅਤੇ ਨੀਂਦ ਦੀ ਮਹੱਤਤਾ ਦੱਸਦਾ ਹੈ ਕਿ ਇਹ ਸਾਰੇ ਗੁਣ ਜੇਕਰ ਮਨੁੱਖ ਆਪਣੀ ਜ਼ਿੰਦਗੀ ਵਿਚ ਸ਼ਾਮਿਲ ਕਰ ਲਵੇ ਤਾਂ ਉਹ ਸਿਰਫ਼ ਖ਼ੁਸ਼ਹਾਲ ਜ਼ਿੰਦਗੀ ਹੀ ਨਹੀਂ ਜਿਉਂ ਸਕਦਾ, ਸਗੋਂ ਨਰੋਏ ਸਮਾਜ ਦੀ ਸਿਰਜਣਾ ਵਿਚ ਵੀ ਆਪਣਾ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ ਤੇ ਤੰਦਰੁਸਤ ਸਰੀਰ ਦੀ ਨਿਸ਼ਾਨੀ ਅਸਲੀ ਨੀਂਦ ਆਉਣਾ ਹੈ:

> ਲੇਖਕ ਅੰਗਰੇਜ਼ੀ ਦੀ ਕਹਾਵਤ ਦਾ ਹਵਾਲਾ ਦਿੰਦਾ ਹੈ ਕਿ ਅਤੇ ਪੰਜਾਬੀ ਦੀ ਪ੍ਰਸਿੱਧ ਕਹਾਵਤ ਜਲਦੀ ਸੌਂ ਤੇ ਜਲਦੀ ਜਾਗ, ਵਧੇ ਉਮਰ ਤੇ ਲੱਗਣ ਭਾਗ। (ਅੱਛਰੂ ਸਿੰਘ ''ਸ਼ਖ਼ਸੀਅਤ ਵਿਕਾਸ, ਕੋਮਲ ਹੁਨਰ ਅਤੇ ਮਾਨਵੀ ਕਦਰਾਂ-ਕੀਮਤਾਂ'' 23)

ਨੀਂਦ ਦਾ ਜੁੜਾਵ ਮਨੁੱਖ ਦੇ ਪੂਰੇ ਦਿਨ ਦੇ ਰੁਝਾਨ ਨਾਲ ਜੁੜਿਆ ਹੁੰਦਾ ਹੈ ਤੇ ਜੇਕਰ ਚੰਗੀ ਨੀਂਦ ਲਈ ਗਈ ਹੋਵੇ ਤਾਂ ਮਨੁੱਖ ਦੀ ਕਾਰਜ ਕੁਸ਼ਲਤਾ ਪ੍ਰਭਾਵਿਤ ਹੁੰਦੀ ਹੈ। ਜਿਵੇਂ ਜ਼ਿਆਦਾ ਸੌਣਾ ਮਨੁੱਖ ਨੂੰ ਆਲਸੀ ਅਤੇ ਢਿੱਲੜ ਬਣਾ ਦਿੰਦਾ ਹੈ, ਬਿਲਕੁਲ ਉਸੀ ਪ੍ਰਕਾਰ ਘੱਟ ਸੌਣਾ ਮਨੁੱਖ ਨੂੰ ਸਰੀਰਕ ਬਿਮਾਰੀਆਂ ਤੇ ਮਾਨਸਿਕ

ਗੁੰਝਲਾਂ ਦਾ ਸ਼ਿਕਾਰ ਬਣਾ ਦਿੰਦਾ ਹੈ। ਲੇਖਕ ਤੇ ਸਵੇਰ ਦੇ ਸੂਰਜ ਦੀਆਂ ਪੈਂਦੀਆਂ ਕਿਰਨਾ, ਮਨੁੱਖੀ ਜ਼ਿੰਦਗੀ ਨੂੰ ਖ਼ੁਸ਼ਨੁਮਾ ਬਣਾ ਦਿੰਦੀਆਂ ਹਨ।ਆਲਸੀ ਬਣਨ ਦੀ ਬਜਾਏ ਸਵੇਰ ਦਾ ਅਨੰਦ ਮਾਣਿਆ ਜਾਵੇ।

'ਮਨ ਜੀਤੈ ਜਗੁ ਜੀਤੁ' ਨਿਬੰਧ ਵਿਚ ਆਪਣੇ ਵਿਚਾਰ ਪੇਸ਼ ਕਰਦਾ ਹੈ ਕਿ 'ਮਨਿ ਜੀਤੇ ਜਗੁ ਜੀਤੁ' ਤੋਂ ਭਾਵ ਮਨ ਦੀ ਜਿੱਤ ਹੈ। ਜਿਸ ਮਨੁੱਖ ਨੇ ਆਪਣਾ ਮਨ ਜਿੱਤ ਲਿਆ, ਉਸ ਨੇ ਸਾਰਾ ਜੱਗ ਜਿੱਤ ਲਿਆ। ਲੇਖਕ ਮਹਾਤਮਾ ਬੁੱਧ ਦੇ ਧਰਮ ਗ੍ਰੰਥ 'ਧੱਮਪਦ' ਦਾ ਹਵਾਲਾ ਦਿੰਦਿਆਂ ਆਖਦਾ ਹੈ:

> ਜੀਵਨ ਦੇ ਭਾਵਾਂ ਦਾ ਮੁੱਢ ਮਨ ਤੋਂ ਹੀ ਬੱਝਦਾ ਹੈ ਅਤੇ ਮਨ ਹੀ ਉਨ੍ਹਾਂ ਸਭ ਦਾ ਪ੍ਰਧਾਨ ਹੈ ਇਸੇ ਲਈ ਉਹ ਫ਼ਰਮਾਉਂਦੇ ਹਨ ਕਿ ਸਾਰੀ ਦੁਨੀਆ ਜਿੱਤਣ ਨਾਲੋਂ ਮਨ ਦਾ ਜਿੱਤਣਾ ਚੰਗਾ ਹੈ ਕਿਉਂਕਿ ਮੌਤ ਸਮੇਤ ਦੁਨੀਆ ਦੀ ਕੋਈ ਵੀ ਸ਼ਕਤੀ ਉਸ ਦੀ ਜਿੱਤ ਨੂੰ ਨਿਸਫਲ ਨਹੀਂ ਕਰ ਸਕਦੀ। (ਅੱਛਰੂ ਸਿੰਘ ''ਜੀਵਨ ਦੇ ਰੰਗ'' 3)

ਮਨੁੱਖੀ ਮਨ ਵਿਚ ਹਾਂ ਪੱਖੀ ਸੋਚ ਨੂੰ ਭਾਰੂ ਕੀਤਾ ਜਾਵੇ।ਜਿਵੇਂ-ਜਿਵੇਂ ਮਨੁੱਖੀ ਮਨ ਉੱਪਰ ਕਾਬੂ ਵਧਦਾ ਜਾਵੇਗਾ। ਮਨੁੱਖ ਸਾਰਥਕ ਸੋਚ ਦਾ ਧਾਰਨੀ ਬਣਦਾ ਜਾਵੇਗਾ, ਤਿਵੇਂ-ਤਿਵੇਂ ਮਨੁੱਖ ਵਾਧੂ ਤਣਾਅ, ਚਿੰਤਾ, ਭਟਕਣਾ ਤੋਂ ਮੁਕਤ ਹੁੰਦਾ ਜਾਵੇਗਾ। ਉਸ ਦਿਨ ਸਾਡਾ ਜੱਗ ਨੂੰ ਜਿੱਤਣ ਦਾ ਉਦੇਸ਼ ਵੀ ਪੂਰਾ ਹੋ ਜਾਵੇਗਾ। ਮਨ ਇੱਕ ਬੇਲਗ਼ਾਮ ਘੋੜੇ ਦੀ ਤਰ੍ਹਾਂ ਹੁੰਦਾ ਹੈ, ਜਿਸ ਦੀ ਚੰਚਲਤਾ ਪਤਾ ਨਹੀਂ ਉਸ ਨੂੰ ਕਿੱਥੇ-ਕਿੱਥੇ ਲੈ ਕੇ ਤੁਰੀ ਫਿਰੇ। ਉਸ ਨੂੰ ਕਾਬੂ ਕਰ ਕੇ ਸੁਚੱਜੀ ਜੀਵਨ ਜਾਚ ਅਪਣਾ ਕੇ ਅਤੇ ਆਪਣੀਆਂ ਗਿਆਨ ਇੰਦਰੀਆਂ ਅਤੇ ਮਨੁੱਖੀ ਮਨ ਵਿਚ ਪੈਦਾ ਹੋਣ ਵਾਲੇ ਵਿਸ਼ੇ ਵਿਕਾਰਾਂ ਨੂੰ ਕਾਬੂ ਕਰ ਕੇ ਹੀ, ਮਨ ਉੱਪਰ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ। ਸਮਕਾਲ ਦੀ ਸਭ ਤੋਂ ਵੱਡੀ ਸਮੱਸਿਆ ਚਿੰਤਾ ਤੇ ਤਣਾਅ ਹੈ, ਇਸ ਨੂੰ ਕੰਟਰੋਲ ਕਰਨ ਲਈ ਹਾਂ ਪੱਖੀ ਸੋਚ ਮਨੁੱਖ ਨੂੰ ਹਮੇਸ਼ਾ ਸੇਧ ਦੇਵੇਗੀ।

**ਅ) ਦਾਰਸ਼ਨਿਕ ਨਿਬੰਧ:-** ਗੁਰਬਾਣੀ ਮਨੁੱਖ ਨੂੰ ਕੁਦਰਤ ਨਾਲ ਪਿਆਰ ਦੀ ਪ੍ਰੇਰਨਾ ਦਿੰਦੀ ਹੈ।ਇਸਤਰੀ ਜਾਤੀ ਦਾ ਸਨਮਾਨ ਕਰਨ ਲਈ ਪ੍ਰੇਰਦੀ ਹੈ। ਗੁਰਬਾਣੀ ਵਿਚ ਦਰਸਾਈ ਜੀਵਨ ਜਾਚ ਸਦੀਵੀ ਹੈ, ਜੋ ਪਰਾਏ ਹੱਕ ਨੂੰ ਰੋਕਣ, ਮਾਇਆ ਤੋਂ ਨਿਰਲੇਪ ਰਹਿਣ, ਸੱਚੀ-ਸੁੱਚੀ ਕਿਰਤ, ਚੰਗੀ ਸੰਗਤ ਕਰਨ, ਅੰਦਰੂਨੀ ਸੁੱਚਤਾ ਧਾਰਨ ਕਰਨ ਦਾ ਢੰਗ, ਮੂਰਤੀ ਪੂਜਾ ਖੰਡਨ, ਸਾਂਝੀਵਾਲਤਾ ਦਾ ਸੁਨੇਹਾ, ਸੁਚੱਜੀ ਜੀਵਨ ਜਾਚ ਮਨੁੱਖ ਨੂੰ ਦਰਸਾਈ ਗਈ ਹੈ। ਲੇਖਕ ਅਨੁਸਾਰ ਮਨੁੱਖੀ ਜੀਵਨ ਦੀ ਹਰ ਮੁਸ਼ਕਲ ਦਾ ਹੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਜੇਕਰ ਮਨੁੱਖ ਇਸ ਤੋਂ ਸੁਚੱਜੀ ਅਗਵਾਈ ਪ੍ਰਾਪਤ ਕਰ ਕੇ ਆਪਣੇ ਜੀਵਨ ਨੂੰ ਉਸ ਅਨੁਸਾਰ ਢਾਲੇ ਤਾਂ ਉਹ ਸੁੱਖ ਤੇ ਅਨੰਦ ਭਰਪੂਰ ਜ਼ਿੰਦਗੀ ਨੂੰ ਜਿਉਂ ਸਕਦਾ ਹੈ। ਲੇਖਕ ਅਨੁਸਾਰ ਕਾਦਰ ਅਤੇ ਕੁਦਰਤ ਨੂੰ ਇੱਕ ਦੂਜੇ ਤੋਂ ਵੱਖਰੇ ਕਰ ਕੇ ਨਹੀਂ ਦੇਖਿਆ ਜਾ ਸਕਦਾ। ਕਾਦਰ ਕੁਦਰਤ ਦੇ ਕਣ-ਕਣ ਵਿਚ ਮੌਜੂਦ ਹੈ। ਲੇਖਕ 'ਕੁਦਰਤ ਨਾਲ ਇਕਸੁਰਤਾ' ਨਿਬੰਧ ਵਿਚ ਗੁਰਬਾਣੀ ਵਿਚ ਕੁਦਰਤ ਦੀ ਮਹਿਮਾ ਵਰਣਨ ਕਰਦਾ ਹੈ:

'ਬਲਿਹਾਰੀ ਕੁਦਰਤਿ ਵਸਿਆ।।

ਤੇਰਾ ਅੰਤੁ ਨਾ ਜਾਈ ਲਖਿਆ।।(ਅੱਛਰੂ ਸਿੰਘ ''ਸਿੱਖ ਧਰਮ ਅਤੇ ਜੀਵਨ-ਦਰਸ਼ਨ'' 218)

'ਮਨ ਜੀਤੈ ਜਗੁ ਜੀਤੁ' ਨਿਬੰਧ ਵਿਚ ਲੇਖਕ ਗੁਰਬਾਣੀ ਵਿਚ ਬਾਬਾ ਫ਼ਰੀਦ ਜੀ ਦੇ ਸ਼ਬਦਾਂ ਦਾ ਹਵਾਲਾ ਦੇ ਸਮਝਾਉਂਦਾ ਹੈ ਕਿ ਬਾਬਾ ਫ਼ਰੀਦ ਜੀ ਗੁੱਸੇ ਨੂੰ ਸਰੀਰਕ ਅਤੇ ਮਾਨਸਿਕ ਰੋਗਾਂ ਦਾ ਕਾਰਨ ਮੰਨਦੇ ਹਨ। ਮਨੁੱਖ ਨੂੰ ਇਸ ਤੋਂ ਬਚਣ ਦਾ ਸੰਦੇਸ਼ ਦਿੰਦੇ ਹੋਏ ਬੁਰੇ ਦਾ ਵੀ ਭਲਾ ਕਰਨ ਦਾ ਉਪਦੇਸ਼ ਦਿੰਦੇ ਹਨ:

'ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।

ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।' (ਅੱਛਰੂ ਸਿੰਘ ''ਸਿੱਖ ਧਰਮ ਅਤੇ ਜੀਵਨ - ਦਰਸ਼ਨ'' 232 )

ਮਨੁੱਖ ਨੂੰ ਜ਼ਿੰਦਗੀ ਵਿਚ ਮਾਨਸਿਕ ਸ਼ਾਂਤੀ ਤੇ ਰੂਹਾਨੀ ਸਹਿਜਤਾ ਲਈ, ਹਰ ਹਾਲਾਤ ਵਿਚ ਆਪਣੇ ਗੁੱਸੇ ਉੱਪਰ ਕਾਬੂ ਪਾਉਣ ਦਾ ਢੰਗ ਸਿੱਖਣਾ ਚਾਹੀਦਾ ਹੈ। ਕਿਉਂਕਿ ਗ਼ੁੱਸਾ ਜਿੱਥੇ ਮਨੁੱਖ ਦੇ ਵਜੂਦ ਨੂੰ ਛੋਟਾ ਬਣਾਉਂਦਾ ਹੈ, ਉੱਥੇ ਉਸ ਦੀ ਨੈਤਿਕ ਹਾਰ ਦਾ ਕਾਰਨ ਵੀ ਬਣਦਾ ਹੈ। ਮਨੁੱਖ ਅੰਦਰ ਅਥਾਹ ਹਿੰਮਤ ਤੇ ਸ਼ਕਤੀ ਦਾ ਸੋਮਾ ਹਾਜ਼ਰ ਹੁੰਦਾ ਹੈ। ਜਿਸ ਦੇ ਸਹਾਰੇ ਉਹ ਆਪਣੇ ਜ਼ਿੰਦਗੀ ਦੇ ਉਦੇਸ਼ਾਂ ਨੂੰ ਪੂਰਾ ਕਰ ਸਕਦਾ ਹੈ।

'ਮੰਜ਼ਿਲ ਪ੍ਰਾਪਤੀ ਦੇ ਗੁਰ' ਨਿਬੰਧ ਵਿਚ ਲੇਖਕ ਮਨੁੱਖ ਦੀ ਅਗਵਾਈ ਕਰਦਾ ਹੈ ਕਿ ਜੇਕਰ ਮਨੁੱਖ ਆਪਣੀ ਬੁੱਧੀ ਦੀ ਯੋਗ ਵਰਤੋਂ ਕਰੇ ਤੇ ਮੰਜ਼ਿਲ ਪ੍ਰਾਪਤੀ ਦਾ ਸਪਸ਼ਟ ਨਕਸ਼ਾ ਆਪਣੇ ਮਨ ਵਿਚ ਧਾਰਨ ਕਰ ਕੇ ਤੇ ਚੜ੍ਹਦੀ ਕਲਾ ਦਾ ਧਾਰਨੀ ਬਣ ਕੇ ਨਿਰਧਾਰਿਤ ਟੀਚੇ ਤੇ ਪਹੁੰਚ ਸਕਦਾ ਹੈ:

> ਮੰਜ਼ਿਲ ਪ੍ਰਾਪਤੀ ਲਈ ਜਿੰਨੀ ਲੋੜ ਹਿੰਮਤ, ਮਿਹਨਤ ਅਤੇ ਹੌਸਲੇ ਵਰਗੇ ਗੁਣਾਂ ਦੀ ਹੈ ਓਨੀ ਹੀ ਲੋੜ ਸਵੈ-ਵਿਸ਼ਵਾਸ ਮਜ਼ਬੂਤ ਇਰਾਦੇ ਅਤੇ ਅਡੋਲ ਇੱਛਾ-ਸ਼ਕਤੀ ਦੀ ਵੀ ਹੈ। (ਅੱਛਰੂ ਸਿੰਘ ''ਜੀਵਨ ਦੇ ਰੰਗ'' 28-29)

ਲੇਖਕ ਅਨੁਸਾਰ ਸਰਬੱਤ ਦੇ ਭਲੇ ਨੂੰ ਧਿਆਉਣ ਵਾਲਾ ਮਨੁੱਖ ਅਸਲ ਜੀਵਨ ਜਾਚ ਦਾ ਧਾਰਨੀ ਬਣਦਾ ਹੈ। ਮੁਸ਼ਕਲਾਂ ਨੂੰ ਖਿੜੇ ਮੱਥੇ ਸਵੀਕਾਰ ਕੇ, ਉਨ੍ਹਾਂ ਨੂੰ ਹੱਲ ਕਰਨ ਦੇ ਰਾਹ ਲੱਭਣੇ ਹੀ ਅਸਲ ਜਾਚ ਹੈ। ਲੇਖਕ ਅਨੁਸਾਰ ਗੁਰਬਾਣੀ ਮਨੁੱਖ ਨੂੰ ਸੁਚੱਜੀ ਜੀਵਨ ਜਾਚ ਦਾ ਧਾਰਨੀ ਬਣਾਉਂਦੀ ਹੈ। 'ਸਿੱਖੀ ਜੀਵਨ ਜਾਚ' ਨਿਬੰਧ ਅਨੁਸਾਰ ਮਨੁੱਖੀ ਜ਼ਿੰਦਗੀ ਦੇ ਹਰ ਪ੍ਰਸ਼ਨ ਦਾ ਉੱਤਰ ਗੁਰਬਾਣੀ ਵਿਚ ਮੌਜੂਦ ਹੈ:

> ਪ੍ਰੋ. ਸਾਹਿਬ ਸਿੰਘ ਅਨੁਸਾਰ: ਸਿੱਖੀ ਜੀਵਨ ਜਾਚ ਬਹੁਤ ਪੱਖਾਂ ਤੋਂ ਇੱਕ ਵਿਲੱਖਣ ਜੀਵਨ ਜਾਚ ਹੈ। ਇਸ ਵਿਚ ਵਹਿਮਾਂ-ਭਰਮਾਂ, ਕਰਮ-ਕਾਂਡਾਂ, ਅਡੰਬਰਾਂ ਅਤੇ ਅੰਧ-ਵਿਸ਼ਵਾਸਾਂ ਲਈ ਕੋਈ ਥਾਂ ਨਹੀਂ। (ਅੱਛਰੂ ਸਿੰਘ ''ਸਿੱਖ ਧਰਮ-ਜੀਵਨ ਦਰਸ਼ਨ'' 147 )

'ਖਾਣ-ਪੀਣ ਅਤੇ ਪਹਿਨਣ-ਪਰਚਣ' ਨਿਬੰਧ ਵਿਚ ਲੇਖਕ ਅਨੁਸਾਰ ਗੁਰਬਾਣੀ ਮਨੁੱਖ ਨੂੰ ਵਹਿਮ-ਭਰਮਾਂ ਤੋਂ ਦੂਰ ਕਰ ਕੇ, ਫੋਕੇ ਕਰਮਾਂ ਕਾਂਡਾਂ ਤੇ ਅੰਧ-ਵਿਸ਼ਵਾਸ ਚੋਂ ਬਾਹਰ ਕੱਢ ਕੇ, ਉਸ ਨੂੰ ਅਸਲ ਜੀਵਨ ਜਾਚ ਨਾਲ ਜੋੜਦੀ ਹੈ। ਗੁਰਬਾਣੀ ਅਨੁਸਾਰ ਮਨੁੱਖ ਦਾ ਖਾਣਾ-ਪੀਣਾ ਅਜਿਹਾ ਸਾਦਾ ਹੋਣਾ ਚਾਹੀਦਾ ਹੈ, ਜਿਸ ਨਾਲ ਉਸ ਦੇ ਮਨ ਅੰਦਰ ਚੰਗੇ ਵਿਚਾਰ ਪੈਦਾ ਹੋਣ ਨਾ ਕਿ ਵਿਕਾਰ ਪੈਦਾ ਹੋਣ:

> 'ਬਾਬਾ ਹੋਰ ਖਾਣਾ ਖੁਸੀ ਖੁਆਰੁ।।
>
> ਜਿਤੁ ਖਾਧੈ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ'।।(ਅੱਛਰੂ ਸਿੰਘ ''ਸਿੱਖ ਧਰਮ, ਜੀਵਨ ਦਰਸ਼ਨ'' 187)

'ਬੁਰਾਈ ਤੋਂ ਬਚੋਂ' ਨਿਬੰਧ ਵਿਚ ਲੇਖਕ ਨੇ ਚਿੰਤਾ ਨੂੰ ਚਿਤਾ ਸਮਾਨ ਕਿਹਾ ਗਿਆ ਹੈ। ਸਮਕਾਲ ਵਿਚ ਮਨੁੱਖ ਅਜਿਹੀ ਚਿੰਤਾ ਭਰੀ ਜ਼ਿੰਦਗੀ ਜਿਉਂ ਰਿਹਾ ਹੈ। ਅਸਲ ਵਿਚ ਜਦੋਂ ਮਨੁੱਖ ਦੇ ਮਨ ਵਿਚ ਦੂਜਿਆਂ ਤੋਂ ਅੱਗੇ ਨਿਕਲਣ ਦੀ ਲਾਲਸਾ ਵੱਧ ਜਾਂਦੀ ਹੈ ਤਾਂ ਫਿਰ ਉਹ ਬੁਰਾ ਬੋਲਣ ਤੇ ਬੁਰਾ ਸੋਚਣ ਤੋਂ ਸੰਕੋਚ ਨਹੀਂ ਕਰਦਾ। ਗੁਰਬਾਣੀ ਮਨੁੱਖ ਦੀ ਅਗਵਾਈ ਕਰਦੀ ਆਖਦੀ ਹੈ:

> 'ਪਰ ਕਾ ਬੁਰਾ ਨਾ ਰਾਖਹੁ ਚੀਤ।।
>
> ਤੁਮ ਕਉ ਦੁਖ ਨਹੀ ਭਾਈ ਮੀਤ।। (ਅੱਛਰੂ ਸਿੰਘ ''ਸਿੱਖ ਧਰਮ, ਜੀਵਨ ਦਰਸ਼ਨ'' 194 )

ਜਦ ਮਨੁੱਖ ਦੇ ਮਨ ਵਿਚ ਬਾਕੀਆਂ ਬਾਰੇ ਬੁਰਾ ਸੋਚਣ ਦਾ ਖ਼ਿਆਲ ਹਟ ਜਾਵੇਗਾ ਤਾਂ ਫਿਰ ਕੋਈ ਵੀ ਦੁੱਖ ਚਿੰਤਾ ਉਸ ਨੂੰ ਨਹੀਂ ਸਤਾਉਣਗੇ। ਹਮੇਸ਼ਾ ਸੱਚੇ ਮਾਰਗ ਤੇ ਚਲਦਿਆਂ ਹੋਇਆ ਸੁੱਖ ਅਤੇ ਖ਼ੁਸ਼ੀ ਦੀ ਪ੍ਰਾਪਤੀ ਜੀਵਨ ਵਿਚ ਸਹਿਜੇ ਹੀ ਕੀਤੀ ਜਾ ਸਕਦੀ ਹੈ।

ਅਜੋਕੇ ਮਨੁੱਖ ਵਿਚ ਵੱਧ ਧਨ ਕਮਾਉਣ ਦੀ ਲਾਲਸਾ ਨੇ ਉਸ ਦਾ ਸੁੱਖ ਚੈਨ ਖੋਹ ਲਿਆ ਹੈ। ਲੇਖਕ ਅਨੁਸਾਰ ਸਿੱਖੀ ਜੀਵਨ ਜਾਚ ਮਨੁੱਖ ਨੂੰ ਸਰਬੱਤ ਦੇ ਭਲੇ ਦਾ ਰਾਹ ਦਿਖਾਉਂਦੀ ਹੈ। ਜਿਸ ਦਿਨ ਮਨੁੱਖ ਕੁਦਰਤ ਨਾਲ ਏਕਤਾ ਕਾਇਮ ਕਰ ਲਵੇਗਾ ਤੇ ਅਜਿਹੇ ਦ੍ਰਿਸ਼ਟੀਕੋਣ ਦਾ ਧਾਰਨੀ ਬਣ ਜਾਵੇਗਾ, ਹਰ ਕੰਮ ਨੂੰ ਸੇਧ ਲੈ ਕੇ ਕਰੇਗਾ ਤਾਂ ਉਸ ਨੂੰ ਉਸ ਕੰਮ ਵਿਚੋਂ ਸਵਾਦ ਆਉਣ ਲੱਗ ਪਵੇਗਾ ਤੇ ਫਿਰ ਮਨੁੱਖ ਅਣਸੁਖਾਵੇ ਹਲਾਤਾਂ ਵਿਚ ਵੀ ਸੁਖਦ ਤੇ ਅਨੰਦ ਭਰਪੂਰ ਜੀਵਨ ਜੀਵੇਗਾ:

> ਗੁਰੂ ਸਾਹਿਬਾਨ ਵੱਲੋਂ ਦਿੱਤੀਆਂ ਸਿੱਖਿਆਵਾਂ ਮਨੁੱਖ ਦੀ ਜ਼ਿੰਦਗੀ ਦੇ ਹਰ ਮੋੜ ਤੇ ਉਹਦਾ ਸੁਚੱਜਾ ਮਾਰਗ ਦਰਸ਼ਨ ਕਰਦੀਆਂ ਹਨ। (ਅੱਛਰੂ ਸਿੰਘ "ਜੀਵਨ-ਬਾਤਾਂ" 30)

ਇਹ ਸਰਬ ਪ੍ਰਮਾਣਿਤ ਤੱਤ ਹੈ ਕਿ ਜਦੋਂ ਵੀ ਕਿਸੇ ਤੇ ਕੋਈ ਭਾਰੀ ਔਖਿਆਈ ਆਉਂਦੀ ਹੈ ਜਾਂ ਜ਼ਿੰਦਗੀ ਦੇ ਕਿਸੇ ਮੋੜ 'ਤੇ ਡੋਲਦਾ ਹੈ ਤਾਂ ਉਹ ਕਿਸੇ ਨਾ ਕਿਸੇ ਸਹਾਰੇ ਦੀ ਇੱਛਾ ਕਰਨਾ ਲੋਚਦਾ ਹੈ, ਜਿਹੜਾ ਉਸ ਨੂੰ ਇਸ ਦੁੱਖ ਦੀ ਘੜੀ ਚੋਂ ਬਾਹਰ ਕੱਢੇ ਤੇ ਫਿਰ ਉਹ ਪਰਮਾਤਮਾ ਅੱਗੇ ਆਪਣੀ ਅਰਜੋਈ ਕਰਦਾ ਹੈ। ਲੇਖਕ ਇਸ ਨਿਬੰਧ ਜ਼ਰੀਏ ਮਨੁੱਖ ਨੂੰ ਮੰਗਣ ਦੀ ਜਾਚ ਦਾ ਵਲ ਸਿਖਾਉਂਦਾ ਹੈ ਕਿ ਗੁਰੂ ਤੋਂ ਮੰਗਣਾ ਕੀ ਹੈ ਤੇ ਕਿਵੇਂ ਹੈ। ਲੇਖਕ 'ਦੇਹਿ ਸਿਵਾ ਬਰ ਮੋਹਿ ਇਹੈ' ਨਿਬੰਧ ਵਿਚ ਵਰ ਮੰਗਣ ਦੀ ਜਾਚ ਸਿਖਾਉਂਦਾ ਹੈ:

> ਭਾਈ ਜੇ ਰੱਬ ਤੋਂ ਕੁੱਝ ਮੰਗਣਾ ਹੀ ਹੈ ਤਾਂ ਅਕਲ ਮੰਗੋ, ਤੰਦਰੁਸਤੀ ਮੰਗੋ, ਪਰਿਵਾਰ ਵਿਚ ਪਿਆਰ ਮੰਗੋ, ਨਗਰ ਖੇੜੇ ਦੀ ਖ਼ੈਰ ਮੰਗੋ, ਸਰਬੱਤ ਦਾ ਭਲਾ ਮੰਗੋ, ਗੁਰੂ ਦੀ ਮਿਹਰ ਮੰਗੋ। (ਅੱਛਰੂ ਸਿੰਘ ''ਜੀਵਨ ਬਾਤਾਂ'' 5)

ਦੁਨਿਆਵੀ ਪਦਾਰਥ ਚਿਰ ਸਥਾਈ ਨਹੀਂ ਹੁੰਦੇ।ਇਹ ਹੱਥਾਂ ਦੀ ਮੈਲ ਹੈ, ਜੋ ਆਉਂਦੀ ਜਾਂਦੀ ਰਹੇਗੀ। ਸਾਡਾ ਇਤਿਹਾਸ ਗਵਾਹ ਹੈ ਕਿ ਕਿੰਨੀਆਂ ਹੀ ਮਿਥਿਹਾਸਕ ਕਹਾਣੀਆਂ ਸਾਨੂੰ ਦੱਸਦੀਆਂ ਹਨ:

> ਕਿੰਨੇ ਰਿਸ਼ੀਆਂ ਮੁਨੀਆਂ ਨੇ ਵੱਖ-ਵੱਖ ਰਿੱਧੀਆਂ ਸਿੱਧੀਆਂ ਜਾਂ ਨਿਧੀਆਂ ਪ੍ਰਾਪਤ ਕਰਨ ਲਈ ਕਿੰਨੀਆਂ ਕਠਿਨ ਅਤੇ ਲੰਮੀਆਂ ਤਪੱਸਿਆਵਾਂ ਕੀਤੀਆਂ ਤੇ ਫਿਰ ਗੈਰ ਸਧਾਰਨ ਸ਼ਕਤੀਆਂ ਦੇ ਧਾਰਨੀ ਬਣੇ। (ਅੱਛਰੂ ਸਿੰਘ ''ਜੀਵਨ ਬਾਤਾਂ'' 5)

ਉਪਰੋਕਤ ਸ਼ਬਦਾਂ ਤੋਂ ਭਾਵ ਪ੍ਰੰਤੂ ਅਸਲ ਰਿੱਧੀਆਂ, ਸਿੱਧੀਆਂ ਅਤੇ ਨਿਧੀਆਂ, ਸੱਚੀ-ਸੁੱਚੀ ਕਿਰਤ, ਉੱਚੇ-ਸੁੱਚੇ ਆਚਰਨ ਤੇ ਸਾਫ਼-ਸੁਥਰੀ ਸ਼ੈਲੀ ਦੁਆਰਾ ਹੀ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਇੱਕ ਮਨੁੱਖ ਗੁਰੂ ਦੇ ਭਾਣੇ ਵਿਚ ਰਹਿ ਕੇ ਅਤੇ ਆਪਣੇ ਉੱਚੇ-ਸੁੱਚੇ ਸੋਹਣੇ ਵਿਚਾਰਾਂ ਸਦਕਾ ਗੁਰੂ ਦੇ ਦੱਸੇ ਮਾਰਗ ਤੇ ਚਲਦਾ ਹੋਇਆ, ਕਿਸੇ ਵੀ ਬੁਲੰਦੀ ਤੇ ਪਹੁੰਚ ਸਕਦਾ ਹੈ।

ਲੇਖਕ ਅਨੁਸਾਰ ਖ਼ੁਸ਼ੀ ਇੱਕ ਅਜਿਹਾ ਸ਼ਬਦ ਹੈ, ਜਿਸ ਨੂੰ ਪ੍ਰਾਪਤ ਕਰਨ ਦੀ ਹਰ ਇੱਕ ਦੀ ਲੋਚਾ ਹੁੰਦੀ ਹੈ।ਹਰੇਕ ਮਨੁੱਖ ਲਈ ਆਪਣੀ ਜ਼ਿੰਦਗੀ ਦੇ ਹਿਸਾਬ ਨਾਲ ਇਹਦੇ ਵੱਖੋ-ਵੱਖ ਪੱਖ ਹੁੰਦੇ ਹਨ। ਕਈ ਲੋਕਾਂ ਨੂੰ ਮਹਿਲ ਮੁਨਾਰਿਆਂ 'ਚ ਵੀ ਖ਼ੁਸ਼ੀ ਨਹੀਂ ਤੇ ਕਈ ਛੋਟੀ ਜਿਹੀ ਝੋਪੜੀ ਵਿਚ ਵੀ ਇੰਨੇ ਖ਼ੁਸ਼ ਰਹਿੰਦੇ ਹਨ। ਇਹ ਮਨੁੱਖੀ ਜ਼ਿੰਦਗੀ ਹਜ਼ਾਰਾਂ ਹੀ ਲਾਲਸਾਵਾਂ ਨਾਲ ਭਰੀ ਪਈ ਹੈ। ਕਦੀ ਇੱਕ ਕਮੀ ਜ਼ਿੰਦਗੀ 'ਚ ਪੂਰੀ ਹੋ ਜਾਂਦੀ ਹੈ ਤਾਂ ਮਨੁੱਖ ਖ਼ੁਸ਼ ਹੋ ਜਾਂਦਾ ਹੈ ਤੇ ਨਾਲ ਹੀ ਉਸ ਦੀ ਅਗਲੀ ਖਵਾਇਸ਼ ਜਨਮ ਲੈ ਲੈਂਦੀ ਹੈ। ਇਹ ਖਵਾਇਸ਼ਾ ਜਦੋਂ ਤੱਕ ਮਨੁੱਖ ਦੀ ਜ਼ਿੰਦਗੀ ਹੈ ਕਦੇ ਵੀ ਖ਼ਤਮ ਨਹੀਂ ਹੋਣੀਆਂ। 'ਖ਼ੁਸ਼ੀ ਦੇ ਖੋਜ-ਦਸ ਕਦਮ' ਨਿਬੰਧ ਵਿਚ ਲੇਖਕ ਅਨੁਸਾਰ ਅਸਲ ਖ਼ੁਸ਼ੀ ਉਹ ਹੈ, ਜਿਸ ਵਿਚ ਸਤਿਗੁਰੂ ਦੀ ਨਜ਼ਰ ਸਵੱਲੀ ਹੋਵੇ:

> ਗੁਰੂ ਅਰਜਨ ਦੇਵ ਜੀ ਦੇ ਅਨਮੋਲ ਬਚਨ ਹਨ 'ਲੱਖ ਖ਼ੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰੂ ਨਦਰਿ ਕਰੇਇ' ਨਿਰੰਸਦੇਹ ਸਤਿਗੁਰ ਦੀ ਮਿਹਰ ਤੋਂ ਬਿਨਾਂ ਜੀਵਨ ਵਿਚ ਨਾ ਤਾਂ ਕੋਈ ਪ੍ਰਾਪਤੀ ਹੁੰਦੀ ਹੈ ਅਤੇ ਨਾ ਹੀ ਮਨੁੱਖ ਨੂੰ ਕੋਈ ਖ਼ੁਸ਼ੀ ਮਿਲ ਸਕਦੀ ਹੈ। (ਅੱਛਰੂ ਸਿੰਘ ''ਜੀਵਨ ਬਾਤਾਂ'' 13)

ਜ਼ਿੰਦਗੀ ਵਿਚ ਹਾਂ-ਪੱਖੀ ਸੱਚੀ ਮਿਹਨਤ ਕਰਨ ਦੀ ਆਦਤ, ਪਰਮਾਤਮਾ ਵਿਚ ਵਿਸ਼ਵਾਸ, ਅਨੁਸ਼ਾਸਨ, ਸਹਿਜ ਅਵਸਥਾ, ਸੀਮਤ ਇੱਛਾਵਾਂ, ਮਨ ਨੂੰ ਜਿੱਤਣਾ, ਸਵੈ ਅਨੁਸ਼ਾਸਨ ਆਦਿ ਨੂੰ ਜੇਕਰ ਜ਼ਿੰਦਗੀ ਵਿਚ ਆਪਣਾ ਲਿਆ ਜਾਵੇ ਤਾਂ ਮਨੁੱਖ ਔਖੀ ਤੋਂ ਔਖੀ ਘੜੀ ਵਿਚ ਵੀ ਕਦੀ ਡੋਲੇਗਾ ਨਹੀਂ, ਸਗੋਂ ਡਟ ਕੇ ਉਨ੍ਹਾਂ ਔਖੀਆਂ ਘੜੀਆਂ ਦਾ ਸਾਹਮਣਾ ਕਰੇਗਾ:

> ਖ਼ੁਸ਼ੀ ਨਾਮ ਹੀ ਸਬਰ, ਸੰਤੋਖ, ਸੰਤੁਸ਼ਟੀ, ਸਹਿਜਤਾ ਅਤੇ ਜੀਵਨ ਪ੍ਰਤੀ ਸੰਤੁਲਿਤ ਪਹੁੰਚ ਦਾ ਹੈ, ਹੌਸਲੇ, ਹਿੰਮਤ ਅਤੇ ਮਿਹਨਤ ਦਾ ਹੈ। ਸਾਕਾਰਾਤਮਕ ਸੋਚ ਅਤੇ ਦ੍ਰਿਸ਼ਟੀਕੋਣ ਦਾ ਹੈ, ਲਾਲਸਾਵਾਂ ਅਤੇ ਭਟਕਣ ਤੋਂ ਬਚਣ ਦਾ ਹੈ। ਜੀਵਨ ਨੂੰ ਗ਼ਮ ਦਾ ਦਰਿਆ ਸਮਝ ਕੇ ਰੋਣ-ਕੁਰਲਾਣ ਦਾ ਨਹੀਂ, ਸਗੋਂ ਇੱਕ ਸੁਹਣਾ ਸਫ਼ਰ ਸਮਝ ਕੇ ਜਿਊਣ ਅਤੇ ਇਸ ਨੂੰ ਰੱਜ-ਰੱਜ ਮਾਣਨ ਦਾ ਹੈ। (ਅੱਛਰੂ ਸਿੰਘ ''ਜੀਵਨ ਬਾਤਾਂ'' 18)

> ਦਰਬਾਰਾ ਸਿੰਘ ਢੀਂਡਸਾ ਅਨੁਸਾਰ:ਸਰਬੱਤ ਦੇ ਭਲੇ ਨੂੰ ਮੁੱਖ ਰੱਖ ਕੇ ਹੀ ਜ਼ਿੰਦਗੀ ਜਿਊਣੀ ਚਾਹੀਦੀ ਹੈ।ਕਾਦਰ ਦੀ ਕੁਦਰਤ ਦਾ ਅਨੰਦ ਮਾਣਨਾ ਚਾਹੀਦਾ ਹੈ। ਜੇ ਇਰਾਦੇ ਮਜ਼ਬੂਤ ਹੋਣਗੇ ਤਾਂ ਮੁਸ਼ਕਲਾਂ ਆਪਣੇ ਆਪ ਰਾਹ ਛੱਡ ਜਾਂਦੀਆਂ ਹਨ। ਸਫਲਤਾ ਦੀ ਮੰਜ਼ਿਲ ਨੇੜੇ ਦਿਖਾਈ ਦੇਣ ਲੱਗਦੀ ਹੈ। ਕਈ ਵਿਅਕਤੀ ਅਸਫਲਤਾ ਨੂੰ ਵੇਖ ਕੇ ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਆਪਣੀ ਮੰਜ਼ਿਲ ਤੋਂ ਭਟਕ ਜਾਂਦੇ ਹਨ। ਉਹ ਸਮਾਜ ਵਿਰੋਧੀ ਅਨਸਰਾਂ ਦੇ ਧੱਕੇ ਚੜ੍ਹ ਕੇ ਆਪਣੀ ਕਬਰ ਆਪ ਪੁੱਟ ਲੈਂਦੇ ਹਨ।ਉਨ੍ਹਾਂ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ 'ਤੇ ਚੱਲਣ ਲੱਗ ਜਾਂਦੇ ਹਨ। ਜੋ ਉਨ੍ਹਾਂ ਲਈ ਘਾਤਕ ਸਾਬਤ ਹੁੰਦੇ ਹਨ। ਜ਼ਿੰਦਗੀ ਜਿਊਣ ਦਾ ਨਾਮ ਹੈ। ਹਰ ਮੁਸ਼ਕਲ ਨਾਲ ਸੰਘਰਸ਼ ਕਰਨਾ ਹੀ ਜ਼ਿੰਦਗੀ ਹੈ। ਮੁਸ਼ਕਲ ਨੂੰ ਵੇਖ ਕੇ ਘਬਰਾ ਜਾਣਾ ਕਾਇਰਤਾ ਹੈ।ਕੁਦਰਤ ਨੂੰ ਹੋਰ ਸੁੰਦਰ ਬਨਾਉਣਾ ਜ਼ਿੰਦਗੀ ਹੈ। (''ਜ਼ਿੰਦਗੀ ਦਾ ਮਕਸਦ'' 3)

ਉਪਰੋਕਤ ਸ਼ਬਦਾਂ ਤੋਂ ਭਾਵ ਅਸਫਲਤਾਵਾਂ ਮਨੁੱਖ ਨੂੰ ਜ਼ਿੰਦਗੀ ਵਿਚ ਪੱਕੇ ਪੈਰੀਂ ਤੁਰਨ ਦਾ ਬਲ ਪ੍ਰਦਾਨ ਕਰਦੀਆਂ ਹਨ। ਹੌਸਲੇ ਤੇ ਹਿੰਮਤ ਦੇ ਨਾਲ-ਨਾਲ ਸਹੀ ਦਿਸ਼ਾ ਨਿਰਦੇਸ਼ ਹੀ ਮਨੁੱਖ ਨੂੰ ਸਫਲ ਜ਼ਿੰਦਗੀ ਦੀ ਰਾਹਾਂ ਤੇ ਤੋਰਨ ਦੇ ਅਭਿਲਾਸ਼ੀ ਹਨ। ਜ਼ਿੰਦਗੀ ਵਿਚ ਆਈਆਂ ਮੁਸ਼ਕਲਾਂ ਨੂੰ ਦੇਖ ਕੇ ਉਨ੍ਹਾਂ ਤੋਂ ਘਬਰਾਉਣ ਦੀ ਬਜਾਇ ਡਟ ਕੇ ਮੁਕਾਬਲਾ ਕਰ ਕੇ ਸਫਲਤਾ ਪ੍ਰਾਪਤ ਕਰਨ ਦਾ ਨਾਮ ਹੀ ਜ਼ਿੰਦਗੀ ਹੈ।

**ੲ) ਸਭਿਆਚਾਰਕ ਪੱਖ:-** ਸਭਿਆਚਾਰ ਨੂੰ ਇੱਕ ਵਿਕਾਸਸ਼ੀਲ ਪ੍ਰਕਿਰਿਆ ਕਿਹਾ ਜਾ ਸਕਦਾ ਹੈ, ਜਿਹੜੀ ਮਨੁੱਖ ਦੇ ਭੂਤਕਾਲ, ਵਰਤਮਾਨ ਕਾਲ ਅਤੇ ਭਵਿੱਖ ਦੀਆਂ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਨੂੰ ਇੱਕ ਧਾਗੇ ਵਿਚ ਪਰੋਂਦੀ ਹੈ:

> ਗੁਰਬਖ਼ਸ਼ ਸਿੰਘ ਫਰੈਂਕ ਅਨੁਸਾਰ: ਸਭਿਆਚਾਰ ਅੰਗਰੇਜ਼ੀ ਦੇ ਸ਼ਬਦ ਦਾ ਮੂਲ ਲਾਤੀਨੀ ਭਾਸ਼ਾ ਦੇ ਸ਼ਬਦ 'ਕਲਟਸ' ਦੇ ਸਮਾਨਾਰਥੀ ਦੱਸਿਆ ਹੈ, ਜਿਹੜਾ ਅੰਗਰੇਜ਼ੀ ਦੇ ਸ਼ਬਦ 'ਕਲਟੀਵੇਟ' ਵਾਂਗ ਹੀ ਵੱਖੋ-ਵੱਖਰੀਆਂ ਸਥਿਤੀਆਂ ਲਈ ਵਰਤਿਆਂ ਜਾਂਦਾ ਹੈ। ਜ਼ਮੀਨ ਦੀ ਵਾਹੀ, ਮਨ ਸਾਧਨ ਲਈ, ਗਿਆਨ ਪ੍ਰਾਪਤ ਕਰਨ ਲਈ, ਸਵੈ ਪੂਰਨਤਾ ਲਈ ਧਰਮ ਪਾਲਣ ਲਈ ਆਦਿ। (''ਸਭਿਆਚਾਰ ਅਤੇ ਪੰਜਾਬੀ ਸਭਿਆਚਾਰ'' 41)

> ਮਾਨਵ ਵਿਗਿਆਨੀ ਐਵਰਡ ਬੀ. ਟਾਇਲਰ ਅਨੁਸਾਰ: ਸਭਿਆਚਾਰ ਉਹ ਜਟਿਲ ਸਮੂਹ ਹੈ ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ-ਰਿਵਾਜ ਅਤੇ ਹੋਰ ਸਭ ਸਮਰੱਥਾਵਾਂ ਅਤੇ ਆਦਤਾਂ ਆ ਜਾਂਦੀਆਂ ਹਨ, ਜਿਹੜੀਆਂ ਮਨੁੱਖੀ ਸਮਾਜ ਦੇ ਇੱਕ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ।(ਜਸਵਿੰਦਰ ਸਿੰਘ ''ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ'' 2-3)

ਮੁੱਖ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਕਿਸੇ ਭੂਗੋਲਿਕ ਖ਼ਿੱਤੇ ਦੇ ਮਨੁੱਖੀ ਸਮੂਹ ਦਾ ਰਹਿਣ-ਸਹਿਣ, ਉਨ੍ਹਾਂ ਦੇ ਰੀਤੀ ਰਿਵਾਜ, ਰੌਣ-ਪੌਣ, ਉੱਠਣਾ-ਬੈਠਣਾ, ਖਾਣਾ-ਪੀਣਾ, ਆਦਿ ਕਾਰ ਵਿਹਾਰ ਹੀ ਮੁੱਖ ਰੂਪ ਵਿਚ ਸਭਿਆਚਾਰ ਅਖਵਾਉਂਦਾ ਹੈ।

ਲੇਖਕ ਨੇ ਪੰਜਾਬੀ ਸਭਿਆਚਾਰ ਨਾਲ ਅਜੋਕੇ ਮਨੁੱਖ ਦੀ ਸਾਂਝ ਪਵਾਉਣ ਦਾ ਯਤਨ ਕੀਤਾ ਹੈ। ਆਪਣੇ ਨਿਬੰਧਾਂ ਰਾਹੀਂ ਲੇਖਕ ਮਨੁੱਖ ਨੂੰ ਉਸ ਦੇ ਸਭਿਆਚਾਰ ਵਿਰਸੇ ਨਾਲ ਮੁੜ ਜੋੜਦਾ ਹੋਇਆ, ਪੁਰਾਤਨ ਪੇਂਡੂ ਜੀਵਨ ਦੇ ਦਰਸ਼ਨ ਕਰਵਾਉਂਦਾ ਹੈ ਕਿ ਕਿਸ ਪ੍ਰਕਾਰ ਉਨ੍ਹਾਂ ਦਾ ਜਨ-ਜੀਵਨ ਸੀ। ਉਨ੍ਹਾਂ ਖਾਣ-ਪੀਣ, ਗਹਿਣਾ-ਗੱਟਾ, ਘਰਾਂ ਦੀ ਬਣਤਰ, ਸੁਆਣੀਆਂ ਦੇ ਰੁਝੇਵੇਂ, ਸੰਸਕਾਰ, ਮੁੰਡੇ-ਕੁੜੀਆਂ ਦੀ ਖੇਡਾਂ. ਲੋਕ-ਕਿੱਸੇ, ਪਹਿਰਾਵਾ, ਡੰਗਰਾਂ-ਪਸ਼ੂ, ਭਾਂਤ-ਭਾਂਤ ਦੇ ਰੁੱਖ, ਵਿਆਹ-ਸੰਸਕਾਰ ਅਤੇ ਇਹਨਾਂ ਨਾਲ ਸੰਬੰਧਿਤ ਰਸਮਾਂ-ਰਿਵਾਜ ਬਾਰੇ ਡੂੰਘੀ ਜਾਣਕਾਰੀ ਦੇ ਕੇ, ਅਜੋਕੇ ਮਨੁੱਖ ਦੀ ਆਪਣੇ ਅਮੀਰ ਸਭਿਆਚਾਰ ਨਾਲ ਸਾਂਝ ਪਵਾਈ ਹੈ।

ਅਜੋਕਾ ਯੁੱਗ ਵਿਸ਼ਵੀਕਰਨ ਯੁੱਗ ਹੋਣ ਦੇ ਨਾਲ ਸੂਚਨਾ ਤਕਨਾਲੋਜੀ ਦਾ ਯੁੱਗ ਵੀ ਹੈ। ਅਜੋਕੇ ਮਨੁੱਖ ਵਿਚ ਢੇਰ ਸਾਰੀਆਂ ਤਬਦੀਲੀਆਂ ਦੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਕੁੱਝ ਨਾਕਾਰਾਤਮਕ ਵੀ ਹਨ ਜਿਵੇਂ ਪੌਸ਼ਟਿਕ ਵਸਤਾਂ ਛੱਡ ਕੇ ਉਨ੍ਹਾਂ ਧਿਆਨ ਫਾਸਟ ਫੂਡਜ਼ ਵੱਲ ਪੈ ਗਿਆ ਹੈ। ਉਨ੍ਹਾਂ ਦੇ ਪਹਿਰਾਵਾ ਸਰੀਰ ਢੱਕਣ ਲਈ ਘੱਟ ਤੇ ਪ੍ਰਗਟਾਉਂਦੇ ਵੱਧ ਨਜ਼ਰੀ ਪੈਂਦੇ ਹਨ। ਪਰਿਵਾਰਿਕ ਰਿਸ਼ਤਿਆਂ ਵਿਚ ਵੱਧ ਰਹੀਆਂ ਤਰੇੜਾਂ ਕਿਤੇ ਨਾ ਕਿਤੇ ਸਦਾਚਾਰਕ ਗਿਰਾਵਟ ਨੂੰ ਪੇਸ਼ ਕਰਦੀਆਂ ਹਨ।

ਲੇਖਕ ਦੇ ਨਿਬੰਧ 'ਬਾਹਰੀ ਪ੍ਰਭਾਵ ਅਤੇ ਸਵੈ ਪੜਚੋਲ' ਵਿਚ ਲੇਖਕ ਅਨੁਸਾਰ ਸਮਕਾਲ ਦੇ ਮਨੁੱਖ ਨੂੰ ਸਾਡੇ ਅਮੀਰ ਸਭਿਆਚਾਰ ਤੇ ਸਿਰਫ਼ ਮਾਣ ਮਹਿਸੂਸ ਕਰਨ ਦੇ ਨਾਲ-ਨਾਲ ਮਨੁੱਖ ਨੂੰ ਸਵੈ-ਪੜਚੋਲ ਦੀ ਵੀ ਲੋੜ ਹੈ:

> ਕਿਸੇ ਸਮੇਂ ਮਿਹਨਤ ਦੇ ਮੁਜੱਸਮੇ ਮੰਨੇ ਜਾਂਦੇ ਪੰਜਾਬੀ ਅੱਜ ਕੰਮ-ਚੋਰ ਬਣਦੇ ਜਾ ਰਹੇ ਹਨ। ਉਨ੍ਹਾਂ ਦਾ ਰੁਝਾਨ ਫੋਕੀ ਟੌਰ੍ਹ ਅਤੇ ਜੈਂਟਰਮੈਨੀ ਵੱਲ ਵਧੇਰੇ ਹੁੰਦਾ ਜਾ ਰਿਹਾ ਹੈ। ਨਸ਼ਿਆਂ ਦੀ ਵਰਤੋਂ ਇੰਨੀ ਵੱਧ ਗਈ ਹੈ ਕਿ ਸਮਾਜ ਵਿਗਿਆਨੀਆਂ ਨੇ ਨਸ਼ਿਆਂ ਨੂੰ ਪੰਜਾਬ ਦਾ ਛੇਵਾਂ ਦਰਿਆ ਹੀ ਕਹਿਣਾ ਸ਼ੁਰੂ ਕਰ ਦਿੱਤਾ ਹੈ। ਖਾਣ ਬੱਕਰੇ ਤੇ ਪੀਣ ਸ਼ਰਾਬਾਂ, ਪੁੱਤ ਸਰਦਾਰਾਂ ਦੇ ਅਤੇ 'ਚੱਕ ਲਓ ਰਿਵਾਲਵਰ ਰਫ਼ਲਾਂ, ਕਬਜ਼ਾ ਲੈਣਾ ਏ' ਵਰਗੇ ਗੀਤ ਸਾਡੇ ਨੌਜਵਾਨਾਂ ਦੇ ਆਦਰਸ਼ ਬਣਦੇ ਜਾ ਰਹੇ ਹਨ। (ਅੱਛਰੂ ਸਿੰਘ ''ਵਿਰਸਾ ਅਤੇ ਸਭਿਆਚਾਰ: ਦੇਖਿਆ, ਸੁਣਿਆ ਅਤੇ ਹੰਢਾਇਆ ''278-279)

ਉਪਰੋਕਤ ਸ਼ਬਦਾਂ ਤੋਂ ਭਾਵ ਸੋਨੇ ਦੀ ਚਿੜੀ ਕਹਾਏ ਜਾਣ ਵਾਲੇ ਪੰਜਾਬ ਵਿਚ ਇਹ ਸਮਾਜਿਕ ਬੁਰਾਈਆਂ ਜਿਵੇਂ ਭਰੂਣ ਹੱਤਿਆ, ਦਹੇਜ ਘਟਣ ਦੀ ਬਜਾਇ ਇਸ ਪੜੇ ਲਿਖੇ ਸਮਾਜ ਵਿਚ ਵਧਦੀਆਂ ਚਲੀਆਂ ਜਾ ਰਹੀਆਂ ਹਨ। ਇਹ ਭਿਅੰਕਰ ਬਿਮਾਰੀਆਂ ਸਾਡੇ ਸਭਿਆਚਾਰ ਨੂੰ ਖੋਖਲਾ ਕਰ ਰਹੀਆਂ ਹਨ ਤੇ ਨਿਰੰਤਰ ਵਧਦੇ ਅਪਰਾਧ ਸਾਡੇ ਸਭਿਆਚਾਰ ਦਾ ਮੂੰਹ ਚਿੜਾਉਂਦੇ ਹਨ। ਸਮੇਂ ਦੇ ਨਾਲ ਸਭਿਆਚਾਰ ਵਿਚ ਤਬਦੀਲੀਆਂ ਆਉਂਦੀਆਂ ਹਨ:

> ਚੰਗੇ ਪੱਖਾਂ ਦੀ ਹਰ ਹੀਲੇ ਸੰਭਾਲ ਕਰੀਏ ਅਤੇ ਜੋ ਕੁੱਝ ਬਦਲਣ ਯੋਗ ਉਸ ਨੂੰ ਨਿਰਸੰਕੋਚ ਬਦਲੀਏ। ਇਸ ਤਰ੍ਹਾਂ ਕੇਵਲ ਆਪਣੇ ਵਿਰਸੇ ਅਤੇ ਸਭਿਆਚਾਰ ਦੇ ਨਾਂਹ-ਪੱਖੀ ਪ੍ਰਭਾਵਾਂ ਤੋਂ ਬਚ ਸਕਾਂਗੇ, ਸਗੋਂ ਸਮੇਂ ਦੇ ਹਾਣੀ ਬਣ ਕੇ ਜੀਵਨ ਵਿਚ ਨਵੀਆਂ ਬੁਲੰਦੀਆਂ ਵੀ ਛੂੰਹਦੇ ਰਹਾਂਗੇ। (ਅੱਛਰੂ ਸਿੰਘ ''ਵਿਰਸਾ ਅਤੇ ਸਭਿਆਚਾਰ: ਦੇਖਿਆ, ਸੁਣਿਆ ਅਤੇ ਹੰਢਾਇਆ'' 279)

ਉਪਰੋਕਤ ਸਤਰਾਂ ਰਾਹੀਂ ਲੇਖਕ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਪਰੰਪਰਾਗਤ ਰਸਮਾਂ-ਰਿਵਾਜਾਂ ਨਾਲ ਇੰਨੇ ਜੁੜੇ ਨਾ ਰਹੋ ਕਿ ਨਵੀਆਂ ਤਕਨੀਕਾਂ ਨੂੰ ਅਪਣਾਈਏ ਹੀ ਨਹੀਂ, ਸਗੋਂ ਸਮੇਂ ਦੇ ਹਾਣੀ ਬਣਨਾ ਸਮਕਾਲ ਦੀ ਮੁੱਖ ਲੋੜ ਹੈ। ਕੱਟੜਤਾ ਭੁੱਲ ਕੇ, ਜੋ ਕੁੱਝ ਬਦਲਣ ਯੋਗ ਹੈ ਉਸ ਨੂੰ ਨਿਰਸੰਕੋਚ ਬਦਲੀਏ। ਸਭਿਆਚਾਰ ਵਿਚ ਸਾਕਾਰਤਮਕ ਪਹਿਲੂਆਂ, ਸੱਚੀਆਂ ਤੇ ਉੱਚੀਆਂ ਕਦਰਾਂ-ਕੀਮਤਾਂ ਦੀ ਨਿੱਠ ਕੇ ਪਾਲਣਾ ਕਰੀਏ ਕਿਉਂਕਿ ਇਹ ਮਨੁੱਖੀ ਸ਼ਖ਼ਸੀਅਤ ਦਾ ਉੱਚਤਮ ਗੁਣ ਹੈ:

> ਜੀਤ ਸਿੰਘ ਜੋਸ਼ੀ ਲਿਖਦੇ ਹਨ: ਸਭਿਆਚਾਰ ਆਪਣੇ ਸ਼ਾਬਦਿਕ ਪੱਖ ਤੋਂ ਜਿੰਨਾ ਸਰਲ ਅਤੇ ਇਕਹਿਰਾ ਲੱਗਦਾ ਹੈ, ਸੰਕਲਪਾਤਮਕ ਪੱਖ ਤੋਂ ਓਨਾ ਹੀ ਜਟਿਲ, ਅਤੇ ਵਿਸ਼ਾਲ ਅਰਥ ਖੇਤਰ ਵਾਲਾ ਹੈ। ਮਨੁੱਖ ਦੀ ਸਮਾਜਿਕ ਹੋਂਦ ਕਾਰਨ ਸਭਿਆਚਾਰ ਉਸ ਦੀ ਇੱਕ ਅਜਿਹੀ ਵਿਲੱਖਣ ਪ੍ਰਾਪਤੀ ਵਜੋਂ ਜਾਣਿਆ ਜਾਂਦਾ ਹੈ। ਜਿਹੜੀ ਉਸ ਨੂੰ ਨਾ ਕੇਵਲ ਪ੍ਰਕਿਰਤੀ ਤੇ ਬਾਕੀ ਜੀਵ-ਜੰਤੂਆਂ ਤੋਂ ਹੀ ਅਲੱਗ ਕਰਦੀ ਹੈ, ਸਗੋਂ ਵਿਭਿੰਨ ਮਨੁੱਖਾਂ, ਮਨੁੱਖੀ ਸਮੂਹਾਂ ਅਤੇ ਉਪ-ਸਮੂਹਾਂ ਵਿਚਕਾਰ ਸਾਂਝ ਅਤੇ 'ਵਖਰੇਵੇਂ' ਦੇ ਲੱਛਣ ਵੀ ਨਿਰਧਾਰਿਤ ਕਰਦੀ ਹੈ। (''ਸਭਿਆਚਾਰ ਅਤੇ ਲੋਕ-ਧਾਰਾ'' 7)

**ਸ) ਪਰਿਵਾਰਕ ਰਿਸ਼ਤਿਆਂ ਦਾ ਸਰੂਪ:-** ਘਰ ਜਿਸ ਨੂੰ ਬਣਾਉਣ ਦੀ ਇੱਛਾ ਹਰ ਮਨੁੱਖ ਦੇ ਅੰਦਰ ਪਨਪਦੀ ਹੈ ਤੇ ਇਸ ਨੂੰ ਬਣਾਉਣ ਲਈ ਉਸ ਦੀ ਸਾਰੀ ਉਮਰ ਵੀ ਛੋਟੀ ਪੈ ਜਾਂਦੀ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ ਘਰ ਗਾਰੇ ਮਿੱਟੀ ਨਾਲ ਬਣੀਆਂ ਚਾਰ ਦੀਵਾਰਾਂ ਨਹੀਂ ਹੈ। ਘਰ ਤਾਂ ਉਹ ਹੈ, ਜਿਸ ਵਿਚ ਮਨੁੱਖ ਦੇ ਸੁਪਨੇ ਸਿਰਜੇ ਜਾਂਦੇ ਹਨ। ਘਰ ਹੀ ਅਸਲ ਘਰ ਦੀ ਸਿਰਜਨਾ ਕਰ ਸਕਦਾ ਹੈ। ਲੇਖਕ 'ਘਰ, ਪਤੀ-ਪਤਨੀ ਅਤੇ ਸਵਰਗ' ਨਿਬੰਧ ਵਿਚ ਰਿਸ਼ਤਿਆਂ ਦੇ ਨਿੱਘ ਨੂੰ ਮਹਿਸੂਸ ਕਰਦਾ ਘਰ ਦੀ ਮਹੱਤਤਾ ਪ੍ਰਗਟ ਕਰਦਾ ਹੈ:

> ਕੋਈ ਪੰਛੀ ਸਭ ਤੋਂ ਵੱਧ ਖ਼ੁਸ਼ ਉਸ ਸਮੇਂ ਹੁੰਦਾ ਹੈ, ਜਦੋਂ ਉਸ ਦਾ ਆਲ੍ਹਣਾ ਤਿਆਰ ਹੋ ਜਾਂਦਾ ਹੈ ਅਤੇ ਸਭ ਤੋਂ ਉਦਾਸ ਉਸ ਸਮੇਂ ਹੁੰਦਾ ਹੈ, ਜਦੋਂ ਉਸ ਦਾ ਬਣਿਆ ਬਣਾਇਆ ਆਲ੍ਹਣਾ ਉੱਜੜ ਜਾਵੇ। ਬਿਲਕੁਲ ਇਹੀ ਗੱਲ ਮਨੁੱਖ ਤੇ ਵੀ ਲਾਗੂ ਹੁੰਦੀ ਹੈ ਨਾਲੇ ਮਨੁੱਖ ਤਾਂ ਪੰਛੀਆਂ ਨਾਲੋਂ ਕਿਤੇ ਵੱਧ ਸੰਵੇਦਨਸ਼ੀਲ ਅਤੇ ਸੂਖਮ-ਭਾਵੀ ਹੁੰਦਾ ਹੈ। ਜਿਸ ਘਰ ਵਿਚ ਪਿਆਰ ਹੈ, ਅਪਣੱਤ ਹੈ, ਸਤਿਕਾਰ ਤੇ ਸਹਿਯੋਗ ਦੀ ਭਾਵਨਾ ਵਰਗਾ ਸੁਖਾਵਾਂ ਮਾਹੌਲ ਹੋਵੇ, ਅਸਲ ਘਰ ਉਹ ਹੈ। (ਅੱਛਰੂ ਸਿੰਘ ''ਜੀਵਨ ਬਾਤਾਂ'' 19)

ਉਪਰੋਕਤ ਸ਼ਬਦਾਂ ਤੋਂ ਭਾਵ ਸਿਰ ਤੇ ਛੱਤ ਹੋਣੀ ਮਨੁੱਖ ਦੀ ਬੁਨਿਆਦੀ ਲੋੜ ਹੈ, ਪਰ ਇਸ ਨੂੰ ਘਰ ਬਣਾਉਣ ਲਈ ਇਸ ਵਿਚ ਪ੍ਰੇਮ, ਲਗਾਵ ਦੀ ਭਾਵਨਾ ਦੀ ਲੋੜ ਹੁੰਦੀ ਹੈ ਭਾਵ ਮਨੁੱਖ ਦੀ ਸਾਕਾਰਾਤਮਕ ਤੇ ਆਸ਼ਾਵਾਦੀ ਸੋਚ ਵਿਚ ਉਸ ਨੂੰ ਸਭ ਕੁੱਝ ਸਵਰਗ ਵਾਂਗ ਪ੍ਰਤੀਤ ਹੁੰਦਾ ਹੈ ਤੇ ਉਹੀ ਨਿਰਾਸ਼ਾਵਾਦੀ ਤੇ ਨਾਕਾਰਾਤਮਕ ਸੋਚ ਵਿਚ ਸਭ ਕੁੱਝ ਨਰਕ ਵਾਂਗ ਪ੍ਰਤੀਤ ਹੁੰਦਾ ਹੈ। ਸਮਕਾਲ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਅਜੋਕੇ ਮਨੁੱਖ ਕੋਲ ਸਭ ਕੁੱਝ ਹੁੰਦਿਆਂ ਹੋਇਆ ਵੀ, ਉਨ੍ਹਾਂ ਦੇ ਰਿਸ਼ਤਿਆਂ ਵਿਚ ਅਪਣੱਤ ਤੇ ਪਿਆਰ ਖੰਭ ਲਾ ਕੇ ਉੱਡ ਗਿਆ ਹੈ ਲੋੜ ਹੈ ਘਰ ਦੀ ਮਹੱਤਤਾ ਨਾਲ ਪਤੀ-ਪਤਨੀ ਦੇ ਰਿਸ਼ਤੇ ਨੂੰ ਸਮਝ ਕੇ ਉਸ ਨੂੰ ਬਣਦਾ ਸਤਿਕਾਰ ਦੇਣ ਦੀ। ਸਮਕਾਲ ਵਿਚ ਵਧਦੀ ਤਲਾਕਾਂ ਦੀ ਗਿਣਤੀ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਰਿਸ਼ਤਿਆਂ ਵਿਚ ਸਹਿਯੋਗ ਦੀ ਭਾਵਨਾ ਦੀ ਜਗ੍ਹਾ ਹਉਮੈਂ ਨੇ ਲੈ ਲਈ ਹੈ। ਲੇਖਕ ਪਤੀ-ਪਤਨੀ ਦੇ ਰਿਸ਼ਤੇ ਦੀ ਮਹੱਤਤਾ ਸਮਝਾਉਂਦਾ ਹੈ:

> ਆਪਸੀ ਵਿਸ਼ਵਾਸ, ਸਮਝ ਅਤੇ ਤਿਆਗ ਦੀ ਭਾਵਨਾ ਘਰੇਲੂ ਸੁੱਖ-ਸ਼ਾਂਤੀ ਦੀ ਨੀਂਹ ਹੁੰਦੀ ਹੈ ਅਤੇ ਜਿੱਥੇ ਇਹ ਨੀਂਹ ਮਜ਼ਬੂਤ ਹੋਵੇ, ਉੱਥੇ ਸਵਰਗ ਖ਼ੁਦ ਹੀ ਪਹੁੰਚ ਜਾਂਦਾ ਹੈ। (ਅੱਛਰੂ ਸਿੰਘ ''ਜੀਵਨ ਬਾਤਾਂ'' 21)

ਰਿਸ਼ਤੇ ਮਨੁੱਖ ਦੀ ਧਰੋਹਰ ਹੁੰਦੇ ਹਨ ਤੇ ਜੇਕਰ ਇਸ ਨੂੰ ਨਿੱਘ ਨਾਲ ਮਾਣਨਾ ਹੈ ਤਾਂ ਇਸ ਵਿਚ ਵਫ਼ਾਦਾਰੀ ਹੋਣੀ ਬਹੁਤੀ ਜ਼ਰੂਰੀ ਹੈ ਤੇ ਆਪਸੀ ਵਿਸ਼ਵਾਸ ਤੇ ਤਿਆਗ ਦੀ ਭਾਵਨਾ ਦੇ ਸਹਾਰੇ ਟਿਕੇ ਹੁੰਦੇ ਹਨ:

> ਇੰਦਰਜੀਤ ਸਿੰਘ ਚੀਮਾ ਅਨੁਸਾਰ: ਪਤੀ-ਪਤਨੀ ਗੱਡੀ ਦੇ ਦੋ ਪਹੀਏ ਹਨ ਅਤੇ ਪਤੀ-ਪਤਨੀ ਦਾ ਰਿਸ਼ਤਾ ਪੂਰਕਤਾ ਵਾਲਾ ਹੋਣਾ ਚਾਹੀਦਾ ਹੈ ਤਾਂ ਜੋ ਗ੍ਰਹਿਸਤ ਦੀ ਇਹ ਗੱਡੀ ਠੀਕ ਤਰ੍ਹਾਂ ਚੱਲਦੀ ਰਹੇ। ਪਤੀ-ਪਤਨੀ ਆਪਣੇ ਆਪ ਨੂੰ ਮਰਦ ਔਰਤ ਨਹੀਂ ਬਲਕਿ ਇਨਸਾਨ ਸਮਝ ਕੇ ਇੱਕ ਦੂਜੇ ਦੇ ਸਹਿਯੋਗੀ ਬਣਨ ਅਤੇ ਇਸ ਤਰ੍ਹਾਂ ਦੇ ਸਹਿਯੋਗ ਰਿਸ਼ਤੇ ਵਿਚ ਵਧੇਰੇ ਕਰ ਕੇ ਸਮੱਸਿਆਵਾਂ ਉਪਜਦੀਆਂ ਹੀ ਨਹੀਂ, ਜੇ ਉਪਜਦੀਆਂ ਵੀ ਹਨ ਤਾਂ ਉਨ੍ਹਾਂ ਨੂੰ ਸੁਲਝਾਉਣ ਵਿਚ ਪਤੀ-ਪਤਨੀ ਦੇਰ ਨਹੀਂ ਲਗਾਉਣਗੇ। ਅਣ-ਸੁਖਾਵੀਆਂ ਹਲਾਤਾਂ ਵਿਚ ਅਹਿਮ ਤਿਆਗ, ਸਹਿਣਸ਼ੀਲਤਾ ਅਤੇ ਨਾਇਕ/ਨਾਇਕਾ ਨਾ ਬਣਨ ਦੀ ਪ੍ਰਵਿਰਤੀ ਆਦਿ ਪਤੀ-ਪਤਨੀ ਦੇ ਰਿਸ਼ਤੇ ਨੂੰ ਜੋੜੀ ਰੱਖਦੀ ਹੈ।(ਅੱਛਰੂ ਸਿੰਘ, ਵਾਲੀਆ (ਸੰਪਾ) ''ਅਜੋਕੀ ਔਰਤ: ਦਸ਼ਾ ਤੇ ਦਿਸ਼ਾ'' 133)

ਲੇਖਕ 'ਰਿਸ਼ਤਿਆਂ ਦਾ ਨਿੱਘ' ਨਿਬੰਧ ਵਿਚ ਰਿਸ਼ਤਿਆਂ ਨੂੰ ਦੋ ਸ਼੍ਰੇਣੀਆਂ ਵਿਚ ਵੰਡ ਕੇ ਇਹਨਾਂ ਦੀ ਮਹੱਤਤਾ ਦੱਸਦਾ ਹੈ ਕਿ ਇੱਕ ਪਰਿਵਾਰਿਕ ਰਿਸ਼ਤੇ ਅਤੇ ਦੂਜੇ ਸਮਾਜਿਕ ਰਿਸ਼ਤੇ, ਪਰਿਵਾਰਿਕ ਰਿਸ਼ਤੇ, ਜਿਹੜੇ ਮਨੁੱਖ ਨੂੰ ਪੈਦਾਇਸ਼ੀ ਤੌਰ ਤੇ ਮਿਲਦੇ ਹਨ ਜਿਵੇਂ ਮਾਂ-ਬਾਪ, ਦਾਦਾ-ਦਾਦੀ, ਚਾਚਾ-ਚਾਚੀ, ਭਾਵ ਪਰਿਵਾਰਿਕ ਰਿਸ਼ਤਿਆਂ ਵਿਚ ਦਾਦਕਿਆਂ ਨਾਨਕਿਆਂ ਅਤੇ ਸਹੁਰਿਆਂ ਦੇ ਰਿਸ਼ਤੇ ਸ਼ਾਮਿਲ ਹੁੰਦੇ ਹਨ ਤੇ ਜਿਹੜੇ ਘਰ ਪਰਿਵਾਰ ਤੋਂ ਬਾਹਰ ਮਨੁੱਖ ਰਿਸ਼ਤੇ ਸਿਰਜਦਾ ਹੈ, ਉਸ ਨੂੰ ਸਮਾਜਿਕ ਰਿਸ਼ਤਿਆਂ ਦਾ ਨਾਮ ਦੇ ਦਿੱਤਾ ਜਾਂਦਾ ਹੈ। ਲੇਖਕ ਅਨੁਸਾਰ ਰਿਸ਼ਤੇ ਪਰਿਵਾਰਿਕ ਹੋਣ ਚਾਹੇ ਸਮਾਜਿਕ, ਉਨ੍ਹਾਂ ਵਿਚ ਆਪਣੇ ਪਣ ਦਾ ਅਹਿਸਾਸ ਸ਼ਾਮਿਲ ਹੋਣਾ ਬਹੁਤ ਜ਼ਰੂਰੀ ਹੈ:

> ਰਿਸ਼ਤਿਆਂ ਵਿਚ ਨਿੱਘ ਕਾਇਮ ਰੱਖਣ ਤੇ ਇਸ ਨੂੰ ਮਾਣਨ ਲਈ ਜਿੱਥੇ ਸਾਡੀ ਬੋਲ-ਬਾਣੀ ਵਿਚ ਮਿਠਾਸ ਤੇ ਵਰਤਾਉ ਵਿਚ ਨਿਮਰਤਾ ਦੀ ਲੋੜ ਹੈ, ਉੱਥੇ ਹੀ ਸਾਨੂੰ ਸੰਜਮ, ਸੁਹਿਰਦਤਾ, ਸ਼ਿਸ਼ਟਤਾ ਅਤੇ ਸਮਰਪਿਤ ਭਾਵਨਾ ਨੂੰ ਵੀ ਆਪਣੇ ਸੁਭਾਅ ਦਾ ਅਨਿੱਖੜਵਾਂ ਅੰਗ ਬਣਾਉਣਾ ਪੈਂਦਾ ਹੈ ਅਤੇ ਦੂਜਿਆਂ ਦੀ ਭਾਵਨਾਵਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਕਦਰ ਕਰਨਾ ਸਿੱਖੀਏ। (ਅੱਛਰੂ ਸਿੰਘ ''ਚਾਨਣ ਭਰੀ ਚੰਗੇਰ'' 67)

ਉਪਰੋਕਤ ਸ਼ਬਦਾਂ ਤੋਂ ਭਾਵ ਰਿਸ਼ਤੇ ਮੋਹ ਭੱਜ ਦੀ ਤੰਦਾਂ ਹੁੰਦੀਆਂ ਹਨ ਅਤੇ ਰਿਸ਼ਤਿਆਂ ਨੂੰ ਸਤਿਕਾਰ, ਸਹਿਣਸ਼ੀਲਤਾ, ਸੰਜਮਤਾ, ਪਿਆਰ ਤੇ ਮਿਠਾਸ ਨਾਲ ਹੀ ਪਰੋਇਆ ਜਾ ਸਕਦਾ ਹੈ ਤੇ ਇਸ ਦਾ ਨਿੱਘ ਮਾਣਿਆ ਜਾ ਸਕਦਾ ਹੈ। ਰਿਸ਼ਤਾ ਚਾਹੇ ਪਤੀ-ਪਤਨੀ ਨਾਲ ਹੋਵੇ, ਚਾਹੇ ਬਾਕੀ ਪਰਿਵਾਰਿਕ ਮੈਂਬਰਾਂ ਨਾਲ ਹਮੇਸ਼ਾ ਪਿਆਰ ਤੇ ਸਤਿਕਾਰ ਨਾਲ ਹੀ ਸਿਰਜੇ ਤੇ ਸੰਜੋਏ ਜਾ ਸਕਦੇ ਹਨ।

**ਹ) ਇਸਤਰੀ ਪੱਖ:-** ਔਰਤ ਜਿਸ ਨੂੰ ਜੀਵਨ ਰੂਪੀ ਗੱਡੀ ਦਾ ਇੱਕ ਪਹੀਆ ਮੰਨਿਆ ਜਾਂਦਾ ਹੈ। ਮਨੁੱਖੀ ਜੀਵਨ ਵਿਚ ਔਰਤ ਤੋਂ ਬਿਨਾਂ ਪਰਿਵਾਰ ਦੀ ਸੁਚੱਜੀ ਸੇਧ ਦੀ ਕਾਮਨਾ ਵੀ ਨਹੀਂ ਕੀਤੀ ਜਾ ਸਕਦੀ। ਪਰਿਵਾਰ ਦੀ ਉੱਚਤਾ ਇੱਕ ਔਰਤ ਬਿਨਾਂ ਅਧੂਰੀ ਹੈ। ਲੇਖਕ 'ਹੇ ਔਰਤ, ਤੂੰ ਕਿੰਨੀ ਮਹਾਨ ਹੈਂ' ਨਿਬੰਧ ਵਿਚ ਇਸਤਰੀ ਦੀ ਪਰਿਵਾਰ ਵਿਚ ਮਹੱਤਤਾ ਦੱਸਦਾ ਹੋਇਆ ਉਸ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਾ ਹੈ। ਔਰਤ ਜਿਸ ਨੂੰ ਜੀਵਨ ਰੂਪੀ ਗੱਡੀ ਦਾ ਇੱਕ ਪਹੀਆ ਮੰਨਿਆ ਜਾਂਦਾ ਹੈ। ਮਨੁੱਖੀ ਜੀਵਨ ਵਿਚ ਔਰਤ ਤੋਂ ਬਿਨਾਂ ਪਰਿਵਾਰ ਦੀ ਸੁਚੱਜੀ ਸੇਧ ਦੀ ਕਾਮਨਾ ਵੀ ਨਹੀਂ ਕੀਤੀ ਜਾ ਸਕਦੀ। ਪਰਿਵਾਰ ਦੀ ਉੱਚਤਾ ਇੱਕ ਔਰਤ ਬਿਨਾਂ ਅਧੂਰੀ ਹੈ। ਲੇਖਕ ਔਰਤ ਨੂੰ ਜਗ ਜਨਨੀ ਆਖ ਕੇ ਉਸ ਨੂੰ ਮਹਾਨ ਹੋਣ ਦਾ ਦਰਜਾ ਦਿੰਦਾ ਹੈ:

> ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਜੇਕਰ ਸਮਾਜ ਮਰਦ ਪ੍ਰਧਾਨ ਹੋਣ ਦੀ ਬਜਾਇ, ਔਰਤ ਪ੍ਰਧਾਨ ਹੁੰਦਾ ਤਾਂ ਨਾ ਤਾਂ ਸਮਾਜ ਵਿਚ ਅੱਜ ਵਰਗੇ ਤਬਾਹਕੁਨ ਹਥਿਆਰ

ਹੋਣੇ ਸਨ, ਨਾ ਅਜਿਹੀਆਂ ਭਿਆਨਕ ਲੜਾਈਆਂ ਹੋਣੀਆਂ ਸਨ ਅਤੇ ਨਾ ਹੀ ਮਨੁੱਖ ਨੂੰ ਮਨੁੱਖੀ ਜ਼ੁਲਮ ਦਾ ਸ਼ਿਕਾਰ ਹੋਣਾ ਪੈਣਾ ਸੀ। ਮਨੁੱਖੀ ਜੀਵਨ ਸਹਿਜ ਅਤੇ ਮਨੁੱਖ ਸਹਿਣਸ਼ੀਲ ਹੁੰਦੇ ਅਤੇ ਹਰ ਪਾਸੇ ਸ਼ਾਂਤੀ ਦਾ ਵਾਤਾਵਰਣ ਹੁੰਦਾ।(ਅੱਛਰੂ ਸਿੰਘ ''ਚਾਨਣ ਭਰੀ ਚੰਗੇਰ" 80-81)

ਆਧੁਨਿਕ ਪੰਜਾਬੀ ਨਾਵਲਾਂ ਦੇ ਪਿਤਾਮਾ ਨਾਨਕ ਸਿੰਘ ਆਪਣੇ ਨਾਵਲ 'ਅੱਧ ਕਿਰਿਆ ਫੁਲ ਵਿਚ' ਲਿਖਦੇ ਹਨ ਓ, ਇਸਤਰੀ। ਤੂੰ ਏਡੀ ਉੱਚਤਾ ਏਡੀ ਵਿਸ਼ਾਲਤਾ ਕਿੱਥੋਂ ਪ੍ਰਾਪਤ ਕਰ ਲਈ? ਸਹਿਣਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਮਤਾ ਦੀਆਂ ਤਾਂਗਾ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁੱਝ ਹੇ, ਹੇ ਇਸਤਰੀ ਤੂੰ ਕਿੱਥੋਂ ਪ੍ਰਾਪਤ ਕਰ ਲਿਆ ?(ਅੱਛਰੂ ਸਿੰਘ ''ਜੀਵਨ ਦੇ ਰੰਗ" 8)

ਇਸ ਵਿਚ ਕੋਈ ਦੋ ਰਾਏ ਨਹੀਂ ਹੈ ਕਿ ਇਸਤਰੀ ਦੀ ਪਰਿਵਾਰ ਵਿਚ ਮਹੱਤਤਾ ਤੇ ਕੁਰਬਾਨੀ ਨਾ ਗਿਣਨ ਯੋਗ ਹੈ। ਜੋ ਸਹਿਣਸ਼ੀਲਤਾ ਇੱਕ ਔਰਤ ਵਿਚ ਹੈ ਉਹ ਸ਼ਾਇਦ ਕਿਸੇ ਹੋਰ ਵਿਚ ਨਹੀਂ, ਪ੍ਰੰਤੂ ਸਮਕਾਲ ਦੀ ਗੱਲ ਕਰੀਏ ਤਾਂ ਨਿੱਤ ਹੁੰਦੇ ਬਲਾਤਕਾਰ, ਭਰੂਣ ਹੱਤਿਆਵਾਂ ਇਸ ਗੱਲ ਦੀ ਨਿਸ਼ਾਨਦੇਹੀ ਕਰਦੀਆਂ ਹਨ ਕਿ ਔਰਤ ਨੂੰ ਖ਼ੁਦ ਹੀ ਆਪਣੀ ਮਹੱਤਤਾ ਦੱਸਣੀ ਪਵੇਗੀ।ਔਰਤ ਨੂੰ ਖ਼ੁਦ ਆਪਣੇ ਆਪ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨਾ ਪਵੇਗਾ ਤੇ ਦੂਜਾ ਵਿੱਦਿਆ ਦਾ ਪਸਾਰ ਕਰਨਾ ਪਵੇਗਾ ਤਾਂ ਜੋ ਉਹ ਆਪਣੇ ਪੈਰਾ ਤੇ ਖਲੋ ਕੇ ਇਸ ਸਮਾਜ ਵਿਚ ਉੱਚਾ ਰੁਤਬਾ ਹਾਸਿਲ ਕਰ ਸਕਦੀ ਹੈ।

ਔਰਤ ਨੇ ਤਣਾਅ ਮੁਕਤ ਹੋਣਾ, ਸਿੱਖਿਆ ਹੀ ਨਹੀਂ ਜਾ ਕਹਿ ਲਓ, ਉਹਦੇ ਹਿੱਸੇ ਆਇਆ ਹੀ ਨਹੀਂ ਚਾਹੇ ,ਪਰਿਵਾਰਿਕ ਤਣਾਅ ਹੋਵੇ ਜਾਂ ਬਾਹਰੀ ਤਣਾਅ ਔਰਤ ਹਮੇਸ਼ਾ ਇਸ ਵਿਚ ਗ੍ਰਸਤ ਹੋਈ ਦੇਖੀ ਜਾ ਸਕਦੀ ਹੈ। ਲੇਖਕ 'ਤਨਾਅ ਮੁਕਤੀ ਦੇ ਗੁਰ' ਨਿਬੰਧ ਰਾਹੀਂ ਕੁੱਝ ਗੁਰ ਦੱਸਦਾ ਹੈ, ਜਿਸ ਨਾਲ ਤਣਾਅ ਰਹਿਤ ਜ਼ਿੰਦਗੀ

ਨੂੰ ਜੀਵਿਆ ਜਾ ਸਕਦਾ ਹੈ। ਸਿੱਖ ਧਰਮ ਵਿਚ ਇਸਤਰੀ ਦਾ ਪੂਰਾ ਸਨਮਾਨ ਕੀਤਾ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਨਾਰੀ ਨੂੰ ਅਰਧ-ਸਰੀਰ ਅਤੇ ਮੋਖ-ਦੁਆਰੀ ਕਹਿ ਕੇ ਨਿਵਾਜਿਆ।

ਲੇਖਕ 'ਇਸਤਰੀ ਜਾਤੀ ਦਾ ਸਨਮਾਨ' ਨਿਬੰਧ ਵਿਚ ਇਸਤਰੀ ਦੀ ਮਹੱਤਤਾ ਬਿਆਨ ਦਾ ਹੈ, ਜੋ ਮਾਨ ਸਨਮਾਨ ਔਰਤ ਨੂੰ ਸਿੱਖ ਧਰਮ ਵਿਚ ਦਿੱਤਾ ਗਿਆ ਹੈ, ਉਹ ਉਸ ਨਾਲ ਵਿਤਕਰੇ ਦੀ ਭਾਵਨਾ ਖ਼ਤਮ ਕਰਨ ਵਿਚ ਇੱਕ ਮਹੱਤਵਪੂਰਨ ਤੇ ਸ਼ਲਾਘਾਯੋਗ ਕੰਮ ਹੈ।

> ਸਮੁੱਚੇ ਸਿੱਖ ਧਰਮ ਵਿਚ ਇਸਤਰੀ ਦਾ ਪੂਰਾ ਸਨਮਾਨ ਕੀਤਾ ਗਿਆ ਹੈ ਅਤੇ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਦੀ ਆਗਿਆ ਨਹੀਂ ਦਿੱਤੀ ਜਾਂਦੀ। ਲੜਕੀ ਨੂੰ ਮਾਰਨਾ ਬੱਜਰ ਕੁਰਹਿਤ ਮੰਨਿਆ ਗਿਆ ਹੈ। ਗੁਰੂ ਅਮਰਦਾਸ ਜੀ ਨੇ ਇਸਤਰੀ ਦੀ ਦਸ਼ਾ ਸੁਧਾਰਨ ਲਈ ਬਹੁਤ ਸਾਰੇ ਕਦਮ ਵੀ ਚੁੱਕੇ। ਉਨ੍ਹਾਂ ਨੇ ਸਤੀ ਦੀ ਭੈੜੀ ਰਸਮ ਨੂੰ ਖ਼ਤਮ ਕੀਤਾ ਅਤੇ ਔਰਤਾਂ ਦਰਬਾਰਾਂ ਵਿਚ ਖੁੱਲ੍ਹੇ ਆਮ ਆ ਜਾ ਸਕਦੀਆਂ ਸਨ। (ਅੱਛਰੂ ਸਿੰਘ ''ਸਿੱਖ ਧਰਮ ਅਤੇ ਜੀਵਨ ਦਰਸ਼ਨ'' 224)

ਇੱਕ ਸਮਾਂ ਸੀ ਜਦੋਂ ਔਰਤ ਦਾ ਦਾਇਰਾ ਸੁਨਿਸ਼ਚਿਤ ਸੀ ਵੀ ਬਾਹਰਲੇ ਕੰਮਾਂ ਲਈ ਮਰਦ ਤੇ ਘਰ ਪਰਿਵਾਰ ਦੇ ਕੰਮਾਂ ਵਿਚ ਔਰਤ ਦੀ ਮਹੱਤਵਪੂਰਨ ਭੂਮਿਕਾ ਸੀ। ਪਰੰਤੂ ਅਜੋਕੀ ਨਾਰੀ ਘਰ ਦੀ ਚਾਰ-ਦੀਵਾਰੀ ਵਿਚ ਕੈਦ ਨਾ ਹੋ ਕੇ ਘਰ ਪਰਿਵਾਰ ਦੇ ਨਾਲ-ਨਾਲ ਬਾਹਰਲੀਆਂ ਜ਼ਿੰਮੇਵਾਰੀਆਂ ਵਿਚ ਵੀ ਮਰਦ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀਆਂ ਆਰਥਿਕ ਸਹਾਇਤਾ ਪ੍ਰਦਾਨ ਕਰਦੀਆਂ ਹਨ, ਪ੍ਰੰਤੂ ਇਸ ਨਾਲ ਔਰਤ ਦੀ ਜ਼ਿੰਦਗੀ ਵਿਚ ਫ਼ਰਕ ਇਹ ਆਇਆ ਕਿ ਹੁਣ ਜਿੱਥੇ ਉਸ ਦੇ ਕੰਮ ਕਰਨ ਉਸ ਦੀ ਆਰਥਿਕ ਸਥਿਤੀ ਵਿਚ ਸੁਧਾਰ ਹੋਇਆ ਹੈ ਨਾਲ ਹੀ ਉਸ ਨੂੰ ਆਪਣੀਆਂ ਪਰਿਵਾਰਿਕ ਜ਼ਿੰਮੇਵਾਰੀਆਂ ਉਸੇ ਤਰ੍ਹਾਂ ਹੀ ਨਿਭਾਉਣੀਆਂ ਪੈਂਦੀਆਂ ਹਨ ਤੇ ਇਸ ਦੋਹਰੇ ਬੋਝ ਦੇ ਕਾਰਨ ਉਹ ਬਹੁਤੀ ਵਾਰੀ ਤਣਾਅ ਦਾ ਸ਼ਿਕਾਰ ਵੀ ਹੋ ਜਾਂਦੀ ਹੈ।

ਲੇਖਕ 'ਤਣਾਅ ਮੁਕਤੀ ਦੇ ਗੁਰ' ਨਿਬੰਧ ਵਿਚ ਔਰਤ ਨੂੰ ਕੁੱਝ ਸੁਝਾਅ ਦਿੰਦਾ ਹੈ, ਜਿਸ ਨਾਲ ਕੁੱਝ ਹੱਦ ਤੱਕ ਤਣਾਅ ਮੁਕਤ ਮਹਿਸੂਸ ਕੀਤਾ ਜਾ ਸਕਦਾ ਹੈ। ਪਹਿਲਾ ਗੁਰ ਹਾਂ-ਪੱਖੀ ਸੋਚ ਅਪਣਾਉਂਦਾ ਹੈ।ਢੁਕਵੀਂ ਵਿਉਂਤਬੰਦੀ, ਹਰ ਕੰਮ ਦੀ ਤਰਜੀਹ ਮਿਥੀ ਜਾਣੀ, ਰਵਾਇਤੀ ਪਾਠ-ਪੂਜਾ ਤੋਂ ਬਚਣਾ, ਕੁੱਝ ਸਮਾਂ ਆਪਣੇ ਪਰਿਵਾਰ ਆਪਣੇ ਬੱਚਿਆਂ ਨਾਲ ਬਿਤਾਉਣਾ, ਵਧੇਰੇ ਜਜ਼ਬਾਤੀ ਹੋਣ ਤੇ ਕੰਟਰੋਲ ਕਰਨਾ ਆਦਿ ਅਜਿਹੇ ਗੁਰ ਹਨ, ਜਿਨ੍ਹਾਂ ਨਾਲ ਉਹ ਆਪਣੇ ਕੰਮ ਅਤੇ ਪਰਿਵਾਰ ਵਿਚ ਵਧੇਰੇ ਕਾਰਜਸ਼ੀਲ ਹੋਣਗੀਆਂ ਅਤੇ ਬਹੁਤ ਹੱਦ ਤੱਕ ਤਣਾਅ ਮੁਕਤ ਰਹਿ ਕੇ ਆਪਣੀ ਜ਼ਿੰਦਗੀ ਨੂੰ ਸੋਹਣੇ ਤੇ ਸੁਚੱਜੇ ਢੰਗ ਨਾਲ ਜੀਅ ਸਕਣਗੀਆਂ।

**ਕ) ਪ੍ਰੇਰਨਾਮਈ/ਸਿੱਖਿਆਦਾਇਕ ਨਿਬੰਧ:-** ਇੱਕ ਇਨਸਾਨ ਦਾ ਮਕਸਦ ਭਰਪੂਰ ਜ਼ਿੰਦਗੀ ਨੂੰ ਜਿਊਣਾ ਬਹੁਤ ਜ਼ਰੂਰੀ ਹੈ। ਬਿਨਾਂ ਮਕਸਦ ਜ਼ਿੰਦਗੀ ਪਾਣੀ ਦੇ ਖੜੇ ਪਾਣੀ ਵਰਗੀ ਹੁੰਦੀ ਹੈ, ਜਿਸ ਨੂੰ ਸਮੇਂ ਸਿਰ ਨਾ ਨਿਕਾਲਿਆ ਜਾਵੇ ਤਾਂ ਉਸ ਵਿਚੋਂ ਬਦਬੂ ਆਉਣ ਲੱਗਦੀ ਹੈ। ਸਹੀ ਪ੍ਰੇਰਨਾ ਸਦਕਾ ਮਨੁੱਖ ਕਾਮਯਾਬੀ ਹਾਸਿਲ ਕਰ ਸਕਦਾ ਹੈ:

> ਦਰਬਾਰਾ ਸਿੰਘ ਢੀਂਡਸਾ ਅਨੁਸਾਰ: ਪ੍ਰੇਰਨਾ ਦੋ ਤਰ੍ਹਾਂ ਦੀ ਹੁੰਦੀ ਹੈ, ਜਿਸ ਨੂੰ ਸਾਕਾਰਾਤਮਕ ਅਤੇ ਨਕਾਰਾਤਮਕ ਕਿਹਾ ਜਾਂਦਾ ਹੈ। ਇਨਸਾਨ ਸਾਕਾਰਾਤਮਕ ਪ੍ਰੇਰਨਾ ਨਾਲ ਜ਼ਿੰਦਗੀ ਵਿਚ ਅਹਿਮ ਮੁਕਾਮ ਹਾਸਲ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ। ਸਮਾਜ ਵਿਚ ਮਾਣ ਇੱਜ਼ਤ ਪ੍ਰਾਪਤ ਕਰ ਲੈਂਦਾ ਹੈ। ਧਨ ਦੌਲਤ ਦੀ ਕੋਈ ਕਮੀ ਨਹੀਂ ਰਹਿੰਦੀ। ਸਹੀ ਦਿਸ਼ਾ ਵੱਲ ਤੁਰਨ ਲਈ ਮਨ ਨੂੰ ਸਕੂਨ ਅਤੇ ਸਮਾਜ ਵੱਲੋਂ ਸਤਿਕਾਰਿਆ ਜਾਂਦਾ ਹੈ, ਪਰੰਤੂ ਨਾਕਾਰਾਤਮਕ ਪ੍ਰੇਰਨਾ ਵਿਅਕਤੀ ਨੂੰ ਮੰਜ਼ਲ ਤੋਂ ਭਟਕਾ ਦੇਂਦੀ ਹੈ। ਗ਼ਲਤ ਰਸਤੇ ਵੱਲ ਤੋਰ ਕੇ ਦਿਸ਼ਾ ਹੀਣ ਬਣਾ ਦੇਂਦੀ ਹੈ। ਭੈੜੀ ਸੰਗਤ ਮਿਲ ਜਾਂਦੀ ਹੈ ਜਿਸ ਦੀ ਰੰਗਤ, ਕਾਤਲ, ਬਲਾਤਕਾਰੀ, ਚੋਰ,

ਡਕੈਤ, ਸਮਗਲਰ, ਨਸ਼ੇੜੀ ਆਦਿ ਬਣਾ ਦੇਂਦੀ ਹੈ ਅਤੇ ਪੈਸਾ ਕਮਾਉਣ ਲਈ ਭ੍ਰਿਸ਼ਟ ਤਰੀਕੇ ਅਪਣਾਉਣ ਲਈ ਮਜਬੂਰ ਕਰ ਦੇਂਦੀ ਹੈ। (''ਜ਼ਿੰਦਗੀ ਦਾ ਮਕਸਦ''45)

ਅਜੋਕੇ ਜਿਸ ਸਮਾਜ ਵਿਚ ਮਨੁੱਖ ਵਿਚਰ ਰਿਹਾ ਹੈ, ਇਸ ਵਿਚ ਬਿਰਧ ਆਸ਼ਰਮਾਂ ਦਾ ਵਧਣਾ ਇਸ ਗੱਲ ਦਾ ਸਬੂਤ ਹੈ ਕਿ ਅਜੋਕੇ ਬੱਚਿਆਂ ਲਈ ਮਾਂ-ਬਾਪ ਬੋਝ ਬਣਦੇ ਜਾ ਰਹੇ ਹਨ, ਉਹ ਆਪਣੀ ਆਜ਼ਾਦੀ ਨੂੰ ਤੇ ਖੁੱਲ੍ਹੇ-ਡੁੱਲ੍ਹੇ ਰਹਿਣ ਸਹਿਣ ਨੂੰ ਵਧੇਰੇ ਮਹੱਤਵ ਦੇ ਰਹੇ ਹਨ। ਲੇਖਕ ਨੇ 'ਬਜ਼ੁਰਗਾਂ ਦਾ ਸਤਿਕਾਰ, ਸੁੱਖਾਂ ਦਾ ਅਧਾਰ' ਨਿਬੰਧ ਵਿਚ ਸਿਰਫ਼ ਇੱਕ ਪੱਖ ਤੇ ਨਹੀਂ, ਬਲਕਿ ਬੱਚੇ ਅਤੇ ਬਜ਼ੁਰਗਾਂ ਦੋਹਾਂ ਨੂੰ ਇੱਕ ਬਹੁਤ ਵਧੀਆਂ ਸਿੱਖਿਆ ਦਿੱਤੀ ਹੈ:

> ਜਿਨ੍ਹਾਂ ਘਰਾਂ ਵਿਚ ਬਜ਼ੁਰਗਾਂ ਦਾ ਨਿਰਾਦਰ ਕੀਤਾ ਜਾਂਦਾ ਹੈ, ਉਹ ਤਹਿਜ਼ੀਬ ਅਤੇ ਮਾਣ-ਮਰਿਆਦਾ ਤੋਂ ਸੱਖਣੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਸੁਫ਼ਨੇ ਵਿਚ ਵੀ ਸੁੱਖ-ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ, ਕਈ ਵਾਰੀ ਵੱਡੀ ਉਮਰ ਜਾਂ ਕਿਸੇ ਸਰੀਰਕ ਅਥਵਾ ਮਾਨਸਿਕ ਪੀੜਾ ਕਾਰਨ ਬਜ਼ੁਰਗ ਚਿੜਚਿੜੇ ਹੋ ਜਾਂਦੇ ਹਨ, ਇਹ ਉਨ੍ਹਾਂ ਦੀ ਮਜਬੂਰੀ ਹੁੰਦੀ ਹੈ, ਮਸਤੇਵਾਂ ਨਹੀਂ ਹੁੰਦਾ। (ਅੱਛਰੂ ਸਿੰਘ ''ਜੀਵਨ ਦੇ ਰੰਗ''49)

ਲੇਖਕ ਨੇ ਇਸ ਨਿਬੰਧ ਵਿਚ ਬਜ਼ੁਰਗਾਂ ਨੂੰ ਵੀ ਸਿੱਖਿਆ ਦਿੱਤੀ ਹੈ ਕਿ ਉਨ੍ਹਾਂ ਨੂੰ ਸੁਨੇਹਾ ਦਿੱਤਾ ਹੈ:

> ਜੇਕਰ ਉਹ ਰਾਮ ਅਤੇ ਸਰਵਣ ਵਰਗੇ ਆਗਿਆਕਾਰੀ ਅਤੇ ਸੇਵਾਦਾਰ ਪੁੱਤਰ ਅਤੇ ਸੀਤਾ/ਸਵਿੱਤਰੀ ਵਰਗੀਆਂ ਧੀਆਂ ਅਤੇ ਨੂੰਹਾਂ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਵੀ ਆਦਰਸ਼ ਸੋਚ ਅਤੇ ਵਿਵਹਾਰ ਦੇ ਧਾਰਨੀ ਬਣਨਾ ਪਵੇਗਾ। ਬੇਲੋੜਾ ਦਖ਼ਲ ਅਤੇ ਟੋਕਾ ਟਾਕੀ ਉਨ੍ਹਾਂ ਦੀ ਸੁਤੰਤਰਤਾ ਅਤੇ ਸਵੈਮਾਨ ਦੀ ਭਾਵਨਾ ਨੂੰ ਠੇਸ ਪਹੁੰਚਾਉਂਦੇ ਹਨ, ਸੋ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। (ਅੱਛਰੂ ਸਿੰਘ ''ਜੀਵਨ ਦੇ ਰੰਗ'' 49-50)

ਜੀਵਨ ਵਿਚ ਬਦਲਾਅ ਕੁਦਰਤ ਦਾ ਨਿਯਮ ਹੈ ਤੇ ਸਮੇਂ ਨਾਲ ਆਪਣੀ ਸੋਚਣੀ ਵਿਚ ਤਬਦੀਲੀ ਲਿਆਉਣ ਨਾਲ ਸੁਖ ਜ਼ਿੰਦਗੀ ਵਿਚ ਖ਼ੁਦ ਆਪਣੀ ਜਗਾ ਬਣਾਉਣੀ ਸ਼ੁਰੂ ਕਰ ਦਿੰਦੇ ਹਨ। ਲੇਖਕ 'ਪੱਲੇ ਹੋਵੇ ਸੱਚ, ਕੋਠੇ ਚੜ੍ਹ ਕੇ ਨੱਚ' ਨਿਬੰਧ ਵਿਚ ਮਨੁੱਖ ਨੂੰ ਜ਼ਿੰਦਗੀ ਵਿਚ ਸੱਚ ਦੀ ਮਹੱਤਤਾ ਦੱਸਦਾ ਹੈ ਕਿ ਜਿਸ ਮਨੁੱਖ ਦੇ ਪੱਲੇ ਸੱਚ ਹੋਵੇ ਭਾਵ ਜੇਕਰ ਉਸ ਨੇ ਸੱਚ ਦਾ ਪੱਲਾ ਫੜ ਲਿਆ ਤਾਂ ਜ਼ਿੰਦਗੀ ਵਿਚ ਕਦ ਵੀ ਫਿਰ ਉਸ ਨੂੰ ਸ਼ਰਮਸਾਰ ਨਹੀਂ ਹੋਣਾ ਪੈਂਦਾ। ਜੇਕਰ ਕਦੀ ਝੂਠ ਬੋਲਣਾ ਪਵੇ ਕਿਸੇ ਦੀ ਭਲਾਈ ਲਈ ਤਾਂ ਉਸ ਨੂੰ ਝੂਠ ਨਹੀਂ ਆਖਿਆ ਜਾ ਸਕਦਾ:

> ਜਦ ਕੋਈ ਝੂਠ ਕਿਸੇ ਬਹੁਤ ਹੀ ਮਹਾਨ ਉਦੇਸ਼, ਵਡੇਰੇ ਹਿਤ ਜਾਂ ਸ਼ੁੱਭ ਕਾਰਜ ਲਈ ਜਾਂ ਕਿਸੇ ਮਜਬੂਰੀ ਵੱਸ ਬੋਲਿਆ ਜਾਵੇ ਤਾਂ ਉਸ ਨੂੰ ਸੱਚ ਵਾਂਗ ਹੀ ਪਾਕ ਪਵਿੱਤਰ ਮੰਨਿਆ ਜਾਂਦਾ ਹੈ। (ਅੱਛਰੂ ਸਿੰਘ ''ਚਾਨਣ ਭਰੀ ਚੰਗੇਰ'' 2)

ਮਿਹਨਤ ਹੀ ਅਸਲੀ ਸੁਖੀ ਜੀਵਨ ਦਾ ਅਧਾਰ ਹੈ। ਜਿਸ ਮਨੁੱਖ ਨੂੰ ਸਭ ਕੁੱਝ ਬਿਨਾਂ ਮਿਹਨਤ ਕੀਤਿਆਂ ਹਾਸਿਲ ਹੋ ਜਾਵੇ ਤਾਂ ਉਹ ਉਸ ਆਨੰਦ ਤੇ ਆਤਮਿਕ ਸ਼ਾਂਤੀ ਤੋਂ ਵਾਂਝਾ ਰਹਿ ਜਾਂਦਾ ਹੈ, ਜਿਹੜਾ ਸਕੂਨ ਇੱਕ ਮਿਹਨਤੀ ਵਿਅਕਤੀ ਦੇ ਪੱਲੇ ਹੁੰਦਾ ਹੈ:

> ਅਸਲ ਵਿਚ ਮਿਹਨਤ ਉਹ ਕਾਰਜ, ਯਤਨ, ਅਭਿਆਸ ਅਤੇ ਸੰਘਰਸ਼ ਹੁੰਦਾ ਹੈ। ਜੋ ਮਨੁੱਖ ਨਿੱਜੀ ਤ੍ਰਿਪਤੀ, ਪਰਿਵਾਰਕ, ਖ਼ੁਸ਼ਹਾਲੀ ਜਾਂ ਕਿਸੇ ਲਕਸ਼ ਦੀ ਪ੍ਰਾਪਤੀ ਲਈ ਕਰਦਾ ਹੈ। (ਅੱਛਰੂ ਸਿੰਘ ''ਚਾਨਣ ਭਰੀ ਚੰਗੇਰ'' 4)

ਲੇਖਕ ਅਨੁਸਾਰ ਜਿਸ ਤਰ੍ਹਾਂ ਮਨੁੱਖ ਸੋਚਦਾ ਹੈ, ਉਸੀ ਤਰ੍ਹਾਂ ਦਾ ਉਹ ਆਪਣਾ ਜੀਵਨ ਬਣਾ ਲੈਂਦਾ ਹੈ ਭਾਵ ਜੈਸੀ ਦ੍ਰਿਸ਼ਟੀ ਮਨੁੱਖ ਅਪਣਾ ਲੈਂਦਾ ਹੈ ਫਿਰ ਉਹੋ ਜਿਹੀ ਹੀ ਸ੍ਰਿਸ਼ਟੀ ਉਸ ਨੂੰ ਨਜ਼ਰ ਆਉਣ ਲੱਗ ਪੈਂਦੀ ਹੈ। ਭਾਗਾਂ ਵਾਲੇ ਬਣਨ ਲਈ ਖ਼ੁਦ ਹੱਥੀ ਕਾਰਜ ਕਰ ਕੇ ਮਿਹਨਤ ਕਰ ਕੇ ਕਿਸੇ ਵੀ ਸਫਲਤਾ ਦੀ ਪ੍ਰਾਪਤੀ ਕੀਤੀ ਜਾ

ਸਕਦੀ ਹੈ। ਲੇਖਕ 'ਭਾਗਾਂ ਵਾਲੇ ਬਣੋ ਬੇਭਾਗੇ ਨਹੀਂ' ਨਿਬੰਧ ਵਿਚ ਇਹ ਸਿੱਖਿਆ ਦਿੰਦਾ ਹੈ ਕਿ ਜਦੋਂ ਵੀ ਕੋਈ ਤਾਲਾ ਬਣਦਾ ਹੈ ਤਾਂ ਉਸ ਨੂੰ ਖੋਲ੍ਹਣ ਲਈ ਚਾਬੀ ਵੀ ਜ਼ਰੂਰ ਬਣਦੀ ਹੈ। ਭਾਵ ਜੇਕਰ ਮਨੁੱਖ ਨੂੰ ਮੌਕੇ ਮਿਲਣ ਤਾਂ ਉਨ੍ਹਾਂ ਨੂੰ ਕਿਸੇ ਅਣਗਹਿਲੀ ਕਾਰਨ ਹੱਥੋਂ ਗਵਾ ਦਿੰਦਾ ਹੈ ਤਾਂ ਫਿਰ ਕਿਸਮਤ ਨੂੰ ਕੋਸਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਬਚਦਾ:

> ਹਾਂ ਪੱਖੀ ਸੋਚ ਹਿੰਮਤ ਅਤੇ ਹੌਸਲੇ ਵਾਲੇ ਵਿਅਕਤੀ ਕੋਈ ਨਾ ਕੋਈ ਰਾਹ ਕੱਢ ਲੈਂਦੇ ਹਨ। ਸਿਆਣੇ ਕਹਿੰਦੇ ਹਨ ਕਿ ਜੇਕਰ ਰੱਬ ਇੱਕ ਦਰਵਾਜ਼ਾ ਬੰਦ ਕਰਦਾ ਹੈ ਤਾਂ ਉਹ ਦਸ ਹੋਰ ਦਰਵਾਜ਼ੇ ਖੋਲ੍ਹ ਵੀ ਦਿੰਦਾ ਹੈ। ਲੋੜ ਕੇਵਲ ਉਨ੍ਹਾਂ ਦਰਵਾਜ਼ਿਆਂ ਨੂੰ ਲੱਭਣ ਦੀ ਹੈ ਅਤੇ ਉਨ੍ਹਾਂ ਰਾਹੀਂ ਜੀਵਨ ਦੇ ਨਵੇਂ ਦਿਸਹੱਦੇ ਤਲਾਸ਼ਣ ਦੀ ਹੁੰਦੀ ਹੈ। ਲੇਖਕ ਆਪਣੀ ਗੱਲ ਨੂੰ ਸਾਬਤ ਕਰਦਾ ਹੋਇਆ, ਸੁਰਜੀਤ ਪਾਤਰ ਦਾ ਇੱਕ ਸ਼ਿਅਰ ਸੁਣਾਉਂਦਾ ਹੈ ਕਿ 'ਉੱਗਣ ਵਾਲੇ ਉੱਗ ਪੈਂਦੇ ਨੇ, ਪਾੜ ਕੇ ਸੀਨਾ ਪੱਥਰਾਂ ਦਾ'। (ਅੱਛਰੂ ਸਿੰਘ ''ਚਾਨਣ ਭਰੀ ਚੰਗੇਰ'' 54)

ਉਪਰੋਕਤ ਸ਼ਬਦਾਂ ਤੋਂ ਭਾਵ ਬੇਭਾਗਾ ਜ਼ਿੰਦਗੀ ਵਿਚ ਕੁੱਝ ਵੀ ਨਹੀਂ ਹੁੰਦਾ, ਭਾਗਾਂ ਵਾਲੇ ਬਣਨ ਲਈ ਸੁਹਿਰਦ ਯਤਨ ਖ਼ੁਦ ਹੀ ਕਰਨੇ ਪੈਂਦਾ ਹਨ।

ਲੇਖਕ ਅਨੁਸਾਰ ਧਰਮ ਦੇ ਖੇਤਰਾਂ ਵਿਚ, ਗੀਤ ਸੰਗੀਤ ਵਿਚ ਪੁਰਾਤਨ ਇਤਿਹਾਸ ਵਿਚ ਭਾਵੇਂ ਨਜ਼ਰ ਮਾਰੀਏ ਤਾਂ ਸਾਡੇ ਕੋਲ ਕਈ ਅਜਿਹੀਆਂ ਉਦਾਹਰਨਾਂ ਹਨ, ਜਿਹੜੀਆਂ ਸਾਨੂੰ ਇਹ ਸਮਝਾਉਣ ਦਾ ਯਤਨ ਕਰਦੀਆਂ ਹਨ ਕਿ ਉਮਰਾਂ 'ਚ ਕੀ ਰੱਖਿਆ। ਲੇਖਕ 'ਉਮਰਾਂ 'ਚ ਕੀ ਰੱਖਿਆ' ਨਿਬੰਧ ਰਾਹੀਂ ਇਹ ਸਿੱਖਿਆ ਦਿੰਦਾ ਨਜ਼ਰੀ ਪੈਂਦਾ ਹੈ।

> ਜਵਾਨੀ ਅਤੇ ਬੁਢਾਪੇ ਦਾ ਸੰਬੰਧ ਵਿਅਕਤੀ ਦੀ ਉਮਰ ਨਾਲ ਨਹੀਂ, ਸਗੋਂ ਉਸ ਦੀ ਸੋਚ ਨਾਲ ਹੁੰਦਾ ਹੈ। ਉਮਰ ਭਾਵੇਂ ਕੋਈ ਵੀ ਹੋਵੇ, ਜੇਕਰ ਸਾਡੀ ਸੋਚ ਬੁੱਢੀ ਹੈ ਤਾਂ ਅਸੀਂ ਬੁੱਢੇ ਸਮਝੇ

ਜਾਵਾਂਗੇ। ਜੇਕਰ ਸਾਡੀ ਸੋਚ ਜਵਾਨਾਂ ਵਾਲੀ ਹੈ ਤਾਂ ਅਸੀਂ ਉਮਰ ਦੇ ਅੰਤਲੇ ਦਿਨਾਂ ਵਿਚ ਵੀ ਜਵਾਨ ਸਮਝੇ ਜਾਵਾਂਗੇ।(ਅੱਛਰੂ ਸਿੰਘ ''ਚਾਨਣ ਭਰੀ ਚੰਗੇਰ'' 48)

ਲੇਖਕ ਪ੍ਰਸਿੱਧ ਅਮਰੀਕਨ ਲੇਖਕ ਸੈਮੂਅਲ ਉਲਮਾਨ ਦੇ ਜਵਾਨੀ ਅਤੇ ਬੁਢਾਪੇ ਬਾਰੇ ਵਿਚਾਰ ਦੱਸਦਾ ਹੈ

ਜਵਾਨੀ ਕੋਈ ਉਮਰ ਦਾ ਨਾਮ ਨਹੀਂ ਹੁੰਦੀ ਇਹ ਤਾਂ ਮਨ ਦੀ ਇੱਕ ਅਵਸਥਾ ਦਾ ਨਾਮ ਹੈ। ਇਹ ਗੁਲਾਬੀ ਗੱਲ੍ਹਾਂ, ਲਾਲ ਸੂਹੇ ਬੁੱਲ੍ਹਾਂ ਅਤੇ ਲਚਕੀਲੇ ਗੋਡਿਆ ਦਾ ਨਾਮ ਨਹੀਂ, ਇਹ ਤਾਂ ਇੱਛਾ ਸ਼ਕਤੀ, ਕਲਪਨਾ, ਜਜ਼ਬਾਤਾਂ ਦੇ ਜੀਵਨ ਦੇ ਡੂੰਘੇ ਚਸ਼ਮਿਆਂ ਦੀ ਸ਼ਕਤੀ ਅਤੇ ਤਾਜ਼ਗੀ ਦਾ ਨਾਮ ਹੈ। (ਅੱਛਰੂ ਸਿੰਘ ''ਚਾਨਣ ਭਰੀ ਚੰਗੇਰ'' 49)

ਉਪਰੋਕਤ ਸ਼ਬਦਾਂ ਤੋਂ ਭਾਵ ਉਮਰ ਭਾਵੇਂ ਕੋਈ ਵੀ ਹੋਵੇ ਉਸ ਨੂੰ ਰੱਜ ਕੇ ਜਿਊਣਾ ਤੇ ਮਾਣਨਾ ਚਾਹੀਦਾ ਹੈ ਭਾਵ ਸਾਕਾਰਾਤਮਕ ਸੋਚ ਨੂੰ ਅਪਣਾ ਕੇ ਨਾਕਾਰਾਤਮਕ ਸੋਚਾਂ ਤੇ ਪ੍ਰਭਾਵਾਂ ਤੋਂ ਬਚਣ ਦੀ ਹੈ।

ਜ਼ਿੰਦਗੀ ਵਿਚ ਮਿਲੇ ਧੱਕੇ ਤੇ ਉਤਰਾਅ-ਚੜ੍ਹਾਅ ਨੂੰ ਮੁਸ਼ਕਲਾਂ ਤੇ ਸਮੱਸਿਆਵਾਂ ਨੂੰ ਹੱਲ ਕਰਨ ਦਾ ਵਲ ਦੱਸਦੇ ਹਨ ਕਿਉਂਕਿ ਮਨੁੱਖ ਔਖੇ ਸਮੇਂ ਵਿਚ ਅਜਿਹੇ ਸਬਕ ਸਿੱਖ ਲੈਂਦਾ ਹੈ, ਜਿਹੜੇ ਸਾਰੀ ਉਮਰ ਉਸ ਦਾ ਰਾਹ ਦਰਸਾਉਂਦੇ ਹਨ। ਲੇਖਕ 'ਅਕਲ ਬਦਾਮ ਅਤੇ ਧੱਕੇ' ਨਿਬੰਧ ਵਿਚ ਸਿੱਖਿਆ ਦਿੰਦਾ ਹੈ ਕਿ ਅਕਲ ਬਦਾਮ ਜਾਂ ਹੋਰ ਦਵਾਈਆਂ ਖਾਣ ਨਾਲ ਨਹੀਂ ਆਉਂਦੀ:

ਜੀਵਨ ਵਿਚ ਦੁਸ਼ਵਾਰੀਆਂ ਸੰਗ ਜੂਝਦੇ, ਉਤਰਾਵਾਂ, ਚੜ੍ਹਾਵਾਂ ਨੂੰ ਸਹਿਜਤਾ ਨਾਲ ਲੈਂਦੇ ਅਤੇ ਸਦਾ ਹੀ ਸੰਘਰਸ਼ਸ਼ੀਲ ਰਹਿਣ ਵਾਲਿਆਂ ਦੇ ਪੱਲੇ ਹੁੰਦੀ ਹੈ। (ਅੱਛਰੂ ਸਿੰਘ ''ਜੀਵਨ ਦੇ ਰੰਗ" 81)

**ਖ) ਸਮਕਾਲੀ ਸਰੋਕਾਰ:-** ਸਮਕਾਲ ਵਿਚ ਅਜੋਕਾ ਮਨੁੱਖ ਕਈ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਜਿਸ ਕਾਰਨ ਉਹ ਮਾਨਸਿਕ ਪਰੇਸ਼ਾਨੀਆਂ ਨੂੰ ਜਾਣੇ ਅਨਜਾਣੇ ਸੱਦਾ ਦੇ ਰਿਹਾ ਹੈ। ਲੇਖਕ ਨੇ ਸਮਕਾਲ ਦੀਆਂ ਸਮੱਸਿਆਵਾਂ ਜਿਵੇਂ ਭ੍ਰਿਸ਼ਟਾਚਾਰੀ, ਸਭਿਆਚਾਰ ਤੋਂ ਵਿਹੂਣਾ ਮਨੁੱਖ, ਘਟਦੀ ਸਹਿਣਸ਼ੀਲਤਾ, ਰਿਸ਼ਤਿਆਂ ਦਾ ਘਾਣ, ਅੰਧ-ਵਿਸ਼ਵਾਸ਼ਾ ਵਿਚ ਘਿਰੀ ਅਜੋਕੀ ਮਨੁੱਖਤਾ, ਵਾਤਾਵਰਣ ਆਦਿ ਸਮੱਸਿਆਵਾਂ ਨਾਲ ਨਜਿੱਠਣ ਦੇ ਹੱਲ ਪੇਸ਼ ਕੀਤੇ ਹਨ।

ਅਜੋਕੇ ਮਨੁੱਖ ਚੋਂ ਇਮਾਨਦਾਰੀ, ਸਹਿਜ, ਵਰਗੇ ਸ਼ਬਦ ਗਵਾਚ ਰਹੇ ਹਨ, ਉਹ ਲਾਲਚ ਵੱਸ ਹੋ ਕੇ ਆਪਣੇ ਆਪ ਨਾਲ ਹੀ ਨਹੀਂ, ਸਗੋਂ ਸਾਰੀ ਮਨੁੱਖਤਾ ਨਾਲ ਘਾਣ ਕਰ ਰਿਹਾ ਹੈ। ਲੇਖਕ 'ਫਿਟ ਲਾਹਨਤ ਸਰਟੀਫਿਕੇਟ' ਨਿਬੰਧ ਵਿਚ ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚ ਵਿਚਰਦੇ ਲੋਕਾਂ ਦੀ ਤਸਵੀਰ ਪੇਸ਼ ਕਰਦਾ ਹੈ:

> ਸਾਡੇ ਉਹ ਨੇਤਾ, ਅਧਿਕਾਰੀ ਜੋ ਵੱਡੀ ਲੈ ਕੇ ਕਿਸੇ ਦਾ ਹੱਕ ਗਵਾਉਣ ਵਿਚ ਰੱਤੀ ਭਰ ਵੀ ਸੰਕੋਚ ਨਹੀਂ ਕਰਦੇ, ਤਨਖ਼ਾਹਾਂ ਤਾਂ ਮੋਟੀਆਂ ਚਾਹੁੰਦੇ ਹਨ, ਪਰ ਕੰਮ ਨੂੰ ਹੱਥ ਲਾ ਕੇ ਰਾਜ਼ੀ ਨਹੀਂ ਹੁੰਦੇ।ਉਨ੍ਹਾਂ ਅਮਨ-ਕਾਨੂੰਨ ਦੇ ਰਾਖਿਆਂ ਦਾ ਕੀ ਕੀਤਾ ਜਾਵੇ, ਜੋ ਖ਼ੁਦ ਹੀ ਅਮਨ-ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹਨ? ਡਾਕਟਰਾਂ ਨੂੰ ਦੂਜੇ ਰੱਬ ਕਿਹਾ ਜਾਂਦਾ ਹੈ, ਪਰ ਜੋ ਅੱਜ ਮਰੀਜ਼ਾਂ ਦੀਆਂ ਜੇਬਾਂ ਕੱਟਣ ਲਈ ਬਿਨਾਂ ਲੋੜ ਤੋਂ ਹੀ ਮਹਿੰਗੇ ਮਹਿੰਗੇ ਟੈਸਟ ਲਿਖ ਦਿੰਦੇ ਹਨ, ਅਧਿਆਪਕ ਵੀ ਆਪਣੇ ਫ਼ਰਜ਼ਾਂ ਵਿਚ ਅਜਿਹੀਆਂ ਲਾਪਰਵਾਹੀਆਂ ਅਤੇ ਕੁਤਾਹੀਆਂ ਕਰਦੇ ਹਨ। (ਅੱਛਰੂ ਸਿੰਘ'' ਜੀਵਨ ਬਾਤਾਂ'' 65-66 )

ਉਪਰੋਕਤ ਸ਼ਬਦਾਂ ਤੋਂ ਭਾਵ ਹਰ ਉਹ ਬੰਦਾ, ਜੋ ਇਨਸਾਨੀਅਤ ਨੂੰ ਸ਼ਰਮਸਾਰ ਕਰਦਾ ਹੈ ਤਾਂ ਚਾਹੇ ਉਹ ਡਾਕਟਰ ਹੋਵੇ, ਭ੍ਰਿਸ਼ਟ ਨੇਤਾ ਹੋਣ, ਅਧਿਆਪਕ ਹੋਣ ਖ਼ੁਦ ਹੀ ਆਪਣੇ ਆਪ ਨੂੰ ਫਿਟ ਲਾਹਨਤ

ਸਰਟੀਫਿਕੇਟ ਦੇ ਦੇਣਾ ਚਾਹੀਦਾ ਹੈ। ਲੋੜ ਹੈ ਚੰਗੇ ਸ਼ਹਿਰੀ ਨੇਕ ਇਨਸਾਨ ਬਣ ਕੇ ਵਿਚਰਨ ਦੀ ਤਾਂ ਜੋ ਇਹ ਫਿਟ ਲਾਹਨਤ ਸਰਟੀਫਿਕੇਟ ਲੈਣ ਦੀ ਬਜਾਏ ਪ੍ਰਸ਼ੰਸਾਯੋਗ ਸਰਟੀਫਿਕੇਟ ਦੀ ਸੂਚੀ ਤਿਆਰ ਕੀਤੀ ਜਾਵੇ।

ਮੌਜੂਦਾ ਪੂੰਜੀਵਾਦ ਦੌਰ ਵਿਚ ਪਨਪੇ ਖਪਤਵਾਦੀ ਸਭਿਆਚਾਰ ਦੇ ਪ੍ਰਭਾਵ ਅਧੀਨ ਅੱਜ ਦੀ ਨੌਜਵਾਨ ਪੀੜ੍ਹੀ ਆਪਣੇ ਮੂਲ ਸਭਿਆਚਾਰ ਤੋਂ ਬੇਮੁਖ ਹੀ ਨਹੀਂ ਹੋ ਰਹੀ, ਸਗੋਂ ਗਿਆਨ ਵਿਹੂਣੀ ਵੀ ਹੋ ਰਹੀ ਹੈ। ਜਿਸ ਦੇ ਨਤੀਜੇ ਵਜੋਂ ਅਲਗਾਵ ਦਾ ਸ਼ਿਕਾਰ ਹੋ ਕੇ ਆਪਣਾ ਮਾਨਸਿਕ ਸੰਤੁਲਨ ਖੋ ਕੇ ਨਸ਼ਿਆਂ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਪਰਵਾਸ, ਧਾਰਮਿਕ ਅੰਧ-ਵਿਸ਼ਵਾਸ ਵਿਚ ਗ਼ਲਤਾਨ ਹੋ ਕੇ ਆਰਥਿਕ, ਰਾਜਨੀਤਿਕ, ਸਭਿਆਚਾਰਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਲੋੜ ਹੈ ਅਜਿਹੀ ਸਥਿਤੀ ਤੋਂ ਚੇਤਨ ਹੋਣ ਦੀ ਤਾਂ ਕਿ ਅਜਿਹੇ ਗੰਧਲੇ ਵਾਤਾਵਰਣ ਵਿਚ ਆਪਣੇ ਮਾਨਸਿਕ ਸੰਤੁਲਨ ਨੂੰ ਕਾਇਮ ਰੱਖਿਆ ਜਾ ਸਕੇ, ਜੋ ਕੇਵਲ ਪੁਸਤਕ ਸਭਿਆਚਾਰ ਰਾਹੀਂ ਹੀ ਸੰਭਵ ਜਾਪਦਾ ਹੈ। ਚੰਗੀਆਂ ਪੁਸਤਕਾਂ ਮਨੁੱਖ ਦਾ ਸਰਵਪੱਖੀ ਵਿਕਾਸ ਕਰਨ ਦੇ ਨਾਲ-ਨਾਲ ਸਹਿਣਸ਼ੀਲ ਵੀ ਬਣਾਉਂਦੀਆਂ ਹਨ।

ਲੇਖਕ 'ਸਭਿਆਚਾਰ ਦਸ਼ਾ ਅਤੇ ਦਿਸ਼ਾ' ਨਿਬੰਧ ਵਿਚ ਇਸ ਗੱਲ ਤੇ ਚਾਨਣਾ ਪਾਇਆ ਹੈ ਕਿ ਅਜੋਕੀ ਪੀੜ੍ਹੀ ਪੁਸਤਕਾਂ ਦੇ ਨਾਲ ਨਾ ਜੁੜ ਕੇ ਕਦਰਾਂ-ਕੀਮਤਾਂ ਤੋਂ ਦੂਰ ਹੋ ਕੇ ਕਈ ਤਰ੍ਹਾਂ ਦੀਆਂ ਮਾਨਸਿਕ ਪਰੇਸ਼ਾਨੀਆਂ ਸਹੇੜਦੀ ਹੈ:

> ਵਰਤਮਾਨ ਸਮੇਂ ਵਿਚ ਸਹਿਣਸ਼ੀਲਤਾ ਹੀ ਇੱਕ ਅਜਿਹਾ ਰਾਮ-ਬਾਣ ਹੈ, ਜੋ ਬਹੁਤ ਸਾਰੀਆਂ ਆਰਥਿਕ, ਸਮਾਜਿਕ ਅਤੇ ਮਾਨਸਿਕ ਪਰੇਸ਼ਾਨੀਆਂ ਦਾ ਇਲਾਜ ਕਰ ਸਕਦਾ ਹੈ। ਤੁਹਾਨੂੰ ਕੋਈ ਚੀਜ਼ ਜਾਂ ਕੋਈ ਵਿਅਕਤੀ ਚੰਗਾ ਲੱਗੇ, ਜਾ ਨਾ ਚੰਗਾ ਲੱਗੇ, ਉਸ ਨੂੰ ਸਹਿਣ ਕਰਨਾ ਸਿੱਖ ਲਵੇ। (ਅੱਛਰੂ ਸਿੰਘ ''ਚਾਨਣ ਭਰੀ ਚੰਗੇਰ'' 96)

ਅੱਜ ਦੀ ਪੀੜ੍ਹੀ ਆਪਣੇ ਸਭਿਆਚਾਰ ਤੋਂ ਦੂਰ ਹੋ ਰਹੀ ਹੈ। ਗਿਆਨ ਤੋਂ ਵਿਹੂਣੀ ਹੋ ਰਹੀ ਹੈ ਤੇ ਉਹ ਸਭ ਤੋਂ ਅਮੀਰ ਖ਼ਜ਼ਾਨੇ ਜਿਹਦੇ ਵਿਚ ਸਭ ਤੋਂ ਬੇਸ਼ਕੀਮਤੀ ਖ਼ਜ਼ਾਨਾ, ਪੁਸਤਕਾਂ ਤੋਂ ਦੂਰ ਹੋ ਰਹੀ ਹੈ। ਸਮਾਜ ਵਿਚ ਚੱਲ ਰਹੀ ਭੈੜੀ ਹਵਾ ਨੇ ਮਨੁੱਖ ਨੂੰ ਆਕਰਸ਼ਿਤ ਕਰਨ 'ਚ ਕੋਈ ਕਸਰ ਨਹੀਂ ਛੱਡੀ। ਚੰਗੀਆਂ ਪੁਸਤਕਾਂ ਮਨੁੱਖ ਦਾ ਸਰਵਪੱਖੀ ਵਿਕਾਸ ਕਰਦੀ ਹੈ। ਲੇਖਕ ਨੇ 'ਪੰਜਾਬ ਵਿਚ ਪੁਸਤਕ ਸਭਿਆਚਾਰ ਦਸ਼ਾ ਅਤੇ ਦਿਸ਼ਾ' ਨਿਬੰਧ ਵਿਚ ਇਸ ਗੱਲ ਤੇ ਚਾਨਣਾ ਪਾਇਆ ਹੈ ਕਿ ਅਜੋਕੀ ਪੀੜ੍ਹੀ ਪੁਸਤਕਾਂ ਦੇ ਨਾਲ ਨਾ ਜੁੜ ਕੇ ਕਦਰਾਂ-ਕੀਮਤਾਂ ਤੋਂ ਦੂਰ ਹੋ ਕੇ ਕਈ ਤਰ੍ਹਾਂ ਦੀਆਂ ਮਾਨਸਿਕ ਪਰੇਸ਼ਾਨੀਆਂ ਸਹੇੜਦੀ ਹੈ। ਗੀਤਾਂ ਵਿਚ ਚੰਗਾ ਗੀਤ ਸੰਗੀਤ ਸੁਣਨ ਦੀ ਬਜਾਏ, ਲੱਚਰ ਗੀਤਾਂ ਨੂੰ ਪਹਿਲ ਦੇ ਰਹੀ ਹੈ:

> ਇਸ ਦਾ ਸਭ ਤੋਂ ਵੱਡਾ ਕਾਰਨ ਸਾਡੇ ਜੀਵਨ ਵਿਚ ਟੈਲੀਵਿਜ਼ਨ ਮੋਬਾਈਲ ਫ਼ੋਨ, ਇੰਟਰਨੈੱਟ ਦਾ ਦਿਨ-ਬ-ਦਿਨ ਵੱਧ ਰਿਹਾ ਦਖ਼ਲ ਹੈ ਅਤੇ ਸਾਡੀ ਜੀਵਨ ਸ਼ੈਲੀ ਬਦਲ ਰਹੀ ਹੈ, ਸਾਡੇ ਬਹੁਗਿਣਤੀ ਲੋਕ, ਖ਼ਾਸ ਕਰ ਕੇ ਨੌਜਵਾਨ ਆਪਣਾ ਫ਼ੁਰਸਤ ਦਾ ਸਾਰਾ ਸਮਾਂ ਹੀ, ਇਨ੍ਹਾਂ ਉੱਪਰ ਬਰਬਾਦ ਕਰ ਦਿੰਦੇ ਹਨ। ਰਹਿੰਦੀ ਖੂੰਹਦੀ ਕਸਰ ਫੇਸ ਬੁੱਕ ਅਤੇ ਵਟਸਐਪ ਆਦਿ ਨੇ ਪੂਰੀ ਕਰ ਦਿੱਤੀ ਹੈ। (ਅੱਛਰੂ ਸਿੰਘ ''ਜੀਵਨ ਬਾਤਾਂ'' 69)

'ਸਾਡਾ ਪੰਜਾਬ ਵੇਦ-ਲੋਕ' ਨਿਬੰਧ ਵਿਚ ਲੇਖਕ ਨੇ ਮਨੁੱਖੀ ਜੀਵਨ ਵਿਚ ਗ੍ਰੰਥਾਂ ਦੀ ਮਹੱਤਤਾ ਦੱਸਦਾ ਹੈ:

> ਸਾਰੇ ਮਹਾਨ ਪੁਰਾਤਨ ਗ੍ਰੰਥ ਹਨ ਜਿਵੇਂ ਮਹਾਂਭਾਰਤ, ਰਮਾਇਣ, ਵੇਦ, ਪੁਰਾਣ ਤੇ ਸਾਡੇ ਵੇਦ ਚਾਰ ਹਨ ਰਿਗਵੇਦ, ਯਜੁਰ ਵੇਦ, ਸਾਮ ਵੇਦ ਅਤੇ ਅਥਰਵ ਵੇਦ। 'ਵੇਦ' ਸ਼ਬਦ ਮੂਲ ਸੰਸਕ੍ਰਿਤ ਸ਼ਬਦ 'ਵਿਦ' ਹੈ ਜਿਸ ਦਾ ਭਾਵ ਹੈ 'ਗਿਆਨ' ਜਾਂ 'ਗਿਆਨ ਪ੍ਰਾਪਤ ਕਰਨ'। ਇਨ੍ਹਾਂ ਵੇਦਾਂ ਦਾ ਮਨੁੱਖ ਦੀ ਸਮੂਹਿਕ ਸੋਚ ਤੇ ਇੰਨਾ ਪ੍ਰਭਾਵ ਪਿਆ ਹੈ ਕਿ ਅੱਜ 'ਵੇਦ' ਸ਼ਬਦ ਸਾਡੇ

> ਲਈ ਅਨੰਤ, ਅਮੁੱਕ, ਅਥਾਹ ਅਤੇ ਅਸਗਾਹ ਗਿਆਨ ਅਥਵਾ ਸੋਝੀ ਜਾਂ ਸਿਆਣਪ ਦਾ ਸਰਬ-ਪ੍ਰਵਾਨਿਤ ਪ੍ਰਤੀਕ ਬਣਿਆ ਹੋਇਆ ਹੈ। (ਅੱਛਰੂ ਸਿੰਘ ''ਜੀਵਨ ਬਾਤਾਂ'' 6)

ਇਹਨਾਂ ਤੋਂ ਇਲਾਵਾ ਪੰਜਵਾਂ ਵੇਦ ਇੱਕ ਹੋਰ ਮਹੱਤਵਪੂਰਨ ਖ਼ਜ਼ਾਨਾ ਭਾਵੇਂ ਇਹ ਲਿਖਤੀ ਰੂਪ ਵਿਚ ਬਹੁਤਾ ਨਹੀਂ ਹੈ, ਪ੍ਰੰਤੂ ਇਹ ਅਖਾਉਤਾਂ, ਕਹਾਵਤਾਂ, ਅੱਜ ਵੀ ਜੋ ਪੀੜ੍ਹੀ ਦਰ ਪੀੜ੍ਹੀ ਅੱਗੇ ਆਉਂਦੇ ਹਨ ਅਤੇ ਜਿਨ੍ਹਾਂ ਵਿਚ ਅੱਜ ਵੀ ਕਮਾਲ ਦੀ ਸੰਖੇਪਤਾ, ਚੁਸਤੀ ਹੈ, ਜੋ ਮਨੁੱਖੀ ਮਨ ਨੂੰ ਟੁੰਬਦੀ ਹੈ। ਅਜੋਕਾ ਮਨੁੱਖ ਇਹਨਾਂ ਜ਼ਿੰਦਗੀ ਵਿਚ ਇਸ ਅਣਮੁੱਲੇ ਗਿਆਨ ਤੋਂ ਦੂਰ ਹੁੰਦਾ ਜਾ ਰਿਹਾ ਹੈ। ਇਹਨਾਂ ਵਿਚ ਜਿਵੇਂ, 'ਖਾਈਏ ਮਨ ਭਾਉਂਦਾ, ਹੰਢਾਈਏ ਜੱਗ ਭਾਉਂਦਾ' 'ਜਲਦੀ ਸੌਣ ਅਤੇ ਜਲਦੀ ਜਾਗਣ' ਤੋਂ ਪ੍ਰਾਪਤ ਲਾਭਾਂ ਬਾਰੇ ਸੰਪੂਰਨ ਗਿਆਨ ਭਰਿਆ ਪਿਆ ਹੈ।

ਅਜੋਕੇ ਮਨੁੱਖ ਵਿਚ ਜਾਂ ਕਹਿ ਲਓ ਸਮਾਜ ਵਿਚ ਸਹਿਣਸ਼ੀਲਤਾ ਘੱਟ ਰਹੀ ਹੈ ਤੇ ਮਨੁੱਖ ਅਸਹਿਣਸ਼ੀਲਤਾ ਵੱਲ ਵਧਦਾ ਚੱਲਿਆ ਜਾ ਰਿਹਾ ਹੈ। ਲੇਖਕ 'ਸਮਾਜ ਵਿਚ ਦਿਨੋ-ਦਿਨ ਵਧ ਰਹੀ ਅਸਹਿਣਸ਼ੀਲਤਾ' ਨਿਬੰਧ ਰਾਹੀਂ ਸਹਿਣਸ਼ੀਲਤਾ ਦਾ ਮਹੱਤਵ ਸਮਝਾਉਂਦਾ ਹੈ:

> ਅਸਹਿਣਸ਼ੀਲਤਾ ਕੇਵਲ ਆਪਣੇ ਆਪ ਵਿਚ ਹੀ ਇੱਕ ਸਮੱਸਿਆ ਨਹੀਂ, ਸਗੋਂ ਬਹੁਤ ਸਾਰੀਆਂ ਹੋਰ ਸਮੱਸਿਆਵਾਂ ਦੀ ਜੜ੍ਹ ਹੈ। ਇਸ ਕਾਰਨ ਵਿਅਕਤੀ ਕੇਵਲ ਬਹੁਤ ਸਾਰੀਆਂ ਮਾਨਸਿਕ ਗੁੰਝਲਾਂ, ਪਰੇਸ਼ਾਨੀਆਂ ਅਤੇ ਚਿੰਤਾਵਾਂ ਦਾ ਹੀ ਸ਼ਿਕਾਰ ਨਹੀਂ ਹੁੰਦਾ ਹੈ, ਸਗੋਂ ਬਹੁਤ ਵਾਰ ਉਹ ਭਿਆਨਕ ਤਣਾਅ ਅਤੇ ਗੁੱਸੇ ਦਾ ਸ਼ਿਕਾਰ ਵੀ ਹੋ ਜਾਂਦਾ ਹੈ, ਜੋ ਉਸ ਲਈ ਉਸ ਦੇ ਪਰਿਵਾਰ ਲਈ ਅਤੇ ਸਮੁੱਚੇ ਸਮਾਜ ਲਈ ਘਾਤਕ ਸਿੱਧ ਹੋ ਸਕਦਾ ਹੈ। (ਅੱਛਰੂ ਸਿੰਘ ''ਚਾਨਣ ਭਰੀ ਚੰਗੇਰ'' 93)

ਸਮਕਾਲ ਵਿਚ ਤਲਾਕਾਂ ਦੀ ਗਿਣਤੀ ਵੱਧ ਰਹੀ ਹੈ, ਇਹ ਸਭ ਸਹਿਣਸ਼ੀਲਤਾ ਦੀ ਘਾਟ ਕਾਰਨ ਹੀ ਪਨਪ ਰਿਹਾ ਹੈ। ਲੇਖਕ ਹੱਲ ਸਮਝਾਉਂਦਾ ਆਖਦਾ ਹੈ ਕਿ ਜ਼ਿੰਦਗੀ ਵਿਚ ਸਹਿਣਾ ਸਿੱਖੋ, ਜਿਸ ਮਨੁੱਖ ਨੇ ਜ਼ਿੰਦਗੀ ਵਿਚ ਸਹਿਣਾ ਸਿੱਖ ਲਿਆ ਓਸਨੇ ਜ਼ਿੰਦਗੀ ਨੂੰ ਜਿਊਣ ਸਿੱਖ ਲਿਆ ਹੈ। ਜੀਵਨ ਨੂੰ ਜਿਊਣ ਦਾ ਸੁਨਹਿਰੀ ਅਸੂਲ, ਜਿਸ ਨੂੰ ਸਹਿਣ ਨਹੀਂ ਕਰ ਸਕਦੇ, ਉਸ ਨੂੰ ਬਦਲ ਲਵੋ, ਜਿਸ ਨੂੰ ਬਦਲ ਨਹੀਂ ਸਕਦੇ, ਉਸ ਨੂੰ ਸਹਿਣ ਕਰ ਲਵੋ। ਜ਼ਿੰਦਗੀ ਨੂੰ ਸੁਖਦ ਰੂਪ ਵਿਚ ਜਿਊਣ ਦਾ ਤਰੀਕਾ ਹੈ, ਸਹਿਣਸ਼ਕਤੀ।

ਅੱਜ 21 ਵੀਂ ਸਦੀ ਦੇ ਯੁੱਗ ਨੂੰ ਗਿਆਨ-ਵਿਗਿਆਨ ਦਾ ਯੁੱਗ ਕਿਹਾ ਜਾਂਦਾ ਹੈ। ਪ੍ਰੰਤੂ ਅਜੋਕਾ ਸਮਾਜ ਏਨਾ ਪੜ੍ਹਿਆ ਲਿਖਿਆ ਹੋਣ ਦੇ ਬਾਵਜੂਦ ਅਜੇ ਵੀ ਮੱਧ ਕਾਲੀ ਸੋਚ ਨੂੰ ਚਿੰਬੜੇ ਹੋਣ ਕਾਰਨ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸ਼ਾਂ ਦੀ ਦਲਦਲ ਵਿਚ ਫਸ ਕੇ ਮਨੋਰੋਗਾਂ ਦਾ ਸ਼ਿਕਾਰ ਹੋ ਰਹੇ ਹਨ। ਲੇਖਕ 'ਅੰਧ-ਵਿਸ਼ਵਾਸਾਂ ਦੀ ਦਲਦਲ ਵਿਚ ਫਸਿਆ ਭਾਰਤੀ ਸਮਾਜ' ਨਿਬੰਧ ਵਿਚ ਲੇਖਕ ਅੰਧ ਵਿਸ਼ਵਾਸਾ ਵਿਚ ਫਸੇ ਮਨੁੱਖ ਦੀ ਸਥਿਤੀ ਪੇਸ਼ ਕਰਦਾ ਹੈ:

> ਅੰਧ-ਵਿਸ਼ਵਾਸਾ ਅਤੇ ਵਹਿਮਾਂ-ਭਰਮਾਂ ਵਿਚ ਫਸੇ ਹੋਣ ਦਾ ਇੱਕ ਬਹੁਤ ਵੱਡਾ ਕਾਰਨ ਸਾਡੇ ਵਿਚ ਸਵੈ-ਵਿਸ਼ਵਾਸ ਦੀ ਕਮੀ ਅਤੇ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਕਿਸੇ ਗੈਬੀ, ਕਰਾਮਾਤੀ, ਚਮਤਕਾਰੀ ਸ਼ਕਤੀ ਦਾ ਸਹਾਰਾ ਤੱਕਣ ਦੀ ਮਨੋਬਿਰਤੀ ਹੈ। (ਅੱਛਰੂ ਸਿੰਘ ''ਚਾਨਣ ਭਰੀ ਚੰਗੇਰ'' 89)

> ਦਰਬਾਰਾ ਸਿੰਘ ਢੀਂਡਸਾ ਅਨੁਸਾਰ: ਅਜੋਕੀ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਹਰ ਮੋੜ 'ਤੇ ਸਮੱਸਿਆਵਾਂ ਮਨੁੱਖ ਨੂੰ ਘੇਰਦੀਆਂ ਹਨ। ਸਮੱਸਿਆਵਾਂ ਨੂੰ ਛੇਤੀ ਦੂਰ ਕਰਨ ਲਈ ਵਿਅਕਤੀ ਭਟਕ ਜਾਂਦਾ ਹੈ ਅਤੇ ਇਸ ਭਟਕਣ ਦਾ ਹੱਲ ਡੇਰਿਆਂ ਵਿਚ ਬਾਬੇ ਮੱਥਾ ਰਗੜ ਕੇ, ਚੌਂਕੀਆਂ ਭਰ ਕੇ ਜਾਂ ਧਾਗਾ-ਤਵੀਤ ਕਰਵਾਉਣ 'ਚ ਸਮਝ ਬੈਠਦਾ ਹੈ। ਇਸ ਦੇ ਚੱਲਦਿਆਂ ਉਹ ਅੰਧ-

ਵਿਸ਼ਵਾਸਾਂ ਜਾਂ ਵਹਿਮ-ਭਰਮਾਂ ਵਿਚ ਫਸ ਜਾਂਦਾ ਹੈ| ਜਦ ਕਿ ਸਮੱਸਿਆ ਨੂੰ ਸਮਝ ਕੇ ਅਤੇ ਉਸ ਦੀ ਗਹਿਰਾਈ ਵਿਚ ਜਾ ਕੇ ਉਸ ਦਾ ਹੱਲ ਕੱਢਿਆ ਜਾ ਸਕਦਾ ਹੈ। (''ਜ਼ਿੰਦਗੀ ਦਾ ਮਕਸਦ'' 10)

ਉਪਰੋਕਤ ਸ਼ਬਦਾਂ ਤੋਂ ਭਾਵ ਬਾਕੀ ਰਹਿੰਦੀ ਖੂੰਹਦੀ ਕਸਰ ਅਨਪੜ੍ਹਤਾ, ਅਗਿਆਨਤਾ, ਗ਼ਰੀਬੀ ਅਤੇ ਅੰਨ੍ਹੀ ਸ਼ਰਧਾ ਅਧੀਨ ਖੁੱਲ੍ਹੀਆਂ ਧਰਮ ਦੀਆਂ ਦੁਕਾਨਾਂ ਨੇ ਪੂਰੀ ਕਰ ਦਿੱਤੀ। ਜਿਸ ਦਿਨ ਮਨੁੱਖ ਵਿਗਿਆਨਕ ਸੋਚ ਦਾ ਧਾਰਨੀ ਬਣ ਗਿਆ, ਉਸ ਦਿਨ ਉਸ ਨੂੰ ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਨਾਲ ਨਜਿੱਠਣ ਦੇ ਹੱਲ ਵੀ ਲੱਭ ਜਾਣਗੇ। ਪੜ੍ਹਿਆ ਲਿਖਿਆ ਹੋਣਾ, ਰੌਸ਼ਨ ਦਿਮਾਗ਼ ਦਾ ਚਿੰਨ੍ਹ ਹੈ। ਜਿਹੜਾ ਵਿਅਕਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਇਮਾਨਦਾਰੀ, ਸੰਜਮਤਾ ਤੇ ਪੂਰੇ ਦਿਲ ਨਾਲ ਨਿਭਾਉਂਦਾ ਹੈ।ਉਸ ਨੂੰ ਕਿਸੇ ਵੀ ਕਰੋਪੀ ਤੋ ਡਰਨ ਦੀ ਲੋੜ ਨਹੀਂ। ਮਨੁੱਖ ਦਾ ਅਸਲ ਸਾਥੀ ਉਸ ਦੀ ਅਣਥੱਕ ਮਿਹਨਤ ਤੇ ਵਿਸ਼ਵਾਸ ਹੈ।

ਅੱਜ ਦੇ ਪੜ੍ਹੇ ਲਿਖੇ ਸਮਕਾਲ ਦਾ ਦੁਖਾਂਤ ਇਹ ਹੈ ਕਿ ਇਸ ਵਿਚ ਲੋਕ ਸਾਰੀ ਉਮਰ ਇਹ ਸੋਚ ਕੇ ਗੁਜ਼ਾਰ ਦਿੰਦੇ ਹਨ ਕਿ ਲੋਕ ਦੀ ਕਹਿਣਗੇ? ਇਹਨਾਂ ਲੋਕਾਂ ਦੇ ਸੋਚਣ ਦੇ ਨਜ਼ਰੀਏ ਨੂੰ ਲੈ ਕੇ ਪਤਾ ਨਹੀਂ ਕਿੰਨੇ ਕੁ ਪਰਿਵਾਰ ਇਸ ਸਮਾਜੀ ਚਕਾ ਚੌਂਧ ਨੂੰ ਬਰਕਰਾਰ ਰੱਖਣ ਲਈ ਕਰਜ਼ੇ ਦੀ ਲਪੇਟ ਵਿਚ ਆਏ ਹੋਣਗੇ। ਲੇਖਕ 'ਬਜ਼ੁਰਗਾਂ ਨੂੰ ਵੱਡੇ ਜ਼ਰੂਰ ਕਰੋ, ਪਰ ਇਸ ਤਰ੍ਹਾਂ ਨਹੀਂ' ਨਿਬੰਧ ਵਿਚ ਮਨੁੱਖ ਨੂੰ ਜਿਉਂਦੇ ਜੀਅ ਆਪਣੇ ਬਜ਼ੁਰਗਾਂ ਦੀ ਸਾਂਭ-ਸੰਭਾਲ ਕਰਨ ਦਾ ਸੁਨੇਹਾ ਦਿੰਦਾ ਆਖਦਾ ਹੈ ਕਿ ਬਜ਼ੁਰਗਾਂ ਨੂੰ ਉਨ੍ਹਾਂ ਨੂੰ ਬਣਦਾ ਸਤਿਕਾਰ ਦੇਣਾ ਅਤਿ ਲੋੜੀਂਦਾ ਹੈ। ਜਿਨ੍ਹਾਂ ਨੇ ਉਨ੍ਹਾਂ ਨੂੰ ਜੀਵਨ ਜਾਚ ਸਿਖਾਈ ਹੈ। ਇਹ ਪ੍ਰਕਿਰਿਆ ਦਾ ਅਟੱਲ ਨਿਯਮ ਹੈ ਕਿ ਜਿਹੜਾ ਇਸ ਧਰਤੀ ਤੇ ਆਇਆ ਹੈ ਉਸ ਨੇ ਆਪਣਾ ਸਮਾਂ ਪੂਰਾ ਕਰਨਾ ਤੇ ਸੰਸਾਰ ਤੋਂ ਕੂਚ ਕਰਨਾ ਹੈ, ਪ੍ਰੰਤੂ ਕੁੱਝ ਸਮਾਜਿਕ ਰਸਮਾਂ, ਜੋ ਕਿਸੇ ਖ਼ਾਸ ਉਦੇਸ਼ ਨਾਲ ਲੋੜੀਂਦੀਆਂ ਸਨ। ਅੱਜ ਉਹ ਮਹਿਜ਼ ਇੱਕ ਡਰਾਮਾ ਬਣ ਕੇ ਵਿਚਰਦੀਆਂ ਨਜ਼ਰੀ ਪੈਂਦੀਆਂ ਹਨ, ਜਿਵੇਂ ਬਜ਼ੁਰਗਾਂ ਦੇ ਭੋਗ ਸਮੇਂ ਮਠਿਆਈਆਂ ਪਕਾਉਣਾ, ਰਿਸ਼ਤੇਦਾਰਾਂ ਨੂੰ

ਕੱਪੜੇ ਦੇਣੇ, ਸੋਨੇ ਦੀਆਂ ਚੀਜ਼ਾਂ ਪਾਉਣੀਆਂ, ਗੜਬੀਆਂ ਵੰਡੀਆਂ ਆਦਿ ਢੰਗ ਨਾਲ ਬਜ਼ੁਰਗਾਂ ਨੂੰ ਵੱਡਾ ਕਰਦੇ ਹਨ, ਪਰ ਇਹ ਅੱਜ ਇਹ ਇੱਕ ਗੰਭੀਰ ਸਮਾਜਿਕ ਕੁਰੀਤੀ ਬਣਦੀ ਜਾ ਰਹੀ ਹੈ। ਔਲਾਦ ਇਸ ਢੰਗਾਂ ਨਾਲ ਆਪਣੇ ਬਜ਼ੁਰਗਾਂ ਨੂੰ ਵੱਡਾ ਕਰ ਸਕਦੀ ਹੈ:

> ਜੀਵਨ ਵਿਚ ਹਮੇਸ਼ਾ ਸ਼ੁੱਭ ਕਾਰਜ ਕਰਦੇ ਰਹਿਣਾ, ਹਰ ਜ਼ਿੰਮੇਵਾਰੀ ਲਗਨ ਤੇ ਤਨਦੇਹੀ ਨਾਲ ਪੂਰਾ ਕਰਨਾ, ਇਮਾਨਦਾਰੀ, ਲੋੜਵੰਦਾਂ ਦੀ ਸਹਾਇਤਾ ਕਰਨੀ, ਇਮਾਨਦਾਰੀ ਦਾ ਪੱਲਾ ਨਾ ਛੱਡਣਾ ਅਤੇ ਜੀਵਨ ਵਿਚ ਵੱਡੀ ਮੱਲ ਮਾਰਨੀ ਹੈ। (ਅੱਛਰੂ ਸਿੰਘ ''ਜੀਵਨ ਦੇ ਰੰਗ'' 75)

ਕਰਜ਼ੇ ਚੁੱਕ ਕੇ ਆਪਣੀ ਸਮਰੱਥਾ ਤੋਂ ਉੱਪਰ ਉੱਠ ਕੇ ਖ਼ਰਚ ਕਰਨ 'ਚ ਵਡਿਆਈ ਨਹੀਂ ਹੈ।ਜੇਕਰ ਸੱਚ ਹੀ ਉਨ੍ਹਾਂ ਨੇ  ਕੁੱਝ ਕਰਨਾ ਹੈ ਤਾਂ ਉਹ ਕਿ ਕਿਸੇ ਸਕੂਲ ਹਸਪਤਾਲ 'ਚ ਮਦਦ ਕਰੇ। ਪਾਰਕ, ਲੋੜਵੰਦ ਵਿਅਕਤੀਆਂ ਨੂੰ ਫ਼ੀਸਾਂ ਦਾ ਪ੍ਰਬੰਧ ਆਦਿ ਬਜੁਰਗਾਂ ਲਈ ਸਭ ਤੋਂ ਵੱਡੀ ਸ਼ਰਧਾਂਜਲੀ ਹੋਵੇਗੀ ਕਿ ਜਿਸ ਨੂੰ ਸਹੀ ਅਰਥਾਂ ਵਿਚ ਵੱਡਾ ਕਰਨਾ ਕਿਹਾ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ ਕਿ 'ਮਾਤਾ ਧਰਤਿ ਮਹਤੁ' ਧਰਤੀ ਜਿਸ ਨੂੰ ਜੁਗਾਂ ਜੁਗਾਤਰਾਂ ਤੋਂ ਮਾਂ ਕਹਿ ਕੇ ਸਤਿਕਾਰਿਆਂ ਜਾਂਦਾ ਹੈ, ਜੋ ਮਨੁੱਖ ਦੀ ਹਰ ਜ਼ਰੂਰਤ ਨੂੰ ਪੂਰਾ ਕਰਦੀ ਹੈ। ਲੇਖਕ 'ਸਾਡੇ ਚਾਰ ਪਿਤਾ ਅਤੇ ਚਾਰ ਮਾਤਾਵਾਂ' ਨਿਬੰਧ ਇਨਸਾਨ ਦੀ ਵਾਤਾਵਰਣ ਪ੍ਰਤੀ ਅਣਗਹਿਲੀ ਬਾਰੇ ਇਨਸਾਨ ਨੂੰ ਆਗਿਆਕਾਰੀ ਬਣ ਕੇ ਵਿਚਰਨ ਦਾ ਸੰਦੇਸ਼ ਦਿੰਦਾ ਹੈ:

> ਅਜੋਕਾ ਮਨੁੱਖ ਪਦਾਰਥਵਾਦੀ ਰੁਚੀਆਂ ਦਾ ਸ਼ਿਕਾਰ ਹੋ ਕੇ ਇਨਸਾਨ ਕੁੱਝ ਖਿਲਵਾੜ ਕਰਨੇ ਸ਼ੁਰੂ ਕਰ ਦਿੱਤੇ ਹਨ। ਸਾਨੂੰ ਆਪਣੀ ਜਨਮ ਦੇਣ ਵਾਲੀ ਮਾਂ ਵਾਂਗ, ਇਸ ਮਾਂ ਦੀ ਵੀ ਸੰਭਾਲ ਕਰਨੀ ਚਾਹੀਦੀ ਹੈ ਅਤੇ ਪਿਤਾ-ਪਰੇਮਸ਼ਵਰ ਦੇ ਆਗਿਆਕਾਰੀ ਬਣ ਕੇ ਉਸ ਦੀ ਰਜਾਂ ਵਿਚ ਰਾਜ਼ੀ ਰਹਿਣਾ ਚਾਹੀਦਾ ਹੈ। (ਅੱਛਰੂ ਸਿੰਘ ''ਜੀਵਨ ਬਾਤਾਂ'' 35)

ਮਨੁੱਖ ਦਾ ਜਨਮ ਇਸ ਧਰਤੀ ਤੇ ਤਾਂ ਹੀ ਸੁਰੱਖਿਅਤ ਹੈ, ਜੇਕਰ ਉਸ ਦਾ ਆਲਾ-ਦੁਆਲਾ ਹਰਿਆ ਭਰਿਆ ਹੈ।

ਲੇਖਕ ਅਨੁਸਾਰ ਕਿਸੇ ਵੀ ਖੇਤਰ ਵਿਚ ਰੁਚੀ ਹੋਣਾ, ਇੱਕ ਸੁਖਾਵੇਂ ਮਾਹੌਲ ਨੂੰ ਜਨਮ ਦਿੰਦਾ ਹੈ, ਪ੍ਰੰਤੂ ਉਸ ਵਿਚ ਖੁੱਭ ਕੇ ਬਾਕੀ ਸਾਰੇ ਕੰਮਾਂ ਨੂੰ ਪਿੱਛੇ ਪਾਉਣਾ ਸਿਆਣਪ ਨਹੀਂ ਹੈ। ਕ੍ਰਿਕਟ ਇੱਕ ਅਜਿਹੀ ਖੇਡ ਹੋ, ਜੋ ਸਮਾਂ ਬੀਤਣ ਦੇ ਨਾਲ ਇਹ ਖੇਡ ਕਸਬਿਆਂ ਤੋਂ ਪਿੰਡਾਂ ਵਿਚ ਵੀ ਪਹੁੰਚ ਗਈ ਹੈ। ਲੋਕਾਂ ਦੀ ਹਰਮਨ ਪਿਆਰੀ ਖੇਡ ਹੋ ਗੁਜਰੀ। ਪ੍ਰੰਤੂ ਜੇਕਰ ਇਸ ਨੂੰ ਕ੍ਰਿਕਟੋਫੋਲੀਆਂ ਵਰਗੀ ਬਿਮਾਰੀ ਦਾ ਨਾਮ ਵੀ ਦੇ ਦਿੱਤਾ ਜਾਵੇ ਤਾਂ ਗ਼ਲਤ ਨਹੀਂ ਹੋਵੇਗਾ। ਲੇਖਕ 'ਕ੍ਰਿਕਟ, ਕ੍ਰਿਕਟਾਚਾਰ ਅਤੇ ਕ੍ਰਿਕਟੋਫੋਲੀਆਂ' ਨਿਬੰਧ ਵਿਚ ਵੀ ਇਹੀ ਕਹਿਣ ਦਾ ਜਤਨ ਕਰਦਾ ਹੈ:

> ਕਿਸੇ ਖੇਡ ਨੂੰ ਸਹੀ ਤੌਰ ਤੇ ਖੇਡਿਆ ਅਤੇ ਮਾਣਿਆ ਜਾਵੇ, ਇਸ 'ਤੇ ਕੋਈ ਇਤਰਾਜ਼ ਨਹੀਂ ਹੋ ਸਕਦਾ। ਪਰ ਨਾਲ ਸਾਡਾ ਸਾਰਾ ਮੁਲਕ ਹੀ ਆਪਣੀਆਂ ਅਸਲ ਸਮੱਸਿਆਵਾਂ ਨੂੰ ਭੁੱਲ ਕੇ ਆਪਣਾ ਕੰਮ ਕਾਜ ਛੱਡ ਕੇ ਇਸ ਦਾ ਦੀਵਾਨਾ ਹੋ ਜਾਵੇ ਤੇ ਟੀ.ਵੀ. ਤੇ ਚੱਲ ਰਿਹਾ ਕ੍ਰਿਕਟ ਮੈਚ ਹੀ ਉਨ੍ਹਾਂ ਲਈ ਸਭ ਕੁੱਝ ਬਣ ਜਾਵੇ, ਫਿਰ ਜ਼ਰੂਰ ਲੋਕਾਂ ਦੀ ਸੋਚ ਅਤੇ ਮੁਲਕ ਦੇ ਭਵਿੱਖ ਬਾਰੇ ਚਿੰਤਾ ਕਰਨੀ ਬਣਦੀ ਹੈ। ( ਅੱਛਰੂ ਸਿੰਘ ''ਜੀਵਨ ਬਾਤਾਂ'' 43)

**ਦ੍ਰਿਸ਼ਟੀਕੋਣ:-** ਪ੍ਰੋ. ਅੱਛਰੂ ਸਿੰਘ ਗੁਰਬਾਣੀ ਪ੍ਰਤੀ ਨਵਾਂ ਨਰੋਆ ਤੇ ਉਸਾਰੂ ਦ੍ਰਿਸ਼ਟੀਕੋਣ ਲੈ ਕੇ ਅੱਜ ਦੇ ਮਸ਼ੀਨ ਬਣੇ ਮਨੁੱਖ ਨੂੰ ਇਸ ਤੋਂ ਪ੍ਰੇਰਨਾ ਲੈਣ ਦੇ ਸੁਨੇਹੇ ਦਿੰਦਾ ਹੈ। 'ਬਲਿਹਾਰੀ ਕੁਦਰਤ ਵਸਿਆ, ਤੇਰਾ ਅੰਤ ਨਾ ਜਾਏ ਲਖਿਆ' ਦੇ ਮੱਤ ਤੋਂ ਪ੍ਰੇਰਨਾ ਲੈਣ ਦੀ ਸਲਾਹ ਦਿੰਦਾ ਹੈ। ਉਸ ਲਈ ਸਿੱਖ ਧਰਮ, ਅਜੋਕੇ ਮਨੁੱਖ ਦੇ ਆਪ ਸਿਰਜੇ ਕਸ਼ਟਾਂ ਦਾ ਮਾਰਗ ਦਰਸ਼ਨ ਕਰ ਸਕਦਾ ਹੈ, ਸ਼ਰਤ ਇਹ ਹੈ ਕਰਮ ਕਾਜ਼ੀ ਦਿਖਾਵਿਆਂ ਦੀ ਥਾਂ ਇਸ ਦੇ ਮੂਲ ਰੂਪ ਮੰਤਰਾਂ ਵਰਗੇ ਸਿਧਾਂਤਾਂ ਤੇ ਅਮਲ ਕੀਤਾ ਜਾਵੇ।

ਲੇਖਕ ਪ੍ਰਗਤੀਵਾਦ ਵਿਚਾਰਧਾਰਾ ਦੇ ਲੇਖਕ ਹੈ। ਸਿੱਖ ਧਰਮ ਵਿਚ ਪੈਦਾ ਹੋਣ ਕਰ ਕੇ ਲੇਖਕ ਦੇ ਨਿਬੰਧਾਂ ਵਿਚ ਇਹ ਝਲਕਾਰੇ ਮਾਰਦੀ ਹੈ। ਲੇਖਕ ਨੇ ਇੱਛਾ ਸ਼ਕਤੀ, ਸੁਚੱਜੀ ਜੀਵਨ-ਜਾਚ, ਨੇਕੀ, ਸੱਚ, ਫ਼ਰਜ਼, ਭਾਵਨਾ, ਪਿਆਰ, ਮਿਲਵਰਤਨ, ਸਾਂਝ, ਸੇਵਾ, ਵੰਡ ਛਕਣ ਕਿਰਤ ਕਰਨ, ਨਾਮ ਜਪਣ ਦੀ ਕਿਰਿਆਤਮਕ ਸੋਚ ਉੱਪਰ ਅਮਲ ਜ਼ਰੂਰੀ ਹੈ। ਆਪ ਨੇ ਥਾਂ-ਥਾਂ ਗੁਰਬਾਣੀ ਦੇ ਸੁਨੇਹੇ ਪਸਾਰੇ ਹਨ। ਸੱਚ ਹੱਕ ਦੀ ਵਕਾਲਤ ਕੀਤੀ ਹੈ। ਸਹਿਜੇ ਹੀ ਆਪ ਦੇ ਨਿਬੰਧ ਦਿਲ ਦਿਮਾਗ਼ ਦੀ ਤਰਜਮਾਨੀ ਕਰਦੇ, ਸਰੋਤਿਆਂ ਪਾਠਕਾਂ ਲਈ ਜ਼ਿੰਦਗੀ ਖ਼ੁਸ਼ਹਾਲ ਬਣਾਉਣ ਦੇ ਨੁਸਖ਼ੇ ਹਨ।

## 2) ਵਿਧਾਗਤ ਜੁਗਤਾਂ

**ੳ) ਸ਼ੈਲੀਗਤ ਜੁਗਤਾਂ:-** ਸਾਹਿਤ ਵਿਚ ਸ਼ੈਲੀ ਦਾ ਵਿਸ਼ੇਸ਼ ਮਹੱਤਵ ਹੈ। ਜੇਕਰ ਆਧੁਨਿਕ ਸਾਹਿਤ ਦੀ ਗੱਲ ਕਰੀਏ ਤਾਂ ਚੁਣੇ ਹੋਏ ਵਿਸ਼ੇ ਨਾਲੋਂ ਵੀ ਜ਼ਿਆਦਾ ਅਸਰ ਕਹਿਣ ਦਾ ਢੰਗ ਵਿਸ਼ੇਸ਼ ਮਹੱਤਵ ਰੱਖਦਾ ਹੈ। ਜਿੰਨੀ ਜ਼ਿਆਦਾ ਕਿਸੇ ਲੇਖਕ ਦਾ ਕਹਿਣ ਦਾ ਢੰਗ ਨਿਵੇਕਲਾ ਹੋਵੇਗਾ, ਓਨੀ ਹੀ ਲੇਖਕ ਦੀ ਲਿਖਤ ਪਾਠਕਾਂ ਤੇ ਗਹਿਰਾ ਪ੍ਰਭਾਵ ਪਾਏਗੀ:

> ਡਾ. ਬਲਬੀਰ ਸਿੰਘ ਦਿਲ ਅਨੁਸਾਰ: ਹਰ ਲੇਖਕ ਦੀ ਚੰਗੀ ਜਾਂ ਮੰਦੀ, ਆਪੋ-ਆਪਣੀ ਸ਼ੈਲੀ ਹੁੰਦੀ ਹੈ।ਜਿਸ ਲੇਖਕ ਦੀ ਕੋਈ ਸ਼ੈਲੀ ਨਾ ਹੋਵੇ, ਅਜਿਹੇ, ਸ਼ੈਲੀ ਵਿਹੀਣ ਲੇਖਕ ਲਈ ਨਿਬੰਧ ਸਾਹਿਤ ਵਿਚ ਕੋਈ ਥਾਂ ਨਹੀਂ।ਨਿਬੰਧ ਕਲਾ ਦੀ ਮੀਰੀ ਗੁਣ ਨਿਬੰਧਕਾਰ ਦੀ ਵੱਖਰੀ ਛਾਪ ਵਾਲੀ ਨਿੱਜੀ ਸ਼ੈਲੀ ਹੈ। ਜਰਮਨ ਚਿੰਤਕ 'ਸੋਪਨਹਾਵਰ' ਨੇ ਸ਼ੈਲੀ ਨੂੰ ਮਨ ਦਾ 'ਚਿਹਰਾ ਸ਼ਨਾਸ' ਆਖਿਆ ਹੈ। ਮਨੁੱਖ ਦੇ ਸੁਭਾਅ ਜਾਂ ਆਚਰਨ ਦੀ ਪਛਾਣ ਲਈ ਉਸ ਦੇ ਚਿਹਰੇ ਨਾਲੋਂ ਵੀ ਜ਼ਿਆਦਾ ਉਸ ਦੀ ਸ਼ੈਲੀ ਨੂੰ ਵਧੇਰੇ ਭਰੋਸੇਯੋਗ ਮੰਨਿਆ ਗਿਆ ਹੈ। ਕਿਸੇ ਵੱਡੇ ਲੇਖਕ ਦੀ ਸ਼ੈਲੀ ਦੀ ਨਕਲ ਕਰਨ ਵਾਲਾ, ਉਸ ਕਾਂ ਵਰਗਾ ਹੈ, ਜਿਸ ਨੇ ਹੰਸ ਦੇ ਖੰਭ ਲਗਾ ਕੇ, ਹੰਸ ਤਾਂ

ਕੀ ਬਣਨਾ ਸੀ, ਸਗੋਂ ਆਪਣਾ ਅਸਲਾ ਵੀ ਗੁਆ ਲਿਆ। ਸੋਪਨਹਾਵਰ ਨੇ ਨਕਲੀਏ ਸ਼ੈਲੀਕਾਰ ਬਾਰੇ ਬਹੁਤ ਸਖ਼ਤ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ।ਉਹ ਕਿਸੇ ਹੋਰ ਦੀ ਸ਼ੈਲੀ ਵਿਚ ਭਾਵ ਪ੍ਰਗਟ ਕਰਨ ਵਾਲੇ ਲੇਖਕ ਨੂੰ ਅਜਿਹਾ ਸਵਾਂਗ ਆਖਦਾ ਹੈ, ਜੋ ਕਿਸੇ ਹੋਰ ਦਾ ਮਖੌਟਾ ਪਹਿਨਦਾ ਹੋਇਆ, ਦਰਸ਼ਕਾਂ ਦੇ ਮਨਾਂ ਵਿਚ ਆਪਣੀ ਵਿਗੜੀ ਹੋਈ ਸ਼ਕਲ ਬਾਰੇ ਕੁਰਹਿਤ ਅਤੇ ਘ੍ਰਿਣਾ ਉਪਜਾਉਂਦਾ ਹੈ, ਕਿਉਂਕਿ ਮਖੌਟਾ ਕੈਸਾ ਵੀ ਹੋਵੇ, ਉਹ ਮੁਰਦੇ ਦੇ ਚਿਹਰੇ ਵਰਗਾ ਹੈ ਅਤੇ ਉਸ ਮੁਰਦੇ ਨਾਲੋਂ ਭੱਦੇ ਤੋਂ ਭੱਦਾ ਜਿਊਂਦਾ ਚਿਹਰਾ ਵਧੇਰੇ ਚੰਗਾ ਹੈ। (''ਪੰਜਾਬੀ ਨਿਬੰਧ ਸਰੂਪ, ਸਿਧਾਂਤ'' 104)

ਸ਼ੈਲੀ ਸੰਬੰਧੀ ਬਾਨਮੀ ਡਾਬਰੇ ਲਿਖਦਾ ਹੈ: ਸ਼ੈਲੀ ਕੋਈ ਗਹਿਣਾ ਨਹੀਂ,ਅਭਿਆਸ ਨਹੀਂ, ਨੱਚਣਾ-ਕੁੱਦਣਾ ਨਹੀਂ ਅਤੇ ਨਾ ਹੀ ਕਿਸੇ ਕਿਸਮ ਦੀ ਕੋਈ ਹੋਰ ਗੁੰਝਲ ਹੈ। ਇਹ ਸਵੈ-ਸੂਝ ਹੈ, ਕਹੀ ਜਾਣ ਵਾਲੀ ਗੱਲ ਦਾ ਗਿਆਨ, ਉਸ ਦਾ ਢੁਕਵੇਂ ਸ਼ਬਦਾਂ ਵਿਚ ਪ੍ਰਗਟਾਵਾ ਹੈ। (''Modern Prose Style'' 217)

ਲੇਖਕ ਆਪਣੇ ਨਿਬੰਧਾਂ ਵਿਚ ਵਿਚਾਰਾਤਮਕ ਸ਼ੈਲੀ, ਬਿਰਤਾਂਤਕ ਸ਼ੈਲੀ, ਕਾਵਿਮਈ ਸ਼ੈਲੀ, ਵਿਅੰਗਾਤਮਕ ਸ਼ੈਲੀ ਅਤੇ ਵਿਆਖਿਆਤਮਕ ਸ਼ੈਲੀ ਆਦਿ ਦੀ ਵਰਤੋਂ ਕਰਦਾ ਹੈ।

**ੳ) ਵਿਚਾਰਾਤਮਕ ਸ਼ੈਲੀ:-** ਲੇਖਕ ਆਪਣੇ ਨਿਬੰਧ 'ਮਨਿ ਜੀਤੈ ਜਗੁ ਜੀਤੁ' ਵਿਚ ਵਿਚਾਰ ਪੇਸ਼ ਕਰਦਾ ਹੈ ਕਿ ਲੋਭ ਤੇ ਲਾਲਚ ਬਹੁਤ ਹੱਦ ਤੱਕ ਮਨੁੱਖ ਵਿਚ ਉੱਦਮੀ ਤੇ ਮਿਹਨਤੀ ਹੋਣ ਦੀ ਲਾਲਸਾ ਨੂੰ ਵਧਾਉਣ ਦਾ ਹੋਣਾ ਚਾਹੀਦਾ ਹੈ ਨਾ ਕਿ ਵਿਕਾਰਾਂ ਨੂੰ ਵਧਾਉਣ ਦਾ ਲੇਖਕ ਵਿਚਾਰ ਪੇਸ਼ ਕਰਦਾ ਹੈ:

ਜਦ ਮਨੁੱਖ ਦਾ ਲੋਭ ਇਸ ਕਦਰ ਵੱਧ ਜਾਵੇ ਕਿ ਉਹ ਮਾਨਵਤਾ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਭੁੱਲ ਜਾਵੇ ਅਤੇ ਹਰ ਹੀਲੇ ਦੌਲਤ ਇਕੱਠੀ ਕਰਨ ਵਿਚ ਮਸਰੂਫ਼ ਹੋ ਜਾਵੇ ਤਾਂ ਲੋਭ

ਇੱਕ ਬੁਰਾਈ ਦਾ ਰੂਪ ਧਾਰਨ ਕਰ ਲੈਂਦਾ ਹੈ। ਲਾਲਚੀ ਮਨੁੱਖ ਸਾਰਾ ਸੰਸਾਰ ਪ੍ਰਾਪਤ ਕਰਨ ਤੋਂ ਬਾਅਦ ਵੀ ਭੁੱਖਾ ਰਹਿੰਦਾ ਹੈ। ਖਲੀਲ ਜਿਬਰਾਨ ਦਾ ਵਿਚਾਰ ਹੈ ਕਿ ਸੁੱਖ ਅਰਾਮ ਦੀ ਲਾਲਸਾ ਤੁਹਾਨੂੰ ਆਪਣੇ ਵੱਸ ਕਰ ਲੈਂਦੀ ਹੈ। ਹੱਥ ਵਿਚ ਚਾਬਕ ਤੇ ਕੁੰਡੀ ਫੜ ਕੇ ਤੁਹਾਨੂੰ ਢਾਹੁੰਦੀ ਹੈ ਤੇ ਫੇਰ ਤੁਹਾਨੂੰ ਤੁਹਾਡੀਆਂ ਵਡੇਰੀਆਂ ਤ੍ਰਿਸ਼ਨਾਵਾਂ ਦੇ ਹੱਥਾਂ ਦੀ ਕਠਪੁਤਲੀ ਬਣਾ ਛੱਡਦੀ ਹੈ। (ਅੱਛਰੂ ਸਿੰਘ ''ਜੀਵਨ ਦੇ ਰੰਗ" 9-10)

ਉਪਰੋਕਤ ਸ਼ਬਦਾਂ ਤੋਂ ਭਾਵ ਲਾਲਚ ਮਨੁੱਖ ਵਿਚੋਂ ਅਪਣੱਤ ਖੋਹ ਲੈਂਦਾ ਹੈ। ਉਸ ਵਿਚ ਹਮਦਰਦੀ ਤੇ ਪਿਆਰ ਵਰਗੀਆਂ ਭਾਵਨਾਵਾਂ ਦਾ ਕਤਲ ਕਰ ਦਿੰਦੀ ਹੈ। ਇਸ ਦਾ ਸਭ ਤੋਂ ਵੱਧ ਪ੍ਰਹਾਰ ਮਨੁੱਖੀ ਰਿਸ਼ਤਿਆਂ ਤੇ ਪੈਂਦਾ ਹੈ। ਕਿਸੇ ਵੀ ਮੰਜ਼ਿਲ ਨੂੰ ਸਿਰਫ਼ ਚਾਹੁਣਾ ਹੀ ਕਾਫੀ ਨਹੀਂ, ਉਸ ਨੂੰ ਪ੍ਰਾਪਤ ਕਰਨ ਲਈ ਲਾਪਰਵਾਹੀ ਛੱਡ ਕੇ ਉਸ ਵੱਲ ਕੇਂਦਰਿਤ ਹੋਣ ਦੀ ਲੋੜ ਹੈ:

ਚਾਹੁਣਾ ਕਿਸੇ ਵੀ ਮੰਜ਼ਿਲ ਦੀ ਪ੍ਰਾਪਤੀ ਵੱਲ ਪਹਿਲਾ ਅਤੇ ਕੇਵਲ ਪਹਿਲਾ ਕਦਮ ਹੈ, ਕਿਸੇ ਸਫਲਤਾ ਜਾਂ ਪ੍ਰਾਪਤੀ ਦਾ ਪਾਸਪੋਰਟ ਨਹੀਂ। ਨਿਰਸੰਦੇਹ, ਅਸੀਂ ਕਿਸੇ ਵੀ ਮੰਜ਼ਿਲ ਵੱਲ ਵਧਾਂਗੇ ਹੀ ਤਦ, ਜਦ ਅਸੀਂ ਉਸ ਵੱਲ ਚੱਲਾਂਗੇ ਅਤੇ ਚੱਲਾਂਗੇ, ਤਦ ਹੀ ਜਦ ਸਾਡੇ ਮਨ ਵਿਚ ਇਸ ਸੰਬੰਧੀ ਚਾਹਤ ਅਤੇ ਇੱਛਾ ਪੈਦਾ ਹੋਵੇਗੀ, ਪਰ ਆਪਣੀ ਮੰਜ਼ਿਲ ਨੂੰ ਪਾਉਣ ਲਈ ਸਾਨੂੰ ਬਹੁਤ ਸਾਰੇ ਗੁਣਾਂ ਦੇ ਧਾਰਨੀ ਬਣਨਾ ਪਵੇਗਾ। ਪੱਕਾ ਇਰਾਦਾ ਰੱਖਣਾ ਪਵੇਗਾ। ਹਰ ਪ੍ਰਕਾਰ ਦੀਆਂ ਸਮੱਸਿਆਵਾਂ ਅਤੇ ਦੁਸ਼ਵਾਰੀਆਂ ਨਾਲ ਜੂਝਣ ਲਈ ਤਿਆਰ ਹੋਣਾ ਪਵੇਗਾ, ਸੁੱਖ ਆਰਾਮ-ਤਿਆਗਣਾ ਪਵੇਗਾ, ਸਖ਼ਤ ਮਿਹਨਤ ਕਰਨੀ ਪਵੇਗੀ, ਸਾਕਾਰਾਤਮਕ ਸੋਚ ਰੱਖਣੀ ਪਵੇਗੀ ਅਤੇ ਨਿਰੰਤਰ ਯਤਨ ਕਰਨੇ ਪੈਣਗੇ। (ਅੱਛਰੂ ਸਿੰਘ ''ਚਾਨਣ ਭਰੀ ਚੰਗੇਰ" 23)

ਲੇਖਕ ਅਨੁਸਾਰ ਕਿਸੇ ਵੀ ਪ੍ਰਾਪਤੀ ਦੇ ਪਿੱਛੇ ਮਨੁੱਖ ਦੀ ਅਣਥੱਕ ਮਿਹਨਤ ਅਤੇ ਪੱਕਾ ਇਰਾਦਾ ਉਸ ਨੂੰ ਜ਼ਰੂਰ ਉਸ ਦੀ ਮੰਜ਼ਿਲ ਤੱਕ ਪਹੁੰਚਾ ਦਿੰਦਾ ਹੈ।

**ਅ) ਬਿਰਤਾਂਤਕ ਸ਼ੈਲੀ:-** ਲੇਖਕ ਆਪਣੇ ਨਿਬੰਧ 'ਸ਼ੀਸ਼ੇ ਦਾ ਸੱਚ' ਵਿਚ ਸ਼ੀਸ਼ੇ ਦੇ ਸਹੀ ਅਰਥ ਸਮਝਾਉਂਦਾ ਗਿਆਨ ਨਾਲ ਜਾਣ ਪਛਾਣ ਸੰਬੰਧੀ ਬਿਰਤਾਂਤ ਸਿਰਜਦਾ ਹੈ:

> ਪਲੈਟੋ ਦਾ ਗੁਰੂ ਅਤੇ ਅਰਸਤੂ ਦਾ ਦਾਦਾ, ਗੁਰੂ ਯੂਨਾਨ ਨਾਮਵਰ ਦਾਰਸ਼ਨਿਕ ਸੁਕਰਾਤ ਜਿੰਨਾ ਦਿਮਾਗ਼ ਪੱਖੋਂ ਤੇਜ਼ ਸੀ, ਸ਼ਕਲ ਸੂਰਤ ਪੱਖੋਂ ਉਨ੍ਹਾਂ ਹੀ ਭੱਦਾ ਸੀ। ਕਹਿੰਦੇ ਹਨ ਇੱਕ ਵਾਰ ਜਦ ਉਹ ਸ਼ੀਸ਼ੇ ਅੱਗੇ ਖੜ੍ਹਾ ਆਪਣੇ ਚਿਹਰੇ ਨੂੰ ਨਿਹਾਰ ਰਿਹਾ ਸੀ ਤਾਂ ਉਸ ਦਾ ਇੱਕ ਚੇਲਾ ਅੰਦਰ ਆਇਆ ਤੇ ਹੈਰਾਨ ਹੋ ਕੇ ਕਹਿਣ ਲੱਗਾ ਗੁਰੂ ਜੀ ਆਪ ਵੀ ਸ਼ੀਸ਼ਾ ਦੇਖਦੇ ਹੋ? ਸੁਕਰਾਤ ਨੇ ਉਸ ਦੀ ਹੈਰਾਨੀ ਨੂੰ ਭਾਂਪਦੇ ਹੋਏ ਕਿਹਾ ਕਿ ਮੈਨੂੰ ਪਤਾ ਹੈ ਕਿ ਮੈਂ ਬਹੁਤ ਬਦਸੂਰਤ ਹਾਂ, ਪਰ ਫਿਰ ਵੀ ਮੈਂ ਰੋਜ਼ ਸ਼ੀਸ਼ਾ ਦੇਖਦਾ ਹਾਂ ਅਤੇ ਇਸ ਦੀ ਆਵਾਜ਼ ਸੁਣਦਾ ਹਾਂ। ਇਹ ਮੈਨੂੰ ਬੜੇ ਹੀ ਸਪਸ਼ਟ ਸ਼ਬਦਾਂ ਵਿਚ ਕਹਿੰਦਾ ਜਾਪਦਾ ਹੈ ਕਿ ਹਰਦਮ ਕੋਈ ਅਜਿਹਾ ਕੰਮ ਕਰਦਾ ਰਹਾਂ, ਜਿਸ ਨਾਲ ਮੇਰੀ ਇਹ ਬਦਸੂਰਤੀ, ਖ਼ੂਬਸੂਰਤੀ ਲੱਗਦੀ ਰਹੇ ਅਤੇ ਲੋਕ ਮੈਨੂੰ ਪਿਆਰ ਕਰਦੇ ਰਹਿਣ। ਫਿਰ ਖ਼ੂਬਸੂਰਤ ਲੋਕਾਂ ਨੂੰ ਤਾਂ ਸ਼ੀਸ਼ਾ ਦੇਖਣ ਦੀ ਲੋੜ ਨਹੀਂ ਹੈ? ਚੇਲੇ ਨੇ ਪੁੱਛਿਆ, ਕਿਉਂ ਨਹੀਂ? ਉਨ੍ਹਾਂ ਲਈ ਤਾਂ ਸਗੋਂ ਸ਼ੀਸ਼ਾ ਦੇਖਣਾ ਹੋਰ ਵੀ ਬਹੁਤ ਜ਼ਰੂਰੀ ਹੈ। ਕਿਉਂਕਿ ਸ਼ੀਸ਼ਾ ਉਨ੍ਹਾਂ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਪਰਮਾਤਮਾ ਨੇ ਤੁਹਾਨੂੰ ਖ਼ੂਬਸੂਰਤੀ ਦਿੰਦੀ ਹੈ, ਕੋਈ ਵੀ ਗ਼ਲਤ ਜਾਂ ਬੁਰਾ ਕੰਮ ਕਰ ਕੇ ਕਿਤੇ ਇਸ ਨੂੰ ਵਿਗਾੜ ਨਾ ਲੈਣਾ ਅਤੇ ਇਸ ਨੂੰ ਇਸ ਵਾਂਗ ਹੀ ਸਾਫ਼ ਤੇ ਬੇਦਾਗ਼ ਰੱਖਣਾ। (ਅੱਛਰੂ ਸਿੰਘ ''ਜੀਵਨ ਦੇ ਰੰਗ” 84)

ਉਪਰੋਕਤ ਸ਼ਬਦਾਂ ਤੋਂ ਭਾਵ ਬੰਦੇ ਦੇ ਬਚਨ ਉਸ ਦੇ ਕੀਤੇ ਕਰਮ ਉਸ ਨੂੰ ਸੋਹਣਾ ਬਣਾਉਂਦੇ ਹਨ, ਨਾ ਕਿ ਉਸ ਦਾ ਰਿਸ਼ਟ ਪੁਸ਼ਟ ਸਰੀਰ ਤੇ ਸੋਹਣੀ ਦਿੱਖ।ਅਸਲ ਵਿਚ ਸ਼ੀਸ਼ਾ ਮਨੁੱਖ ਦਾ ਅਸਲ ਦੋਸਤ ਹੈ, ਜੋ ਉਸ ਦੀ ਅਸਲੀ ਦਿੱਖ ਨਾਲ ਉਸ ਦੀ ਜਾਣ-ਪਛਾਣ ਕਰਵਾਉਂਦਾ ਹੈ।

ਲੇਖਕ ਆਪਣੇ ਨਿਬੰਧ 'ਮਨਿ ਜੀਤੈ ਜਗੁ ਜੀਤੁ' ਵਿਚ ਬਿਰਤਾਂਤ ਸਿਰਜਦਾ ਹੈ ਕਿ ਜਿਸਨੇ ਆਪਣੇ ਮਨ ਨੂੰ ਜਿੱਤ ਲਿਆ, ਉਹ ਪੂਰੀ ਦੁਨੀਆਂ ਦਾ ਮਾਲਕ ਬਣ ਜਾਂਦਾ ਹੈ:

> ਜਦ ਬਾਦਸ਼ਾਹ ਸਿਕੰਦਰ ਆਪਣਾ ਵਿਸ਼ਵ ਜੇਤੂ ਬਣਨ ਦਾ ਸੁਪਨਾ ਸਾਕਾਰ ਕਰਨ ਲਈ ਮੁਹਿੰਮ ਤੇ ਸੀ ਤਾਂ ਇੱਕ ਦਿਨ ਉਸ ਨੇ ਇੱਕ ਫ਼ਕੀਰ ਨੂੰ ਆਪਣੀ ਕੁਟੀਆ ਅੱਗੇ ਬੈਠਾ ਦੇਖਿਆ। ਬਾਦਸ਼ਾਹ ਨੇ ਆਪਣੇ ਸੈਨਿਕਾਂ ਰਾਹੀਂ ਉਸ ਫ਼ਕੀਰ ਨੂੰ ਆਪਣੇ ਪਾਸ ਬੁਲਵਾਇਆ, ਪ੍ਰੰਤੂ ਫ਼ਕੀਰ ਨੇ ਸੈਨਿਕਾਂ ਨੂੰ ਇਹ ਕਹਿ ਕੇ ਵਾਪਸ ਮੋੜ ਦਿੱਤਾ ਕਿ ਮੈਨੂੰ ਤਾਂ ਬਾਦਸ਼ਾਹ ਤੱਕ ਕੋਈ ਕੰਮ ਨਹੀਂ, ਜੇਕਰ ਉਹ ਮੈਨੂੰ ਮਿਲਣਾ ਚਾਹੁੰਦਾ ਹੈ ਤਾਂ ਮੇਰੇ ਪਾਸ ਆ ਜਾਵੇ। ਬਾਦਸ਼ਾਹ ਨੂੰ ਗ਼ੁੱਸਾ ਤਾਂ ਬਹੁਤ ਆਇਆ, ਪਰ ਉਹ ਉਤਸੁਕਤਾ ਵੱਸ ਉਸ ਫ਼ਕੀਰ ਕੋਲ ਚਲਾ ਗਿਆ ਅਤੇ ਕਹਿਣ ਲੱਗਾ, "ਮੈਂ ਦੁਨੀਆ ਦਾ ਜੇਤੂ ਬਾਦਸ਼ਾਹ ਸਿਕੰਦਰ ਹਾਂ ਅਤੇ ਜੇ ਮੈਂ ਚਾਹਾਂ ਤਾਂ ਤੇਰੀ ਗੁਸਤਾਖ਼ੀ ਲਈ ਤੈਨੂੰ ਹੁਣੇ ਹੀ ਮੌਤ ਦੇ ਘਾਟ ਉਤਾਰ ਸਕਦਾ ਹਾਂ।" ਫ਼ਕੀਰ ਨੇ ਬੇ-ਪ੍ਰਵਾਹੀ ਨਾਲ ਉੱਤਰ ਦਿੱਤਾ, ਤੂੰ ਚਾਹੇਂ ਜਾਂ ਨਾ ਚਾਹੇਂ, ਜਦ ਮੈਨੂੰ ਮੌਤ ਆਉਣੀ ਹੈ ਤਾਂ ਆ ਕੇ ਹੀ ਰਹੇਗੀ। "ਬਾਦਸ਼ਾਹ ਕੁੱਝ ਨਰਮ ਹੋ ਕੇ ਕਹਿਣ ਲੱਗਾ,"ਤੂੰ ਜੋ ਚਾਹੇਂ ਮੈਥੋਂ ਮੰਗ ਸਕਦਾ ਹੈਂ ਅਤੇ ਮੈਂ ਤੇਰੀ ਹਰ ਖ਼ਾਹਿਸ਼ ਪੂਰੀ ਸਕਦਾ ਹਾਂ।" ਮਨ ਦਾ ਜੇਤੂ ਫ਼ਕੀਰ ਕਹਿਣ ਲੱਗਾ, "ਤੂੰ ਮੈਨੂੰ ਕੁੱਝ ਨਹੀਂ ਦੇ ਸਕਦਾ। ਕਿਰਪਾ ਥੋੜ੍ਹਾ ਪਾਸੇ ਹੋ ਜਾਓ ਤਾਂ ਜੋ ਮੈਂ ਧੁੱਪ ਦਾ ਨਿੱਘ ਮਾਣ ਸਕਾਂ।"(ਅੱਛਰੂ ਸਿੰਘ ''ਜੀਵਨ ਦੇ ਰੰਗ" 15)

ਲੇਖਕ 'ਦੇਹਿ ਸਿਵਾ ਬਰ ਮੋਹਿ ਇਹੈ' ਨਿਬੰਧ ਵਿਚ ਮਿਥਿਹਾਸ ਵਿਚੋਂ ਉਦਾਹਰਨਾਂ ਦੇ ਕੇ ਪਾਠਕਾਂ ਨਾਲ ਸਾਂਝ ਸਥਾਪਿਤ ਕਰਦਾ ਹੈ। ਇਸ ਨਿਬੰਧ ਵਿਚ ਲੇਖਕ ਇੱਕ ਉਦਾਹਰਨ ਵਿਚ ਦੱਸਦਾ ਹੈ ਕਿ ਕਿਸ ਪ੍ਰਕਾਰ ਇੱਕ ਪਰਿਵਾਰ ਦੇ ਤਿੰਨ ਜੀਆਂ ਵੱਲੋਂ ਕਮ-ਅਕਲ ਹੋਣ ਕਾਰਨ ਮੂਰਖਤਾ ਕਰ ਕੇ ਤਿੰਨ ਵਰ ਮੰਗੇ, ਪ੍ਰੰਤੂ ਮਿਲਣ ਤੇ ਵੀ ਉਹ ਕਿਸ ਤਰ੍ਹਾਂ ਖੁੰਝ ਜਾਂਦੇ ਹਨ:

> ਇੱਕ ਵਾਰ ਗ਼ਰੀਬ ਪਤੀ, ਉਸ ਦੀ ਪਤਨੀ ਤੇ ਪੁੱਤਰ ਕਿਤੇ ਜਾ ਰਹੇ ਸਨ।ਇਤਫ਼ਾਕ ਵੱਸ, ਉਨ੍ਹਾਂ ਨੂੰ ਇੱਕ ਫ਼ਰਿਸ਼ਤਾ ਮਿਲਦਾ ਹੈ ਜੋ ਉਨ੍ਹਾਂ ਦੀ ਦਸ਼ਾ-ਸੁਧਾਰਨ ਦੇ ਉਦੇਸ਼ ਨਾਲ ਉਨ੍ਹਾਂ ਤਿੰਨਾਂ ਨੂੰ ਇੱਕ-ਇੱਕ ਵਰ ਮੰਗਣ ਲਈ ਕਹਿੰਦਾ ਹੈ। ਪਹਿਲਾਂ ਵਰ ਔਰਤ ਮੰਗਦੀ ਹੈ ਕਿ ਮੈਂ ਦੁਨੀਆ ਦੀ ਸਭ ਤੋਂ ਖ਼ੂਬਸੂਰਤ ਔਰਤ ਬਣ ਜਾਵਾ। ਫ਼ਰਿਸ਼ਤਾ 'ਤਥਾ-ਅਸਤੂ' ਕਹਿੰਦਾ ਹੈ ਤੇ ਅਚਾਨਕ ਬਾਦਸ਼ਾਹ ਦਾ ਕਾਫ਼ਲਾ ਲਾਗੋ ਗੁਜ਼ਰਦਾ ਹੈ ਤੇ ਉਹ ਸਲਤਨਤ ਵਿਚ ਇੰਨੀ ਸੋਹਣੀ ਔਰਤ ਦੇਖ ਕੇ ਚਕਾਚੌਂਧ ਹੋ ਜਾਂਦਾ ਹੈ ਤੇ ਹੁਕਮ ਦਿੰਦਾ ਹੈ ਕਿ ਉਸ ਔਰਤ ਨੂੰ ਝਟਪਟ ਉਸ ਦੇ ਹਾਥੀ 'ਤੇ ਉਸ ਦੇ ਪਿੱਛੇ ਬਿਠਾ ਦਿੱਤਾ ਜਾਵੇ। ਪਤੀ ਤਰਕੀਬ ਸੋਚਦਾ ਹੈ। ਦੇਵਤੇ ਨੂੰ ਧਿਆਉਂਦਾ ਹੈ ਅਤੇ ਉਸ ਤੋ ਮੰਗ ਕਰਦਾ ਹੈ ਕਿ ਉਸ ਦੀ ਪਤਨੀ ਇੱਕ ਸੂਰੀ ਬਣ ਜਾਵੇ ਤੇ ਪਤਨੀ ਸੂਰੀ ਬਣ ਜਾਂਦੀ ਹੈ। ਬਾਦਸ਼ਾਹ ਪਿੱਛੇ ਸੂਰੀ ਦੇਖ ਉਸ ਨੂੰ ਧੱਕਾ ਦੇ ਕੇ ਹੇਠਾਂ ਸੁੱਟ ਦਿੰਦਾ ਹੈ ਤੇ ਜ਼ਮੀਨ ਤੇ ਡਿੱਗਣ ਨਾਲ ਉਸ ਦੀ ਲੱਤ ਟੁੱਟ ਜਾਂਦੀ ਹੈ। ਹੁਣ ਵਰ ਮੰਗਣ ਦੀ ਵਾਰੀ ਮੁੰਡੇ ਦੀ ਹੈ। ਉਹ ਫ਼ਰਿਸ਼ਤੇ ਨੂੰ ਬੇਨਤੀ ਕਰਦਾ ਹੈ ਕਿ ਸੂਰੀ ਨੂੰ ਉਸ ਦੀ ਮਾਂ ਵਿਚ ਬਦਲ ਦਿੱਤਾ ਜਾਵੇ ਫ਼ਰਿਸ਼ਤਾ ਉਸ ਦੀ ਇੱਛਾ ਪੂਰੀ ਕਰ ਦਿੰਦਾ ਹੈ ਤੇ ਲੱਤ ਦੇ ਦਰਦ ਨਾਲ ਚੀਕਦੀ ਚਿਲਾਉਂਦੀ ਔਰਤ ਉਨ੍ਹਾਂ ਦੇ ਨਾਲ ਤੁਰ ਪੈਂਦੀ ਹੈ। ਤਿੰਨ ਵਰ ਮਿਲ ਵੀ ਜਾਂਦੇ ਹਨ ਪਰ ਪੱਲੇ ਕੁੱਝ ਵੀ ਨਹੀਂ ਪੈਂਦਾ।(ਅੱਛਰੂ ਸਿੰਘ ''ਜੀਵਨ ਬਾਤਾਂ'' 3-4)

ਉਪਰੋਕਤ ਉਦਾਹਰਨ ਮਨੁੱਖ ਨੂੰ ਸੰਤੁਲਿਤ ਅਤੇ ਸਹਿਜ ਅਵਸਥਾ ਵਿਚ ਰਹਿਣ ਲਈ ਪ੍ਰੇਰਿਤ ਕਰਨਾ ਤੇ ਚਾਹਤਾਂ ਨੂੰ ਵਿਵਹਾਰਕ ਪੱਧਰ ਤੇ ਰੱਖਣ ਦਾ ਵਲ ਸਿਖਾਉਣਾ ਹੈ।

**ੲ) ਕਾਵਿਮਈ ਸ਼ੈਲੀ:-** ਸਿੱਧੀ ਸਾਦੀ ਗੱਲ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਨਾ ਲੇਖਕ ਦਾ ਕਲਾਤਮਕ ਗੁਣ ਹੈ। ਸਾਰਥਕ ਜੀਵਨ ਜਿਊਣ ਦੇ ਲਈ ਮਨੁੱਖ ਨੂੰ ਕੋਈ ਨਾ ਕੋਈ ਲਕਸ਼ ਅਧਾਰਿਤ ਕਰਨੇ ਚਾਹੀਦੇ ਹਨ, ਜਿਨ੍ਹਾਂ ਦੀ ਪ੍ਰਾਪਤੀ ਮਨੁੱਖ  ਦੀ ਰੂਹ ਨੂੰ ਸਕੂਨ ਦੇਵੇਂਗੀ। 'ਮੰਜ਼ਿਲ ਪ੍ਰਾਪਤੀ ਦੇ ਗੁਰ' ਨਿਬੰਧ ਵਿਚ ਲੇਖਕ ਮਨੁੱਖ ਨੂੰ ਇਹ ਸੇਧ ਦਿੰਦਾ ਹੈ ਕਿ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੋ, ਆਸ਼ਾਵਾਦੀ ਸੋਚ ਅਪਣਾਓ, ਮਿਹਨਤ ਦਾ ਪੱਲਾ ਕਦੀ ਨਾ ਛੱਡੋ ਅਤੇ ਜੀਵਨ ਵਿਚ ਕਦੀ ਵੀ ਹਾਰ ਨਾ ਮੰਨੋ:

ਚਾਰ ਗੱਲਾਂ ਜੇ ਬੰਨ੍ਹ ਲਓ ਪੱਲੇ, ਹੋ ਜਾਏ ਫਿਰ ਬੱਲੇ-ਬੱਲੇ:

ਹਰਦਮ ਸਹੀ ਸੋਚ ਅਪਣਾਓ. ਢਹਿੰਦੀ ਕਲਾ 'ਚ ਕਦੀ ਨਾ ਜਾਓ:

ਮਿਹਨਤ ਨੂੰ ਹਮਸਫ਼ਰ ਬਣਾਓ, ਆਲਸ ਦੇ ਨੇੜੇ ਨਾ ਆਓ:

ਉੱਚੀਆਂ ਸੋਚਾਂ, ਉੱਚੇ ਸੁਪਨੇ, ਉੱਚੇ ਹੋਣ ਸਭ ਅਰਮਾਨ:

ਸੰਜਮ ਦਾ ਨਾ ਛੱਡੋ ਪੱਲਾ ਇਹ ਵਧਾਏ ਸਾਡਾ ਮਾਣ। (ਅੱਛਰੂ ਸਿੰਘ ''ਜੀਵਨ ਦੇ ਰੰਗ'' 29)

ਉਪਰੋਕਤ ਸਤਰਾਂ ਤੋਂ ਭਾਵ ਜਿਹੜਾ ਮਨੁੱਖ ਹਮੇਸ਼ਾ ਨਿਰੰਤਰ ਸੰਘਰਸ਼ ਕਰਦਾ ਹੈ ਤੇ ਹਿੰਮਤ ਤੇ ਹੌਸਲੇ ਵਰਗੇ ਗੁਣਾਂ ਦਾ ਧਾਰਨੀ ਬਣਦੇ ਹਨ, ਉਹ ਜ਼ਰੂਰ ਹੀ ਮੰਜ਼ਿਲ ਦੇ ਪ੍ਰਾਪਤੀ ਕਰਦੇ ਹਨ। ਲੇਖਕ ਜ਼ਿੰਦਗੀ ਵਿਚ ਮਾਨਵੀ ਕਦਰਾਂ-ਕੀਮਤਾਂ ਦੀ ਮਹੱਤਤਾ ਦੱਸਦਾ ਹੈ ਤੇ ਇਸ ਨੂੰ ਕਾਵਿਮਈ ਢੰਗ ਨਾਲ ਬਿਆਨਦਾ ਹੈ।

'ਪੱਲੇ ਹੋਵੇ ਸੱਚ, ਕੋਠੇ ਚੜ ਨੱਚ' ਨਿਬੰਧ ਵਿਚ ਲੇਖਕ ਸੱਚ ਦਾ ਕਦੀ ਨਾ ਛੱਡੀ ਪੱਲਾ, ਭਾਵੇਂ ਰਹਿ ਜਾਏਂ ਬਿਲਕੁਲ ਇਕੱਲਾ। ਜਿੱਤ ਅੰਤ ਨੂੰ ਸੱਚ ਦੀ ਹੁੰਦੀ, ਗੁਣ ਹੁੰਦਾ ਇਹ ਬਹੁਤ ਮਹਾਨ। ਕੂੜ ਇਸ ਅੱਗੇ ਟਿਕ ਨਹੀਂ ਸਕਦਾ:

ਮਿਹਨਤ ਨਾਲ ਪਿਆਰ, ਸੁੱਖਾ ਦਾ ਅਧਾਰ,

ਛੱਡ ਕੇ ਆਲਸ ਤਿਆਗ ਸਵਾਰਥ,

ਹਿੰਮਤ ਨੂੰ ਹਮਸਫ਼ਰ ਬਣਾ ਲੈ,

ਮਿਹਨਤ ਦਾ ਤੂੰ ਬੀਜ ਬੀਜ ਕੇ,

ਜੋ ਚਾਹੁੰਦਾ ਹੈ, ਉਹੀ ਪਾ ਲੈ।(ਅੱਛਰੂ ਸਿੰਘ ''ਚਾਨਣ ਭਰੀ ਚੰਗੇਰ" 6)

ਜਿਸ ਮਨੁੱਖ ਦਾ ਮਿਹਨਤ ਨਾਲ ਪਿਆਰ ਪੈ ਗਿਆ, ਉਹ ਜ਼ਿੰਦਗੀ ਭਰ ਦੇ ਸੁੱਖ ਦਾ ਅਧਾਰ ਬਣੇਗਾ। ਜਿਸ ਮਨੁੱਖ ਦੇ ਪੱਲੇ ਸੱਚ ਹੈ, ਉਹ ਕਦੀ ਵੀ ਇਕੱਲਾ ਨਹੀਂ ਹੁੰਦਾ ਤੇ ਜਿੱਤ ਹਮੇਸ਼ਾ ਸੱਚ ਦੀ ਹੁੰਦੀ ਹੈ।

**ਸ) ਵਿਅੰਗਆਤਮਕ ਸ਼ੈਲੀ:-** ਲੇਖਕ ਇਸ ਸ਼ੈਲੀ ਵਿਚ ਦਿਮਾਗ਼ੀ ਸ਼ਕਤੀ ਨੂੰ ਵਿਅੰਗਆਤਮਕ ਢੰਗ ਨਾਲ ਪੇਸ਼ ਕਰਦਾ ਹੈ। ਲੇਖਕ ਅਨੁਸਾਰ ਅੱਜ ਕੱਲ੍ਹ ਲੋਕ ਆਪਣੀਆਂ ਕੰਪਨੀਆਂ ਦੀਆਂ ਮਸ਼ਹੂਰੀਆਂ ਲਈ ਘਟੀਆਂ ਉਤਪਾਦ ਵਰਤ ਕੇ ਸਸਤੇ ਭਾਅ ਤੇ ਮਾਲ ਵੇਚਦੀਆਂ ਹਨ। ਲੇਖਕ ਆਪਣੇ ਨਿਬੰਧ 'ਕੰਪਨੀ ਦੀ ਮਸ਼ਹੂਰੀ ਗੁਣਵੱਤਾ ਅਤੇ ਅਸੀਂ' ਨਿਬੰਧ ਵਿਚ ਇੱਕ ਛੋਟੇ ਜਿਹੇ ਟੋਟਕੇ ਰਾਹੀਂ ਲੋਕਾਂ ਨੂੰ ਅਗਾਂਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਮਸ਼ਹੂਰ ਕੰਪਨੀ ਦੀਆਂ ਚੀਜ਼ਾਂ ਖ਼ਰੀਦਣ ਤੋਂ ਪਹਿਲਾਂ ਉਸ ਦੀ ਗੁਣਵੱਤਾ ਵੱਲ ਧਿਆਨ ਦੇਣਾ ਚਾਹੀਦਾ ਹੈ:

ਇੱਕ ਵਾਰ ਇੱਕ ਵਿਅਕਤੀ ਨੇ ਮਸ਼ਹੂਰ ਕੰਪਨੀ ਦੀ ਕਾਰ ਖ਼ਰੀਦੀ ਤੇ ਡਰਾਈਵਰ ਨੂੰ ਲੈ ਕੇ ਜਦੋਂ ਉਹ ਅਜੇ 50-60 ਕਿੱਲੋਮੀਟਰ ਤੇ ਹੀ ਪਹੁੰਚਿਆ ਤੇ ਗੱਡੀ ਸਟਾਰਟ ਨਾ ਹੋਈ, ਆਖ਼ਰ ਉਸ ਨੇ ਕਾਰ ਦਾ ਬੋਨਟ ਖੋਲ੍ਹਿਆ ਤੇ ਹੈਰਾਨ ਹੋ ਕੇ ਕਹਿਣ ਲੱਗਾ, ਸਰ ਕਾਰ 'ਚ ਤਾਂ ਇੰਜਨ ਹੀ ਨਹੀਂ। ਮਾਲਕ ਡਰਾਈਵਰ ਤੋਂ ਵੀ ਵੱਧ ਹੈਰਾਨ ਹੋ ਕੇ ਕਹਿਣ ਲੱਗਾ, ਜੇ ਇਸ 'ਚ ਇੰਜਨ ਹੀ ਨਹੀਂ ਤਾਂ ਫਿਰ ਇਹ ਇੰਨੀ ਦੂਰ ਕਿਵੇਂ ਆ ਗਈ? ਸਾਹਿਬ, ਐਨੀ ਵੱਡੀ ਕੰਪਨੀ ਦੀ ਕਾਰ ਹੈ, ਐਨੀ ਕੁ ਦੂਰ ਤਾਂ ਕੰਪਨੀ ਦੀ ਮਸ਼ਹੂਰੀ ਨਾਲ ਚਲਦੀ ਆਈ ਹੈ।(ਅੱਛਰੂ ਸਿੰਘ ''ਜੀਵਨ ਬਾਤਾਂ'' 49)

ਕਈ ਵਾਰੀ ਬਹੁਤ ਵਧੀਆਂ ਚੀਜ਼ਾਂ ਘੱਟ ਰੇਟ ਤੇ ਉਪਲਬਧ ਹੁੰਦੀਆਂ ਹਨ, ਪਰ ਬਰੈਂਡਡ ਤੇ ਚੇਪੀ ਦੀਵਾਨੇ ਕੰਪਨੀ ਦੀ ਚੀਜ਼ ਹੀ ਖ਼ਰੀਦਦੇ ਹਨ। ਲੇਖਕ ਇਹ ਸੁਝਾਅ ਦਿੰਦਾ ਹੈ ਕਿ ਬਰੈਂਡਡ ਚੀਜ਼ਾਂ ਖ਼ਰੀਦਣਾ ਮਨ੍ਹਾ ਗਲਤ ਨਹੀਂ ਹੈ, ਪਰ ਕੰਪਨੀ ਦੇ ਨਾਮ ਤੇ ਬੁੱਧੂ ਨਾ ਬਣੋ ਚੀਜ਼ ਨੂੰ ਦੇਖੋ ਪਰਖੋ ਫਿਰ ਖ਼ਰੀਦੋ।

ਜਿਵੇਂ-ਜਿਵੇਂ ਸਮਾਂ ਬਦਲਿਆ ਮੋਹ ਦੀ ਤੰਦਾਂ ਕਮਜ਼ੋਰ ਪੈ ਗਈਆਂ ਤੇ ਟਸ਼ਨ ਵੱਧ ਗਿਆ। ਲੇਖਕ ਵਿਆਹ ਵਿਚ ਤਿਆਰ ਹੋਈਆਂ ਕੁੜੀਆਂ ਬਾਰੇ ਵਿਅੰਗ ਕੱਸਦਾ ਹੋਇਆ ਅਲੋਪ ਹੋ ਚੁੱਕੀ ਪੁਰਾਤਨ ਬੋਲੀ ਪੇਸ਼ ਕਰਦਾ ਹੈ:

ਆਉਂਦੀ ਕੁੜੀਏ, ਜਾਂਦੀ ਕੁੜੀਏ, ਚੱਕ ਲਿਆ ਬਜ਼ਾਰ ਵਿਚੋਂ ਮੂੜ੍ਹਾ,

ਨੀ ਦੋ ਗੁੱਤਾਂ ਬੰਦ ਹੋ ਗਈਆਂ, ਹੁਣ ਚੱਲ ਪਿਆ ਜਲੇਬੀ ਜੂੜਾ,

ਨੀ ਦੋ ਗੁੱਤਾਂ ਬੰਦ ਹੋ ਗਈਆਂ। (ਅੱਛਰੂ ਸਿੰਘ ''ਵਿਰਸਾ ਅਤੇ ਸਭਿਆਚਾਰ: ਦੇਖਿਆ, ਸੁਣਿਆ ਅਤੇ ਹੰਢਾਇਆ" 256)

**ਹ) ਵਿਆਖਿਆਤਮਕ ਸ਼ੈਲੀ:-** ਪੁਰਾਤਨ ਸਮੇਂ ਵਿਚ ਸਾਡੇ ਰਿਸ਼ੀ-ਮੁਨੀ ਆਪਣੇ ਮਨ ਉੱਪਰ ਜਿੱਤ ਪ੍ਰਾਪਤ ਕਰਨ ਲਈ ਘਰ-ਬਾਰ ਤਿਆਗ ਕੇ ਦੂਰ ਜੰਗਲਾਂ ਵਿਚ ਚਲੇ ਜਾਂਦੇ ਸਨ। ਜਿੱਥੇ ਉਹ ਕਠੋਰ ਤਪੱਸਿਆ ਰਾਹੀਂ ਆਤਮਿਕ ਸ਼ੁੱਧੀ, ਰੂਹਾਨੀ ਗਿਆਨ ਅਤੇ ਰਿਧੀਆਂ-ਸਿਧੀਆਂ ਪ੍ਰਾਪਤ ਕਰਨ ਦਾ ਯਤਨ ਕਰਦੇ ਸਨ। ਉਹ ਆਪਣੇ ਮਨ ਨੂੰ ਮਾਰ ਕੇ ਅਤੇ ਤਨ ਨੂੰ ਕਸ਼ਟ ਦੇ ਕੇ ਕੀਤੀ ਗਈ ਭਗਤੀ ਨੂੰ, ਪ੍ਰਭੂ ਪ੍ਰਾਪਤੀ ਦਾ ਮਾਰਗ ਸਮਝਦੇ ਸਨ। ਪਿੰਡੇ ਉੱਪਰ ਬਿਭੂਤੀ ਅਥਵਾ ਸੁਆਹ ਮੱਲਣੀ, ਪਿੰਡੇ ਤੇ ਲੂੰਹਦੀ ਗਰਮੀ ਵਿਚ ਧੂਣੀ ਤਪਣੀ, ਕਕਰੀਲੀਆਂ ਰਾਤਾਂ ਵਿਚ ਜਲ ਧਾਰੇ ਕਰਨੇ, ਇੱਕ ਲੱਤ ਦੇ ਭਾਰ ਖੜ੍ਹਨਾ, ਭੁੱਖੇ ਰਹਿਣਾ, ਜਟਾਂ ਵਧਾਉਣੀਆਂ ਅਜਿਹੀਆਂ ਕਿਰਿਆਵਾਂ ਕਰਦੇ ਸਨ। ਲੇਖਕ 'ਮਨਿ ਜੀਤੈ ਜਗੁ ਜੀਤੁ' ਨਿਬੰਧ ਵਿਚ ਦੱਸਦਾ ਹੈ ਕਿ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਰ ਪ੍ਰਕਾਰ ਦੇ ਬਾਹਰੀ ਕਰਮ ਕਾਂਡਾਂ, ਅਡੰਬਰਾਂ ਅਤੇ ਦਿਖਾਵਿਆਂ ਦਾ ਜ਼ੋਰਦਾਰ ਖੰਡਨ ਕਰ ਕੇ ਸਾਫ਼-ਸੁਥਰੀ ਅਤੇ ਸੱਚੀ-ਸੁੱਚੀ ਜੀਵਨ ਸ਼ੈਲੀ ਉੱਪਰ ਜ਼ੋਰ ਦਿੱਤਾ:

> ਮੁੰਦਾ ਸੰਤੋਖ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥
>
> ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥
>
> ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥ (ਅੱਛਰੂ ਸਿੰਘ "ਸਿੱਖ ਧਰਮ ਅਤੇ ਜੀਵਨ ਦਰਸ਼ਨ" 230)

ਉਪਰੋਕਤ ਸਤਰਾਂ ਵਿਚ ਗੁਰੂ ਨਾਨਕ ਦੇਵ ਜੀ ਜੋਗੀ ਦੇ ਬਾਹਰੀ ਭੇਖ ਨੂੰ ਦੇਖ ਕੇ ਉਸ ਨੂੰ ਸੋਝੀ ਦਿੰਦੇ ਹਨ ਕਿ ਉਹ ਸੰਤੋਖ ਰੂਪੀ ਮੁੰਦਰਾਂ ਪਹਿਨ, ਪੁਰਸ਼ਾਰਥ ਦੀ ਝੋਲੀ ਭਰ, ਸਰੀਰ ਉੱਪਰ ਪ੍ਰਭੂ-ਚਿੰਤਨ ਦੀ ਬਿਭੂਤੀ ਮਲ, ਸਰੀਰ ਨੂੰ ਕਾਲ ਦੀ ਪੁੱਤਰੀ ਅਥਵਾ ਨਾਸ਼ਵਾਨ ਮੰਨ, ਸ਼ਰਧਾ ਅਤੇ ਵਿਸ਼ਵਾਸ ਦਾ ਡੰਡਾ ਬਣਾ। ਇਸ ਤਰ੍ਹਾਂ ਦੀ ਜੋਗ ਕਿਰਿਆ ਅਪਣਾਵੇ, ਜਿਸ ਨਾਲ ਉਸ ਨੂੰ ਸਾਰੇ ਮਨੁੱਖ ਆਪਣੇ ਮਿੱਤਰ ਪਿਆਰੇ ਜਾਪਣ ਤੇ ਉਹ ਆਪਣੇ ਮਨ ਨੂੰ ਕਾਬੂ ਕਰ ਕੇ ਸਮੁੱਚੇ ਸੰਸਾਰ ਦਾ ਵਿਜੇਤਾ ਅਖਵਾ ਸਕੇ। ਗੁਰਬਾਣੀ ਵਿਚ ਥਾਂ ਪੁਰ ਥਾਂ ਅਜਿਹੇ ਪ੍ਰਸੰਗ

ਆਉਂਦੇ ਹਨ, ਜਿੱਥੇ ਪ੍ਰਭੂ-ਪ੍ਰਾਪਤੀ ਲਈ ਬਾਹਰੀ ਚਿੰਨ੍ਹਾਂ ਅਤੇ ਰਹੁ-ਰੀਤਾਂ ਨੂੰ ਭੰਡ ਕੇ ਮਨ ਦੀ ਸ਼ੁੱਧੀ ਰਾਹੀਂ ਆਤਮਿਕ ਸੁੱਚਤਾ ਅਤੇ ਉੱਚਤਾ ਪ੍ਰਾਪਤ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਲੋੜ ਆਤਮ ਚਿੰਤਨ, ਆਤਮ ਬੋਧ ਅਤੇ ਆਤਮ ਗਿਆਨ ਦੀ ਹੈ, ਦਿਖਾਵੇ ਅਤੇ ਪਾਖੰਡ ਦੀ ਨਹੀਂ। ਗੱਲ ਮਨ ਦੀ ਮੈਲ ਉਤਾਰਨ ਦੀ ਹੈ, ਪਿੰਡਾ ਸੁੱਚਾ ਕਰਨ ਦੀ ਨਹੀਂ। ਗੁਰੂ ਸਾਹਿਬ ਅਜਿਹੇ ਪਾਖੰਡ ਦਾ ਪਰਦਾ ਫਾਸ਼ ਕਰਦੇ ਹੋਏ ਲਿਖਦੇ ਹਨ:

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥

ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜਿਅਸੁ ਹੋਰ॥

ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥

ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥ (ਅੱਛਰੂ ਸਿੰਘ "ਸਿੱਖ ਧਰਮ ਅਤੇ ਜੀਵਨ ਦਰਸ਼ਨ" 231)

**ਅ) ਭਾਸ਼ਾਈ ਪ੍ਰਯੋਗ:-** ਸਾਹਿਤ ਤੇ ਸ਼ੈਲੀ ਦੀ ਉਸਾਰੀ ਅਤੇ ਸਿਰਜਨਾ ਦੇ ਅਧਾਰੀ ਤੱਤਾਂ ਵਿਚ ਪ੍ਰਮੁੱਖ ਤੱਤ ਭਾਸ਼ਾ ਹੈ।ਭਾਸ਼ਾ ਨਾਲ ਹੀ ਸਾਹਿਤ ਦੀ ਹੋਂਦ ਹੈ। ਜਿਵੇਂ ਚਿੱਤਰਕਾਰ ਲਈ ਉਸ ਦੇ ਰੰਗਾਂ ਦੀ ਮਹੱਤਤਾ ਹੈ, ਇਸੇ ਤਰ੍ਹਾਂ ਭਾਸ਼ਾ, ਲੇਖਕ ਦਾ ਉਪਕਰਨ ਹੈ। ਜਿੰਨੀ ਵਧੀਆਂ ਕਿਸੇ ਲੇਖਕ ਦੀ ਭਾਸ਼ਾ ਹੋਵੇਗੀ, ਓਨੀ ਵਧੀਆ ਉਸ ਦੀ ਸ਼ੈਲੀ ਹੁੰਦੀ ਹੈ। ਲੇਖਕ ਕੋਲ ਆਪਣੀ ਅਤੇ ਹੋਰ ਭਾਸ਼ਾਵਾਂ ਦੀ ਵੱਧ ਤੋਂ ਵੱਧ ਜਾਣਕਾਰੀ ਹੋਣੀ ਚਾਹੀਦੀ ਹੈ। ਸਾਹਿਤਕਾਰ ਲਈ ਉਸ ਦੀ ਭਾਸ਼ਾਵਾਂ ਦੀ ਜਾਣਕਾਰੀ ਤੋਂ ਪ੍ਰਾਪਤ ਗਿਆਨ ਉਸ ਦਾ ਭਰਪੂਰ ਖ਼ਜ਼ਾਨਾ ਹੈ, ਜਿਹੜਾ ਕਦੇ ਖ਼ਤਮ ਨਹੀਂ ਹੁੰਦਾ।ਇਹੋ ਗਿਆਨ ਉਸ ਦੀ ਸ਼ੈਲੀ ਵਿਚ ਸਹਿਜਤਾ, ਸੁਚੱਜਤਾ, ਪ੍ਰਤਿਭਾ ਅਤੇ ਕਲਾਤਮਕਤਾ ਦਾ ਗੁਣ ਸੰਚਾਰਦਾ ਹੈ।ਇਹ ਲੇਖਕ ਦੀ ਆਪਣੀ ਪ੍ਰਤਿਭਾ ਯੋਗਤਾ ਨਿਪੁੰਨਤਾ ਹੈ ਕਿ ਉਹ ਭਾਸ਼ਾ ਦੀ ਆਪਣੀ ਨਿਧੀ ਨੂੰ ਕਿਵੇਂ ਕਲਾਤਮਕ ਰੂਪ ਦੇ ਕੇ ਖ਼ਰਚਦਾ ਹੈ?

ਲੇਖਕ ਦੀ ਭਾਸ਼ਾ ਟਕਸਾਲੀ ਹੈ। ਅੱਛਰੂ ਸਿੰਘ ਦੀ ਭਾਸ਼ਾ ਵਿਚ ਸਰਲਤਾ ਦੇ ਰੋਚਕਤਾ ਵਾਲੇ ਗੁਣ ਮੌਜੂਦ ਹਨ, ਜੋ ਪਾਠਕ ਨੂੰ ਨਿਰੰਤਰ ਆਪਣੇ ਨਾਲ ਜੋੜੀ ਰੱਖਦੇ ਹਨ। ਲੇਖਕ ਦੇ ਸੁਭਾਵਿਕ ਵਿਚਾਰ ਉਸ ਦੀ ਭਾਸ਼ਾ ਵਿਚ ਝਲਕਾਰੇ ਮਾਰਦੇ ਹਨ। ਲੇਖਕ ਦੇ ਨਿਬੰਧਾਂ ਵਿਚ ਸਮਕਾਲ ਦੀ ਸਮੱਸਿਆਵਾਂ ਨੂੰ ਬਹੁਤ ਹੀ ਸਰਲ ਤੇ ਬਾਖ਼ੂਬੀ ਢੰਗ ਨਾਲ ਬਿਆਨ ਕੀਤਾ ਹੋਇਆ ਹੈ। ਲੇਖਕ ਦੀ ਭਾਸ਼ਾ ਜਨ ਸਧਾਰਨ ਵਾਲੀ ਹੈ।

**ਸ਼ਬਦ ਚੋਣ:** ਲੇਖਕ ਦੇ ਨਿਬੰਧਾਂ ਵਿਚ ਜਨ ਸਧਾਰਨ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਤਾਂ ਜੋ ਪਾਠਕ ਪੜ੍ਹਦੇ ਸਮੇਂ ਰੋਚਿਕਤਾ ਬਣਾਈ ਰੱਖਣ। ਸਧਾਰਨ ਸ਼ਬਦਾਂ ਦੇ ਨਾਲ-ਨਾਲ ਲੇਖਕ ਲੋੜ ਪੈਣ ਤੇ ਅੰਗਰੇਜ਼ੀ ਸ਼ਬਦਾਂ ਦੀ ਹਿੰਦੀ ਸ਼ਬਦਾਂ ਦੀ ਵਰਤੋਂ ਕਰਦਾ ਹੈ।

**ਅੰਗਰੇਜ਼ੀ ਦੇ ਸ਼ਬਦ:** Courtesy, Manners, Immortality, Sibyl, Proverbs, Saying, Hereditary factor, Environment factor, Hope and Trust, Attainment of Knowledge, Humility & Gentlenes, Social Spirit, Wise use of resources, Ethical, Conduct

**ਵਾਕ ਸਿਰਜਣਾ:-**ਲੇਖਕ ਵੱਲੋਂ ਨਿਬੰਧਾਂ ਵਿਚ ਵਰਤੇ ਛੋਟੇ-ਛੋਟੇ ਵਾਕ ਵਾਕਾਂ ਦੀ ਲਰੀ ਪਰੋਂਦੇ ਹਨ ਅਤੇ ਤਿੱਖਾ ਪ੍ਰਭਾਵ ਪੈਦਾ ਕਰਦੇ ਹਨ। ਛੋਟੇ-ਛੋਟੇ ਵਾਕਾਂ ਵਿਚ ਲੇਖਕ ਜ਼ਿੰਦਗੀ ਦੀਆਂ ਡੂੰਘੀਆਂ ਰਮਜ਼ਾਂ ਨਾਲ ਸਾਂਝ ਪਾਉਂਦਾ ਹੈ ਤੇ ਹਕੀਕਤ ਦੇ ਰੂਬਰੂ ਕਰਦਾ ਹੈ। ਉੱਥੇ ਲੰਮੇ ਵਾਕਾਂ ਨੂੰ ਧੀਮਾਪਣ ਵੀ ਪ੍ਰਦਾਨ ਕਰਦੇ ਹਨ:

> ਮਨ ਨੂੰ ਜਿੱਤਣ ਨਾਲ ਮਨੁੱਖ ਆਪਣੀਆਂ ਸਾਰੀਆਂ ਮੁਸ਼ਕਲਾਂ, ਚਿੰਤਾਵਾਂ, ਅਤੇ ਸਮੱਸਿਆਵਾਂ ਉੱਪਰ ਕਾਬੂ ਪਾ ਲੈਂਦਾ ਹੈ। (ਅੱਛਰੂ ਸਿੰਘ ''ਜੀਵਨ ਦੇ ਰੰਗ'' 15)

> ਪੁਸਤਕਾਂ ਬਗੈਰ ਘਰ ਨੂੰ ਇੱਕ ਅਜਿਹਾ ਘਰ ਗਰਦਾਨਦਿਆਂ ਜਾਂਦਾ ਹੈ। ਜਿਸ ਵਿਚ ਕੋਈ ਵੀ ਬੂਹਾ ਜਾਂ ਬਾਰੀ ਨਾ ਹੋਵੇ। (ਅੱਛਰੂ ਸਿੰਘ ''ਜੀਵਨ ਬਾਤਾਂ'' 67)

**ਸੰਯੁਕਤ ਵਾਕ:-**

> ਸੱਚ ਲਈ ਹਰ ਵਸਤੂ ਦੀ ਬਲੀ ਦਿੱਤੀ ਜਾ ਸਕਦੀ, ਪਰ ਸੱਚ ਦੀ ਬਲੀ ਕਿਸੇ ਵੀ ਵਸਤੂ ਲਈ ਨਹੀਂ ਦਿੱਤੀ ਜਾ ਸਕਦੀ।(ਅੱਛਰੂ ਸਿੰਘ ''ਚਾਨਣ ਭਰੀ ਚੰਗੇਰ'' 1)

ਲੇਖਕ ਨੇ ਨਿਬੰਧਾਂ ਵਿਚ ਵਧੇਰੇ ਕਰ ਕੇ ਲੰਮੇ ਅਤੇ ਅਰਥਪੂਰਨ ਵਾਕਾਂ ਦੀ ਸਿਰਜਣਾ ਵੀ ਕੀਤੀ ਗਈ ਹੈ ਜਿਵੇਂ:

> ਭਾਗਾਂ ਵਾਲੇ ਹੁੰਦੇ ਹਨ ਉਹ ਲੋਕ ਜਿਨ੍ਹਾਂ ਨੂੰ ਆਪਣੇ ਘਰ ਪਰਿਵਾਰ ਵੱਲੋਂ ਪਿਆਰ ਅਤੇ ਸਤਿਕਾਰ ਮਿਲਦਾ ਰਹਿੰਦਾ ਹੈ। ਅਜਿਹੇ ਲੋਕ ਜੀਵਨ ਵਿਚ ਨਿਰੰਤਰ ਵਿਕਾਸ ਵੀ ਕਰਦੇ ਰਹਿੰਦੇ ਹਨ। ਖ਼ੁਸ਼ੀਆਂ ਵੀ ਮਾਣਦੇ ਹਨ ਅਤੇ ਖ਼ੁਸ਼ੀਆਂ ਵੰਡਦੇ ਵੀ ਹਨ ਕਿਉਂਕਿ ਇੱਟਾਂ, ਪੱਥਰ, ਲੋਹੇ, ਲੱਕੜ, ਸੀਮਿੰਟ ਅਤੇ ਰੇਤ ਤੋਂ ਬਣਿਆਂ ਇੱਕ ਢਾਂਚਾ-ਰੂਹ-ਹੀਣ ਅਤੇ ਸਾਹ-ਹੀਣ ਹੁੰਦਾ ਹੈ।(ਅੱਛਰੂ ਸਿੰਘ ''ਚਾਨਣ ਭਰੀ ਚੰਗੇਰ" 65)

> ਜੋ ਸਾਡੇ ਆਲ਼ੇ-ਦੁਆਲੇ ਖ਼ੁਸ਼ੀ ਦਾ ਵਾਤਾਵਰਣ ਸਿਰਜਦਾ ਹੈ। ਸੁੱਖਾਂ ਦਾ ਅਧਾਰ ਬਣਦਾ ਹੈ, ਸਾਨੂੰ ਆਸ਼ਾਵਾਦੀ ਸੋਚ ਦੇ ਧਾਰਨੀ ਬਣਾਉਂਦਾ ਹੈ, ਸਾਨੂੰ ਮਿਹਨਤ ਲਈ ਪ੍ਰੇਰਦਾ ਹੈ, ਸਾਡੇ ਅੰਦਰ ਹਰ ਮੁਸ਼ਕਲ ਨੂੰ ਸਰ ਕਰਦੇ ਹੋਏ ਅੱਗੇ ਵਧਣ ਦੀ ਸਮਰੱਥਾ ਪੈਦਾ ਕਰਦਾ ਹੈ। (ਅੱਛਰੂ ਸਿੰਘ ''ਜੀਵਨ ਬਾਤਾਂ" 30)

ਲੇਖਕ ਆਪਣੇ ਨਿਬੰਧਾਂ ਵਿਚ ਪ੍ਰਸ਼ਨ ਵਾਚੀ ਵਾਕਾਂ ਦਾ ਪ੍ਰਯੋਗ ਕਰਦਾ ਹੈ। ਲੇਖਕ ਅਜੋਕੇ ਸਮਾਜਿਕ ਢਾਂਚੇ ਤੇ ਪਾਠਕਾਂ ਅੱਗੇ ਪ੍ਰਸ਼ਨ ਰੱਖਦਾ ਹੈ:

> ਉਹ ਅਮਨ ਕਾਨੂੰਨ ਦੇ ਰਾਖਿਆਂ ਦਾ ਕੀ ਕੀਤਾ ਜਾਵੇ, ਜੋ ਖ਼ੁਦ ਹੀ ਅਮਨ ਕਾਨੂੰਨ ਦੀ ਧੱਜੀਆਂ ਉਡਾਉਂਦੇ ਹਨ? (ਅੱਛਰੂ ਸਿੰਘ ''ਜੀਵਨ ਬਾਤਾਂ" 66)

ਉਨ੍ਹਾਂ ਵਪਾਰੀਆਂ ਬਾਰੇ ਕੀ ਕਹਿਣਾ ਚਾਹੋਗੇ, ਜੋ ਚੋਰ-ਬਾਜ਼ਾਰੀ, ਮਿਲਾਵਟ ਅਤੇ ਦੂਜੀਆਂ ਹੇਰਾਂ-ਫੇਰੀਆਂ ਨਾਲ ਨਾ ਕੇਵਲ ਲੋਕਾਂ ਦੀ ਲੁੱਟ ਖਸੁੱਟ ਹੀ ਕਰਦੇ ਹਨ, ਸਗੋਂ ਉਨ੍ਹਾਂ ਦੀਆਂ ਸਿਹਤ ਅਤੇ ਜ਼ਿੰਦਗੀਆਂ ਨਾਲ ਖਿਲਵਾੜ ਕਰਦੇ ਹਨ? (ਅੱਛਰੂ ਸਿੰਘ ''ਜੀਵਨ ਬਾਤਾਂ" 30)

ਅਜਿਹੇ ਡਾਕਟਰਾਂ ਬਾਰੇ ਕੀ ਕਿਹਾ ਜਾਵੇ, ਜੋ ਮਰੀਜ਼ਾਂ ਦੀਆਂ ਜੇਬਾਂ ਕੱਟਣ ਲਈ ਬਿਨਾਂ ਲੋੜ ਤੋ ਮਹਿੰਗੇ- ਮਹਿੰਗੇ ਟੈਸਟ ਲਿਖ ਦਿੰਦੇ ਹਨ? (ਅੱਛਰੂ ਸਿੰਘ ''ਜੀਵਨ ਬਾਤਾਂ" 66)

**ਸੰਜਮਤਾ**: ਸੰਜਮਤਾ ਨਿਬੰਧਾਂ ਦੇ ਬੁਨਿਆਦੀ ਗੁਣਾਂ ਵਿਚੋਂ ਇੱਕ ਹੈ। ਨਿਬੰਧ ਆਕਾਰ ਵਜੋਂ ਛੋਟਾ ਹੁੰਦਾ ਹੈ ਤੇ ਵਿਸ਼ਾਲ ਅਰਥਾਂ ਦਾ ਧਾਰਨੀ ਹੁੰਦਾ ਹੈ। ਲੇਖਕ ਵੱਲੋਂ ਲਿਖੇ ਸਾਰੇ ਨਿਬੰਧ ਸੰਜਮਤਾ ਤੇ ਸੰਖੇਪਤਾ ਦੇ ਧਾਰਨੀ ਹਨ।ਬੇਲੋੜਾ ਵਿਸਥਾਰ ਲੇਖਕ ਦੇ ਨਿਬੰਧਾਂ ਵਿਚ ਪੇਸ਼ ਨਹੀਂ ਹੈ।

**ਸਪਸ਼ਟਤਾ**: ਲੇਖਕ ਦੇ ਨਿਬੰਧਾਂ ਦਾ ਵਿਸ਼ੇਸ਼ ਗੁਣ ਸਪਸ਼ਟਤਾ ਹੈ। ਲੇਖਕ ਮਨ ਵਿਚ ਆਏ ਵੱਖ-ਵੱਖ ਵਿਚਾਰਾਂ ਨੂੰ ਇਕੱਠੇ ਕਰ ਕੇ, ਉਨ੍ਹਾਂ ਦਾ ਆਪਸ ਵਿਚ ਤਾਲਮੇਲ ਸਥਾਪਿਤ ਕਰ ਕੇ, ਉਨ੍ਹਾਂ ਨੂੰ ਢੁਕਵੀਂ ਤਰਤੀਬ ਦਿੰਦਾ ਹੈ, ਤੇ ਜਿਸ ਕਾਰਨ ਲੇਖਕ ਵੱਲੋਂ ਵਰਤੀ ਭਾਸ਼ਾ ਕੇਂਦਰੀ ਪੰਜਾਬੀ ਹੈ। ਜਿਹੜੀ ਸਧਾਰਨ ਮਨੁੱਖ ਨੂੰ ਅਸਾਨੀ ਨਾਲ ਸਮਝ ਆਉਂਦੀ ਹੈ। ਲੇਖਕ ਜਿੱਥੇ ਸਰਲ ਤੇ ਸਾਦੀ ਭਾਸ਼ਾ ਵਰਤਦਾ ਹੈ। ਢੁਕਵੇਂ ਸ਼ਬਦਾਂ ਦੀ ਢੁਕਵੀਂ ਵਰਤੋਂ ਵਿਚ ਵੀ ਲੇਖਕ ਮਾਹਿਰ ਹੈ। ਕਿਸੇ ਵੀ ਰਚਨਾ ਲਈ ਭਾਸ਼ਾ ਦਾ ਸਰਲ ਤੇ ਸੁਭਾਵਕ ਹੋਣਾ ਉਸ ਦਾ ਪਹਿਲਾ ਲੱਛਣ ਕਿਉਂਕਿ ਰਚਨਾ ਨੂੰ ਪੜ੍ਹਨ ਵਾਲਾ ਕਿਸੇ ਵੀ ਉਮਰ ਦਾ ਹੋ ਸਕਦਾ ਹੈ। ਜਿੰਨੀ ਸਰਲ ਤੇ ਢੁਕਵੀਂ ਭਾਸ਼ਾ ਦਾ ਪ੍ਰਯੋਗ ਲੇਖਕ ਆਪਣੀ ਰਚਨਾ ਵਿਚ ਕਰੇਗਾ, ਉਨ੍ਹੀਂ ਹੀ ਪ੍ਰਸਿੱਧੀ ਦਾ ਮਾਲਕ ਬਣੇਗਾ। ਲੇਖਕ ਦੇ ਨਿਬੰਧ ਜਿੱਥੇ ਵਿਚਾਰਸ਼ੀਲ ਤੇ ਬੌਧਿਕਤਾ ਦੀ ਗਵਾਹੀ ਭਰਦੇ ਹਨ, ਉੱਥੇ ਹੀ ਲੇਖਕ ਵੱਲੋਂ ਵਰਤੀ ਭਾਸ਼ਾ ਸਰਲ ਤੇ ਸਪਸ਼ਟਤਾ ਦੀ ਧਾਰਨੀ ਹੈ।

ਲੇਖਕ ਹਿੰਦੀ ਦੇ ਸ਼ੇਅਰਾਂ ਨੂੰ ਵੀ ਨਿਬੰਧਾਂ ਵਿਚ ਵਰਤ ਕੇ ਰਸ ਭਰਦਾ ਹੋਇਆ ਪਾਠਕਾਂ ਨੂੰ ਅਕੇਵੇਂ ਤੋਂ ਬਚਾਉਂਦਾ ਹੈ:

> ਮੈਂ ਅਕੇਲਾ ਹੀ ਚਲਾ ਥਾ, ਜਾਨਿਬ-ਏ-ਮੰਜ਼ਿਲ ਮਗਰ,
>
> ਲੋਕ ਸਾਥ ਆਤੇ ਗਏ, ਔਰ ਕਾਫ਼ਲਾ ਬਨਤਾ ਗਿਆ (ਅੱਛਰੂ ਸਿੰਘ ''ਚਾਨਣ ਭਰੀ ਚੰਗੇਰ'' 12)

ਲੇਖਕ ਦੀ ਸ਼ਬਦ ਉੱਤਰ ਪਕੜ ਮਜ਼ਬੂਤ ਹੈ ਅਤੇ ਉਨ੍ਹਾਂ ਨੇ ਆਪਣੇ ਨਿਬੰਧਾਂ ਵਿਚ ਵੱਖ-ਵੱਖ ਦਲੀਲਾਂ ਦੀ ਵਰਤੋਂ ਰਾਹੀਂ ਵਿਸਤਾਰ ਦਿੰਦਾ ਹੈ। ਲੇਖਕ ਦੀ ਭਾਸ਼ਾ ਦਾ ਅਧਿਐਨ ਕਰਦਿਆਂ ਇਹ ਸਪਸ਼ਟ ਹੁੰਦਾ ਹੈ ਕਿ ਲੇਖਕ ਪਾਸ ਸ਼ਬਦਾਂ ਦਾ ਅਥਾਹ ਭੰਡਾਰ ਹੈ:

> ਪ੍ਰੋ. ਰਵਿੰਦਰ ਕੌਰ ਭੱਠਲ ਅਨੁਸਾਰ: ਅੱਛਰੂ ਸਿੰਘ ਦੀਆਂ ਪੁਸਤਕਾਂ ਚੰਗੀ ਸਲਾਹ ਦੇਣ ਵਾਲੇ ਸੁਘੜ, ਸਿਆਣੇ ਪੁਰਸ਼ ਵਾਂਗ ਹੈ। ਜਿਸ ਵਿਚੋਂ ਲੇਖਕ ਦਾ ਪਿਛੋਕੜ ਉਸ ਦੀ ਵਿੱਦਿਆ, ਅਰਜਿਤ ਗਿਆਨ, ਗੂੜ੍ਹ ਸਿਆਣਪ, ਨੇਕ ਦਿਲੀ ਤੇ ਪਰਉਪਕਾਰੀ ਭਾਵਨਾ ਦਾ ਝਲਕਾਰਾ ਪੈਂਦਾ ਹੈ। ਪੁਸਤਕ ਕੱਚੀਆਂ ਪਿੱਲੀਆਂ ਗੱਲਾਂ ਦਾ ਸੰਗ੍ਰਹਿ ਨਹੀਂ, ਸਗੋਂ ਇੱਕ ਨਿੱਘਰ ਯੋਗਦਾਨ ਹੈ। ਸੱਚ ਸੁੱਚ ਹੀ ਮੱਥੇ ਛੁਹਾਉਣ ਵਾਲੀ, ਹਨੇਰੇ ਰਾਹੀਂ 'ਚ ਬਲਦੇ ਦੀਵੇ ਜਿਹੀ।(''ਜਾਗੋ ਇੰਟਰਨੈਸ਼ਨਲ ਪੁਸਤਕ ਚਰਚਾ'' 25)

**ੲ) ਕਲਾ-ਜੁਗਤਾਂ**:- ਰਚਨਾ ਨੂੰ ਰੋਚਕ ਬਣਾਉਣ ਲਈ, ਹਰ ਲੇਖਕ ਆਪਣੀ ਰਚਨਾ ਵਿਚ ਅਨੇਕਾਂ ਪ੍ਰਕਾਰ ਦੀਆਂ ਜੁਗਤਾਂ ਦੀ ਵਰਤੋਂ ਕਰਦਾ ਹੈ। ਪ੍ਰੋ. ਅੱਛਰੂ ਸਿੰਘ ਆਪਣੇ ਨਿਬੰਧਾਂ ਵਿਚ ਗੁਰਬਾਣੀ ਦੇ ਹਵਾਲੇ ਰਾਹੀਂ, ਨਿੱਕੀਆਂ-ਨਿੱਕੀਆਂ ਕਹਾਣੀਆਂ ਦੇ ਹਵਾਲੇ ਰਾਹੀਂ, ਅੰਗਰੇਜ਼ੀ ਦੇ ਵਿਦਵਾਨਾਂ ਦੇ ਵਿਚਾਰਾਂ ਰਾਹੀ, ਅਖਾਣਾਂ,

ਮੁਹਾਵਰਿਆਂ ਰਾਹੀਂ ਆਪਣੇ ਨਿਬੰਧਾਂ ਵਿਚ ਰਸ ਭਰਦਾ ਹੋਇਆ ਤਰਕ ਸਿਰਜਦਾ ਹੈ। ਲੇਖਕ ਆਪਣੀ ਗੱਲ ਨੂੰ ਪੁਖ਼ਤਾ ਕਰਨ ਲਈ ਬਿਰਤਾਂਤ ਸਿਰਜਦਾ ਹੈ। ਪਾਠਕਾਂ ਨੂੰ ਇੱਕ ਕਹਾਣੀ ਦੇ ਰੂਪ ਵਿਚ ਗੱਲ ਕਰ ਕੇ ਉਨ੍ਹਾਂ ਨੂੰ ਅਸਲੀ ਜਾਚ ਨਾਲ ਜੋੜਦਾ।

ਅਜੋਕੇ ਦੌਰ ਵਿਚ ਸਮੇਂ ਦੀਆਂ ਬਦਲਦੀਆਂ ਪਰਿਸਥਿਤੀਆਂ ਦੇ ਬਦਲਣ ਮਨੁੱਖੀ ਵਿਚਾਰਾਂ ਵਿਚ ਔਰਤਾਂ ਬਾਰੇ ਕਾਫ਼ੀ ਤਬਦੀਲੀ ਆਈ ਹੈ, ਪ੍ਰੰਤੂ ਕੁੱਝ ਗੱਲਾਂ ਸਮਾਂ ਪਾ ਕੇ ਧੁੰਦਲੀਆਂ ਹੋ ਗਈਆਂ ਹਨ, ਪ੍ਰੰਤੂ ਉਨ੍ਹਾਂ ਦੀ ਪ੍ਰਸੰਗਿਕਤਾ ਕਦੀ ਖ਼ਤਮ ਨਹੀਂ ਹੋ ਸਕਦੀ। ਲੇਖਕ ਇਸਤਰੀ ਨਾਲ ਸੰਬੰਧਿਤ ਅਖਾਣਾਂ ਦੇ ਹਵਾਲੇ ਦੇ ਕੇ ਆਖਦਾ ਹੈ ਕਿ ਅੱਜ ਵੀ ਜਦੋਂ ਮਨੁੱਖ ਨੇ ਇਸਤਰੀ ਦੀ ਬੁਰਾਈ ਕਰਨੀ ਹੋਵੇ ਤਾਂ ਉਸ ਨੂੰ ਕੋਈ ਨਾ ਕੋਈ ਕਹਾਵਤਾਂ ਲੱਭ ਹੀ ਜਾਂਦੀਆਂ ਹਨ:

1. ਤੀਵੀਂ ਦੀ ਤਾਂ ਗਿੱਚੀ ਪਿੱਛੇ ਮੱਤ ਹੁੰਦੀ ਹੈ।
2. ਤੀਵੀਂ ਤਾਂ ਪੈਰ ਦੀ ਜੁੱਤੀ ਹੁੰਦੀ ਹੈ।
3. ਨਾਰੀ ਨਰਕ ਦੁਆਰੀ।
4. ਭੱਠ ਰੰਨਾਂ ਦੀ ਦੋਸਤੀ, ਖੁਰੀਂ ਜਿਨ੍ਹਾਂ ਦੀ ਮੱਤ।(ਅੱਛਰੂ ਸਿੰਘ ''ਜੀਵਨ ਬਾਤਾਂ'' 8)

ਪ੍ਰੰਤੂ ਸਮਾਂ ਬਦਲਣ ਦੇ ਨਾਲ ਇਸਤਰੀ ਪ੍ਰਤੀ ਕਹਾਵਤਾਂ ਵਿਚ ਵੀ ਕਾਫ਼ੀ ਬਦਲਾਅ ਆਇਆ। ਜਿਵੇਂ-ਜਿਵੇਂ ਸਮਾਂ ਬਦਲਿਆਂ ਇਸਤਰੀ ਜਾਤੀ ਦਾ ਸਨਮਾਨ ਵਧਿਆ:

1. ਜਿਸ ਘਰ ਧੀਆਂ, ਉਸ ਘਰ ਤੀਆਂ।
2. ਜੇ ਪੁੱਤਰ ਨੇ ਮਿੱਠੜੇ ਮੇਵੇ ਤਾਂ ਧੀਆਂ ਵੀ ਨੇ ਮਿਸ਼ਰੀ ਦੀਆਂ ਡਲੀਆਂ।
3. ਜੇ ਘਰ ਵਿਚ ਤੀਵੀਂ ਹੈ ਤਾਂ ਉਹ ਘਰ ਹੈ, ਨਹੀਂ ਤਾਂ ਨਿਰਾ ਭੂਤ ਵਾੜਾ।
4. ਪੁੱਤਾਂ ਵੰਡਣੀ ਜ਼ਮੀਨ ਬਾਪੂ ਤੇਰੀ, ਧੀਆਂ ਤੇਰੇ ਦੁੱਖ ਵੰਡਣੇ।(ਅੱਛਰੂ ਸਿੰਘ ''ਜੀਵਨ ਬਾਤਾਂ''8)

ਲੇਖਕ ਅਨੁਸਾਰ ਅਖਾਣਾਂ ਵਿਚ ਬਜ਼ੁਰਗਾਂ ਵੱਲੋਂ ਦਿੱਤੇ ਉਪਦੇਸ਼ ਹਮੇਸ਼ਾ ਮਨੁੱਖ ਦੀ ਸੁਚੱਜੀ ਅਗਵਾਈ ਕਰਦੇ ਹਨ ਚਾਹੇ ਉਹ ਜੀਵਨ ਵਿਚ ਖਾਣ-ਪੀਣ ਬਾਰੇ ਹੋਵੇ ਜਾਂ ਮਿਹਨਤ ਦੀ ਕਮਾਈ ਬਾਰੇ ਗੱਲ ਹੋਵੇ ਜਾਂ ਆਪਣੇ ਜੀਵਨ ਵਿਚ ਕਿਸੀ ਪ੍ਰਕਾਰ ਦੀ ਹੋਰ ਅਗਵਾਈ ਦੀ ਗੱਲ ਹੋਵੇ। ਸਾਹਿਤ ਦੇ ਅਟੁੱਟ ਖ਼ਜ਼ਾਨੇ ਵਿਚੋਂ ਮੁਹਾਵਰੇ ਅਤੇ ਅਖਾਣ ਹਮੇਸ਼ਾ ਇੱਕ ਸਿਆਣੇ ਮਨੁੱਖ ਦੇ ਬੋਲਾਂ ਦੇ ਰੂਪ ਵਿਚ ਮਨੁੱਖ ਨੂੰ ਸੇਧ ਦਿੰਦੇ ਹਨ। ਇਹ ਅਖਾਣ ਮਨੁੱਖ ਨੂੰ ਸੁਨਹਿਰੀ ਜੀਵਨ ਜਾਚ ਸਿਖਾਉਣ ਦੇ ਅਹਿਮ ਨੁਕਤੇ ਹਨ।

> ਮੁਹਾਵਰੇ ਕਿਸੇ ਭਾਸ਼ਾ ਦੇ ਬੜੇ ਬਲਵਾਨ ਅੰਗ ਹੁੰਦੇ ਹਨ। ਇਹ ਲੋਕ ਭਾਸ਼ਾ ਤੋਂ ਸਾਹਿਤ ਵੱਲ ਯਾਤਰਾ ਕਰਦੇ ਹਨ ਅਤੇ ਲੋਕ ਜੀਵਨ ਦੇ ਪਰੰਪਰਾਗਤ ਸੰਪੱਤੀ ਹਨ। ਮੁਹਾਵਰੇ ਵਿਚ ਨਾ ਤਾਂ ਸ਼ਬਦਾਂ ਦਾ ਕੋਸ਼ ਗਤ ਅਰਥ ਹੁੰਦਾ ਹੈ ਅਤੇ ਨਾ ਹੀ ਮੁਹਾਵਰੇ ਵਿਚ ਵਰਤੇ ਗਏ ਸ਼ਬਦਾਂ ਦੇ ਸਥਾਨ ਤੇ ਸਮਾਨਰਥਕ ਸ਼ਬਦ ਰੱਖੇ ਜਾ ਸਕਦੇ ਹਨ। (ਜੱਗੀ (ਸੰਪਾ.) ''ਸਾਹਿਤ ਕੋਸ਼'' 832)

ਉਹ ਜਾਚ ਚਾਹੇ ਖਾਣ-ਪੀਣ ਸੰਬੰਧੀ ਹੋਵੇ ਜਾਂ ਜ਼ਿੰਦਗੀ ਨੂੰ ਸੁਨਹਿਰੀ ਢੰਗ ਨਾਲ ਜਿਊਣ ਦੀ ਹੋਵੇ।

1. ਖਾਈਏ ਮਨ ਭਾਉਂਦਾ, ਹੰਢਾਈਏ ਜੱਗ ਭਾਉਂਦਾ।
2. ਹਰਾਮ ਵਿਚ ਆਇਆ, ਹਰਾਮ ਵਿਚ ਹੀ ਜਾਂਦਾ ਹੈ।
3. ਸੇਵਾ ਬਿਨਾਂ ਮੇਵੇ ਨਹੀਂ।
4. ਕੰਮ ਪਿਆਰ ਹੁੰਦਾ ਹੈ, ਚੰਮ ਨਹੀਂ।
5. ਜੈਸੀ ਕਰਨੀ, ਵੈਸੀ ਭਰਨੀ। (ਅੱਛਰੂ ਸਿੰਘ ''ਜੀਵਨ ਬਾਤਾਂ''8)

ਲੇਖਕ ਤਰਕ ਸਿਰਜਦਾ ਹੋਇਆ ਗੁਰਬਾਣੀ ਦੇ ਹਵਾਲੇ ਨਾਲ ਗੱਲ ਕਰਦਾ ਹੈ। ਜਦੋਂ ਮਨੁੱਖ ਪਰਮਾਤਮਾ ਪਾਸ ਅਰਜੋਈ ਕਰਦਾ ਹੈ ਤਾਂ ਪਰਮਾਤਮਾ ਵੱਲੋਂ ਬਖ਼ਸ਼ਿਆਂ ਵਰ ਮਨੁੱਖ ਲਈ ਚਾਨਣ ਮੁਨਾਰੇ ਦਾ ਕੰਮ ਕਰ ਸਕਦਾ ਹੈ:

ਦੇਹਿ ਸਿਵਾ ਬਰ ਮੋਹਿ ਇਹੈ,

ਸੁਭ ਕਰਮਨ ਤੇ ਕਬਹੂੰ ਨਾ ਟਰੋਂ।

ਨਾ ਡਰੋ ਅਰਿ ਸੋ ਜਬ ਜਾਇ ਲਰੋ।

ਨਿਸਚੈ ਕਰਿ ਅਪਨੀ ਜੀਤ ਕਰੋਂ। (ਅੱਛਰੂ ਸਿੰਘ ''ਜੀਵਨ ਬਾਤਾਂ'' 5)

ਮਨੁੱਖ ਦੀ ਸਭ ਤੋਂ ਵੱਡੀ ਆਸ ਉਮੀਦ ਉਹ ਸਰਬ ਪਰਮਾਤਮਾ ਹੈ, ਜੋ ਮਨੁੱਖ ਉਸ ਨੂੰ ਛੱਡ ਕੇ ਹੋਰ ਥਾਂ ਭਾਲੇ ਤਾਂ ਉਸ ਦੇ ਪੱਲੇ ਖੱਜਲ ਖ਼ੁਆਰੀ ਹੀ ਪੈਂਦੀ ਹੈ। ਲੇਖਕ ਅਨੁਸਾਰ ਸਿਆਣੇ ਬੰਦਿਆਂ ਦੀਆਂ ਕਹੀਆਂ ਗੱਲਾਂ ਕਿਸੇ ਗੁਰੂ ਦੇ ਉਪਦੇਸ਼ ਤੋਂ ਘੱਟ ਨਹੀਂ ਹਨ, ਜੇਕਰ ਉਨ੍ਹਾਂ ਅਨੁਸਾਰ ਜ਼ਿੰਦਗੀ ਨੂੰ ਢਾਲਿਆ ਜਾਵੇ ਤਾਂ ਮਨੁੱਖ ਸੁਖੀ ਜੀਵਨ ਜੀਅ ਸਕਦਾ ਹੈ।

ਘਰ ਵਿਚ ਇੱਕ ਪਤੀ-ਪਤਨੀ ਦਾ ਪਿਆਰ ਇੱਕ ਦੂਜੇ ਪ੍ਰਤੀ ਸਤਿਕਾਰ ਸੁਖਾਵੇਂ ਮਾਹੌਲ ਨੂੰ ਸਿਰਜਦਾ ਹੈ ਤੇ ਗੁਰਬਾਣੀ ਇਹੋ ਸੰਦੇਸ਼ ਦਿੰਦੀ ਹੈ ਕਿ ਸਿਰਫ਼ ਇਕੱਠੇ ਰਹਿਣ ਨਾਲ ਹੀ ਪਤੀ-ਪਤਨੀ ਨਹੀਂ ਬਣ ਜਾਂਦੇ। ਗੁਰਬਾਣੀ ਦਾ ਹਵਾਲਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ:

- ਧਨ ਪਿਰੁ ਏਹਿ ਨਾ ਆਖਿਅਨਿ ਬਹਨਿ ਇਕਠੇ ਹੋਇ।।

  ਏਕ ਜੋਤਿ ਦੁਇ ਮੂਰਤੀ ਧਨੁ ਪਿਰੁ ਕਹੀਐ ਸੋਇ।। (ਅੱਛਰੂ ਸਿੰਘ ''ਜੀਵਨ ਬਾਤਾਂ'' 22)
- ਜਦ ਪਤੀ-ਪਤਨੀ ਦਾ ਪਿਆਰ ਇਸ ਮੁਕਾਮ ਤੇ ਪਹੁੰਚ ਜਾਂਦਾ ਹੈ ਤਾਂ ਉਹ ਨਾ ਕੇਵਲ ਇੱਕ ਦੂਜੇ ਦੇ ਪੂਰਨ ਸਹਿਯੋਗੀ ਤੇ ਅਤੇ ਪੂਰਕ ਬਣ ਜਾਂਦੇ ਹਨ, ਸਗੋਂ ਉਹ ਸਾਡੇ ਘਰ ਵਿਚ ਪਿਆਰ ਸਤਿਕਾਰ ਦਾ ਇੱਕ ਵਾਤਾਵਰਣ ਵੀ ਸਿਰਜਦੇ ਹਨ। (ਅੱਛਰੂ ਸਿੰਘ ''ਜੀਵਨ ਬਾਤਾਂ'' 22)

ਲੇਖਕ ਸਾਹਿਤ ਦੇ ਹਵਾਲੇ ਨਾਲ ਇਹ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਰਿਸ਼ਤਿਆਂ ਦੀ ਸਾਂਝ ਮਨੁੱਖ ਨੂੰ, ਜੋ ਹੌਸਲਾ ਬਖ਼ਸ਼ਦੀ ਹੈ ਸ਼ਾਇਦ ਹੋਰ ਕਿਤੇ ਨਹੀਂ:

> ਰਾਮ ਦੇ ਜਿੱਤਣ ਅਤੇ ਰਾਵਣ ਦੇ ਹਾਰਨ ਦਾ ਇੱਕ ਕਾਰਨ ਇਹ ਵੀ ਸੀ ਕਿ ਰਾਮ ਦਾ ਭਰਾ ਉਸ ਦੇ ਨਾਲ ਖੜ੍ਹਾ ਸੀ। ਜਦਕਿ ਰਾਵਣ ਦਾ ਭਰਾ ਵਿਰੋਧੀ ਖ਼ੈਮੇ ਵਿਚ ਸੀ। ਭੈਣਾਂ ਪਰਿਵਾਰ ਦੀ ਜ਼ਮੀਨ ਵੰਡਾਉਣ ਲਈ ਨਹੀਂ, ਸਗੋਂ ਖ਼ੁਸ਼ੀਆਂ ਅਤੇ ਦੁੱਖ ਸਾਂਝੇ ਕਰਨ ਲਈ ਆਉਂਦੀਆਂ ਹਨ। (ਅੱਛਰੂ ਸਿੰਘ ''ਜੀਵਨ ਬਾਤਾਂ'' 22)

ਲਤੀਫ਼ੇ ਦੇ ਜਰੀਏ ਲੇਖਕ ਜ਼ਿੰਦਗੀ ਦਾ ਭੇਦ ਸਮਝਾਉਂਦਾ ਹੈ:

> ਡਾਕਟਰ ਦੇ ਓਪਰੇਸ਼ਨ ਟੇਬਲ ਤੇ ਇੱਕ ਮਰੀਜ਼ ਨੇ ਕਹਿ ਰਿਹਾ ਸੀ। ਡਾਕਟਰ ਸਾਹਿਬ ਮੈਂ ਪਹਿਲੀ ਵਾਰੀ ਓਪਰੇਸ਼ਨ ਕਰਵਾ ਰਿਹਾ ਹਾਂ ਅਤੇ ਡਰ ਲੱਗ ਰਿਹਾ ਹੈ। ਇਸ ਵਿਚ ਡਰਨ ਵਾਲੀ ਕਿਹੜੀ ਗੱਲ ਹੈ ਮੈਂ ਵੀ ਪਹਿਲੀ ਵਾਰੀ ਓਪਰੇਸ਼ਨ ਕਰ ਰਿਹਾ ਹੈ, ਪਰ ਮੈਨੂੰ ਤਾਂ ਡਰ ਨਹੀਂ ਲੱਗ ਰਿਹਾ। ਡਾਕਟਰ ਨੇ ਸਹਿਜਤਾ ਨਾਲ ਉੱਤਰ ਦਿੱਤਾ। (ਅੱਛਰੂ ਸਿੰਘ ''ਜੀਵਨ ਦੇ ਰੰਗ'' 36)

ਇਸ ਲਤੀਫ਼ੇ ਰਾਹੀਂ ਲੇਖਕ ਜ਼ਿੰਦਗੀ ਦੀ ਇੱਕ ਡੂੰਘੀ ਰਮਜ਼ ਸਮਝਾਉਂਦਾ ਹੈ ਕਿ ਹਰ ਕੋਈ ਬੰਦਾ ਬਹੁਤ ਸਾਰੇ ਕੰਮ ਜ਼ਿੰਦਗੀ ਵਿਚ ਪਹਿਲੀ ਵਾਰੀ ਕਰਦਾ ਹੈ, ਅਕਸਰ ਮਨੁੱਖ ਕਈ ਵਾਰੀ ਡਰ ਨਾਲ ਕੰਮ ਨੂੰ ਪਹਿਲੀ ਵਾਰੀ ਕਰਨ ਤੋਂ ਝਿਜਕਦਾ ਹੈ, ਜਿਸ ਕਰ ਕੇ ਉਸ ਦੇ ਅਸਫਲ ਹੋਣ ਦਾ ਡਰ ਵੱਧ ਜਾਂਦਾ ਹੈ, ਪ੍ਰੰਤੂ ਹਮੇਸ਼ਾ ਪਹਿਲ ਕਰਨ ਵਾਲੇ ਵਿਅਕਤੀ ਹੀ ਜ਼ਿੰਦਗੀ ਵਿਚ ਅੱਗੇ ਵੱਧ ਸਕਦੇ ਹਨ। ਹਮੇਸ਼ਾ ਨਵਾਂ ਸੋਚਣ, ਨਵਾਂ ਲੱਭਣ ਤੇ ਨਵਾਂ ਕਰਨ ਦੀ ਭਾਵਨਾ ਹੀ ਮਨੁੱਖ ਨੂੰ ਅੱਗੇ ਤੋਰਨ ਵਿਚ ਸਹਾਈ ਹੁੰਦੀ ਹੈ।

ਅਜੋਕੀ ਪੀੜ੍ਹੀ ਕਿਤੇ ਨਾ ਕਿਤੇ ਆਪਣੇ ਮੰਤਵ ਤੋਂ ਹਟ ਕੇ ਕੁਰਾਹੇ ਪੈ ਰਹੀ ਹੈ। ਲੇਖਕ ਆਪਣੇ ਨਿਬੰਧ ਵਿਚ ਸਿੱਖਿਆ ਦਿੰਦਾ ਹੈ ਤਾਂ ਜੋ ਉਹ ਕੁਰਾਹੇ ਜਾਂਦੀ ਪੀੜ੍ਹੀ ਚ ਮੁੜ ਹੌਸਲਾ ਪੈਦਾ ਕਰ ਕੇ ਉਸ ਨੂੰ ਸਹੀ ਸੇਧ ਦਿੱਤੀ ਜਾਵੇ। ਮਿਹਨਤੀ ਵਿਅਕਤੀ ਹਮੇਸ਼ਾ ਹਿੰਮਤ ਕਰਦੇ ਹਨ ਤੇ ਮੁਸ਼ਕਲ ਦਾ ਸਾਹਮਣਾ ਦ੍ਰਿੜ੍ਹ ਹੌਸਲੇ ਨਾਲ

ਕਰਦੇ ਹਨ, ਪਰ ਆਲਸੀ ਵਿਅਕਤੀ ਹਮੇਸ਼ਾ ਆਪਣੀ ਕਿਸਮਤ ਨੂੰ ਦੋਸ਼ ਦਿੰਦੇ ਹਨ। ਲੇਖਕ 'ਮਨੁੱਖ ਤੇ ਉਸ ਦੀ ਤਕਦੀਰ' ਨਿਬੰਧ ਵਿਚ ਸਿੱਖਿਆ ਦਿੰਦਾ ਮਹਾਨ ਬੰਦਿਆ ਦੀਆਂ ਉਦਾਹਰਨਾਂ ਦਿੰਦਾ ਸਮਝਾਉਂਦਾ ਹੈ:

> ਅਮਰੀਕਾ ਦੇ ਰਾਸ਼ਟਰਪਤੀ ਇਬਰਾਹਿਮ ਲਿੰਕਲ ਦਾ ਪਿਤਾ ਇੱਕ ਗ਼ਰੀਬ ਤਰਖਾਣ ਸੀ ਅਤੇ ਬਚਪਨ ਵਿਚ ਲਿੰਕਨ ਨੂੰ ਗਲੀ ਵਿਚ ਇੱਕ ਖੰਭੇ ਤੇ ਲੱਗੇ ਬਲਬ ਦੀ ਰੌਸ਼ਨੀ ਹੇਠ ਬੈਠ ਕੇ ਪੜ੍ਹਨਾ ਪਿਆ। ਸੋਵੀਅਤ ਰੂਸ ਦਾ ਦੂਜਾ ਪ੍ਰਧਾਨ ਜੋਸਫ ਸਟਾਲਿਨ, ਜੋ ਵਿਸ਼ਵ ਦੀ ਸਿਆਸਤ ਤੇ ਪੂਰੇ ਤੀਹ ਸਾਲ ਛਾਇਆ ਰਿਹਾ, ਇੱਕ ਗ਼ਰੀਬ ਮੋਚੀ ਦਾ ਪੁੱਤਰ ਸੀ। ਭਾਰਤ ਦੇ ਸਵਰਗਵਾਸੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਇੱਕ ਅਤਿ-ਗ਼ਰੀਬ ਪਰਿਵਾਰ ਨਾਲ ਸੰਬੰਧ ਰੱਖਦੇ ਹਨ। (ਅੱਛਰੂ ਸਿੰਘ ''ਚਾਨਣ ਭਰੀ ਚੰਗੇਰ'' 9)

ਉਪਰੋਕਤ ਸ਼ਬਦਾਂ ਤੋਂ ਭਾਵ ਕਿ ਹਰ ਇੱਕ ਉੱਚੀ ਮੰਜ਼ਿਲ ਪ੍ਰਾਪਤੀ ਦੇ ਪਿੱਛੇ ਮਨੁੱਖ ਦੀ ਤਕਦੀਰ ਦੇ ਨਾਲ-ਨਾਲ ਉਸ ਦੀ ਅਣਥੱਕ ਮਿਹਨਤ ਲੁਕੀ ਹੁੰਦੀ ਹੈ। ਇਤਿਹਾਸ ਸਿਰਜਣ ਲਈ ਅਸਫਲਤਾਵਾਂ ਤੋਂ ਘਬਰਾਉਣ ਦੀ ਬਜਾਇ, ਉਨ੍ਹਾਂ ਤੋਂ ਸਬਕ ਸਿੱਖ ਕੇ ਦੁਬਾਰਾ ਮਿਹਨਤ ਕਰਨ ਦੇ ਨਾਲ ਮੰਜ਼ਿਲ ਪ੍ਰਾਪਤੀ ਜ਼ਰੂਰ ਹੁੰਦੀ ਹੈ।

ਲੇਖਕ ਅਨੁਸਾਰ, ਜ਼ਿੰਦਗੀ ਵਿਚ ਆਪਣੇ ਆਪ ਦੀ ਪਹਿਚਾਣ ਸਥਾਪਿਤ ਕਰਨ ਲਈ ਕੋਈ ਉਮਰ ਨਿਸ਼ਚਿਤ ਨਹੀਂ ਹੁੰਦੀ, ਜ਼ਰੂਰੀ ਇਹ ਨਹੀਂ ਕਿ ਤੁਹਾਡੀ ਉਮਰ ਕਿੰਨੀ ਹੈ ਜ਼ਰੂਰੀ ਇਹ ਹੈ ਕਿ ਨਵੀਆਂ ਪੈੜਾਂ ਪਾਉਣ ਲਈ ਤੁਹਾਡੇ 'ਚ ਦ੍ਰਿੜ੍ਹਤਾ ਕਿੰਨੀ ਹੈ। ਲੇਖਕ 'ਉਮਰਾਂ ਚ ਕੀ ਰੱਖਿਆ' ਨਿਬੰਧ ਵਿਚ ਮਹਾਨ ਲੇਖਕਾਂ ਤੇ ਮਹਾਨ ਬੰਦਿਆਂ ਦੀਆਂ ਉਦਾਹਰਨਾਂ ਦੇ ਕੇ ਇਸ ਗੱਲ ਨੂੰ ਸਮਝਾਉਣ ਦਾ ਯਤਨ ਕਰਦਾ ਹੈ:

> ਜੇਕਰ ਵਰਤਮਾਨ ਸਮੇਂ ਦੀ ਗੱਲ ਕਰੀਏ ਤਾਂ ਬਰਾਕ ਉਬਾਮਾ ਦੋ ਵਾਰ ਅਮਰੀਕਾ ਦਾ ਰਾਸ਼ਟਰਪਤੀ ਰਹਿ ਕੇ ਪਚਵੰਜਾ ਸਾਲ ਦੀ ਉਮਰ ਵਿਚ ਰਿਟਾਇਰ ਹੋ ਚੁੱਕਾ ਹੈ। ਜਦ ਕਿ ਰਾਸ਼ਟਰਪਤੀ ਡੌਨਲਡ ਟਰੰਪ ਨੇ ਰਾਸ਼ਟਰਪਤੀ ਵਜੋਂ ਆਪਣੀ ਪਾਰੀ ਹੀ ਸੱਤਰ ਸਾਲ ਦੀ

ਉਮਰ ਤੋਂ ਸ਼ੁਰੂ ਕੀਤੀ ਹੈ। ਸਾਡੇ ਨਵੇਂ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਆਪਣਾ ਅਹੁਦਾ ਬਹੱਤਰ ਸਾਲ ਦੀ ਉਮਰ ਵਿਚ ਸੰਭਾਲਿਆ ਹੈ। (ਅੱਛਰੂ ਸਿੰਘ ''ਚਾਨਣ ਭਰੀ ਚੰਗੇਰ'' 51)

ਧਰਮ ਮਨੁੱਖ ਵਿਚ ਆਤਮਿਕ ਉੱਚਤਾ ਤੇ ਸੁੱਚਤਾ ਪ੍ਰਾਪਤ ਕਰਨ ਦਾ ਸੰਦੇਸ਼ ਦਿੰਦੀ ਹੈ ਤੇ ਮਨੁੱਖ ਨੂੰ ਆਪਣੇ ਕਰਮ ਨੇਕ ਕਰਨੇ ਚਾਹੀਦੇ ਹਨ। ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਣ ਦੀ ਬਜਾਇ, ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਾ ਹੀ ਅਸਲੀ ਧਰਮ ਹੈ। ਲੇਖਕ ਪ੍ਰੋ ਮੋਹਨ ਸਿੰਘ ਦੀਆਂ ਸਤਰਾਂ ਦਾ ਹਵਾਲਾ ਦਿੰਦਾ ਹੈ, ਜੋ ਮਨੁੱਖ ਦੀ ਅਗਵਾਈ ਕਰਦੀਆਂ ਹਨ:

- ਰੱਬ ਇੱਕ ਗੁੰਝਲਦਾਰ ਬੁਝਾਰਤ, ਰੱਬ ਇੱਕ ਗੋਰਖਧੰਦਾ।

  ਖੋਲ੍ਹਣ ਲੱਗਿਆਂ ਪੇਚ ਏਸ ਦੇ ਕਾਫ਼ਰ ਹੋ ਜਾਏ ਬੰਦਾ।

  ਕਾਫ਼ਰ ਹੋਣੋਂ ਡਰ ਕੇ ਜੀਵੇਂ, ਖੋਜੋਂ ਮੂਲ ਨਾ ਖੁੰਝੀ।

  ਲਾਈਲੱਗ ਮੋਮਨ ਦੇ ਕੋਲੋਂ ਖੋਜੀ ਕਾਫ਼ਰ ਚੰਗਾ। (ਅੱਛਰੂ ਸਿੰਘ ''ਜੀਵਨ ਦੇ ਰੰਗ'' 33)
- ਧਰਮਾਂ ਦੀਆਂ ਬੇਲੋੜੀਆਂ ਬਹਿਸਾਂ ਵਿਚ ਫਸਣ ਦੀ ਬਜਾਇ, ਮਨੁੱਖ ਦਾ ਧਿਆਨ ਇਸੇ ਗੱਲ ਤੇ ਕੇਂਦਰਿਤ ਕਰੀਏ ਕਿ ਅਸੀਂ ਆਪਣੇ ਆਪ ਨੂੰ ਚੰਗਾ ਇਨਸਾਨ ਅਤੇ ਇਸ ਸੰਸਾਰ ਨੂੰ ਨਾ ਕੇਵਲ ਆਪਣੇ ਲਈ, ਸਗੋਂ ਦੂਸਰਿਆਂ ਲਈ ਵੀ ਬਿਹਤਰ ਕਿਸ ਤਰ੍ਹਾਂ ਸਕਦੇ ਹਾਂ। (ਅੱਛਰੂ ਸਿੰਘ ''ਜੀਵਨ ਦੇ ਰੰਗ'' 33)

ਲੇਖਕ ਅਨੁਸਾਰ ਸਹੀ ਸੋਚ ਤੇ ਸਹੀ ਪਹੁੰਚ ਮਨੁੱਖੀ ਜੀਵਨ ਜਾਚ ਦਾ ਅਜਿਹਾ ਨਿਯਮ ਹੈ, ਜਿਹੜਾ ਮਨੁੱਖ ਨੂੰ ਉੱਚੀ ਤੇ ਸ਼ਕਤੀਸ਼ਾਲੀ ਸੋਚ ਦੇ ਮਾਲਕ ਬਣਨ ਦੇ ਨਾਲ-ਨਾਲ ਉੱਚੇ ਆਕਾਸ਼ ਵਿਚ ਉਡਾਰੀਆਂ ਲਗਾਉਣ ਦਾ ਬਲ ਵੀ ਬਖ਼ਸ਼ਦੀ ਹੈ। ਲੇਖਕ ਉੱਘੇ ਸ਼ਾਇਰ ਦਾ ਹਵਾਲਾ ਦਿੰਦਾ ਆਖਦਾ ਹੈ ਕਿ ਜੈਸੀ ਨੀਤ, ਵੈਸੀ ਮੁਰਾਦ, ਜੈਸੀ ਸੋਚ, ਵੈਸਾ ਜੀਵਨ:

- ਸੋਚ ਕੋ ਬਦਲੋ, ਸਿਤਾਰੇ ਬਦਲ ਜਾਏਂਗੇ,

  ਨਿਗਾਹ ਕੋ ਬਦਲੋ, ਨਜ਼ਾਰੇ ਬਦਲ ਜਾਏਂਗੇ,

  ਕਿਸ਼ਤੀਓਂ ਕੋ ਬਦਲ ਨੇ ਕੀ ਜ਼ਰੂਰਤ ਨਹੀਂ,

  ਦਿਸ਼ਾ ਕੋ ਬਦਲੋ, ਕਿਨਾਰੇ ਬਦਲ ਜਾਏਂਗੇ। (ਅੱਛਰੂ ਸਿੰਘ ''ਸ਼ਖ਼ਸੀਅਤ ਵਿਕਾਸ ਕੋਮਲ ਹੁਨਰ ਅਤੇ ਮਾਨਵੀ ਕਦਰਾਂ-ਕੀਮਤਾਂ '' 41)

ਮਨੁੱਖ ਦੀ ਸੋਚ ਉਸ ਨੂੰ ਹਾਂ ਪੱਖੀ ਤੇ ਆਸ਼ਾਵਾਦੀ ਹੋਣ ਵਿਚ ਸੰਪੂਰਨ ਰੂਪ ਵਿਚ ਸਹਾਈ ਹੁੰਦੀ ਹੈ। ਲੋੜ ਸਿਰਫ਼ ਸਹੀ ਦਿਸ਼ਾ ਨੂੰ ਲੱਭਣ ਦੀ ਹੈ। ਫਲ ਹਮੇਸ਼ਾ ਸੱਚੀਆਂ ਨੀਤਾਂ ਨੂੰ ਲੱਗਦੇ ਹਨ।

ਲੇਖਕ ਅਨੁਸਾਰ ਜ਼ਿੰਦਗੀ ਨੂੰ ਗੰਭੀਰਤਾ ਨਾਲ ਲੈਣਾ ਸਫਲ ਜੀਵਨ ਦੀ ਬੁਨਿਆਦੀ ਜ਼ਰੂਰਤ ਹੈ ਤੇ ਜ਼ਿੰਦਗੀ ਨੂੰ ਸੰਜੀਦਗੀ ਤੇ ਜ਼ਿੰਦਾ ਦਿਲੀ ਨਾਲ ਜਿਊਣਾ ਸੁਚੱਜੀ ਜੀਵਨ ਜਾਚ ਹੈ। ਲੇਖਕ 'ਜੀਵਨ ਜਾਚ-ਸੁਨਹਿਰੀ ਨਿਯਮ' ਨਿਬੰਧ ਵਿਚ ਮਹਾਨ ਸ਼ਾਇਰ ਦੇ ਹਵਾਲੇ ਨਾਲ ਜ਼ਿੰਦਗੀ ਦੇ ਅਰਥ ਸਮਝਾਉਂਦਾ ਹੈ। ਹੱਸਦੇ-ਖੇਡਦੇ ਕੰਮ ਕਰਨਾ ਅਤੇ ਔਖੇ ਵੇਲੇ ਵੀ ਚੜ੍ਹਦੀ ਕਲਾ ਵਿਚ ਰਹਿਣਾ ਮਨੁੱਖੀ ਸ਼ਖ਼ਸੀਅਤ ਦੇ ਵਧੀਆ ਗੁਣ ਮੰਨੇ ਜਾਂਦੇ ਹਨ ਅਤੇ ਇਨ੍ਹਾਂ ਦਾ ਧਾਰਨੀ ਨਾ ਤਾਂ ਕਿਸੇ ਕੰਮ ਨੂੰ ਬੋਝ ਸਮਝਦਾ ਹੈ ਅਤੇ ਨਾ ਹੀ ਕਿਸੇ ਔਕੜ ਤੋਂ ਘਬਰਾਉਂਦਾ ਹੈ। ਪੰਜਾਬੀ ਦੇ ਮਹਾਨ ਸ਼ਾਇਰ ਮੋਹਨ ਸਿੰਘ ਦੇ ਸ਼ਬਦ ਹਨ:

- ਚੱਲੋ ਕਿ ਚੱਲਣਾ ਹੀ ਜ਼ਿੰਦਗੀ ਦਾ ਦੂਜਾ ਨਾਂ

  ਖਲੋਣਾ ਮੌਤ ਹੈ, ਚੱਲਣਾ ਹੈ ਜ਼ਿੰਦਗੀ ਅਸਗਾਹ।

  ਖਲੋਤੀ ਬੂੰਦ ਬਣੇ ਵਿਸ ਯਾ ਵੱਧ ਤੋਂ ਵੱਧ ਮੋਤੀ

  ਤੁਰਨ ਜੇ ਕਣੀਆਂ ਤਾਂ ਬਣ ਜਾਏ ਸ਼ੂਕਦਾ ਦਰਿਆ।(ਅੱਛਰੂ ਸਿੰਘ ''ਸ਼ਖ਼ਸੀਅਤ ਵਿਕਾਸ ਕੋਮਲ ਹੁਨਰ ਅਤੇ ਮਾਨਵੀ ਕਦਰਾਂ-ਕੀਮਤਾਂ '' 49)

ਉਪਰੋਕਤ ਸ਼ਬਦਾਂ ਤੋਂ ਭਾਵ ਚੱਲਣਾ ਹੀ ਜ਼ਿੰਦਗੀ ਦਾ ਦੂਜਾ ਨਾਮ ਹੈ। ਲੋੜ ਹੈ ਚਿੰਤਾ ਛੱਡ ਕੇ ਚਿੰਤਨ ਕਰਨ ਦੀ।

> ਪ੍ਰਸਿੱਧ ਚਿੰਤਕ ਅਚਾਰੀਆ ਰਜਨੀਸ਼ ਓਸ਼ੋ ਦੀ ਚਰਚਿਤ ਪੁਸਤਕ 'ਕਸਤੂਰੀ ਕੁੰਡਲ ਬਸੈ' ਵਿਚ ਮਨ ਦੀ ਮਹੱਤਤਾ ਦੱਸਦੇ ਹੋਏ ਕਹਿੰਦੇ ਹਨ: ਮਨ ਦੀ ਚਾਲ ਸਮਝ ਲਈ ਤਾਂ ਸਭ ਕੁੱਝ ਸਮਝ ਲਿਆ।
>
> Mind is its own place, it can make heaven of hell and a hell of heaven (ਅੱਛਰੂ ਸਿੰਘ ''ਜੀਵਨ ਦੇ ਰੰਗ'' 3)

ਜਿਸ ਮਨੁੱਖ ਨੇ ਆਪਣੀ ਮਨ ਦੀ ਅਵਸਥਾ ਨੂੰ ਸਮਝ ਲਿਆ ਤਾਂ ਉਸ ਕੋਲ ਹੋਰ ਕੁੱਝ ਪਛਾਣਨ ਵਾਸਤੇ ਨਹੀਂ ਬਚਦਾ। ਲੇਖਕ ਅੰਗਰੇਜ਼ੀ ਦੇ ਪ੍ਰਸਿੱਧ ਕਵੀ ਜਾਹਨ ਮਿਲਟਨ ਦੇ ਲਿਖੇ ਪ੍ਰਸਿੱਧ ਮਹਾਂ-ਕਾਵਿ ਪੈਰਾਡਾਈਜ਼ ਵਿਚ ਹਵਾਲਾ ਦਿੰਦਾ ਹੈ:

> ਮਨ ਦਾ ਆਪਣਾ ਹੀ ਸਥਾਨ ਹੈ, ਇਹ ਨਰਕ ਨੂੰ ਸਵਰਗ ਅਤੇ ਸਵਰਗ ਨੂੰ ਨਰਕ ਬਣਾ ਸਕਦਾ ਹੈ। (ਅੱਛਰੂ ਸਿੰਘ ''ਜੀਵਨ ਦੇ ਰੰਗ'' 3)

ਪ੍ਰੋ. ਅੱਛਰੂ ਸਿੰਘ ਆਪਣੇ ਵਿਚਾਰਾਂ ਦੀ ਪ੍ਰਮਾਣਿਕਤਾ ਅਤੇ ਪ੍ਰੋੜ੍ਹਤਾ ਲਈ ਜਿੱਥੇ ਅਖਾਣਾਂ-ਮੁਹਾਵਰਿਆਂ, ਇਤਿਹਾਸਕ-ਮਿਥਿਹਾਸਕ ਸੰਕੇਤਾਂ, ਕਹਾਣੀਆਂ, ਉਦਾਹਰਨਾਂ ਦੀ ਵਰਤੋਂ ਉੱਥੇ ਉਹ ਗੁਰਬਾਣੀ ਤੋਂ ਪ੍ਰਾਪਤ ਹਵਾਲਿਆਂ ਨੂੰ ਆਪਣੇ ਵਿਚਾਰਾਂ ਦਾ ਸਰੋਤ ਅਤੇ ਰਚਨਾ ਦਾ ਅਧਾਰ ਬਣਾਉਂਦਾ ਹੈ। ਉੱਥੇ ਨਾਟਕੀ ਅੰਸ਼ ਵੀ ਆਪਣੇ ਨਿਬੰਧਾਂ ਵਿਚ ਪੇਸ਼ ਕਰਦਾ ਹੈ।

**ਨਾਟਕੀ ਅੰਸ਼:-**

> ਸੁਣਿਐ ਤੁਸੀਂ ਬਜ਼ੁਰਗਾਂ ਨੂੰ ਵੱਡੇ ਨਹੀਂ ਕਰ ਰਹੇ? ਭਾਈ ਇਹ ਤਾਂ ਕੋਈ ਗੱਲ ਨਾ ਹੋਈ, ਸੁੱਖ ਨਾਲ ਪੜਪੋਤਿਆਂ-ਪੜਦੋਹਤਿਆਂ ਵਾਲਾ ਹੋ ਕੇ ਮਰਿਆ-ਰੰਗੀ ਵੱਸਦਾ ਪਰਿਵਾਰ ਛੱਡ ਕੇ ਗਿਆ। ਪਿੱਛੇ-ਨਾਲੇ ਥੋੜੇ ਕਿਹੜਾ ਕੁਝ ਹੈ ਨੀ ਮਹਾਰਾਜ ਨੇ ਰੰਗ ਲਾਇਆ ਹੋਇਆ ਦੇਖੋ

> ਭਾਈ, ਉਨ੍ਹਾਂ ਨੂੰ ਵੱਡੇ ਕਰਨਾ ਤਾਂ ਬਣਦੇ, ਬਾਕੀ ਥੋਡੀ ਮਰਜ਼ੀ ਆ। (ਅੱਛਰੂ ਸਿੰਘ ''ਜੀਵਨ ਦੇ ਰੰਗ'' 77)

**ਵਿਅਕਤੀਗਤ ਅਨੁਭਵ:-** ਕਿਸੇ ਵਿਅਕਤੀ ਦਾ ਵਿਅਕਤਿਤਵ ਉਸ ਦੀ ਬੌਧਿਕ ਤਨ ਮਨ ਦੀ ਸਮਰੱਥਾ-ਸ਼ਕਤੀ ਅਤੇ ਗੁਣਾਂ ਜਾ ਪ੍ਰਭਾਵ ਦਿੰਦਾ ਹੈ। ਸਰੀਰਕ-ਦ੍ਰਿਸ਼ਟੀ ਤੋਂ ਸ਼ਕਤੀਸ਼ਾਲੀ, ਆਕਰਸ਼ਕ ਅਤੇ ਵਿਦਵਤਾ ਦੀ ਮੂਰਤ ਹੋਵੇ। ਸ਼ਖ਼ਸੀਅਤ ਸੰਰਚਨਾ ਲਈ ਤਨ ਦੀ ਥਾਂ, ਮਨ-ਬੁੱਧੀ, ਆਤਮ-ਵਿਸ਼ਵਾਸ, ਗਿਆਨ ਵਿਗਿਆਨ ਦੀ ਸੰਪੂਰਨਤਾ, ਸਵੈ-ਵਿਸ਼ਵਾਸ, ਸਵੈ ਸ਼ੁੱਧਤਾ, ਸਵੈ ਲਗਨ, ਸਵੈ-ਅਨੁਸਾਸ਼ਨ ਦੇ ਨਾਲ-ਨਾਲ ਉਚੇਰੇ ਵਿਚਾਰ-ਆਚਾਰ ਵੀ ਵਿਦਮਾਨ ਹੋਣੇ ਚਾਹੀਦੇ ਹੈ। 45 ਸਾਲ ਇੱਕ ਅਧਿਆਪਕ ਦੇ ਅਹੁਦੇ ਤੇ ਰਹਿਣ ਕਰ ਕੇ ਲੇਖਕ ਦਾ ਵਾਹ ਅਨੇਕਾਂ ਵਿਦਿਆਰਥੀਆਂ ਅਤੇ ਭਾਂਤ-ਭਾਂਤ ਦੇ ਲੋਕਾਂ ਨਾਲ ਪੈਂਦਾ ਰਿਹਾ ਹੈ। ਲੇਖਕ ਦੇ ਹਰ ਨਿਬੰਧ ਵਿਚ ਕੋਈ ਨਾ ਕੋਈ ਅਨੁਭਵ ਸ਼ਾਮਿਲ ਹੈ ਤੇ ਇਹਨਾਂ ਨਿੱਜੀ ਅਨੁਭਵਾਂ ਨੂੰ ਉਹ ਪਾਠਕਾਂ ਨਾਲ ਸਾਂਝੇ ਕਰ ਕੇ ਜ਼ਿੰਦਗੀ ਪ੍ਰਤੀ ਸਾਕਾਰਾਤਮਕ ਦ੍ਰਿਸ਼ਟੀ ਅਪਣਾਉਣ ਦਾ ਸੰਦੇਸ਼ ਵੀ ਦਿੰਦਾ ਹੈ। ਲੇਖਕ ਨੂੰ ਇੱਕ ਦਿਨ ਮੁਕਤਸਰ ਦੀ ਜੇਲ੍ਹ ਵਿਚ ਜਾਣ ਦਾ ਸਬੱਬ ਬਣਿਆ, ਜਿਸ ਵਿਚ ਉਨ੍ਹਾਂ ਨੇ ਉੱਥੇ ਦੇ ਕੈਦੀ ਭਰਾਵਾਂ ਨਾਲ ਗੱਲਬਾਤ ਕੀਤੀ, ਜਿੱਥੇ ਜਾ ਕੇ ਲੇਖਕ ਨੂੰ ਅਹਿਸਾਸ ਹੋਇਆ ਕਿ ਪਿਆਰ ਅਪਣੱਤ ਤੇ ਸੋਹਣੇ ਵਿਚਾਰ, ਕਿਸੇ ਵੀ ਮਨੁੱਖੀ ਮਨ ਨੂੰ ਬਦਲਣ ਦੀ ਸ਼ਕਤੀ ਰੱਖਦੇ ਹਨ। ਲੇਖਕ 'ਕੈਦੀ ਭਰਾਵਾਂ ਨਾਲ ਰੂਬਰੂ' ਨਿਬੰਧ ਵਿਚ ਜੇਲ੍ਹ ਵਿਚ ਹੋਏ ਅਨੁਭਵ ਨੂੰ ਬਿਆਨ ਦਾ ਆਖਦਾ ਹੈ:

> ਮੈਂ ਤਹਿ ਦਿਲੋਂ ਮਹਿਸੂਸ ਕਰ ਰਿਹਾ ਸੀ ਕਿ ਕੋਈ ਵੀ ਮਨੁੱਖ ਜਨਮ ਤੋਂ ਅਪਰਾਧੀ ਨਹੀਂ ਹੁੰਦਾ, ਸਗੋਂ ਹਾਲਾਤ ਉਸ ਨੂੰ ਅਜਿਹਾ ਬਣਾ ਦਿੰਦੇ ਹਨ ਅਤੇ ਜੇਕਰ ਉਨ੍ਹਾਂ ਨੂੰ ਚੰਗੇ ਮਨੁੱਖਾਂ ਅਤੇ ਚੰਗੀਆਂ ਪੁਸਤਕਾਂ ਦਾ ਸੰਗ ਮਿਲਦਾ ਰਹੇ ਤਾਂ ਗ਼ਲਤ ਰਾਹ ਪੈਣ ਤੋਂ ਬਚ ਸਕਦੇ ਹਨ। (ਅੱਛਰੂ ਸਿੰਘ ''ਜੀਵਨ ਬਾਤਾਂ''46)

ਪੁਸਤਕਾਂ ਵਿਚ ਇੰਨੇ ਸੋਹਣੇ ਵਿਚਾਰ, ਸਿਆਣੇ ਵਿਦਵਾਨਾਂ ਦੇ ਤਜਰਬਿਆਂ ਦੀ ਭਰਮਾਰ ਹੈ ਕਿ ਜਿਹੜੇ ਮਨੁੱਖ ਨੂੰ ਜ਼ਿੰਦਗੀ ਵਿਚ ਜੂਝਣ ਦੀ ਪ੍ਰੇਰਨਾ ਦੇ ਕੇ ਸਹੀ ਰਸਤੇ ਤੇ ਤੋਰਨ ਦੀਆਂ ਅਭਿਲਾਸ਼ੀ ਹਨ।

ਲੇਖਕ ਨੂੰ ਨਿਊਜ਼ੀਲੈਂਡ ਦੀ ਧਰਤੀ ਤੇ ਢਾਈ ਮਹੀਨੇ ਗੁਜ਼ਾਰਨ ਦਾ ਮੌਕਾ ਮਿਲਿਆ। ਜਿਸ ਵਿਚ ਉਨ੍ਹਾਂ ਨੇ ਮਹੱਤਵਪੂਰਨ ਜਾਣਕਾਰੀ ਹਾਸਿਲ ਕਰ ਕੇ ਤੇ ਆਪਣੀ ਤੀਖਣ ਸੋਚ ਰਾਹੀ ਇੱਕ ਛੋਟੇ ਜਿਹੇ 'ਅੱਖੀਂ ਵੇਖਿਆ ਨਿਊਜ਼ੀਲੈਂਡ' ਨਿਬੰਧ ਰਾਹੀਂ ਮਨੁੱਖ ਨੂੰ ਘਰ ਬੈਠੇ ਹੀ ਨਿਊਜ਼ੀਲੈਂਡ ਦੇ ਸਿਰਫ਼ ਦਰਸ਼ਨ ਹੀ ਨਹੀਂ ਕਰਵਾਏ, ਸਗੋਂ ਉੱਥੇ ਦੇ ਲੋਕਾਂ ਦੇ ਸੁਭਾਅ ਬਾਰੇ ਕਦਰਾਂ-ਕੀਮਤਾਂ ਬਾਰੇ, ਕਾਨੂੰਨ ਅਤੇ ਨਿਯਮਾਂ ਬਾਰੇ ਵੀ ਮਹੱਤਵਪੂਰਨ ਜਾਣਕਾਰੀ ਇਕੱਠੀ ਕਰ ਕੇ ਆਪਣੇ ਪਾਠਕਾਂ ਨਾਲ ਸਾਂਝਿਆਂ ਕੀਤਾ ਹੈ:

> ਜੀਵਨ ਸੱਚਮੁੱਚ ਹੀ ਬਹੁਤ ਸਖ਼ਤ ਹੈ ਅਤੇ ਨਵੇਂ ਜਾਂ ਰਹੇ ਵਿਅਕਤੀਆਂ ਨੂੰ ਢੇਰ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਫਿਰ ਵੀ ਇੱਥੋਂ ਦੇ ਅਮਨ-ਕਾਨੂੰਨ ਦੀ ਸਥਿਤੀ, ਦਫ਼ਤਰਾਂ ਦੀ ਕਾਰਜ ਸ਼ੈਲੀ, ਟਰੈਫ਼ਿਕ ਨਿਯਮਾਂ ਦੀ ਪਾਲਣਾ, ਵਾਤਾਵਰਣ ਦੀ ਸੰਭਾਲ, ਸਰਵਪੱਖੀ ਵਿਕਾਸ ਅਤੇ ਮਾਨਵੀ-ਕਦਰਾਂ ਕੀਮਤਾਂ ਦਾ ਸਤਿਕਾਰ ਕਿਵੇਂ ਕਰੀਏ ਬਹੁਤ ਸਾਰੇ ਅਜਿਹੇ ਗੁਣ ਹਨ, ਜਿਨ੍ਹਾਂ ਤੋਂ ਬਹੁਤ ਕੁੱਝ ਸਿੱਖਿਆ ਜਾ ਸਕਦਾ ਹੈ। ਜਿਨ੍ਹਾਂ ਰਾਹੀਂ ਆਪਣੇ ਆਪ ਵਿਚ ਸੁਧਾਰ ਲਿਆ ਸਕਦੇ ਹਾਂ। (ਅੱਛਰੂ ਸਿੰਘ ''ਜੀਵਨ ਦੇ ਰੰਗ''125)

ਇਹ ਨਿਬੰਧ ਸਮਕਾਲੀ ਸਥਿਤੀ ਨੂੰ ਵੀ ਦਰਸਾਉਂਦਾ ਹੈ ਕਿ ਅਜੋਕੀ ਪੀੜ੍ਹੀ ਵਿਚ ਬਾਹਰ ਜਾਣ ਦੀ ਲਾਲਸਾ ਹੈ। ਇਹ ਜ਼ਰੂਰ ਹੈ ਕਿ ਉੱਥੇ ਹਰ ਇੱਕ ਸੁਵਿਧਾ ਹੈ, ਬੰਦੇ ਦੀ ਮਿਹਨਤ ਦਾ ਮੁੱਲ ਹੈ, ਪ੍ਰੰਤੂ ਉੱਥੇ ਪਰਿਵਾਰਕ ਇੱਕ ਜੁੱਟਤਾ ਦੀ ਘਾਟ ਹਮੇਸ਼ਾ ਮਨੁੱਖ ਨੂੰ ਖਲਦੀ ਹੈ।

ਖਾਣਾ ਮਨੁੱਖ ਦੀ ਜ਼ਰੂਰਤ ਹੈ ਤੇ ਜਿਸ ਤੋਂ ਬਿਨਾਂ ਉਹ ਜਿੰਦਾ ਨਹੀਂ ਰਹਿ ਸਕਦਾ, ਪ੍ਰੰਤੂ ਜੋ ਖਾਣਾ ਪਿਆਰ ਅਪਣੱਤ ਨਾਲ ਬਣਾ ਕੇ ਖਵਾਇਆ ਜਾਵੇ, ਉਸ ਵਰਗੀ ਕੋਈ ਰੀਸ ਨਹੀਂ ਹੁੰਦੀ ਤੇ ਉਹ ਮਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਦਾ ਸਵਾਦ ਕਿਸੇ ਵੀ ਹੋਟਲ ਦਾ ਵੱਡੇ ਤੋਂ ਵੱਡੇ ਰਸੋਈਏ ਦੇ ਹੱਥਾਂ ਵਿਚ ਨਹੀਂ ਸਕਦਾ। 'ਅੱਜ ਦਾ ਖਾਣ ਬਹੁਤ ਅੱਛਾ' ਨਿਬੰਧ ਵਿਚ ਲੇਖਕ ਨੇ ਆਪਣੇ ਐਨ.ਐਸ.ਐਸ. ਕੈਪ ਵਿਚ ਹੋਏ ਅਨੁਭਵ ਨੂੰ ਪੇਸ਼ ਕਰਦਾ ਹੈ ਕਿ ਸਾਕਾਰਾਤਮਕ ਨਜ਼ਰੀਆ ਮਨੁੱਖ ਨੂੰ ਜ਼ਿੰਦਗੀ ਨਾਲ ਪਿਆਰ ਕਰਨਾ ਸਿਖਾ ਦਿੰਦਾ ਹੈ ਕਿਉਂਕਿ ਤੁਸੀਂ ਜਦੋਂ ਬਾਕੀਆਂ ਵਿਚ ਦੋਸ਼ ਕੱਢਣੇ ਘੱਟ ਕਰ ਦਿੰਦੇ ਹੋ ਤਾਂ ਜ਼ਾਹਿਰ ਹੈ ਇੱਕ ਸਕੂਨ ਭਰਿਆਂ ਵਾਤਾਵਰਣ ਤੁਹਾਡੇ ਚਾਰੇ ਪਾਸੇ ਉੱਲਰ ਰਿਹਾ ਹੁੰਦਾ ਹੈ:

> ਸੂਬਾ ਰਾਓ ਜੀ ਦੇ ਇੱਕ ਰਾਸ਼ਟਰੀ ਏਕਤਾ ਕੈਂਪਾਂ ਦੀ ਇੱਕ ਖ਼ਾਸ ਰਵਾਇਤ ਇਹ ਕਿ ਖਾਣਾ ਵਰਤਾਉਂਦੇ ਸਮੇਂ ਸਾਰੇ ਕੈਪਰਾਂ ਤੋਂ ਧਾਰਮਿਕ ਜਾਂ ਦੇਸ਼ ਭਗਤੀ ਦੇ ਗੀਤ ਗਵਾਏ ਜਾਂਦੇ ਹਨ ਅਤੇ ਖਾਣਾ ਸ਼ੁਰੂ ਕਰਨ ਤੋਂ ਪਹਿਲਾਂ ਸਾਰੇ ਕੈਂਪਰ ਇੱਕ ਸੰਖੇਪ ਜਿਹਾ ਮੰਤਰ ਪੜ੍ਹ ਕੇ ਇੱਕ ਨਾਹਰਾ ਬੁਲੰਦ ਕਰਦੇ ਸਨ।ਮੰਤਰ ਦੀ ਸ਼ਬਦਾਵਲੀ ਸੀ, ''ਸਾਥ ਮੈਂ ਖੇਲੇ, ਸਾਥ ਮੇਂ ਖਾਏ, ਸਾਥ ਕਰੇ ਹਮ ਅੱਛੇ ਕਾਮ, ਜਬ ਤਕ ਸਭ ਕਾ ਭਲਾ ਨਾ ਹੋਗਾ, ਨਹੀਂ ਕਰੇਂਗੇ ਹਮ ਆਰਾਮ। ਇਸ ਤੋਂ ਬਾਅਦ ਇੱਕ ਜਾਣਾ ਕਹਿੰਦਾ ਹੈ", ''ਅੱਜ ਕਾ ਖਾਣਾ....... ਅਤੇ ਬਾਕੀ ਸਾਰੇ ਪੂਰੇ ਜੋਸ਼ ਨਾਲ ਜਵਾਬ ਦਿੰਦੇ, " ਬਹੁਤ ਅੱਛਾ, ਬਹੁਤ ਅੱਛਾ, ਬਹੁਤ ਅੱਛਾ"। (ਅੱਛਰੂ ਸਿੰਘ ''ਜੀਵਨ ਬਾਤਾਂ'' 26)

ਇਸ ਨਾਅਰੇ ਰਾਹੀਂ ਮਨੁੱਖ ਦਾ ਖਾਣੇ ਪ੍ਰਤੀ ਸਾਕਾਰਾਤਮਕ ਦ੍ਰਿਸ਼ਟੀਕੋਣ ਬਣਦਾ ਹੈ ਤੇ ਖਾਣੇ ਦੇ ਨਾਲ-ਨਾਲ ਮਨੁੱਖ ਜ਼ਿੰਦਗੀ ਦੇ ਹਰ ਫ਼ੈਸਲੇ ਵਿਚ ਹਾਂ ਪੱਖੀ ਸਾਕਾਰਾਤਮਕ ਨਜ਼ਰਾਂ ਰੱਖਣਾ ਸ਼ੁਰੂ ਕਰ ਦੇਵੇ ਤਾਂ ਉਹ ਜ਼ਿੰਦਗੀ ਦੇ ਹਰ ਪਲ 'ਚੋਂ ਸੁਆਦ ਮਹਿਸੂਸ ਕਰਨ ਲੱਗੇਗਾ।

ਲੇਖਕ ਅਨੁਸਾਰ ਜੇਕਰ ਮਨੁੱਖ ਨੂੰ ਚੰਗਾ ਸਾਹਿਤ ਤੇ ਚੰਗੇ ਰਾਹੇ ਪਾਉਣ ਵਾਲੇ ਮਨੁੱਖ ਮਿਲ ਜਾਂ ਤਾਂ ਉਹ ਗ਼ਲਤ ਰਸਤੇ ਪੈਣ ਤੋਂ ਬਚ ਸਕਦਾ ਹੈ। ਲੇਖਕ 'ਕੈਦੀ ਭਰਾਵਾਂ ਨਾਲ ਰੂਬਰੂ' ਨਿਬੰਧ ਵਿਚ ਆਪਣੇ ਅਨੁਭਵ ਸਾਂਝੇ ਕਰਦੇ ਹਨ ਕਿ ਜਿੱਥੇ ਉਨ੍ਹਾਂ ਨੂੰ ਕਈ ਕੈਦੀਆਂ ਨਾਲ ਮਿਲਣ ਦਾ ਮੌਕਾ ਮਿਲਿਆ। ਜਿਸ ਵਿਚ ਉਹ ਦੱਸਦੇ ਹਨ ਕਿ ਚੰਗੇ ਉਪਰਾਲੇ ਤੇ ਚੰਗਾ ਸਾਹਿਤ ਕਈ ਮਨੁੱਖਾਂ ਦੀ ਜ਼ਿੰਦਗੀ ਨੂੰ ਬਦਲ ਦੀ ਤਾਕਤ ਰੱਖਦਾ ਹੈ। 73 ਸਾਲ ਦੀ ਉਮਰ ਦੇ ਇੱਕ ਬਜ਼ੁਰਗ ਕੈਦੀ ਸਰਵਨ ਸਿੰਘ ਨੇ ਲੇਖਕ ਦਾ ਧੰਨਵਾਦ ਕਰਦਿਆਂ ਲਿਖਿਆ:

> ਆਪ ਦਾ ਬਹੁਤ ਧੰਨਵਾਦ, ਜੋ ਸਾਨੂੰ ਸਮਾਜ ਨਾਲੋਂ ਟੁੱਟਿਆਂ ਨੂੰ ਗੁਰੂ ਇਤਿਹਾਸ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੇ ਹੋ। (ਅੱਛਰੂ ਸਿੰਘ ''ਜੀਵਨ ਬਾਤਾਂ'' 45)

ਇਸ ਨੂੰ ਪੜ੍ਹ ਕੇ ਤੇ ਕੈਦੀ ਭਰਾਵਾਂ ਨਾਲ ਮਿਲ ਕੇ ਲੇਖਕ ਨੇ ਇਹ ਮਹਿਸੂਸ ਕੀਤਾ ਕਿ ਚੰਗੇ ਵਿਚਾਰ ਅਤੇ ਪਿਆਰ ਕਿਸੇ ਵੀ ਵਿਅਕਤੀ ਦੇ ਮਨ ਨੂੰ ਬਦਲਣ ਦੀ ਸ਼ਕਤੀ ਰੱਖਦੇ ਹਨ।ਕਈ ਵਾਰ ਮਨੁੱਖ ਆਪਣੀ ਜ਼ਿੰਦਗੀ ਦੇ ਰੁਝੇਵਿਆਂ ਚੋਂ ਇੰਨਾ ਨਿਰਾਸ਼ ਹੋ ਜਾਂਦਾ ਹੈ ਤੇ ਉਹਦੀ ਨਿਗ੍ਹਾ ਅਖ਼ਬਾਰ ਦੀ ਨਿੱਕੀ ਜਿਹੀ ਕਹਾਣੀ ਤੇ ਪੈ ਜਾਵੇ। ਉਸ ਨੂੰ ਪੜ੍ਹ ਕੇ ਮੁੜ ਆਸ਼ਾਵਾਦੀ ਸੋਚ ਦਾ ਧਾਰਨੀ ਬਣ ਜਾਂਦਾ ਹੈ। ਇਸ ਸੰਸਾਰ ਵਿਚ ਬਹੁਤ ਕੁੱਝ ਬਿਖਰਿਆਂ ਪਇਆ ਹੈ ਲੋੜ ਹੈ ਇਸ ਨੂੰ ਸੰਭਾਲਣ ਦੀ, ਚੰਗੇ ਸਾਹਿਤ ਨਾਲ ਨਾਲ ਜੁੜ ਕੇ ਉਸ ਨਾਲ ਪਿਆਰ ਪਾਉਣ ਦੀ।

ਅੱਜ ਦੀ ਨੌਜਵਾਨ ਪੀੜ੍ਹੀ ਨੂੰ ਜਦੋਂ ਸਭ ਕੁੱਝ ਬੈਠੇ ਬਿਠਾਏ, ਬਿਨਾਂ ਮਿਹਨਤ ਦੇ ਹਾਸਿਲ ਹੋ ਜਾਵੇ ਤਾਂ ਫਿਰ ਉਸ ਨੂੰ ਕਿਸੇ ਵੀ ਮਿਲੀ ਚੀਜ਼ ਦੀ ਓਨੀ ਕਦਰ ਨਹੀਂ ਹੋਵੇਗੀ, ਜਿੰਨੀ ਹੋਣੀ ਚਾਹੀਦੀ ਹੈ। ਲੇਖਕ ਅਨੁਸਾਰ ਬੱਚਿਆਂ ਵਿਚ ਮਿਹਨਤ ਕਰਨ ਦੀ ਆਦਤ, ਲਗਨ ਨਾਲ ਕੰਮ ਕਰਨ ਦਾ ਉਤਸ਼ਾਹ ਅਜਿਹੀਆਂ ਆਦਤਾਂ ਹਨ। ਜਿਹੜੀਆਂ ਸਾਰੀ ਉਮਰ ਤੁਹਾਡੇ ਬੱਚੇ ਦਾ ਸਾਥ ਨਹੀਂ ਛੱਡਦੀਆਂ ਤੇ ਉਹ ਜ਼ਿੰਦਗੀ ਨੂੰ ਫਿਰ ਬਾਕੀਆਂ ਦੇ ਮੁਕਾਬਲੇ ਤਣਾਅ ਮੁਕਤ ਜਿਊਂਦਾ ਹੈ।

ਆਪਣੇ ਬੱਚਿਆਂ ਵਿਚ ਸਖ਼ਤ ਮਿਹਨਤ ਕਰਨ ਦੀ ਆਦਤ ਪਾਉ ਕਿਉਂਕਿ ਲੋੜ ਤੋਂ ਵੱਧ ਹਿਫ਼ਾਜ਼ਤ, ਉਨ੍ਹਾਂ ਨੂੰ ਕੇਵਲ ਆਲਸੀ ਬਣਾ ਦੇਵੇਗੀ। ਭਾਵ ਅਸੀਂ ਜਿਸ ਪ੍ਰਕਾਰ ਘਰ ਤੇ ਰਿਸ਼ਤਿਆਂ ਵਿਚ ਵਿਚਰਦੇ ਹਾਂ, ਜਿਸ ਤਰ੍ਹਾਂ ਦਾ ਮਾਹੌਲ ਪਰਿਵਾਰਕ ਵਿਚ ਸਿਰਜਦੇ ਹਾਂ, ਬੱਚਾ ਉਹੋ ਜਿਹਾ ਹੀ ਬਣੇਗਾ। ਉਨ੍ਹਾਂ ਵਿਚ ਲਗਨ ਤੇ ਸਮਰਪਣ ਦੀਆਂ ਭਾਵਨਾਵਾਂ ਭਰੋ।

**ਸਿੱਟਾ:-** ਲੇਖਕ ਦੀ ਅਭਿਵਿਅਕਤੀ ਕਲਾ ਦੀ ਪਰਿਪੱਕ ਵਿਸ਼ੇਸ਼ਤਾ ਆਪ ਦੀ ਭਾਸ਼ਾ ਦੀ ਵਿਸ਼ੇਸ਼ਤਾ ਵਿਚਾਰਾਂ ਭਾਵਾਂ, ਸੰਵੇਦਨਾਵਾਂ, ਵੇਦਨਾ ਲਈ ਸ਼ਬਦ ਚੋਣ ਵਿਚ ਹੈ। ਲੇਖਕ ਅੰਗਰੇਜ਼ੀ ਸਾਹਿਤ ਦੇ ਪ੍ਰਾਧਿਆਪਕ, ਅਧਿਐਨ ਕਰਤਾ, ਅਤੇ ਪਾਠਕ ਹੋਣ ਦੇ ਨਾਤੇ, ਵਿਸ਼ਾਲ ਨਵੀਆਂ ਭਾਸ਼ਾਈ ਜੁਗਤਾਂ ਤੋਂ ਜਾਣੂ ਹੈ। ਜਿਸ ਦਾ ਸਿੱਟਾ ਲੇਖਕ ਨੇ ਆਪਣੀ ਮਾਤ ਭਾਸ਼ਾ ਦੇ ਪ੍ਰਯੋਗ ਸਮੇਂ ਇਨ੍ਹਾਂ ਦੀ ਸੁ ਵਰਤੋਂ ਕੀਤੀ ਹੈ, ਜਿਵੇਂ ਭਾਵਾਂ, ਵਿਚਾਰਾਂ, ਅਨੁਭਵਾਂ ਲਈ ਭਾਸ਼ਾ ਦੇ ਉਹ ਸ਼ਬਦ ਸਾਰਥਕ ਵਰਤੇ ਹਨ, ਜੋ ਢੁਕਵੇਂ ਨਿਵੇਕਲੇ ਤੇ ਸਹੀ ਅਰਥਾਂ ਦਾ ਸੰਚਾਰਨ ਕਰਦੇ ਹਨ। ਇਸ ਤੋਂ ਸਪਸ਼ਟ ਹੈ ਪ੍ਰੋ. ਅੱਛਰੂ ਸਿੰਘ, ਆਪਣੇ ਨਿਬੰਧਾਂ ਰਾਹੀਂ ਉਸਾਰੂ ਸਚਿਆਰੂ ਵਿਚਾਰਾਤਮਕ ਤੇ ਭਾਵਾਤਮਕ ਸੁਨੇਹੇ ਉਹੋ ਹੀ ਪ੍ਰਸਾਰ ਦਾ ਹੈ, ਜੋ ਲੋਕ ਸਮੂਹ ਦੇ ਹਿਤਕਾਰੀ ਅਤੇ ਇਨਕਲਾਬੀ ਤੱਤਾਂ ਤੇ ਅਧਾਰਿਤ ਹੋਣ।

ਇਸ ਅਧਿਆਇ ਵਿਚ ਲੇਖਕ ਦੇ ਨਿਬੰਧ ਸੰਗ੍ਰਹਿਆਂ 'ਜੀਵਨ ਦੇ ਰੰਗ', 'ਵਿਰਸਾ ਅਤੇ ਸਭਿਆਚਾਰ, ਸੁਣਿਆਂ ਅਤੇ ਹੰਢਾਇਆ', 'ਸਿੱਖੇ ਧਰਮ ਅਤੇ ਜੀਵਨ ਦਰਸ਼ਨ', 'ਜੀਵਨ ਬਾਤਾਂ', 'ਸ਼ਖ਼ਸੀਅਤ ਵਿਕਾਸ-ਕੋਮਲ ਹੁਨਰ ਅਤੇ ਮਾਨਵੀ ਕਦਰਾਂ ਕੀਮਤਾਂ' ਅਤੇ 'ਚਾਨਣ ਭਰੀ ਚੰਗੇਰ' ਦਾ ਵਿਵੇਚਨਾਤਮਕ ਅਧਿਐਨ ਕਰਦਿਆਂ ਸਮੁੱਚੇ-ਰੂਪ ਵਿਚ ਇਹ ਧਾਰਨਾਵਾਂ ਸਥਾਪਿਤ ਕੀਤੀਆਂ ਹਨ। ਨਿਬੰਧਕਾਰ ਵਜੋਂ ਅੱਛਰੂ ਸਿੰਘ ਆਪਣੇ ਉਸਾਰੂ ਦ੍ਰਿਸ਼ਟੀਕੋਣ ਨੂੰ ਚਲੰਤ ਸਮੇਂ ਦੀਆਂ ਸਮੱਸਿਆਵਾਂ, ਮਾਨਸਿਕ, ਸਮਾਜਿਕ, ਆਰਥਿਕ, ਉਲਝਣਾਂ ਵਿਚ ਫਸੇ ਅੱਜ

ਦੇ ਵਿਅਕਤੀ ਨੂੰ ਸਾਰਥਕ ਸੁਨੇਹੇ ਦਿੰਦਾ ਹੈ, ਜੋ ਉਸਦੇ ਸਾਹਿਤ ਲਿਖਣ ਲੇਖਕ ਇੱਕ ਅਲੱਗ ਪ੍ਰਕਾਰ ਦੀ ਦ੍ਰਿਸ਼ਟੀ ਦਾ ਮਾਲਕ ਹੈ, ਜੋ ਕਿ ਉਸ ਦੇ ਨਿਬੰਧਾਂ ਵਿਚ ਸਾਫ਼ ਤੌਰ ਤੇ ਝਲਕਦੀ ਹੈ।

ਅਜੋਕੇ ਯੁੱਗ ਵਿਚ ਜਿੱਥੇ ਹਰ ਪਾਸੇ ਬੇਚੈਨੀ, ਅਸੰਤੋਖ, ਬੇਈਮਾਨੀ, ਆਪਾ-ਧਾਪੀ ਚੱਲ ਰਹੀ ਹੈ। ਉੱਥੇ ਲੇਖਕ ਵੱਲੋਂ ਰਚਿਤ ਨਿਬੰਧ ਜੀਵਨ ਦੀਆਂ ਉਸਾਰੂ ਅਤੇ ਅਗਾਂਹ ਵਧੂ ਸੋਚ, ਕਦਰਾਂ-ਕੀਮਤਾਂ ਨੂੰ ਬਣਾਈ ਰੱਖਣ ਲਈ ਪ੍ਰੇਰਦਾ ਹੈ। ਲੇਖਕ ਅਜੋਕੇ ਸਮੇਂ ਦਾ ਹਾਣੀ ਬਣ ਕੇ ਯਥਾਰਥ ਨੂੰ ਚਿਤਰਨ ਦੇ ਸਮਰੱਥ ਹੈ। ਲੇਖਕ ਆਪਣੇ ਨਿਬੰਧ ਵਿਚ ਹਮੇਸ਼ਾ ਇੱਕ ਵਿਸ਼ੇਸ਼ ਪਰਿਸਥਿਤੀਆਂ ਵਿਚ ਵਾਪਰ ਰਹੇ ਮਨੁੱਖ ਅੰਦਰਲੇ ਦਵੰਦਾਂ, ਅਨੁਭਵਾਂ ਅਤੇ ਮਨੋਭਾਵਾਂ ਨੂੰ ਪਕੜਨ ਦੀ ਸਮਰੱਥਾ ਰੱਖਦਾ ਹੈ।

## ਅਧਿਆਇ ਪੰਜਵਾਂ

## ਡਾ. ਸੁਰਿੰਦਰਪਾਲ ਸਿੰਘ ਮੰਡ ਦੀ ਨਿਬੰਧਕਾਰੀ: ਵਿਧਾ-ਸ਼ਾਸਤਰੀ ਅਧਿਐਨ

ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਚੌਥੀ ਪੀੜ੍ਹੀ ਦੇ ਇੱਕ ਸਿਰਕੱਢ ਨਿਬੰਧਕਾਰ ਵਜੋਂ ਡਾ. ਸੁਰਿੰਦਰਪਾਲ ਸਿੰਘ ਮੰਡ ਵਿਸ਼ੇਸ਼ ਸਥਾਨ ਰੱਖਦਾ ਹੈ। ਡਾ. ਸੁਰਿੰਦਰਪਾਲ ਸਿੰਘ ਮੰਡ ਇੱਕ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਦੇ ਮਾਲਕ ਹਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ। ਲੇਖਕ ਨੇ ਨਿਬੰਧ ਲਿਖਣ ਤੋਂ ਇਲਾਵਾ ਬੱਚਿਆਂ ਲਈ ਕਾਵਿ-ਸੰਗ੍ਰਹਿ ਲਿਖੇ ਅਤੇ ਆਲੋਚਨਾ ਦੇ ਖੇਤਰ ਵਿਚ ਵੀ ਆਪਣੀ ਪਹਿਚਾਣ ਬਣਾਈ। ਲੇਖਕ ਦੇ ਨਿਬੰਧਾਂ ਵਿਚ ਜਿੱਥੇ ਸਾਦਗੀ ਤੇ ਸਪਸ਼ਟਤਾ ਦਿਖਾਈ ਦਿੰਦੀ ਹੈ, ਉੱਥੇ ਲੇਖਕ ਦਾ ਦ੍ਰਿਸ਼ਟੀਕੋਣ ਵਿਗਿਆਨਕ ਅਤੇ ਸਮਕਾਲ ਦੇ ਹਾਣ ਦਾ ਹੈ। ਡਾ. ਸੁਰਿੰਦਰਪਾਲ ਸਿੰਘ ਮੰਡ 'ਜਿਊਣ ਦਾ ਸਲੀਕਾ' ਨਿਬੰਧ ਸੰਗ੍ਰਹਿ ਵਿਚ ਦੱਸਦਾ ਹੈ ਕਿ ਮਨੁੱਖ ਕੋਲ ਜੀਵਨ ਤਾਂ ਹੈ, ਪਰ ਉਸ ਨੂੰ ਸਹੀ ਢੰਗ ਨਾਲ ਜਿਊਣਾ ਕਿਸ ਤਰ੍ਹਾਂ ਹੈ, ਇਸ ਗੱਲ ਤੋਂ ਉਹ ਅਵੇਸਲੇ ਹਨ। ਜਿਸ ਕਾਰਨ ਉਹ ਮਾਨਸਿਕ ਪਰੇਸ਼ਾਨੀਆਂ ਨੂੰ ਵੀ ਜਾਣੇ ਅਨਜਾਣੇ ਜਨਮ ਦਿੰਦਾ ਹੈ। ਵਾਰਤਕਕਾਰ ਵਜੋਂ ਲੇਖਕ ਨੇ ਆਪਣਾ ਸਾਹਿਤਕ ਸਫ਼ਰ 1996 ਤੋਂ ਸ਼ੁਰੂ ਕੀਤਾ। ਲੇਖਕ ਦੇ ਨਿਬੰਧਾਂ ਦੀ ਪਹਿਲੀ ਪੁਸਤਕ 'ਹੀਰ ਆਖਦੀ ਜੋਗੀਆ ਝੂਠ ਬੋਲੇ' 1996 ਈ. ਵਿਚ ਪ੍ਰਕਾਸ਼ਿਤ ਹੋਈ। ਅਜੋਕੇ ਦੌਰ ਵਿਚ ਲੇਖਕ ਕਿਸੇ ਵੱਖਰੀ ਪਹਿਚਾਣ ਦਾ ਮੁਥਾਜ ਨਹੀਂ ਹੈ। ਦਲੀਪ ਕੌਰ ਟਿਵਾਣਾ ਸੁਰਿੰਦਰਪਾਲ ਸਿੰਘ ਮੰਡ ਬਾਰੇ ਆਪਣੇ ਵਿਚਾਰ ਪੇਸ਼ ਕਰਦੀ ਹੈ:

> ਚੰਗੀ ਵਾਰਤਕ ਲਿਖਣ ਵਾਲੇ ਅੱਜ ਕੱਲ੍ਹ ਬੜੇ ਘੱਟ ਲੋਕ ਦਿਸਦੇ ਹਨ ਕਿਉਂਕਿ ਵਾਰਤਕ ਵਿਚ ਬੜੀਆਂ ਕਾਲਪਨਿਕ ਗੱਲਾਂ ਜਾਂ ਭਾਵਨਾਵਾਂ ਦੀਆਂ ਗੱਲਾਂ ਨੂੰ ਸਿਰਫ਼ ਬਿਆਨ ਨਹੀਂ ਕੀਤਾ ਜਾ ਸਕਦਾ।ਵਾਰਤਕ ਲਿਖਣ ਲਈ ਲਈ ਵਿਸ਼ਾਲ ਗਿਆਨ, ਸਮਝ, ਦ੍ਰਿਸ਼ਟੀ ਤੇ ਦ੍ਰਿਸ਼ਟੀਕੋਣ ਦੀ ਲੋੜ ਪੈਂਦੀ ਹੈ। ਜੇ ਲਿਖਤ ਚੰਗੀ ਨਾ ਹੋਏ ਤਾਂ ਅਖ਼ਬਾਰਾਂ ਵਾਲੇ ਛਾਪਦੇ ਨਹੀਂ। ਤੁਹਾਡੀਆਂ

> ਲਿਖਤਾਂ ਦਾ ਏਨਾ ਪਰਵਾਨ ਹੋ ਜਾਣਾ ਹੀ ਦੱਸਦਾ ਹੈ ਕਿ ਤੁਸੀਂ ਚੰਗਾ ਲਿਖਦੇ ਹੋ। (ਮੰਡ ''ਜਿਊਣ ਦਾ ਸਲੀਕਾ'' 6)

ਲੇਖਕ ਨੇ ਵੱਖ-ਵੱਖ ਵਿਧਾਵਾਂ ਨੂੰ ਆਪਣੀ ਲੇਖਣੀ ਦਾ ਮਾਧਿਅਮ ਬਣਾਇਆ ਹੈ, ਪ੍ਰੰਤੂ ਵਧੇਰੇ ਪ੍ਰਸਿੱਧੀ ਲੇਖਕ ਨੂੰ ਨਿਬੰਧਕਾਰ ਵਜੋਂ ਹਾਸਿਲ ਹੋਈ ਹੈ। ਉਨ੍ਹਾਂ ਦੀ ਉਚੇਰੀ ਸ਼ਖ਼ਸੀਅਤ ਦਾ ਪ੍ਰਭਾਵ, ਉਨ੍ਹਾਂ ਦਾ ਵਿਸ਼ਾਲ ਅਨੁਭਵ ਤੇ ਦੀਰਘ ਦ੍ਰਿਸ਼ਟੀ, ਉਨ੍ਹਾਂ ਦੇ ਨਿਬੰਧਾਂ ਵਿਚ ਸਾਫ਼ ਤੌਰ ਤੇ ਝਲਕਦੀ ਹੈ। 'ਜਿਊਣ ਦਾ ਸਲੀਕਾ' ਨਿਬੰਧ ਵਿਚ ਲੇਖਕ ਆਪਣੀ ਨਿਵੇਕਲੀ ਦ੍ਰਿਸ਼ਟੀ ਨੂੰ ਲੈ ਕੇ ਚੱਲਿਆ ਹੈ। ਇਸ ਲੇਖਕ ਵੱਲੋਂ ਲਿਖੀ ਹਰੇਕ ਕਿਰਤ ਜ਼ਿੰਦਗੀ ਦੇ ਅਨੁਭਵ ਦੇ ਸੇਕ ਨਾਲ ਤਪਦੀ ਹੋਈ ਆਪਣੀਆਂ ਲਿਖਤਾਂ ਨੂੰ ਤਰਕ ਤੇ ਕਲਪਨਾ ਦੀ ਲੈਅ ਨਾਲ ਰੁਸ਼ਨਾਉਂਦੀ ਪ੍ਰਤੀਤ ਹੁੰਦੀ ਹੈ।

> ਵਰਿਆਮ ਸਿੰਘ ਸੰਧੂ ਦੇ ਸ਼ਬਦਾਂ ਵਿਚ: ਸੁਰਿੰਦਰ ਮੰਡ ਦੇ ਨਿਬੰਧ ਏਨੇ ਵਧੀਆਂ ਹੁੰਦੇ ਹਨ, ਏਨੇ ਦਿਲਚਸਪ ਕਿ ਇਹਨਾਂ ਨੂੰ ਮਗਰਲੇ ਪਾਸਿਓ ਦੀ ਸ਼ੁਰੂ ਕਰ ਕੇ ਵੀ ਪੜ੍ਹਿਆ ਜਾ ਸਕਦਾ ਹੈ.........। (ਮੰਡ ''ਜਿਊਣ ਦਾ ਸਲੀਕਾ'' 6)

ਲੇਖਕ ਦੀ ਵਿਸ਼ੇਸ਼ ਪ੍ਰਕਾਰ ਦੀ ਦ੍ਰਿਸ਼ਟੀ, ਉਸ ਦੇ ਨਿਬੰਧਾਂ ਵਿਚ ਸਾਫ਼ ਝਲਕਦੀ ਹੈ। ਲੇਖਕ ਦੀ ਰਚਨਾ ਵਿਚ ਵਿਚਾਰ ਇੰਨੇ ਡੂੰਘੇ ਹਨ, ਜਿਨ੍ਹਾਂ ਨੂੰ ਪੜ੍ਹ ਕੇ ਪਾਠਕ, ਉਨ੍ਹਾਂ ਵਿਚਾਰਾਂ ਨੂੰ ਆਪਣੀ ਜ਼ਿੰਦਗੀ ਵਿਚ ਢਾਲਣ ਦਾ ਜਤਨ ਕਰਦਾ ਹੈ। ਲੇਖਕ ਸਮੇਂ ਤੇ ਯਥਾਰਥ ਨੂੰ ਚਿਤਰਨ ਦੀ ਯੋਗਤਾ ਰੱਖਦਾ ਹੈ ਅਤੇ ਉਹ ਵਿਸ਼ੇਸ਼ ਪਰਿਸਥਿਤੀਆਂ ਵਿਚ ਜਕੜੇ ਹੋਏ ਮਨੁੱਖ ਦੇ ਅਨੁਭਵਾਂ ਅਤੇ ਮਨੋਭਾਵਾਂ ਨੂੰ ਵੀ ਪਕੜਦਾ ਹੈ। ਲੇਖਕ ਵਧੇਰੇ ਸੂਖਮ ਚੇਤੰਨ ਬੁੱਧੀ ਵਾਲਾ ਨਿਬੰਧਕਾਰ ਹੈ। ਨਿਬੰਧਕਾਰ ਦੇ ਨਿਬੰਧਾਂ ਵਿਚ ਲਘੂਤਾ ਵਾਲਾ ਗੁਣ ਵੀ ਮੌਜੂਦ ਹੈ। ਜਿਹੜਾ ਨਿਬੰਧਾਂ ਲਈ ਬਹੁਤ ਜ਼ਰੂਰੀ ਮੰਨਿਆਂ ਜਾਂਦਾ ਹੈ। ਨਿਬੰਧ ਰਚਨਾ ਵਿਚ ਸਪਸ਼ਟਤਾ, ਸੁਭਾਵਿਕਤਾ, ਵਿਚਾਰ, ਭਾਵਾਂ ਦੀ ਨਿਰੰਤਰਤਾ ਤੇ ਸੁਭਾਵਿਕਤਾ ਇਹ ਜ਼ਰੂਰੀ ਲੱਛਣ ਮੰਨੇ ਜਾਂਦੇ ਹਨ। ਲੇਖਕ ਦੇ ਨਿਬੰਧ ਸੰਗ੍ਰਹਿ 'ਜਿਊਣ

ਦਾ ਸਲੀਕਾ', ਵਿਚ ਕੁੱਲ 27 ਨਿਬੰਧ ਦਰਜ ਹਨ, ਜਿਹੜੇ 126 ਪੰਨਿਆਂ ਉੱਤੇ ਦਰਜ ਹਨ, ਜੋ ਸਮਕਾਲ ਦੇ ਯਥਾਰਥ ਨੂੰ ਪੇਸ਼ ਕਰਦੇ ਹਨ, ਜਿਨ੍ਹਾਂ ਵਿਚ ਪੇਸ਼ :

- ਗਿਆਨ ਦਾ ਬਦਲਦਾ ਸਰੂਪ
- ਪਰਿਵਾਰਿਕ ਰਿਸ਼ਤਿਆਂ ਦਾ ਸਰੂਪ
- ਗਿਆਨ ਦੇ ਰਿਸ਼ਤੇ
- ਸਮਾਜਿਕ ਬੁਰਾਈਆਂ ਜਿਵੇਂ ਨਸ਼ਾ, ਭਰੂਣ-ਹੱਤਿਆ
- ਸਿਰਜਨਾਤਮਕ ਤੇ ਕਲਾਤਮਕ ਰੁਝਾਨ
- ਵਾਤਾਵਰਣ ਚੇਤਨਾ ਦੀ ਘਾਟ
- ਜੀਵਨ ਜਾਚ

ਲੇਖਕ ਅਨੁਸਾਰ ਮਨੁੱਖੀ ਜੀਵਨ ਵਿਚੋਂ ਉਪਰੋਕਤ ਸਭ ਕੁੱਝ ਗਵਾਚਦਾ ਜਾ ਰਿਹਾ ਹੈ ਤੇ ਜਿਸ ਕਾਰਨ ਉਹ ਸਰੀਰਕ ਤੇ ਮਾਨਸਿਕ ਪਰੇਸ਼ਾਨੀਆਂ ਨੂੰ ਸਹੇੜਦਾ ਹੈ ਤੇ ਜ਼ਿੰਦਗੀ ਵਿਚ ਉਸ ਨੂੰ ਕਈ ਵਾਰ ਨਮੋਸ਼ੀ ਦਾ ਸਾਹਮਣਾ ਕਰਨਾ ਪੈਦਾ ਹੈ ਤੇ ਡਾ. ਸੁਰਿੰਦਰਪਾਲ ਸਿੰਘ ਮੰਡ ਦੇ ਨਿਬੰਧਾਂ ਵਿਚ ਮਨੁੱਖ ਨੂੰ ਇਹਨਾਂ ਸਾਰੀਆਂ ਉਲਝਣਾਂ ਪ੍ਰਤੀ ਸੁਚੇਤ ਕਰ ਕੇ ਉਸ ਨੂੰ ਦੂਰ ਕਰਨਾ ਅਤੇ ਉੱਚੀ-ਸੁੱਚੀ ਤੇ ਸਰਵਪੱਖੀ ਸ਼ਖ਼ਸੀਅਤ ਦਾ ਮਾਲਕ ਬਣਨ ਦੀ ਪ੍ਰੇਰਨਾ ਦਿੱਤੀ ਗਈ ਹੈ। ਡਾ. ਸੁਰਿੰਦਰਪਾਲ ਸਿੰਘ ਮੰਡ ਦੇ ਨਿਬੰਧ ਸਾਹਿਤ ਦਾ ਅਧਿਐਨ ਕਰਨ ਉਪਰੰਤ ਇਹ ਉੱਭਰ ਕੇ ਪੇਸ਼ ਹੁੰਦਾ ਹੈ ਕਿ ਲੇਖਕ ਅੱਜ ਦੇ ਸਮੇਂ ਦੇ ਸੱਚ ਨੂੰ ਚਿਤਾਰਦਾ ਹੈ, ਜੋ ਸਮਾਜ ਲਈ

ਕਲਿਆਣਕਾਰੀ ਸਾਬਤ ਹੋਣ ਦੇ ਨਾਲ-ਨਾਲ ਪਾਠਕ ਨੂੰ ਅਨੰਦ ਮਈ ਅਵਸਥਾ ਵਿਚ ਲੈ ਕੇ ਜਾਣ ਵਿਚ ਵੀ ਸਹਾਈ ਹੁੰਦਾ ਹੈ।

ਲੇਖਕ ਦੇ ਨਿਬੰਧਾਂ ਵਿਚ ਪ੍ਰਸਤੁਤ ਵਿਭਿੰਨ ਵਿਸ਼ਿਆਂ ਉੱਪਰ ਵਿਚਾਰ ਕਰਦੇ ਹਾਂ। ਲੇਖਕ ਦੀ ਪੁਸਤਕਾਂ ਵਿਚ ਮੁੱਖ ਰੂਪ ਵਿਚ (ੳ) ਸ਼ਖ਼ਸੀਅਤ ਉਸਾਰੀ (ਅ) ਜੀਵਨ ਜਾਚ (ੲ) ਨੈਤਿਕ ਕਦਰਾਂ-ਕੀਮਤਾਂ ਸ) ਮਨੋਵਿਗਿਆਨਕ ਨਿਬੰਧ ਹ) ਸਮਕਾਲੀ ਸਰੋਕਾਰ, ਜਿਵੇਂ ਵਾਤਾਵਰਣ ਪ੍ਰਤੀ ਚਿੰਤਨ, ਤਿੜਕਦੇ ਰਿਸ਼ਤੇ, ਅਜੋਕਾ ਗੀਤ ਸੰਗੀਤ, ਨਸ਼ਿਆਂ ਵਿਚ ਗਵਾਚ ਦੀ ਅਜੋਕੀ ਪੀੜ੍ਹੀ, ਆਦਿ ਨੂੰ ਪੇਸ਼ ਕੀਤਾ ਹੈ। ਲੇਖਕ ਦੇ ਨਿਬੰਧਾਂ ਵਿਚ ਪੇਸ਼ ਵਿਸ਼ੇ, ਅਜੋਕੇ ਮਨੁੱਖ ਨੂੰ ਉਸ ਦੇ ਅਸਲੇ ਨਾਲ ਜੋੜ ਦਾ ਜਤਨ ਹੈ, ਜਿਸ ਤੋਂ ਉਹ ਖੁੰਝਦਾ ਜਾ ਰਿਹਾ ਹੈ ਅਤੇ ਨਾਲ ਹੀ ਨਾਲ ਨਿੱਜੀ ਤਜਰਬਿਆਂ ਦੇ ਹਵਾਲੇ ਦੇ ਕੇ ਮਨੁੱਖ ਨੂੰ ਸੁਚਾਰੂ ਤੇ ਸੁਚੱਜਤਾ ਭਰਪੂਰ ਜੀਵਨ ਜਿਉਣ ਵੱਲ ਵੀ ਪ੍ਰੇਰਿਆ ਗਿਆ ਹੈ।

## 1.ਵਿਸ਼ਾ-ਵਸਤੂ ਅਤੇ ਦ੍ਰਿਸ਼ਟੀਕੋਣ

**ੳ) ਸ਼ਖ਼ਸੀਅਤ ਉਸਾਰੀ:-** ਇੱਕ ਮਨੁੱਖ ਦੇ ਜਿੰਨੇ ਸੋਹਣੇ ਖ਼ਿਆਲ ਹੋਣਗੇ, ਓਨੀ ਹੀ ਸੋਹਣੀ ਆਤਮਾ ਦਾ ਉਹ ਮਾਲਕ ਹੋਵੇਗਾ ਤੇ ਓਨੀ ਹੀ ਪ੍ਰਭਾਵਸ਼ਾਲੀ ਉਸ ਦੀ ਸ਼ਖ਼ਸੀਅਤ ਹੋਵੇਗੀ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਮਨੁੱਖ ਦੇ ਵਿਚਲੀ ਸੁੰਦਰਤਾ ਨੂੰ ਸ਼ਖ਼ਸੀਅਤ ਦਾ ਨਾਮ ਦਿੱਤਾ ਹੈ:

> ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਸ਼ਬਦਾਂ ਵਿਚ: ਸ਼ਖ਼ਸੀਅਤ ਦੀ ਜਾਇਦਾਦ, ਇੱਕ ਇੱਟ-ਇੱਟ ਖ਼ੁਦ ਜੋੜ ਕੇ ਬਣਾਉਣੀ ਪੈਂਦੀ ਹੈ। ਇਹ ਕਿਸੇ ਜਾਤੀ ਦੀਆਂ ਕੋਸ਼ਿਸ਼ਾਂ ਦਾ ਫਲ ਹੁੰਦੀ ਹੈ। ਇਹ ਮਾਪਿਆ ਕੋਲੋਂ ਨਹੀਂ ਮਿਲਦੀ, ਇਹ ਬਾਹਰਲੀਆਂ ਰਿਆਇਤਾਂ ਨਾਲ ਨਹੀਂ ਬਣਦੀ, ਇਹ

> ਜਨਮ, ਦੌਲਤ ਜਾਂ ਜਮਾਂਦਰੂ ਲਿਆਕਤ ਦਾ ਜ਼ਰੂਰੀ ਨਤੀਜਾ ਨਹੀਂ ਹੁੰਦੀ। ਇਹ ਚੰਗੇ ਅਸੂਲਾਂ ਉੱਤੇ ਕੀਤੇ ਚੰਗੇ ਅਮਲਾਂ ਦਾ ਫਲ ਹੁੰਦੀ ਹੈ। (''ਮਨੋਹਰ ਸ਼ਖ਼ਸੀਅਤ'' 6)

ਉਪਰੋਕਤ ਪਰਿਭਾਸ਼ਾ ਤੋਂ ਭਾਵ ਜ਼ਿੰਦਗੀ ਵਿਚ ਮਨੁੱਖ ਵੱਲੋਂ ਕੀਤੇ ਗਏ, ਜਤਨ ਉਸ ਦੀ ਸ਼ਖ਼ਸੀਅਤ ਉਸਾਰੀ ਵਿਚ ਬਹੁਤ ਅਹਿਮ ਭੂਮਿਕਾ ਨਿਭਾਉਂਦੇ ਹਨ। ਸੁਹਿਰਦ ਜਤਨ, ਚੰਗੇ ਅਮਲ ਤੇ ਅਨੁਸ਼ਾਸਨ ਮਨੁੱਖ ਦੀ ਸਫਲ ਸ਼ਖ਼ਸੀਅਤ ਦੇ ਪੱਖ ਹਨ।

ਲੇਖਕ ਨੇ ਨਿਬੰਧਾਂ ਵਿਚ ਪੇਸ਼ ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਵਿਚ ਕਿਹੜੀਆਂ-ਕਿਹੜੀਆਂ ਗੱਲਾਂ ਮੌਜੂਦ ਹੋਈਆਂ ਚਾਹੀਦੀਆਂ ਹਨ ਆਦਿ ਬਾਰੇ ਚਾਨਣਾ ਪਾਇਆ ਹੈ ਅਤੇ ਲੇਖਕ ਅਨੁਸਾਰ ਜੇਕਰ ਮਨੁੱਖ ਉਨ੍ਹਾਂ ਨੂੰ ਧਾਰਨ ਕਰ ਕੇ ਆਪਣੀ ਜ਼ਿੰਦਗੀ ਦਾ ਇੱਕ ਹਿੱਸਾ ਬਣਾ ਲਵੇ ਤਾਂ ਉਹ ਉਸ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਾ ਕੇ ਉਸ ਨੂੰ ਬੁਲੰਦੀਆਂ ਦੇ ਸਿਖ਼ਰਾਂ ਤੱਕ ਪਹੁੰਚਾ ਦੇਵੇਗਾ। ਲੇਖਕ ਅਨੁਸਾਰ ਸੁਹਿਰਦ ਸੋਚ, ਇਕਾਗਰਤਾ, ਸੋਹਣੇ ਵਿਚਾਰ, ਚੰਗਾ ਗਿਆਨ, ਸਹਿਜ ਅਤੇ ਸਬਰ ਆਦਿ ਗੁਣ ਮਿਲ ਕੇ ਮਨੁੱਖੀ ਸ਼ਖ਼ਸੀਅਤ ਨੂੰ ਚਾਰ ਚੰਨ ਲਾ ਦਿੰਦੇ ਹਨ।

ਜਿਸ ਸਮਾਜ ਵਿਚ ਮਨੁੱਖ ਅੱਜ ਵਿਚਰ ਰਿਹਾ ਹੈ, ਉੱਥੇ ਕੋਈ ਨਾ ਕੋਈ ਚੇਟਕ ਤਾਂ ਮਨੁੱਖ ਨੂੰ ਲੱਗਣੀ ਹੀ ਹੈ।ਇਸ ਲਈ ਸਭ ਤੋਂ ਵਧੀਆ ਤਰੀਕਾ ਹੈ, ਚੰਗੇ ਕੰਮਾਂ ਦੀ ਚੇਟਕ ਲਗਾਉਣੀ ਤੇ ਮਾਤਾ ਪਿਤਾ ਇਸ ਵਿਚ ਇੱਕ ਬਹੁਤ ਵੱਡੀ ਭੂਮਿਕਾ ਅਦਾ ਕਰ ਸਕਦੇ ਹਨ। ਬੱਚੇ ਦੀ ਉੱਚ ਸ਼ਖ਼ਸੀਅਤ ਦੀ ਉਸਾਰੀ ਲਈ ਬਚਪਨ ਵਿਚ ਹੀ ਉਸ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਦੀ ਚੇਟਕ ਲਗਾਉਣੀ ਬਹੁਤ ਜ਼ਰੂਰੀ ਹੈ। 'ਪੜ੍ਹਨ ਦੇ ਸ਼ੌਕ' ਦਾ ਨਿਬੰਧ ਰਾਹੀਂ ਸੁਰਿੰਦਰਪਾਲ ਸਿੰਘ ਮੰਡ ਮਨੁੱਖੀ ਸ਼ਖ਼ਸੀਅਤ ਉਸਾਰੀ ਵਿਚ ਕਿਤਾਬਾਂ ਦਾ ਮਹੱਤਵ ਸਮਝਾਉਂਦਾ ਹੈ:

> ਜਿਸ ਨੂੰ ਵੀ ਪੜ੍ਹਨ ਦਾ ਸ਼ੌਕ ਪੈਦਾ ਹੋ ਗਿਆ, ਸਮਝੋ ਕਿ ਹੁਣ ਤੱਕ ਬੰਦ ਗੁਫ਼ਾ ਵਿਚ ਤੜੇ ਰਹੇ ਬੰਦੇ ਲਈ ਉਹ ਖਿੜਕੀ ਖੁੱਲ੍ਹ ਗਈ ਹੈ। ਜਿਸ ਥਾਣੀ ਉਸ ਨੂੰ ਸਾਰਾ ਸੰਸਾਰ ਨਜ਼ਰ ਆ ਸਕਦਾ

> ਹੈ।ਹੁਣ ਉਹ ਸੈਂਕੜੇ ਸਾਲ ਪਹਿਲਾਂ ਹੋ ਚੁੱਕੇ ਸਿਆਣੇ ਬੰਦਿਆਂ ਦੀ ਸੰਗਤ ਮਾਣ ਸਕਦਾ ਹੈ। (''ਜਿਊਣ ਦਾ ਸਲੀਕਾ'' 7)

ਕਿਤਾਬਾਂ ਵਿਚ, ਜੋ ਗਿਆਨ ਮਨੁੱਖ ਪ੍ਰਾਪਤ ਕਰਦਾ ਹੈ, ਉਹ ਕਿਤੇ ਵੀ ਹੱਟੀਉ ਮੁੱਲ ਨਹੀਂ ਮਿਲਦਾ।ਪੰਜਾਬ ਦਾ ਸ਼ਬਦ ਨਾਲ ਬਹੁਤ ਗੂੜ੍ਹਾ ਨਾਤਾ ਹੈ। ਪੰਜਾਬ ਦੀ ਧਰਤੀ 'ਤੇ ਵੇਦਾਂ ਦੀ ਰਚਨਾ ਹੋਈ ਅਤੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸ਼ਬਦ ਗੁਰੂ ਹੈ। ਗਿਆਨ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਤੋਂ ਗਿਆਨਤਾ ਵੱਲ ਲੈ ਤੁਰਦਾ ਹੈ ਤੇ ਫਿਰ ਮਨੁੱਖ ਕਿਤਾਬਾਂ ਵਿਚ ਸੁੰਦਰ ਰੰਗ ਅਤੇ ਫ਼ੋਟੋਆਂ ਤੇ ਹੀ ਨਜ਼ਰ ਨਹੀਂ ਮਾਰਦਾ, ਸਗੋਂ ਉਸ ਵਿਚੋਂ ਗਿਆਨ ਦਾ ਸੋਮਾ ਹਾਸਿਲ ਕਰਦਾ ਹੈ। ਜਦੋਂ ਵੀ ਮਨੁੱਖ ਆਪਣੀ ਰੋਜ਼ਾਨਾ ਭਰਪੂਰ ਜ਼ਿੰਦਗੀ ਤੋਂ ਵਿਹਲਾ ਹੁੰਦਾ ਹੈ ਤਾਂ ਵਕਤ ਨਹੀਂ ਗੁਜ਼ਰਦਾ ਤਾਂ ਉਸ ਸਮੇਂ ਸਹੀ ਚੇਟਕ ਲੱਗਣੀ ਬਹੁਤ ਜ਼ਰੂਰੀ ਹੈ ਨਹੀਂ ਤੇ ਮਨੁੱਖ ਨੂੰ ਮਾੜੀਆਂ ਚੇਟਕਾਂ ਕਦੋਂ ਆ ਕੇ ਦਬੋਚ ਲੈਣ ਪਤਾ ਹੀ ਨਹੀਂ ਲੱਗਣਾ। ਲੋਕ ਸਿਆਣਪਾਂ ਵਿਚ ਆਉਂਦਾ ਹੈ, ਵਿਹਲਾ ਮਨ ਸ਼ੈਤਾਨ ਦਾ ਘਰ। ਮਨੁੱਖ ਦਾ ਸਭ ਤੋਂ ਸ਼ਕਤੀਸ਼ਾਲੀ ਤਾਕਤਵਰ ਪਹਿਲੂ ਉਸ ਦੀ ਬੁੱਧੀ ਹੈ, ਜੋ ਉਸ ਦੀ ਸ਼ਖ਼ਸੀਅਤ ਨੂੰ ਉਸਾਰਦੀ ਹੈ। ਜਿਸ ਤੋਂ ਬੰਦਾ ਹੋਲੀ-ਹੋਲੀ ਪਾਠਕ ਤੋਂ ਸਾਹਿਤ ਦਾ ਪਾਰਖੂ ਬਣ ਕੇ ਨਿੱਤਰਦਾ ਹੈ:

> ਕਿਤਾਬਾਂ ਵਿਚ ਹੁਣ ਤਕ ਪੈਦਾ ਹੋਏ, ਸਭ ਸਿਆਣੇ ਬੰਦੇ ਜਿਊਂਦੇ ਜਾਗਦੇ ਬੈਠੇ ਹਨ। ਉਨ੍ਹਾਂ ਦੇ ਭਰਵੇਂ ਦਰਸ਼ਨ ਸਾਨੂੰ ਦੂਰ ਪਾਰ ਵੇਖਣ ਦੇ ਕਾਬਲ ਬਣਾਉਂਦੇ ਹਨ। (ਮੰਡ ''ਜਿਊਣ ਦਾ ਸਲੀਕਾ'' 10)

ਅੱਜ ਦੇ ਸਮੇਂ ਦੀ ਲੋੜ ਸਿਰਫ਼ ਆਪਣੇ ਅੰਦਰ ਤੱਕ ਝਾਕਣ ਦੀ ਨਹੀਂ, ਸਗੋਂ ਗਿਆਨਵਾਨ ਹੋ ਕੇ ਆਪਣੇ ਆਲੇ-ਦੁਆਲੇ ਨਜ਼ਰ ਮਾਰ ਕੇ ਉਸ ਵਿਚੋਂ ਗਿਆਨ ਪ੍ਰਾਪਤ ਕਰਨ ਦੀ ਵੀ ਹੈ।

ਉਪਰੋਕਤ ਸ਼ਬਦਾਂ ਤੋਂ ਭਾਵ ਚੰਗਾ ਗਿਆਨ ਹਮੇਸ਼ਾ ਹੀ ਮਨੁੱਖ ਦਾ ਮਾਰਗ ਦਰਸ਼ਨ ਕਰਦਾ ਹੈ, ਫਿਰ ਚਾਹੇ ਉਹ ਕਿਤਾਬਾਂ ਹੋਣ ਜਾਂ ਚੰਗੇ ਮਨੁੱਖਾਂ ਦੀ ਸੰਗਤ, ਸਿਰਫ਼ ਕਿਤਾਬਾਂ ਹੀ ਨਹੀਂ ਪ੍ਰਕ੍ਰਿਤੀ ਵਿਚ ਬਹੁਤ ਕੁੱਝ ਹੈ, ਜਿਸ ਤੋਂ ਮਨੁੱਖ ਬਹੁਤ ਕੁੱਝ ਹਾਸਿਲ ਕਰ ਸਕਦਾ ਹੈ ਤੇ ਅਜਿਹੀ ਸ਼ਖ਼ਸੀਅਤ ਦਾ ਮਾਲਕ ਬਣ ਸਕਦਾ ਹੈ, ਜੋ ਉਸ ਨੂੰ ਬਾਕੀਆਂ ਨਾਲੋਂ ਵੱਖਰਾਉਂਦੀ ਹੈ:

> ਡਾ.ਟੀ.ਆਰ ਸ਼ਰਮਾ ਅਨੁਸਾਰ: ਸੰਪੂਰਨ ਤੇ ਸਫਲ ਸਿੱਖਿਆ ਉਹ ਹੈ, ਜੋ ਮਨੁੱਖ ਦੀਆਂ ਸੰਭਾਵਨਾਵਾਂ (Potentialities) ਨੂੰ ਵਿਕਸਤ ਕਰਦੀ ਹੈ, ਉਸ ਦੀ ਪ੍ਰਤਿਭਾ ਨੂੰ ਪਛਾਣਦੀ ਹੈ ਤੇ ਚਮਕਾਉਂਦੀ ਹੈ, ਉਸ ਦਾ ਬਹੁ-ਪੱਖੀ ਵਿਕਾਸ ਭਾਵ ਮਾਨਸਿਕ, ਸਰੀਰਕ, ਸਮਾਜਿਕ ਤੇ ਆਤਮਿਕ ਆਦਿ ਮਨੁੱਖੀ ਸ਼ਖ਼ਸੀਅਤ ਨੂੰ ਵਿਕਸਿਤ ਕਰਦੀ ਹੈ, ਉਸ ਵਿਚ ਨੈਤਿਕਤਾ ਦਾ ਵਿਵਹਾਰ ਪੈਦਾ ਕਰਦੀ ਹੈ। (ਕੋਮਲ ''ਚੋਣਵੇਂ ਪੰਜਾਬੀ ਨਿਬੰਧ'' 165)

ਉਪਰੋਕਤ ਸ਼ਬਦਾਂ ਤੋਂ ਭਾਵ ਸਿੱਖਿਆ ਮਨੁੱਖ ਦਾ ਸਰਵਪੱਖੀ ਵਿਕਾਸ ਕਰਦੀ ਹੈ।

ਅੱਜ ਜਿਉਂ-ਜਿਉਂ ਸਮਾਂ ਬੀਤਦਾ ਜਾ ਰਿਹਾ ਹੈ, ਮਨੁੱਖ ਦੀ ਚੰਗੇਰੀ ਸ਼ਖ਼ਸੀਅਤ ਸਮੇਂ ਦੀ ਮੁੱਖ ਲੋੜ ਬਣਦੀ ਜਾ ਰਹੀ ਹੈ। ਅੱਜ ਜਿਹੜੇ ਮਾਪਿਆਂ ਨੇ ਆਪਣੇ ਬੱਚਿਆਂ ਦੇ ਸੁਹਿਰਦਤਾ ਦੀ ਨੀਂਹ ਨਹੀਂ ਰੱਖੀ, ਉਹ ਆਪੇ ਭਾਵੇਂ ਬੱਚਿਆਂ ਦੇ ਬਿਹਤਰ ਭਵਿੱਖ ਲਈ ਲੱਖ ਜਤਨ ਕਰਨ ਅੱਗੋਂ ਬੱਚੇ ਕਦੇ ਇਸ ਗੱਲ ਦਾ ਸ਼ੁਕਰ ਅਦਾ ਨਹੀਂ ਕਰਨਗੇ। 'ਸੁਹਿਰਦਤਾ ਦੀ ਖਿੱਚ' ਨਿਬੰਧ ਵਿਚ ਲੇਖਕ ਅਨੁਸਾਰ ਮਨੁੱਖੀ ਸ਼ਖ਼ਸੀਅਤ ਵਿਚ ਸੁਹਿਰਦਤਾ ਦੀ ਖਿੱਚ ਹੋਣਾ ਜ਼ਰੂਰੀ ਹੈ।ਅੰਬ ਥੱਲੇ ਅੰਬ ਅਤੇ ਥੋਹਰ ਥੱਲੇ ਥੋਹਰ ਹੀ ਉੱਗਣੀ ਹੈ:

> ਜਿਨ੍ਹਾਂ ਬੱਚਿਆਂ ਅੰਦਰ ਕਿਸੇ ਵੀ ਵਜਹ ਕਰ ਕੇ ਸੁਹਿਰਦਤਾ ਦਾ ਬੀਜ ਨਹੀਂ ਬੀਜਿਆ ਜਾ ਸਕਿਆ, ਉਨ੍ਹਾਂ ਦੇ ਮਾਪੇ ਭਾਵੇਂ ਜਵਾਕਾਂ ਲਈ ਆਸਮਾਨ ਦੇ ਤਾਰੇ ਤੋੜ ਕੇ ਲੈ ਆਉਣ, ਉਹ ਉਨ੍ਹਾਂ ਦੇ ਸ਼ੁਕਰ ਗੁਜ਼ਾਰ ਨਹੀਂ ਹੋਣਾਗੇ, ਸਗੋਂ ਇਹ ਸਭ ਕੁੱਝ ਗੜੱਫੂੰ ਕਰ ਕੇ ਨਿਆਣੇ ਫਿਰ

> ਅੱਗੋਂ ਨਾਸਾਂ ਫੁਲਾ ਫੁਲਾ ਦੇ ਆਖਣਗੇ, ਅਸੀਂ ਤੁਹਾਨੂੰ ਕਦੋਂ ਆਖਿਆ ਸੀ ਕਿ ਸਾਨੂੰ ਜੰਮੋ? ਨਾ ਜੰਮਦੇ। ਦੁਨੀਆ ਤੋਂ ਵੱਖਰਾ ਤਾਂ ਤੁਸੀਂ ਕੁੱਝ ਨਹੀਂ ਕੀਤਾ। ਸਾਨੂੰ ਹੀ ਦੇਣਾ ਸੀ ਸਭ ਕੁੱਝ ਹੋਰ ਕਿੰਨੂ ਦੇਣਾ ਸੀ? (ਮੰਡ ''ਜਿਊਣ ਦਾ ਸਲੀਕਾ'' 21)

ਬੱਚੇ ਦੇ ਮਾਪਿਆਂ ਵੱਲੋਂ ਵਿਕਸਿਤ ਕੀਤੀਆਂ ਆਦਤਾਂ ਬੱਚੇ ਦੀ ਸ਼ਖ਼ਸੀਅਤ ਨੂੰ ਉਸਾਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ:

> ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ: ਜਿਹੜੀਆਂ ਮਾਵਾਂ ਮੁੱਢ ਵਿਚ ਹੀ ਬੱਚਿਆਂ ਦੀਆਂ ਆਦਤਾਂ ਪੜ੍ਹਨ ਵੱਲ ਅਤੇ ਚੱਜ-ਆਚਾਰ ਅਤੇ ਸਲੀਕਾ ਸਿਖਾਉਣ ਵੱਲ ਧਿਆਨ ਨਹੀਂ ਦਿੰਦੀਆਂ, ਉਹ ਉਨ੍ਹਾਂ ਦੇ ਮਗਰਲੇ ਜੀਵਨ ਦੇ ਅਸੰਤੁਲਨ ਲਈ ਜ਼ਿੰਮੇਵਾਰ ਹੁੰਦੀਆਂ ਹਨ। (''ਵਿਆਖਿਆ ਵਿਸ਼ਲੇਸ਼ਣ'' 145)

ਸੁਹਿਰਦ ਵਿਅਕਤੀ ਜ਼ਿੰਦਗੀ ਵਿਚ ਆਈਆਂ ਮੁਸ਼ਕਲਾਂ ਨੂੰ ਵੀ ਹਾਂ-ਪੱਖੀ ਨਜ਼ਰੀਏ ਨਾਲ ਦੇਖਦਾ ਹੈ। ਉਹ ਘਬਰਾਉਂਦਾ ਨਹੀਂ, ਸਗੋਂ ਦੁਬਾਰਾ ਜਤਨ ਕਰਦਾ ਹੈ:

> ਦੇਵਿੰਦਰ ਦੀਦਾਰ ਅਨੁਸਾਰ: ਜ਼ਿੰਦਗੀ ਪ੍ਰਤੀ ਸੁਹਿਰਦ ਸੋਚ ਜ਼ਿੰਦਗੀ ਨੂੰ ਰੰਗੀਨ ਬਣਾ ਦਿੰਦੀ ਹੈ ਅਤੇ ਜ਼ਿੰਦਗੀ ਪ੍ਰਤੀ ਮਾੜੀ ਸੋਚ ਜ਼ਿੰਦਗੀ ਨੂੰ ਤਬਾਹ ਕਰ ਦਿੰਦੀ ਹੈ। (ਕੋਮਲ ''ਚੋਣਵੇਂ ਪੰਜਾਬੀ ਨਿਬੰਧ'' 321-322)
>
> ਇਹ ਸੁਹਿਰਦਤਾ ਹੀ ਹੈ, ਜੋ ਨਾਕਾਮਯਾਬੀ ਦੇ ਪਛਤਾਵੇ/ਝੋਰੇ ਨੂੰ ਤੁਹਾਡੇ ਤੋਂ ਦੂਰ ਰੱਖਦੀ ਹੈ। ਅੰਦਰੋਂ ਇੱਕ ਆਵਾਜ਼ ਆਉਂਦੀ ਹੈ। ਯਾਰ, ਆਪਣੀ ਕੋਸ਼ਿਸ਼ ਤਾਂ ਆਪਾਂ ਕੀਤੀ ਹੈ ਪੂਰੀ, ਇਮਾਨਦਾਰੀ ਨਾਲ। ਯਤਨ ਕਰਨ ਵੱਲੋਂ ਤਾਂ ਆਪਣੇ ਮਨ ਵਿਚ ਆਪਣਾ ਕੋਈ ਵਹਿਮ ਨਹੀਂ,

ਕਾਮਯਾਬੀ ਨਹੀਂ ਮਿਲੀ, ਇਸ ਵਿਚ ਆਪਣਾ ਤਾਂ ਕੋਈ ਦੋਸ਼ ਨਹੀਂ ਹੈ?(ਮੰਡ ''ਜਿਊਣ ਦਾ ਸਲੀਕਾ'' 22-23)

ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ: ਆਪਣੀ ਸਥਿਤੀ ਨਾਲ ਪ੍ਰਸੰਨ ਹੋਣਾ, ਸੰਤੁਸ਼ਟ ਹੋਣਾ, ਸਲੀਕੇ ਤੋਂ ਬਿਨਾਂ ਸੰਭਵ ਨਹੀਂ ਹੁੰਦਾ। ਜੋ ਕੁੱਝ ਤੁਹਾਡੇ ਕੋਲ ਹੈ, ਉਸ ਨੂੰ ਪ੍ਰਾਪਤ ਕਰਨ ਲਈ ਲੱਖਾਂ ਲੋਕ ਯਤਨ ਕਰ ਰਹੇ ਹੁੰਦੇ ਹਨ। ਥੋੜ੍ਹਾ ਜਿਹਾ ਧਿਆਨ ਕਰੋ, ਕਿੰਨੇ ਵਿਅਕਤੀਆਂ ਦੀਆਂ ਕੁਰਬਾਨੀਆਂ ਅਤੇ ਯਤਨਾਂ ਨਾਲ ਤੁਸੀਂ ਵਰਤਮਾਨ ਸਥਿਤੀ 'ਤੇ ਅੱਪੜੇ ਹੋ।ਦੂਜਿਆਂ ਦੇ ਯੋਗਦਾਨ ਪ੍ਰਤੀ ਧੰਨਵਾਦੀ ਹੋਣਾ ਸਲੀਕੇ ਦੀ ਬੁਨਿਆਦ ਹੈ। ਦੂਜਿਆਂ ਦੇ ਸਹਿਯੋਗ ਤੋਂ ਬਿਨਾਂ ਮੈਂ ਕੁੱਝ ਵੀ ਨਹੀਂ, ਜਦੋਂ ਇਹ ਅਵਸਥਾ ਆ ਜਾਵੇ ਤਾਂ ਸਾਰੇ ਹੰਕਾਰ ਡਿਗ ਪੈਂਦੇ ਹਨ ਅਤੇ ਮਨੁੱਖ ਸਾਊ, ਕੋਮਲ ਅਤੇ ਨਿਮਰ ਹੋ ਜਾਂਦਾ ਹੈ। (''ਰਾਹ-ਰਸਤੇ'' 51)

ਜ਼ਿੰਦਗੀ ਨੂੰ ਜਿਊਣ ਦਾ ਸਲੀਕਾ, ਸੁਹਿਰਦ ਸੋਚ ਮਨੁੱਖ ਨੂੰ ਉਸ ਦੇ ਅੰਦਰ ਝਾਕਣ ਦਾ ਬਲ ਬਖ਼ਸ਼ਦੀ ਹੈ। ਮਨੁੱਖ ਵੱਲੋਂ ਕੀਤੇ ਨੇਕ ਕੰਮਾਂ ਦਾ ਫਲ ਹਮੇਸ਼ਾ ਉਸ ਨੂੰ ਪ੍ਰਾਪਤ ਹੁੰਦਾ ਹੈ। ਸੁਹਿਰਦ ਵਿਅਕਤੀ ਹਮੇਸ਼ਾ ਹਾਂ-ਪੱਖੀ ਸੋਚ ਦਾ ਮਾਲਕ ਤੇ ਇਮਾਨਦਾਰੀ ਨਾਲ ਹਰ ਕੰਮ ਨੂੰ ਨੇਪਰੇ ਚਾੜ੍ਹਨ ਲਈ ਹਮੇਸ਼ਾ ਤਤਪਰ ਰਹਿੰਦਾ ਹੈ ਤੇ ਜ਼ਿੰਦਗੀ ਵਿਚ ਮਿਹਨਤ ਨੂੰ ਪਹਿਲ ਦਿੰਦਾ ਹੈ ਤੇ ਜਦੋਂ ਮਨੁੱਖ ਪੂਰੇ ਨੇਕ ਇਰਾਦੇ ਤੇ ਮਿਹਨਤ ਨਾਲ ਕੋਈ ਕੰਮ ਕਰਦਾ ਹੈ ਤਾਂ ਉਸ ਦੇ ਮਨ ਨੂੰ ਤਸੱਲੀ ਰਹਿੰਦੀ ਹੈ ਕਿ ਮੈਂ ਆਪਣੇ ਵੱਲੋਂ ਪੂਰਾ ਯਤਨ ਕੀਤਾ ਤੇ ਫਿਰ ਉਸ ਨੂੰ ਸ਼ੀਸ਼ਾ ਤੱਕਦੇ ਸਮੇਂ ਕਦੀ ਨਮੋਸ਼ੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ:

ਡਾ. ਹਰਚੰਦ ਸਿੰਘ ਸਰਹੰਦੀ ਦੇ ਸ਼ਬਦਾਂ ਵਿਚ: ਕੰਮ ਕਰਨ ਨਾਲ ਜ਼ਿੰਦਗੀ 'ਚ ਨਿੱਘ ਮਿਲਦਾ ਹੈ। ਰੁਝੇਵੇਂ ਭਰੇ ਦਿਨ ਤੋਂ ਇੱਕ ਅਰਾਮਦੇਹ ਰਾਤ ਸ਼ੁਰੂ ਹੁੰਦੀ ਹੈ। ਮਿਹਨਤੀ ਬੰਦਾ ਅਮੀਰ

> ਬਣਦਾ ਹੈ ਤੇ ਰੱਬ ਦੇ ਖ਼ਜ਼ਾਨੇ ਤੋਂ ਉਸ ਨੂੰ ਸਿਹਤ ਤੇ ਸਬਰ ਸੰਤੋਖ ਹਾਸਲ ਹੁੰਦਾ ਹੈ। (ਕੋਮਲ ''ਚੋਣਵੇਂ ਪੰਜਾਬੀ ਨਿਬੰਧ'' 233)

ਉਪਰੋਕਤ ਸ਼ਬਦਾਂ ਤੋਂ ਭਾਵ ਮਿਹਨਤ ਵਰਗਾ ਨਿੱਘ ਦੁਨੀਆ ਦੀ ਸਾਰੀ ਦੌਲਤ ਮਿਲ ਕੇ ਵੀ ਖ਼ਰੀਦ ਨਹੀਂ ਸਕਦੀ।

ਮਨੁੱਖੀ ਸ਼ਖ਼ਸੀਅਤ ਦਾ ਇੱਕ ਹੋਰ ਪਹਿਲੂ ਗਿਆਨ ਹੋਣਾ ਹੈ ਤੇ ਜੇਕਰ ਉਸ ਗਿਆਨ ਤੇ ਨਾਲ-ਨਾਲ ਉਸ ਉੱਪਰ ਅਮਲ ਵੀ ਕੀਤਾ ਜਾਵੇ ਤਾਂ ਸਫਲਤਾ ਯਕੀਨਨ ਹੈ। ਲੇਖਕ 'ਗਿਆਨ ਨਾਲ ਅਮਲ ਵੀ ਜ਼ਰੂਰੀ ਹੈ' ਨਿਬੰਧ ਵਿਚ ਗਿਆਨ ਦੀ ਮਹੱਤਤਾ ਸਮਝਾਉਂਦਾ ਹੈ:

> ਗਿਆਨ ਅਤੇ ਅਮਲ ਜਦ ਨੇਕ ਨੀਤੀ ਦੀ ਛਤਰ ਛਾਇਆ ਵਿਚ ਇਕੱਠੇ ਹੋ ਜਾਂਦੇ ਹਨ ਤਾਂ ਮਨੁੱਖ ਧਰਤੀ ਵਰਗਾ ਸਾਰਥਿਕ, ਚੰਦ ਵਾਂਗੂੰ ਸੋਹਣਾ ਤੇ ਸੂਰਜ ਵਾਂਗ ਸਾਂਝਾ ਹੋ ਜਾਂਦਾ ਹੈ ਤੇ ਗਿਆਨ ਅਤੇ ਅਮਲ ਇਕੱਲੇ-ਇਕੱਲੇ ਅਧੂਰੇ ਹਨ। ਗਿਆਨ ਤੋਂ ਬਗੈਰ ਅਮਲ ਦੀ ਕੋਈ ਦਿਸ਼ਾ ਅਤੇ ਦ੍ਰਿਸ਼ਟੀ ਹੋ ਹੀ ਨਹੀਂ ਸਕਦੀ। (ਮੰਡ ''ਜਿਊਣ ਦਾ ਸਲੀਕਾ'' 47)
>
> ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ: ਗਿਆਨ ਦੇ ਵਧਣ ਨਾਲ, ਸਾਡੇ ਵਿਚਾਰਾਂ ਵਿਚ ਵਿਸ਼ਾਲਤਾ ਅਤੇ ਲਚਕ ਦੇ ਸੁਮੇਲ ਨਾਲ, ਸਾਡੇ ਵਿਚ ਨਵੇਂ ਰਸਤੇ ਗਾਹੁਣ, ਇਨਕਲਾਬ ਸਿਰਜਣ ਅਤੇ ਨਵੀਆਂ ਕਾਢਾਂ ਕੱਢਣ ਦਾ ਉਤਸ਼ਾਹ ਜਾਗਦਾ ਹੈ। ਜੇ ਮਨ ਦੇ ਬੂਹੇ-ਬਾਰੀਆਂ ਖੁੱਲ੍ਹੇ ਰੱਖੇ ਜਾਣ ਤਾਂ ਨਵੇਂ ਵਿਚਾਰ ਹਵਾਵਾਂ ਬਣ ਕੇ ਆਉਂਦੇ ਰਹਿੰਦੇ ਹਨ ਅਤੇ ਨਵੀਆਂ ਸੋਚਾਂ ਨੂੰ ਅਪਣਾਉਣ ਦਾ ਅਭਿਆਸ ਨਿਰੰਤਰ ਜਾਰੀ ਰਹਿੰਦਾ ਹੈ। (''ਰਾਹ-ਰਸਤੇ'' 7)

ਬਿਲਕੁਲ ਇਸੀ ਪ੍ਰਕਾਰ ਜਦੋਂ ਡਾਕਟਰ ਰੋਗੀ ਨੂੰ ਦਵਾਈ ਤਾਂ ਦਿੰਦਾ ਹੈ, ਪਰ ਨਾਲ-ਨਾਲ ਉਸ ਦੇ ਦੱਸੇ ਤੇ ਅਮਲ ਕਰਨ ਦੀ ਸੋਧ ਵੀ ਦਿੰਦਾ ਹੈ, ਵੀ ਦਵਾਈ ਤਾਂ ਅਸਰ ਕਰੂੰ ਭਾਈ, ਜੇਕਰ ਦੱਸੇ ਢੰਗ ਨਾਲ, ਦੱਸੇ ਤਰੀਕੇ ਨਾਲ ਅਮਲ ਕਰੇਗਾ। ਅਸਲ ਗਿਆਨ ਨੂੰ ਅਮਲ ਅਤੇ ਅਨੁਭਵ ਦੀ ਦ੍ਰਿਸ਼ਟੀ ਦੇ ਰਸਤਿਉਂ ਤੁਰਨਾ ਪੈਂਦਾ ਹੈ। ਜਿੱਥੇ ਮਨੁੱਖ ਨੂੰ ਗਿਆਨ ਹੋ ਗਿਆ, ਉਸੇ ਉੱਪਰ ਉਸ ਨੇ ਅਮਲ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਸ ਵਿਚ ਸਹਿਜ ਅਤੇ ਸੰਜਮ ਦੀਆਂ ਬਰਕਤਾਂ ਵੀ ਪਨਪਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸਹਿਜ ਪਰਮਾਤਮਾ ਨੇ ਸਭ ਨੂੰ ਬਖ਼ਸ਼ਿਆਂ, ਪਰ ਮਨੁੱਖ ਕੋਲੋਂ ਪਛੜ ਗਿਆ। ਜਦੋਂ ਮਨੁੱਖ ਅੱਜ ਵਿਚ ਜਿਉਂਦਾ ਹੈ ਤਾਂ ਉਸ ਦਾ ਵਰਤਮਾਨ ਖੁੰਝ ਜਾਂਦਾ ਹੈ, ਜੇਕਰ ਭਵਿੱਖ ਬਾਰੇ ਝੋਰਾ ਮਨ ਨੂੰ ਲਾ ਲਵੇ ਤਾਂ ਵਰਤਮਾਨ ਖ਼ਤਮ ਹੋ ਜਾਂਦਾ ਹੈ। ਸਹਿਜ ਦੀ ਅਵਸਥਾ ਹੀ ਮਨੁੱਖ ਨੂੰ ਉਸ ਦੇ ਆਪੇ ਨਾਲ ਜੋੜ ਸਕਦੀ ਹੈ ਅਤੇ ਸੰਜਮਤਾ ਉਸ ਨੂੰ ਚਾਰ ਚੰਨ ਲਾ ਸਕਦੀ ਹੈ।

**ਅ) ਜੀਵਨ ਜਾਚ:-** ਮਨੁੱਖ ਅਸਲੀ ਅਰਥਾਂ ਵਿਚ ਜ਼ਿੰਦਗੀ ਜਿਊਣਾ ਭੁੱਲ ਗਿਆ ਹੈ।ਜਿਸ ਕਾਰਨ ਮਨੁੱਖ ਕਈ ਪ੍ਰਕਾਰ ਦੀਆਂ ਉਲਝਣਾਂ ਵਿਚੋਂ ਦੀ ਗੁਜ਼ਰਨਾ ਪੈ ਰਿਹਾ ਹੈ, ਕੁੱਝ ਤਾਂ ਉਨ੍ਹਾਂ ਵਿਚੋਂ ਕੁਦਰਤੀ ਹਨ, ਜਿਨ੍ਹਾਂ ਨੂੰ ਟਾਲਿਆਂ ਨਹੀਂ ਜਾ ਸਕਦਾ, ਪਰ ਕੁੱਝ ਅਜਿਹੀਆਂ ਹਨ, ਜਿਨ੍ਹਾਂ ਦੇ ਹੱਲ ਲੱਭੇ ਜਾ ਸਕਦੇ ਹਨ। ਉਨ੍ਹਾਂ ਤੋਂ ਨਿਯਾਤ ਪਾਈ ਜਾ ਸਕਦੀ ਹੈ, ਜਿਵੇਂ ਦੌੜ ਭੱਜ ਦੀ ਜ਼ਿੰਦਗੀ ਨੇ ਮਨੁੱਖ ਨੂੰ ਆਪਣੇ ਆਪ ਨਾਲ ਸੰਵਾਦ ਕਰਨ ਦਾ ਸਮਾਂ ਹੀ ਖੋਹ ਲਿਆ ਹੈ ਤੇ ਉਹ ਨੇ ਆਪਣੀ ਸ਼ਖ਼ਸੀਅਤ ਵੀ ਉਸੇ ਹੀ ਤਰ੍ਹਾਂ ਦੀ ਬਣਾ ਲਈ ਹੈ।

'ਸਹਿਜ ਅਤੇ ਸੰਜਮ ਦੀਆਂ ਬਰਕਤਾਂ' ਨਿਬੰਧ ਵਿਚ ਲੇਖਕ ਦੱਸਦਾ ਹੈ ਕਿ ਸਹਿਜ, ਸੰਜਮ ਵਰਗੇ ਗੁਣ ਮਨੁੱਖ ਦੀ ਜ਼ਿੰਦਗੀ ਵਿਚੋਂ ਗਵਾਚਦੇ ਜਾ ਰਹੇ ਹਨ ਤੇ ਇਸ ਦੀ ਜਗ੍ਹਾ ਕਾਹਲ, ਅਸਹਿਜ ਤੇ ਬੇਸਬਰੀ ਨੇ ਮੱਲ ਲਈ ਹੈ। ਅਸਲੀ ਜੀਵਨ ਜਾਚ ਤੋਂ ਉਹ ਖੁੰਝਦਾ ਜਾ ਰਿਹਾ ਹੈ। ਲੇਖਕ ਨੇ ਵੀ ਇਹੀ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ, ਹਰ ਚੀਜ਼ ਸਮੇਂ ਤੇ ਕੁਦਰਤ ਮੁਤਾਬਿਕ ਸਹਿਜ ਅਵਸਥਾ ਵਿਚ ਚੱਲ ਰਹੀ ਹੈ, ਪ੍ਰੰਤੂ ਮਨੁੱਖ ਜਦੋਂ ਸਹਿਜ ਅਵਸਥਾ ਤੋਂ ਅਸਹਿਜ ਅਵਸਥਾ ਵੱਲ ਜਾਂਦਾ ਹੈ ਤਾਂ ਉਹ ਬਹੁਤ ਕੁੱਝ ਖੋ ਕੇ ਕਾਹਲੇਪਨ ਤੇ ਚਿੰਤਾ ਦਾ ਸ਼ਿਕਾਰ

ਹੁੰਦਾ ਹੈ। ਲੋਕ ਸਿਆਣਪਾਂ ਵਿਚ ਆਉਂਦਾ ਹੈ: ਸਹਿਜ ਪੱਕੇ ਸੋ ਮੀਠਾ ਹੋਇ, ਪਰ ਮੰਡੀ ਨੇ ਤੇ ਮੁਨਾਫ਼ੇ ਨੇ ਸਹਿਜਤਾ ਨੂੰ ਖੋਹ ਲਿਆ ਹੈ। ਲੇਖਕ ਕੁਦਰਤ ਦੇ ਨੇਮਾਂ ਦੀ ਪ੍ਰਸੰਸਾ ਕਰਦਿਆਂ ਕੁਦਰਤ ਅਨੁਸਾਰ ਜੀਵਨ ਜਿਊਣ ਦੀ ਗੱਲ ਕਰਦਾ ਹੈ:

> ਆਸੇ-ਪਾਸੇ ਨਿਗਾਹ ਮਾਰੋ ਸਭ ਕੁੱਝ ਸਹਿਜ ਨੇਮ ਅਨੁਸਾਰ ਹੀ ਚੱਲ ਰਿਹਾ ਹੈ। ਨਾ ਦਿਨ ਨੂੰ ਚੜ੍ਹਨ ਦੀ ਕਾਹਲ ਹੈ, ਨਾ ਰਾਤ ਨੂੰ ਪੈਣ, ਦੀ ਜਲਦੀ ਹੈ ਤੇ ਉਹ ਕਦੀ ਪਛੜੇ ਵੀ ਨਹੀਂ। ਰੁੱਖ ਦਰਖ਼ਤ ਵਧ-ਫੁਲ ਰਹੇ ਹਨ। ਫ਼ੁਲ ਖਿੜ ਰਹੇ ਹਨ, ਪਰ ਕਾਹਲੀ ਕਰਨ ਦਾ ਵਿਖਾਵਾਂ ਨਹੀਂ ਕਰਦੇ। ਪਸ਼ੂਆਂ-ਪੰਛੀਆਂ ਨੂੰ ਲੋੜ ਨਾਲੋਂ ਵੱਧ ਖਾਣ ਜਾਂ ਜੋੜਨ ਦੀ ਲਾਲਸਾ ਨਹੀਂ ਹੈ, ਪਰ ਫਿਰ ਵੀ ਉਨ੍ਹਾਂ ਮਨੁੱਖਾਂ ਨਾਲੋਂ ਘੱਟ ਭੁੱਖ ਹੰਢਾਈ ਹੈ। ਕੁਦਰਤ ਦਾ ਵਰਤਾਰਾ ਤੰਦਰੁਸਤ ਰਹਿਣ ਦੀ ਕੋਸ਼ਿਸ਼ ਵਿਚ ਸਦਾ ਯਤਨਸ਼ੀਲ ਦਿਖਾਈ ਦਿੰਦਾ ਹੈ ਤੇ ਆਪਣੀ ਉਮਰ ਪੂਰੀਆਂ ਸੰਭਾਵਨਾਵਾਂ ਨਾਲ ਪੂਰੀ ਕਰਦਾ ਹੈ, ਪਰ ਅਸੀਂ ਤੰਦਰੁਸਤ ਰਹਿਣ ਦੀ ਕੋਸ਼ਿਸ਼ ਨਾਲੋਂ ਤੰਦਰੁਸਤ ਰਹਿਣ ਦੀ ਚਿੰਤਾ ਵੱਧ ਕਰਦੇ ਹਨ ਤੇ ਇਸ ਤਰ੍ਹਾਂ ਸਾਡੇ ਕੋਲ ਸਹਿਜ ਦ੍ਰਿਸ਼ਟੀ ਵਿੱਸਰਦੀ ਜਾਂਦੀ ਹੈ। ਸਹਿਜ ਵਿਹੂਣੀ ਜੀਵਨ ਜਾਚ ਅਤੇ ਕਾਹਲੇਪਨ ਨਾਲ ਸਾਡੇ ਵਿਚ ਹੋਛਾਪਣ, ਸਵਾਰਥ, ਲਾਲਚ, ਸਾੜਾ, ਬੇਚੈਨੀ. ਹਉਮੈ ਤੇ ਹੀਣ ਭਾਵਨਾ ਆਈ ਹੈ। (ਮੰਡ ''ਜਿਊਣ ਦਾ ਸਲੀਕਾ'' 51)

ਉਪਰੋਕਤ ਸ਼ਬਦਾਂ ਤੋਂ ਭਾਵ, ਲੋੜ ਹੈ ਅਸਲੀ ਜੀਵਨ ਤਰੀਕੇ ਢੰਗ ਨਾਲ ਜੁੜਨ ਦੀ। ਮਨੁੱਖ ਬਲ ਬੁੱਧ ਦੇ ਸਹਾਰੇ ਜੀਵਨ ਦੀ ਦੌੜ ਵਿਚ ਬਾਕੀਆਂ ਨਾਲੋਂ ਅੱਗੋਂ ਨਿਕਲਣ ਗਿਆ ਹੈ।

ਮਨੁੱਖ ਦੇ ਅੰਦਰ ਗਿਆਨ ਦਾ ਭੰਡਾਰ ਹੈ, ਸੋਮਾ ਹੈ। 'ਪੜ੍ਹਨ ਦੇ ਸ਼ੋਕ ਦਾ ਵਰਦਾਨ' ਨਿਬੰਧ ਵਿਚ ਲੇਖਕ ਗਿਆਨ ਦਾ ਮਹੱਤਵ ਸਮਝਾਉਂਦਾ ਹੈ ਕਿ ਸਿਰਫ਼ ਗਿਆਨ ਦਾ ਸੋਮਾ ਹੋਣਾ ਪੜ੍ਹਾਈ ਨਹੀਂ ਹੁੰਦਾ, ਚੰਗੇ ਵਿਚਾਰਾਂ ਨੂੰ

ਸੁਣਨਾ, ਚੰਗੀਆਂ ਗੱਲਾਂ ਨੂੰ ਵੇਖਣਾ ਅਤੇ ਅਨੁਭਵ ਕਰਨਾ ਵੀ ਗਿਆਨ ਵਿਚ ਵਾਧਾ ਕਰਦਾ ਹੈ। ਬਹੁਤਿਆਂ ਕੋਲ ਗਿਆਨ ਦਾ ਅਸੀਮ ਭੰਡਾਰ ਹੈ, ਪ੍ਰੰਤੂ ਉਸਨੂੰ ਸਹੀ ਢੰਗ ਨਾਲ ਉਸ ਗਿਆਨ ਦੀ ਵਰਤੋਂ ਕਰਨਾ ਹੀ ਅਸਲੀ ਜ਼ਿੰਦਗੀ ਵਿਚ ਲਾਹੇਵੰਦ ਸਾਬਤ ਹੋ ਸਕਦਾ ਹੈ:

> ਜਿਹੜਾ ਆਪਣੇ ਸਿਰ ਵਿਚਲੀ ਜਾਣਕਾਰੀ ਨੂੰ ਨਵਿਆਉਂਦਾ ਨਹੀਂ, ਉਹ ਛੱਪੜ ਟੋਭੇ ਦੇ ਪਾਣੀ ਵਾਂਗ ਇੱਕ ਬੁੱਸੀ ਸ਼ਖ਼ਸੀਅਤ ਹੁੰਦਾ ਹੈ। ਉਸ ਦੀਆਂ ਗੱਲਾਂ ਵਿਚ ਸੱਜਰਾਪਣ ਨਹੀਂ ਹੁੰਦਾ। ਉਸ ਦੀ ਗੱਲਬਾਤ ਬੇਹੀ ਦਾਲ ਸਬਜ਼ੀ ਵਰਗੀ ਹੁੰਦੀ ਹੈ। ਬਹੁਤੀ ਵਾਰੀ ਤਾਂ ਉਹ ਖ਼ਾਲੀ ਪਤੀਲੇ ਵਿਚ ਕੜਛੀ ਮਾਰ-ਮਾਰ ਕੇ ਸਭ ਕੁੱਝ ਵਰਤਾਈ ਜਾਂਦਾ ਹੈ। (ਮੰਡ ''ਜਿਊਣ ਦਾ ਸਲੀਕਾ'' 9)
>
> ਰਸਮੀ ਪੜ੍ਹਾਈ ਨੇ ਸਾਡੇ ਲਈ ਡਿਗਰੀ ਦਾ ਜੁਗਾੜ ਕਰਨ ਦੇ ਨਾਲ-ਨਾਲ ਦੋ ਮੁੱਖ ਕੰਮ ਕਰਨੇ ਹੁੰਦੇ ਹਨ। ਇੱਕ ਪੜ੍ਹਨ ਦੀ ਜਾਚ ਸਿਖਾਉਣੀ ਤੇ ਦੂਜਾ ਪੜ੍ਹਾਈ ਦਾ ਸ਼ੌਕ ਜਗਾਉਣਾ। ਜਾਚ ਨਾਲ ਪੜ੍ਹਿਆ ਹੋਇਆ ਸਮਝ ਆਉਣਾ ਹੁੰਦਾ ਹੈ ਤੇ ਸ਼ੌਕ ਨਾਲ ਸਾਰੀ ਉਮਰ ਪੜ੍ਹਨ ਦਾ ਬਾਨ੍ਹਣੂ ਬੱਝਦਾ ਹੈ। (ਮੰਡ ''ਜਿਊਣ ਦਾ ਸਲੀਕਾ'' 9)

ਉਪਰੋਕਤ ਸ਼ਬਦਾਂ ਅਨੁਸਾਰ ਗਿਆਨ ਨਾਲ ਜ਼ਿੰਦਗੀ ਨੂੰ ਅਸਲੀ ਅਰਥ ਪ੍ਰਦਾਨ ਕਰਨ ਦੀ ਲੋੜ ਹੈ। ਅਸਲੀ ਗਿਆਨ ਨਾਲ ਜੁੜਨ ਦੀ, ਉਸਨੂੰ ਗ੍ਰਹਿਣ ਕਰ ਕੇ ਦੂਜਿਆਂ ਦਾ ਮਾਰਗ ਦਰਸ਼ਨ ਕਰਨ ਦੀ ਲੋੜ ਹੈ।

'ਬੋਲਚਾਲ ਦਾ ਹੁਨਰ' ਨਿਬੰਧ ਵਿਚ ਲੇਖਕ ਮਨੁੱਖ ਨੂੰ ਸੇਧ ਦਿੰਦਾ ਹੈ ਕਿ ਮਨੁੱਖੀ ਜ਼ਿੰਦਗੀ ਵਿਚ ਬੋਲ ਬਾਣੀ ਦੀ ਬਹੁਤ ਮਹੱਤਤਾ ਹੈ। ਇਹ ਇੱਕ ਅਜਿਹੀ ਜਾਚ ਹੈ, ਜੋ ਦੂਜਿਆਂ ਤੋਂ ਗ੍ਰਹਿਣ ਕੀਤੀ ਜਾ ਸਕਦੀ ਹੈ। ਬੋਲਾਂ ਵਿਚ ਬਹੁਤ ਤਾਕਤ ਹੁੰਦੀ ਹੈ, ਜਿਹੜੀ ਦੁਸ਼ਮਣ ਨੂੰ ਵੀ ਦੋਸਤ ਬਣਾ ਦਿੰਦੀ ਹੈ:

> ਪ੍ਰਭਾਵਸ਼ਾਲੀ ਅਤੇ ਭਰੋਸੇਮੰਦ ਬੋਲਾਂ ਦੇ ਇਸ਼ਾਰੇ ਉੱਪਰ ਲੱਖਾਂ ਲੋਕ ਦਰਿਆ ਬਣ ਵਗ ਤੁਰਦੇ ਹਨ। ਸੁੰਦਰ ਬੋਲ ਬਿਗਾਨਿਆਂ ਨੂੰ ਆਪਣਾ ਬਣਾ ਲੈਂਦੇ ਹਨ। ਸਿਆਣੇ ਬੋਲ ਅਗਿਆਨ ਦੀਆਂ ਹਨੇਰੀਆਂ ਕੋਠੜੀਆਂ ਨੂੰ ਰੁਸ਼ਨਾ ਦਿੰਦੇ ਹਨ।ਮਿੱਠੇ ਬੋਲਾਂ ਵਾਲੇ ਦੂਜਿਆਂ ਦੇ ਦਿਲਾਂ ਉੱਤੇ ਰਾਜ਼ ਕਰਦੇ ਹਨ। (ਮੰਡ ''ਜਿਊਣਾ ਦਾ ਸਲੀਕਾ'' 115)

> ਦੇਵਿੰਦਰ ਸਿੰਘ ਅਨੁਸਾਰ: ਜ਼ਿੰਦਗੀ ਦੀ ਸਫਲਤਾ ਅਤੇ ਅਸਫਲਤਾ ਵਿਚ ਆਦਮੀ ਦੀ ਬੋਲ-ਬਾਣੀ ਦਾ ਬਹੁਤ ਵੱਡਾ ਹੱਥ ਹੁੰਦਾ ਹੈ, ਇਸ ਵਿਚ ਕੋਈ ਦੋ ਰਾਏ ਨਹੀਂ ਕਿ ਚੰਗੀ ਬੋਲ-ਬਾਣੀ ਵਾਲਾ ਸਫਲ ਅਤੇ ਮਾੜੀ ਬੋਲ ਬਾਣੀ ਵਾਲਾ ਜ਼ਿਆਦਾਤਰ ਅਸਫਲ ਹੀ ਹੁੰਦਾ ਹੈ। (ਕੋਮਲ ''ਚੋਣਵੇਂ ਪੰਜਾਬੀ ਨਿਬੰਧ'' 322)

ਲੇਖਕ ਅਨੁਸਾਰ ਕੁਦਰਤ ਦੇ ਅਨੁਸਾਰ ਜੀਵਨ ਜਿਊਣਾ, ਤੇ ਜ਼ਿੰਦਗੀ ਨੂੰ ਗਿਆਨ ਦੇ ਭੰਡਾਰ ਨਾਲ ਭਰਨਾ, ਤੇ ਮਨੁੱਖੀ ਬੋਲ ਬਾਣੀ ਵਿਚ ਮਿਠਾਸ ਹੀ, ਮਨੁੱਖ ਨੂੰ ਅਸਲ ਜੀਵਨ ਜਾਚ ਨਾਲ ਜੋੜਦੇ ਹਨ। ਜ਼ਿੰਦਗੀ ਵਿਚ ਬੇਸਬਰੀ, ਕਾਹਲਾਪਣ ਤੇ ਹੀਣ ਭਾਵਨਾ, ਮਨੁੱਖ ਨੂੰ ਸੁਚਾਰੂ ਜੀਵਨ ਜਾਚ ਤੋਂ ਭੜਕਾਉਣ ਦੇ ਸਾਧਨ ਹਨ।ਲੋੜ ਹੈ ਇਸ ਤੋਂ ਬਚ ਕੇ ਖ਼ੁਸ਼ਹਾਲ ਤੇ ਹਾਸਿਆਂ ਭਰਪੂਰ ਜ਼ਿੰਦਗੀ ਜਿਊਣ ਦੀ ਹੈ।

**ੲ) ਨੈਤਿਕ ਕਦਰਾਂ-ਕੀਮਤਾਂ:-** ਕਦਰਾਂ-ਕੀਮਤਾਂ ਮਨੁੱਖ ਦੀ ਉਚੇਰੀ ਸ਼ਖ਼ਸੀਅਤ ਵਿਚੋਂ ਝਲਕਾਰੇ ਮਾਰਦੀਆਂ ਹਨ ਤੇ ਇਹਨਾਂ ਨੂੰ ਬੱਚਿਆਂ ਵਿਚ ਪੈਦਾ ਕਰਨ ਲਈ ਸਭ ਤੋਂ ਵੱਧ ਅਹਿਮ ਤੇ ਮਹੱਤਵਪੂਰਨ ਰੋਲ ਮਾਪਿਆਂ ਦਾ ਹੁੰਦਾ ਹੈ। 'ਮਾਪਿਆਂ ਅਤੇ ਬੱਚਿਆਂ ਦੇ ਸੰਬੰਧ' ਨਿਬੰਧ ਵਿਚ ਲੇਖਕ ਨੇ ਮਾਪਿਆਂ ਦੀਆਂ ਬੱਚਿਆਂ ਪ੍ਰਤੀ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਢੰਗ ਨਾਲ ਬਿਆਨ ਕਰਦਾ ਲਿਖਦਾ ਹੈ:

> ਬੱਚਾ ਸੁਰ ਤੇ ਤਾਲ ਦਾ ਪਹਿਲਾਂ ਸ਼ਬਦ ਮਾਂ ਕੋਲੋਂ ਸਿੱਖਦਾ ਹੈ। ਮਾਂ ਜਦੋਂ ਬੱਚੇ ਨੂੰ ਛਾਤੀ ਨਾਲ ਲਾਉਂਦੀ ਹੈ ਤੇ ਸੰਗੀਤਮਈ ਲੋਰੀ ਦਿੰਦੀ ਹੈ ਤਾਂ ਮਾਂ ਦਾ ਧੜਕਦਾ ਦਿਲ ਤੇ ਕੁਦਰਤੀ ਰਸ ਨੂੰ

> ਬੱਚਾ ਮਾਣਦਾ ਹੈ। ਜਿਨ੍ਹਾਂ ਬੱਚਿਆਂ ਨੂੰ ਮਾਂ ਦੀਆਂ ਲੋਰੀਆਂ ਨੇ ਨਹੀਂ, ਕਿਰਾਏ ਦੀਆਂ ਪਾਲਣ ਹਾਰੀਆਂ ਦੇ ਧੱਫਿਆਂ ਨੇ ਸਵਾਇਆਂ ਹੈ। ਉਹ ਬੇਚੈਨੀ ਦੀ ਨੀਂਦ ਸੌਂਦੇ ਹਨ। (ਮੰਡ ''ਜਿਊਣ ਦਾ ਸਲੀਕਾ''33-34)

ਸਮਕਾਲ ਵਿਚ ਮਰਦ ਤੇ ਇਸਤਰੀ ਦੋਹਾਂ ਦਾ ਪਰਿਵਾਰ ਨੂੰ ਚਲਾਉਣ ਲਈ ਕੰਮ ਕਰਨਾ ਵੀ, ਕਿਤੇ ਨਾ ਕਿਤੇ ਤ੍ਰਾਸਦੀ ਨੂੰ ਜਨਮ ਦਿੰਦਾ ਹੈ। ਬੱਚੇ ਉਸ ਨਿੱਘ ਤੋਂ ਬਾਂਝੇ ਰਹਿ ਜਾਂਦੇ ਹਨ। ਸਾਂਝੇ ਪਰਿਵਾਰਾਂ ਵਿਚ ਇਹ ਘਾਟ ਘੱਟ ਮਹਿਸੂਸ ਕੀਤੀ ਹੈ:

> ਡਾ.ਟੀ.ਆਰ ਸ਼ਰਮਾ ਅਨੁਸਾਰ: ਸਕੂਲ ਕੇਵਲ ਕਿਤਾਬੀ ਜਾਣਕਾਰੀ ਦਿੰਦੇ ਹਨ, ਉਹ ਵੀ ਬਹੁਤ ਵਾਰ ਅੱਧੀ ਅਧੂਰੀ ਤੇ ਗ਼ਲਤ ਹੁੰਦੀ ਹੈ, ਕਦਰਾਂ-ਕੀਮਤਾਂ ਦੀ ਸਿੱਖਿਆ ਵੱਲ ਉਹ ਧਿਆਨ ਨਹੀਂ ਦੇਂਦੇ। ਭਗਵਾਨ ਕ੍ਰਿਸ਼ਨ ਗੀਤਾ ਵਿਚ ਫ਼ਰਮਾਉਂਦੇ ਹਨ, ਜਦ ਕੋਈ ਮਹਾ-ਪੁਰਸ਼ ਕੋਈ ਗੱਲ ਕਹਿੰਦਾ ਹੈ ਜਾਂ ਕਰਦਾ ਹੈ, ਜਨਤਾ ਵਾਸਤੇ ਉਹੋ ਹੀ ਕਥਨ ਜਾਂ ਕਰਨੀ ਸਟੈਂਡਰਡ ਬਣ ਜਾਂਦੀ ਹੈ। ਘਰ ਵਿਚ ਜੋ ਵੀ ਮਾਪੇ ਕਰਦੇ ਹਨ ਜਾਂ ਕਹਿੰਦੇ ਹਨ। ਉਹ ਬੱਚਿਆ ਲਈ ਜੀਵਨ ਜਾਚ ਬਣ ਜਾਂਦੀ ਹੈ। (ਕੋਮਲ ''ਚੋਣਵੇਂ ਪੰਜਾਬੀ ਨਿਬੰਧ'' 164)

ਘਰ ਦੇ ਮਾਹੌਲ ਦਾ ਅਸਰ ਬੱਚੇ ਦੀ ਸ਼ਖ਼ਸੀਅਤ ਤੇ ਪੈਂਦਾ ਹੈ, ਕਿਉਂਕਿ ਅੱਜ ਕੱਲ੍ਹ ਰੁਝੇਵਿਆਂ ਭਰੇ ਵਾਤਾਵਰਣ ਨੇ ਬੱਚਿਆਂ ਤੋਂ ਉਨ੍ਹਾਂ ਦੇ ਮਾਪਿਆਂ ਦਾ ਬਣਦਾ ਹੱਕ ਖੋਹ ਲਿਆ ਹੈ ਅਤੇ ਇਸ ਦੂਰੀ ਨੇ ਬੱਚਿਆਂ ਤੇ ਮਾਪਿਆਂ ਦੇ ਫ਼ਾਸਲਿਆਂ ਨੂੰ ਵਧਾਇਆ ਹੈ।

'ਮਾਪਿਆਂ ਅਤੇ ਬੱਚਿਆਂ ਦੇ ਸੰਬੰਧ' ਨਿਬੰਧ ਵਿਚ ਲੇਖਕ ਮਾਪਿਆਂ ਨੂੰ ਸਿੱਖਿਆ ਦਿੰਦਾ ਹੈ ਕਿ ਅੱਜ ਕੱਲ੍ਹ ਮਾਂ ਬਾਪ ਦੇ ਵਿਚ ਵਧਦਾ ਫ਼ਾਸਲਾ ਬੱਚਿਆਂ ਨਾਲ ਮਾਤਾ-ਪਿਤਾ ਦਾ ਰਾਬਤਾ ਘਟਣਾ ਹੈ। ਕਿਉਂਕਿ ਬੱਚਿਆਂ ਨੂੰ ਸਿਰਫ਼ ਪੈਦਾ ਕਰਨਾ ਜਾਂ ਉਨ੍ਹਾਂ ਨੂੰ ਖਾਣ ਲਈ ਦੋ ਸਮੇਂ ਦਾ ਖਾਣਾ ਦੇਣਾ ਹੀ ਅਸਲੀ ਕਰਤੱਵ ਨਹੀਂ ਹੈ। ਇਹ ਸਭ

ਕੁੱਝ ਤਾਂ ਜਾਨਵਰ ਵੀ ਕਰਦੇ ਹਨ, ਫਿਰ ਮਨੁੱਖ ਅਤੇ ਜਾਨਵਰ ਵਿਚਕਾਰ ਕੋਈ ਵੱਖਰਤਾ ਨਹੀਂ ਹੈ, ਪ੍ਰੰਤੂ ਇਹ ਸਾਰੀਆਂ ਗੱਲਾਂ ਜ਼ਿਆਦਾਤਰ ਇਸ ਗੱਲ ਤੇ ਨਿਰਭਰ ਕਰਦੀਆਂ ਹਨ ਕਿ ਕਿਹੋ ਜਿਹੇ ਸੋਹਣੇ ਵਿਚਾਰਾਂ ਨਾਲ ਬੱਚੇ ਦੀ ਸ਼ਖ਼ਸੀਅਤ ਬਣਾਉਣ ਵਿਚ ਯੋਗਦਾਨ ਪਾਇਆ ਜਾ ਰਿਹਾ ਹੈ, ਕਿਹੋ ਜਿਹਾ ਵਾਤਾਵਰਣ, ਕਿਹੋ ਜਿਹੀ ਸੰਗਤ, ਉਹ ਮਾਣ ਰਿਹਾ ਹੈ, ਕਿਉਂਕਿ ਬੱਚੇ ਮੂਲ ਰੂਪ ਵਿਚ ਮਾਪਿਆਂ ਦੇ ਵਜੂਦ ਦਾ ਹੀ ਪਸਾਰਾ ਹੁੰਦੇ ਹਨ ਕਿਉਂਕਿ ਅਣਗੌਲਿਆ ਬਚਪਨ ਬੱਚੇ ਦੇ ਚਿਹਰੇ ਉੱਪਰ ਉਹ ਅਮਿੱਟ ਦਾਗ਼ ਛੱਡ ਜਾਂਦਾ ਹੈ, ਜਿਸ ਦੀ ਭਰਪਾਈ ਸਾਰੀ ਉਮਰ ਨਹੀਂ ਕੀਤੀ ਜਾ ਸਕਦੀ। ਬੱਚਿਆਂ ਨਾਲ ਕੀਤਾ ਵਿਚਾਰ-ਵਟਾਂਦਰਾ ਉਸ ਦੇ ਸਭਿਆਚਾਰਕ, ਸਰੀਰਕ, ਅਤੇ ਮਾਨਸਿਕ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ:

> ਬੱਚੇ ਹੀ ਧਰਤੀ ਉੱਤੇ ਸਾਡੀ ਨਸਲ ਦਾ ਕੱਲ੍ਹ ਹਨ ਤੇ ਇਹ ਕੱਲ੍ਹ ਕਿੰਨਾ ਕੁ ਖ਼ੂਬਸੂਰਤ ਤੇ ਸਮਰੱਥਾਵਾਨ ਹੋਵੇਗਾ, ਇਹ ਇਸ ਗੱਲ ਤੇ ਨਿਰਭਰ ਹੈ ਕਿ ਅੱਜ ਦਾ ਬੱਚਾ ਕਿਸ ਸੰਚੇ ਵਿਚ ਢਲ ਰਿਹਾ ਹੈ। (ਮੰਡ ''ਜਿਊਣ ਦਾ ਸਲੀਕਾ'' 37)

ਬੱਚਿਆਂ ਦੇ ਚੰਗੇਰੇ ਭਵਿੱਖ ਲਈ ਉਸ ਵਿਚ ਨੈਤਿਕਤਾ ਦੇ ਗੁਣਾਂ ਦਾ ਵਿਸਥਾਰ ਕਰਨਾ ਜ਼ਰੂਰੀ ਹੈ। ਸਮਕਾਲ ਵਿਚ ਵਿਚਰਦੇ ਬੱਚਿਆਂ ਵਿਚ ਨੈਤਿਕਤਾ ਦੀ ਘਾਟ ਉਨ੍ਹਾਂ ਨੂੰ ਡੂੰਘੀ ਖਾਈ ਵੱਲ ਧਕੇਲਦੀ ਨਜ਼ਰੀ ਆਉਦੀ ਹੈ। ਨੈਤਿਕਤਾ ਤੇ ਕਦਰਾਂ-ਕੀਮਤਾਂ ਦਾ ਵਿਸਤਾਰ ਸਮਕਾਲ ਦੀ ਮੁੱਢਲੀ ਲੋੜ ਹੈ।

ਸੋਹਣੇ ਵਿਚਾਰ ਬੰਦੇ ਦੀ ਸ਼ਖ਼ਸੀਅਤ ਦੀ ਉਸਾਰੀ ਕਰਦੇ ਹਨ।ਵਿਚਾਰਾਂ ਤੋਂ ਬਿਨਾਂ ਮਨੁੱਖ ਸਿਰਫ਼ ਹੱਡ ਮਾਸ ਦਾ ਪੁਤਲਾ ਹੁੰਦਾ ਹੈ। ਕੁਦਰਤ ਨੇ ਮਨੁੱਖ ਨੂੰ ਸੋਹਣੇ ਸਰੀਰ, ਬੁੱਧੀ ਤੇ ਵਿਚਾਰ ਕਰਨ ਦੀ ਸ਼ਕਤੀ ਬਖ਼ਸ਼ੀ ਹੈ, ਜਿੰਨੇ ਸੋਹਣੇ ਇਨਸਾਨ ਦੇ ਵਿਚਾਰ ਹੋਣਗੇ, ਉਨੇ ਹੀ ਸੋਹਣੀ ਉਸ ਦੀ ਸ਼ਖ਼ਸੀਅਤ ਹੋਵੇਗੀ। ਲੇਖਕ ਨੇ 'ਵਿਚਾਰਾਂ ਦੀ ਤਾਕਤ ਪਛਾਣੀਏ' ਨਿਬੰਧ ਵਿਚ ਮਨੁੱਖ ਨੂੰ ਚਾਨਣਾ ਦਿਖਾਇਆ ਹੈ ਕਿ ਵਿਚਾਰਾਂ ਦੀ ਜ਼ਿੰਦਗੀ ਵਿਚ ਕੀ ਮਹੱਤਤਾ ਹੈ:

> ਅਸਲ ਰਿਸ਼ਤਾ ਉਹੀ ਹੈ, ਜਿਸ ਦੇ ਨਾਲ ਸਾਡੇ ਵਿਚਾਰਾਂ ਦੀ ਸਾਂਝ ਵੀ ਹੈ। ਜਿਸ ਨਾਲ ਵਿਚਾਰਾਂ ਦਾ ਕੋਈ ਮੇਲ ਨਹੀਂ, ਉਹ ਰਿਸ਼ਤਾ ਮੋਢਿਆਂ ਉੱਤੇ ਚੁੱਕਿਆ ਹੋਇਆ ਉਹ ਬੋਝ ਹੈ, ਜੋ ਮਰ ਚੁੱਕਾ ਹੁੰਦਾ ਹੈ। ਜਿਸ ਨੂੰ ਉਤਾਰ ਸੁੱਟਣ ਲਈ ਢੁਕਵਾਂ ਮੌਕਾ ਲੱਭਿਆ ਜਾ ਰਿਹਾ ਹੁੰਦਾ ਹੈ। ਰਿਸ਼ਤਿਆਂ ਵਿਚ ਵਿਚਾਰਾਂ ਦੀ ਸਾਂਝ ਹੀ ਉਨ੍ਹਾਂ ਵਿਚਲੀ ਅਸਲ ਸ਼ਕਤੀ ਹੈ। (ਮੰਡ ''ਜਿਊਣ ਦਾ ਸਲੀਕਾ'' 45)

ਰਿਸ਼ਤੇ ਉਸ ਦਰਖਤ ਦੀ ਤਰ੍ਹਾਂ ਹੁੰਦੇ ਹਨ, ਜਿਹੜੇ ਵਿਚਾਰਾਂ ਦੀ ਟਾਹਣੀ ਨਾਲ ਜੁੜ ਕੇ ਹੀ ਲਹਿਰਾਉਂਦੇ ਚੰਗੇ ਲਗਦੇ ਹਨ। ਜਿਵੇਂ-ਜਿਵੇਂ ਇਹ ਟਾਹਣੀਆਂ ਕਮਜ਼ੋਰ ਪੈ ਜਾਣਗੀਆਂ, ਓਵੇਂ-ਓਵੇਂ ਰਿਸ਼ਤੇ ਤੇ ਮੋਹ ਭੱਜ ਦੀਆਂ ਤੰਦਾਂ ਵੀ ਕਮਜ਼ੋਰ ਪੈ ਜਾਣਗੀਆਂ। ਅਸਲ ਵਿਚ ਵਿਚਾਰ ਹੀ ਹੁੰਦੇ ਹਨ, ਜਿਹੜੇ ਮਨੁੱਖ ਨੂੰ ਉਸ ਦੇ ਆਪਣਿਆਂ ਨਾਲ ਤੇ ਰਿਸ਼ਤਿਆਂ ਨਾਲ ਜੁੜੇ ਰੱਖਣ ਲਈ ਪ੍ਰੇਰਦੇ ਹਨ। ਇਹ ਵਿਚਾਰ ਹੀ ਹੁੰਦੇ ਹਨ ਜਿਹੜੇ ਇਨਸਾਨ ਨੂੰ ਅੰਦਰੋਂ ਰੂਹਾਨੀਅਤ ਬਖ਼ਸ਼ਦੇ ਹਨ, ਜੇਕਰ ਮਨੁੱਖ ਦੇ ਬਾਕੀ ਅੰਗ ਖ਼ਰਾਬ ਹੋ ਜਾਣ ਤਾਂ ਜ਼ਿੰਦਗੀ 'ਚ ਬਹੁਤ ਫ਼ਰਕ ਨਹੀਂ ਆਉਂਦਾ, ਪ੍ਰੰਤੂ ਜੇਕਰ ਵਿਚਾਰਾਂ ਵਾਲਾ ਖਾਨਾ ਖ਼ਰਾਬ ਹੋ ਜਾਵੇ ਤਾਂ ਲੋਕੀ ਕਮਲਾ ਆਖਣ ਲੱਗ ਜਾਂਦੇ ਹਨ। ਅਸਲ ਮਨੁੱਖ ਦੇ ਅੰਦਰੋਂ ਪਨਪਦੇ ਵਿਚਾਰ ਅਤੇ ਉਸ ਦਾ ਵਿਵਹਾਰ ਹੀ ਰਿਸ਼ਤਿਆਂ ਨੂੰ ਨਾਮ ਅਤੇ ਸਥਾਨ ਦਿੰਦੇ ਹਨ। ਭਾਵਨਾਵਾਂ ਵੀ ਮਨੁੱਖੀ ਵਿਚਾਰਾਂ ਦੇ ਸੋਧ ਵਿਚੋਂ ਹੀ ਉਤੇਜਿਤ ਹੁੰਦੀਆਂ ਹਨ।

ਸਮਕਾਲ ਵਿਚਾਰ ਹੀਣਤਾ ਵਿਚੋਂ ਲੰਘ ਰਿਹਾ ਹੈ। ਵਿਚਾਰਾਂ ਦੀ ਥਾਂ ਕੱਟੜਤਾ ਨੇ ਲੈ ਲਈ ਹੈ। ਵਿਚਾਰ-ਚਰਚਾ ਦੀ ਥਾਂ ਬਹਿਸ ਹੋ ਰਹੀ ਹੈ, ਬਹਿਸ ਵਿਚ ਵੀ ਕੱਟੜਤਾ ਭਾਰੂ ਹੈ। ਸੁਹਿਰਦ ਵਿਚਾਰਾਂ ਰਾਹੀਂ ਰਚਾਇਆ ਸੰਵਾਦ ਹੀ, ਚੰਗੇ ਸਮਾਜ ਦੀ ਸਿਰਜਣਾ ਕਰ ਸਕਦਾ ਹੈ। ਵਿਚਾਰਸ਼ੀਲ ਹੋਣਾ ਕਾਮਯਾਬੀ ਦਾ ਗੁੱਝਾ ਭੇਦ ਵੀ ਕਿਹਾ ਜਾ ਸਕਦਾ ਹੈ। ਜਿਹੜਾ ਇਨਸਾਨ ਦੀ ਸ਼ਖ਼ਸੀਅਤ ਵਿਚ ਦਾਰਸ਼ਨਿਕਤਾ ਦਾ ਰੰਗ ਭਰਦਾ ਹੈ। ਇਹ ਇੱਕ

ਅਟੁੱਟ ਸਚਾਈ ਹੈ, ਜਿੰਨਾ ਵੀ ਸਾਹਿਤ ਰਚਿਆ ਗਿਆ ਇਹ ਉੱਚ ਵਿਚਾਰਾਂ ਦੀ ਹੀ ਦੇਣ ਹੈ। ਕਿਉਂਕਿ ਵਿਚਾਰਵਾਨ ਮਨੁੱਖਾਂ ਕਰ ਕੇ ਹੀ ਵਿਚਾਰ ਬਦਲਦੇ ਹਨ।

**ਸ )ਮਨੋਵਿਗਿਆਨਕ ਨਿਬੰਧ:-** ਇਕੱਲਤਾ ਤੇ ਇਕਾਂਤ ਇਹ ਦੋਵੇਂ ਮਨੁੱਖੀ ਜ਼ਿੰਦਗੀ ਤੇ ਅਸਰ ਪਾਉਂਦੇ ਹਨ। ਇਕੱਲਤਾ ਮਨੁੱਖ ਨੂੰ ਅੰਦਰੋਂ ਖੋਖਲਾ ਕਰ ਦਿੰਦੀ ਹੈ ਤੇ ਇਕਾਂਤ ਉਸ ਅੰਦਰੋਂ ਖੋਖਲੇ ਪਨ ਨੂੰ ਪੂਰਾ ਕਰਦਾ ਹੈ। ਭਾਵ ਜੇਕਰ ਇਕੱਲਤਾ ਨੂੰ ਇਕਾਂਤ ਵਿਚ ਨਾ ਬਦਲਿਆ ਜਾਵੇ ਤਾਂ ਇਹ ਇੱਕ ਮਾਨਸਿਕ ਰੋਗ ਨੂੰ ਜਨਮ ਦੇ ਸਕਦਾ ਹੈ। 'ਇਕੱਲਤਾ ਤੇ ਇਕਾਂਤ' ਨਿਬੰਧ ਵਿਚ ਲੇਖਕ ਇਹੀ ਸਮਝਾਉਣ ਦਾ ਯਤਨ ਕਰਦਾ ਹੈ:

> ਇੱਕਲਤਾ ਮਾਨਸਿਕ ਤਣਾਓ ਥਾਣੀ ਪੈਦਾ ਹੋਣ ਵਾਲੇ, ਸਰੀਰਕ ਰੋਗਾਂ ਦੀ ਜ਼ਮੀਨ ਤਿਆਰ ਕਰਨ ਵਾਲੀ ਮਨ ਦੀ ਹਾਲਤ ਹੈ। ਇਕੱਲਤਾ ਸਾਡੇ ਉੱਤੇ ਅਮਰ ਵੇਲ ਵਾਂਗੂੰ ਪਈ ਹੋਈ ਸਰੀਰ ਨੂੰ ਚੂਸਦੀ ਹੈ, ਜਿਸ ਹੇਠੋਂ ਅਸੀਂ ਨਿਕਲਣਾ ਲੋਚਦੇ ਹਾਂ। ਇਕੱਲਤਾ ਆਲੇ-ਦੁਆਲੇ ਦੇ ਭੀੜ ਭੜੱਕੇ ਦੇ ਬਾਵਜੂਦ ਇਕੱਲੇ ਹੋ ਜਾਣ ਵਰਗਾ ਸੰਤਾਪ ਹੈ, ਜਿਸ ਵਿਚ ਆਪਣੇ ਆਪ ਤੋਂ ਵੀ ਦੂਰ ਚਲੇ ਜਾਣ ਦਾ ਅਹਿਸਾਸ ਹੁੰਦਾ ਹੈ। (ਮੰਡ ''ਜਿਉਣ ਦਾ ਸਲੀਕਾ'' 29)

ਜੇਕਰ ਇਕਾਂਤ ਦੀ ਗੱਲ ਕਰੀਏ ਤਾਂ ਇਕਾਂਤ ਇੱਕ ਅਜਿਹੇ ਸਫ਼ਰ ਦਾ ਨਾਮ ਹੈ, ਜਿਸ ਵਿਚ ਮਨੁੱਖ ਇਕੱਲਾ ਵੀ ਤੁਰਿਆ ਚਲੇ, ਉਹਨੂੰ ਇਕੱਲਤਾ ਵਿਚ ਵੀ ਸਰੂਰ ਰਹਿੰਦਾ ਹੈ। ਅਸਲੀ ਮਨੁੱਖੀ ਪੜਚੋਲ ਜੇਕਰ ਮੁਮਕਿਨ ਹੈ ਤਾਂ ਸਿਰਫ਼ ਤੇ ਸਿਰਫ਼ ਇਕਾਂਤ ਵਿਚ ਹੀ ਸੰਭਵ ਹੈ।

ਇਕੱਲਤਾ ਸਾਡੇ ਸਮਕਾਲ ਦਾ ਇੱਕ ਤਰ੍ਹਾਂ ਨਾਲ ਸਰਾਪ ਬਣ ਗਈ ਹੈ। ਮੌਜੂਦਾ ਜ਼ਿੰਦਗੀ ਇਕੱਲਤਾ ਵਿਚ ਘਿਰ ਗਈ ਹੈ। ਇਸ ਲਈ ਲੇਖਕ ਇਸ ਪੱਖ ਤੋਂ ਪਾਠਕਾਂ ਨੂੰ ਸੁਚੇਤ ਕਰਦਾ ਹੈ। ਕੁਦਰਤ ਨੇ ਮਨੁੱਖ ਨੂੰ ਇਹ

ਜ਼ਿੰਦਗੀ ਬਖ਼ਸ਼ੀ ਹੈ। ਹਰੇਕ ਕੋਲ ਇਸ ਨੂੰ ਪਛਾਣਨ ਦੀ ਤਾਕਤ ਹੈ, ਬੱਸ ਲੋੜ ਹੈ ਉਸ ਨੂੰ ਭਾਲਣ ਦੀ। ਜਦੋਂ ਮਨੁੱਖ ਆਪਣੇ ਆਪ ਨਾਲ ਇਕਸੁਰ ਹੋ ਗਿਆ ਤਾਂ ਉਹ ਫਿਰ ਬਾਕੀਆਂ ਨੂੰ ਵੀ ਜੋੜੇਗਾ।

ਇਕਾਗਰਤਾ ਜਿਹੜੀ ਮਨੁੱਖੀ ਸ਼ਖ਼ਸੀਅਤ ਦਾ ਇੱਕ ਅਹਿਮ ਹਿੱਸਾ ਹੋਣਾ ਲਾਜ਼ਮੀ ਹੈ ਤੇ ਜਦੋਂ ਮਨੁੱਖ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਬਹੁਤੇ ਡੂੰਘੇ ਚਿੰਤਨ ਵਿਚ ਗੁੰਮ ਹੋਇਆ ਆਲੇ-ਦੁਆਲੇ ਵਿਚਰਦਾ ਹੋਇਆ, ਬੇਸੁੱਧ ਹੋਵੇ ਤਾਂ ਉਸ ਨੂੰ ਇਕਾਗਰਤਾ ਕਿਹਾ ਜਾਂਦਾ ਹੈ। 'ਇਕਾਗਰਤਾ ਹੈ ਸਫਲਤਾ ਦਾ ਰਾਜ' ਨਿਬੰਧ ਵਿਚ ਲੇਖਕ ਨੇ ਮਨੁੱਖੀ ਜ਼ਿੰਦਗੀ ਵਿਚ ਇਕਾਗਰਤਾ ਦਾ ਮਹੱਤਵ ਦੱਸਿਆ ਹੈ ਕਿ ਜੇਕਰ ਕਿਸੇ ਕੰਮ ਨੂੰ ਕਰਨ ਵੇਲੇ ਮਨੁੱਖ ਦੀ ਇਕਾਗਰਤਾ ਭੰਗ ਹੋਵੇ ਤਾਂ ਯਕੀਨਨ ਉਹ ਕੰਮ ਬਹੁਤਾ ਵਧੀਆਂ ਢੰਗ ਨਾਲ ਨਹੀਂ ਹੋ ਰਿਹਾ ਹੋਵੇਗਾ। ਹਰ ਕੰਮ ਨੂੰ ਨੇਪਰੇ ਚਾੜ੍ਹਨ ਲਈ ਇਕਾਗਰਤਾ ਦਾ ਹੋਣਾ ਲਾਜ਼ਮੀ ਹੈ:

> ਜਦੋਂ ਸਾਡੇ ਕੋਲੋਂ ਕੋਈ ਕੰਮ ਕਰਦਿਆਂ ਕਰਦਿਆਂ ਗ਼ਲਤੀ ਹੋ ਜਾਂਦੀ ਹੈ। ਉਦੋਂ ਅਸੀਂ ਅਸਲ ਵਿਚ ਇਕਾਗਰਤਾ ਗਵਾ ਚੁੱਕੇ ਹੁੰਦੇ ਹਾਂ। ਜੋ ਖਿਡਾਰੀ ਆਪਣਾ ਮਨ ਨੂੰ ਇਕਾਗਰ ਕਰਨਾ ਜਾਣਦਾ ਹੈ, ਉਹ ਦੂਜੇ ਖਿਡਾਰੀ ਦੀ ਮੁਹਾਰਤ ਵੱਧ ਹੋਣ ਕਾਰਨ ਤਾਂ ਹਾਰ ਸਕਦਾ ਹੈ। ਆਪਣੀ ਕਿਸੇ ਭੁੱਲ ਕਾਰਨ ਨਹੀਂ। ਐਸੀ ਹਾਰ ਦਾ ਉਸ ਨੂੰ ਕੋਈ ਪਛਤਾਵਾ ਨਹੀਂ ਹੁੰਦਾ। ਇਹ ਹਾਰ ਉਸ ਲਈ ਅਗਲੇ ਸਬਕ ਵਰਗੀ ਹੁੰਦੀ ਹੈ। (ਮੰਡ ''ਜਿਊਣ ਦਾ ਸਲੀਕਾ'' 38)

ਇਸ ਪ੍ਰਕਾਰ ਕੰਮ ਚਾਹੇ ਕੋਈ ਵੀ ਹੋਵੇ, ਉਸ ਵਿਚ ਇਕਾਗਰਤਾ ਉਸ ਕੰਮ ਦੇ ਸਫਲ ਹੋਣ ਦੀ ਨਿਸ਼ਾਨੀ ਹੈ। ਬਿਲਕੁਲ ਉਸੀ ਤਰ੍ਹਾਂ ਇਕਾਗਰਤਾ ਦਾ ਭੰਗ ਹੋਣਾ ਮਨੁੱਖੀ ਜ਼ਿੰਦਗੀ ਵਿਚ ਤਬਾਹੀ ਦੀ ਨਿਸ਼ਾਨੀ ਹੈ। ਜੇਕਰ ਮਨੁੱਖ ਪਰਮਾਤਮਾ ਦੀ ਭਗਤੀ ਵਿਚ ਲੀਨ ਹੋਣਾ ਲੋਚਦਾ ਹੈ ਤਾਂ ਉਸ ਦੀ ਪਹਿਲੀ ਸ਼ਰਤ ਹੀ ਇਕਾਗਰਤਾ ਹੈ ਭਾਵ, ਜਿਸ ਵੇਲੇ ਮਨੁੱਖ, ਜੋ ਵੀ ਕੰਮ ਕਰ ਰਹੇ ਹੋਵੇ, ਉਸ ਉੱਤੇ ਬਿਰਤੀ ਕੇਂਦਰਿਤ ਕਰਨਾ ਹੀ ਇਕਾਗਰਤਾ ਹੈ। ਜਦੋਂ ਇਕਾਗਰਤਾ ਸਹਿਜ-ਸੁਭਾ ਮਨੁੱਖੀ ਸ਼ਖ਼ਸੀਅਤ ਦਾ ਹਿੱਸਾ ਬਣ ਜਾਵੇ ਤਾਂ ਉਸ ਵਿਚੋਂ, ਜੋ ਰਸ ਉਜਾਗਰ

ਹੁੰਦਾ ਹੈ ਉਸ ਵਰਗੀ ਕੋਈ ਬਰਾਬਰੀ ਨਹੀਂ ਹੈ। ਸਮਕਾਲ ਦੇ ਸਾਰੇ ਸੰਚਾਰ ਸਾਧਨ ਮਨੁੱਖ ਦੀ ਇਕਾਗਰਤਾ ਨੂੰ ਭੰਗ ਕਰਨ ਵਿਚ ਲੱਗੇ ਹੋਏ ਹਨ। ਜਿਸ ਕਾਰਨ ਮਨੁੱਖ ਮਨੋਂ-ਰੋਗਾਂ ਦਾ ਸ਼ਿਕਾਰ ਹੋ ਰਿਹਾ ਹੈ।

**ਹ) ਸਮਕਾਲੀ ਸਰੋਕਾਰ:-** ਲੇਖਕ ਅੱਜ ਦੇ ਸਮਾਜਿਕ ਸਰੋਕਾਰਾਂ ਬਾਰੇ ਚਰਚਾ ਕਰਦਾ ਹੋਇਆ ਅਜੋਕੀ ਪੀੜ੍ਹੀ ਨੂੰ ਸੁਚੇਤ ਕਰਦਾ ਹੈ। ਲੇਖਕ ਸਮਕਾਲੀ ਸਰੋਕਾਰਾਂ ਵਿਚ ਇਕਾਗਰਤਾ ਨਾ ਹੋਣ ਕਾਰਨ ਅਜੋਕੀ ਪੀੜ੍ਹੀ ਦੀ ਵਿਗੜਦੀ ਸਥਿਤੀ, ਤਿੜਕਦੇ ਰਿਸ਼ਤੇ, ਅਜੋਕਾ ਗੀਤ ਸੰਗੀਤ, ਨਸ਼ਿਆਂ ਵਿਚ ਗਰਕਦੀ ਜਵਾਨੀ, ਵਾਤਾਵਰਣ ਆਦਿ ਸਮੱਸਿਆਵਾਂ ਬਾਰੇ ਸੁਚੇਤ ਹੋ ਕੇ ਆਉਣ ਵਾਲੀ ਪੀੜ੍ਹੀ ਨੂੰ ਅਗਾਂਹ ਕਰਦਾ ਹੈ। ਬੱਚੇ ਮਾਂ-ਪਿਓ ਦੀ ਪਰਿਵਾਰਕ ਬਗੀਚੀ ਦੇ ਉਨ੍ਹਾਂ ਫੁੱਲਾਂ ਵਾਂਗ ਹੁੰਦੇ ਹਨ, ਜਿਨ੍ਹਾਂ ਦੀ ਖ਼ੁਸ਼ਬੂ ਨੂੰ ਹਰ ਕੋਈ ਮਾਣਨਾ ਲੋਚਦਾ ਹੈ। ਪਹਿਲਾਂ ਦੇ ਸਮਿਆਂ ਵਿਚ ਘਰ ਸਾਂਝੇ ਸੀ ਤਾਂ ਦਿਲ ਵੀ ਸਾਂਝੇ ਸਨ, ਜਿਉਂ-ਜਿਉਂ ਸਮਾਂ ਬੀਤਿਆਂ ਇਕਹਿਰੇ ਪਰਿਵਾਰਾਂ ਦੀ ਸਾਂਝ ਖ਼ਤਮ ਹੋ ਗਈ। ਜਿਹਦੇ ਨਾਲ ਬਹੁਤੇ ਰਿਸ਼ਤੇ ਵੀ ਉਲਝ ਗਏ ਤੇ ਪਰਿਵਾਰ ਦੀ ਇਕੱਲਤਾ ਦਾ ਪ੍ਰਭਾਵ ਸਭ ਤੋਂ ਜ਼ਿਆਦਾ ਮਾਤਾ-ਪਿਤਾ ਤੇ ਬੱਚਿਆਂ ਦੇ ਸੰਬੰਧਾਂ ਤੇ ਪਿਆ। ਇਕਾਗਰਤਾ ਦਾ ਭੰਗ ਹੋਣਾ ਹਜ਼ਾਰਾਂ ਦੁਰਘਟਨਾਵਾਂ ਨੂੰ ਵੀ ਜਨਮ ਦਿੰਦਾ ਹੈ। ਜ਼ਿਆਦਾਤਰ ਐਕਸੀਡੈਂਟ ਵੀ ਡਰਾਈਵਰ ਦੀ ਇਕਾਗਰਤਾ ਭੰਗ ਹੋਣ ਜਾਣ ਕਾਰਨ ਵਾਪਰਦੇ ਹਨ, ਜਿਸ ਨਾਲ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ। ਅਜੋਕਾ ਮਨੁੱਖ ਭਟਕਣਾ ਦੇ ਰਸਤੇ ਤੇ ਚੱਲ ਪਿਆ ਹੈ। ਜਿਸ ਕਾਰਨ ਉਹ ਅੰਦਰੋਂ ਇਕਾਗਰਤਾ ਲਿਆਉਣ ਦੀ ਵਜਾਏ, ਕਈ ਟੁਕੜਿਆਂ ਵਿਚ ਵੰਡਿਆ ਪਿਆ ਹੈ। ਲੇਖਕ 'ਇਕਾਗਰਤਾ ਹੈ ਸਫਲਤਾ ਦਾ ਰਾਜ' ਨਿਬੰਧ ਵਿਚ ਸਮਕਾਲ ਦੀ ਸਥਿਤੀ ਪੇਸ਼ ਕਰਦਾ ਹੈ ਕਿ ਅਜੋਕੀ ਪੀੜ੍ਹੀ ਆਪਣੇ ਸਭਿਆਚਾਰ ਪ੍ਰਤੀ, ਰਿਸ਼ਤਿਆਂ ਪ੍ਰਤੀ, ਜ਼ਿੰਮੇਵਾਰੀਆਂ ਪ੍ਰਤੀ ਲਾਪਰਵਾਹ ਹੋ ਰਹੀ ਹੈ। ਅੱਜ ਇਕਾਗਰਤਾ ਦੀ ਘਾਟ ਨੇ ਕਈ ਮਸਲੇ ਖੜ੍ਹੇ ਕੀਤੇ ਹਨ:

> ਭਟਕਣਾ, ਇਕਾਗਰਤਾ ਦੇ ਰਸਤੇ ਦੀ ਸਭ ਤੋਂ ਵੱਡੀ ਰੁਕਾਵਟ ਹੈ। ਭਟਕਣਾ ਸਾਡੇ ਵਜੂਦ ਨੂੰ ਖਿਲਾਰਦੀ ,ਹੈ ਜਦਕਿ ਇਕਾਗਰਤਾ ਸਮੇਟਦੀ ਅਤੇ ਸੰਵਾਰਦੀ ਹੈ। ਭਟਕਣਾ ਨਾਲ ਇਨਸਾਨ

> ਦੇ ਚਿਹਰੇ ਦੇ ਜਲ ਜਲੌ ਦਾ ਦੀਪ ਮਘਦਾ ਹੈ। ਭਟਕਦਾ ਅੰਨ੍ਹੇ ਵਾਹ ਲਈ ਦੌੜ ਵਿਚ ਸਾਹੋ ਸਾਹ ਹੋ ਕੇ ਕੋਡੇ ਹੋਣ ਜਾਣ ਦੇ ਤੁੱਲ ਹੈ ਤੇ ਇਕਾਗਰਤਾ ਲੰਮੇ ਸਫ਼ਰ ਮਗਰੋਂ ਵੀ ਤਰੋ ਤਾਜ਼ਾ ਰਹਿਣ ਵਰਗੀ ਚੀਜ਼ ਹੈ। (ਮੰਡ ''ਜਿਊਣ ਦਾ ਸਲੀਕਾ'' 39)

ਕੁੱਝ ਨਵਾਂ ਸਿਰਜਣ ਲਈ ਇਕਾਗਰਤਾ ਹੋਣੀ ਬਹੁਤ ਜ਼ਰੂਰੀ ਹੈ। ਅੱਜ ਮਾਤਾ-ਪਿਤਾ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਚਿੰਤਾਤੁਰ ਰਹਿੰਦੇ ਹਨ, ਪਰ ਬੱਚਿਆਂ ਵਿਚ ਇਕਾਗਰਤਾ ਦੀ ਘਾਟ, ਉਨ੍ਹਾਂ ਨੂੰ ਉਨ੍ਹਾਂ ਦੇ ਅਸਲੀ ਮਕਸਦ ਤੋਂ ਖੁੰਝਾਂ ਦਿੰਦੀ ਹੈ। ਲੋੜ ਹੈ ਅਜੋਕੀ ਪੀੜ੍ਹੀ ਦੀ ਸ਼ਖ਼ਸੀਅਤ ਵਿਚ ਇਕਾਗਰਤਾ ਭਰਨ ਦੀ। ਉਨ੍ਹਾਂ ਨੂੰ ਇਸ ਬਾਰੇ ਰਾਹ ਦਰਸਾਉਣ ਦੀ ਕਿਉਂਕਿ ਇਕਾਗਰਤਾ ਦੇ ਭੰਗ ਹੋਣ ਕਾਰਨ ਸਫਲਤਾ ਵੀ ਅਸਫਲਤਾ ਵਿਚ ਬਦਲ ਸਕਦੀ ਹੈ।

ਪਹਿਲੇ ਸਮਿਆਂ ਵਿਚ ਮਨੁੱਖ ਕੋਲ ਕੰਨ ਤੇ ਲੰਮਾ ਤਜਰਬਾ ਹੀ ਗਿਆਨ ਦੇ ਮੂਲ ਸੋਮਾ ਸੀ। ਹੁਣ ਅਨੁਭਵ ਕਰਨ ਦੀ ਥਾਂ ਅੱਖਾਂ ਨੇ ਲੈ ਲਈ ਹੈ, ਜੋ ਵੀ ਮਨੁੱਖ ਆਪਣੇ ਆਲੇ-ਦੁਆਲੇ ਦੇਖਦਾ ਸੁਣਦਾ ਹੈ, ਉਸ ਨਾਲ ਉਸ ਨੂੰ ਗਿਆਨ ਤਾਂ ਹੋ ਸਕਦਾ ਹੈ, ਪਰ ਮਨੁੱਖ ਨੂੰ ਅੰਦਰੋਂ ਸਿਆਣਾ ਨਹੀਂ ਬਣਾ ਸਕਦਾ। ਸਿਆਣਾ ਉਹੀ ਜਿਹਨੇ ਗਿਆਨ ਰੂਪੀ ਬੀਜ ਨੂੰ ਅਨੁਭਵ ਵਿਚੋਂ ਦੀ ਲੰਘਾ ਕੇ ਅਸਲ ਵਿਚ ਲਿਆਂਦਾ ਹੈ। 'ਗਿਆਨ ਨਾਲ ਅਮਲ ਵੀ ਜ਼ਰੂਰੀ' ਨਿਬੰਧ ਵਿਚ ਲੇਖਕ ਮਨੁੱਖ ਦੀ ਸਥਿਤੀ ਪੇਸ਼ ਕਰਦਾ ਹੈ ਕਿ ਅਜੋਕਾ ਮਨੁੱਖ ਗਿਆਨ ਦਾ ਵਧੇਰੇ ਉਪਯੋਗ ਸਰੀਰ ਨੂੰ ਮਨੋਰੋਗ ਬਣਾਉਣ ਵਿਚ ਤੇ ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਲਈ ਵਧੇਰੇ ਕਰ ਰਿਹਾ ਹੈ। ਇਕੱਲਾ ਗਿਆਨੀ ਹੋਣਾ ਅਗਿਆਨੀ ਹੋਣ ਦੇ ਬਰਾਬਰ ਹੈ:

> ਗਿਆਨੀ ਤਾਂ ਉਹ ਹੈ, ਜਿਸ ਨੂੰ ਆਪਣੀ ਅਗਿਆਨਤਾ ਦਾ ਅਹਿਸਾਸ ਹੋਣ ਦੇ ਬੀਜ ਵਿਚੋਂ ਜਗਿਆਸੂ ਹੋ ਜਾਣ ਵਾਲੀਆਂ ਕਰੂੰਬਲਾਂ ਫੁੱਟ ਪੈਂਦੀਆਂ ਹਨ। (ਮੰਡ ''ਜਿਊਣ ਦਾ ਸਲੀਕਾ'' 49)

ਅਸਲ ਵਿਚ ਗਿਆਨ ਤਾਂ ਮਨੁੱਖ ਦੀ ਤੀਜੀ ਅੱਖ ਮੰਨਿਆ ਜਾਂਦਾ ਹੈ। ਮਨੁੱਖ ਨੂੰ ਗਿਆਨ ਬਿਨਾਂ ਨਜ਼ਰੀ ਸਭ ਕੁੱਝ ਪੈਂਦਾ ਹੈ, ਪਰ ਪਛਾਣ ਸਿਰਫ਼ ਅੰਦਰਲੇ ਗਿਆਨ ਨਾਲ ਹੀ ਆਉਂਦੀ ਹੈ:

> ਵਸਤੂਆਂ ਵਿਚ ਵਾਧਾ ਗੁਣਾਂ ਵਿਚ ਵਾਧਾ ਨਹੀਂ ਕਰ ਸਕਿਆ। ਜਿੰਨੀਆਂ ਜ਼ਿਆਦਾ ਚੀਜ਼ਾਂ ਆਈਆਂ, ਓਨੀ ਨੀਂਦ ਜਾਂਦੀ ਰਹੀ। ਬਹੁਤੇ ਲੋਕ ਨੀਂਦ ਦੀਆਂ ਦਵਾਈਆਂ ਲੈ ਕੇ ਹੀ ਸੌਂ ਸਕਦੇ ਹਨ। ਚੀਜ਼ਾਂ ਨੇ ਚੈਨ ਦੇਣਾ ਸੀ, ਪਰ ਬੇਚੈਨੀ ਦੇ ਦਿੱਤੀ ਹੈ, ਜੋ ਹਾਸਲ ਹੋ ਗਿਆ, ਇਹ ਕਿਤੇ ਖੁੱਸ ਨਾ ਜਾਵੇ, ਇਸ ਦੀ ਚਿਤਮਣੀ ਲਾ ਦਿੱਤੀ ਹੈ।ਜੋ ਸਾਡੇ ਕੋਲ ਹੈ। ਇਹ ਕਿਸੇ ਕੋਲ ਵੀ ਨਹੀਂ, ਇਸ ਦਾ ਹੰਕਾਰ ਲੈ ਆਂਦਾ ਹੈ। ਜੋ ਸਾਡੇ ਕੋਲ ਨਹੀਂ, ਉਹ ਬਾਕੀਆਂ ਕੋਲ ਕਿਉਂ ਹੈਗੇ? ਇਸ ਦੀ ਈਰਖਾ ਖਾਈ ਜਾਂਦੀ ਹੈ। (ਮੰਡ ''ਜਿਊਣ ਦਾ ਸਲੀਕਾ'' 48)

ਇਸ ਤਰ੍ਹਾਂ ਲੇਖਕ ਮੰਡੀ ਦੇ ਦੌਰ ਉੱਪਰ ਵਿਅੰਗ ਕੱਸਦਾ ਹੈ, ਜਿਸ ਮੰਡੀ ਵਿਚ ਹਰ ਕੋਈ ਮੰਡੀ ਬਣ ਕੇ ਰਹਿ ਗਿਆ ਹੈ। ਅੱਜ ਕੱਲ੍ਹ ਮਨੁੱਖ ਗਿਆਨ ਦਾ ਪ੍ਰਯੋਗ ਘੱਟ ਕਰ ਕੇ ਹਨੇਰੇ ਵਿਚ ਕੋਰੀਆਂ ਟੱਕਰਾਂ ਮਾਰਨ ਵੱਲ ਵਧੇਰੇ ਜੁੜਿਆ ਹੈ, ਜੋ ਮੌਜੂਦ ਹੈ ਉਸ ਦੀ ਕਦਰ ਕਰਨ ਦੀ ਬਜਾਏ, ਮਰ ਚੁੱਕੇ ਬੰਦਿਆਂ ਦੀ ਬਾਅਦ ਵਿਚ ਮੋਮਬਤੀਆਂ ਜਗਾਉਂਦੇ ਹਨ।

ਲੇਖਕ ਅਨੁਸਾਰ ਅਜੋਕੇ ਰਿਸ਼ਤਿਆਂ ਦੀ ਜੇਕਰ ਗੱਲ ਕੀਤੀ ਜਾਵੇ, ਚਾਹੇ ਉਹ ਰਿਸ਼ਤਾ ਮਾਤਾ-ਪਿਤਾ ਨਾਲ ਬੱਚਿਆਂ ਦੇ ਸੰਬੰਧਾਂ ਬਾਰੇ ਲੈ ਲਓ ਚਾਹੇ, ਪਤੀ-ਪਤਨੀ ਦਾ ਹੋਵੇ। ਲੇਖਕ 'ਮਨ ਅਤੇ ਬੁੱਧੀ' ਨਿਬੰਧ ਵਿਚ ਸੰਵਾਦ ਦੀ ਮਹੱਤਤਾ ਬਾਰੇ ਆਖਦਾ  ਹੈ ਕਿ ਅੱਜ ਇਹ ਰਿਸ਼ਤਿਆਂ 'ਚ ਸੰਵਾਦ ਦੀ ਜਗ੍ਹਾ ਵਾਦ-ਵਿਵਾਦ ਨੇ ਲੈ ਲਈ ਹੈ। ਜਦਕਿ ਸੰਵਾਦ ਦਾ ਵਿਵਹਾਰ ਹਮੇਸ਼ਾ ਅਨੰਦਮਈ ਅਵਸਥਾ ਵਾਲਾ ਹੁੰਦਾ ਹੈ ਤੇ ਵਾਦ-ਵਿਵਾਦ ਝਗੜੇ ਦਾ ਮੂਲ ਹੁੰਦਾ ਹੈ:

> ਜਦੋਂ ਇਨਸਾਨ ਦੇ ਸਿਰ ਵਿਚ ਮਨ ਅਤੇ ਬੁੱਧੀ ਦਾ ਸੰਵਾਦ ਨਹੀਂ ਹੁੰਦਾ। ਉਹ ਕਦੀ ਵੀ ਆਪਣੀ ਸਵੈ-ਪੜਚੋਲ ਨਹੀਂ ਕਰ ਸਕਦਾ। ਬੁੱਧੀ ਮਨ ਦੀ ਨਿਆਂਪਾਲਿਕਾ ਵਰਗੀ ਵੀ ਹੁੰਦੀ ਹੈ। (ਮੰਡ ''ਜਿਊਣ ਦਾ ਸਲੀਕਾ'' 13)

ਪ੍ਰੰਤੂ ਅਜੋਕੀ ਪੀੜ੍ਹੀ ਬੁੱਧ ਨਾਲੋਂ ਜ਼ਿਆਦਾ ਮਨ ਦੇ ਪਿੱਛੇ ਲੱਗ ਕੇ ਕਈ ਤਰ੍ਹਾਂ ਦੀਆਂ ਉਲਝਣਾਂ ਸਹੇੜਦੀ ਹੈ:

> ਜੇ ਕਿਸੇ ਦੀ ਪਤੀ/ਪਤਨੀ ਉਸ ਨਾਲ ਘਟੀਆਂ ਵਿਹਾਰ ਕਰਦਾ/ਕਰਦੀ ਹੈ ਤਾਂ ਮਨ ਕਹਿੰਦਾ ਹੈ ਕਿ ਛੱਡਦੇ ਖਹਿੜਾ। ਇਸ ਤਰ੍ਹਾਂ ਕਿਉਂ ਜੂਨ ਖ਼ਰਾਬ ਕਰਨੀ। ਪਰ ਬੁੱਧੀ ਕਹਿੰਦੀ ਹੈ ਜ਼ਰ ਜਾਹ, ਐਵੇਂ ਨਿਆਣੇ ਰੁਲਨਗੇ। ਲੋਕ ਕੀ ਆਖਣਗੇ? ਸੋ, ਇਵੇਂ ਕਈ ਜ਼ਿੰਦਗੀਆਂ ਇਸੇ ਹੀ ਦੌੜ ਭੱਜ ਵਿਚ ਲੱਗੀਆਂ ਰਹਿੰਦੀਆਂ ਹਨ। ਜਦੋਂ ਔਰਤ ਮਰਦ ਸੰਬੰਧਾਂ ਦੇ ਪ੍ਰਸੰਗ ਵਿਚ ਬੁੱਧੀ, ਸਭਿਆਚਾਰ ਅਤੇ ਕਾਨੂੰਨ ਦੀ ਵਕੀਲ ਬਣ ਕੇ, ਮਨ ਨੂੰ ਮੁਹੱਬਤ ਦੀ ਕੁਦਰਤੀ ਖਿੱਚ ਤੋਂ ਵਰਜਦੀ ਹੈ, ਤਾਂ ਮਨ ਆਪਣੀ ਸੰਤੁਸ਼ਟੀ ਦਾ ਨਵਾਂ ਰਾਹ ਕੱਢਣ ਦਾ ਜੁਗਾੜ ਸੋਚਦਾ ਹੈ। (ਮੰਡ ''ਜਿਊਣ ਦਾ ਸਲੀਕਾ'' 14)

ਰਿਸ਼ਤੇ ਨਾਤੇ ਪਿਆਰ ਤੇ ਸੰਜਮਤਾ ਨਾਲ ਨਿਭਦੇ ਹਨ।ਰਿਸ਼ਤਿਆਂ ਵਿਚ ਨਿੱਕੀ-ਨਿੱਕੀ ਗੱਲ ਤੇ ਲੜਨ ਨਾਲ ਵਾਦ-ਵਿਵਾਦ ਜਨਮ ਲੈਂਦਾ ਹੈ। ਸਮਕਾਲ ਵਿਚ ਤਿੜਕਦੇ ਰਿਸ਼ਤਿਆਂ ਦਾ ਮੁੱਖ ਕਾਰਨ ਹੀ ਇਹ ਹੈ ਕਿ ਸੰਵਾਦ ਦੀ ਜਗਹ ਵਾਦ-ਵਿਵਾਦ ਨੇ ਲੈ ਲਈ ਹੈ। ਸਹਿਣਸ਼ੀਲਤਾ ਸਮਕਾਲੀ ਰਿਸ਼ਤਿਆਂ ਵਿਚੋਂ ਖੰਭ ਲਾ ਕੇ ਉੱਡ ਗਈ ਹੈ, ਲੋੜ ਹੈ ਬੈਠ ਕੇ ਸੰਵਾਦ ਰਚਾ ਕੇ ਰਿਸ਼ਤਿਆਂ ਨੂੰ ਮੁੜ ਸੁਰਜੀਤ ਕੀਤਾ ਜਾਵੇ।

ਗੀਤ ਸੰਗੀਤ ਨੂੰ ਮਨੁੱਖ ਦੀ ਇਕੱਲਤਾ ਦਾ ਸਹਾਰਾ ਮੰਨਿਆਂ ਜਾਂਦਾ ਹੈ। ਪ੍ਰੰਤੂ ਅੱਜ ਕੱਲ੍ਹ ਗੀਤ ਸੰਗੀਤ ਵਿਚ ਰਿਸ਼ਤਿਆਂ ਦੀਆਂ ਉੱਡ ਰਹੀਆਂ ਧੱਜੀਆਂ ਨੂੰ ਮਨੁੱਖ ਦੀ ਬੁੱਧੀ ਤਾਂ ਨਕਾਰਦੀ ਹੈ, ਪਰ ਉਸ ਦਾ ਮਨ ਕਿਤੇ ਨਾ ਕਿਤੇ ਉਸ ਵੱਲ ਮੁੜ ਜੁੜ ਜਾਂਦਾ ਹੈ:

'ਚਾਰ ਪੈੱਗ ਲਾ ਕੇ ਤੇਰੀ ਬਾਂਹ ਫੜਨੀ'

'ਘੁੰਮਣ ਘੁਮਾਉਣ ਨੂੰ ਤਾਂ ਥਾਰ ਰੱਖੀ ਆ ਜੀ, ਇਹ ਬੁਲਟ ਤਾਂ ਰੱਖਿਆ ਪਟਾਕੇ ਪਾਉਣ ਨੂੰ'

'ਮਨ ਅਤੇ ਬੁੱਧੀ' ਨਿਬੰਧ ਵਿਚ ਲੇਖਕ ਆਖਦਾ ਹੈ:

> ਅਸਲ ਵਿਚ ਇਹਨਾਂ ਗੀਤਾਂ, ਫ਼ਿਲਮਾਂ ਨੂੰ ਲੋਕਾਂ ਦੀ ਪ੍ਰਵਾਨਗੀ, ਕੁਦਰਤੀ ਮਨੁੱਖੀ ਸੋਚ ਨੂੰ ਪ੍ਰਵਾਨਗੀ ਹੈ, ਮੇਰਾ ਖ਼ਿਆਲ ਹੈ ਕਿ ਜਦ ਤਕ ਰਿਸ਼ਤਿਆਂ ਦਾ ਗੈਰ ਕੁਦਰਤੀ ਵਰਤਾਰਾ ਬਰਕਰਾਰ ਹੈ, ਤਦ ਤੱਕ ਇਸ ਵਿਚੋਂ ਬਾਹਰ ਨਿਕਲਣ ਦੀ ਤਾਂਘ ਕਦੇ ਮਰੇਗੀ ਨਹੀਂ। ਇਹੋ ਇਹਨਾਂ ਗੀਤਾਂ ਦੇ ਜਿਊਂਦੇ ਰਹਿਣ ਦਾ ਰਾਜ ਹੈ। ਸਮੁੱਚਾ ਸਮਾਜ ਇਹਨਾਂ ਨਾਜਾਇਜ਼ ਜਿਨਸੀ ਸੰਬੰਧਾਂ ਉੱਪਰ ਲਿਖੇ ਗੀਤਾਂ ਨੂੰ ਸੁਣਦਾ ਤੇ ਮਾਣਦਾ ਹੈ ਅਤੇ ਇਸ ਤਰ੍ਹਾਂ ਆਪਣੇ ਬੌਧਿਕ ਤੌਰ ਉੱਤੇ ਮਨ੍ਹਾ ਕੀਤੇ ਜਾਂਦੇ ਜਜ਼ਬਿਆਂ ਦੀ ਪੂਰਤੀ ਕਰ ਕੇ, ਮਨ ਸ਼ਾਂਤ ਕਰਦਾ ਹੈ। (ਮੰਡ ''ਜਿਊਣ ਦਾ ਸਲੀਕਾ'' 15)

ਇਹ ਗੀਤ ਸੰਗੀਤ ਮਨੁੱਖ ਦੀ ਬੌਧਿਕਤਾ ਦੇ ਸਤਰ ਨੂੰ ਵੀ ਗਿਰਾਉਂਦਾ ਹੈ। ਲੋੜ ਹੈ ਮਨ ਤੇ ਕੰਟਰੋਲ ਕਰ ਕੇ ਚੰਗੇ ਸੰਗੀਤ ਨਾਲ ਜੁੜਨ ਦੀ ਜੁੜਨਾ ਰੂਹ ਦੀ ਖ਼ੁਰਾਕ ਹੁੰਦਾ ਹੈ। ਉਸ ਨੂੰ ਉਸ ਦੇ ਸਭਿਆਚਾਰ ਦਾ ਅਸਲੀ ਰੰਗ ਦਿਖਾਉਂਦਾ ਹੈ ਸਮਕਾਲ ਦੀ ਲੋੜ ਹੈ, ਅਜਿਹੇ ਮਨ ਨੂੰ ਕੰਟਰੋਲ ਵਿਚ ਰੱਖ ਕੇ ਬੁੱਧੀ ਤੋਂ ਕੰਮ ਲੈਣ ਦੀ।

ਮਨੁੱਖ ਦਾ ਅੰਦਰਲਾ ਸਰੂਰ ਹੀ ਅਸਲੀ ਨਸ਼ਾ ਹੈ। ਜਿਸ ਨੂੰ ਮਨੁੱਖ ਅੰਦਰੋਂ ਲੱਭਣ ਦੀ ਬਜਾਏ, ਬਾਹਰੋਂ ਭਾਲਣ ਦੇ ਜੁਗਾੜ ਕਰਦਾ ਹੈ। ਅਸਲੀ ਸਰੂਰ ਅਸਲੀ ਨਸ਼ਾ ਤਾਂ ਮੁਹੱਬਤ ਵਿਚ ਹੈ, ਉਹ ਚਾਹੇ ਆਪਣੇ ਕੰਮ ਪ੍ਰਤੀ

ਹੋਵੇ, ਕੁਦਰਤ ਨਾਲ ਭਾਵੇਂ ਰੱਬ ਨਾਲ ਜ਼ਰੂਰਤ ਹੈ, ਇਸ ਨੂੰ ਭਾਲਣ ਦੀ। ਸਰੂਰ ਲਈ ਇੱਕ ਖ਼ਾਸ ਬੌਧਿਕ ਸਤਰ ਦੀ ਰੂਹਾਨੀ ਅਵਸਥਾ ਹੁੰਦਾ ਹੈ, ਪ੍ਰੰਤੂ ਅਨਸਰਾਂ ਦੇ ਧੱਕੇ ਚੜ੍ਹ ਕੇ ਆਪਣੀ ਜ਼ਿੰਦਗੀ ਨੂੰ ਦਾਅ ਤੇ ਲਗਾ ਰਿਹਾ ਹੈ।

> ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ: ਨਸ਼ਿਆਂ ਦੀ ਆਦਤ ਨਾਲ ਨਿੱਜੀ ਵਿਕਾਸ ਦੀਆਂ ਸੰਭਾਵਨਾਵਾਂ ਤਾਂ ਖੁੰਢੀਆਂ ਹੁੰਦੀਆਂ ਹਨ ਹਨ, ਅਜਿਹੇ ਵਿਅਕਤੀਆਂ ਨਾਲ ਸੰਬੰਧਿਤ ਉਨ੍ਹਾਂ ਦੇ ਮਾਪੇ, ਪਤਨੀਆਂ, ਬੱਚੇ ਆਦਿ ਵੀ ਘੋਰ ਨਿਰਾਸ਼ਾ ਦਾ ਸ਼ਿਕਾਰ ਹੋ ਕੇ ਜੀਵਨ ਖੇਡ ਵਿਚ ਬਦਰੰਗ ਦੁੱਕੀਆਂ-ਤਿੱਕੀਆਂ ਬਣ ਕੇ ਰਹਿ ਜਾਂਦੇ ਹਨ। (''ਵਿਆਖਿਆ ਵਿਸ਼ਲੇਸ਼ਣ'' 100)

> ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ: ਨਸ਼ਿਆਂ ਵਿਚ ਡੁੱਬਿਆਂ ਬੰਦਾ ਖ਼ੁਦ ਤਾਂ ਆਪਣੀ ਜ਼ਿੰਦਗੀ ਤਾਂ ਬਰਬਾਦ ਕਰਦਾ ਹੀ ਹੈ। ਬਾਕੀ ਉਹਦੇ ਪਰਿਵਾਰ ਨਾਲ ਜੁੜੇ ਹਰ ਵਿਅਕਤੀ ਦੀ ਜ਼ਿੰਦਗੀ ਬੇਰੰਗ ਹੋ ਜਾਂਦੀ ਹੈ। ਇੱਕ ਦੂਜੇ ਦੇ ਸਹਿਯੋਗ ਨਾਲ ਜ਼ਿੰਦਗੀ ਦੀ ਹਰ ਮੁਸ਼ਕਲ ਹੱਲ ਕੀਤੀ ਜਾ ਸਕਦੀ ਹੈ। ਸੱਚ ਤਾਂ ਇਹ ਹੈ ਕਿ ਸਹਿਯੋਗ ਭਰੀ ਸਥਿਤੀ ਵਿਚ ਮੁਸ਼ਕਲ ਉਪਜਦੀ ਹੀ ਨਹੀਂ, ਜੇ ਉਪਜਦੀ ਵੀ ਹੈ ਤਾਂ ਉਸ ਨੂੰ ਸੁਲਝਾਉਣਾ ਹਰ ਕਿਸੇ ਲਈ ਇੱਕ ਪ੍ਰਕਾਰ ਦਾ ਮਨ ਪਰਚਾਵਾਂ ਬਣ ਜਾਂਦਾ ਹੈ। (''ਵਿਆਖਿਆ ਵਿਸ਼ਲੇਸ਼ਣ'' 95)

ਨਸ਼ੇ ਦਾ ਸੰਪੂਰਨ ਖ਼ਾਤਮਾ ਉਦੋਂ ਹੀ ਸੰਭਵ ਹੈ ਜਦੋਂ ਸਖ਼ਤ ਕਾਨੂੰਨੀ ਸ਼ਿਕੰਜਾ ਕੱਸਿਆ ਜਾਵੇ ਲੋੜ ਹੈ, ਗਿਆਨ ਨੂੰ ਵਧਾਉਣ ਲਈ ਕਰਦੀ ਹੈ ਤੇ ਖੜੋਤ ਵਿਚੋਂ ਬਾਹਰ ਨਿਕਲਣ ਲਈ ਚੰਗੇ ਲੋਕਾਂ ਦੀ ਸੰਗਤ ਕਰਨਾ ਹੀ ਅਸਲ ਗਿਆਨ ਨਾਲ ਜੁੜਨਾ ਹੈ, ਇਹ ਨਸ਼ੇ ਮਨੁੱਖ ਦੀ ਜ਼ਿੰਦਗੀ ਨੂੰ ਤਾਂ ਤਬਾਹ ਕਰਦੇ ਹੀ ਨੇ ਨਾਲ-ਨਾਲ ਜੁੜੇ ਹੋਏ ਬਾਕੀ ਮਨੁੱਖਾਂ ਦੀਆਂ ਜ਼ਿੰਦਗੀਆਂ ਨੂੰ ਵੀ ਤਬਾਹ ਕਰਨ ਦੇ ਭਾਗੀਦਾਰ ਬਣ ਜਾਂਦੇ ਹਨ। ਆਪਣੇ ਰਿਸ਼ਤਿਆਂ ਵਿਚ ਪਨਪਦਾ ਪਿਆਰ ਮਨੁੱਖ ਨੂੰ ਕਿਸੇ ਹੋਰ ਨਸ਼ੇ ਵੱਲ ਲੱਗਣ ਨਹੀਂ ਦਿੰਦਾ, ਕਿਉਂ ਨਾ ਬਦਰੰਗ ਦੁੱਕੀਆਂ ਤਿੱਕੀਆਂ ਬਣਨ ਦੀ ਬਜਾਏ ਕੀਮਤੀ ਨੋਟ ਬਣਿਆ ਜਾਵੇ ਤੇ ਜ਼ਿੰਦਗੀ ਦੇ ਰੰਗਾਂ ਨੂੰ ਸੁਚਾਰੂ ਸੋਚ ਦੇ ਲੜ ਲੱਗ ਕੇ

ਜੀਵਿਆ ਜਾਵੇ। ਸਮਕਾਲ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਅਜੋਕੀ ਪੀੜ੍ਹੀ ਨਸ਼ਿਆਂ ਵਿਚ ਗ਼ਲਤਾਨ ਹੋਣਾ ਹੈ। ਰੋਜ਼ ਅਖ਼ਬਾਰਾਂ ਵਿਚ ਛਪਦੀਆਂ ਖ਼ਬਰਾਂ ਮਨੁੱਖ ਦੇ ਦਿਲ ਨੂੰ ਦਹਿਲਾ ਦਿੰਦੀਆਂ ਹਨ। ਜੇਕਰ ਅਜੇ ਵੀ ਇਸ ਭੈੜੇ ਰੋਗ ਨੂੰ ਠੱਲ੍ਹ ਨਾ ਪਾਈ ਗਈ ਤਾਂ ਪੰਜਾਬ ਵਿਚ ਗੱਭਰੂਆਂ ਦਾ ਕਾਲ ਪੈ ਜਾਣਾ ਹੈ। ਮਾਵਾਂ ਨੇ ਨਸ਼ਿਆਂ ਦੇ ਡਰ ਖੁਣੋਂ ਪੁੱਤ ਜੰਮਣੇ ਬੰਦ ਕਰ ਦੇਣੇ ਨੇ। ਅਜੇ ਵੀ ਸਮਾਂ ਹੈ, ਆਪਣੀ-ਆਪਣੀ ਬਣਦੀ ਜ਼ਿੰਮੇਵਾਰੀ ਨਿਭਾਈਏ। ਨੈਤਿਕਤਾ ਦਾ ਸੰਚਾਰ ਕਰੀਏ।

ਵਾਤਾਵਰਣ ਵੀ ਦੋ ਤਰ੍ਹਾਂ ਦਾ ਮੰਨਿਆ ਜਾਂਦਾ ਹੈ? ਇੱਕ ਅੰਦਰੂਨੀ ਤੇ ਦੂਜਾ ਬਾਹਰੀ ਵਾਤਾਵਰਣ। ਅੰਦਰਲੇ ਵਾਤਾਵਰਣ ਦਾ ਤਾਂ ਮਨੁੱਖ ਦੇ ਸਰੀਰ ਤੇ ਅਸਰ ਪੈਂਦਾ ਹੈ, ਪਰ ਬਾਹਰੀ ਵਾਤਾਵਰਣ ਪੂਰੇ ਸਮਾਜ ਦੇਸ਼ ਨੂੰ ਵਿਗਾੜਨ ਵਿਚ ਹਿੱਸਾ ਪਾਉਂਦਾ ਹੈ:

> ਵਾਤਾਵਰਣ ਦਾ ਸਮਾਨਾਰਥੀ ਸ਼ਬਦ ਹ'ਪਰਿਆਵਰਣ' ਅਤੇ ਅੰਗਰੇਜ਼ੀ ਵਿਚ 'ਐਨਵਾਇਰਮੈਂਟ' (Environment) ਹੈ। ਪਰਿਆਵਰਣ ਸ਼ਬਦ 'ਪਰਿ'+'ਆਵਰਣ' ਦੇ ਮੇਲ ਤੋਂ ਬਣਿਆ ਹੈ ਜਿਸ ਦਾ ਅਰਥ 'ਪਰਿਵ੍ਰਿਤੀ' (Surrounding) ਹੈ। ਅੰਗਰੇਜ਼ੀ ਸ਼ਬਦ 'ਐਨਵਾਇਰ' (Environ) ਅਰਥ 'ਘੇਰਨਾ' ਜਾਂ 'ਵਲ੍ਹੇਟਣਾ' ਅਤੇ 'ਮੈਂਟ' (Ment) ਦਾ ਅਰਥ ਚੁਫੇਰਿਉ (All round) ਹੈ । ਇਸ ਤਰ੍ਹਾਂ ਐਨਵਾਇਰਨਮੈਂਟ ਦਾ ਅਰਥ ਚਾਰ-ਚੁਫੇਰਿਓਂ ਘੇਰਿਆ ਹੋਇਆ ਭਾਵ ਉਹ ਆਲਾ-ਦੁਆਲਾ ਜਿਸ ਨੇ ਪ੍ਰਾਣੀ ਮੰਡਲ ਨੂੰ ਚਾਰੇ ਪਾਸੀਓ ਘੇਰਿਆ ਹੋਇਆ ਹੈ ਅਤੇ ਇਸ ਨੂੰ ਸਿੱਧੇ ਅਤੇ ਅਸਿੱਧੇ ਰੂਪ ਵਿਚ ਪ੍ਰਭਾਵਿਤ ਕਰਦਾ ਹੈ। ਵਾਤਾਵਰਣ ਕਹਾਉਂਦਾ ਹੈ। (ਤ੍ਰਿਲੋਚਣ ''ਵਾਤਾਵਰਣ: ਦਰਪੇਸ਼ ਸਮੱਸਿਆਵਾਂ'' 2)

ਲੇਖਕ 'ਡੁੱਬਣ ਵੱਲ ਕਿਉਂ ਤੁਰ ਪਈ ਧਰਤੀ' ਨਿਬੰਧ ਵਿਚ ਵਾਤਾਵਰਣ ਦੀ ਸਮੱਸਿਆ ਪ੍ਰਤੀ ਸੁਚੇਤ ਕਰਦਾ ਹੈ ਕਿ ਅੱਜ ਜੇਕਰ ਦੇਖਿਆਂ ਜਾਵੇ ਤਾਂ ਵਾਤਾਵਰਣ ਦੀ ਸਮੱਸਿਆ ਨੇ ਪੂਰੇ ਦੇਸ਼ ਖ਼ਤਰੇ ਵਿਚ ਹੈ, ਜੇਕਰ ਅੱਜ ਵੀ ਇਸ ਤੇ ਕੰਟਰੋਲ ਨਾ ਕੀਤਾ ਗਿਆ ਤਾਂ ਇਸ ਧਰਤੀ ਨੂੰ ਡੁੱਬਣ ਤੋਂ ਕੋਈ ਵੀ ਨਹੀਂ ਬਚਾ ਸਕੇਗਾ:

> ਧਰਤੀ ਨੂੰ ਥੇਹ ਹੋਣ ਵਿਚ ਅਸੀਂ, ਯਾਨੀ ਇਨਸਾਨ ਵੀ ਆਪਣਾ ਪੂਰਾ ਹਿੱਸਾ ਪਾਉਣ ਡਹਿਆ। ਅਣਜਾਣੇ ਵਿਚ ਵੀ ਤੇ ਜਾਣ ਬੁੱਝ ਕੇ ਵੀ। ਹਵਾ ਨੂੰ ਗੰਦੀ ਕਰਨ ਡਹਿਆ ਪ੍ਰਦੂਸ਼ਿਤ। ਪਾਣੀ ਦੀ ਜੜ੍ਹ ਵੱਢਣ ਡਹਿਆ। ਉੱਪਰ ਵਗਦੇ ਦਰਿਆਵਾਂ 'ਚ ਸਾਰੇ ਸ਼ਹਿਰਾਂ ਦਾ ਗੰਦ ਸੁੱਟਦਾ ਤੇ ਧਰਤੀ ਹੇਠਲੇ ਪਾਣੀ ਨੂੰ ਛੇਤੀ ਨਾਲ ਚੂਸ ਜਾਣ ਲਈ ਦੂਹੋ-ਦੂ ਕੱਢ ਰਿਹਾ ਹੈ ਤੇ ਸਭ ਤੋਂ ਵੱਡੀ ਗੱਲ, ਅਜਿਹਾ ਸਮਾਨ ਬਣਾ ਰਿਹਾ ਹੈ, ਜਿਹਦੇ ਨਾਲ ਸਾਰੀ ਧਰਤੀ ਦਾ ਤਾਣਾ-ਬਾਣਾ ਹੀ ਹਿੱਲ ਗਿਆ।(ਮੰਡ ''ਜਿਊਣ ਦਾ ਸਲੀਕਾ'' 122)

> ਦਰਬਾਰਾ ਸਿੰਘ ਢੀਂਡਸਾ ਅਨੁਸਾਰ: ਮਨੁੱਖ ਦੀ ਕੁਦਰਤੀ ਵਸੀਲਿਆਂ ਨਾਲ ਕੀਤੀ ਜਾ ਰਹੀ ਛੇੜ-ਛਾੜ ਵੀ ਵਿਨਾਸ਼ਕਾਰੀ ਹੋ ਰਹੀ ਹੈ, ਪਹਾੜਾਂ ਨਾਲ ਟਕਰਾ ਕੇ ਬੱਦਲ ਬਾਰਸ਼ ਕਰਦੇ ਹਨ, ਪਰ ਮਨੁੱਖ ਆਪਣੇ ਸਵਾਰਥ ਲਈ ਪਹਾੜਾਂ ਨੂੰ ਪੱਧਰਾਂ ਕਰ ਰਿਹਾ ਹੈ। ਜੇ ਪਹਾੜ ਨਾ ਰਹੇ, ਤਾਂ ਬਾਰਸ਼ ਕਿਸ ਤਰ੍ਹਾਂ ਹੋਵੇਗੀ। ਉੱਧਰ ਦਰਖ਼ਤ ਵੀ ਬਾਰਸ਼ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਪਰ ਮਨੁੱਖ ਉਨ੍ਹਾਂ ਦੀ ਵੀ ਅੰਨ੍ਹੇਵਾਹ ਕਟਾਈ ਕਰ ਰਿਹਾ ਹੈ, ਜਿਸ ਦੇ ਸਿੱਟੇ ਵੀ ਭਿਆਨਕ ਨਿਕਲ ਸਕਦੇ ਹਨ।(ਕੋਮਲ ''ਚੋਣਵੇਂ ਪੰਜਾਬੀ ਨਿਬੰਧ'' 371)

> ਡਾ. ਜਤਿੰਦਰਪਾਲ ਸਿੰਘ ਅਨੁਸਾਰ: ਜੇਕਰ ਕੁਦਰਤੀ ਸੋਮਿਆਂ ਪ੍ਰਤੀ ਸਾਡਾ ਰਵੱਈਆ ਇਹੋ ਜਿਹਾ ਰਿਹਾ ਤਾਂ ਆਉਣ ਵਾਲੇ 50 ਸਾਲਾਂ ਤੱਕ ਇਸ ਦੇ ਨਤੀਜੇ ਸਾਡੇ ਸਾਹਮਣੇ ਆ ਜਾਣਗੇ। ਸਭ ਤੋਂ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਸ ਰਿਪੋਰਟ ਵਿਚ ਵੱਧ ਰਹੇ

> ਭੂਗੋਲਿਕ ਤਾਪਮਾਨ ਨਾਲ ਕਈ ਬਹੁਤ ਹੀ ਗੰਭੀਰ ਸਮੱਸਿਆਵਾਂ ਦੇ ਬਾਰੇ ਸਾਨੂੰ ਅਗਾਊਂ ਸੂਚਿਤ ਕੀਤਾ ਗਿਆ ਹੈ। ਰਿਪੋਰਟ ਮੁਤਾਬਿਕ ਇਸ ਨਵੀਂ ਚੜ੍ਹੀ ਸਦੀ ਦੇ ਅੰਤ ਤੱਕ ਵਿਸ਼ਵ ਦਾ ਤਾਪਮਾਨ 6 ਡਿਗਰੀ ਤੱਕ ਵੱਧ ਜਾਵੇਗਾ। ਧਰੁਵਾਂ ਤੇ ਜੰਮੀ ਬਰਫ਼ ਪਿਘਲਣ ਦੇ ਨਾਲ ਸੰਸਾਰ ਦੇ ਸਮੁੰਦਰਾਂ ਦਾ ਸਤਰ 2050 ਈਸਵੀ ਤੱਕ 21 ਸੈਂਟੀਮੀਟਰ ਉੱਪਰ ਉੱਠ ਜਾਵੇਗਾ ਅਤੇ ਕਈ ਤੱਟਵਰਤੀ ਦੇਸ਼ ਪ੍ਰਭਾਵਿਤ ਹੋ ਜਾਣਗੇ। ਹਰੇਕ ਸਾਲ ਤੱਟਵਰਤੀ ਖੇਤਰਾਂ ਵਿਚ ਹੜ੍ਹਾਂ ਤੋਂ ਪ੍ਰਭਾਵਿਤ ਹੋਣ ਵਾਲੀ ਵਸੋਂ ਦੀ ਗਿਣਤੀ 10 ਕਰੋੜ ਦੇ ਕਰੀਬ ਹੋ ਜਾਵੇਗੀ। ਇਸ ਦੇ ਨਾਲ ਹੀ 3 ਕਰੋੜ ਦੇ ਕਰੀਬ ਲੋਕ ਸੋਕੇ ਕਾਰਨ ਭੁੱਖ ਦਾ ਸ਼ਿਕਾਰ ਹੋ ਜਾਣਗੇ।ਹਰੇਕ ਸਾਲ ਤੱਟਵਰਤੀ ਖੇਤਰਾਂ ਵਿਚ ਹੜ੍ਹਾਂ ਤੋ ਪ੍ਰਭਾਵਿਤ ਹੋਣ ਵਾਲੀ ਵਸੋਂ ਦੀ ਗਿਣਤੀ 10 ਕਰੋੜ ਦੇ ਕਰੀਬ ਹੋ ਜਾਵੇਗੀ। (''ਮਨੁੱਖ ਹੋਂਦ ਲਈ ਖ਼ਤਰਾ ਵਾਤਾਵਰਨੀ ਪ੍ਰਦੂਸ਼ਣ'' 7)

ਉਪਰੋਕਤ ਸ਼ਬਦਾਂ ਤੋਂ ਭਾਵ ਜੇਕਰ ਆਕਸੀਜਨ ਛੱਡਣ ਵਾਲੇ ਰੁੱਖਾਂ ਦਾ ਇਸੀ ਪ੍ਰਕਾਰ ਖ਼ਾਤਮਾ ਹੁੰਦਾ ਰਿਹਾ ਤੇ ਫ਼ੈਕਟਰੀਆਂ ਦੀ ਵਧਦੀ ਤਾਦਾਦ ਤੇ ਵਧਦਾ ਧੂੰਆਂ ਕਾਰਬਨ ਡਾਈਆਕਸਾਈਡ ਦੀ ਮਾਤਰਾ ਵਿਚ ਇਸ ਤਰ੍ਹਾਂ ਵਾਧਾ ਕਰਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਵਾਯੂ-ਮੰਡਲ ਵਿਚ ਸਾਹ ਲੈਣਾ ਵੀ ਮੁਸ਼ਕਲ ਹੋ ਜਾਵੇਗਾ। ਇਹ ਮਨੁੱਖੀ ਵਿਨਾਸ਼ ਦੇ ਪਰਛਾਵੇਂ ਹਨ। ਉਹ ਦਿਨ ਦੂਰ ਨਹੀਂ ਜਦੋਂ ਇਹ ਪੰਜ ਦਰਿਆਵਾਂ ਦੀ ਧਰਤੀ ਪਾਣੀ ਦੇ ਲਈ ਤਰਸੇਗੀ।

'ਡੁੱਬਣ ਵੱਲ ਕਿਉਂ ਤੁਰ ਪਈ ਧਰਤੀ' ਨਿਬੰਧ ਵਿਚ ਲੇਖਕ ਅਨੁਸਾਰ ਤਰੱਕੀ ਕਰਨਾ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ, ਲੋੜ ਹੈ ਗਿਆਨ ਨੂੰ ਸਹੀ ਢੰਗ ਨਾਲ ਵਰਤਣ ਦੀ ਕਿਉਂਕਿ ਮਨੁੱਖ ਧਰਤੀ ਦੀ ਸੰਤਾਨ ਹਨ, ਪਰ ਤਰੱਕੀ ਮਨੁੱਖ ਨੇ ਧਰਤੀ ਮਾਂ ਨੂੰ ਨੁਕਸਾਨ ਪਹੁੰਚਾ ਕੇ ਨਹੀਂ ਕਰਨੀ:

ਤਰੱਕੀ ਧਰਤੀ ਦੀ ਧੌਣ ਤੇ ਗੋਡਾ ਰੱਖ ਕੇ ਥੋੜ੍ਹਾ ਕਰਨੀ। ਅਸੀਂ ਧਰਤੀ ਦੀ ਔਲਾਦ ਹਾਂ। ਦੁਸ਼ਮਣ ਨਹੀਂ। ਮਾਂ ਕਹਿੰਦੇ ਫਿਰਦੇ ਆ ਇਸ ਨੂੰ ਅਸੀਂ ਇਸ ਨਾਲ ਰਹਿਣਾ ਸੀ, ਮੁਹੱਬਤ ਨਾਲ। ਇਸ ਦੀ ਬੁੱਕਲ 'ਚ ਵੜ ਕੇ ਸੌਣਾ ਸੀ। ਇਸ ਨੂੰ ਫ਼ਨਾਹ ਥੋੜ੍ਹਾ ਕਰਨਾ ਸੀ। (ਮੰਡ ''ਜਿਊਣ ਦਾ ਸਲੀਕਾ'' 122-123)

ਜਤਿੰਦਰਪਾਲ ਸਿੰਘ ਅਨੁਸਾਰ: ਅਮਰੀਕਾ ਦੇ ਊਰਜਾ ਵਿਭਾਗ ਦੀ ਇੱਕ ਰਿਪੋਰਟ ਅਨੁਸਾਰ ਸਾਡੀ ਪ੍ਰਿਥਵੀ ਤੇ ਇਸ ਦੇ ਵਾਯੂ-ਮੰਡਲ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ। ਇੱਕੀਵੀਂ ਸਦੀ ਦੌਰਾਨ ਤਾਪਮਾਨ ਵਿਚ ਇਹ ਵਾਧਾ ਇੰਨਾ ਵਧੇਰੇ ਹੋ ਜਾਵੇਗਾ, ਜਿੰਨਾ ਪਿਛਲੇ ਇੱਕ ਲੱਖ ਸਾਲ ਦੇ ਅਰਸੇ ਦੌਰਾਨ ਵੀ ਨਹੀਂ ਵਾਪਰਿਆ ਸੀ। ਇਸ ਤਾਪਮਾਨ ਵਾਧੇ ਦੇ ਪ੍ਰਭਾਵ ਇੰਨੇ ਮਾਰੂ ਹੋਣਗੇ ਕਿ ਬਹੁਤ ਸਾਰੇ ਮਾਹਿਰ ਜ਼ੋਰ ਦੇ ਰਹੇ ਹਨ ਕਿ ਮਨੁੱਖੀ ਸਭਿਅਤਾ ਦੀ ਸੁਰੱਖਿਆ ਲਈ ਸਾਨੂੰ ਉਚਿੱਤ ਕਦਮ ਉਠਾਉਣੇ ਚਾਹੀਦੇ ਹਨ।(''ਮਨੁੱਖੀ ਹੋਂਦ ਲਈ ਖ਼ਤਰਾ ਵਾਤਾਵਰਨੀ ਪ੍ਰਦੂਸ਼ਣ'' 101)

ਲੋੜ ਹੈ ਆਪਣੇ ਫ਼ਰਜ਼ਾਂ ਨੂੰ ਪਛਾਣਨ ਦੀ ਵਾਤਾਵਰਣ ਨੂੰ ਬਚਾਉਣ ਲਈ ਆਪਣਾ ਯੋਗਦਾਨ ਪਾਉਣ ਦੀ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਇਹਨਾਂ ਖ਼ਤਰਿਆਂ ਤੋਂ ਬਚਾਇਆ ਜਾ ਸਕੇ।

**ਦ੍ਰਿਸ਼ਟੀਕੋਣ**:-ਲੇਖਕ ਪ੍ਰਗਤੀਵਾਦੀ ਵਿਚਾਰਧਾਰਾ ਦਾ ਲੇਖਕ ਹੈ। ਲੇਖਕ ਦਾ ਦ੍ਰਿਸ਼ਟੀਕੋਣ ਵਿਗਿਆਨਕ ਤੇ ਤਰਕਵਾਦੀ ਹੈ। ਮੰਡ ਅਨੁਸਾਰ ਸਾਰੀਆਂ ਮੁਸੀਬਤਾਂ ਦਾ ਹੱਲ ਇੱਕੋ ਇੱਕ ਤਰੀਕਾ ਸਲੀਕੇ ਅਨੁਸਾਰ ਜਿਊਣਾ ਹੈ।ਡਾ. ਸੁਰਿੰਦਰਪਾਲ ਸਿੰਘ ਮੰਡ ਦੀਆਂ ਨਿਬੰਧ ਰਚਨਾਵਾਂ ਦੇ ਵਿਸ਼ਾ ਵਸਤੂਆਂ ਦੀ ਮੁੱਖ ਸਵਰ, ਗਿਆਨ-ਵਿਗਿਆਨ ਸੋਚ ਰਾਹੀਂ, ਅਜੋਕੇ ਇੱਕੀਵੀਂ ਸਦੀ ਦੇ ਸਮੇਂ ਦੀਆਂ ਮਾਰੂ ਨੀਤੀਆਂ ਤੋਂ ਮਾਨਵ ਨੂੰ ਸੁਰੱਖਿਅਤ ਰੱਖਣ ਦੇ ਗੁਣਾਤਮਕ ਸੁਨੇਹੇ ਹਨ। ਜ਼ਿੰਦਗੀ ਨੂੰ ਸਾਰਥਕ ਅਤੇ ਉਦੇਸ਼ ਭਰਪੂਰ ਜਿਊਣ ਲਈ ਉੱਚੀਆਂ-ਸੁੱਚੀਆਂ

ਕਦਰਾਂ-ਕੀਮਤਾਂ ਨੂੰ ਆਪਣੇ ਜੀਵਨ ਦੇ ਕਰਮਾਂ ਕਾਰਜਾਂ ਦਾ ਨਰੋਆ ਅੰਗ ਬਣਾ ਕੇ ਕਾਰਜਸ਼ੀਲ ਹੋਣਾ ਜ਼ਰੂਰੀ ਹੈ। ਜੇਕਰ ਵਿਅਕਤੀ ਆਪਣੇ ਮਨ ਅੰਦਰ, ਨਵੀਂ-ਨਰੋਈ ਸੋਚ ਵਿਗਿਆਨਕ ਵਿਚਾਰਧਾਰਾ ਨੂੰ ਆਪਣੇ ਜੀਵਨ ਕਿਰਿਆ ਵਿਚ ਢਾਲਣ ਦੀ ਸਮਰੱਥਾ ਅਤੇ ਸੰਕਲਪੀ ਸ਼ਕਤੀ ਰੱਖਦਾ ਹੈ, ਤਾਂ ਆਪ ਗ਼ਲਤ ਕੀਮਤਾਂ, ਆਪ ਹੁੱਦਰੀਆਂ ਲਾਲਸਾਵਾਂ ਦਾ ਕਦੇ ਵੀ ਸ਼ਿਕਾਰ ਨਹੀਂ, ਹੋ ਸਕਦਾ। ਸੋਚ ਦਾ ਉਸਾਰੂ ਹੋਣਾ ਅਤੇ ਉਸ ਦੇ ਸਲੀਕੇ ਨਾਲ ਸੁ ਵਰਤੋਂ ਕਰਨ ਦਾ ਅਮਲ ਪੂਰਾ ਕਰਨਾ ਅਤਿ ਜ਼ਰੂਰੀ ਹੈ। ਸੋਚ ਉਸਾਰੂ ਸ਼ਕਤੀ ਜ਼ਿੰਦਗੀ ਲਈ ਅੰਮ੍ਰਿਤ ਰੂਪੀ ਸਮਗਰੀ ਹੈ।

ਸਲੀਕੇ ਦੇ ਅਰਥ ਕਲਾਤਮਕ ਸੁੰਦਰ-ਵਿਧੀ ਨਾਲ ਉਸਾਰੂ ਦ੍ਰਿਸ਼ਟੀ ਤੋਂ ਕਾਰਜ ਨੇਪਰੇ ਚਾੜ੍ਹਨ ਦੀ ਪ੍ਰਕਿਰਿਆ ਦੇ ਹਨ। ਇਹ ਭਾਵੇਂ ਜਿਊਣ ਦਾ ਸਲੀਕਾ ਹੋਵੇ, ਸੋਚ ਦਾ ਸਲੀਕਾ ਹੋਵੇ, ਖਾਣ-ਪੀਣ, ਸੰਵਾਦ ਰਚਾਉਣ ਅਥਵਾ ਪਹਿਨਣ, ਖ਼ਰਚਣ, ਸੰਭਾਲਣ ਦਾ ਸਲੀਕਾ ਹੋਵੇ, ਇੱਕ ਜ਼ਿੰਦਗੀ ਲਈ ਵਰਦਾਨ ਹੈ। ਮੰਡ ਦਾ ਨਿਬੰਧ ਸੰਗ੍ਰਹਿ ਜ਼ਿੰਦਗੀ ਦੀ ਉੱਨਤੀ, ਖ਼ੁਸ਼ਹਾਲੀ ਅਤੇ ਮਾਨਵ ਦੇ ਜਿੰਦਰੇ ਦੀ ਸਹੀ ਕੁੰਜੀ ਹੈ। ਇਨ੍ਹਾਂ, ਨਿਬੰਧਾਂ, ਰਾਹੀਂ ਉਸ ਨੇ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਅਤੇ ਸਮਾਜਿਕ ਉਲਝਣਾਂ ਅਨੁਸਾਰ ਉਸਾਰੂ ਸੋਚ ਰਾਹੀਂ ਸਫਲਤਾ ਲਈ, ਜੋ ਸੁਝਾਅ ਦਿੱਤੇ ਹਨ ਉਹ ਆਪਣੇ ਆਪ ਤਾਂ ਹੀ ਉਪਯੋਗੀ ਹਨ, ਜੇਕਰ ਕਿਰਿਆਤਮਕ ਰੂਪ ਵਿਚ ਉਪਯੋਗੀ ਬਣਾਏ ਜਾਣ।

## 2) ਵਿਧਾਗਤ ਜੁਗਤਾਂ

**ੳ) ਸ਼ੈਲੀਗਤ ਜੁਗਤਾਂ:-** ਵਾਰਤਕ ਸ਼ੈਲੀ ਵੀਹਵੀਂ ਸਦੀ ਦੀ ਅਹਿਮ ਪ੍ਰਾਪਤੀ ਮੰਨੀ ਜਾਂਦੀ ਹੈ। ਸ਼ੈਲੀ ਦੀ ਸਰੇਸ਼ਟਤਾ ਲੇਖਕ ਦੀ ਰਚਨਾ ਨੂੰ ਵੱਖਰਤਾ ਪ੍ਰਦਾਨ ਕਰਦੀ ਹੈ। ਇੱਕ ਲੇਖਕ ਦੀ ਸ਼ੈਲੀ ਵਿਚ ਲੇਖਕ ਦੇ ਵਿਅਕਤਿਤਵ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਇੱਕ ਚੰਗੀ ਵਾਰਤਕ ਸ਼ੈਲੀ ਦਾ ਪਹਿਲਾ ਮੂਲ ਲੱਛਣ ਸਰਲਤਾ ਤੇ ਸਪਸ਼ਟਤਾ ਮੰਨਿਆ ਗਿਆ ਹੈ:

ਡਾ. ਮਨਮੋਹਨ ਸਿੰਘ ਕੇਸਰ ਅਨੁਸਾਰ: ਸ਼ੈਲੀ ਤੋਂ ਭਾਵ, ਕਿਸੇ ਲਿਖਾਰੀ ਦੀ ਸ਼ਬਦ ਚੋਣ, ਵਾਕ-ਬਣਤਰ, ਪੈਰਾ ਵੰਡ, ਅਲੰਕਾਰ ਵਿਉਂਤ ਤੇ ਖ਼ਿਆਲਾਂ ਦੀ ਪੱਧਤੀ ਤੋਂ ਹੈ। ਖ਼ਿਆਲ, ਚਾਹੇ ਕਿੰਨੇ ਵੀ ਮਹਾਨ ਹੋਣ, ਜੇ ਸ਼ਬਦ ਉਨ੍ਹਾਂ ਦੀ ਪ੍ਰਤੀਨਿਧਤਾ ਨਹੀਂ ਕਰ ਸਕਦੇ, ਵਾਕ ਉਨ੍ਹਾਂ ਦੇ ਅਰਥ ਨਹੀਂ ਦੱਸ ਸਕਦੇ ਤਾਂ ਉਹ ਅਰਥਹੀਣ ਹੋ ਕੇ ਰਹਿ ਜਾਂਦੇ ਹਨ।("ਗੱਦ ਪਰਿਭਾਸ਼ਾ ਤੇ ਪ੍ਰਕ੍ਰਿਤੀ" 47)

ਇੱਕ ਚੰਗੀ ਵਾਰਤਕ ਸ਼ੈਲੀ ਦਾ ਇਹ ਗੁਣ ਹੁੰਦਾ ਹੈ ਕਿ ਉਸ ਵਿਚ ਲੇਖਕ ਦੇ ਵਿਚਾਰ ਸ਼ੀਸ਼ੇ ਵਾਂਗ ਸਪਸ਼ਟ ਨਜ਼ਰ ਆਉਂਦੇ ਹੋਣ। ਡਾ. ਮੰਡ ਨੇ ਆਪਣੇ ਵਿਚਾਰਾਂ ਨੂੰ ਸਪਸ਼ਟ ਅਤੇ ਸਰਲ ਢੰਗ ਨਾਲ ਪੇਸ਼ ਕਰਨ ਲਈ ਢੁਕਵੀਆਂ ਦਲੀਲਾਂ ਅਤੇ ਉਦਾਹਰਨਾਂ ਦੀ ਵਰਤੋਂ ਕੀਤੀ ਹੈ ਤਾਂ ਜੋ ਵਿਚਾਰਾਂ ਵਿਚ ਧੁੰਦਲੇਪਣ ਦੀ ਗੁੰਜਾਇਸ਼ ਹੀ ਨਾ ਰਹੇ।

ਇੱਕ ਚੰਗੀ ਵਾਰਤਕ ਸ਼ੈਲੀ ਦਾ ਸਭ ਤੋਂ ਮਹੱਤਵਪੂਰਨ ਪੱਖ ਉਸ ਦੀ ਸਪਸ਼ਟਤਾ ਹੈ। ਸੁਰਿੰਦਰ ਸਿੰਘ ਮੰਡ ਦੇ ਨਿਬੰਧਾਂ ਵਿਚ ਇਹ ਸਪਸ਼ਟਤਾ ਪੂਰਨ ਰੂਪ ਵਿਚ ਵੇਖੀ ਜਾ ਸਕਦੀ ਹੈ। ਲੇਖਕ ਨੇ ਨਿਬੰਧਾਂ ਵਿਚ ਪੇਸ਼ ਉਸ ਦੇ ਵਿਚਾਰ ਸਪਸ਼ਟ ਨਜ਼ਰੀ ਪੈਂਦੇ ਹਨ। ਲੇਖਕ ਆਪਣੇ ਵਿਚਾਰਾਂ ਨੂੰ ਪਾਠਕਾਂ ਨਾਲ ਸਾਂਝੇ ਕਰਨ ਲਈ ਦਲੀਲਾਂ ਅਤੇ ਢੁਕਵੀਆਂ ਉਦਾਹਰਨਾਂ ਦੀ ਸੁਚੱਜੀ ਵਰਤੋਂ ਕਰਦਾ ਹੈ।

ਲੇਖਕ ਆਪਣੇ ਨਿਬੰਧਾਂ ਵਿਚ ਮੁੱਖ ਰੂਪ ਵਿਚ ਤਿੰਨ ਸ਼ੈਲੀਆਂ ਦੀ ਵਰਤੋਂ ਕਰਦਾ ਹੈ।ਲੇਖਕ ਦੇ ਨਿਬੰਧਾਂ ਵਿਚ ਵਿਚਾਰਾਤਮਕ ਸ਼ੈਲੀ, ਭਾਵਾਤਮਕ ਸ਼ੈਲੀ, ਬਿਰਤਾਂਤਕ ਸ਼ੈਲੀ, ਕਾਵਿਮਈ ਸ਼ੈਲੀ ਅਤੇ ਕਿਤੇ-ਕਿਤੇ ਵਿਅੰਗਮਈ ਸ਼ੈਲੀ ਦੀ ਵਰਤੋਂ ਵੀ ਕਰਦਾ ਹੈ।ਲੇਖਕ ਦੇ ਨਿਬੰਧਾਂ ਵਿਚ ਮੁੱਖ ਗੁਣ ਵਿਚਾਰਾਤਮਕ ਸ਼ੈਲੀ ਹੈ

**ੳ) ਵਿਚਾਰਾਤਮਕ ਸ਼ੈਲੀ:-** ਇਹ ਸ਼ੈਲੀ ਦੀ ਅਜਿਹੀ ਵੰਨਗੀ ਹੈ, ਜਿਸ ਵਿਚ ਲੇਖਕ ਦਾ ਮੁੱਖ ਮੰਤਵ ਵਿਚਾਰ ਪੇਸ਼ ਕਰਨਾ ਹੁੰਦਾ ਹੈ। ਇਸ ਸ਼ੈਲੀ ਵਿਚ ਦਾਰਸ਼ਨਿਕਤਾ ਦੀ ਝਲਕ ਦੇਖੀ ਜਾ ਸਕਦੀ ਹੈ। ਲੇਖਕ ਆਪਣੇ ਨਿਬੰਧਾਂ

ਵਿਚ ਆਪਣੀ ਜ਼ਿੰਦਗੀ ਦੇ ਤਜਰਬਿਆਂ ਨੂੰ ਪਾਠਕ ਨਾਲ ਆਪਣੇ ਵਿਚਾਰਾਂ ਰਾਹੀਂ ਸਾਂਝੇ ਕਰਨ ਦਾ ਯਤਨ ਕਰਦਾ ਹੈ ਕਿਉਂਕਿ ਇਹ ਵਿਚਾਰ ਲੇਖਕ ਦੇ ਨਿੱਜੀ ਅਨੁਭਵਾਂ ਅਤੇ ਤਜਰਬਿਆਂ ਵਿਚੋਂ ਪੈਦਾ ਹੋਏ ਹਨ। ਲੇਖਕ 'ਮਸਤ ਮਲੰਗੀ ਦੇ ਅਜਬ ਨਜ਼ਾਰੇ' ਨਿਬੰਧ ਵਿਚ ਵਿਚਾਰ ਪੇਸ਼ ਕਰਦਾ ਹੈ ਕਿ ਜਦੋਂ ਮਨੁੱਖ ਆਪਣੇ ਕੰਮ ਪੂਰੀ ਇਮਾਨਦਾਰੀ ਨਾਲ ਕਰਨ ਦਾ ਯਤਨ ਕਰਦਾ ਹੈ, ਤਾਂ ਫਿਰ ਚਿੰਤਾ ਕਰਨ ਨਾਲ ਸਿਰਫ਼ ਉਹ ਆਪਣੀ ਦੇਹ ਨੂੰ ਨੁਕਸਾਨ ਹੀ ਪਹੁੰਚਾਉਂਦਾ ਹੈ ਕਿਉਂਕਿ ਬਹੁਤੇ ਲੋਕ ਕਿਸੇ ਨਿਸ਼ਾਨੇ ਮਿੱਥ ਤਾਂ ਲੈਂਦੇ ਹਨ ਪਰ ਕਰਮ ਘੱਟ ਕਰਨ ਦੀ ਬਜਾਏ ਚਿੰਤਾ ਵਧੇਰੇ ਕਰਦੇ ਹਨ:

> ਚਿੰਤਾ ਨਾਲ ਕੁੱਝ ਨਹੀਂ ਹੁੰਦਾ। ਵੱਡੇ-ਵੱਡੇ ਕੰਮ ਕਰਨ ਲਈ ਛੋਟੇ ਡਰ ਤਿਆਗਣੇ ਪੈਂਦੇ ਹਨ। ਬਾਬਾ ਨਾਨਕ ਸਾਲਾਂ ਬੱਧੀ ਘਰ ਨਾ ਮੁੜੇ। ਜਦ ਆਏ ਤਾਂ ਮੁੜ ਮੁੜ ਕੇ ਜਾਂਦੇ ਰਹੇ। ਘਰ ਵੀ ਚੱਲੀ ਚੁਲੀ ਗਿਆ। ਬਹੁਤ ਮੁਸ਼ਕਲਾਂ ਵੀ ਆਈਆਂ ਹੋਣਗੀਆਂ, ਪਰ ਉਨ੍ਹਾਂ ਦੇ ਮਨੋਰਥ ਦੇ ਸਾਹਮਣੇ ਇਹ ਨਿੱਕੀਆਂ ਸਨ। ਉਨ੍ਹਾਂ ਦੀ ਅਲਬੇਲੀ ਅਤੇ ਬੇਫ਼ਿਕਰੀ ਸ਼ਖ਼ਸੀਅਤ ਕਾਰਨ ਹੀ ਐਸਾ ਮੁਮਕਿਨ ਸੀ। (ਮੰਡ ''ਜਿਊਣ ਦਾ ਸਲੀਕਾ'' 63)

ਮਸਤ ਮਲੰਗ ਉਨ੍ਹਾਂ ਨੂੰ ਕਿਹਾ ਜਾ ਸਕਦਾ, ਜਿਹੜੇ ਇਸ ਭੁਲੇਖੇ ਵਿਚ ਨਹੀਂ ਹਨ ਕਿ ਸਾਰੀ ਦੁਨੀਆ ਦਾ ਭਾਰ ਸਿਰਫ਼ ਉਨ੍ਹਾਂ ਦੇ ਮੋਢਿਆਂ ਉੱਪਰ ਹੀ ਹੈ ਤੇ ਉਹ ਤਨ ਦੇਹੀ ਤੇ ਸਹਿਜ ਸੁਭਾਅ ਆਪਣਾ ਕੰਮ ਨੇਪਰੇ ਚਾੜ੍ਹਦੇ ਹਨ।ਲੇਖਕ 'ਮਾਪਿਆ ਅਤੇ ਬੱਚਿਆਂ ਦੇ ਸੰਬੰਧ' ਨਿਬੰਧ ਵਿਚ ਵਿਚਾਰ ਪੇਸ਼ ਕਰਦਾ ਹੈ:

> ਬੱਚੇ ਉੱਤੇ ਭਰੋਸਾ ਕਰੋ ਉਸ ਨੂੰ ਜ਼ਿੰਮੇਵਾਰੀਆਂ ਦਿਓ। ਨਿਗਾਹ ਰੱਖੋ। ਸਲਾਹ ਦਿੰਦੇ ਰਹੋ। ਉਸ ਦੀ ਸਮਰੱਥਾ ਵਿਚ ਤੇ ਆਪਸੀ ਵਿਸ਼ਵਾਸ ਵਿਚ ਬਹੁਤ ਵਾਧਾ ਹੋਵੇਗਾ। ਬਹੁਤੇ ਲੋਕ ਦੇਸ਼ ਜਾਂ ਸਮਾਜ ਲਈ ਕੁੱਝ ਨਹੀਂ ਕਰਨਾ ਚਾਹੁੰਦੇ। ਸਿਰਫ਼ ਆਪਣੇ ਨਿਆਣਿਆਂ ਵਾਲੀ ਨਿੱਕੀ ਜਿਹੀ ਦੁਨੀਆ ਦੁਆਲੇ ਹੀ ਭਮੀਰੀ ਵਾਂਗੂੰ ਘੁੰਮੀ ਜਾਂਦੇ ਹਨ। ਸਮਾਜਿਕ ਪੱਖੋਂ ਇਹ ਬੜੀ ਸੌੜੀ ਤੇ

> ਸਵਾਰਥੀ ਸੋਚ ਹੈ। ਬੱਚਾ ਜਦ ਵੀ ਨਿੱਜ ਤੋਂ ਉੱਪਰ ਉੱਠ ਕੇ ਕੁੱਝ ਕਰੇ, ਉਸ ਦੀ ਹੌਸਲਾ ਹਫ਼ਜਾਈ ਕਰਨੀ ਚਾਹੀਦੀ ਹੈ। (ਮੰਡ ''ਜਿਊਣ ਦਾ ਸਲੀਕਾ'' 37)

ਬੱਚਿਆਂ ਨੂੰ ਉਨ੍ਹਾਂ ਦੇ ਆਲ੍ਹਣੇ ਤਿਆਰ ਕਰ ਕੇ ਦੇਣ ਦੀ ਬਜਾਏ, ਉਨ੍ਹਾਂ ਨੂੰ ਇੰਨੇ ਗੁਣੀ ਤੇ ਵਿਚਾਰਵਾਨ ਬਣਾਉ ਕਿ ਉਹ ਖ਼ੁਦ ਉੱਡਣ ਦੀ ਸਮਰੱਥਾ ਰੱਖ ਸਕਣ। ਜਿਵੇਂ ਪੰਛੀ ਕਦੀ ਵੀ ਆਪਣੇ ਬੱਚਿਆਂ ਨੂੰ ਆਲ੍ਹਣੇ ਤਿਆਰ ਕਰ ਕੇ ਨਹੀਂ ਦਿੰਦੇ, ਸਗੋਂ ਉਨ੍ਹਾਂ ਨੂੰ ਉੱਡਣਾ ਸਿਖਾਉਂਦੇ ਹਨ, ਬਿਲਕੁਲ ਉਸੀ ਪ੍ਰਕਾਰ ਮਨੁੱਖ ਨੂੰ ਵੀ ਆਪਣੇ ਬੱਚਿਆਂ ਵਿਚ ਵਿਸ਼ਵਾਸ ਦੇ ਚੰਗੇ ਵਿਚਾਰਾਂ ਦਾ ਧਾਰਨੀ ਬਣਾਉਣਾ ਚਾਹੀਦਾ ਹੈ।

ਮਨੁੱਖ ਦੀ ਇਕਾਗਰਤਾ ਵਿਚ ਕਿਤੇ ਨਾ ਕਿਤੇ ਮਨੁੱਖ ਦੀ ਨਿੱਜੀ ਜ਼ਿੰਦਗੀ ਦੀਆਂ ਉਲਝਣਾ ਉਸ ਦੀ ਸਭ ਤੋਂ ਵੱਡੀ ਰੁਕਾਵਟ ਹਨ। ਲੇਖਕ 'ਇਕਾਗਰਤਾ ਹੋ ਸਫਲਤਾ ਦਾ ਰਾਜ' ਨਿਬੰਧ ਵਿਚ ਆਪਣੇ ਇਕਾਗਰਤਾ ਬਾਰੇ ਵਿਚਾਰ ਪੇਸ਼ ਕਰਦਾ ਹੈ:

> ਨਿੱਜੀ, ਘਰੇਲੂ, ਸਮਾਜੀ ਅਤੇ ਕੌਮੀ ਸਮੱਸਿਆਵਾਂ ਦੇ ਵਾਵਰੋਲੇ ਵੀ ਹੁੰਝਾ ਮਾਰ-ਮਾਰ ਕੇ ਇਕਾਗਰਤਾ ਨੂੰ ਭੰਗ ਕਰਦੇ ਹਨ। ਸਮਰੱਥਾ ਨਾਲੋਂ ਕਿਤੇ ਵੱਧ ਦੌੜਨ ਦੀ ਲਾਲਸਾ ਵੀ ਇਕਾਗਰਤਾ ਦੀ ਸ਼ਰੀਕਣੀ ਹੈ। ਇਕਾਗਰਤਾ ਲਈ ਸਹਿਜ ਅਤੇ ਸੰਜਮ ਜ਼ਰੂਰੀ ਹੈ। ਸਹਿਜ ਅਤੇ ਸੰਜਮ ਨਾਲ ਕੀਤੇ ਕੰਮ ਦੀ ਰਫ਼ਤਾਰ ਵਿਚ ਇਕਸਾਰਤਾ ਅਤੇ ਅਨੰਦ ਹੁੰਦਾ ਹੈ। ਭੱਜੀ ਜਾਂਦੀ ਬੱਸ ਨੂੰ ਹੱਥ ਪਾ ਕੇ ਦੌੜਨ ਨਾਲ ਅਸਾਂ ਕਿਤੇ ਤੇਜ਼ ਭੱਜਣ ਲੱਗ ਪੈਣਾ ਹੈ? (ਮੰਡ ''ਜਿਊਣ ਦਾ ਸਲੀਕਾ'' 39)

ਸਹਿਜ ਜ਼ਿੰਦਗੀ ਨੂੰ ਭਟਕਣਾ ਤੋਂ ਬਚਾਉਂਦਾ ਹੈ। ਇਕਾਗਰਤਾ ਨਾਲ ਚੱਲਣ ਤੇ ਸੰਜਮ ਰੱਖਣ ਨਾਲ ਹੀ ਮਨੁੱਖ ਆਪਣੀ ਜ਼ਿੰਦਗੀ ਨੂੰ ਸੁਚੱਜਤਾ ਨਾਲ ਜੀਅ ਸਕਦਾ ਹੈ। ਸਹਿਜ ਹੋਣਾ ਮਨੁੱਖ ਵਿਚ ਅਜਿਹੀ ਸ਼ਕਤੀ ਭਰਨ ਦਾ ਕੰਮ ਕਰਨਾ ਹੈ, ਜਿਹੜੀ ਮਨੁੱਖ ਨੂੰ ਜ਼ਿੰਦਗੀ ਦੀ ਹਰ ਮੁਸ਼ਕਲ ਵਿਚ ਬਾਹਰ ਕੱਢਣ ਵਿਚ ਸਹਾਈ ਹੁੰਦਾ ਹੈ।

ਭਾਵਨਾਵਾਂ ਮਨੁੱਖ ਨੂੰ ਅੰਦਰੋਂ ਇਨਸਾਨ ਬਣੇ ਰਹਿਣ ਦਾ ਇੱਕ ਜਰੀਆਂ ਹਨ। ਜਜ਼ਬਾਤ ਹੀ ਮਨੁੱਖੀ ਬੁੱਧੀ ਨੂੰ ਹਲੂਣਦੇ ਹਨ, ਲੇਖਕ 'ਭਾਵਨਾਵਾਂ ਦੇ ਵੇਗ' ਨਿਬੰਧ ਵਿਚ ਵਿਚਾਰ ਪੇਸ਼ ਕਰਦਾ ਹੈ:

> ਬੰਦਾ ਅਸਲ ਵਿਚ ਸਰੀਰੋਂ ਨਹੀਂ ਮਰਦਾ। ਅਸਲ ਮੁਰਦਾ ਤਾਂ ਉਹ ਹੈ, ਜਿਸ ਦੇ ਜਜ਼ਬਾਤ ਮਰ ਜਾਂਦੇ ਹਨ ਅਤੇ ਭਾਵਨਾਵਾਂ ਸੁਪਨਿਆਂ ਨੂੰ ਜਨਮ ਦੇਣਾ ਬੰਦ ਕਰ ਦਿੰਦੀਆਂ ਹਨ। ਭਾਵਨਾਵਾਂ ਖ਼ਤਮ ਤਾਂ, ਜੀਵਨ ਦੇ ਸਾਰੇ ਰਸ ਅਲੋਪ। (ਮੰਡ ''ਜਿਊਣ ਦਾ ਸਲੀਕਾ'' 72)

ਪਤੀ-ਪਤਨੀ ਦਾ ਰਿਸ਼ਤਾ ਬਹੁਤ ਗੂੜ੍ਹੇ ਸ਼ਬਦਾਂ ਦਾ ਧਾਰਨੀ ਹੁੰਦਾ ਹੈ। 'ਸਹਿਜ ਅਤੇ ਸੰਜਮ ਦੀਆਂ ਬਰਕਤਾਂ' ਨਿਬੰਧ ਦੱਸਦਾ ਹੈ ਕਿ ਪਤੀ-ਪਤਨੀ ਦਾ ਪਿਆਰ ਤੇ ਆਪਣਾ ਪਨ, ਸਹਿਜ ਤੇ ਸੰਜਮ ਇਸ ਰਿਸ਼ਤੇ ਨੂੰ ਹੋਰ ਗੂੜ੍ਹੀਆਂ ਤੰਦਾਂ ਵਿਚ ਪਰੋਂਦਾ ਹੈ। ਲੇਖਕ ਦੇ ਵਿਚਾਰ ਅਨੁਸਾਰ ਵੀ ਇਸ ਰਿਸ਼ਤੇ ਦੀ ਗੂੜ੍ਹਤਾ ਬਣਾਈ ਰੱਖਣ ਲਈ ਇਸ ਵਿਚ ਹਵਸੀ ਹੋਣ ਦੀ ਬਜਾਏ, ਪਿਆਰ ਤੇ ਨਿੱਘ ਨਾਲ ਇਸ ਨੂੰ ਮਾਣਨਾ ਚਾਹੀਦਾ ਹੈ:

> ਸੈਕਸ ਜੇ ਔਰਤ ਮਰਦ ਦੇ ਪਿਆਰ ਅਤੇ ਖਿੱਚ ਦੀ ਇੱਕ ਮੰਜ਼ਲ ਵਜੋਂ ਆਵੇ ਤਾਂ ਸਹਿਜ ਵੀ ਹੈ ਅਤੇ ਸੁਹਜਮਈ ਵੀ, ਪਰ ਜੇ ਮਨੋਰਥ ਵਜੋਂ ਆਵੇ ਤਾਂ ਭਟਕਣਾ ਹੀ ਭਟਕਣਾ ਕਿਉਂਕਿ ਸਾਡੇ ਵਿਆਹ ਸੰਬੰਧਾਂ ਦਾ ਆਰੰਭ ਬਿੰਦੂ ਹੀ ਸੈਕਸ ਸੰਬੰਧ ਹੈ। ਇਸੇ ਲਈ ਇਹ ਦੋ ਰੂਹਾਂ ਦੇ ਸਰੀਰਕ, ਮਾਨਸਿਕ ਖਿੜਾਓ ਅਤੇ ਵਿਸਮਾਦ ਦੀ ਸਿਖਰ ਬਣੇ ਰਹਿਣ ਦੀ ਬਜਾਏ, ਇੱਕ ਰਸਮ ਜਿਹੀ ਬਣਦਾ ਜਾ ਰਿਹਾ ਹੈ। (ਮੰਡ ''ਜਿਊਣ ਦਾ ਸਲੀਕਾ'' 54)

ਮਨੁੱਖ ਦੀ ਜ਼ਿੰਦਗੀ ਵਿਚੋਂ ਸੰਜਮ ਗਵਾਚਦਾ ਜਾ ਰਿਹਾ ਹੈ ਤੇ ਮਨੁੱਖ ਇਸ ਗੱਲ ਤੋਂ ਅਨਜਾਣ ਹੈ ਕਿ ਸਹਿਜ ਨਾਲ ਕੀਤੇ ਕੰਮ ਹੀ ਮਨੁੱਖ ਨੂੰ ਮਾਨਸਿਕ ਸੰਤੁਸ਼ਟੀ ਪ੍ਰਦਾਨ ਕਰ ਸਕਦੇ ਹਨ। ਇਨ੍ਹਾਂ ਅੰਦਰੂਨੀ ਰਿਸ਼ਤਿਆਂ ਨੂੰ ਰਸਮ ਬਣਨ ਤੋਂ ਬਚਾਉਣ ਲਈ ਗਹਿਰਾਈ ਨਾਲ ਜੁੜ ਕੇ ਇਸ ਰਿਸ਼ਤੇ ਦੇ ਨਿੱਘ ਨੂੰ ਮਾਣਿਆ ਜਾ ਸਕਦਾ ਹੈ।

**ਅ) ਭਾਵਾਤਮਕ ਸ਼ੈਲੀ:-** ਇਹ ਸ਼ੈਲੀ ਦੀ ਅਜਿਹੀ ਵੰਨਗੀ ਹੈ। ਜਿਸ ਵਿਚ ਆਪਣੀ ਗੱਲ ਨੂੰ ਭਾਵਾਤਮਕ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਭਾਵਨਾਵਾਂ ਮਨੁੱਖੀ ਹਿਰਦਿਆਂ ਵਿਚ ਹੋਣੀਆਂ ਜ਼ਰੂਰੀ ਹਨ ਕਿਉਂਕਿ, ਜਿਨ੍ਹਾਂ ਅੰਦਰ ਭਾਵਨਾਵਾਂ ਵਾਸ ਕਰਦੀਆਂ ਹਨ, ਉਹ ਦੂਜੇ ਦੀ ਪੀੜ ਨੂੰ ਮਹਿਸੂਸ ਕਰਨ ਦੀ ਸ਼ਕਤੀ ਬਾਕੀਆਂ ਨਾਲੋਂ ਵੱਧ ਰੱਖਦੇ ਹਨ। ਲੇਖਕ ਆਪਣੇ ਨਿਬੰਧ 'ਵੱਡੇ ਅਸਰ ਵਾਲੀਆਂ ਨਿੱਕੀਆਂ ਗੱਲਾਂ' ਵਿਚ ਆਪਣੇ ਮਨ ਦੇ ਭਾਵ ਬਿਆਨ ਕਰਦਾ ਹੈ ਕਿ ਕਈ ਵਾਰੀ ਮਨੁੱਖੀ ਜੀਵਨ ਵਿਚ ਇਹੋ ਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ, ਜਿਨ੍ਹਾਂ ਨੂੰ ਉਹ ਸਾਰੀ ਉਮਰ ਅਚੇਤ ਮਨ ਵਿਚ ਸਾਂਭੀ ਰੱਖਦਾ ਹੈ:

> ਇੱਕ ਦਿਨ ਘਰਦਿਆਂ ਨੇ ਮੈਨੂੰ ਆਖਿਆ ਕਿ ਮੁਰਗ਼ੀ ਲੈ ਜੈ ਕੇ ਵੇਲਿਓਂ ਬਣਾ ਕੇ ਲੈ ਜਾ ਤੇ ਵ੍ਹੇਲੀਓ ਬਣਾ ਕੇ ਲੈ ਆ। ਮੈਂ ਥਾਲ ਚਾਕੂ ਨਾਲ ਲਿਆ ਤੇ ਵ੍ਹੇਲੀ ਜਾ ਕੇ ਜਦ ਕੁੱਕੜੀ ਨੂੰ ਧੌਣ ਤਾਂ ਅਜੀਬ ਨਜ਼ਾਰਾ ਬਣ ਗਿਆ। ਕੁੱਕੜੀ ਬੜੀਆਂ ਬੇਬਸ ਨਿਗਾਹਾਂ ਨਾਲ ਮੇਰੇ ਵੱਲ ਝਾਕੀ ਤੇ ਮੈਨੂੰ ਕਹਿੰਦੀ ਜਾਪੀ, 'ਮੈਂ ਤੇਰਾ ਕੀ ਵਿਗਾੜਿਆ? ਕਿਉਂ ਮੈਨੂੰ ਮਾਰਦਾ ਭੈੜਿਆਂ, ਕੁੱਝ ਮੈਨੂੰ ਵੀ ਜ਼ਿੰਦਗੀ ਦਾ ਅਨੰਦ ਲੈ ਲੈਣ ਦੇ। (ਮੰਡ ''ਜਿਊਣ ਦਾ ਸਲੀਕਾ'' 89)

ਇਸ ਘਟਨਾ ਨੇ ਲੇਖਕ ਦੇ ਅੰਦਰ ਅਜੀਬ ਜਿਹੀ ਚੀਸ ਪੈਦਾ ਕੀਤੀ ਕਿ ਸੱਚਮੁੱਚ ਅਸੀਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬੇਜ਼ਬਾਨ ਦੀ ਜਾਨ ਵੀ ਲੈ ਲੈਂਦੇ ਹਾਂ। ਉਸ ਦਿਨ ਤੋਂ ਬਾਅਦ ਮੈਂ ਕਦੀ ਵੀ ਮਾਸ ਨੂੰ ਹੱਥ ਤੱਕ ਨਹੀਂ ਲਗਾਇਆ।

ਅੱਜ ਸਮਾਜ ਵਿਚ ਧੀਆਂ ਨੂੰ ਜੰਮਣ ਤੋਂ ਗੁਰੇਜ਼ ਕੀਤਾ ਜਾਂਦਾ ਹੈ ਕਿ ਉਹ ਮਾਸੂਮ ਧੀਆਂ ਜਿਹੀਆਂ ਕੁੱਖ ਵਿਚ ਹੀ ਮਾਰ ਦਿੱਤੀਆਂ ਜਾਂਦੀਆਂ ਹਨ। ਲੇਖਕ ਭਾਵੁਕ ਹੋਇਆ ਉਨ੍ਹਾਂ ਅਣਜੰਮੀਆਂ ਬਾਲੜੀਆਂ ਜੀ ਚੀਸ ਨੂੰ ਮਹਿਸੂਸ ਦਾ ਹੋਇਆ ਲਿਖਦਾ ਹੈ:

> ਓ ਸਾਡੀ ਇਸ ਧਰਤੀ ਤੇ ਆਉਣ ਲਈ ਬੇਤਾਬ ਧਰਤੀ ਵਰਗੀ ਬਾਲੜੀਓ, ਤੁਹਾਡੇ ਨਾਲ ਹਮਦਰਦੀ ਕਰਨ ਲਈ ਮੈਂ ਸ਼ਬਦ ਕਿੱਥੋਂ ਲੱਭਾ? ਉਹ ਬੋਲ ਜਿਹੜੇ ਤੁਹਾਡੀ ਚੀਸ ਦੇ ਹਾਣ ਦੇ ਹੋਣ।ਤੁਹਾਨੂੰ ਧੀ ਹੋਣ ਦੀ ਏਨੀ ਵੱਡੀ ਸਜ਼ਾ ਤੁਹਾਡੀ ਕੀ ਗ਼ਲਤੀ ਹੈ ਕਿ ਤੁਹਾਡਾ ਅੰਗ-ਅੰਗ ਕੱਟਿਆ ਜਾ ਰਿਹਾ ਹੈ। ਹੁਣ ਕਿਹੜਾ ਸੋਭਾ ਸਿੰਘ ਇਹਨਾਂ ਬਾਲੜੀਆਂ ਦੀਆਂ ਤਸਵੀਰਾਂ ਬਣਾਏਗਾ ਤੇ ਕਿਹੜਾ ਇਤਿਹਾਸਕਾਰ ਇਹਨਾਂ ਅਣਜੰਮੀਆਂ ਧੀਆਂ ਦਾ ਇਤਿਹਾਸ ਲਿਖੇਗਾ? (ਮੰਡ ''ਜਿਊਣ ਦਾ ਸਲੀਕਾ'' 105)

ਲੇਖਕ 'ਕੀ ਧਰਤੀ ਅਤੇ ਇਨਸਾਨ ਤਬਾਹ ਹੋਣੋਂ ਬਚ ਜਾਊ? 'ਨਿਬੰਧ ਵਿਚ ਧਰਤੀ ਮਾਂ ਦੇ ਹਿਰਦੇ ਦੀ ਪੀੜਾਂ ਨੂੰ ਭਾਵੁਕ ਹੋਇਆ ਬਿਆਨ ਦਾ ਹੈ ਕਿ ਇਸ ਧਰਤੀ ਮਾਂ ਦੀ ਹਿੱਕ ਤੇ ਜਦ ਮੰਦਭਾਗੀ ਘਟਨਾਵਾਂ ਵਾਪਰਦੀਆਂ ਹਨ ਤਾਂ ਉਸ ਦਾ ਹਿਰਦਾ ਵੀ ਕੁਰਲਾਉਂਦਾ ਹੈ। ਉਹ ਭਾਵੁਕ ਹੋਈ ਆਪਣਾ ਦੁੱਖ ਬਿਆਨਦੀ ਹੈ:

> ਕੋਈ ਮੈਨੂੰ ਦੱਸੇ ਕਿ ਬੰਦੇ ਨੇ ਮੈਨੂੰ ਮਾਂ ਦਾ ਦਰਜਾ ਦਿੱਤਾ ਹੋਇਆ ਹੈ, ਪਰ ਇਹ ਕੋਰਾ ਝੂਠ ਅਤੇ ਪਾਖੰਡ ਹੈ। ਮਾਂ ਨੂੰ ਤਾਂ ਕੋਈ ਗਾਲ੍ਹ ਕੱਢਣ ਤੱਕ ਨਹੀਂ ਦਿੰਦਾ ਕਿਸੇ ਨੂੰ। ਪਰ ਇਸ ਨੇ ਮੇਰੇ ਖ਼ੁਦ ਪਹਿਲਾਂ ਪੂਰੀ ਤਰ੍ਹਾਂ ਟੁਕੜੇ-ਟੁਕੜੇ ਕਰ ਕੇ ਦੇਸ਼ ਬਣਾਏ ਤੇ ਹੁਣ ਮੈਨੂੰ ਤੂੰਬਾ-ਤੂੰਬਾ ਕਰ ਕੇ ਉਡਾਉਣ ਲਈ ਹਥਿਆਰ ਤਿਆਰ ਕਰੀ ਬੈਠਾ। ਇਨ੍ਹਾਂ ਵਿਚ ਸਭ ਤੋਂ ਸਿਆਣਾ ਬੰਦਾ ਸਮਝ ਕੇ ਉੱਚਾ ਅਹੁਦਾ ਉਹਨੂੰ ਮਿਲਦਾ ਹੈ, ਜਿਹੜਾ ਮੇਰੀਆਂ ਬੋਦੀਆਂ ਖੋਹਣ ਦੀਆਂ ਸਭ ਤੋਂ ਵੱਧ ਜੁਗਤਾਂ ਜਾਣਦਾ ਹੈ। ਇਹ ਜੋ ਮੇਰੇ ਉੱਤੇ ਲਕੀਰਾਂ ਵਾਹ ਕੇ ਬੜੇ-ਬੜੇ ਦੇਸ਼ ਬਣੇ ਬੈਠੇ ਹਨ, ਇੱਕ-ਦੂਜੇ ਨੂੰ ਮਲਟੀ ਮੇਟ ਕਰਨ ਲਈ ਤਿਆਰੀ ਵਿਚ ਜੁਟੇ ਹਨ। ਕੋਈ ਦੇਸ਼ ਕਿਸੇ ਹੋਰ ਦੇਸ਼ ਨੂੰ ਉਡਾ ਦੇਵੇ, ਉੱਡਣਾ ਤਾਂ ਮੈਂ ਈ ਆ। (ਮੰਡ ''ਜਿਊਣ ਦਾ ਸਲੀਕਾ'' 126)

**ੲ) ਵਿਅੰਗਆਤਮਕ ਸ਼ੈਲੀ:-** ਇਹ ਅਜਿਹੀ ਸ਼ੈਲੀ ਹੈ, ਜਦ ਆਪਣੀ ਗੱਲ ਸਿੱਧੀ ਕਹਿਣ ਦੀ ਥਾਂ, ਟੇਢੇ ਢੰਗ ਨਾਲ ਕਹੀ ਜਾਂਦੀ ਹੈ। ਵਿਅੰਗ ਇੱਕ ਤਰ੍ਹਾਂ ਦਾ ਭਾਸ਼ਾਈ ਪ੍ਰਹਾਰ ਹੁੰਦਾ ਹੈ, ਜਿਹੜਾ ਪਾਠਕ ਨੂੰ ਬਹੁਤ ਤੇਜ਼ੀ ਨਾਲ ਝੰਜੋੜਦਾ ਹੈ। ਲੇਖਕ 'ਇਕਾਗਰਤਾ ਤੇ ਸਫ਼ਲਤਾ ਦਾ ਰਾਜ' ਨਿਬੰਧ ਵਿਚ ਦੱਸਦਾ ਹੈ ਕਿ ਜਿੱਥੇ ਇਕਾਗਰਤਾ ਸਫ਼ਲਤਾ ਦੀ ਪੌੜੀ ਹੈ ਉੱਥੇ ਇਕਾਗਰਤਾ ਦਾ ਭੰਗ ਹੋਣਾ ਕਈ ਵਾਰੀ ਮਨੁੱਖ ਦੇ ਮੂੰਹੋਂ ਅਜਿਹੇ ਬੋਲ ਕਢਵਾ ਦਿੰਦਾ ਹੈ, ਜਿਸ ਦਾ ਉਸ ਨੂੰ ਖ਼ੁਦ ਵੀ ਪਤਾ ਨਹੀਂ ਹੁੰਦਾ ਕਿ ਉਹ ਬੋਲ ਕੀ ਗਿਆ:

> ਇੱਕ ਦਿਨ ਦੁਕਾਨਦਾਰ ਇੱਕ ਗਾਹਕ ਬੀਬੀ ਨੂੰ, ਪੇਂਟ ਦਾ ਡੱਬਾ ਫੜਾ ਕੇ ਕਹਿੰਦਾ, 'ਲੈ ਜਾ, ਲੈ ਜਾ, ਬੀਬੀ, ਬਹੁਤ ਵਧੀਆ ਈ। ਨਾਲੇ ਕਰੇਗੀ, ਨਾਲੇ ਰੋਏਗੀ। ਬੀਬੀ ਉਹਦੇ ਮੂੰਹ ਵੱਲ ਵੇਖੇ ਤੇ ਚਲੀ ਗਈ। ਜਦ ਉਸ ਨੂੰ ਆਪਣੇ ਸ਼ਬਦਾਂ ਦੀ ਅਸਲੀਅਤ ਪਤਾ ਲੱਗੀ, ਕਹਿੰਦਾ ਮੈਂ ਏਦਾਂ ਆਖ ਦਿੱਤਾ? ਹੱਦ ਹੋ ਗਈ? ਮੈਂ ਤਾਂ ਆਵਦੇ ਵੱਲੋਂ ਰੰਗ ਦੀ ਸਿਫ਼ਤ ਕਰ ਰਿਹਾ ਸੀ। (ਮੰਡ ''ਜਿਊਣ ਦਾ ਸਲੀਕਾ'' 40)

ਕਈ ਵਾਰੀ ਮਨੁੱਖ ਅਜਿਹੇ ਸ਼ਬਦ ਬੋਲ ਜਾਂਦਾ ਹੈ, ਜਿਸ ਦਾ ਪਤਾ ਉਸ ਨੂੰ ਬਾਅਦ ਵਿਚ ਪਤਾ ਚੱਲਦਾ ਹੈ, ਪਰ ਸਿਆਣੇ ਕਹਿੰਦੇ ਹਨ ਕਿ ਕਮਾਨ ਵਿਚੋਂ ਨਿਕਲਿਆ ਤੀਰ ਤੋਂ ਮੂੰਹ ਵਿਚੋਂ ਨਿਕਲੇ ਬੋਲ ਕਦੀ ਵਾਪਸ ਨਹੀਂ ਮੁੜਦੇ। ਇਸ ਪ੍ਰਕਾਰ ਇਕਾਗਰਤਾ ਮਨੁੱਖੀ ਜ਼ਿੰਦਗੀ ਦਾ ਅਹਿਮ ਪਹਿਲੂ ਹੈ ਤੇ ਇਸ ਨੂੰ ਬਣਾਈ ਰੱਖਣਾ ਬੇਹੱਦ ਜ਼ਰੂਰੀ ਹੈ।

ਇੱਕ ਰਿਟਾਇਰਡ ਬੰਦੇ ਦੇ ਜੂਨ ਵੀ ਬੜੀ ਬੁਰੀ ਹੈ ਭਾਵ ਜੇਕਰ ਮਨੁੱਖ ਵਿਹਲਾ ਹੈ ਤਾਂ ਸਾਰਿਆ ਦੀ ਅੱਖਾਂ ਵਿਚ ਰੜਕਦਾ ਹੈ। ਇਸ ਲਈ ਮਨੁੱਖ ਅੰਦਰ ਜਿਹੜਾ ਜਨੂਨ ਪਿਛਲੇ ਚਾਲੀ ਸਾਲਾਂ ਤੋਂ ਪਿਆ ਹੋਵੇ, ਉਹ ਉਤਰਨਾ ਥੋੜਾਂ ਮੁਸ਼ਕਲ ਜ਼ਰੂਰ ਹੈ।

ਇੱਕ ਰਿਟਾਇਰ ਹੋਏ ਅਧਿਆਪਕ ਦੇ ਘਰ ਵਾਲੇ ਜੀਅ ਇੱਕ ਮਹੀਨੇ ਵਿਚ ਹੀ ਬਹੁੜੀ-ਬਹੁੜੀ ਕਰ ਉੱਠੇ।ਆਂਹਦੇ ਇਹ ਤਾਂ ਸਾਡਾ ਸਿਰ ਹੀ ਖਾ ਗਿਆ, ਇਹਨੂੰ ਜਮਾਤਾਂ ਵਿਚ ਬੋਲਣ ਦਾ ਭੁਸ ਪਿਆ ਹੈ। ਚੰਗਾ ਸੀ ਜੇ ਕੁੱਝ ਹੋਰ ਸਰਕਾਰ ਇਹਦੇ ਤੋਂ ਕੰਮ ਲਈ ਜਾਂਦੀ। (ਮੰਡ ''ਜਿਊਣ ਦਾ ਸਲੀਕਾ'' 66)

**ਸ) ਕਾਵਿਮਈ ਸ਼ੈਲੀ:-** 'ਧੀਆਂ ਦੀ ਦੁਨੀਆਂ' ਨਿਬੰਧ ਵਿਚ ਲੇਖਕ ਆਪਣੇ ਅੰਦਰ ਉਮਡਦੇ ਧੀਆਂ ਪ੍ਰਤੀ ਮੋਹ ਨੂੰ ਕਾਵਿ ਸਤਰਾਂ ਵਿਚ ਆਪਣੀ ਭਾਵਨਾ ਵਿਅਕਤ ਕਰਦਾ ਹੈ। ਲੇਖਕ ਆਪਣੇ ਅਨੁਭਵ ਦੁਆਰਾ ਆਪਣੀ ਧੀ ਸੀਰਤ ਦੇ ਜਨਮ ਸਮੇਂ ਭਾਵੁਕ ਹੋਇਆ, ਆਪਣੇ ਮਨ ਦੇ ਵਿਚਾਰਾਂ ਨੂੰ ਪੇਸ਼ ਕਰਦਾ ਹੈ:

ਧੀਆਂ ਘਰ ਦੀ ਸੁੱਖ ਸ਼ਾਂਤੀ ਨੇ

ਰੱਬ ਦਾ ਰੂਪ ਹੈ, ਮਾਂ, ਸਮਝਾਊ

ਸੂਰਤ ਤੇਰੀ ਰੱਬ ਬਣਾਈ

ਮੈਂ ਸੀਰਤ ਨੂੰ ਢਾਲਾਂਗਾ

ਧੀਏ ਤੈਨੂੰ ਮੈਂ ਪਾਲ਼ਾਂਗਾ (ਮੰਡ ''ਜਿਊਣ ਦਾ ਸਲੀਕਾ" 107)

**ਹ) ਬਿਰਤਾਂਤਕ ਸ਼ੈਲੀ:-** ਲੇਖਕ 'ਮਾਪਿਆਂ ਅਤੇ ਬੱਚਿਆਂ ਦੇ ਸੰਬੰਧ' ਨਿਬੰਧ ਵਿਚ ਇੱਕ ਨਿੱਕੀ ਕਹਾਣੀ ਦੇ ਹਵਾਲੇ ਨਾਲ ਮਾਪਿਆਂ ਨੂੰ ਬੱਚਿਆਂ ਪ੍ਰਤੀ ਚੇਤੰਨ ਕਰਦਾ ਵੀ ਨਜ਼ਰੀ ਪੈਂਦਾ ਹੈ। ਲੇਖਕ ਇੱਕ ਨਿੱਕੀ ਕਹਾਣੀ ਦੇ ਹਵਾਲੇ ਨਾਲ ਸਮਝਾਉਂਦਾ ਹੈ:

ਇੱਕ ਵਾਰ ਦੀ ਗੱਲ ਹੈ ਕਿ ਚਿਲੂਆ ਬਿਲੂਆ ਦੋ ਭਰਾ ਹੁੰਦੇ ਆ, ਉਨ੍ਹਾਂ ਦੀ ਮਾਂ ਬਾਹਰ ਖਾਣਾ ਲੈਣ ਜਾਣ ਲੱਗਿਆਂ ਦਰਵਾਜ਼ਾ ਢੋ ਕੇ ਕਹਿੰਦੀ, ਚਿਲੂਆ ਬਿਲੂਆ ਮਾਂ ਤੁਹਾਡੀ ਚੱਲੀ ਬੂਹਾ ਮਾਰ ਲਓ।ਜਦ ਵਾਪਸ ਆਉਂਦੀ ਤਾਂ ਫਿਰ ਕਹਿੰਦੀ ਚਿਲੂਆ ਬਿਲੂਆ ਮਾਂ ਤੁਹਾਡੀ ਆਗੀ ਬੂਹਾ ਖੋਲ੍ਹ ਦਿਉ। ਉਹ ਕੁੰਡੀ ਖੋਲ੍ਹ ਦਿੰਦੇ। ਇੱਕ ਦਿਨ ਇਹ ਸਾਰਾ ਕੁੱਝ ਬਘਿਆੜ ਸੁਣਦਾ ਰਿਹਾ। ਜਦ ਮਾਂ ਚਲੀ ਗਈ ਤਾਂ ਉਹ ਆ ਕੇ ਕਹਿੰਦਾ, ਚਿਲੂਆ ਬਿਲੂਆ ਮਾਂ ਤੁਹਾਡੀ ਆ ਗਈ ਬੂਹਾ ਖੋਲ੍ਹੋ ਦਿਓ, ਤੇ ਪਹਿਲਾਂ ਤਾਂ ਉਹ ਦਰਵਾਜ਼ਾ ਖੋਲ੍ਹ ਦੇਣ ਲੱਗੇ, ਪਰ ਜਲਦੀ ਆ ਜਾਣ ਦਾ ਸ਼ੱਕ ਪੈਣ ਤੇ ਬੱਚਿਆਂ ਨੇ ਝੀਤ ਥਾਣੀਂ ਵੇਖ ਲਿਆ ਕਿ ਇਹ ਤਾਂ ਬਘਿਆੜ ਆ, ਬੂਹਾ ਨਾ ਖੋਲ੍ਹਿਆ। (ਮੰਡ ''ਜਿਊਣ ਦਾ ਸਲੀਕਾ'' 34)

ਇਹ ਨਿੱਕੀਆਂ-ਨਿੱਕੀਆਂ ਕਹਾਣੀਆਂ, ਜਿੱਥੇ ਮਾਪਿਆ ਨਾਲ ਬੱਚਿਆਂ ਦੇ ਸੰਬੰਧਾਂ ਨੂੰ ਮਜ਼ਬੂਤ ਕਰਦੀਆਂ ਹਨ, ਉੱਥੇ ਸਹਿਜੇ ਹੀ ਬੱਚਿਆ ਵਿਚ ਹੋ ਰਹੇ ਤਰਕ ਮਈ ਸਾਹਿਤਕ ਗਿਆਨ ਦਾ ਵੀ ਪਤਾ ਚਲਦਾ ਹੈ। ਅੱਜ ਮਾਤਾ ਪਿਤਾ ਦਾ ਕੰਮਕਾਜੀ ਹੋਣ ਕਰ ਕੇ ਘਰ ਤੋਂ ਬਾਹਰ ਜਾਣਾ ਪੈਂਦਾ ਹੈ। ਇਹ ਕਹਾਣੀ ਦਾ ਹਵਾਲਾ ਬੱਚਿਆਂ ਵਿਚ ਜਾਗਰੂਕਤਾ ਵੀ ਪੈਦਾ ਕਰਦਾ ਹੈ ਕਿ ਜੇਕਰ ਕੋਈ ਮੁਸੀਬਤ ਆ ਵੀ ਜਾਵੇ ਤਾਂ ਕਿਸ ਤਰ੍ਹਾਂ ਮਾਪਿਆ ਦੀਆਂ ਕਹੀਆਂ ਗੱਲਾਂ ਤੇ ਅਮਲ ਕਰਨਾ ਹੈ।

ਲੇਖਕ ਅਨੁਸਾਰ ਕਿਸੇ ਗੱਲ ਤੇ ਕੀਤੀ ਗਈ ਵਿਚਾਰ ਜਾਂ ਗੱਲ-ਬਾਤ ਹਜ਼ਾਰਾਂ ਸਵਾਲਾਂ ਨੂੰ ਜਨਮ ਦਿੰਦੀ ਹੈ। ਮੁੱਖ ਰੂਪ ਵਿਚ ਲੇਖਕ ਦੇ ਨਿਬੰਧ ਵਿਚਾਰਾਤਮਕ ਹਨ ਅਤੇ ਲੇਖਕ ਦੇ ਨਿਬੰਧਾਂ ਵਿਚ ਮੁੱਖ ਰੂਪ ਵਿਚ ਵਿਚਾਰਾਤਮਕ ਸ਼ੈਲੀ ਦਾ ਪ੍ਰਯੋਗ ਮੁੱਖ ਰੂਪ ਵਿਚ ਕੀਤਾ ਗਿਆ ਹੈ।

ਲੇਖਕ 'ਭਰੋਸੇਯੋਗਤਾ ਦੀ ਤਾਕਤ' ਨਿਬੰਧ ਵਿਚ ਭਰੋਸੇਯੋਗਤਾ ਦੀ ਜ਼ਿੰਦਗੀ ਵਿਚ ਮਹੱਤਤਾ ਦਰਸਾਉਂਦਾ, ਇੱਕ ਮਿੰਨੀ ਕਹਾਣੀ ਦੇ ਜ਼ਰੀਏ ਇਸ ਦੀ ਮਹੱਤਤਾ ਦੱਸਦਾ ਹੈ:

> ਇੱਕ ਮਹਾਨ ਖਿਡਾਰੀ ਨੂੰ ਉਸ ਦੇ ਆਪਣੇ ਹੀ ਬੱਚੇ ਘੇਰੀ ਬੈਠੇ ਹਨ ਅਤੇ ਕਹਿ ਰਹੇ ਹਨ ਪਾਪਾ, ਤੁਹਾਡੇ ਕੋਲ ਤਾਂ ਪਹਿਲਾਂ ਹੀ ਬਹੁਤ ਪੈਸਾ ਸੀ। ਤੁਸੀਂ ਜਦ ਬੈਟ ਹੱਥ ਵਿਚ ਵਿਕਟਾਂ ਸਾਹਮਣੇ ਖੜੇ ਹੁੰਦੇ ਸੀ ਤਾਂ ਲੱਗਦਾ ਸੀ ਕਿ ਸਾਡੇ ਮੁਲਕ ਦੀ ਜਿੱਤ ਅਤੇ ਹਾਰ ਦਰਮਿਆਨ ਕੋਈ ਦੀਵਾਰ ਖੜੀ ਹੈ। ਤੁਹਾਨੂੰ ਚੋਟ ਆਉਂਦੀ ਤਾਂ ਸਾਰੇ ਮੁਲਕ ਦਾ ਤ੍ਰਾਹ ਨਿਕਲ ਜਾਂਦਾ। ਤੁਸੀਂ ਆਪਣੀ ਮੁਹੱਬਤ ਪੈਸਿਆਂ ਖ਼ਾਤਰ ਵੇਚ ਦਿੱਤੀ। ਕਿਸ ਲਈ ਪਾਪਾ? ਸਾਡੇ ਲਈ ਪੈਸੇ ਕਮਾਉਣ ਖ਼ਾਤਰ? ਕੀ ਅਸੀਂ ਲੂਲ੍ਹੇ ਲੰਗੜੇ ਸਾਂ? ਛੋਟਾ ਬੱਚਾ ਕਹਿੰਦਾ, ਪਾਪਾ ਹੁਣ ਤੁਸੀਂ ਮੈਨੂੰ ਪਹਿਲਾ ਜਿੰਨੇ ਪਿਆਰੇ ਨਹੀਂ ਲੱਗਦੇ। ਲੋਕ ਮੈਨੂੰ ਵਿਸ਼ਵਾਸਘਾਤੀ ਦੀ ਔਲਾਦ ਕਹਿੰਦੇ ਹਨ। ਸਾਨੂੰ ਕੇਵਲ ਪੈਸਾ ਨਹੀਂ, ਮਾਣਯੋਗ ਅਤੇ ਭਰੋਸੇਮੰਦ ਬਾਪ ਵੀ ਚਾਹੀਦਾ ਹੈ। (ਮੰਡ ''ਜਿਊਣ ਦਾ ਸਲੀਕਾ'' 60)

ਇਹ ਨਿੱਕੀ ਜਿਹੀ ਕਹਾਣੀ ਹਜ਼ਾਰਾਂ ਸਵਾਲ ਖੜੇ ਕਰਦੀ ਹੈ ਤੇ ਕੀ ਪੈਸਾ ਰਿਸ਼ਤਿਆਂ ਨੂੰ ਬਚਾਈ ਰੱਖਣ ਨਾਲੋਂ ਜ਼ਿਆਦਾ ਜ਼ਰੂਰੀ ਹੈ? ਮਨੁੱਖ ਇਹ ਗੱਲ ਭੁੱਲ ਜਾਂਦਾ ਹੈ ਕਿ ਰਿਸ਼ਤਿਆਂ ਵਿਚ ਪਈਆਂ ਗੱਠਾ ਖੁੱਲਣ ਤੋਂ ਬਾਅਦ ਵੀ, ਉਨ੍ਹਾਂ ਵਿਚ ਪਹਿਲਾਂ ਜਿਹਾ ਰਸ ਤੇ ਭਰੋਸਾ ਨਹੀਂ ਰਹਿੰਦਾ।

**ਅ) ਭਾਸ਼ਾਈ ਪ੍ਰਯੋਗ:-** ਸਾਹਿਤ ਦਾ ਮੂਲ ਭਾਸ਼ਾ ਹੈ। ਸਾਹਿਤ ਭਾਸ਼ਾ ਰਾਹੀਂ ਹੀ ਹੋਂਦ ਗ੍ਰਹਿਣ ਕਰਦਾ ਹੈ, ਪਰ ਭਾਸ਼ਾ ਦੀ ਬਹੁਤ ਸਾਰੀਆਂ ਪਰਤਾਂ, ਸ਼ੈਲੀਆਂ, ਸੰਭਾਵਨਾਵਾਂ ਤੇ ਸੀਮਾਵਾਂ ਹਨ, ਜਿਨ੍ਹਾਂ ਦੀ ਵਰਤੋਂ ਸਾਹਿਤ ਰਚਨਾ ਸਮੇਂ ਅਚੇਤ ਜਾਂ ਸੁਚੇਤ ਰੂਪ ਵਿਚ ਹੁੰਦੀ ਹੈ। ਜਿੱਥੇ ਕਵਿਤਾ ਵਿਚ ਭਾਸ਼ਾ ਦੇ ਅਲੰਕਾਰ ਰੂਪ ਦੀ ਵਰਤੋਂ ਵਧੇਰੇ ਹੁੰਦੀ ਹੈ, ਉੱਥੇ ਵਾਰਤਕ ਵਿਚ ਭਾਸ਼ਾ ਦੇ ਵਿਆਕਰਨ ਰੂਪ ਦੀ ਵਰਤੋਂ ਵਧੇਰੇ ਹੁੰਦੀ ਹੈ। ਭਾਸ਼ਾ ਦਾ ਵਾਰਤਕ ਵਿਚ ਵਿਸ਼ੇਸ਼ ਮਹੱਤਵ ਹੁੰਦਾ ਹੈ ਕਿਉਂਕਿ ਵਾਰਤਕ ਇੱਕ ਅਜਿਹਾ ਸਾਹਿਤ ਰੂਪ ਹੁੰਦਾ ਹੈ, ਜਿਸ ਵਿਚ ਵਾਰਤਕਕਾਰ ਆਪਣੇ ਪਾਠਕਾਂ ਨੂੰ ਸਿੱਧੇ ਤੇ ਸਰਲ ਢੰਗ ਦੇ ਨਾਲ ਸੰਬੋਧਿਤ ਕਰ ਰਿਹਾ ਹੁੰਦਾ ਹੈ:

ਡਾ. ਧਰਮਪਾਲ ਸਿੰਗਲ ਅਨੁਸਾਰ:-ਭਾਸ਼ਾ ਆਪਣੇ ਮੁੱਢਲੇ ਰੂਪ ਵਿਚ ਬੋਲਚਾਲ ਦਾ ਹੀ ਰੂਪ ਹੁੰਦੀ ਹੈ। ਉਸ ਵਿਚ ਮਨੁੱਖ ਦੇ ਆਮ ਤੇ ਸਹਿਜ ਸੁਭਾਵਿਕ ਵਿਚਾਰ ਤੇ ਭਾਵ ਬੋਲਾਂ ਦਾ ਜਾਮਾ ਪਹਿਨ ਕੇ ਹੀ ਪ੍ਰਗਟ ਹੁੰਦੇ ਹਨ। ਮਨੁੱਖ ਨੇ ਅਜੇ ਜਦ ਬੋਲੀ ਦਾ ਸਾਧਨ ਵੀ ਨਹੀਂ ਜਾਣਿਆ ਸੀ ਉਸ ਵੇਲੇ ਵੀ ਉਹ, ਜੋ ਭਾਵ ਤੇ ਵਿਚਾਰ ਜਿਸ ਕਿਸੇ ਸਾਧਨ ਜਾਂ ਮਾਧਿਅਮ ਨਾਲ ਹੋਰਨਾਂ ਨਾਲ ਸਾਂਝੇ ਕਰਦਾ ਸੀ।ਉਸ ਨੂੰ ਅਸੀਂ ਭਾਸ਼ਾ ਜਾਂ ਬੋਲੀ ਕਹਿ ਸਕਦੇ ਹਾਂ। (''ਵਾਰਤਕ-ਸ਼ੈਲੀ'' 52)

ਡਾ. ਸੁਰਿੰਦਰਪਾਲ ਸਿੰਘ ਮੰਡ ਦੀ ਭਾਸ਼ਾ ਦਾ ਅਧਿਐਨ ਕਰਦਿਆਂ ਇਹ ਗੱਲ ਮੁੱਖ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਲੇਖਕ ਨੇ ਆਪਣੇ ਵਿਚਾਰਾਂ ਨੂੰ ਪਾਠਕਾਂ ਨਾਲ ਸਾਂਝੇ ਕਰਨ ਲਈ ਜਨ-ਸਧਾਰਨ ਦੀ ਰੁਚੀ ਦੀ ਅਤੇ ਉਨ੍ਹਾਂ ਦੇ ਪੱਧਰ ਦੀ ਭਾਸ਼ਾ ਨੂੰ ਚੁਣਿਆ ਹੈ। ਲੇਖਕ ਇੱਕ ਅਧਿਆਪਕ ਅਹੁਦੇ ਤੇ ਹੋਣ ਕਾਰਨ ਉਹ ਪਾਠਕਾਂ ਨਾਲ ਬੜੇ ਹੀ ਦਿਲਚਸਪ ਤਰੀਕੇ ਨਾਲ ਇੱਕ ਸਾਂਝ ਪੈਦਾ ਕਰਦਾ ਹੈ। ਨਿਬੰਧ ਲਿਖਦੇ ਸਮੇਂ ਲੇਖਕ ਪਾਠਕਾਂ ਨਾਲ ਇੱਕ ਰਾਬਤਾ ਕਾਇਮ ਕਰਦਾ ਹੈ। ਮੰਡ ਦੀ ਭਾਸ਼ਾ ਸੁਹਜਮਈ ਹੈ, ਜਿਸ ਦੇ ਸਦਕਾ ਉਹ ਆਪਣੇ ਪਾਠਕਾਂ ਨੂੰ ਰੂਹ ਤੱਕ ਟੁੰਬਣ ਦੀ ਸ਼ਕਤੀ ਰੱਖਦਾ ਹੈ। ਲੇਖਕ ਅੱਜ ਦੇ ਸਮੇਂ ਦੀ ਪ੍ਰਮੁੱਖ ਸਮੱਸਿਆਵਾਂ ਨੂੰ ਆਪਣੇ ਨਿਬੰਧਾਂ ਵਿਚ ਪੇਸ਼ ਕਰ ਕੇ ਆਪਣੇ ਪਾਠਕਾਂ ਨੂੰ ਆਸ਼ਾ ਭਰਪੂਰ ਜ਼ਿੰਦਗੀ ਜਿਊਣ ਦੀ ਪ੍ਰੇਰਨਾ ਦਿੰਦਾ ਨਜ਼ਰੀ ਪੈਂਦਾ ਹੈ।

**ਵਾਕ ਸਿਰਜਣਾ:** ਲੇਖਕ ਆਪਣੀ ਬੁੱਧੀ ਵਿਚ ਆਏ ਵਿਚਾਰਾਂ ਨੂੰ ਛੋਟੇ-ਛੋਟੇ ਤੇ ਅਰਥ ਪੂਰਨ ਵਾਕਾਂ ਰਾਹੀਂ ਪਾਠਕਾਂ ਦੇ ਸਨਮੁੱਖ ਕਰਦਾ ਹੈ ਤਾਂ ਜੋ ਪਾਠਕ ਆਸਾਨੀ ਨਾਲ ਸਮਝ ਸਕਣ। ਲੋੜ ਅਨੁਸਾਰ ਲੇਖਕ ਲੰਬੇ ਵਾਕਾਂ ਦਾ ਪ੍ਰਯੋਗ ਵੀ ਸਪਸ਼ਟ ਰੂਪ ਵਿਚ ਕਰਦਾ ਹੈ, ਜਿਸ ਕਾਰਨ ਪਾਠਕਾਂ ਵਿਚ ਅਸੰਤੁਸ਼ਟਤਾ ਪੈਦਾ ਨਹੀਂ ਹੁੰਦੀ। ਲੇਖਕ ਪਾਠਕਾਂ ਦੀ ਬੁੱਧੀ ਨੂੰ ਪ੍ਰਚੰਡ ਕਰਨ ਲਈ ਪ੍ਰਸ਼ਨਵਾਕੀ ਵਾਕਾਂ ਦਾ ਪ੍ਰਯੋਗ ਵੀ ਕਰਦਾ ਹੈ। ਕਿਸੇ ਵੀ ਰਚਨਾ ਵਿਚ ਵਾਕ ਰਚਨਾ ਅਤੇ ਸ਼ਬਦ ਰਚਨਾ ਅਤਿ ਮਹੱਤਵਪੂਰਨ ਪੱਖ ਹੁੰਦੇ ਹਨ। ਇਹ ਵਾਰਤਕ ਦੇ ਪ੍ਰਮੁੱਖ ਤੱਤ ਵੀ

ਮੰਨੇ ਜਾਂਦੇ ਹਨ।ਵਾਕਾਂ ਦੀ ਬਣਤਰ ਸਮੇਂ ਵਰਤਿਆਂ ਇੱਕ-ਇੱਕ ਸ਼ਬਦ ਧਿਆਨਯੋਗ ਹੁੰਦਾ ਹੈ। ਲੇਖਕ ਨਿਬੰਧਾਂ ਵਿਚ ਵਾਕ ਸਿਰਜਣਾ ਵੱਲ ਧਿਆਨ ਕੇਂਦਰਿਤ ਕਰਦਾ ਹੈ। ਬੇਲੋੜੇ ਵਿਸਥਾਰ ਵਿਚ ਨਾ ਪੈ ਕੇ ਛੋਟੇ-ਛੋਟੇ ਵਾਕ ਉਸ ਦੀ ਰਚਨਾ ਨੂੰ ਗਤੀ ਪ੍ਰਦਾਨ ਕਰਦਾ ਹੈ:

> ਕੁੱਝ ਨਵਾਂ ਸਿਰਜਣ ਦੇ ਪਲ ਧਿਆਨ ਦੇ ਪਲ ਹੁੰਦੇ ਹਨ ਕਲਾਕਾਰ ਜਦ ਬੱਦਲਾਂ ਤਾਰਿਆਂ ਵੱਲ ਵੇਖ ਰਿਹਾ ਹਾਂ, ਪਹਿਲ ਕਦਮੀ ਕਰ ਰਿਹਾ ਹੁੰਦਾ ਹੈ, ਉਹ ਉਦੋਂ ਵੀ ਰਚਨਾ ਕਰ ਰਿਹਾ ਹੁੰਦਾ ਹੈ। (ਮੰਡ ''ਜਿਊਣ ਦਾ ਸਲੀਕਾ'' 39)

ਇੱਕ ਲੇਖਕ ਕਲਪਨਾਸ਼ੀਲ ਤੇ ਵਿਚਾਰਸ਼ੀਲ ਰਹਿੰਦਾ ਹੈ, ਜਦੋਂ ਉਸਦੇ ਵਿਚਾਰ ਜਾਗਦੇ ਹਨ ਤਾਂ ਨਵੀਂ ਸਿਰਜਣਾ ਨੂੰ ਜਨਮ ਦਿੰਦਾ ਹੈ:

> ਇਕਾਗਰਤਾ ਨਾਲ ਸਾਡੀਆਂ ਅਜੇ ਤਕ ਸੁੱਤੀਆਂ ਪਈਆਂ ਬੌਧਿਕ ਸ਼ਕਤੀਆਂ ਉੱਸਲਵੱਟੇ ਲੈਣ ਲੱਗ ਪੈਂਦੀਆਂ ਹਨ ਅਤੇ ਉਹ ਪੀਚੀਆਂ ਗੰਢਾ ਖੁੱਲ੍ਹਦੀਆਂ ਹਨ, ਜਿਨ੍ਹਾਂ ਦਾ ਅਜੇ ਤਕ ਸਾਨੂੰ ਕੋਈ ਮੂੰਹ ਸਿਰ ਹੀ ਨਹੀਂ ਸੀ ਲੱਭਦਾ। (ਮੰਡ ''ਜਿਊਣ ਦਾ ਸਲੀਕਾ'' 41)

ਛੋਟੇ-ਛੋਟੇ ਵਾਕਾਂ ਤੋਂ ਇਲਾਵਾ ਲੇਖਕ ਲੰਮੇ ਦੇ ਅਰਥਪੂਰਨ ਵਾਕਾਂ ਦੀ ਸਿਰਜਣਾ ਕਰਦਾ ਵੀ ਨਜ਼ਰੀ ਪੈਂਦਾ ਹੈ:

> ਵਿਚਾਰ ਵਟਾਂਦਰਾ ਕਰਨ ਦੇ ਤਾਂ ਹਰ ਕੋਈ ਕਾਬਲ ਹੈ, ਪਰ ਵਿਚਾਰਵਾਨ ਅਤੇ ਚਿੰਤਨਸ਼ੀਲ ਕੋਈ ਕੋਈ ਹੁੰਦਾ ਹੈ। ਹਰੇਕ ਦੇ ਸਿਰ ਵਿਚ ਵਿਚਾਰ ਆਉਂਦੇ ਹਨ, ਕੱਚੇ ਮਾਲ ਵਰਗੇ, ਪਰ ਉਨ੍ਹਾਂ ਨੂੰ ਵਿਚਾਰਸ਼ੀਲ ਦੀ ਭੱਠੀ ਵਿਚ ਪਕਾ ਕੇ ਕੋਈ ਸਾਰਥਕ ਸ਼ਕਲ ਮਿਲਦੀ ਹੈ। ਵਿਚਾਰ ਆਉਂਦੇ ਹਨ ਹਰ ਇੱਕ ਦੇ ਘਰ ਵਿਚ, ਜਿਵੇਂ ਬਿਨ ਬੁਲਾਏ ਪ੍ਰਾਹੁਣੇ ਆਉਂਦੇ ਹਨ। (ਮੰਡ ''ਜਿਊਣ ਦਾ ਸਲੀਕਾ'' 43)

ਡਾ. ਮੰਡ ਭਲੀ ਭਾਂਤ ਸੁਚੇਤ ਰੂਪ ਵਿਚ ਵਾਕਾਂ ਦੀ ਸਿਰਜਣਾ ਕਰਦਾ ਹੈ। ਲੇਖਕ ਦੇ ਵਾਕਾਂ ਵਿਚ ਗੂੜ੍ਹ ਗਿਆਨ ਦੀ ਗੱਲ ਬੜੀ ਹੀ ਕੋਮਲਤਾ ਨਾਲ ਕਰਦਾ ਹੈ, ਜਿਸ ਵਿਚੋਂ ਉਸ ਦੇ ਨਿੱਜੀ ਤਜਰਬਿਆਂ ਦੀ ਮਿੱਠੀ-ਮਿੱਠੀ ਖ਼ੁਸ਼ਬੂ ਹੀ ਝਲਕਾਰੇ ਮਾਰਦੀ ਹੈ। ਸਧਾਰਨ ਵਾਕਾਂ ਤੋਂ ਇਲਾਵਾ ਲੇਖਕ ਮਿਸ਼ਰਤ ਵਾਕਾਂ ਨੂੰ ਵੀ ਆਪਣੇ ਨਿਬੰਧਾਂ ਵਿਚ ਸਫਲਤਾ ਪੂਰਵਕ ਢੰਗ ਨਾਲ ਵਰਤਦਾ ਹੈ:

> ਗਿਆਨ ਨੇ ਚੀਜ਼ਾਂ ਤਾਂ ਬਥੇਰੀਆਂ ਦਿੱਤੀਆਂ ਹਨ, ਪਰ ਦ੍ਰਿਸ਼ਟੀ ਵਿਚ ਕਾਣ ਹੋਣ ਕਰ ਕੇ ਮਨੁੱਖ ਨੂੰ ਇਵੇਂ ਲੱਗਦਾ ਹੈ ਕਿ ਇਹ ਵਸਤਾਂ ਮੇਰੇ ਵਰਤਣ ਲਈ ਨਹੀਂ ਹਨ। (ਮੰਡ ''ਜਿਊਣ ਦਾ ਸਲੀਕਾ'' 49)

> ਕਈ ਵਿਚਾਰੇ ਏਨੇ ਗੰਭੀਰ ਹੋ ਗਏ ਹਨ, ਪਰ ਹਾਸੇ ਵਰਗੀ ਕੁਦਰਤੀ ਦਾਤ ਤੋਂ ਵੀ ਵਿਰਵੇ ਹਨ।(ਮੰਡ ''ਜਿਊਣ ਦਾ ਸਲੀਕਾ'' 56)

ਲੇਖਕ ਕਈ ਵਾਰੀ ਪਾਠਕਾਂ ਦਾ ਧਿਆਨ ਖਿੱਚਣ ਲਈ ਅਤੇ ਆਪਣੀ ਗੱਲ ਨੂੰ ਪ੍ਰਭਾਵਸ਼ਾਲੀ ਦਿੱਖ ਦੇਣ ਲਈ ਪ੍ਰਸ਼ਨ ਚਿੰਨ੍ਹਾਂ ਨੂੰ ਭਾਸ਼ਕ ਜੁਗਤੀ ਵਜੋਂ ਪ੍ਰਯੋਗ ਕਰਦਾ ਹੈ। ਲੇਖਕ ਵਿਸ਼ੇ ਸੰਬੰਧੀ ਪ੍ਰਸ਼ਨ ਕਰ ਕੇ ਪਾਠਕਾਂ ਨਾਲ ਰਾਬਤਾ ਕਾਇਮ ਕਰਨ ਲਈ ਪਾਠਕ ਨੂੰ ਸੋਚਣ ਲਈ ਮਜਬੂਰ ਕਰਦਾ ਹੈ।

**ਪ੍ਰਸ਼ਨ ਵਾਚੀ ਵਾਕ:** ਲੇਖਕ ਨਿਬੰਧਾਂ ਵਿਚ ਪ੍ਰਸ਼ਨ ਵਾਚੀ ਵਾਕਾਂ ਦਾ ਪ੍ਰਯੋਗ ਕਰਦਾ ਨਜ਼ਰੀ ਪੈਂਦਾ ਹੈ:

> ਦਸਮੇਸ਼ ਪਿਤਾ ਦਾ ਭਰੋਸਾ ਤੋੜਨ ਤੋਂ ਬਾਅਦ ਤੁਹਾਡਾ ਬਾਕੀ ਦਾ ਜੀਵਨ ਇੱਥੇ ਕਿਸ ਕੰਮ ਹੈ? (ਮੰਡ ''ਜਿਊਣ ਦਾ ਸਲੀਕਾ'' 59)

> ਜੇ ਮਹੱਤਵ ਹੀ ਖ਼ਤਮ ਕਰ ਦਿੱਤਾ ਹੈ ਤਾਂ ਫਿਰ ਕਿਤੋਂ ਆਦਮੀ ਮੁੜ ਕੇ ਪਸ਼ੂਪੁਣਾ ਵਾਲੇ ਪਾਸੇ ਵੱਲ ਤਾਂ ਨਹੀਂ ਵੱਧ ਰਿਹਾ?(ਮੰਡ ''ਜਿਊਣ ਦਾ ਸਲੀਕਾ'' 86)

ਇਹਨਾਂ ਪ੍ਰਸ਼ਨ ਵਾਚੀ ਵਾਕਾਂ ਰਾਹੀਂ ਲੇਖਕ ਪਾਠਕਾਂ ਦੀ ਬੁੱਧੀ ਨੂੰ ਪ੍ਰਚੰਡ ਕਰਨ ਦਾ ਯਤਨ ਕਰਦਾ ਹੈ।

**ਸੰਜਮਤਾ**: ਸੰਜਮਤਾ ਨਿਬੰਧਾਂ ਦੇ ਬੁਨਿਆਦੀ ਗੁਣਾਂ ਵਿਚੋਂ ਇੱਕ ਹੈ। ਨਿਬੰਧ ਆਕਾਰ ਵਜੋਂ ਛੋਟਾ ਹੁੰਦਾ ਹੈ ਤੇ ਵਿਸ਼ਾਲ ਅਰਥਾਂ ਦਾ ਧਾਰਨੀ ਹੁੰਦਾ ਹੈ। ਲੇਖਕ ਵੱਲੋਂ ਲਿਖੇ ਸਾਰੇ ਨਿਬੰਧ ਸੰਜਮਤਾ ਤੇ ਸੰਖੇਪਤਾ ਦੇ ਧਾਰਨੀ ਹਨ ਬੇਲੋੜਾ ਵਿਸਥਾਰ ਲੇਖਕ ਦੇ ਨਿਬੰਧਾਂ ਵਿਚ ਪੇਸ਼ ਨਹੀਂ ਹੈ। ਲੇਖਕ ਦੇ ਨਿਬੰਧ ਕਿਤੇ ਵੀ ਆਪਣੇ ਮਿਥੇ ਉਦੇਸ਼ ਤੋਂ ਥਿੜਕਦੇ ਦਿਖਾਈ ਨਹੀਂ ਦਿੰਦੇ।

**ਸਪਸ਼ਟਤਾ**: ਲੇਖਕ ਦੇ ਨਿਬੰਧਾਂ ਦਾ ਵਿਸ਼ੇਸ਼ ਗੁਣ ਸਪਸ਼ਟਤਾ ਹੈ। ਲੇਖਕ ਮਨ ਵਿਚ ਆਏ ਵੱਖ-ਵੱਖ ਵਿਚਾਰਾਂ ਨੂੰ ਇਕੱਠੇ ਕਰ ਕੇ, ਉਨ੍ਹਾਂ ਦਾ ਆਪਸ ਵਿਚ ਤਾਲਮੇਲ ਸਥਾਪਿਤ ਕਰ ਕੇ, ਉਨ੍ਹਾਂ ਨੂੰ ਢੁਕਵੀਂ ਤਰਤੀਬ ਦਿੰਦਾ ਹੈ ਤੇ ਜਿਸ ਕਾਰਨ ਲੇਖਕ ਵੱਲੋਂ ਵਰਤੀ ਭਾਸ਼ਾ ਕੇਂਦਰੀ ਪੰਜਾਬੀ ਹੈ। ਜਿਹੜੀ ਸਧਾਰਨ ਮਨੁੱਖ ਨੂੰ ਆਸਾਨੀ ਨਾਲ ਸਮਝ ਆਉਂਦੀ ਹੈ। ਲੇਖਕ ਜਿੱਥੇ ਸਰਲ ਤੇ ਸਾਦੀ ਭਾਸ਼ਾ ਵਰਤਦਾ ਹੈ, ਉੱਥੇ ਢੁਕਵੀਂ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ। ਢੁਕਵੇਂ ਸ਼ਬਦਾਂ ਦੀ ਢੁਕਵੀਂ ਵਰਤੋਂ ਵਿਚ ਲੇਖਕ ਮਾਹਿਰ ਹੈ, ਜੋ ਪਾਠਕਾਂ ਨੂੰ ਕੀਲੇ ਰੱਖਣ ਦਾ ਵਲ ਜਾਣਦਾ ਹੈ।

**ਅੰਗਰੇਜ਼ੀ ਦੇ ਸ਼ਬਦ**: ਲੇਖਕ ਆਪਣੇ ਨਿਬੰਧਾਂ ਵਿਚ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਵੀ ਕਰਦਾ ਹੈ ਜਿਵੇਂ ਰਿਕਾਰਡ, ਸਵਿੱਚ, ਸੰਸਦ, ਸਿਲੇਬਸ, ਸਟੇਟ, ਡਰਾਈਵਿੰਗ, ਸਿਨਸੈਰਿਟੀ, ਕਨਸਨਟਰੇਸ਼ਨ, ਟਾਊਨਸ਼ਿਪ, ਕੋਲਟ ਡਰਿੰਕਸ, ਸਿਵਲਾਈਜੇਸ਼ਨ, ਏਅਰਕੰਡੀਸ਼ਨਾਂ, ਡਿਊਡਰੈਟ, ਅਲਟਰਾ ਵਾਇਲਿਟ ਕਿਰਨਾਂ ਆਦਿ।

ਇਸ ਤੋਂ ਇਲਾਵਾ ਲੇਖਕ ਉਰਦੂ-ਫ਼ਾਰਸੀ ਸ਼ਬਦ ਦਾ ਵੀ ਪ੍ਰਯੋਗ ਕਰਦਾ ਹੈ ਜਿਵੇਂ ਨਿਕਾਹ, ਪੈਗ਼ਾਮ, ਖ਼ਾਹਿਸ਼, ਮਸਲਾ, ਰੁਤਬਾ, ਖ਼ਾਹਿਸ਼, ਫ਼ਰਮਾਨ, ਮੁਨਾਫ਼ੇ, ਦਰੁਸਤ, ਅੰਦਾਜ਼, ਬਿਹਤਰੀਨ, ਸਿਆਸਤ, ਤਲਖ਼ੀ, ਤੱਕਰੀਯਾਂਫ਼ਤਾ, ਖ਼ਮਿਆਜ਼ਾ, ਰਮਜ਼।

ਇਸੀ ਤਰ੍ਹਾਂ ਲੇਖਕ ਹੋਰਨਾਂ ਭਾਸ਼ਾਵਾਂ ਵਾਂਗ ਹਿੰਦੀ ਦੇ ਸ਼ਬਦਾਂ ਦਾ ਪ੍ਰਯੋਗ ਵੀ ਕਰਦਾ ਹੈ ਜਿਵੇਂ ਪਰਿਚੈ, ਪ੍ਰਕ੍ਰਿਤੀ, ਸੋਭਦੀ, ਕਾਇਆ, ਖਿੜਕੀ, ਬ੍ਰਿਛ।

**ਸਮਾਸੀ ਸ਼ਬਦ**: ਲੇਖਕ ਦੇ ਨਿਬੰਧਾਂ ਵਿਚ ਸਮਾਸੀ ਸ਼ਬਦਾਂ ਦੀ ਝਲਕ ਵੀ ਦਿਖਾਈ ਦਿੰਦੀ ਹੈ ਜਿਵੇਂ, ਹੁੰਦਿਆਂ-ਸੁੰਦਿਆਂ,ਚਿਰ-ਸਦੀਵੀ, ਸਰਦੇ-ਪੁੱਜਦੇ, ਸਵੇਰੇ-ਸ਼ਾਮੀ, ਮਿਲਦੇ-ਜੁਲਦੇ, ਹਿਸਾਬੀ-ਕਿਤਾਬੀ, ਵਿਚਾਰ-ਵਟਾਂਦਰਾ, ਆਸੇ-ਪਾਸੇ, ਉੱਡ-ਪੁੱਡ, ਗੈਰ-ਹਾਜ਼ਰ, ਲੋਕ-ਮਨ, ਕਦਰਾਂ-ਕੀਮਤਾਂ, ਗੱਲਾਂ-ਬਾਤਾਂ, ਗੈਰ-ਰਸਮੀ,

**ਪ੍ਰਤੀਕਾ ਦੀ ਵਰਤੋਂ**: ਲੇਖਕ ਆਪਣੇ ਨਿਬੰਧਾਂ ਵਿਚ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ।ਮਧਾਣੀ ਨੂੰ ਮਨੁੱਖੀ ਪ੍ਰਤੀਕ ਵਜੋਂ ਵਰਤਦਾ ਮਨੁੱਖ ਨੂੰ ਗਿਆਨ ਦਿੰਦਾ ਆਖਦਾ ਹੈ ਜਿਗਿਆਸੂ ਮਨੁੱਖ ਹਮੇਸ਼ਾ ਸਿੱਖਿਆ ਦਿੰਦਾ ਤੇ ਗ੍ਰਹਿਣ ਕਰਦਾ ਦਿਖਾਈ ਦਿੰਦਾ ਹੈ। ਮਨੁੱਖ ਨੂੰ ਇੱਕ ਜਗਿਆਸੂ ਵਾਂਗ ਗਿਆਨ ਨੂੰ ਆਪਣੇ ਅੰਦਰ ਲਿਆਉਣ ਦੀ ਪ੍ਰੇਰਨਾ ਦਿੰਦਾ ਹੈ। ਚਾਟੀ ਦੀ ਮਧਾਣੀ ਵਿਚ ਰਿੜਕ ਕੇ ਮੱਖਣ ਕੱਢਣ ਦੀ ਆਵਾਜ਼ ਨੂੰ ਲੇਖਕ ਅੰਦਰ ਉਪਜਦੇ ਗਿਆਨ ਨੂੰ ਅਮਲ ਵਿਚ ਲਿਆਉਣ ਦੀ ਸਿੱਖਿਆ ਦਿੰਦਾ ਹੈ:

> ਰੇੜਕਾ ਮਾਰਦਿਆਂ ਹੋਇਆਂ ਚਾਟੀ ਵਿਚੋਂ ਆਉਂਦੀ ਆਵਾਜ਼ ਨੂੰ ਵੀ ਸੁਣੇ ਕਿ, ''ਮੇਰੇ ਵਿਚੋਂ ਕੁੱਝ ਲੱਭਣ 'ਚ ਹੀ ਨਾ ਉਮਰ ਗਵਾ ਦੀ। ਕੁੱਝ ਆਪਣੇ ਅੰਦਰੋਂ ਵੀ ਲੱਭ ਲਈਂ। ਤੇਰੇ ਅੰਦਰ ਵੀ ਬੜੇ ਰਸ ਈ, ਬੜੇ ਸਾਜ਼ ਈ, ਬੜੀਆਂ ਸੁਰਾਂ ਦੀਆਂ ਲਹਿਰਾਂ ਈ, ਬੜੀ ਕਲਾ ਈ। ਤੂੰ ਬ੍ਰਹਿਮੰਡ ਦਾ ਇੱਕ ਸੰਪੂਰਨ ਕਿਣਕਾ ਈ।ਪਤਾ ਈ?''(ਮੰਡ ''ਜਿਊਣ ਦਾ ਸਲੀਕਾ'' 49)

**ੲ) ਕਲਾ-ਜੁਗਤਾਂ:-** ਲੇਖਕ ਆਪਣੇ ਨਿਬੰਧਾਂ ਵਿਚ ਅਲੱਗ-ਅਲੱਗ ਜੁਗਤਾਂ ਦੀ ਵਰਤੋਂ ਕਰ ਕੇ ਆਪਣੇ ਨਿਬੰਧਾਂ ਦੀ ਤਾਜ਼ਗੀ ਬਰਕਰਾਰ ਰੱਖਦਾ ਹੈ। ਪਾਠਕਾਂ ਨੂੰ ਰੋਚਕ ਢੰਗ ਦੇ ਨਾਲ ਆਪਣੇ ਨਾਲ ਜੋੜੀ ਰੱਖਦਾ ਹੈ। ਲੇਖਕ

ਆਪਣੇ ਨਿਬੰਧਾਂ ਵਿਚ ਕਾਵਿਮਈ ਜੁਗਤਾਂ, ਇਤਿਹਾਸਕ ਹਵਾਲੇ, ਪਾਠਕਾਂ ਨੂੰ ਨੀਰਸਤਾ ਤੋਂ ਬਚਾਉਣ ਲਈ ਨਿੱਕੀ ਕਹਾਣੀ ਰਾਹੀਂ ਪਾਠਕਾਂ ਦਾ ਧਿਆਨ ਕੇਂਦਰਿਤ ਕਰਦਾ ਹੋਇਆ ਲੋਕ ਗੀਤਾਂ ਆਦਿ ਦੀ ਵਰਤੋਂ ਕਰਦਾ ਹੈ।

ਲੇਖਕ ਭਰੂਣ ਹੱਤਿਆ ਵਰਗੀ ਸਮਾਜਿਕ ਬੁਰਾਈ ਨੂੰ ਨਿੰਦਦਾ ਹੋਇਆ ਦੱਸਦਾ ਹੈ ਕਿ ਅਜੋਕੇ ਮਨੁੱਖ ਨੇ ਤਾਂ ਜਾਨਵਰਾਂ ਨੂੰ ਮਾਤ ਪਾ ਦਿੱਤੀ ਸਾਡੇ ਨਾਲੋਂ ਤਾਂ ਜਾਨਵਰ ਚੰਗੇ ਹੋਏ, ਜਿਹੜੇ ਆਪਣੇ ਮਰੇ ਹੋਏ ਜਵਾਕ ਦੇ ਸੁੱਕੇ ਹੋਏ ਪਿੰਜਰ ਨੂੰ ਵੀ ਕਈ ਮਹੀਨਿਆਂ ਤੱਕ ਆਪਣੀ ਹਿੱਕ ਨਾਲ ਲਾ ਕੇ ਫਿਰਦੇ ਹਨ। 'ਧੀਆਂ ਦੀ ਦੁਨੀਆ' ਨਿਬੰਧ ਵਿਚ ਲੇਖਕ ਭਾਵੁਕ ਹੋਇਆ ਅਜੋਕੇ ਸਮਾਜ ਨੂੰ ਸਮਝਾਉਣ ਦਾ ਯਤਨ ਕਰਦਾ ਹੈ ਕਿ ਧੀਆਂ ਮਾਪਿਆਂ ਤੇ ਬੋਝ ਨਹੀਂ ਹੁੰਦੀਆਂ, ਸਗੋਂ ਉਨ੍ਹਾਂ ਦਾ ਮਾਣ ਹੁੰਦੀਆਂ ਹਨ। ਜਿਹੜੇ ਲੋਕ ਕੁੱਖ ਵਿਚ ਬੱਚੇ ਦੇ ਲਿੰਗ ਦਾ ਪਤਾ ਲੱਗਣ ਤੇ ਉਹਨੂੰ ਦੁਨੀਆ ਵਿਚੋਂ ਮਿਟਾਉਣ ਦੀ ਤਿਆਰੀ ਕਰਦੇ ਹਨ। ਲੇਖਕ ਉਸ ਅਣਜੰਮੇ ਲੋਥ ਨੂੰ ਮਿਟਦਾ ਦੇਖ ਭਾਵੁਕ ਹੋਇਆ ਕਵਿਤਾ ਰਾਹੀਂ ਲੋਕਾਂ ਨੂੰ ਹਲੂਣਦਾ ਹੈ, ਸ਼ਾਇਦ ਕਿਸੇ ਦਾ ਦਿਲ ਇਸ ਕਵਿਤਾ ਨੂੰ ਦੇਖ ਕੇ ਪਸੀਜਿਆ ਜਾਏ ਤੇ ਇਹ ਅਪਰਾਧ ਹੋਣੋਂ ਰੁਕ ਜਾਵੇ। ਲੇਖਕ ਆਪਣੇ ਅੰਦਰ ਵਗਦੇ ਜਜ਼ਬੇ ਦੇ ਦਰਿਆ ਨੂੰ ਕਾਵਿਮਈ ਢੰਗ ਨਾਲ ਬਿਆਨ ਦਾ ਆਖਦਾ ਹੈ:

ਤੂੰ ਤਾਂ ਪੈਦਾ ਹੋਈ ਵੀ ਨਾ

ਤੇਰੀ ਸੁਬਹ ਕਿਉਂ ਬਣੀ ਤਕਾਲਾਂ

ਆ ਤੈਨੂੰ ਗੋਦੀ ਵਿਚ ਪਾ ਲਾਂ

ਮਿੱਠੀ ਲੋਰੀ ਨਾਲ ਸੁਲਾਂ ਲਾਂ

ਘੁੱਟ ਕੇ ਹਿਕੜੀ ਨਾਲ ਲਗਾ ਲਾਂ

ਤੈਨੂੰ ਹਰ ਇੱਕ ਨਜ਼ਰ ਬਿਗਾਨੀ ਤੋਂ

ਮੈਂ ਬੁੱਕਲ ਵਿਚ ਛੁਪਾ ਲਾਂਗਾ।(ਮੰਡ ''ਜਿਊਣ ਦਾ ਸਲੀਕਾ'' 106)

ਲੇਖਕ 'ਮਨ ਅਤੇ ਬੁੱਧੀ' ਨਿਬੰਧ ਵਿਚ ਉਦਾਰਨ ਰਾਹੀਂ ਸਮਝਾਉਂਦਾ ਹੈ ਕਿ ਮਨ ਅਤੇ ਬੁੱਧੀ ਨੂੰ ਇਨਸਾਨ ਹਥਿਆਰਾਂ ਵਾਂਗੂੰ ਵਰਤੇ ਤੇ ਨਵੀਆਂ ਮੰਜ਼ਿਲਾਂ ਸਰ ਕਰ ਸਕਦਾ ਹੈ। ਮਨ ਤੇ ਬੁੱਧੀ ਦਾ ਸੰਵਾਦ ਜ਼ਿੰਦਗੀ ਨੂੰ ਕਈ ਵਲਗਣਾਂ ਵਿਚੋਂ ਨਿਕਲਣ ਲਈ ਅਥਾਹ ਸ਼ਕਤੀ ਪ੍ਰਦਾਨ ਕਰਦਾ ਹੈ ਤੇ ਜੇਕਰ ਇਹੀ ਦੋਨੋਂ ਸੰਵਾਦ ਦੀ ਜਗ੍ਹਾ ਵਾਦ-ਵਿਵਾਦ ਵਿਚ ਪੈਣਗੇ ਤਾਂ ਬੌਧਿਕ ਸਮਰੱਥਾ ਘਟੇਗੀ ਤੇ ਜ਼ਿੰਦਗੀ ਵਿਚ ਮੁਸ਼ਕਲਾਂ ਵਧਣਗੀਆਂ। ਲੇਖਕ ਆਪਣੀ ਗੱਲ ਨੂੰ ਉਦਾਹਰਨ ਦੇ ਕੇ ਸਾਬਤ ਕਰਨ ਦਾ ਜਤਨ ਕਰਦਾ ਹੈ:

> ਮੰਨ ਲਓ ਤੁਸੀਂ ਵੇਖਦੇ ਹੋ ਕਿ ਕਈ ਸਾਲਾਂ ਤੋਂ ਗੁਦਾਮ ਵਿਚ ਕਣਕ ਗਲ ਸੜ ਰਹੀ ਹੈ। ਇਸ ਨੂੰ ਸੁਸਰੀ ਖਾ ਰਹੀ ਹੈ। ਇਹ ਪਈ-ਪਈ ਅੱਧੀ ਰਹਿ ਗਈ। ਦੂਜੇ ਬੰਨੇ ਕੋਲ ਹੀ ਅੱਧਾ ਪਿੰਡ ਭੁੱਖਾ ਸੁੱਤਾ ਹੈ। ਮਨ ਕਹਿੰਦਾ ਹੈ ਚਲੋ ਇਸ ਗੋਦਾਮ ਵਿਚੋਂ ਕਣਕ ਚੁੱਕ ਕੇ ਬੋਰੀ ਬੋਰੀ ਲੋੜਵੰਦਾਂ ਨੂੰ ਦੇ ਦੇਈਏ। ਕੁਦਰਤੀ ਤੌਰ ਤੇ ਵੇਖਿਆ ਇਹ ਗੱਲ ਗ਼ਲਤ ਵੀ ਨਹੀਂ। ਪੁਰ ਬੁੱਧੀ ਵਰਜਦੀ ਕਿ ਨਹੀਂ। ਕਾਨੂੰਨੀ ਤੌਰ ਉੱਤੇ ਇਹ ਗ਼ਲਤ ਹੈ, ਸਜ਼ਾ ਮਿਲੇਗੀ ਤੇ ਅਸੀਂ ਕੁੱਝ ਨਹੀਂ ਕਰ ਸਕਦੇ ਕਿਉਂਕਿ ਕਾਨੂੰਨ ਕਣਕ ਦੇ ਗਲ ਸੜ ਜਾਣ ਨੂੰ ਤਾਂ ਵਾਜਬ ਮੰਨ ਸਕਦਾ ਹੈ। ਪਰ ਕਿਸੇ ਭੁੱਖੇ ਇਨਸਾਨ ਦੇ ਮੂੰਹ ਵਿਚ ਪੈ ਜਾਣ ਨੂੰ ਨਹੀਂ। (ਮੰਡ ''ਜਿਊਣ ਦਾ ਸਲੀਕਾ'' 13-14)

ਸੋ ਲੋੜ ਹੈ ਚਿੰਤਕ ਬਣਨ ਦੀ, ਜੋ ਆਪਣੇ ਮਨ ਦੀ ਉਡਾਣ ਦਾ ਸਾਥ ਦਿੰਦਾ ਹੋਇਆ ਆਪਣੇ ਬਲਬੂਤੇ ਤੇ ਆਪਣੀ ਬੁੱਧੀ ਦਾ ਪਸਾਰ ਕਰਨ ਦੀ ਸਮਰੱਥਾ ਰੱਖਦਾ ਹੋਵੇ।

ਲੇਖਕ 'ਇਵੇਂ ਦੇ ਹੁੰਦੇ ਦਿਲੀ ਸੱਜਣ' ਨਿਬੰਧ ਵਿਚ ਲੋਕ ਗੀਤ ਦੀ ਉਦਾਹਰਨ ਦੇ ਕੇ ਸੱਜਣ ਦੀ ਮਹੱਤਤਾ ਸਮਝਾਉਂਦਾ ਹੈ:

ਜੱਗ ਭਾਵੇਂ ਲੱਖ ਵੱਸਦਾ

ਸਾਨੂੰ ਸੱਜਣਾ ਬਾਝ ਹਨੇਰਾ।(ਮੰਡ ''ਜਿਊਣ ਦਾ ਸਲੀਕਾ'' 18)

ਹਰ ਰਿਸ਼ਤੇ ਦੀ ਜ਼ਿੰਦਗੀ ਵਿਚ ਆਪਣੀ ਮਹੱਤਤਾ ਹੁੰਦੀ ਹੈ। ਇੱਕ ਬੱਚੇ ਦੇ ਬਚਪਨ ਵਿਚ ਉਸ ਦੀ ਮਾਂ ਦੀ ਭੂਮਿਕਾ ਸਭ ਤੋਂ ਵੱਧ ਹੁੰਦੀ ਹੈ। ਉਸ ਦੀਆਂ ਲੋਰੀਆਂ ਬੱਚੇ ਨੂੰ ਸੁਪਨਿਆਂ ਦੀ ਦੁਨੀਆ ਵਿਚ ਲੈ ਜਾਂਦੀਆਂ ਹਨ ਭਾਵ ਜਿੰਨਾ ਪਿਆਰ ਕੋਈ ਆਪਣੇ ਮਹਿਬੂਬ ਨੂੰ ਕਰ ਕੇ ਉਸ ਨਾਲ ਜੁੜੀ ਹੁੰਦੀ ਹੈ। ਬਿਲਕੁਲ ਓਵੇਂ ਹੀ ਪ੍ਰਕ੍ਰਿਤੀ ਬਹੁਤ ਕੁੱਝ ਸਿਖਾ ਦਿੰਦੀ ਹੈ।

ਲੇਖਕ ਅਨੁਸਾਰ ਇਕਾਗਰਤਾ ਵਿਚ ਮਨੁੱਖ ਦੀਆਂ ਸੁੱਤੀਆਂ ਬੌਧਿਕ ਸ਼ਕਤੀਆਂ ਨੂੰ ਜਗਾਉਂਦੀ ਹੀ ਨਹੀਂ, ਬਲਕਿ ਨਵੀਂ ਦਿਸ਼ਾ ਵੀ ਪ੍ਰਦਾਨ ਕਰਦੀ ਹੈ। ਜਦੋਂ ਇਨਸਾਨ ਦੀ ਕਲਪਨਾ ਸ਼ਕਤੀ ਜਾਗਦੀ ਹੈ, ਜੋ ਸਿਰਜਣਾ ਦੀ ਸ਼ਕਤੀ ਬਣਦੀ ਹੈ ਤਾਂ ਉਹ ਅਲੌਕਿਕ ਹੀ ਹੁੰਦੀ ਹੈ। ਲੇਖਕ ਉੱਘੇ ਲੇਖਕ ਨਾਨਕ ਸਿੰਘ ਦੇ ਹਵਾਲੇ ਨਾਲ ਤਰਕਪੂਰਨ ਢੰਗ ਨਾਲ ਇਕਾਗਰਤਾ ਦਾ ਮਹੱਤਵ ਸਮਝਾਉਂਦਾ ਹੈ:

> ਨਾਨਕ ਸਿੰਘ ਨਾਵਲਕਾਰ ਹਰ ਸਾਲ ਗਰਮੀਆਂ ਵਿਚ ਡਲਹੌਜ਼ੀ ਧਰਮਸ਼ਾਲਾ ਜਾਂਦੇ ਉੱਥੋਂ ਨਾਵਲ ਲਿਖ ਲਿਆਉਂਦੇ। ਉੱਥੇ ਉਹ ਕਮਰੇ ਵਿਚ ਬੈਠ ਕੇ ਇਕਾਗਰ-ਚਿੱਤ ਹੋ ਕੇ ਕਲਪਨਾ ਹੀ ਕਲਪਨਾ ਵਿਚ ਪੂਰੀ ਦੁਨੀਆ ਵਸਾ ਲੈਂਦੇ। ਪਿੰਡ ਵੱਸ ਜਾਂਦੇ, ਚਲਦੇ-ਫਿਰਦੇ, ਰੋਂਦੇ-ਹੱਸਦੇ ਪਾਤਰ ਉੱਸਰ ਜਾਂਦੇ। ਜ਼ਰਾ ਸੋਚੋ ਹਰ ਪਾਤਰ ਵਿਚ ਆਪ ਜਿਊਣ ਲਈ ਕਿੰਨੀ ਇਕਾਗਰਤਾ ਦਾ ਆਲਮ ਹੋਵੇਗਾ। (ਮੰਡ ''ਜਿਊਣ ਦਾ ਸਲੀਕਾ'' 39)

> ਸ਼ਾਹਿਰ ਲੁਧਿਆਣਵੀ ਨੂੰ ਪ੍ਰਸ਼ਨ ਕੀਤਾ ਗਿਆ ਕਿ ਤੁਸੀਂ ਕਦੀ ਆਸ਼ਕ ਕਦੀ ਮਾਸ਼ੂਕ ਕਦੀ ਕੁੱਝ, ਤੇ ਕੁੱਝ ਬਣ ਕੇ, ਜਦ ਗੀਤ ਲਿਖਦੇ ਹੋ ਤਾਂ ਉਸੇ ਸਥਿਤੀ ਵਿਚਲੇ ਮਨੁੱਖ ਦੇ ਭਾਵਾਂ ਵਿਚ ਕਿਵੇਂ ਖ਼ੁਦ ਨੂੰ ਢਾਲ ਲੈਂਦੇ ਹੋ? ਉਹ ਕਹਿੰਦਾ ਹੈ ਇਕਾਗਰਤ ਚਿੱਤ ਹੋ ਕੇ, ਮੈਂ ਕਮਰੇ ਵਿਚ ਬੈਠਾ-ਬੈਠਾ ਕਲਪਨਾ ਹੀ ਕਲਪਨਾ ਵਿਚ ਮਨ ਇਕਾਗਰ ਕਰ ਕੇ ਉਹੋ ਪਾਤਰ ਬਣ ਜਾਂਦਾ ਹਾਂ ਤੇ ਫਿਰ ਉਸ ਕਿਰਦਾਰ ਦੇ ਜਜ਼ਬੇ ਮੇਰੀ ਕਲਮ ਥਾਣੀ ਕਾਗ਼ਜ਼ ਉੱਤੇ ਵਹਿ ਤੁਰਦੇ ਹਨ। (ਮੰਡ ''ਜਿਊਣ ਦਾ ਸਲੀਕਾ'' 39)

ਲੇਖਕ ਇਸ ਨਿਬੰਧ ਵਿਚ ਲੇਖਕਾਂ ਦੇ ਹਵਾਲੇ ਦੇ ਕੇ ਇਹੀ ਸਮਝਾਉਣ ਦਾ ਜਤਨ ਕਰਦਾ ਹੈ ਕਿ ਹੁਣ ਤੱਕ ਜਿੰਨੀਆਂ ਵੀ ਖੋਜਾਂ ਹੋਈਆਂ ਹਨ, ਸਭ ਵਿਚ ਇਕਾਗਰ ਮਨ ਲੋਕਾਂ ਦੀ ਹੀ ਦੇਣ ਹਨ ਭਾਵ ਵੱਡੇ-ਵੱਡੇ ਲੇਖਕਾਂ ਦੇ ਮਹਾਨ ਬਣਨ ਪਿੱਛੇ ਵੀ ਇਕਾਗਰਤਾ ਇੱਕ ਪੌੜੀ ਬਣਦੀ ਹੈ।

ਲੇਖਕ 'ਕਾਮ ਦੀ ਹੁਸੀਨ ਦੁਨੀਆਂ' ਨਿਬੰਧ ਵਿਚ ਮਨੁੱਖ ਨੂੰ ਸਮਝਾਉਂਦਾ ਕਹਿੰਦਾ ਹੈ ਕਿ ਕਾਮ ਸੰਬੰਧ ਤੋਂ ਭਾਵ ਇਹ ਨਹੀਂ ਕਿ ਮਰਦ ਤੇ ਔਰਤ ਦੇ ਸਰੀਰਕ ਮਿਲਣ ਹੀ ਹੈ। ਇਸ ਦੀਆਂ ਹੋਰ ਵੀ ਦਿਸ਼ਾਵਾਂ ਅਤੇ ਪਰਤਾਂ ਹਨ, ਬੱਸ ਮਨੁੱਖ ਵਿਚ ਸਮੇਂ ਅਤੇ ਸਥਾਨ ਦੀ ਸੂਝ-ਬੂਝ ਹੋਣੀ ਲਾਜ਼ਮੀ ਹੈ:

> ਸੂਫ਼ੀ ਕਵੀਆਂ ਨੇ ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਦੀ ਪਹਿਲੀ ਪੌੜੀ ਮੰਨਿਆ ਹੈ। ਗੁਰਬਾਣੀ ਵਿਚ ਆਤਮਾ ਪਰਮਾਤਮਾ ਮਿਲਾਪ ਲਈ ਔਰਤ ਮਰਦ ਮਿਲਣ ਦਾ ਪ੍ਰਤੀਕ ਵਰਤਿਆ ਗਿਆ ਹੈ। ਸਭ ਧਰਮਾਂ ਦੇ ਆਗੂਆਂ ਨੇ ਕਾਮ ਦੇ ਜਜ਼ਬੇ ਦੀ ਕਦਰ ਕੀਤੀ ਤੇ ਖ਼ੁਦ ਇਸ ਜਜ਼ਬੇ ਨੂੰ ਮਾਣ ਕੇ ਸੰਸਾਰਿਕਤਾ ਨੂੰ ਪ੍ਰਣਾਮ ਕੀਤੀ ਹੈ। (ਮੰਡ ''ਜਿਊਣ ਦਾ ਸਲੀਕਾ'' 75)

ਮਨ ਵਿਚ ਪਿਆਰ ਅਤੇ ਮੁਹੱਬਤ ਹੋਣੀ ਜ਼ਰੂਰੀ ਹੈ, ਇਹ ਤਾਂ ਇੱਕ ਮੁਹੱਬਤ ਦੀ ਗਹਿਰਾਈ ਦੇ ਦਰਸ਼ਨ ਕਰਨ ਵਾਂਗ ਹੈ:

> ਇਸ ਜੱਗ ਜ਼ਾਹਿਰ ਅਦੁੱਤੀ ਜਜ਼ਬੇ ਵੱਲ ਕੋਰੀ ਅੱਖ ਨਾਲ ਵੇਖਣ ਦੀ ਬਜਾਏ, ਇਸ ਦੁਨਿਆਵੀ ਅਨੰਦ ਮੇਲੇ ਦੇ ਸੋਮੇ ਨੂੰ ਡੂੰਘੀ ਆਈ ਨਾਲ ਜਾਣਨ ਸ਼ਿੰਗਾਰਨ ਸੰਵਾਰਨ ਵੱਲ ਗ਼ੌਰ ਕੀਤਾ ਜਾਵੇ। (ਮੰਡ ''ਜਿਊਣ ਦਾ ਸਲੀਕਾ'' 77)

**ਵਿਅਕਤੀਗਤ ਅਨੁਭਵ:-**

> ਪੰਜਾਬੀ ਕੋਸ਼ ਅਨੁਸਾਰ ਅਨੁਭਵ ਤੋਂ ਭਾਵ: ਤਜਰਬਾ ਹੋਣ ਦਾ ਭਾਵ; ਮਹਿਸੂਸ ਕਰਨ ਦਾ ਭਾਵ, ਪ੍ਰਤੀਤ (ਜੋਗਾ ਸਿੰਘ, "ਪੰਜਾਬੀ ਪੀਡੀਆ" )

ਲੇਖਕ 'ਮਸਤ ਮਲੰਗੀ ਦੇ ਅਜਬ ਨਜਾਰੇ' ਨਿਬੰਧ ਵਿਚ ਆਪਣੇ ਅਨੁਭਵ ਸਾਂਝੇ ਕਰਦਾ ਲਿਖਦਾ ਹੈ ਕਿ ਸ਼ਹੀਦ ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ ਨੂੰ ਜਦੋਂ ਮਿਲਣ ਦਾ ਮੌਕਾ ਮਿਲਿਆ ਤਾਂ ਉਹ ਹੈਰਾਨ ਸੀ ਵੀ 27,28 ਵਰ੍ਹੇ ਦਾ ਸਮਾਂ ਜੇਲ੍ਹ ਵਿਚ ਰਹਿ ਕੇ ਵੀ ਉਹ ਇਨਸਾਨ ਖੁਸ਼ ਮਿਜ਼ਾਜ ਤੇ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਉਨ੍ਹਾਂ ਦਾ ਗੜ੍ਹਕਾ ਸੀ। ਜਦੋਂ ਲੇਖਕ ਨੇ ਉਨ੍ਹਾਂ ਨੂੰ ਸਵਾਲ ਕੀਤਾ ਵੀ ਪੰਡਿਤ ਜੀ ਤੁਸੀਂ ਇੰਨੇ ਸਾਲ ਇਕੱਲਿਆਂ ਜੇਲ੍ਹ ਕਿਵੇਂ ਝੱਲੀ, ਤਾਂ ਉਨ੍ਹਾਂ ਨੇ ਕਿਹਾ:

> ਆਪਣੇ ਲੋਕਾਂ ਨਾਲ ਬੇਪਨਾਹ ਮੁਹੱਬਤ ਅਤੇ ਦੇਸ਼ ਦੀ ਆਜ਼ਾਦੀ ਦੇ ਮਹਾਨ ਸੁਪਨੇ ਦੇ ਸਹਾਰੇ ਇਕੱਲਾ ਥੋੜ੍ਹਾ ਸਾਂ। ਚਿੜੀਆਂ ਤੇ ਕਾਂ ਸਨ, ਉੱਥੇ ਮੇਰੇ ਦੋਸਤ।ਉਨ੍ਹਾਂ ਨਾਲ ਗੱਲਾਂ ਬਾਤਾਂ ਮਾਰੀ ਦੀਆਂ ਸੀ।ਮਜ਼ੇ ਨਾਲ ਪੜ੍ਹੀਦਾ ਸੀ। ਫ਼ਿਕਰ ਕੀਤਿਆਂ, ਥੋੜ੍ਹਾ ਇਹੋ ਜਿਹੇ ਸਮੇਂ ਲੰਘਦੇ ਆ?(ਮੰਡ ''ਜਿਊਣ ਦਾ ਸਲੀਕਾ'' 64-65)

ਜੇਕਰ ਬੰਦਾ ਜ਼ਿੰਦਗੀ ਨੂੰ ਅਸਲ ਵਿਚ ਜਿਊਣਾ ਸਿੱਖ ਲਵੇ, ਹਰ ਚੀਜ਼ ਹਰ ਸ਼ੈਅ ਵਿਚ ਖ਼ੁਸ਼ੀ ਤਲਾਸ਼ਣ ਲੱਗ ਜਾਵੇ ਤਾਂ ਜ਼ਿੰਦਗੀ ਵਿਚ ਆਏ ਬਦਲਾਵ, ਉਸ ਉੱਤੇ ਬਹੁਤਾ ਅਸਰ ਨਹੀਂ ਪਾਉਂਦੇ। ਭਾਵ ਜਿਵੇਂ-ਜਿਵੇਂ ਮਨੁੱਖ ਇਹਨਾਂ ਸਮਾਜਿਕ ਉਲਝਣਾਂ ਵਿਚ ਆਪਣੇ ਆਪ ਨੂੰ ਉਲਝਾਉਂਦਾ ਹੈ, ਓਵੇਂ-ਓਵੇਂ ਹੀ ਉਹ ਇੱਕ ਵਿਸ਼ੇਸ਼ ਜੀਵਨ ਸੋਚ ਰੱਖਣ ਦੀ ਬਜਾਏ, ਆਪਣੇ ਜੀਵਨ ਨੂੰ ਨਿਰਾਸ਼ਤਾ ਵੱਲ ਲੈ ਤੁਰਦਾ ਹੈ। ਕੰਮ ਚਾਹੇ ਕੋਈ ਵੀ ਹੋਵੇ। ਲੇਖਕ ਅਨੁਸਾਰ ਮਸਤ ਮਲੰਗੀ ਹਰ ਹਾਲਤ ਵਿਚ ਸਾਵਾਂ ਪਨ ਬਣਾ ਕੇ ਰੱਖਣ ਦੀ ਜੁਗਤ ਹੀ, ਅਸਲੀ ਜੀਵਨ ਜੁਗਤ ਹੈ।

'ਮਾਪਿਆਂ ਅਤੇ ਬੱਚਿਆਂ ਦੇ ਸੰਬੰਧ' ਨਿਬੰਧ ਵਿਚ ਲੇਖਕ ਦੱਸਦਾ ਹੈ ਕਿ ਮਾਪਿਆਂ ਤੇ ਬੱਚਿਆਂ ਦੇ ਵਿਚ ਪਿਆਰ ਅਤੇ ਅਪਣਾ ਪਨ ਨਿੱਘੇ ਰਿਸ਼ਤਿਆਂ ਨੂੰ ਵਧੇਰੇ ਮਜ਼ਬੂਤ ਬਣਾਉਣ ਵਿਚ ਸਹਾਈ ਹੁੰਦੇ ਹਨ। ਉਨ੍ਹਾਂ ਨੂੰ ਪਰਿਵਾਰ ਤੇ ਆਪਣੀਆਂ ਸਭਿਆਚਾਰਕ ਤੰਦਾਂ ਨਾਲ ਜੋੜੇ ਰੱਖਣ ਲਈ, ਉਨ੍ਹਾਂ ਦਾ ਬਣਦਾ ਸਮਾਂ ਉਨ੍ਹਾਂ ਮਾਪਿਆਂ ਵੱਲੋਂ ਦਿੱਤਾ ਜਾਣਾ ਬਹੁਤ ਜ਼ਰੂਰੀ ਹੈ ਕਿਉਂਕਿ ਬੱਚਿਆਂ ਵਿਚ ਨੈਤਿਕ ਕਦਰਾਂ-ਕੀਮਤਾਂ ਦੀ ਨੀਂਹ ਉਨ੍ਹਾਂ ਦੇ ਮਾਪਿਆਂ ਵੱਲੋਂ ਹੀ ਉਸਾਰੀ ਜਾ ਸਕਦੀ ਹੈ ਤੇ ਇਹ ਪੱਕੀਆਂ ਕੀਤੀਆਂ ਨੀਂਹਾਂ ਉਨ੍ਹਾਂ ਨੂੰ, ਉਨ੍ਹਾਂ ਦੇ ਆਉਣ ਵਾਲੇ ਭਵਿੱਖ ਲਈ ਸਹੀ ਫ਼ੈਸਲੇ ਲੈਣ ਵਿਚ ਵੀ ਸਹਾਈ ਹੁੰਦੀਆਂ ਹਨ। ਲੇਖਕ 'ਮਾਪਿਆਂ ਅਤੇ ਬੱਚਿਆਂ ਦੇ ਸੰਬੰਧ' ਨਿਬੰਧ ਵਿਚ ਆਪਣੇ ਮਿੱਤਰ ਕਲੇਰ ਪਰਿਵਾਰ ਹੋਏ ਅਨੁਭਵ ਨੂੰ ਬਿਆਨ ਦਾ ਹੈ:

> ਇੱਕ ਮੇਰਾ ਮਿੱਤਰ ਕਲੇਰ ਪਰਿਵਾਰ ਹੈ। ਬੱਚੇ ਮੇਰੇ ਕੋਲ ਹੀ ਪੜੇ ਹਨ। ਉਨ੍ਹਾਂ ਦੇ ਬੇਟੇ ਦੇ ਰਿਸ਼ਤੇ ਬਾਰੇ ਜਦ ਮੈਂ ਮੁੰਡੇ ਦੀ ਮਾਂ ਨੂੰ ਪੁੱਛਿਆਂ ਤਾਂ ਕਹਿਣ ਲੱਗੇ, ਇੱਕ ਕੁੜੀ ਵੇਖੀ ਸੀ। ਵੇਖਣ ਬਾਅਦ ਬੇਟਾ ਕਹਿੰਦਾ, ''ਮੰਮੀ ਕੁੜੀ ਤਾਂ ਠੀਕ ਹੀ ਲੱਗੀ, ਮੈਨੂੰ, ਪਰ ਵਿਆਹ ਕਰਾਉਣ ਦੀ ਹੱਦ ਤੱਕ ਪਸੰਦ ਆ ਜਾਵੇ ਤਾਂ ਕੀ ਹੁੰਦਾ?" ''ਪੁੱਤ, ਕੁੱਝ ਹੋ ਜਾਂਦਾ ਹੈ, ਕੁਛ, ਕੁਛ।" ''ਅੱਛਾ ਮੰਮੀ, ਫਿਰ ਅਜੇ ਨਹੀਂ ਜੋ ਇਸ ਤਰ੍ਹਾਂ ਹੋਇਆਂ"। (ਮੰਡ ''ਜਿਊਣ ਦਾ ਸਲੀਕਾ'' 36)

ਆਪਣੇ ਬੱਚਿਆਂ ਵਿਚ ਨੈਤਿਕ ਕਦਰਾਂ-ਕੀਮਤਾਂ ਦੀ ਉਸਾਰੀ ਕਰੋ ਤਾਂ ਜੋ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰੀਆਂ ਜਾਣ। ਆਪਣੇ ਬੱਚਿਆਂ ਨੂੰ ਦੂਸਰਿਆਂ ਦੇ ਜਜ਼ਬਾਤਾਂ ਦੀ ਇੱਜ਼ਤ ਤੇ ਕਦਰ ਕਰਨ ਦੀ ਸਿੱਖਿਆ ਦਿਓ, ਕਿਉਂਕਿ ਇਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਹਨ।

ਇੱਕ ਮਨੁੱਖ ਦਾ ਅਸਲੀ ਜਾਮਾ ਉਸ ਦੇ ਵਿਚਾਰ ਹਨ, ਜੇਕਰ ਉਹਦੇ ਵਿਚਾਰ ਸੋਹਣੇ ਹਨ ਤਾਂ ਇਹ ਫ਼ਰਕ ਨਹੀਂ ਪੈਂਦਾ ਕਿ ਉਹ ਛੋਟੇ ਕਸਬੇ ਵਿਚ ਰਹਿੰਦਾ ਹੈ ਜਾ ਕਿਸੇ ਵੱਡੇ ਸ਼ਹਿਰ ਵਿਚ ਅਸਲ ਵਿਚ ਇਨਸਾਨ ਦੇ ਵਿਕਾਸ ਦਾ ਅਸਲੀ ਅਰਥ, ਉਸ ਦੇ ਵਿਚਾਰਾਂ ਦਾ ਵਿਕਾਸ ਹੋਣਾ ਹੈ। ਲੇਖਕ 'ਵਿਚਾਰਾਂ ਦੀ ਤਾਕਤ ਪਛਾਣੀਏ' ਨਿਬੰਧ ਵਿਚ ਆਪਣੇ ਅਨੁਭਵ ਨੂੰ ਪੇਸ਼ ਕਰਦਾ ਲਿਖਦਾ ਹੈ:

> ਪਿਛਲੇ ਦਿਨੀਂ ਇੱਕ ਬੰਦੇ ਨਾਲ, ਜੋ ਆਪਣੇ ਬਾਬੇ ਨਾਨਕ ਜੀ ਦੇ ਸਹੁਰਿਆਂ ਦੇ ਪਿੰਡੋਂ ਸੀ, ਬੈਠਣ ਦਾ ਸਬੱਬ ਬਣਿਆ। ਉਹ ਕਹਿੰਦਾ, ''ਤੁਸੀਂ ਏਨੇ ਜ਼ਿਆਦਾ ਪੜ੍ਹ ਲਿਖ ਕੇ ਇੱਕ ਛੋਟੇ ਜਿਹੇ ਕਸਬੇ ਵਿਚ ਕਿਉਂ ਸੈਟਲ ਹੋ ਗਏ"? ਮੈਂ ਆਖਿਆ, ''ਭਰਾ ਜੀ, ਜੇ ਸਾਡਾ ਸਭ ਤੋਂ ਵੱਧ ਪੜ੍ਹਿਆ, ਲਿਖਿਆ, ਗੁੜ੍ਹਿਆ, ਫਿਰਿਆ, ਤੁਰਿਆ ਅਤੇ ਸਿਆਣਾ ਬੰਦਾ ਬਾਬਾ ਨਾਨਕ, ਅਖੀਰੀ ਇੱਕ ਪਿੰਡ ਕਰਤਾਰਪੁਰ ਵਿਚ ਸੈਟਲ ਹੋ ਸਕਦਾ ਹੈ ਤਾਂ ਸਾਨੂੰ ਕੀ ਮੁਸ਼ਕਲ ਹੈ? (ਮੰਡ ''ਜਿਊਣ ਦਾ ਸਲੀਕਾ'' 43-44)

ਇਹ ਨਹੀਂ ਕਿ ਤੁਹਾਡੇ ਸਰੀਰ ਸ਼ਹਿਰ ਵਿਚ ਵੱਸਦਾ ਹੋਵੇ ਜਾਂ ਕਿਸੇ ਛੋਟੇ ਜਿਹੇ ਕਸਬੇ ਵਿਚ। ਲੋੜ ਇਸ ਗੱਲ ਦੀ ਹੈ ਕਿ ਤੁਹਾਡੇ ਵਿਚਾਰ ਵਧੀਆ ਸੋਚਣੀ ਦੇ ਮਾਲਕ ਹੋਣ।

**ਭਾਵਾਂ, ਵਿਚਾਰਾਂ ਅਤੇ ਕਲਪਨਾ ਦਾ ਸੁਮੇਲ:-** ਵਿਚਾਰਾਂ ਨੂੰ ਭਾਵਾਂ ਅਤੇ ਕਲਪਨਾ ਦੇ ਰੰਗ ਚਾੜ੍ਹ ਕੇ, ਰੋਚਿਕ, ਲਾਭਦਾਇਕ, ਪ੍ਰੇਰਨਾਦਾਇਕ ਅਤੇ ਸਿਰਜਣਾਤਮਕ ਨਿਬੰਧ ਰੂਪੀ ਇਮਾਰਤ ਸਿਰਜਣ ਲਈ ਕਲਾਤਮਕ

ਅਭਿਵਿਅਕਤ ਦੀ ਸਹਾਇਤਾ ਲੈਣ ਵਾਲੇ ਨਿਬੰਧਕਾਰ ਸਫਲ ਅਖਵਾਉਂਦੇ ਹਨ। ਜੋ ਵਿਚਾਰਾਂ ਨੂੰ ਬੁੱਧੀ ਤੇ ਮਨ ਭਾਵਾਂ ਦੀ ਚਾਸ਼ਨੀ ਵਿਚ ਡੋਬ ਕੇ ਪੇਸ਼ ਕਰਦਾ ਹੈ।

ਲੇਖਕ ਦੀ ਰਚਨਾ ਵਿਚ ਭਾਵਾਂ, ਵਿਚਾਰਾਂ ਅਤੇ ਕਲਪਨਾ ਦਾ ਸੁਮੇਲ ਬਾਖ਼ੂਬੀ ਦੇਖਿਆ ਜਾ ਸਕਦਾ ਹੈ। ਕਿਸੇ ਵੀ ਨਿਬੰਧ ਦੀ ਰਚਨਾ ਵਿਚ ਇਹਨਾਂ ਤਿੰਨਾਂ ਦਾ ਮੇਲ ਸੋਨੇ ਤੇ ਸੁਹਾਗੇ ਵਾਲਾ ਕੰਮ ਕਰਦਾ ਹੈ। ਕਿਉਂਕਿ ਜਿੰਨੀ ਦੇਰ ਕਿਸੇ ਰਚਨਾ ਵਿਚ ਮਨੁੱਖ ਦੇ ਅੰਦਰੋਂ ਉਮਡਦੇ ਭਾਵਾਂ ਦਾ ਵਰਤਾਰਾ ਤੇ ਵਿਚਾਰਾਂ ਦਾ ਪ੍ਰਵਾਹ ਨਹੀਂ ਹੋਵੇਗਾ, ਓਨੀ ਉਸਦੀ ਰਚਨਾ ਨੀਰਸ ਮੰਨੀ ਜਾਵੇਗੀ। ਰਚਨਾ ਨੂੰ ਨੀਰਸਤਾ ਤੋਂ ਬਚਾਉਣ ਲਈ ਉਹਦੇ ਵਿਚ ਕਲਪਨਾ ਦੇ ਕੁੱਝ ਕੁ ਅੰਸ਼ ਪਾ ਕੇ ਉਸ ਨੂੰ ਰਸ ਭਰਪੂਰ ਬਣਾਇਆ ਜਾਂਦਾ ਹੈ। ਡਾ. ਸੁਰਿੰਦਰਪਾਲ ਸਿੰਘ ਮੰਡ ਦੇ ਨਿਬੰਧਾਂ ਵਿਚ ਇਹ ਤਿੰਨੋਂ ਮੌਜੂਦ ਹਨ। 'ਪੜ੍ਹਨ ਦੇ ਸ਼ੌਕ ਵਰਦਾਨ' ਨਿਬੰਧ ਵਿਚ ਲੇਖਕ ਨੇ ਪੜ੍ਹਾਈ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਲਿਖਿਆ ਹੈ:

> ਪੜ੍ਹਨਾ ਕਿਤੇ ਇਕੱਲਾ ਪੁਸਤਕਾਂ ਨੂੰ ਈ ਤਾਂ ਨਹੀਂ।ਪੁਸਤਕਾਂ ਦੇ ਤਾਂ ਰੂਪ ਹੀ ਬਹੁਤ ਨੇ। ਕੁਦਰਤੀ /ਪ੍ਰਕਿਰਤੀ ਦੇ ਰੂਪ ਵਿਚ ਬੜੀ ਪਿਆਰੀ ਮਹਾਨ ਕਿਤਾਬ ਸਾਡੇ ਸਾਰਿਆਂ ਦੇ ਸਾਹਮਣੇ ਖੁੱਲ੍ਹੀ ਪਈ ਹੈ। ਆਪ ਹੀ ਆਪਣੇ ਵਰਕੇ ਥੱਲ-ਥੱਲ ਸਾਨੂੰ ਵਿਖਾਉਂਦੀ ਹੈ, ਪਰ ਉਹਨੂੰ ਵੇਖਣ ਵਾਲੀ ਅੱਖ ਖੋਲ੍ਹਣ ਲਈ ਉਸ ਦਾ ਭਾਗ ਬਣਨਾ ਪੈਂਦਾ ਆਪਣਾ ਹੋ ਜਾਣ ਵਾਲੇ ਨੂੰ ਪ੍ਰਕਿਰਤੀ ਮਹਿਬੂਬ ਵਾਂਗ ਆਪਣੇ ਨਾਲ ਜੋੜਦੀ ਹੈ। ਇਸ ਵਿਚੋਂ ਪੈਦਾ ਹੋਈ ਕਣੀ ਨਾਲ ਅੰਦਰੋਂ ਮਨੁੱਖਤਾ ਪ੍ਰਗਟ ਹੁੰਦੀ ਹੈ। ਬ੍ਰਹਿਮੰਡ ਨਾਲ ਅਭੇਦਤਾ ਜਾਪਦੀ, ਜੀਵਨ ਮੌਤ ਦੇ ਰਹੱਸ ਖੁੱਲ੍ਹਦੇ ਅਤੇ ਜੀਵਨ ਢੰਗ ਵਿਚ ਸਹਿਜਤਾ ਆਉਂਦੀ ਹੈ। (ਮੰਡ ''ਜਿਊਣ ਦਾ ਸਲੀਕਾ'' 10)

ਕੁਦਰਤ ਨੇ ਮਨੁੱਖ ਦੇ ਸਾਹਮਣੇ ਇੰਨੀ ਵੱਡੀ ਕਿਤਾਬ ਖੋਲੀ ਪਈ ਹੈ, ਜੇਕਰ ਮਨੁੱਖ ਚਾਹੇ ਤਾਂ ਬਹੁਤ ਸਾਰਾ ਗਿਆਨ ਉਹ ਹਾਸਿਲ ਕਰ ਸਕਦਾ ਹੈ। ਜ਼ਿੰਦਗੀ ਵਿਚ ਨਿਰਾਸ਼ਤਾ ਨੂੰ ਦੂਰ ਕਰ ਕੇ ਜ਼ਿੰਦਗੀ ਨੂੰ ਮਾਣਨਾ ਸੁਰੂ ਕਰ ਸਕਦਾ ਹੈ। ਉਸ ਸੁੱਤੀ ਅੱਖ ਨੂੰ ਜਗਾਉਣ ਦੀ ਜ਼ਰੂਰਤ ਹੈ।

ਦਿਲੀ ਸੱਜਣ ਜਾਂ ਮ੍ਰਿਤ, ਜਿਸ ਨਾਲ ਮਨੁੱਖ ਦੀ ਦਿਲੋਂ ਸਾਂਝ ਹੁੰਦੀ ਹੈ। ਜਿਹਦੇ ਦੁੱਖ ਵਿਚ ਦੁੱਖ ਤੇ ਸੁੱਖ ਵਿਚ ਮਨੁੱਖ ਸੁੱਖ ਮਹਿਸੂਸਦਾ ਹੈ:

> ਮ੍ਰਿਤ ਦੇ ਸੰਸਕ੍ਰਿਤ ਸ਼ਬਦ ਹਨ, ਸੰਗੀ, ਸਾਥੀ ਤੇ ਸੰਬੰਧੀ। ਫ਼ਾਰਸੀ ਵਿਚ ਦੋਸਤ ਦੋ ਜੁੜੇ ਹੋਏ ਸਰੀਰਾਂ ਤੇ ਉਨ੍ਹਾਂ ਦੀ ਜਾਨਾਂ ਨੂੰ ਕਹਿੰਦੇ ਹਨ। ਗੁਰਮਤਿ ਵਿਚ ਮ੍ਰਿਤ, ਸਖਾ, ਸੁਆਮੀ, ਮੀਤ ਲਈ ਵੱਡਾ ਸਤਿਕਾਰ ਹੈ। ਮ੍ਰਿਤ ਹੀ ਹਰੀ ਦਾ ਰੂਪ ਹੈ।ਸਖਾ ਤੇ ਮੀਤ ਹੈ।(ਕੋਮਲ ''ਚੋਣਵੇਂ ਪੰਜਾਬੀ ਨਿਬੰਧ'' 101)

ਲੇਖਕ ਨੇ 'ਇਵੇਂ ਦੇ ਹੁੰਦੇ ਦਿਲੀ ਸੱਜਣ' ਨਿਬੰਧ ਵਿਚ ਵੀ ਇਹ ਭਾਵਾਂ ਨੂੰ ਬੜੇ ਸੋਹਣੇ ਵਿਚਾਰਾਂ ਰਾਹੀਂ ਪੇਸ਼ ਕੀਤਾ ਹੈ:

> ਬਹੁਤੇ ਲੋਕਾਂ ਨੇ ਸਾਡੀ ਸ਼ਖ਼ਸੀਅਤ ਦੀ ਕਿਤਾਬ ਦੇ ਕੇਵਲ ਜਿਲਦ ਦੇ ਹੀ ਦਰਸ਼ਨ ਕੀਤੇ ਹੁੰਦੇ ਹਨ ਜਾਂ ਥੋੜ੍ਹੇ ਬਹੁਤੇ ਅੰਦਰੋਂ ਉਹੀ ਵਰਕੇ ਵੇਖੇ ਹੁੰਦੇ ਹਨ, ਜਿਹੜੇ ਅਸਾਂ ਉਨ੍ਹਾਂ ਨੂੰ ਆਪ ਵਿਖਾਏ ਹੁੰਦੇ ਹਨ, ਪ੍ਰੰਤੂ ਸਭ ਤੋਂ ਵੱਧ ਵਿਚੋਂ ਸਾਡੇ ਸਜਣਾ ਨੇ ਸਾਨੂੰ ਪੜ੍ਹਿਆ ਵੇਖਿਆ ਹੁੰਦਾ ਹੈ। (ਮੰਡ ''ਜਿਊਣ ਦਾ ਸਲੀਕਾ'' 17)

ਕਿਸੇ ਨੇ ਬਹੁਤ ਸੋਹਣਾ ਕਿਹਾ ਹੈ, ਕਿ ਮੈਂ ਇੱਕ ਦਿਨ ਦੋਸਤ ਦੇ ਘਰ ਗਿਆ ਤੇ ਦਰਵਾਜ਼ੇ ਤੇ ਲਿਖਿਆ ਸੀ ਅੰਦਰ ਆਉਣਾ ਮਨਾ ਹੈ, ਮੈਂ ਬਹੁਤ ਉਦਾਸ ਹਾਂ ਤੇ ਦੋਸਤ ਅੰਦਰ ਆ ਗਿਆ ਤੇ ਕਹਿੰਦਾ ਮੈਨੂੰ ਪੜ੍ਹਨਾ ਨਹੀਂ

ਆਉਂਦਾ। ਭਾਵ ਦੋਸਤੀ ਦਿਲੀ ਸੱਜਣ ਵਾਲੀ ਸਾਂਝ ਕੇਵਲ ਦੁਨੀਆਦਾਰੀ ਦਿਖਾਵੇ ਲਈ ਨਹੀਂ ਹੋਣਾ ਚਾਹੀਦੀ, ਇਹ ਤਾਂ ਦੋ ਦਿਲਾਂ ਦੋ ਰੂਹਾਂ ਦੇ ਮਿਲਾਪ ਵਾਲੀ ਗੱਲ ਹੁੰਦੀ ਹੈ ਤੇ ਇਹ ਸੱਜਣ ਮਨੁੱਖੀ ਜੀਵਨ ਦੀ ਬਗੀਚੀ ਦਾ ਖੇੜਾ ਹੁੰਦੇ ਹੇ ਤੇ ਖ਼ੁਦ ਮਰਜ਼ੀ ਨਾਲ ਚੁਣੀ, ਇਸ ਬਗੀਚੀ ਦਾ ਖੇੜਾ ਬਰ ਕਾਰ ਰੱਖਣ ਲਈ ਯਤਨ ਵੀ ਅੰਦਰੋਂ ਕਰਨੇ ਲੋੜੀਂਦੇ ਹਨ:

> ਜੀਤ ਸਿੰਘ ਸੀਤਲ ਅਨੁਸਾਰ: ਇਹ ਮਿਤ੍ਰ ਪਿਆਰੇ ਹੀ ਹਨ, ਜਿਨ੍ਹਾਂ ਮਿਲਿਆਂ ਜ਼ਿੰਦਗੀ ਮੌਤ ਦਾ ਭੇਦ ਜਾਂ ਅੰਤਰ ਮਿਟ ਜਾਂਦਾ ਹੈ, ਅਤੇ ਮਿੱਟੀ ਦੇ ਬਾਵੇ ਵਿਚ ਜਾਨ ਪੈ ਜਾਂਦੀ ਹੈ। ਉਨ੍ਹਾਂ ਦੀ ਲਿਆਂਦੀ ਬਹਾਰ ਸਦਕਾ ਜੀਵਨ ਬਾਗ ਨੇ ਕਦੀ ਮੌਤ ਦੀ ਪਤਝੜ ਨਹੀਂ ਵੇਖਣੀ, ਬੇਸ਼ੱਕ ਅਜਿਹੇ ਸੱਜਣ ਪਿਆਰਿਆਂ ਨਾਲ ਮਿਲਣ ਨੂੰ ਜੀ ਲੋਚਦਾ ਹੈ, ਨੈਣ ਸਦਾ ਤਰਸਦੇ ਹਨ ਤੇ ਬਾਂਹਾਂ ਨਿੱਤ ਅੰਗੜਾਈਆਂ ਲੈਂਦੀਆਂ ਹਨ। (ਕੋਮਲ ''ਚੋਣਵੇਂ ਪੰਜਾਬੀ ਨਿਬੰਧ''106)

'ਵਿਚਾਰਾਂ ਦੀ ਤਾਕਤ ਪਛਾਣੀਏ' ਨਿਬੰਧ ਵਿਚ ਵੀ ਲੇਖਕ ਨੇ ਇਹ ਭਾਵ, ਵਿਚਾਰ ਪੇਸ਼ ਕੀਤੇ ਹਨ ਕਿ ਮਨੁੱਖ ਨੂੰ ਪ੍ਰਮਾਤਮਾ ਨੇ ਬੇ-ਕਮਾਲ ਬੁੱਧੀ ਦੀ ਬਖਸ਼ਿਸ਼ ਕੀਤੀ ਹੈ:

> ਮਨੁੱਖ ਨੂੰ ਅਸਧਾਰਨ ਬੁੱਧੀ ਕਮਾਲ ਦਾ ਅਸੀਮ ਮਨ ਅਤੇ ਭਾਵਨਾਵਾਂ ਦੇ ਵਹਿੰਦੇ ਦਰਿਆ ਮਿਲੇ। ਇਸ ਦੇ ਹੱਥ ਹੋਰਨਾਂ ਨੂੰ ਪਕੜਨ ਅਤੇ ਵਿਉਂਤਣ ਦੇ ਸਭ ਨਾਲੋਂ ਵੱਧ ਸਮਰੱਥ ਹਨ। ਮੂੰਹ ਵਿਚਲੇ ਬੋਲਣ ਅੰਗ ਕਲਾ ਸੰਪੂਰਨ ਹਨ। ਉੱਤੋਂ ਭਾਸ਼ਾ ਅਤੇ ਲਿਪੀ ਅੱਖਰਾਂ ਦੀ ਕਾਢ ਨੇ ਸਾਡੀ ਵਿਚਾਰਸ਼ੀਲਤਾ ਨੂੰ ਖੰਭ ਲਾ ਕੇ, ਬਾਕੀਆਂ ਨਾਲੋਂ ਉਤਾਂਹ ਅਤੇ ਦੂਰ ਪਾਰ ਨਿਕਲ ਜਾਣ ਵਿਚ ਸਹਾਇਤਾ ਕੀਤੀ ਹੈ। ਵਿਚਾਰ ਵਟਾਂਦਰਾ ਕਰਨ ਦੇ ਤਾਂ ਹਰ ਕੋਈ ਕਾਬਲ ਹੈ, ਪਰ ਵਿਚਾਰਵਾਨ ਅਤੇ ਚਿੰਤਨਸ਼ੀਲ ਕੋਈ ਕੋਈ ਹੁੰਦਾ ਹੈ। (ਮੰਡ ''ਜਿਊਣ ਦਾ ਸਲੀਕਾ'' 42)

ਜੇਕਰ ਹਰ ਮਨੁੱਖ ਮਨ ਵਿਚ ਪੈਦਾ ਹੁੰਦੇ ਵਿਚਾਰਾਂ ਨੂੰ ਸਹੀ ਸੇਧ ਲੈ ਕੇ ਚਿੰਤਨ ਕਰੇ ਤਾਂ ਨਿੱਕੇ-ਨਿੱਕੇ ਮਸਲੇ ਆਪਸੀ ਵਿਚਾਰ ਵਟਾਂਦਰੇ ਨਾਲ ਹੀ ਹੱਲ ਹੋ ਜਾਣ ਦੀ ਸਮਰੱਥਾ ਰੱਖਦੇ ਹਨ।

**ਸਿੱਟਾ:-** ਡਾ. ਸੁਰਿੰਦਰਪਾਲ ਸਿੰਘ ਮੰਡ ਬਹੁਮੁਖੀ ਪ੍ਰਤਿਭਾ ਵਾਲਾ ਇੱਕ ਚਿੰਤਕ ਨਿਬੰਧਕਾਰ ਹੈ। ਜਿਸ ਨੇ ਭਾਵੇਂ ਥੋੜ੍ਹਾ ਲਿਖਿਆ ਹੈ, ਪਰੰਤੂ ਉਸ ਦਾ ਨਿਬੰਧ 'ਜਿਊਣ ਦਾ ਸਲੀਕਾ' 2016 ਸਾਡੇ ਅਧਿਐਨ ਦਾ ਕੇਂਦਰ ਹੈ, ਭਾਵੇਂ ਉਸ ਨੇ ਇਸ ਤੋਂ ਪਹਿਲਾਂ, 'ਹੀਰ ਆਖਦੀ, ਜੋਗੀਆਂ ਝੂਠ ਬੋਲੇ' 'ਮਨੁੱਖ ਵੀ ਪ੍ਰਕਿਰਤੀ' 'ਜੀਵਨ ਦੇ ਰੰਗ ਢੰਗ' ਪਹਿਲਾਂ ਵੀ ਪ੍ਰਕਾਸ਼ਿਤ ਕਰਵਾ ਚੁੱਕਿਆ ਹੈ। ਲੇਖਕ ਦੇ ਨਿਬੰਧਾਂ ਦੇ ਵਿਸ਼ਾ-ਵਸਤੂ, ਜੀਵਨ-ਜਾਚ, ਵਾਤਾਵਰਣ ਪ੍ਰਤੀ ਚੇਤਨਤਾ, ਨੈਤਿਕਤਾ, ਕਦਰਾਂ-ਕੀਮਤਾਂ, ਸ਼ਖ਼ਸੀਅਤ ਉਸਾਰੀ, ਸਮਕਾਲੀ ਸਮੱਸਿਆਵਾਂ ਹਨ, ਜਿਨ੍ਹਾਂ ਰਾਹੀਂ ਆਪ ਨੇ ਵਿਗਿਆਨਕ ਦ੍ਰਿਸ਼ਟੀ ਧਾਰਨ ਕਰਦਿਆਂ, ਉਹ ਤਲਖ਼ ਹਕੀਕਤਾਂ ਕੌੜੀਆਂ ਸਚਾਈਆਂ ਦਾ ਜ਼ਿਕਰ ਕਰਦਿਆਂ ਮਾਨਵ ਨੂੰ ਚੜ੍ਹਦੀ ਕਲਾ ਦੇ ਸੰਕਲਪ ਧਾਰਨ ਕਰਨ ਦੀ ਸਲਾਹ ਦਿੰਦਾ ਹੈ। ਉਸ ਦਾ ਮੱਤ ਹੈ ਕਿ ਗੰਭੀਰਤਾ, ਦਾਰਸ਼ਨਿਕਤਾ, ਨੈਤਿਕਤਾ, ਵਿਗਿਆਨਕ ਸੋਚਾਂ, ਅਤੇ ਹਾਂ ਵਾਚੀ ਦ੍ਰਿਸ਼ਟੀਕੋਣ ਨੂੰ ਮਨੁੱਖੀ ਸ਼ਖ਼ਸੀਅਤ ਨੂੰ ਉਸਾਰਨ ਲਈ ਉਸ ਨੂੰ ਅਸਲ ਜੀਵਨ ਵਿਚ ਧਾਰਨ ਕਰ ਕੇ ਅਮਲ ਕਰਨਾ ਅਤਿ ਜ਼ਰੂਰੀ ਹੈ।

ਡਾ. ਸੁਰਿੰਦਰਪਾਲ ਸਿੰਘ ਮੰਡ ਦੀ ਤੀਬਰ ਤੇਜ਼ ਉਸਾਰੂ ਸੋਚ ਸਮੇਂ ਦੇ ਯਥਾਰਥ ਪ੍ਰਤੀ ਸੁਚੇਤ ਹੈ। ਵਰਤਮਾਨ ਕਾਲ ਦੇ ਸਮਾਜ ਦੀਆਂ ਢਾਹੂ ਸਮੱਸਿਆਵਾਂ ਕਾਰਨ ਅੱਜ ਵਧੇਰੇ ਲੋਕ ਨਰਕ ਭੋਗ ਰਹੇ ਹਨ। ਫ਼ਿਰਕਾਪ੍ਰਸਤੀ, ਆਤੰਕ, ਪ੍ਰਾਕ੍ਰਿਤਕ ਮੁਸੀਬਤਾਂ, ਬਿਮਾਰੀਆਂ, ਲੜਾਈਆਂ, ਜੰਗਾਂ, ਬਲਾਤਕਾਰੀਆਂ ਨੇ ਮਨੁੱਖਤਾ ਨੂੰ ਝਰੀਟ ਰੱਖਿਆ ਹੈ। ਉਸ ਦੇ ਮਨ ਦਾ ਚੈਨ ਗਵਾਚ ਗਿਆ ਹੈ।

# ਅਧਿਆਇ ਛੇਵਾਂ

## ਡਾ. ਹਰਸ਼ਿੰਦਰ ਕੌਰ ਦੀ ਨਿਬੰਧਕਾਰੀ: ਵਿਧਾ-ਸ਼ਾਸਤਰੀ ਅਧਿਐਨ

ਡਾ. ਹਰਸ਼ਿੰਦਰ ਕੌਰ ਇੱਕ ਡਾਕਟਰ (ਚਿਕਿਤਸਕ) ਹੈ। ਉਸ ਦਾ ਮੁੱਖ ਪੇਸ਼ਾ ਸਰੀਰਕ ਬਿਮਾਰੀਆਂ ਪ੍ਰਤੀ ਲੋਕ ਸਮੂਹ ਨੂੰ ਜਾਗਰੂਕ ਕਰਵਾ ਕੇ, ਉਨ੍ਹਾਂ ਦਾ ਯੋਗ ਡਾਕਟਰੀ ਸਾਧਨਾਂ ਰਾਹੀਂ ਇਲਾਜ ਕਰਨਾ ਹੈ, ਪ੍ਰੰਤੂ ਇਹ ਖ਼ੁਸ਼ੀ ਦੀ ਗੱਲ ਹੈ ਕਿ ਡਾ. ਹਰਸ਼ਿੰਦਰ ਕੌਰ ਸਰੀਰਕ, ਚਿਕਿਤਸਕ ਦੇ ਨਾਲ-ਨਾਲ ਆਪਣੇ ਖ਼ਾਨਦਾਨੀ ਵਿਰਸੇ ਅਨੁਸਾਰ ਇੱਕ ਸਾਹਿਤਕਾਰਾਂ ਹੈ। ਸਾਹਿਤ ਅਤੇ ਚਿਕਿਤਸਾ ਦੇ ਗਿਆਨ ਵਿਚ ਨਿਪੁੰਨ, ਡਾ. ਹਰਸ਼ਿੰਦਰ ਕੌਰ ਸਾਹਿਤ ਦੀ ਨਿਬੰਧ ਵਿਧਾ ਰਾਹੀਂ ਲੋਕ ਬਿਮਾਰੀਆਂ ਅਤੇ ਸਮਾਜਿਕ ਸਮੱਸਿਆਵਾਂ ਦਾ ਇਲਾਜ ਦੱਸਦੀ ਹੈ। ਉਸ ਨੇ ਪੰਜਾਬੀ ਸਾਹਿਤ ਦੇ ਨਿਬੰਧ ਪ੍ਰਸੰਗਾਂ ਰਾਹੀਂ ਪੰਜਾਬੀ ਪਾਠਕਾਂ ਨੂੰ ਨਵੇਂ-ਨਵੇਂ, ਤਨ-ਮਨ, ਬੁੱਧੀ, ਦਿਲ-ਦਿਮਾਗ਼ ਨਾਲ ਸੰਬੰਧਿਤ ਰੋਗਾਂ ਤੋਂ ਛੁਟਕਾਰਾ ਪਾਉਣ ਦੇ ਜੋ ਸਾਰਥਕ ਇਲਾਜ ਸੰਚਾਰੇ ਹਨ, ਉਹ ਗਿਆਨ-ਵਿਗਿਆਨ ਚਿਕਿਤਸਕ ਦੇ ਹੁੰਦੇ ਹੋਏ ਵੀ, ਆਪਣੇ ਨਿਬੰਧਾਂ ਰਾਹੀਂ ਪੰਜਾਬੀ ਪਾਠਕਾਂ ਨੂੰ ਨਵਾਂ-ਸਾਹਿਤ ਜਾਪਦੇ ਹਨ। ਲੇਖਿਕਾ ਦੀ ਪੰਜਾਬੀ ਸਾਹਿਤ ਵਿਚ ਇੱਕ ਰਚਨਾ 'ਚੁੱਪ ਦੀ ਚੀਖ਼' ਅਜਿਹੇ ਸ਼ਕਤੀਸ਼ਾਲੀ ਸਾਰਥਕ ਭਾਸ਼ਾ ਵਿਚ ਉਪਚਾਰ ਸੁਨੇਹੇ ਦੇਣ ਵਾਲੀ ਰਚਨਾ ਹੈ, ਜਿਸ ਰਾਹੀਂ ਮਜ਼ਲੂਮ ਔਰਤ ਦੀ ਵਰਤਮਾਨ, ਸਮਾਜਿਕ, ਸਭਿਆਚਾਰਕ, ਆਰਥਿਕ-ਅਵਸਥਾ ਦਾ ਚਿਤਰਨ ਹੀ ਨਹੀਂ, ਬਲਕਿ ਔਰਤ ਦੇ ਦੁਖਾਂਤ ਦੇ ਵੱਖਰੇ-ਵੱਖਰੇ ਦ੍ਰਿਸ਼ਟਾਂਤ ਪੇਸ਼ ਹਨ। ਜਿਨ੍ਹਾਂ ਲਈ ਮਨੁੱਖੀ ਸਮਾਜ, ਸਰਕਾਰ, ਧਰਮ, ਅਤੇ ਜਾਤਪਾਤ ਦੀਆਂ ਹਦਾਇਤਾਂ ਜ਼ਿੰਮੇਵਾਰ ਹਨ। ਜਿਵੇਂ ਭਰੂਣ ਹੱਤਿਆ, ਬਲਾਤਕਾਰ, ਔਰਤ ਦੀ ਗ਼ੁਲਾਮੀ, ਹੱਕਾਂ ਤੋਂ ਅਧੂਰੀ ਔਰਤ, ਬਾਲ-ਵਿਆਹ, ਰਾਜਨੀਤਿਕ ਸੱਤਾ ਲਈ ਜੂਝਦੀ ਔਰਤ, ਨਾ ਬਰਾਬਰੀ ਅਤੇ ਗ਼ੁਲਾਮ ਰੱਖਣ ਦੀ ਪ੍ਰਵਿਰਤੀ ਨੇ, ਔਰਤ ਨੂੰ ਇੱਕੀਵੀਂ ਸਦੀ ਵਿਚ ਵੀ ਉਸ ਨੂੰ ਸੰਪੂਰਨ ਹੱਕਾਂ ਦੀ ਪ੍ਰਾਪਤੀ ਤੋਂ ਵਾਂਝਾ ਰੱਖਿਆ ਹੈ।

ਡਾ. ਹਰਸ਼ਿੰਦਰ ਕੌਰ ਜਿਸ ਨੂੰ ਅਸੀਂ ਪੰਜਾਬੀ ਨਿਬੰਧਕਾਰੀ ਦੀ ਨੌਜਵਾਨ ਬੌਧਿਕ ਤਜਰਬੇਕਾਰ, ਗਿਆਨ ਵਿਗਿਆਨ ਅਤੇ ਡਾਕਟਰ (ਚਿਕਿਤਸਕ-ਆਚਾਰਯ) ਦੀ ਸਾਹਿਤਕਾਰ ਪ੍ਰਵਕਤਾ ਕਹਿ ਸਕਦੇ ਹਾਂ, ਜਿਸ ਨੇ ਪੰਜਾਬੀ ਸਾਹਿਤ ਦੀ ਵਿਚਾਰਧਾਰਾਈ ਪੱਧਰ ਨੂੰ ਗਿਆਨ-ਵਿਗਿਆਨ ਦੀ ਰੰਗਤ ਦੇ ਕੇ, ਭਰੂਣ ਹੱਤਿਆ, ਮਾਂ-ਬੋਲੀ, ਬਾਲ-ਮਨੋਵਿਗਿਆਨ, ਸਿਹਤ-ਗਿਆਨ, ਅਤੇ ਬੱਚਿਆਂ ਦੀ ਬਿਮਾਰੀਆਂ ਸੰਬੰਧੀ ਪੰਜਾਬੀਆਂ ਲਈ ਪਹਿਲੀ ਵਾਰ ਲਿਖਿਆ। ਭਾਵੇਂ ਲੇਖਿਕਾ ਅੰਗਰੇਜ਼ੀ ਵਿਚ ਇਨ੍ਹਾਂ ਵਿਸ਼ਿਆਂ ਉੱਪਰ ਇੱਕ ਡਾਕਟਰੀ (ਚਿਕਿਤਸਕ) ਦ੍ਰਿਸ਼ਟੀ ਤੋਂ ਲਿਖਦੇ ਹਨ, ਪ੍ਰੰਤੂ ਇਨ੍ਹਾਂ ਦੀਆਂ ਲਿਖਤਾਂ ਪੰਜਾਬੀਅਤ ਨੂੰ ਸਮਰਪਿਤ ਹਨ।

ਮਾਨਵ ਸਮਾਜ ਵਿਚ ਇਸਤਰੀ ਸਰੂਪ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਣ ਦੇ ਲਈ, ਕੁਦਰਤ ਦੀ ਵਿਸ਼ਾਲ ਯੋਜਨਾ ਦਾ ਭਾਗ ਮੰਨੀ ਜਾ ਸਕਦੀ ਹੈ। ਮਨੁੱਖ ਸਭਿਅਤਾ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਇਸਤਰੀ ਦੀ ਸਥਿਤੀ ਵਿਚ ਬਹੁਤ ਸਾਰੇ ਪਰਿਵਰਤਨ ਹੁੰਦੇ ਰਹੇ ਹਨ। ਇਹ ਸਮਾਜਿਕ ਪ੍ਰਬੰਧਾਂ ਅਤੇ ਸਥਿਤੀਆਂ ਦੇ ਅਨੁਸਾਰ ਤਬਦੀਲ ਹੁੰਦੀ ਰਹੀ ਹੈ, ਜਿਵੇਂ-ਜਿਵੇਂ ਸਮਾਜਿਕ ਚੇਤਨਤਾ ਵਧੀ, ਤਿਵੇਂ-ਤਿਵੇਂ ਔਰਤ ਦੀ ਸਥਿਤੀ ਵਿਚ ਵੀ ਕੁੱਝ ਸੁਧਾਰ ਦਿਖਣੇ ਸ਼ੁਰੂ ਹੋ ਗਏ ਅਤੇ ਜਦੋਂ ਇਹ ਚੇਤਨਤਾ ਔਰਤਾਂ ਨਾਲ ਜੁੜੇ ਸਰੋਕਾਰਾਂ ਦੁਆਲੇ ਕੇਂਦਰਿਤ ਹੋਈ ਤਾਂ ਇਸ ਨੂੰ ਨਾਰੀਵਾਦ ਕਿਹਾ ਜਾਣ ਲੱਗ ਪਿਆ:

> ਨਾਰੀ ਲਈ ਔਰਤ ਸ਼ਬਦ ਵੀ ਵਰਤਿਆ ਜਾਂਦਾ ਹੈ, ਜਿਸ ਦੀਆਂ ਜੜ੍ਹਾਂ ਫ਼ਾਰਸੀ ਦੇ ਸ਼ਬਦ ਅਵਰਾਹ ਵਿਚੋਂ ਨਿਕਲਦੀਆਂ ਹਨ। ਅਵਰਾਹ ਸ਼ਬਦ ਤੋਂ ਭਾਵ ਨੀਚਤਾ, ਪਾਪ, ਕਮਜ਼ੋਰ ਤੋਂ ਲਿਆ ਗਿਆ ਹੈ। (ਰਾਣਾ ''ਭਾਰਤੀ ਸਮਾਜ ਵਿਚ ਔਰਤ ਦੀ ਦਸ਼ਾ'' 1)

ਨਾਰੀ ਨੂੰ ਹੋਰ ਸ਼ਬਦ ਜਿਵੇਂ ਤੀਵੀਂ, ਬੇਗ਼ਮ, ਵਹੁਟੀ, ਰੰਨ, ਇਸਤਰੀ ਆਦਿ ਸ਼ਬਦਾਂ ਨਾਲ ਵੀ ਸੰਬੋਧਿਤ ਕੀਤਾ ਜਾਂਦਾ ਹੈ:

> ਵੈਸਟਰਨ ਇੰਗਲਿਸ਼ ਡਿਕਸ਼ਨਰੀ ਅਨੁਸਾਰ: ਫੈਮੀਨਿਜਮ(Feminism) ਸ਼ਬਦ ਅੰਗਰੇਜ਼ੀ ਵਿਚ ਫਰੈਂਚ ਰਾਹੀਂ ਆਇਆ। ਫਰੈਂਚ ਵਿਚ ਲਾਤੀਨੀ ਸ਼ਬਦ (Feminie+ism) ਤੋਂ ਮਿਲ ਕੇ ਬਣਿਆ ਹੈ, ਜੋ ਪੰਜਾਬੀ ਵਿਚ ਨਾਰੀਵਾਦ ਦਾ ਸਮਾਨਾਰਥੀ ਹੈ। ਨਾਰੀਵਾਦ ਦਾ ਅਰਥ ਲਿੰਗ ਦੇ ਅਧਾਰ ਤੇ ਰਾਜਨੀਤਕ, ਆਰਥਿਕ ਅਤੇ ਸਮਾਜਿਕ ਸਮਾਨਤਾ ਤੋਂ ਹੈ। (ਬਰਾੜ "ਨਾਰੀਵਾਦ ਸਿਧਾਂਤ: ਚਿੰਤਨ ਅਤੇ ਵਿਹਾਰ" 14)

ਉਪਰੋਕਤ ਸ਼ਬਦਾਂ ਤੋਂ ਭਾਵ ਇਹ ਕਿ ਇਸ ਨੂੰ ਔਰਤਾਂ ਦੀ ਦਸ਼ਾ ਅਤੇ ਦਿਸ਼ਾ ਬਾਰੇ ਮਾਰਗ ਦਰਸ਼ਨ ਕਰਨ ਵਾਲਾ ਸਿਧਾਂਤ ਕਿਹਾ ਜਾ ਸਕਦਾ ਹੈ। ਭਾਵੇਂ ਨਾਰੀਵਾਦ ਨੂੰ ਪੱਛਮ ਦੀ ਦੇਣ ਮੰਨਿਆ ਜਾਂਦਾ ਹੈ, ਪ੍ਰੰਤੂ ਜੇਕਰ ਭਾਰਤੀ ਪ੍ਰਸੰਗ ਵਿਚ ਦੇਖਿਆ ਜਾਵੇ ਤਾਂ ਗੁਰੂ ਨਾਨਕ ਸਾਹਿਬ ਦੀ ਨਾਰੀ ਚੇਤਨਾ ਨੂੰ ਬਹੁਤ ਵੱਡੀ ਦੇਣ ਹੈ, ਜਿਨ੍ਹਾਂ ਨੇ ਨਾਰੀ ਦੇ ਹੱਕ ਵਿਚ ਆਪਣੀ ਅਵਾਜ਼ ਨੂੰ ਬੁਲੰਦ ਕੀਤਾ:

> ਡਾ. ਗੁਰਭਗਤ ਸਿੰਘ ਦੇ ਵਿਚਾਰ ਅਨੁਸਾਰ: ਨਾਰੀਵਾਦ ਸਿਧਾਂਤ ਦਾ ਮੋਢੀ ਗੁਰੂ ਨਾਨਕ ਦੇਵ ਜੀ ਨੂੰ ਮੰਨਿਆ ਜਾਣਾ ਚਾਹੀਦਾ ਹੈ। ("ਔਰਤ ਦੇਹ ਸੀਮਾ ਨਹੀਂ ਸਮਰੱਥਾ ਹੈ" 21)
>
> ਡਾ. ਬਲਵਿੰਦਰ ਕੌਰ ਬਰਾੜ ਅਨੁਸਾਰ: ਨਾਰੀਵਾਦ ਪੁਰਖ ਪ੍ਰਧਾਨਤਾ ਤੋਂ ਮੁਕਤ ਹੋਣ ਦਾ ਉਪਰਾਲਾ ਹੈ। ਇਸ ਨਾਲ ਔਰਤਾਂ ਨੂੰ ਆਪਣੀ ਹੋਂਦ ਪ੍ਰਤੀ ਸੁਚੇਤ ਕੀਤਾ ਜਾਂਦਾ ਹੈ। ਜਿੱਥੇ ਹੁਣ ਤੱਕ ਮਰਦ ਵੱਲੋਂ 'ਹਮ ਹੀ ਹੈ' ਦੀ ਸੁਰ ਸਥਾਪਿਤ ਕੀਤੀ ਗਈ ਸੀ। ਉਸ ਵਿਚ ਔਰਤਾਂ ਵੱਲੋਂ 'ਹਮ ਭੀ ਹੈ' ਦੀ ਸੁਰ ਸ਼ਾਮਿਲ ਕਰਨ ਦਾ ਯਤਨ ਕੀਤਾ ਹੈ। ਇਹ ਸੁਰ ਮਿਲ ਕੇ ਇੱਕ ਦੁਲਿੰਗੀ ਜਗਤ ਸਿਰਜਣ ਵਲ ਯਤਨਸ਼ੀਲ ਹੋਵੇਗੀ। ("ਨਾਰੀਵਾਦ, ਸਿਧਾਂਤ, ਚਿੰਤਨ ਅਤੇ ਵਿਹਾਰ" 15)

ਪੱਛਮ ਵਿਚ ਸੰਕਲਪ ਦੇ ਤੌਰ ਤੇ 'ਨਾਰੀਵਾਦ' ਦੇ ਵਿਕਸਿਤ ਹੋਣ ਵਿਚ ਆਪਣਾ ਇੱਕ ਵਿਸ਼ੇਸ਼ ਇਤਿਹਾਸ ਹੈ। ਸੰਖੇਪ ਝਾਤ ਤੋਂ ਪਤਾ ਚੱਲਦਾ ਹੈ ਕਿ ਅਮਰੀਕਾ ਵਿਚ ਪਹਿਲੀ ਵਾਰੀ 1842 ਵਿਚ ਨਾਰੀਵਾਦ ਇੰਟਰਨੈਸ਼ਨਲ ਵਿਮੈਨ ਆਰਗੇਨਾਈਜ਼ੇਸ਼ਨ ਸਥਾਪਿਤ ਹੋਈ। ਇੰਗਲੈਂਡ ਅਤੇ ਸਕਾਟਲੈਂਡ ਵਿਚ 1869 ਈ. ਵਿਚ ਨਾਰੀਵਾਦ ਯੂਨੀਅਨ ਆਫ਼ ਵਿਮੈਨ ਸਫ਼ਰੇਜ ਸੁਸਾਇਟੀ ਦੇ ਯਤਨਾਂ ਨਾਲ ਵੋਟ ਅਧਿਕਾਰ ਸੰਬੰਧੀ ਅੰਦੋਲਨ ਹੋਇਆ ਜਿਸ ਵਿਚ ਸਫਲਤਾ ਹਾਸਿਲ ਹੋਈ। 1948 ਵਿਚ ਪਹਿਲੀ ਵਾਰ ਔਰਤਾਂ ਪ੍ਰਤੀ ਇਕੱਠ ਹੋਇਆ, ਜਿਸ ਦਾ ਉਦੇਸ਼ ਇਸ ਸਿਰਜੇ ਹੋਏ ਸੰਸਾਰ ਵਿਚ ਆਪਣਾ ਅਲੱਗ ਜਗਤ ਵਸਾਉਣਾ ਨਹੀਂ, ਬਲਕਿ ਇਸ ਵਿਚ ਸਹੀ ਸਥਾਨ ਹਾਸਿਲ ਕਰਨ ਦੇ ਨੁਕਤੇ ਨੂੰ ਉਭਾਰਿਆ ਗਿਆ।

ਨਾਰੀਵਾਦੀ ਚਿੰਤਨ ਵਿਚ ਸਭ ਤੋਂ ਵੱਡਾ ਨਾਂ ਸਿਮੋਨ ਦਾ ਬੁਆਵਾਰ ਦਾ ਮੰਨਿਆ ਜਾਂਦਾ ਹੈ। ਜਿਸ ਦੀ ਪੁਸਤਕ 'ਦਾ ਸੈਕੰਡ ਸੈਕਸ' 1949 ਈ. ਵਿਚ ਪ੍ਰਕਾਸ਼ਿਤ ਹੋ ਚੁੱਕੀ ਸੀ। ਫਿਰ 1963 ਈ. ਵਿਚ ਬੇਈ ਫਰੀਡਨ ਦੀ ਪੁਸਤਕ Feminine Mystriglue ਪ੍ਰਕਾਸ਼ਿਤ ਹੋਈ ਹੈ। ਇਸ ਤੋਂ ਉਪਰੰਤ 1975 ਨੂੰ ਸੰਯੁਕਤ ਰਾਸ਼ਟਰ ਨੇ ਨਾਰੀ ਵਰ੍ਹੇ ਵਜੋਂ 1976 ਤੋਂ 1985 ਨੂੰ 'ਨਾਰੀਆਂ ਦਾ ਦਹਾਕਾ' ਮਨਾਉਣ ਦਾ ਐਲਾਨ ਕੀਤਾ, ਜਿਸ ਦੇ ਸਦਕਾ ਪੂਰੀ ਦੁਨੀਆ ਵਿਚ ਬਹੁਤ ਸਾਰੇ ਸੰਗਠਨ ਹੋਂਦ ਵਿਚ ਆਏ, ਜਿਨ੍ਹਾਂ ਦਾ ਮੰਤਵ ਮੁੱਖ ਰੂਪ ਵਿਚ ਔਰਤਾਂ ਦੇ ਹੱਕਾਂ ਦੀ ਪੈਰਵੀ ਕਰਨਾ, ਉਨ੍ਹਾਂ ਦੇ ਬਣਦੇ ਹੱਕ ਉਨ੍ਹਾਂ ਨੂੰ ਦਿਵਾਉਣਾ ਸੀ:

> ਡਾ. ਜਸਬੀਰ ਕੇਸਰ ਦੇ ਸ਼ਬਦਾਂ ਵਿਚ: ਨਾਰੀਵਾਦ ਚੇਤਨਾ ਤੇ ਨਾਰੀਵਾਦੀ ਅੰਦੋਲਨਾਂ ਤੋਂ ਕਿਤੇ ਪਹਿਲਾਂ ਜੁਗਾਂ-ਜੁਗਾਤਰਾਂ ਤੋਂ ਔਰਤ ਨੇ ਆਪਣੀ ਰਚਨਾਤਮਕ ਸ਼ਕਤੀ, ਚੇਤਨਾ, ਸਹਿਣਸ਼ੀਲਤਾ ਤੇ ਸੰਘਰਸ਼ ਨਾਲ ਇਸ ਧਰਤੀ ਨੂੰ ਸੰਵਾਰਿਆ, ਸਜਾਇਆ ਹੈ। ਧਰਤੀ ਦੇ ਸਿਰ ਔਰਤ ਦਾ ਬਹੁਤ ਕਰਜ਼ਾ ਹੈ, ਪਰ ਸਾਡਾ ਰਾਜ, ਸਾਡਾ ਸਮਾਜ, ਅਜੇ ਤੱਕ ਔਰਤ ਨੂੰ ਦੋ ਕਦਮ ਸੁਰੱਖਿਅਤ ਧਰਤੀ ਦੇਣ ਤੋਂ ਵੀ ਇਨਕਾਰੀ ਜਾਪਦਾ ਹੈ। (''ਔਰਤ ਆਜ਼ਾਦ ਹੈ'' 18)

**ਪਰੰਪਰਕ ਸਥਿਤੀ:-** ਸੰਸਾਰ ਦੇ ਇਤਿਹਾਸ ਤੇ ਮਿਥਿਹਾਸ ਵਿਚ ਨਾਰੀ ਬਾਰੇ ਹੱਕ ਵਿਚ ਅਤੇ ਵਿਰੋਧ ਵਿਚ ਵਿਚਾਰ ਮਿਲਦੇ ਹਨ। ਵਿਰੋਧੀ ਵਿਚਾਰਾਂ ਦਾ ਪੱਲੜਾ ਹਮੇਸ਼ਾ ਹੀ ਭਾਰੀ ਰਿਹਾ ਹੈ। ਉੱਤਰ ਵੈਦਿਕ ਕਾਲ ਜਾਂ ਵੀਰ ਕਾਲ ਵਿਚ ਇਸਤਰੀਆਂ ਦਾ ਸਨਮਾਨ ਘਟਦਾ ਗਿਆ। ਲੜਕੀ ਦੇ ਜਨਮ ਨੂੰ ਦੁੱਖ ਦੀ ਗੱਲ ਮੰਨਿਆ ਜਾਣ ਲੱਗਿਆ। ਇਸ ਕਾਲ ਵਿਚ ਬਹੁ-ਪਤਨੀ ਪ੍ਰਥਾ ਪ੍ਰਚਲਿਤ ਹੋ ਗਈ। ਇਸੇ ਕਾਲ ਵਿਚ ਸਤੀ-ਪ੍ਰਥਾ ਨੇ ਜਨਮ ਲਿਆ। ਸੀਤਾ ਵਰਗੀਆਂ ਤਿਆਗ ਅਤੇ ਪਿਆਰ ਦੀਆਂ ਮੂਰਤਾਂ ਨੂੰ ਵੀ ਅਗਨੀ ਪ੍ਰੀਖਿਆ ਦੇਣੀ ਪਈ ਸੀ। ਕੌਰਵਾਂ-ਪਾਂਡਵਾਂ ਦੇ ਯੁੱਧ ਵਿਚ ਤਾਂ ਸਾਰੇ ਹੀ ਸਦਾਚਾਰੀ ਕਾਨੂੰਨ ਟੁੱਟ ਗਏ ਜਾਪਦੇ ਹਨ। ਭਰੇ ਦਰਬਾਰ ਵਿਚ ਦੁਰਯੋਧਨ ਵੱਲੋਂ ਦਰੋਪਤੀ ਨੂੰ ਨਿਰ-ਵਸਤਰ ਕਰਨ ਦੇ ਯਤਨ ਨਾਲ ਹੀ ਪਾਂਡਵਾਂ ਅਤੇ ਹੋਰ ਦਰਬਾਰੀਆਂ ਦੇ ਸਾਰੇ ਆਦਰਸ਼ ਮਿੱਟੀ ਵਿਚ ਮਿਲ ਗਏ ਸਨ। ਗੰਧਾਰੀ ਤੇ ਕੁੰਤੀ ਵਰਗੀਆਂ ਸਤਿਕਾਰਤ ਇਸਤਰੀਆਂ ਵੀ ਦਰੋਪਤੀ ਨਾਲ ਹੋ ਰਹੇ ਅਪਮਾਨ ਦੇ ਖ਼ਿਲਾਫ਼ ਕੋਈ ਆਵਾਜ਼ ਨਾ ਉਠਾ ਸਕੀਆਂ, ਇਸ ਦੇ ਨਾਲ ਹੀ ਇਸਤਰੀਆਂ ਦੀ ਦੁਰਦਸ਼ਾ ਸ਼ੁਰੂ ਹੋ ਗਈ:

> ਗੋਇਥੇ ਕਹਿੰਦਾ ਹੈ, ਇਸਤਰੀ ਵਿਚ ਰੂਹ ਨਹੀਂ ਹੁੰਦੀ, ਸ਼ੈਕਸਪੀਅਰ ਕਹਿ ਦਿੰਦਾ ਹੈ ਕਮਜ਼ੋਰੀ ਦਾ ਨਾਮ ਇਸਤਰੀ ਹੈ, ਮਨੂ ਕਹਿੰਦਾ ਹੈ ਇਸਤਰੀ ਅਗਿਆਨ ਅਤੇ ਕੂੜ ਦੀ ਮੂਰਤ ਹੈ। (ਪ੍ਰਭਜੋਤ ''ਬਤੀਹ ਸੁਲੱਖਣੀ'' 20)

**ਸਮਾਜਿਕ ਅਤੇ ਆਰਥਿਕ ਢਾਂਚੇ ਵਿਚ ਇਸਤਰੀ ਦੀ ਸਥਿਤੀ:-** ਸਾਡੇ ਦੇਸ਼ ਵਿਚ ਜ਼ਿਆਦਾਤਰ ਇਸਤਰੀਆਂ ਆਜ਼ਾਦ ਨਹੀਂ ਹਨ, ਭਾਵੇਂ ਸਮਾਜ ਵਿਚ ਉਨ੍ਹਾਂ ਦੀ ਹੈਸੀਅਤ ਦਾ ਮਾਮਲਾ ਹੋਵੇ ਜਾਂ ਪੈਸੇ ਦੀ ਆਜ਼ਾਦੀ ਦਾ, ਉਨ੍ਹਾਂ ਨੂੰ ਮਰਦਾਂ ਦੇ ਮੂੰਹ ਵੱਲ ਦੇਖਣਾ ਪੈਂਦਾ ਹੈ। ਇਸ ਸੰਬੰਧ ਵਿਚ ਸਮਾਜ ਵੀ ਉਨ੍ਹਾਂ ਨੂੰ ਬਹੁਤ ਘੱਟ ਆਜ਼ਾਦੀ ਦਿੰਦਾ ਹੈ। ਜ਼ਿਆਦਾਤਰ ਘਰਾਂ ਵਿਚ ਕੁੜੀਆਂ ਆਪਣੇ ਵਿਆਹ ਤੋਂ ਪਹਿਲਾਂ ਆਪਣੇ ਪਿਤਾ ਜਾਂ ਭਰਾਵਾਂ ਦੀ ਨਿਗਰਾਨੀ ਵਿਚ ਰਹਿੰਦੀਆਂ ਹਨ ਅਤੇ ਵਿਆਹ ਤੋਂ ਬਾਅਦ ਪਤੀ ਜਾਂ ਸੌਹਰਿਆਂ ਦੀ ਨਿਗਰਾਨੀ ਵਿਚ। ਬਚਪਨ ਤੋਂ ਹੀ

ਕੁੜੀਆਂ ਨੂੰ ਆਗਿਆਕਾਰੀ ਤੇ ਘਰੇਲੂ ਬਣਨਾ ਸਿਖਾਇਆ ਜਾਂਦਾ ਹੈ। ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦੇ ਕਿਸੇ ਵੀ ਪਹਿਲੂ ਬਾਰੇ ਫ਼ੈਸਲਾ ਕਰਨ ਦਾ ਹੱਕ ਨਹੀਂ ਦਿੱਤਾ ਜਾਂਦਾ। ਉਨ੍ਹਾਂ ਨੂੰ ਸਿਖਾਇਆ ਜਾਂਦਾ ਹੈ ਕਿ ਉਨ੍ਹਾਂ ਦਾ ਕੰਮ ਪਰਿਵਾਰ ਦੇ ਬਾਕੀ ਜੀਆਂ ਦੇ ਅਰਾਮ ਦਾ ਧਿਆਨ ਰੱਖਣਾ ਹੈ, ਆਪਣੇ ਕਰਤੱਵ ਦੀ ਪਾਲਣਾ ਕਰਨ ਵਾਲੀ ਬੇਟੀ ਦੇ ਰੂਪ ਵਿਚ, ਪਿਆਰ ਦੇਣ ਵਾਲੀ ਮਾਂ ਦੇ ਰੂਪ ਵਿਚ, ਆਗਿਆਕਾਰੀ ਬਹੂ ਦੇ ਰੂਪ ਵਿਚ ਅਤੇ ਵਫ਼ਾਦਾਰ ਦੱਬੀ ਹੋਈ ਪਤਨੀ ਦੇ ਰੂਪ ਵਿਚ।'ਕੁੜੀ' ਹੋਣ ਕਰ ਕੇ, ਉਹਦੇ ਘੁੰਮਣ-ਫਿਰਨ, ਪੜ੍ਹਾਈ-ਲਿਖਾਈ ਅਤੇ ਕੰਮ-ਕਾਜ ਸਿੱਖਣ ਉੱਤੇ, ਰੋਕ ਲਾਈ ਜਾਂਦੀ ਹੈ ਤਾਂ ਜੋ ਉਹ ਆਪਣੇ ਪੈਰਾਂ ਉੱਤੇ ਖੜ੍ਹੀ ਨਾ ਹੋ ਸਕੇ ਆਪਣੇ ਖ਼ਰਚੇ ਦੇ ਲਾਇਕ ਪੈਸਾ ਨਾ ਕਮਾ ਸਕੇ ਅਤੇ ਪੈਸੇ ਦੇ ਮਾਮਲੇ ਵਿਚ ਅਜ਼ਾਦ ਨਾ ਹੋ ਜਾਵੇ। ਬਹੁਤ ਸਾਰੀਆਂ ਇਸਤਰੀਆਂ ਨੂੰ ਤਾਂ ਕੁੱਝ ਬੁਨਿਆਦੀ ਫ਼ੈਸਲੇ ਵੀ ਨਹੀਂ ਕਰਨ ਦਿੱਤੇ ਜਾਂਦੇ।

ਅੱਜ ਦੁਨੀਆ ਬਦਲ ਰਹੀ ਹੈ। ਅੱਜ-ਕੱਲ੍ਹ ਬਹੁਤੇ ਕੰਮਾਂ ਲਈ ਬਹੁਤੀ ਸਰੀਰਕ ਤਾਕਤ ਦਾ ਹੋਣਾ ਜ਼ਰੂਰੀ ਨਹੀਂ ਹੈ। ਜੇਕਰ ਅੱਜ ਬਰਾਬਰ ਦਾ ਮੌਕਾ ਮਿਲੇ ਤਾਂ ਕਿਹੜਾ ਅਜਿਹਾ ਕੰਮ ਹੈ, ਜਿਹੜਾ ਇਸਤਰੀ ਨਹੀਂ ਕਰ ਸਕਦੀ? ਅੱਜ ਇਸਤਰੀਆਂ ਡਾਕਟਰ, ਵਕੀਲ, ਜੱਜ, ਨੇਤਾ, ਵਿਉਪਾਰੀ, ਇੰਜੀਨੀਅਰ, ਸਾਇੰਸਦਾਨ ਆਦਿ ਹਨ ਉਹ ਖੇਡਾਂ, ਕਲਾ ਅਤੇ ਮੀਡੀਆ ਦੇ ਖੇਤਰ ਵਿਚ ਵੀ ਅੱਗੇ ਹਨ। ਇਸਤਰੀਆਂ ਫ਼ੌਜ ਅਤੇ ਪੁਲਿਸ ਵਿਚ ਵੀ ਭਰਤੀ ਹੋ ਰਹੀਆਂ ਹਨ। ਅੱਜ ਇਸਤਰੀ ਦੇਸ਼ ਦੀ ਪ੍ਰਧਾਨ-ਮੰਤਰੀ ਬਣ ਸਕਦੀ ਹੈ, ਟਰੈਕਟਰ ਚਲਾਉਣ, ਹਵਾਈ ਜਹਾਜ਼ ਉਡਾਉਣ ਵਿਚ ਵੀ ਇਸਤਰੀ ਪਿੱਛੇ ਨਹੀਂ ਹੈ। ਇੱਥੋਂ ਤੱਕ ਕਿ ਉਹ ਚੰਦ ਉੱਤੇ ਵੀ ਪਹੁੰਚ ਸਕਦੀ ਹੈ, ਪਰ ਫਿਰ ਵੀ ਉਹਦਾ ਆਪਣਾ ਵਜੂਦ ਮਰਦ ਨਾਲ ਜੋੜ ਕੇ ਹੀ ਦੇਖਿਆ ਜਾਂਦਾ ਹੈ ਕਿਉਂਕਿ ਇੱਥੇ ਤੱਕ ਪਹੁੰਚਣ ਲਈ ਵੀ ਮਰਦ ਦੀ ਪ੍ਰਵਾਨਗੀ ਲੈਣੀ ਪੈਂਦੀ ਹੈ।

**ਸਿੱਖ ਇਤਿਹਾਸ ਵਿਚ ਇਸਤਰੀ ਦੀ ਸਥਿਤੀ:-** ਇਸਤਰੀ ਸਮਾਜ ਦਾ ਧੁਰਾ ਹੈ 'ਤੇ ਸਮਾਜ ਨੂੰ ਸੁਚਾਰੂ ਰੂਪ ਵਿਚ ਚਲਾਉਣ ਅਤੇ ਇਸ ਨੂੰ ਅੱਗੇ ਵਧਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਗੁਰੂ ਸਾਹਿਬਾਨ

ਦੇ ਸਮੇਂ ਇਸਤਰੀ ਦੀ ਜੋ ਦਸ਼ਾ ਸੀ। ਉਸ ਦਾ ਵਰਣਨ ਗੁਰਬਾਣੀ ਰਾਹੀਂ ਸਪਸ਼ਟ ਤੌਰ 'ਤੇ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਸਿਰਜਣਾਤਮਕ ਸਾਥ ਦੇਣ ਅਤੇ ਉੱਦਮ ਕਰ ਲੈਣ ਦੀ ਯੋਗਤਾ ਨੂੰ ਭਲੀਭਾਂਤ ਜਾਣਿਆ ਅਤੇ ਲੋਕਾਂ ਨੂੰ ਸਾਵਧਾਨ ਕੀਤਾ ਤੇ ਇਹ ਦ੍ਰਿੜ੍ਹ ਕਰਵਾਇਆ ਕਿ ਇਸਤਰੀ ਤੋਂ ਬਿਨਾਂ ਕੁੱਝ ਵੀ ਸੰਭਵ ਨਹੀਂ। ਸਿੱਖ ਸਭਿਆਚਾਰ ਵਿਚ ਵੀ ਇਸਤਰੀ ਨੂੰ ਹਰ ਪੱਖ ਤੋਂ ਉੱਤਮ ਦਰਜਾ ਪ੍ਰਾਪਤ ਹੈ।ਗੁਰੂ ਸਾਹਿਬ ਨੇ ਇਸਤਰੀ ਨੂੰ ਸਿਰਫ਼ ਰੋਟੀ ਪਕਾਉਣ ਵਾਲੀ ਮਸ਼ੀਨ ਅਤੇ ਭੋਗ ਵਿਲਾਸ ਦੀ ਵਸਤੂ ਸਮਝਣ ਵਾਲੇ ਮੂਰਖ ਲੋਕਾਂ ਨੂੰ ਫਿਟਕਾਰਿਆ। ਉਨ੍ਹਾਂ ਨੇ ਲੋਕਾਂ ਦੇ ਮਨਾਂ ਚੋਂ ਭੁਲੇਖਾ ਦੂਰ ਕੀਤਾ ਅਤੇ ਕਿਹਾ, ਕਿ ਇਸਤਰੀ ਮਰਦ ਦੀ ਦਾਸੀ ਨਹੀਂ, ਸਗੋਂ ਉਸ ਤੋਂ ਵੀ ਮਹਾਨ ਹੈ। ਹਰ ਪੱਧਰ ਤੇ ਇਸਤਰੀ ਨਾਲ ਜੁੜੇ ਮਰਦ ਦੀ ਸਚਾਈ ਨੂੰ ਗੁਰੂ ਨਾਨਕ ਦੇਵ ਜੀ ਨੇ ਹੋਰ ਵਧੇਰੇ ਉਜਾਗਰ ਕਰਦਿਆਂ ਫ਼ਰਮਾਉਂਦੇ ਹਨ:

> ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ॥
>
> ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸ॥
>
> ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ॥
>
> ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ
>
> ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ॥
>
> ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ॥
>
> ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ॥
>
> ਆਪਿ ਛੁਟੇ ਨਹ ਛੁਟੀਐ ਨਾਨਕ ਬਚਨਿ ਬਿਣਾਸੁ ॥ ("ਸ੍ਰੀ ਗੁਰੂ ਗ੍ਰੰਥ ਸਾਹਿਬ" 1289)

ਇਸਤਰੀ ਕਿਸੇ ਵੀ ਸਮਾਜ ਦੀ ਚੂਲ ਹੋਇਆ ਕਰਦੀ ਹੈ, ਜਿਸ ਤੋਂ ਬਿਨਾਂ ਗ੍ਰਹਿਸਤ ਦੀ ਹੋਂਦ ਤਾਂ ਕੀ ਸਮਾਜ ਦਾ ਵਜੂਦ ਹੀ ਸੰਭਵ ਨਹੀਂ। ਸਮਾਜ ਦਾ ਹਰ ਕਾਰਜ, ਹਰ ਸਮਾਰੋਹ ਤੇ ਹਰ ਰੂਪ ਇਸਤਰੀ ਬਿਨਾਂ

ਅਧੂਰਾ ਤੇ ਅਪੂਰਨ ਹੈ। ਗੁਰੂ ਨਾਨਕ ਸਾਹਿਬ ਦੇ ਬਚਨਾਂ ਅਨੁਸਾਰ ਰਾਜਿਆਂ, ਮਹਾਰਾਜਿਆਂ ਤੇ ਸੂਰਬੀਰਾਂ ਦੀ ਜਨਮਦਾਤੀ ਭਲਾ ਮਾੜੀ ਜਾਂ ਨਿੰਦਣਯੋਗ ਕਿਵੇਂ ਹੋ ਸਕਦੀ ਹੈ?ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ("ਸ੍ਰੀ ਗੁਰੂ ਗ੍ਰੰਥ ਸਾਹਿਬ" 473)

**ਅਜੋਕੀ ਸਥਿਤੀ:-** ਹਜ਼ਾਰਾਂ ਵਰ੍ਹਿਆਂ ਲੰਮਾ ਸਫ਼ਰ ਤੈਅ ਕਰਦਾ ਹੋਇਆ, ਸਮਾਂ ਇੱਕੀਵੀਂ ਸਦੀ ਤੱਕ ਆ ਪਹੁੰਚਿਆ ਹੈ। ਸਾਇੰਸ ਅਤੇ ਤਕਨਾਲੋਜੀ ਦੇ ਖੇਤਰ ਵਿਚ ਹੈਰਾਨੀ ਭਰੀ ਤਰੱਕੀ ਨੇ ਮਨੁੱਖੀ ਸਭਿਅਤਾ ਵਿਚ ਵੀ ਅਣਗਿਣਤ ਤਬਦੀਲੀਆਂ ਲੈ ਆਂਦੀਆਂ ਹਨ। ਕੁੱਝ ਹੀ ਸਮਾਂ ਪਹਿਲਾਂ ਪਰਦੇ ਹੇਠ ਢਕੀ, ਘਰ ਦੀਆਂ ਦੀਵਾਰਾਂ ਅੰਦਰ ਬੰਦ ਇਸਤਰੀ ਅੱਜ ਹਰ ਖੇਤਰ ਵਿਚ ਮੱਲ੍ਹਾਂ ਮਾਰ ਰਹੀ ਹੈ। ਭਾਰਤੀ ਸੰਵਿਧਾਨ ਅਨੁਸਾਰ ਕਾਨੂੰਨ ਹੇਠ ਇਸਤਰੀਆਂ ਨੂੰ ਹਰ ਤਰ੍ਹਾਂ ਨਾਲ ਬਰਾਬਰਤਾ ਦੇ ਹੱਕ ਪ੍ਰਾਪਤ ਹਨ ਅਤੇ ਲੋੜ ਪੈਣ ਤੇ ਉਹ ਕਾਨੂੰਨੀ ਲੜਾਈ ਲੜ ਕੇ ਆਪਣੇ ਹੱਕ ਪ੍ਰਾਪਤ ਕਰ ਸਕਦੀ ਹੈ। ਇੰਞ ਜਾਪਦਾ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਜ਼ਮਾਨਾ ਹੀ ਇਸਤਰੀਆਂ ਦਾ ਆ ਗਿਆ ਹੋਵੇ ਓਪਰੀ ਨਜ਼ਰੇ ਸਭ ਕੁੱਝ ਵਧੀਆ ਮਹਿਸੂਸ ਹੋ ਰਿਹਾ ਹੈ, ਪਰ ਸਮਾਜਿਕ ਪੱਧਰ ਉੱਤੇ ਤਾਂ ਸਚਾਈ ਕੁੱਝ ਹੋਰ ਹੀ ਨਜ਼ਰ ਆਉਂਦੀ ਹੈ। ਜਨਮ ਤੋਂ ਪਹਿਲਾਂ ਲੜਕੀਆਂ ਨੂੰ ਮਾਰ ਦੇਣਾ, ਦਾਜ, ਬਲਾਤਕਾਰ, ਕੰਮ-ਕਾਜ਼ੀ ਇਸਤਰੀਆਂ ਦਾ ਸ਼ੋਸ਼ਣ ਅਤੇ ਉਨ੍ਹਾਂ ਨਾਲ ਭੱਦੀ ਛੇੜ-ਛਾੜ, ਇਸ਼ਤਿਹਾਰੀ ਯੁੱਗ ਵਿਚ ਇਸਤਰੀਆਂ ਦੇ ਸਰੀਰ ਦਾ ਸ਼ੋਸ਼ਣ ਆਦਿ ਸਮੱਸਿਆਵਾਂ ਸਮਾਜ ਨੂੰ ਅਨੈਤਿਕਤਾ ਦੀ ਡੂੰਘੀ ਖਾਈ ਵਿਚ ਧਕੇਲਦੀਆਂ ਨਜ਼ਰ ਆਉਂਦੀਆਂ ਹਨ। ਬੱਚਿਆ ਵਿਚ ਲਿੰਗ-ਅਨੁਪਾਤ ਪਿਛਲੇ 40 ਸਾਲ ਤੋਂ ਬੜੀ ਤੇਜ਼ੀ ਨਾਲ ਵਿਗੜ ਰਿਹਾ ਹੈ।

ਅੱਜ ਸਮਾਂ ਬਦਲ ਰਿਹਾ ਹੈ ਤੇ ਅੱਜ ਦੇ ਸਮੇਂ ਨੂੰ ਨਾਰੀ ਦਾ ਯੁੱਗ ਵੀ ਕਿਹਾ ਜਾਂਦਾ ਹੈ। ਅਜੋਕੀ ਔਰਤ ਨੂੰ ਕਈ ਮੌਕੇ ਮਿਲੇ, ਜਿਸ ਦੀ ਉਹ ਅਸਲੀ ਹੱਕਦਾਰ ਹੈ। ਉਸ ਨੂੰ ਰਾਜਸੀ, ਆਰਥਿਕ, ਧਾਰਮਿਕ, ਸਮਾਜਿਕ ਪੱਖੋਂ ਅਜਿਹੀ ਤਾਕਤ ਵੀ ਮਿਲ ਰਹੀ ਹੈ, ਜਿਸ ਦਾ ਕਈ ਸਦੀਆਂ ਪਹਿਲਾਂ ਕਿਆਸਾਂ ਵੀ ਨਹੀਂ ਸੀ ਕੀਤਾ ਜਾ ਸਕਦਾ। ਹਰ ਉੱਚੇ ਰੁਤਬੇ ਤੇ ਉਸ ਨੇ ਮਾਣ ਵਧਾਇਆ ਹੈ, ਜਿਨ੍ਹਾਂ ਤੇ ਪਹਿਲਾਂ ਸਿਰਫ਼ ਇੱਕ ਪੁਰਸ਼ ਦੀ ਹੀ ਮਲਕੀਅਤ ਸੀ। ਵੱਖ-ਵੱਖ ਕਾਨੂੰਨੀ ਧਾਰਾਵਾਂ ਤੇ ਵੱਖ-ਵੱਖ ਮਨੁੱਖੀ ਹੱਕਾਂ ਲਈ ਆਰਟੀਕਲ ਸਿਰਜੇ ਗਏ ਹਨ, ਜਿਹੜੇ ਔਰਤ ਨੂੰ ਬਰਾਬਰੀ ਦਾ ਹੱਕ ਦਵਾ ਸਕਣ। ਕੁੱਝ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਮਨੁੱਖ ਦੀ ਬਿਹਤਰੀ ਲਈ (Commission On Human Right) ਬਣਾਇਆ ਗਿਆ। ਜਿਸ ਵਿਚ ਆਰਟੀਕਲ-1 ਬਰਾਬਰੀ ਦਾ ਹੱਕ (Right Of Equality):

> ਸਾਰੇ ਮਨੁੱਖ ਅਜ਼ਮਤ ਅਤੇ ਹੱਕਾਂ ਦੇ ਸੰਦਰਭ 'ਚ ਜਨਮ ਤੋਂ ਹੀ ਮੁਕਤ ਅਤੇ ਸਮਾਨ ਹੁੰਦੇ ਹਨ।ਹਰ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਪੂਰਨ ਸਮਝ ਅਤੇ ਜਾਗਰੂਕਤਾ ਨਾਲ ਇੱਕ ਦੂਜੇ ਪ੍ਰਤੀ ਭਾਈਚਾਰੇ ਦੀ ਭਾਵਨਾ ਨਾਲ ਕੰਮ ਕਰਨ। All human beings are born free and equal in dignity and rights. They are endowed with reason and conscience and should act toward an another in spirit of brotherhood (ਰਣਜੀਤ ਜੀਵਨ ਕੌਰ "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖੀ ਹੱਕਾਂ ਦਾ ਨਿਰੂਪਣ" 22)

ਉਪਰੋਕਤ ਸ਼ਬਦਾਂ ਤੋਂ ਭਾਵ ਜਿਸ ਵਿਚ ਇਹ ਦਰਜ ਹੈ ਕਿ ਮਨੁੱਖ ਜਨਮ ਤੋਂ ਹੀ ਸੁਤੰਤਰ ਹੈ ਅਤੇ ਸਾਰੇ ਬਰਾਬਰ ਹਨ। ਇਸ ਵਿਚ ਕਿਤੇ ਵੀ ਇਹ ਨਹੀਂ ਲਿਖਿਆ ਗਿਆ ਕਿ ਇਹਨਾਂ ਹੱਕਾਂ ਦਾ ਹੱਕਦਾਰ ਸਿਰਫ਼ ਮਰਦ ਹੈ ਇਸਤਰੀ ਦਾ ਨਹੀਂ।

> ਇਸੀ ਪ੍ਰਕਾਰ ਆਰਟੀਕਲ-3 ਵਿਚ ਜ਼ਿੰਦਗੀ ਜਿਊਣ, ਮੁਕਤ ਜੀਵਨ ਅਤੇ ਵਿਅਕਤੀਗਤ ਸੁਰੱਖਿਆ ਦਾ ਹੱਕ (Right To life liberty and personal security) ਆਰਟੀਕਲ 3 ਵਿਚ ਵੀ ਇਹ ਦਰਜ ਹੈ ਕਿ 'ਹਰ ਇੱਕ ਨੂੰ ਜੀਵਨ, ਮੁਕਤੀ ਅਤੇ ਵਿਅਕਤੀਗਤ ਸੁਰੱਖਿਆ ਦਾ ਹੱਕ ਹੈ। (Everyone has the right to life, liberty and security of person) (ਰਣਜੀਤ ਜੀਵਨ ਕੌਰ "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖੀ ਹੱਕਾਂ ਦਾ ਨਿਰੂਪਣ" 22)

ਉਪਰੋਕਤ ਆਰਟੀਕਲ ਮੁਤਾਬਿਕ ਮਨੁੱਖ ਨੂੰ ਆਪਣੀ ਜ਼ਿੰਦਗੀ ਆਪਣੇ ਤਰੀਕੇ ਨਾਲ ਜਿਊਣ ਦਾ ਪੂਰਾ ਅਧਿਕਾਰ ਹੈ, ਪਰ ਕਿਤੇ ਵੀ ਇਹ ਨਹੀਂ ਦਰਜ ਵੀ, ਸਿਰਫ਼ ਮਰਦ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਨਾਲ ਜਿਉਂ ਸਕਦਾ ਹੈ ਔਰਤ ਨਹੀਂ।

> ਆਰਟੀਕਲ-4 ਦਾਸਤਾ ਤੋਂ ਮੁਕਤੀ (Freedom from slavery): ਇਸ ਆਰਟੀਕਲ ਵਿਚ ਕਿਸੇ ਨੂੰ ਗੁਲਾਮੀ ਜਾਂ ਦਾਸਤਾ ਅਧੀਨ ਬੰਦੀ ਨਹੀਂ ਬਣਾਇਆ ਜਾ ਸਕਦਾ, ਗ਼ੁਲਾਮੀ ਅਤੇ ਗ਼ੁਲਾਮਾਂ ਦੀ ਵੇਚ-ਖ਼ਰੀਦ ਕਿਸੇ ਵੀ ਸੂਰਤ 'ਚ ਨਹੀਂ ਕੀਤਾ ਜਾ ਸਕਦਾ।(No one shall be held in slavery or servitude, slavery and the slave trade shall be prohibited in all their forms.(ਰਣਜੀਤ ਜੀਵਨ ਕੌਰ "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖੀ ਹੱਕਾਂ ਦਾ ਨਿਰੂਪਣ" 22)

ਉਪਰੋਕਤ ਆਰਟੀਕਲ ਵਿਚ ਵੀ ਇਹ ਸਪਸ਼ਟ ਹੈ ਕਿ ਕਿਸੇ ਵੀ ਮਨੁੱਖ ਨੂੰ ਦਾਸ ਜਾਂ ਗ਼ੁਲਾਮ ਬਣਾ ਕੇ ਨਹੀਂ ਰੱਖਿਆ ਜਾ ਸਕਦਾ, ਭਾਵੇਂ ਉਹ ਇਸਤਰੀ ਹੋਵੇ ਜਾਂ ਮਰਦ, ਪ੍ਰੰਤੂ ਇਸ ਮਨੁੱਖ ਨੂੰ ਬਰਾਬਰੀ ਦਾ ਹੱਕ ਦਿਵਾਉਂਦੇ ਹਨ। ਵਿਗਿਆਨਕ ਯੁੱਗ ਵਿਚ ਸ਼ਰੇਆਮ ਇਸ ਦੀਆਂ ਧੱਜੀਆਂ ਉੱਡਦੀਆਂ ਵੇਖੀਆਂ ਜਾ ਸਕਦੀਆਂ। ਰੋਜ਼ ਅਖ਼ਬਾਰਾਂ ਵਿਚ ਦਰਜ ਖ਼ਬਰਾਂ ਇਸ ਦੀ ਮੂੰਹ ਬੋਲਦੀ ਤਸਵੀਰ ਹਨ ਕਿ ਇਹ ਸਿਰਫ਼ ਕਿਤਾਬਾਂ ਤੱਕ ਹੀ

ਸੀਮਤ ਹੈ। ਅਸਲੀ ਤਸਵੀਰ ਕੁੱਝ ਹੋਰ ਹੀ ਹੈ। ਇਹ ਆਰਟੀਕਲ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਮਨੁੱਖ ਚਾਹੇ ਔਰਤ ਹੋਵੇ ਜਾਂ ਮਰਦ ਉਹ ਬਰਾਬਰੀ ਦੇ ਹੱਕਦਾਰ ਹਨ, ਪ੍ਰੰਤੂ ਅੱਜ ਸਮਾਜ ਵਿਚ ਵਧਦੀਆਂ ਮੰਦ ਭਾਗੀਆਂ ਘਟਨਾਵਾਂ ਨੇ ਇਹਨਾਂ ਆਰਟੀਕਲ ਵਿਚ ਦਰਜ ਐਲਾਨਾਂ ਨੂੰ ਸਿਰਫ਼ ਕਿਤਾਬਾਂ ਤੱਕ ਹੀ ਸੀਮਤ ਕਰ ਦਿੱਤਾ ਹੈ। ਅਸਲੀਅਤ ਇਸ ਦੇ ਬਿਲਕੁਲ ਉਲਟ ਹੈ:

> ਕ੍ਰਿਪਾਲ ਸਿੰਘ ਬਡੂੰਗਰ ਅਨੁਸਾਰ: ਅੱਜ ਵਿੱਦਿਆ ਦੇ ਪਸਾਰ ਕਰ ਕੇ ਇਸਤਰੀ ਪੜ੍ਹ-ਲਿਖ ਕੇ ਸਮਾਜ ਵਿਚ ਮਰਦਾਂ ਦੇ ਬਰਾਬਰ ਵਿਚਰਦੀ ਹੈ। ਓਪਰੀ ਨਜ਼ਰੀ ਵੇਖਣ ਨੂੰ ਇਹ ਲੱਗਦਾ ਹੈ ਕਿ ਅੱਜ ਇਸਤਰੀ ਜਾਤੀ ਨੂੰ ਕੋਈ ਦੁੱਖ ਨਹੀਂ ਹੈ।ਉਹ ਆਜ਼ਾਦ ਹੈ ਅਤੇ ਉਸ ਦਾ ਰੁਤਬਾ ਮਰਦਾ ਵਾਂਗ ਹੀ ਹੈ। ਕਈ ਕਾਨੂੰਨ ਵੀ ਇਸਤਰੀ ਜਾਤੀ ਦੀ ਸੁਰੱਖਿਆ ਲਈ ਬਣਾਏ ਗਏ ਹਨ, ਪਰ ਅਸਲੀਅਤ ਇਹ ਹੈ ਕਿ ਇਸਤਰੀ ਦੀ ਦਸ਼ਾ ਵਿਚ ਅਜੇ ਵੀ ਕੋਈ ਖ਼ਾਸ ਸੁਧਾਰ ਨਹੀਂ ਆਇਆ। (ਅੱਛਰੂ ਸਿੰਘ ਅਤੇ ਵਾਲੀਆ (ਸੰਪਾ:) ''ਅਜੋਕੀ ਔਰਤ: ਦਸ਼ਾ ਤੇ ਦਿਸ਼ਾ'' 17)

ਇਸਤਰੀ ਤੇ ਪੁਰਸ਼ ਦੀ ਅਸਮਾਨਤਾ ਨੂੰ ਗੁਰਬਾਣੀ ਸਵੀਕਾਰ ਨਹੀਂ ਕਰਦੀ। ਗੁਰਬਾਣੀ ਅਨੁਸਾਰ ਇਸਤਰੀ ਤੇ ਪੁਰਸ਼ ਦੋਵੇਂ ਅਕਾਲ ਪੁਰਖ ਦੀ ਸੰਤਾਨ ਮੰਨੇ ਜਾਂਦੇ ਹਨ ਤੇ ਹਰ ਪੱਖੋਂ ਬਰਾਬਰੀ ਦੇ ਹੱਕਦਾਰ ਹਨ। ਗੁਰੂ ਰਾਮਦਾਸ ਜੀ ਦਾ ਕਥਨ ਹੈ:

> ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ।।
>
> ਸਭਨਾ ਕਉ ਸਨਬੰਧੁ ਹਰਿ ਕਰਿ ਦੀਏ।। (''ਗੁਰੂ ਗ੍ਰੰਥ ਸਾਹਿਬ'' 494)

ਸੀਮੋਨ ਦਾ ਬਾਓਵਰ ਅਨੁਸਾਰ: ਔਰਤ ਜੰਮਦੀ ਨਹੀਂ, ਸਗੋਂ ਉਸ ਨੂੰ ਔਰਤ ਬਣਾ ਦਿੱਤਾ ਜਾਂਦਾ ਹੈ। (ਖੇਤਾਨ( ਸੰਪਾ.) ''ਦਾ ਸੈਕੰਡ ਸੈਕਸ'' 37)

ਡਾ. ਹਰਸ਼ਿੰਦਰ ਕੌਰ ਦੀ ਪੁਸਤਕ ਚੁੱਪ ਦੀ ਚੀਖ਼ ਵਿਚ 66 ਨਿਬੰਧ ਦਰਜ ਹਨ। ਇੱਕ-ਇੱਕ ਨਿਬੰਧ ਔਰਤ ਦੀ ਸਥਿਤੀ ਦੀ ਅਸਲੀਅਤ ਪੇਸ਼ ਕਰਦਾ ਨਜ਼ਰੀ ਪੈਂਦਾ ਹੈ। 'ਚੁੱਪ ਦੀ ਚੀਖ਼' ਪੁਸਤਕ ਔਰਤਾਂ ਉੱਪਰ ਹੋ ਰਹੇ ਜ਼ੁਲਮਾਂ ਦੀ ਮੂੰਹ ਬੋਲਦੀ ਤਸਵੀਰ ਹੈ।

## 1)ਵਿਸ਼ਾ-ਵਸਤੂ ਅਤੇ ਦ੍ਰਿਸ਼ਟੀਕੋਣ:-

ਲੇਖਿਕਾ ਦੇ ਨਿਬੰਧਾਂ ਦੇ ਮੁੱਖ ਵਿਸ਼ੇ ਹਨ ਜਿਵੇਂ ੳ) ਭਰੂਣ ਹੱਤਿਆ ਅ) ਜਬਰ ਜਨਾਹ ੲ) ਨੈਤਿਕ ਕਦਰਾਂ-ਕੀਮਤਾਂ ਸ) ਤਰਕਸ਼ੀਲਤਾ ਹ) ਸਮਕਾਲੀ ਸਰੋਕਾਰ ਜਿਵੇਂ ਬਲਾਤਕਾਰ, ਤਿੜਕਦੇ ਰਿਸ਼ਤੇ, ਗਵਾਚਦੀ ਮਾਨਵਤਾ, ਗਾਇਕੀ ਵਿਚ ਵਧਦੀ ਲੱਚਰਤਾ ਆਦਿ ਹਨ। ਲੇਖਿਕਾ ਦਾ ਮੁੱਖ ਮੰਤਵ ਸਮਾਜ ਵਿਚ ਕੋਹੜ ਵਾਂਗੂੰ ਫੈਲੀਆਂ ਸਮਾਜਿਕ ਕੁਰੀਤੀਆਂ, ਜਿਵੇਂ ਭਰੂਣ ਹੱਤਿਆ, ਦਾਜ ਪ੍ਰਥਾ, ਸਰੀਰਕ ਸ਼ੋਸ਼ਣ, ਮਾਨਸਿਕ ਸ਼ੋਸ਼ਣ ਅਤੇ ਜਬਰ ਜਨਾਹ ਵਰਗੀਆਂ ਮੰਦ ਭਾਗੀਆਂ ਘਟਨਾਵਾਂ, ਜਿਹੜੀਆਂ ਸਾਡੇ ਸਮਾਜ ਨੂੰ ਘੁਣ ਵਾਂਗੂੰ ਅੰਦਰੋਂ ਅੰਦਰੀਂ ਖੋਖਲਾ ਕਰਦੀਆਂ ਨਜ਼ਰੀ ਪੈਂਦੀਆਂ ਦੀ ਅਸਲ ਤਸਵੀਰ ਪੇਸ਼ ਕਰਨਾ ਹੈ। ਲੇਖਿਕਾ ਇਹਨਾਂ ਬੁਰਾਈਆਂ ਦੇ ਕਾਰਨ ਦੱਸਣ ਦੇ ਨਾਲ-ਨਾਲ ਹੱਲ ਵੀ ਦਰਸਾਉਂਦੀ ਹੈ, ਜਿਸ ਨਾਲ ਸਮਾਜ ਨੂੰ ਸੁਚਾਰੂ ਸੇਧ ਪ੍ਰਦਾਨ ਕਰਨ ਵਿਚ ਵੀ ਲਾਭ ਹੋਵੇਗਾ। ਲੇਖਿਕਾ ਦੇ ਨਿਬੰਧਾਂ ਵਿਚ ਪੇਸ਼ ਵਿਸ਼ੇ ਹੇਠ ਲਿਖੇ ਅਨੁਸਾਰ ਹਨ।

**ੳ) ਭਰੂਣ ਹੱਤਿਆ:-** ਭਰੂਣ ਹੱਤਿਆ: ਗੈਰ ਕੁਦਰਤੀ ਤੌਰ 'ਤੇ ਭਰੂਣ ਨੂੰ ਮਾਰਨ ਦੀ ਕਿਰਿਆ ਨੂੰ ਕਿਹਾ ਜਾਂਦਾ ਹੈ। ਲੇਖਿਕਾ 'ਭਰੂਣ ਹੱਤਿਆਂ: ਇਤਿਹਾਸ, ਅੱਜ ਤੇ ਭਵਿੱਖ' ਨਿਬੰਧ ਵਿਚ ਭਰੂਣ ਹੱਤਿਆ ਦੇ ਰੂਪ ਨੂੰ ਬਿਆਨ ਕਰਦੀ ਦੱਸਦੀ ਹੈ, ਇਹ ਪ੍ਰਥਾ ਪੱਥਰ ਯੁੱਗ ਤੋਂ ਚਲਦੀ ਆ ਰਹੀ ਹੈ, ਜਿਸ ਵਿਚ ਪੱਥਰ ਯੁੱਗ ਸਮੇਂ ਦੌਰਾਨ

ਹੋਈਆਂ ਖੋਜਾਂ ਤੋਂ ਇਹ ਤੱਥ ਉੱਭਰ ਕੇ ਸਾਹਮਣੇ ਆਏ ਹਨ ਕਿ ਉਸ ਸਮੇਂ ਲੋਕ ਭੁੱਖਮਰੀ ਦੇ ਸਮੇਂ ਦੌਰਾਨ ਆਪਣੇ ਹੀ ਬੱਚਿਆਂ ਨੂੰ ਵੱਢ ਕੇ ਖਾ ਜਾਂਦੇ ਸੀ ਭਾਵੇਂ ਉਦੋਂ ਤੱਕ ਆਦਮ ਜਾਤ ਨੂੰ ਖੇਤੀ-ਬਾੜੀ ਦਾ ਢੰਗ ਨਹੀਂ ਸੀ ਆਇਆ। ਲੇਖਿਕਾ ਦੇ ਅਨੁਸਾਰ ਉਸ ਸਮੇਂ ਦੇ ਮਿਲੇ ਸਬੂਤ ਵੀ ਇਹੋ ਦਰਸਾਉਂਦੇ ਹਨ ਕਿ ਜੰਮਣ ਤੋਂ ਬਾਅਦ ਪੰਜਾਹ ਪ੍ਰਤੀਸ਼ਤ ਨਵਜੰਮੀਆਂ ਬਾਲੜੀਆਂ ਨੂੰ, ਉਨ੍ਹਾਂ ਦੇ ਮਾਪੇ ਮਾਰ ਕੇ ਖ਼ੁਰਾਕ ਦੀ ਕਮੀ ਪੂਰੀ ਕਰਦੇ ਸੀ। ਉਸ ਸਮੇਂ ਵੀ ਨਰ ਬੱਚੇ ਨੂੰ ਹੀ ਅਹਿਮੀਅਤ ਦਿੱਤੀ ਜਾਂਦੀ ਸੀ ਕਿਉਂਕਿ ਉਸ ਸਮੇਂ ਰੋਜ਼ੀ-ਰੋਟੀ ਕਮਾਉਣ ਦਾ ਸਾਧਨ ਸ਼ਿਕਾਰ ਸੀ ਤੇ ਨਰ ਨੇ ਹੀ ਜੰਗਲਾਂ ਵਿਚ ਜਾਣਾ ਹੁੰਦਾ ਸੀ। ਉਸ ਸਮੇਂ ਦੇ ਮਰਦਾਂ ਦੀ ਗਿਣਤੀ ਔਰਤਾਂ ਦੀ ਗਿਣਤੀ ਦੇ ਮੁਕਾਬਲੇ ਤਿੰਨ ਗੁਣਾ ਵੱਧ ਮਿਲੀ। ਲੇਖਿਕਾ ਉਸ ਸਮੇਂ ਹੋਈ ਗੀਜ਼ਰ ਵਿਚਲੀ ਖ਼ੁਦਾਈ ਬਾਰੇ ਦੱਸਦੀ ਹੈ:

> ਗੀਜ਼ਰ ਵਿਚਲੀ ਖ਼ੁਦਾਈ ਵਿਚ ਜਿੱਥੇ ਬੇਬੀਲੋਨੀਅਨ ਰੱਬੀ ਅਵਤਾਰ ਨੂੰ ਖ਼ੁਸ਼ ਕਰਨ ਲਈ ਨਿੱਕੇ ਬੱਚੇ ਵੱਡੀ ਮਾਤਰਾ ਵਿਚ ਵੱਢੇ ਗਏ ਸਨ। ਤਿੰਨ ਹਜ਼ਾਰ ਨਿੱਕੇ ਬੱਚਿਆਂ ਦੀਆਂ ਹੱਡੀਆਂ ਬੁੱਚੜਾਂ ਵਾਂਗ ਵੱਢੀਆਂ ਮਿਲੀਆਂ ਸਨ, ਜਿਨ੍ਹਾਂ ਵਿਚੋਂ ਬਹੁਤੀਆਂ ਕੁੜੀਆਂ ਦੀਆਂ ਸਨ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''21)

> ਇਸੀ ਪ੍ਰਕਾਰ ਗਰੀਸ ਦੇ ਕੁੱਝ ਹਿੱਸਿਆਂ ਵਿਚ ਤਾਂ ਨਵ ਜੰਮਿਆਂ ਬੱਚਾ ਮਾਂ ਵੱਲੋਂ ਪਿਉ ਨੂੰ ਵਿਖਾਇਆ ਜਾਂਦਾ ਸੀ ਤੇ ਪਿਓ ਨੂੰ ਸ਼ਕਲ ਪਸੰਦ ਆਉਂਦੀ ਤਾਂ ਬੱਚਾ ਰੱਖਿਆ ਜਾਂਦਾ ਸੀ ਨਹੀਂ ਤਾਂ ਮਾਰ ਦਿੱਤਾ ਜਾਂਦਾ ਸੀ। ਇਨ੍ਹਾਂ ਵਿਚ ਟਾਂਵਾਂ ਹੀ ਬੱਚਾ ਨਰ ਹੁੰਦਾ ਸੀ ਵਰਨਾ ਬਾਕੀ ਤਾਂ ਸਾਰੀਆਂ ਕੁੜੀਆਂ ਹੀ ਹੁੰਦੀਆਂ ਸਨ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''22)

ਇਸ ਪ੍ਰਕਾਰ ਉਸ ਸਮੇਂ ਬੜੇ ਹੀ ਖ਼ੂਬਸੂਰਤ ਢੰਗ ਦੇ ਨਾਲ ਲੋਕ ਆਪਣੇ ਮਨ ਉੱਤੇ ਪਏ ਬੋਝ ਪਾਏ ਬਿਨਾਂ ਬਾਲੜੀ ਨੂੰ ਕਿਨਾਰੇ ਕਰ ਦਿੱਤਾ ਜਾਂਦਾ ਕਿਉਂਕਿ ਨਵਜੰਮੇ ਪਿਤਾ ਨੂੰ ਬੱਚਾ ਪਸੰਦ ਨਹੀਂ ਆਇਆ। ਇਤਿਹਾਸਕ ਖੋਜਾਂ ਵਿਚੋਂ ਅਜਿਹੀਆਂ ਹਜ਼ਾਰਾਂ ਖੋਜਾਂ, ਹਜ਼ਾਰਾਂ ਹਵਾਲੇ ਮਿਲਦੇ ਹਨ, ਜਿਨ੍ਹਾਂ ਵਿਚ ਇਹ ਦੇਖਿਆ

ਜਾ ਸਕਦਾ ਹੈ ਕਿ ਕਿਸ ਪ੍ਰਕਾਰ ਇਹ ਭਰੂਣ ਹੱਤਿਆ ਨੂੰ ਵੱਖ-ਵੱਖ ਢੰਗਾਂ ਦੇ ਨਾਲ ਅੰਜਾਮ ਦਿੱਤਾ ਜਾਂਦਾ ਸੀ। ਸਟੀਵਨ ਮੈਸ਼ਰ ਨੇ 1998 ਵਿਚ ਦੱਸਿਆ:

> ਪੁਰਾਣੇ ਸਮਿਆਂ ਵਿਚ ਚੀਨ ਵਿਚ ਬੱਚਾ ਜੰਮਣ ਵੇਲੇ ਮਾਂ ਦੇ ਨਾਲ ਹੀ ਇੱਕ ਠੰਢੇ ਪਾਣੀ ਦੀ ਬਾਲਟੀ ਰੱਖ ਦਿੱਤੀ ਜਾਂਦੀ ਸੀ, ਜੇ ਮੁੰਡਾ ਜੰਮਦਾ ਤਾਂ ਮਾਂ ਦੀ ਛਾਤੀ ਨਾਲ ਲਾ ਦਿੱਤਾ ਸੀ, ਪਰ ਜੇ ਕੁੜੀ ਜੰਮਦੀ ਤਾਂ ਉਸ ਮਾਂ ਨੂੰ ਵਿਖਾਏ ਬਗੈਰ ਪਾਣੀ ਦੀ ਬਾਲਟੀ ਵਿਚ ਡੁੱਬੋ ਕੇ ਰੱਖ ਦਿੱਤੀ ਜਾਂਦੀ ਸੀ। ਇਹ ਪ੍ਰਥਾ ਇੰਨੀ ਜ਼ਿਆਦਾ ਪ੍ਰਚਲਿਤ ਸੀ ਕਿ ਇਸ ਨੂੰ ਰੋਕਣ ਲਈ 1943 ਵਿਚ ਸਰਕਾਰੀ ਕਾਨੂੰਨ ਬਣਾਉਣਾ ਪੈ ਗਿਆ ਸੀ। ਮਿਲਨਰ ਨੇ ਅਜਿਹਾ ਕੁੱਝ ਭਾਰਤ ਅੰਦਰ ਵਾਪਰਦਾ ਦੱਸਿਆ। ਫ਼ਰਕ ਸਿਰਫ਼ ਏਨਾ ਸੀ ਕਿ ਭਾਰਤ ਵਿਚ ਪਾਣੀ ਦੀ ਬਜਾਏ ਦੁੱਧ ਦੀ ਬਾਲਟੀ ਰੱਖੀ ਜਾਂਦੀ ਸੀ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼' 28)

ਇਹ ਸਾਰੇ ਤੱਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪੱਥਰ ਯੁੱਗ ਤੋਂ ਇਹ ਪਰੰਪਰਾ ਲੋਕਾਂ ਨੇ ਬਣਾਈ ਹੈ। ਅੱਜ ਇਸ ਦਾ ਸਿਰਫ਼ ਰੂਪ ਹੀ ਬਦਲਿਆ ਹੈ ਇਹ ਜੜ ਤੋਂ ਖ਼ਤਮ ਨਹੀਂ ਹੋਈ:

> ਸੰਨ 2010 ਵਿਚ ਜਿੰਨੀਆਂ ਕੁ ਗਰਭਵਤੀ ਔਰਤਾਂ ਰਜਿਸਟਰ ਹੋਈਆਂ, ਉਨ੍ਹਾਂ ਵਿਚੋਂ ਪੀ.ਐਨ.ਡੀ.ਈ.ਸੈੱਲ ਮੁਤਾਬਿਕ ਜਿੰਨੇ ਗਰਭ ਪੂਰ ਚੜ੍ਹੇ, ਉਨ੍ਹਾਂ ਦਾ ਰਿਕਾਰਡ ਕੱਢਿਆ ਗਿਆ। ਅੰਕੜੇ ਬੜੇ ਭਿਆਨਕ ਸਨ, ਇਸ ਲਈ ਜਨਤਕ ਕੀਤੇ ਗਏ, ਕਿਉਂਕਿ ਸਿਰਫ਼ ਰਜਿਸਟਰਡ ਗਰਭਵਤੀ ਔਰਤਾਂ ਦੇ ਢਿੱਡਾਂ ਵਿਚੋਂ ਹੀ 75,000 ਮਾਦਾ ਭਰੂਣ ਗ਼ਾਇਬ ਹੋ ਗਏ ਸਨ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 32)

ਹਜ਼ਾਰਾਂ ਕਾਨੂੰਨ ਦੁਨੀਆ ਭਰ ਵਿਚ ਭਰੂਣ ਨੂੰ ਰੋਕਣ ਵਾਸਤੇ ਬਣਾਏ ਹੋਣ, ਪਰ ਪਹਿਲਾਂ ਵੀ ਸਭ ਕੁੱਝ ਚੱਲਦਾ ਰਿਹਾ ਸੀ ਤੇ ਅੱਜ ਵੀ ਚੱਲ ਰਿਹਾ ਹੈ। ਲੇਖਿਕਾ ਇਸ ਗੱਲ ਦੀ ਹਾਮੀ ਭਰਦੀ ਹੈ, ਉਨ੍ਹਾਂ ਕਾਰਨਾਂ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ ਕਿ ਜਿਹੜੇ ਭਰੂਣ ਹੱਤਿਆ ਨੂੰ ਉਕਸਾਉਂਦੇ ਹਨ:

> ਔਰਤ ਜਾਤ ਨੂੰ ਮਰਦ ਨਾਲ ਬਰਾਬਰੀ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ। ਜਦ ਤੱਕ ਔਰਤ ਘਰੇਲੂ ਹਿੰਸਾ ਆਪਸੀ ਦੁਸ਼ਮਣੀ ਦਾ ਸ਼ਿਕਾਰ, ਜਿਸਮਾਨੀ ਵਧੀਕੀਆਂ ਦਾ ਸ਼ਿਕਾਰ ਅਤੇ ਜਬਰ ਜਨਾਹ ਵਰਗੇ ਸ਼ਿਕੰਜਿਆਂ ਵਿਚ ਫਸੀ ਰਹੇਗੀ। ਉਦੋਂ ਤੱਕ ਉਸ ਨੂੰ ਬਰਾਬਰੀ ਦਾ ਦਰਜਾ ਦਿੱਤੇ ਜਾਣ ਦੀ ਗੱਲ ਸਿਰਫ਼ ਮਜ਼ਾਕ ਹੀ ਗਿਣੀ ਜਾਣੀ ਚਾਹੀਦੀ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''34)

> ਗੁਰਦੀਸ਼ ਕੌਰ ਅਨੁਸਾਰ: ਔਰਤ ਰਿਸ਼ਤਿਆਂ ਦੇ ਦਾਇਰੇ ਵਿਚ ਸੁਰੱਖਿਅਤ ਨਹੀਂ ਹੈ। ਅਸੀਂ ਹਰ ਰੋਜ਼ ਅਪਰਾਧ ਦੇ ਵੱਖ-ਵੱਖ ਰੂਪ ਦੇਖਦੇ ਹਾਂ। ਅਜਿਹੀ ਮੁਟਿਆਰ ਕੁੜੀ, ਜੋ ਕਿਸੇ ਵੀ ਰਿਸ਼ਤੇ ਨਾਲ ਪ੍ਰਭਾਸ਼ਿਤ ਨਾ ਹੁੰਦੀ ਹੋਵੇ, ਉਸ ਦਾ ਭਵਿੱਖ ਕੀ ਹੋਵੇਗਾ? ਇਸ ਬਾਰੇ ਕਿਆਸ ਲਗਾਉਣਾ ਵੀ ਜ਼ਰੂਰੀ ਹੈ। ਮੈਂ ਉਸ ਸਮਾਜ ਦੀ ਗੱਲ ਕਰ ਰਹੀ ਹਾਂ, ਜਿਸ ਵਿਚ ਸਭ ਤੋਂ ਵੱਧ ਭਰੂਣ ਹੱਤਿਆ ਹੋ ਰਹੀ ਹੈ। ਮੈਂ ਉਨ੍ਹਾਂ ਪਰਿਵਾਰਾਂ ਦੀ ਗੱਲ ਕਰ ਰਹੀ ਹਾਂ, ਜਿਨ੍ਹਾਂ ਵਿਚ ਮੁੰਡਿਆਂ ਅਤੇ ਕੁੜੀਆਂ ਦਾ ਅਨੁਪਾਤ ਵਿਗੜਦਾ ਜਾ ਰਿਹਾ ਹੈ ,ਪਰ ਕੋਈ ਚੇਤਨਾ ਨਹੀਂ ਹੈ। ਮੈਂ ਉਨ੍ਹਾਂ ਮਾਪਿਆਂ ਦੀ ਵੀ ਗੱਲ ਕਰ ਰਹੀ ਹਾਂ ਜਿਨ੍ਹਾਂ ਨੂੰ ਕੇਵਲ ਮੁੰਡਿਆਂ ਦੇ ਵਿਆਹੇ ਜਾਣ ਲਈ ਕੁੜੀਆਂ ਉਪਲਬਧ ਕਰਵਾਉਣ ਦਾ ਫ਼ਿਕਰ ਹੈ। ਮੈਂ ਉਸ ਵਾਤਾਵਰਣ ਦੀ ਗੱਲ ਵੀ ਕਰ ਰਹੀ ਹਾਂ ਜਿਸ ਨੇ ਅਜੇ ਤੱਕ ਔਰਤ ਨਾਲ ਸਿਰਫ਼ ਸੌਣਾ ਹੀ ਸਿੱਖਿਆ ਹੈ ਜਾਗਣਾ ਨਹੀਂ। ਮੈਂ ਸੋਚਦੀ ਹਾਂ ਕਿ ਇਹ ਪੰਘੂੜੇ ਪਈਆਂ ਬੱਚੀਆਂ, ਜਦੋਂ ਜਵਾਨ ਹੋਣਗੀਆਂ ਤਾਂ ਇਹਨਾਂ ਲਈ ਧਰਤੀ ਦਾ

> ਕਿਹੜਾ ਕੋਨਾ ਸੁਰੱਖਿਅਤ ਹੋਵੇਗਾ? ਇਹਨਾਂ ਨੂੰ ਕਿਹੜਾ ਸਮਾਜ, ਇਹਨਾਂ ਦੇ ਹਿੱਸੇ ਦੀ ਧਰਤ ਦਿਵਾ ਸਕੇਗਾ। (ਅੱਛਰੂ ਸਿੰਘ ਅਤੇ ਵਾਲੀਆ (ਸੰਪਾ:) ''ਅਜੋਕੀ ਔਰਤ: ਦਸ਼ਾ ਤੇ ਦਿਸ਼ਾ'' 121)

ਜਿੰਨੀ ਦੇਰ ਤੱਕ ਇੱਕ ਔਰਤ ਨੂੰ ਇਨ੍ਹਾਂ ਉਲਝਣਾਂ ਚੋਂ ਬਾਹਰ ਨਾ ਕੱਢਿਆ ਗਿਆ, ਓਨੀ ਦੇਰ ਤੱਕ ਬਰਾਬਰੀ ਦੀ ਗੱਲ ਤਾਂ ਬਹੁਤ ਦੂਰ ਹੈ। ਭਰੂਣ ਹੱਤਿਆ ਨੂੰ ਰੋਕਣ ਲਈ ਲੇਖਿਕਾ ਇੱਕ ਡਾਕਟਰੀ ਪੇਸ਼ੇ ਚੋਂ ਹੋਣ ਕਾਰਨ ਰਾਇ ਵੀ ਦਿੰਦੀ ਹੈ:

> ਨਿਰੋਧ ਜਾਂ ਗਰਭ ਰੋਕੂ ਗੋਲੀਆਂ ਆਦਿ ਵਰਤਣ ਦੀ ਰਾਇ ਵੀ ਦਿੰਦੀ ਹੈ, ਜਿਸ ਨਾਲ ਕੁੱਝ ਹੱਦ ਤੱਕ ਭਰੂਣ ਹੱਤਿਆ ਤੇ ਠੱਲ੍ਹ ਪਾਈ ਜਾ ਸਕਦੀ ਹੈ। ਖ਼ਾਸਕਰ ਉਹ ਜਿਹੜੇ ਨਾਜਾਇਜ਼ ਸੰਬੰਧਾਂ ਰਾਹੀਂ ਹੋ ਰਹੀ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 34)

ਹਜ਼ਾਰਾਂ ਹੋ ਰਹੇ ਪ੍ਰੋਗਰਾਮ, ਲੈਕਚਰ, ਸਰਕਾਰੀ ਏਜੰਡੇ ਕਾਨੂੰਨ ਮਾਦਾ ਭਰੂਣ ਹੱਤਿਆਵਾਂ ਨੂੰ ਨਹੀਂ ਰੋਕ ਸਕਦੇ, ਕਿਉਂਕਿ ਪੱਥਰ ਯੁੱਗ ਤੋਂ ਲੈ ਕੇ ਜੇਕਰ ਹੁਣ ਤੱਕ ਝਾਤ ਪਾਈਏ ਤਾਂ ਇਹ ਸਭ ਬੇਅਸਰ ਹਨ। ਜਿੰਨੀ ਦੇਰ ਤੱਕ ਔਰਤਾਂ ਆਰਥਿਕ ਪੱਖੋਂ ਮਜ਼ਬੂਤ ਨਹੀਂ ਹੋਣਗੀਆਂ। ਹਰ ਸਲਾਹ ਮਸ਼ਵਰੇ ਵਿਚ ਇਸਤਰੀ ਨੂੰ ਬਣਦਾ ਦਰਜਾ ਦਿੱਤਾ ਨਹੀਂ ਜਾਵੇਗਾ, ਇਹ ਗੱਲਾਂ ਓਨੀ ਦੇਰ ਤੱਕ ਸਿਰਫ਼ ਕਾਗ਼ਜ਼ਾਂ ਵਿਚ ਦੱਬ ਕੇ ਰਹਿ ਜਾਣਗੀਆਂ। ਆਪਣੇ ਹੱਕਾਂ ਲਈ ਲੜਨਾ ਆਪ ਹੀ ਪਵੇਗਾ। ਲੇਖਿਕਾ ਅਨੁਸਾਰ ਲੋੜ ਇਸ ਗੱਲ ਦੀ ਹੈ:

> ਸਭ ਤੋਂ ਅਹਿਮ ਗੱਲ ਆਉਣ ਵਾਲੀ ਪੀੜ੍ਹੀ ਉੱਤੇ ਪੂਰੀ ਤਰ੍ਹਾਂ ਧਿਆਨ ਦੇਣਾ। ਸੋਚ ਬਦਲਣ ਵਾਸਤੇ ਅਤੇ ਉਸਾਰੂ ਬੀਜ ਬੀਜਣ ਲਈ ਨਿੱਕੇ ਬੱਚਿਆਂ ਦੇ ਦਿਮਾਗ਼ਾਂ ਵਿਚਲੇ ਵਿਚਾਰ ਬਦਲਣ ਦੀ ਲੋੜ ਹੁੰਦੀ ਹੈ। ਸਕੂਲਾਂ ਵਿਚ ਬੱਚਿਆਂ ਦੇ ਪਾਠਕ੍ਰਮ ਵਿਚ ਇਸ ਦੇ ਮਾੜੇ ਨਤੀਜਿਆਂ ਬਾਰੇ ਜਾਗਰੂਕ ਕੀਤਾ ਜਾਏ ਤਾਂ, ਜੋ ਉਨ੍ਹਾਂ ਵਿਚੋਂ ਬਹੁਗਿਣਤੀ, ਇਸ ਤਰ੍ਹਾਂ ਦੇ

ਕਤਲਾਂ ਦੇ ਵਿਰੁੱਧ ਆਵਾਜ਼ ਚੁੱਕਣ ਜੋਗੇ ਬਣ ਜਾਣ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''34-35)

ਦਲੀਪ ਕੌਰ ਟਿਵਾਣਾ ਅਨੁਸਾਰ: ਔਰਤ ਦੀ ਸਥਿਤੀ ਬਦਲਣ ਲਈ ਉਸ ਸਥਿਤੀ ਦੇ ਕਾਰਨ ਸਮਝਣੇ ਪੈਣਗੇ, ਕੰਨਟੈਂਪਲੇਟ ਕਰਨੀ ਪਵੇਗੀ। ਇਹ ਸਥਿਤੀ ਨਾ ਰੋ ਕੇ ਬਦਲਣੀ ਹੈ, ਨਾ ਹੀ ਤਰਸ ਮੰਗ ਕੇ ਤੇ ਨਾ ਹੀ ਕਾਨਫ਼ਰੰਸਾਂ ਉੱਪਰ ਭਾਸ਼ਣਾਂ ਨਾਲ, ਸਗੋਂ ਔਰਤ ਦੇ ਆਪ ਤਕੜੀ ਹੋਣ ਨਾਲ ਹੀ ਬਦਲੇਗੀ। ਇਸ ਵਿਚ ਮਰਦ ਨੂੰ ਔਰਤ ਦੀ ਮਦਦ ਕਰਨੀ ਪਵੇਗੀ ਤਾਂ ਜੋ ਆਪਣੇ ਬੱਚਿਆਂ ਦੇ ਭਵਿੱਖ ਲਈ ਉਹ ਕੋਈ ਵਧੀਆ ਰੋਲ ਅਦਾ ਕਰ ਸਕੇ। (ਅੱਛਰੂ ਸਿੰਘ ਅਤੇ ਵਾਲੀਆ (ਸੰਪਾ) ''ਅਜੋਕੀ ਔਰਤ:ਦਸ਼ਾ ਤੇ ਦਿਸ਼ਾ'' 45)

ਬੱਚੇ ਦਾ ਬਚਪਨ ਇੱਕ ਅਜਿਹੇ ਕੱਚੇ ਘੜੇ ਦੀ ਤਰ੍ਹਾਂ ਹੁੰਦਾ ਹੈ, ਜਿਸ ਨੂੰ ਕਿਸੇ ਵੀ ਸਾਂਚੇ ਵਿਚ ਢਾਲਿਆ ਜਾ ਸਕਦਾ ਹੈ। ਇਸਤਰੀ ਨੂੰ ਕਿਸ ਤਰ੍ਹਾਂ ਮਾਨ-ਸਨਮਾਨ ਦੇਣਾ ਹੈ, ਚਾਹੇ ਉਹ ਕਿਸੇ ਦੀ ਧੀ, ਭੈਣ ਜਾਂ ਮਾਂ ਹੋਵੇ, ਉਸ ਦੀ ਸਿੱਖਿਆ ਬੱਚਿਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ। ਓਨੀ ਦੇਰ ਤੱਕ ਕੋਈ ਕਾਨੂੰਨ, ਕੋਈ ਧਾਰਮਿਕ ਹੁਕਮਨਾਮੇ ਜਾਂ ਸਰਕਾਰੀ ਏਜੰਡੇ ਭਰੂਣ ਹੱਤਿਆ ਨੂੰ ਨਹੀਂ ਰੋਕ ਸਕਣਗੇ, ਲੋੜ ਹੈ ਅਜਿਹੇ ਮਾਹੌਲ ਨੂੰ ਸਿਰਜਣ ਦੀ, ਜਿੱਥੇ ਔਰਤ ਨੂੰ ਬਰਾਬਰ ਦਾ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ, ਉੱਥੇ ਔਰਤ ਆਪ ਹੀ ਆਪਣੀ ਧੀ ਦੇ ਹੱਕਾਂ ਉੱਤੇ ਪਹਿਰਾ ਦੇਣ ਜੋਗੀ ਹੋਵੇ ਉੱਥੇ, ਫਿਰ ਕਦੇ ਵੀ ਭਰੂਣ ਹੱਤਿਆ ਨਹੀਂ ਹੋਵੇਗੀ:

ਫ਼ੈਸ਼ਨ ਵੀ ਬਦਲ ਕੇ ਦੁਬਾਰਾ ਪੁਰਾਣੇ ਆਉਂਦੇ ਰਹਿੰਦੇ ਹਨ। ਧੀਆਂ ਦੀ ਘਾਟ ਹਰ ਸਦੀ ਵਿਚ ਆਉਂਦੀ ਰਹੀ ਹੈ ਤੇ ਉਸ ਸਮੇਂ ਵੀ ਸੁਹਿਰਦ ਲੋਕਾਂ ਦੀ ਜੱਦੋ-ਜਹਿਦ ਸਦਕਾ ਧੀਆਂ ਜੰਮਦੀਆਂ ਰਹੀਆਂ ਹਨ ਹੁਣ ਵੀ ਬਦਲਾਓ ਜ਼ਰੂਰ ਆਏਗਾ। ਜੋ ਹੋਣਾ ਸੀ ਹੋ ਚੁੱਕਿਆ, ਹੋਰ ਨਾ

> ਅਣਹੋਣੀਆਂ ਹੋਣਗੀਆਂ। ਹੁਣ ਸ਼ੇਰਨੀਆਂ ਪੰਜਾਬ ਦੀਆਂ, ਰਾਖਸ਼ਾਂ ਨੂੰ ਰੱਸੇ ਪਾਉਣਗੀਆਂ।
> (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 36)

'ਭਰੂਣ ਹੱਤਿਆ ਦੀ ਨਵੀਂ ਸਿਖਰ' ਨਿਬੰਧ ਵਿਚ ਲੇਖਿਕਾ ਆਖਦੀ ਹੈ, ਹਰ ਔਰਤ ਨੂੰ ਸ਼ੇਰਨੀ ਬਣਨ ਦੀ ਆਪਣੇ ਹੱਕਾਂ ਦੇ ਖ਼ੁਦ ਸ਼ੇਰਨੀ ਬਣ ਕੇ ਪਹਿਰਾ ਦੇਣ ਦੀ। ਆਪ ਹੀ ਆਪਣੇ ਬਲ ਦੇ ਸਹਾਰੇ ਆਪਣਾ ਹੱਕ ਲੈਣਾ ਪਵੇਗਾ:

> ਜਿਵੇਂ ਪੱਧਰੀਆਂ ਸੜਕਾਂ ਤੇ ਕਾਰ ਚਲਾਉਣ ਵਾਲੇ ਵਧੀਆ ਚਾਲਕ ਨਹੀਂ ਬਣ ਸਕਦੇ। ਸ਼ਾਂਤ ਸਮੁੰਦਰ ਵਿਚ ਤੈਰਨ ਵਾਲੇ ਕਦੀ ਵਧੀਆ ਤੈਰਾਕ ਨਹੀਂ ਬਣ ਸਕਦੇ, ਉਸੀ ਤਰ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨ ਤੋਂ ਬਗ਼ੈਰ ਹਿੰਮਤ ਵਾਲਾ ਇਨਸਾਨ ਵੀ ਨਹੀਂ ਬਣਿਆ ਜਾ ਸਕਦਾ।
> (ਹਰਸ਼ਿੰਦਰ ''ਚੁੱਪ ਦੀ ਚੀਖ਼''48)

ਹਿੰਮਤ ਖ਼ੁਦ ਹੀ ਅੰਦਰੋਂ ਜਗਾਉਣੀ ਪਵੇਗੀ। ਆਪ ਹੀ ਆਪਣੇ ਹੱਕਾਂ ਤੇ ਪਹਿਰਾ ਦੇਣਾ ਪਵੇਗਾ। ਇਸਤਰੀ ਦਾ ਨਿੱਜ, ਜਦੋਂ ਤੱਕ ਗਤੀਸ਼ੀਲਤਾ ਨਾਲ ਪੇਚੀਦਾ ਚੁਨੌਤੀਆਂ ਦਾ ਸਾਹਮਣਾ ਕਰ ਕੇ ਹੱਲ ਨਹੀਂ ਲੱਭਦੀ, ਉਦੋਂ ਤੱਕ ਉਸ ਦਾ ਕਲਿਆਣ ਸੰਭਵ ਨਹੀਂ।ਲੇਖਿਕਾ ਆਉਣ ਵਾਲੇ ਭਵਿੱਖ ਦਾ ਸ਼ੀਸ਼ਾ ਵੀ ਸਾਡੀ ਨਜ਼ਰੀ ਕਰਦੀ ਹੈ। ਇੱਕੀਵੀਂ ਸਦੀ ਵਿਚ ਵੀ ਦੁਨੀਆ ਭਰ ਵਿਚ ਹਰ ਇੱਕ ਮਿੰਟ ਵਿਚ ਚਾਰ ਮਾਦਾ ਭਰੂਣਾ ਨੂੰ ਜਨਮ ਲੈਣ ਤੋਂ ਪਹਿਲਾਂ ਕਤਲ ਕੀਤਾ ਜਾ ਰਿਹਾ ਹੈ। ਲੇਖਿਕਾ ਅਜੋਕੇ ਸਮਾਜ ਦਾ ਸਿਰਫ਼ ਸ਼ੀਸ਼ਾ ਹੀ ਨਹੀਂ ਦਿਖਾਉਂਦੀ, ਬਲਕਿ ਸਮਾਜਿਕ ਕੁਰੀਤੀ ਖ਼ਿਲਾਫ਼ ਆਉਣ ਵਾਲੇ ਭਵਿੱਖਤ ਨਤੀਜਿਆਂ ਪ੍ਰਤੀ ਮਾਰਗ ਵੀ ਦਿਖਾਉਂਦੀ ਹੈ ਕਿ ਜੇਕਰ ਭਰੂਣ ਹੱਤਿਆ ਤੇ ਠੱਲ੍ਹ ਨਾ ਪਾਈ ਗਈ ਤਾਂ ਇਸ ਦੇ ਨਤੀਜੇ ਬਹੁਤ ਭਿਅੰਕਰ ਰੂਪ ਧਾਰਨ ਕਰਨਗੇ:

ਕੁੜੀਆਂ ਦੀ ਲਗਾਤਾਰ ਘਟਦੀ ਗਿਣਤੀ ਜਿਸਮਾਨੀ ਲੋੜਾਂ ਪੂਰੀਆਂ ਕਰਨ ਵਾਲਿਆਂ ਵੱਲੋਂ ਕੀ ਕਹਿਰ ਬਰ ਪਾਏਗੀ। ਇਸ ਦਾ ਸੌਖਿਆਂ ਹੀ ਕਿਆਸ ਲਾਇਆ ਜਾ ਸਕਦਾ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 47)

ਔਰਤ ਸਦੀਆਂ ਤੋਂ ਘਰ ਦੀ ਚਾਰ-ਦੀਵਾਰੀ ਵਿਚ 'ਕੈਦ' ਰਹੀ ਹੈ, ਪਰ ਸੁਰੱਖਿਅਤ ਵੀ ਰਹੀ ਹੈ। ਉਹ ਘਰੇਲੂ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਖਚਿਤ ਰਹੀ ਹੈ, ਪਰ ਸਰੀਰਕ ਖ਼ਤਰਿਆਂ ਤੋਂ ਸਦਾ ਬਚੀ ਵੀ ਰਹੀ ਹੈ। ਉਸ ਨੂੰ ਬਹੁਤੀ ਆਜ਼ਾਦੀ ਨਹੀਂ ਦਿੱਤੀ ਗਈ, ਪਰ ਉਸ ਤੋਂ ਸਖ਼ਤ ਘਾਲਣਾ ਵਾਲੇ ਕੰਮ ਵੀ ਨਹੀਂ ਕਰਵਾਏ ਗਏ।ਉਸ ਨੂੰ ਗਿਆਨਵਾਨ ਨਹੀਂ ਹੋਣ ਦਿੱਤਾ ਗਿਆ, ਪਰ ਉਸ ਨੂੰ ਭੈੜੀਆਂ ਗੱਲਾਂ ਦੀ ਅਗਿਆਨਤਾ ਦੇ ਸੁਖ ਜ਼ਰੂਰ ਪ੍ਰਾਪਤ ਹੁੰਦੇ ਰਹੇ ਹਨ। ਔਰਤਾਂ ਨੂੰ ਘੁੰਮਣ ਫਿਰਨ ਦੀ ਆਜ਼ਾਦੀ ਨਹੀਂ ਦਿੱਤੀ ਗਈ, ਪਰ ਇਸੇ ਕਰ ਕੇ ਉਹ ਹਿੱਸਾ, ਬਲਾਤਕਾਰ ਅਤੇ ਆਪਣੇ ਵਿਰੁੱਧ ਹੋਣ ਵਾਲੇ ਹੋਰ ਅਪਰਾਧਾਂ ਤੋਂ ਬਚੀ ਵੀ ਰਹੀ ਹੈ। (ਕਪੂਰ ''ਵਿਆਖਿਆ ਵਿਸ਼ਲੇਸ਼ਣ'' 167)

ਸਮਾਜ ਵਿਚ ਬਦਲਦੀਆਂ ਪ੍ਰਸਥਿਤੀਆਂ ਨੇ ਔਰਤ ਨੂੰ ਦੋਹਰੀ ਜ਼ਿੰਦਗੀ ਜਿਊਣ ਲਈ ਮਜਬੂਰ ਵੀ ਕੀਤਾ ਹੈ। ਵਧਦੀ ਮਹਿੰਗਾਈ ਨੇ ਘਰ ਦੀਆਂ ਵਧਦੀਆਂ ਜ਼ਰੂਰਤਾਂ ਦੀ ਪੂਰਤੀ ਕਰਦਿਆਂ, ਉਸ ਦੀ ਆਪਣੀ ਹੋਂਦ ਗਵਾਚ ਗਈ ਹੈ, ਜਿਸ ਨੂੰ ਤਲਾਸ਼ ਦੀ ਜ਼ਰੂਰਤ ਹੈ। ਲੋੜ ਹੈ ਆਪਣਿਆਂ ਬੱਚਿਆਂ ਵਿਚ ਕਦਰਾਂ-ਕੀਮਤਾਂ ਨੂੰ ਭਰਨ ਦੀ, ਸੋਚ ਨੂੰ ਉੱਚਾ ਕਰਨ ਦੀ ਨਹੀਂ ਤਾਂ ਉਹ ਸਮਾਂ ਦੂਰ ਨਹੀਂ, ਜਦੋਂ ਦੋ ਤਿਆਹੀ ਮੁੰਡੇ ਅਗਲੇ ਪੰਦਰਾਂ ਸਾਲਾਂ ਵਿਚ ਕੁਆਰੇ ਰਹਿ ਜਾਣਗੇ।

**ਅ) ਜਬਰ ਜਨਾਹ:-** ਜਬਰ ਜਨਾਹ ਇੱਕ ਭਿਆਨਕ ਰੋਗ ਹੈ, ਜਿਹੜਾ ਸਮਾਜ ਦੇ ਲੋਕਾਂ ਦੀਆਂ ਨਸਾਂ ਵਿਚ ਖ਼ੂਨ ਵਾਂਗ ਰਚਿਆ ਹੋਇਆ ਹੈ। ਜਿਸ ਵਿਚ ਵੱਖ-ਵੱਖ ਸਰਕਾਰਾਂ ਦੁਆਰਾ ਬਣਾਏ ਗਏ ਨਿਯਮ ਵੀ ਕਈ ਵਾਰੀ ਖੋਖਲੇ

ਨਜ਼ਰੀ ਪੈਂਦੇ ਹਨ। ਵਿਸ਼ਵ ਦੇ ਹਰ ਕੋਨੇ ਵਿਚ ਜਿੱਥੇ ਵੀ ਔਰਤ ਵੱਸਦੀ ਹੈ, ਉਨ੍ਹਾਂ ਨੂੰ ਖ਼ੁਦ ਹੀ ਇਕੱਠੇ ਹੋ ਕੇ ਜ਼ੁਲਮ ਵਿਰੁੱਧ ਆਵਾਜ਼ ਉਠਾਉਣੀ ਪਵੇਗੀ ਕਿਉਂਕਿ ਇੱਕ ਔਰਤ ਵਿਚ ਉਹ ਸ਼ਕਤੀ ਬਿਰਾਜਮਾਨ ਹੈ, ਜਿਹੜੀ ਸ਼ਾਇਦ ਕਿਸੇ ਹੋਰ ਵਿਚ ਨਹੀਂ। ਜਬਰ ਜਨਾਹ ਕਈ ਰੂਪਾਂ ਵਿਚ ਵਰਤਦਾ ਹੈ, ਜਿਵੇਂ ਜ਼ਬਰਦਸਤੀ, ਲਾਲਚ, ਗਰੋਹ ਬਾਜ਼ੀ, ਵੇਸਵਾਗਾਮੀ ਆਦਿ। ਲੇਖਿਕਾ ਇਹਨਾਂ ਦੇ ਹੱਲ ਸੁਝਾਉਂਦੀ ਆਖਦੀ ਹੈ:

1. ਸਕੂਲਾਂ ਜਾਂ ਕਾਲਜਾਂ ਦੇ ਪ੍ਰਿੰਸੀਪਲ ਅਤੇ ਅਧਿਆਪਕ ਵੀ ਇਸ ਕੰਮ ਵਿਚ ਆਪਣਾ ਹਿੱਸਾ ਪਾ ਸਕਦੇ ਹਨ। ਜੇਕਰ ਉਹ ਬੱਚਿਆਂ ਨੂੰ ਮਾੜੀ ਜਾ ਚੰਗੀ ਛੋਹ ਦੀ ਜਾਣਕਾਰੀ ਸਮੇਂ-ਸਮੇਂ ਤੇ ਦਿੰਦੇ ਰਹਿਣ।

2. ਬੱਚੀਆਂ ਨੂੰ ਜੂਡੋ ਕਰਾਟਿਆਂ ਦੀ ਸਿਖਲਾਈ ਦਿੱਤੀ ਜਾਵੇ ਤੇ ਮੁੰਡਿਆਂ ਨੂੰ ਵੀ ਚੰਗੇ ਸ਼ਹਿਰੀ ਬਣਨ ਦੀ ਜਾਚ ਸਿਖਾਈ ਜਾਵੇ।

3. ਸਕੂਲੀ ਪੜ੍ਹਾਈ ਵਿਚ ਅਜਿਹੇ ਬਦਲਾਓ ਦੀ ਵੀ ਸਖ਼ਤ ਜ਼ਰੂਰਤ ਹੈ, ਜਿੱਥੇ ਸਿਰਫ਼ ਡਾਕਟਰ ਜਾਂ ਇੰਜੀਨੀਅਰ ਹੀ ਨਾ ਪੈਦਾ ਕੀਤੇ ਜਾਣ ਸਗੋਂ ਵਧੀਆਂ ਇਨਸਾਨ ਵੀ ਪੈਦਾ ਕੀਤੇ ਜਾਣੇ ਚਾਹੀਦੇ ਹਨ। ਲੇਖਿਕਾ 'ਕੀ ਬਲਾਤਕਾਰ ਹੁਣ ਕੋਈ ਜੁਰਮ ਨਹੀਂ ਮੰਨਿਆਂ ਜਾਂਦਾ? 'ਨਿਬੰਧ ਰਾਹੀਂ ਸੰਦੇਸ਼ ਦਿੰਦੀ ਮਨੁੱਖ ਨੂੰ ਸੇਧ ਦਿੰਦੀ ਹੈ:

> ਹੋਰ ਕਿਤੇ ਸਾਰੀਆਂ ਮਾਵਾਂ ਹੀ ਆਪਣਾ ਹਿਰਦਾ ਕਠੋਰ ਕਰ ਕੇ ਇਹ ਫ਼ੈਸਲਾ ਲੈ ਲੈਣ ਕਿ ਔਰਤ ਜਾਤ ਉੱਤੇ ਮੰਡਰਾਉਂਦੇ ਖ਼ਤਰੇ ਦਾ ਅੰਤ ਕਰਨ ਲਈ ਨਰ ਔਲਾਦ ਨੂੰ ਕੁੱਖ ਵਿਚ ਹੀ ਮੁਕਾ ਦਿੱਤਾ ਜਾਵੇ। ਇਸ ਵਿਸ਼ੇ ਉੱਤੇ ਛੇਤੀ ਗ਼ੌਰ ਕਰ ਕੇ ਕਾਨੂੰਨੀ ਹੱਲ ਕੱਢਣਾ ਹੀ ਬਿਹਤਰ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 122)

> ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ: ਔਰਤ ਕਮਜ਼ੋਰ ਹੈ ਨਹੀਂ, ਕਮਜ਼ੋਰ ਬਣਾ ਦਿੱਤੀ ਗਈ ਹੈ।ਜੇ ਪਹਿਲਾਂ ਇੱਕ ਪੁਰਸ਼ ਤਿੰਨ-ਤਿੰਨ ਚਾਰ-ਚਾਰ ਵਿਆਹ ਕਰਵਾਉਂਦਾ ਰਿਹਾ ਸੀ ਤਾਂ

> ਕਾਰਨ ਇਹ ਸੀ ਕਿ ਪੁਰਸ਼ ਨੇ ਔਰਤ ਨੂੰ ਪੂਰੀ ਤਰ੍ਹਾਂ ਕਦੀ ਤੰਦਰੁਸਤ ਹੋਣ ਹੀ ਨਹੀਂ ਸੀ ਦਿੱਤਾ। ਮਾਸ ਉਹ ਨਹੀਂ ਸੀ ਖਾ ਸਕਦੀ, ਦੁੱਧ ਉਸ ਨੂੰ ਨਹੀਂ ਸੀ ਪੀਣ ਦਿੱਤਾ ਜਾਂਦਾ। ਬਾਹਰ ਉਸ ਨੂੰ ਨਹੀਂ ਸੀ ਘੁੰਮਣ ਦਿੱਤਾ ਜਾਂਦਾ, ਕੋਈ ਫ਼ੈਸਲਾ ਉਸ ਨੂੰ ਨਹੀਂ ਸੀ ਕਰਨ ਦਿੱਤਾ ਜਾਂਦਾ, ਉਹ ਜਿੱਥੇ ਵੀ ਜਾਂਦੀ ਸੀ ਨਾਲ ਬੱਚਿਆਂ ਦੀ ਲਾਮ-ਡੋਰੀ ਨਾਲ ਟੋਰ ਦਿੱਤੀ ਜਾਂਦੀ ਸੀ, ਜਿਸ ਕਾਰਨ ਔਰਤ ਜੀਵਨ ਭਰ ਕਦੀ ਆਰਾਮ ਕਰ ਹੀ ਨਹੀਂ ਸਕਦੀ ਸੀ। (''ਵਿਆਖਿਆ ਵਿਸ਼ਲੇਸ਼ਣ'' 60)

ਇਸਲਾਮੀ ਦੇਸ਼ਾਂ ਵਿਚ ਅਜਿਹੇ ਸਖ਼ਤ ਕਾਨੂੰਨ ਹੋਣ ਕਰ ਕੇ ਹੀ, ਉੱਥੇ ਇਸਤਰੀ ਵਿਰੁੱਧ ਜਬਰ ਜਨਾਹ ਦੀਆਂ ਘਟਨਾਵਾਂ ਬਹੁਤ ਹੀ ਘੱਟ ਜਾਂ ਨਾਂ-ਮਾਤਰ ਹਨ:

> ਦਰਬਾਰਾ ਸਿੰਘ ਢੀਂਡਸਾ ਅਨੁਸਾਰ: ਪ੍ਰਸਿੱਧ ਲੇਖਕਾ ਨਿਲੰਜਨਾ ਐਸ.ਰਾਏ. 2011 ਦੇ ਸਰਵੇਖਣ ਨੂੰ ਆਧਾਰ ਬਣਾ ਕੇ ਲਿਖਦੀ ਹੈ ਕਿ ਕਿਸ-ਕਿਸ ਨੂੰ ਫਾਂਸੀ ਦੇਵੋਗੇ ਕਿਉਂਕਿ ਅਧਿਆਪਕ, ਡਾਕਟਰ, ਦੁਕਾਨਦਾਰ ਤੋਂ ਇਲਾਵਾ ਹਿਫ਼ਾਜ਼ਤ ਕਰਨ ਵਾਲੀ ਪੁਲਿਸ ਅਤੇ ਘਰ ਦੇ ਜ਼ੁੰਮੇਵਾਰ ਮੈਂਬਰ ਵੀ ਬਲਾਤਕਾਰ ਦੀ ਸੂਚੀ ਵਿਚ ਦਰਜ਼ ਹਨ। ਦੇਸ਼ ਭਰ ਵਿਚ 7835 ਗਵਾਂਢੀ ਦੂਰੋਂ-ਨੇੜਿਉਂ, 1560 ਅੰਕਲ ਅਤੇ ਮਾਪਿਆਂ ਤੋਂ ਇਲਾਵਾ 267 ਪਿਉ, ਭਰਾ, ਬਾਬੇ ਤੇ ਨੇੜਲੇ ਰਿਸ਼ਤੇਦਾਰ ਬਲਾਤਕਾਰੀਆਂ ਦੀ ਕਤਾਰ ਵਿਚ ਫਾਂਸੀ ਯੋਗ ਹਨ, ਭਾਵੇਂ ਮਨੁੱਖ ਨੇ ਕਾਫ਼ੀ ਤਰੱਕੀ ਕਰ ਲਈ ਹੈ ਅਤੇ ਚੰਨ 'ਤੇ ਦੁਨੀਆ ਵਸਾਉਣ ਜਾ ਰਿਹਾ ਹੈ, ਪਰ ਫਿਰ ਵੀ ਮਰਦ ਵੱਲੋਂ ਔਰਤ 'ਤੇ ਅੱਤਿਆਚਾਰ ਜਾਰੀ ਹੈ। ਔਰਤਾਂ 'ਤੇ ਅਪਰਾਧਾਂ ਦੀ ਰੋਕਥਾਮ 2005 ਵਿਚ ਕੇਂਦਰ ਸਰਕਾਰ ਨੇ ਘਰੇਲੂ ਹਿੰਸਾ ਰੋਕੂ ਕਾਨੂੰਨ ਪਾਸ ਕੀਤਾ। ਇਸ ਤੋਂ ਪਹਿਲਾਂ ਸਮੇਂ-ਸਮੇਂ ਸਰਕਾਰਾਂ ਨੇ ਹਿੰਦੂ ਮੈਰਿਜ ਐਕਟ 1955, ਦਾਜ ਮਨਾਹੀ ਕਾਨੂੰਨ 1961, ਗੁਜ਼ਾਰੇ ਸੰਬੰਧੀ

> ਕਾਨੂੰਨ, ਵਿਆਹ ਤੇ ਤਲਾਕ ਸੰਬੰਧੀ ਕਾਨੂੰਨ, ਐਂਟੀ ਡੋਰੀ ਐਕਟ, 1994 ਭਰੂਣ ਹੱਤਿਆ ਰੋਕੂ ਕਾਨੂੰਨ ਆਦਿ ਬਣਾਏ ਗਏ। ਦੋਸ਼ੀ ਫਿਰ ਵੀ ਅਦਾਲਤ ਵੱਲੋਂ ਵਰੀ ਹੋ ਜਾਂਦੇ ਹਨ। (''ਜ਼ਿੰਦਗੀ ਦਾ ਮਕਸਦ'' 15)

ਉਪਰੋਕਤ ਸ਼ਬਦਾਂ ਤੋਂ ਭਾਵ ਇਹੋ ਜਿਹੀ ਤਰੱਕੀ ਕਿਸ ਕੰਮ ਦੀ ਜੋ ਰਿਸ਼ਤਿਆਂ ਵਿਚਲਾ ਵਿਸ਼ਵਾਸ ਤੇ ਅਪਣੱਤ ਹੀ ਖ਼ਤਮ ਕਰ ਦੇਵੇ। ਇਸ ਸੰਸਾਰ ਵਿਚ ਵਿਚਰਦਿਆਂ ਕਿਹੜੇ-ਕਿਹੜੇ ਰਿਸ਼ਤੇ ਨੂੰ ਤਿਲਾਂਜਲੀ ਦੇਵੋਗੇ, ਅਜਿਹੇ ਕਿਹੜੇ ਕਾਨੂੰਨ ਬਣਨ, ਜਿਹੜੇ ਮਨੁੱਖ ਨੂੰ ਸੱਚ ਦਾ ਸਾਥ ਦੇਣ ਦੀ ਪ੍ਰੇਰਨਾ ਦਿੰਦੇ ਹਨ। ਇਸ ਸੰਸਾਰ ਵਿਚ ਬਣੇ ਕਾਨੂੰਨ ਸਿਰਫ਼ ਕਿਤਾਬਾਂ ਵਿਚ ਦਰਜ ਹਨ। ਜਿੰਨੀ ਦੇਰ ਤੱਕ ਉਨ੍ਹਾਂ ਨੂੰ ਹਕੀਕਤ ਵਿਚ ਲਾਗੂ ਨਾ ਕੀਤਾ ਗਿਆ, ਓਨੀ ਦੇਰ ਤੱਕ ਇਵੇਂ ਹੀ ਰਿਸ਼ਤਿਆਂ ਦੀ ਧੱਜੀਆਂ ਉੱਡਦੀਆਂ ਰਹਿਣਗੀਆਂ। ਹੈਦਰਾਬਾਦ ਵਿਖੇ ਡਾਕਟਰ ਪ੍ਰਿਅੰਕਾ ਰੇਡੀ ਨਾਲ ਵਾਪਰੀ ਘਟਨਾ ਨੇ ਸਾਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਤੇ ਸਮੇਂ ਦੀਆਂ ਸਰਕਾਰਾਂ ਤੇ ਇੱਕ ਸਵਾਲ ਵੀ ਖੜਾ ਹੁੰਦਾ ਹੈ ਕਿ ਔਰਤ ਲਈ ਬਣਾਏ ਕਾਨੂੰਨ ਕਿੰਨੇ ਕੁ ਕਾਰਗਰ ਸਾਬਿਤ ਹੋ ਰਹੇ ਹਨ? ਜੇਕਰ ਲੋਕ ਧਰਮਾਂ ਦੀਆਂ ਲੜਾਈਆਂ ਤੋਂ ਉੱਪਰ ਉੱਠ ਕੇ ਕਦੇ ਇਹੋ ਜਿਹੇ ਵਰਤਾਰਿਆਂ ਬਾਰੇ ਧਿਆਨ ਦੇਣਾ ਸ਼ੁਰੂ ਕਰਨ ਤਾਂ ਸ਼ਾਇਦ ਇਹ ਮੁਲਕ ਔਰਤਾਂ ਦੇ ਰਹਿਣ ਲਈ ਸ਼ਾਇਦ ਸੁਰੱਖਿਅਤ ਹੋ ਸਕੇ।

ਭਾਰਤ ਵਿਚ ਨਿੱਤ ਅਖ਼ਬਾਰਾਂ ਵਿਚ ਛਪਦੀਆਂ ਖ਼ਬਰਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਅਜੋਕੀ ਪੜ੍ਹੀ ਲਿਖੀ ਪੀੜ੍ਹੀ ਕਿਹੜੇ ਰਸਤਿਆਂ ਵੱਲ ਰੁੱਖ ਕਰ ਰਹੀ ਹੈ। ਰਾਸ਼ਟਰੀ ਜੁਰਮ ਰਿਕਾਰਡ ਬਿਊਰੋ ਅਨੁਸਾਰ:

> ਭਾਰਤ ਵਿਚ ਬਲਾਤਕਾਰ ਚੌਥਾ ਸਭ ਤੋਂ ਆਮ ਜੁਰਮ ਹੈ।ਰਾਸ਼ਟਰੀ ਜੁਰਮ ਰਿਕਾਰਡ ਬਿਊਰੋ ਦੇ ਅਨੁਸਾਰ ਸਾਲ 2012 ਵਿਚ ਪੂਰੇ ਭਾਰਤ ਵਿਚ 24,923 ਬਲਾਤਕਾਰ ਕੇਸ ਦਰਜ ਹੋਏ।

ਇਹਨਾਂ ਵਿਚ 24,470 ਬਲਾਤਕਾਰੀ ਪੀੜਤ ਨੂੰ ਕਿਸੇ ਨਾ ਕਿਸੇ ਢੰਗ ਨਾਲ ਜਾਣਦੇ ਸਨ।(ਕੁਮਾਰ ਰਾਧਾ, "ਪੰਜਾਬੀ ਪੀਡੀਆ")

**ੲ) ਨੈਤਿਕ ਕਦਰਾਂ-ਕੀਮਤਾਂ:-** ਨੈਤਿਕ ਕਦਰਾਂ-ਕੀਮਤਾਂ ਮਨੁੱਖ ਨੂੰ ਇੱਕ ਸੁਚੱਜਾ ਮਨੁੱਖ ਬਣੇ ਰਹਿਣ ਲਈ ਪ੍ਰੇਰਦੀਆਂ ਹਨ। ਲੇਖਿਕਾ ਅਸਲੀ ਵਾਪਰੀਆਂ ਘਟਨਾਵਾਂ ਰਾਹੀਂ ਗਵਾਚਦੀਆਂ ਨੈਤਿਕ ਕਦਰਾਂ-ਕੀਮਤਾਂ ਲੱਭਣ ਦਾ ਯਤਨ ਕਰਦੀ ਹੈ ਤੇ ਇੱਕ ਸਵਾਲ ਵੀ ਖੜ੍ਹਾ ਕਰਦੀ ਹੈ ਕਿ ਜਿਸ ਪੁੱਤ ਵਾਸਤੇ ਮਾਵਾਂ ਦੁਆਵਾਂ ਮੰਗਦੀਆਂ ਹਨ, ਦਿਨ ਰਾਤ ਹਜ਼ਾਰਾਂ ਦੁੱਖ ਸਹਿਕੇ ਉਨ੍ਹਾਂ ਨੂੰ ਪਾਲਦੀਆਂ ਪਲੋਸਦੀਆਂ ਹਨ ਤੇ ਵਿਧਵਾ ਹੋਣ ਤੋਂ ਬਾਅਦ ਆਪਣੇ ਪੁੱਤਰ ਦੇ ਸਹਾਰੇ ਸਾਰੀ ਜ਼ਿੰਦਗੀ ਗੁਜ਼ਾਰਨ ਵਾਲੀਆਂ ਔਰਤਾਂ ਦਾ ਕਸੂਰ ਕੀ ਹੈ? 'ਕਿ ਪੁੱਤਰ ਜੰਮਣਾ ਗੁਨਾਹ ਹੋ ਗਿਆ' ਨਿਬੰਧ ਰਾਹੀਂ ਲੇਖਿਕਾ ਇੱਕ ਅਜੋਕੀ ਮਾਂ ਦੇ ਦੁੱਖ ਨੂੰ ਬਿਆਨ ਕਰਦੀ ਹੈ ਕਿ ਅੱਜ ਦਾ ਮਨੁੱਖ ਇੰਨਾ ਹੈਵਾਨ ਬਣ ਗਿਆ ਹੈ ਕਿ ਉਹ ਆਪਣੇ ਸਭ ਤੋਂ ਸਤਿਕਾਰ ਵਾਲੇ ਰਿਸ਼ਤੇ ਨੂੰ ਤਾਰ-ਤਾਰ ਕਰਦਿਆਂ ਇੱਕ ਵਾਰ ਵੀ ਨਹੀਂ ਸੋਚਦਾ:

> ਮੈਂ ਬਹੁਤ ਖ਼ੁਸ਼ ਹੋਈ ਕਿ ਚਲੋ ਆਖੀਰ ਪੁੱਤਰ ਨੂੰ ਮਾਂ ਦੀ ਯਾਦ ਤਾਂ ਆ ਗਈ। ਉਹ ਮੇਰੇ ਨੇੜੇ ਆ ਕੇ ਮੈਨੂੰ ਚਿੰਬੜ ਗਿਆ। ਮੇਰੇ ਜਿਗਰ ਦਾ ਟੁਕੜਾ ਆ ਕੀ ਹੋ ਰਿਹਾ। ਮੇਰੇ ਪੁੱਤਰ ਨੇ ਮੇਰੀ ਕਮੀਜ਼ ਪਾੜ ਦਿੱਤੀ। ਉਹੋ ਆਹ ਕੀ ਕਰਨ ਡਿਹੈਂ? ਓਏ ਪੁੱਤਰਾਂ ਸ਼ਰਮ ਕਰ। ਓਏ ਇੱਥੋਂ ਹੀ ਜੰਮਿਆ ਤੂੰ ਓਏ ਕੰਜਰਾਂ, ਇਸ ਕੁੱਖ ਨੂੰ ਕਲੰਕਿਤ ਨਾ ਕਰ। ਇਹ ਕੁਕਰਮ ਕਿੱਥੇ ਬਖਸ਼ਾਵਾਏਂਗਾ?ਹਾਏ ਓ ਮੇਰਿਆ ਰੱਬਾ! ਇਹ ਦਿਨ ਵੀ ਵਿਖਾਉਣਾ ਸੀ। ਹੁਣ ਪੁੱਤਰ ਹੱਥੋਂ ਵੀ ਪੱਤ ਲੁਟਾਉਣੀ ਸੀ। ਇਹ ਲਾਸ਼ ਹੁਣ ਕਿਵੇਂ ਢੋਵਾਂਗੀ। ਹੁਣ ਨਾਤਿਆਂ-ਧੋਤਿਆਂ ਵੀ ਇਹ ਮੈਲ ਸਾਫ਼ ਨਹੀਂ ਹੋਣੀ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 136-137)

ਉਪਰੋਕਤ ਸਤਰਾਂ ਤੋਂ ਭਾਵ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ। ਉਹ ਵੀ ਦਿਨ ਦੂਰ ਨਹੀਂ ਜਦੋਂ ਮਾਵਾਂ ਨੇ ਪੁੱਤਰਾਂ ਨੂੰ ਕੁੱਖ 'ਚ ਮਾਰਨ ਦੇ ਫ਼ੈਸਲੇ ਲੈਣੇ ਸ਼ੁਰੂ ਕਰ ਦੇਣੇ ਨੇ ਤਾਂ ਜੋ ਕਿਸੇ ਹੋਰ ਮਾਂ ਨੂੰ ਅਜਿਹੀ ਸ਼ਰਮਨਾਕ ਘਟਨਾ ਦਾ ਸਾਹਮਣਾ ਨਾ ਕਰਨਾ ਪਵੇ। ਲੇਖਿਕਾ ਪੁੱਤਰ ਦੇ ਜੰਮਣ ਤੇ ਲੱਡੂ ਵੰਡਣ ਵਾਲਿਆਂ ਵੱਲ ਇਸ਼ਾਰਾ ਵੀ ਕਰਦੀ ਹੈ:

> ਕਿਉਂ ਪੁੱਤਰਾਂ ਨੂੰ ਜੰਮੀਏ? ਜਿਸ ਕੁੱਖੋਂ ਜੰਮੀਏ, ਉਸੇ ਨੂੰ ਪੜਵਾਉਣ ਲਈ? (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''137)

ਮਾਂ ਦੀ ਪੱਤ ਨੂੰ ਬਚਾਉਣ ਲਈ ਪੁੱਤਰ ਆਪਣੀ ਜਾਨ ਤੱਕ ਵਾਰ ਦਿੰਦੇ ਹਨ। ਲੇਖਿਕਾ ਇੱਕ ਹਲੂਣਾ ਦਿੰਦੀ ਹੈ, ਅਜੋਕੇ ਮਨੁੱਖ ਨੇ ਵੀ ਜੇ ਮਾਵਾਂ ਨੂੰ ਰਾਖਸ਼ਾਂ ਵਾਂਗ ਚੱਬ ਲਿਆ ਤਾਂ ਆਉਣ ਵਾਲੀਆਂ ਨਸਲਾਂ ਦਾ ਮਨੁੱਖਾਂ ਜਨਮ ਕਿਵੇਂ ਸੰਭਵ ਹੋਊ।

ਲੇਖਿਕਾ ਅਜੋਕੇ ਸਮਾਜ ਵਿਚ ਪ੍ਰਚਲਿਤ ਕੁਰੀਤੀਆਂ, ਜੋ ਮਨੁੱਖਤਾ ਨੂੰ ਸ਼ਰਮਸਾਰ ਕਰਦੀਆਂ ਹਨ, ਉਨ੍ਹਾਂ ਤੋਂ ਪਰਦਾ ਚੁੱਕ ਕੇ ਸਮਾਜ ਦੀ ਅਸਲੀਅਤ ਪੇਸ਼ ਕਰਨ ਦੀ ਹਿੰਮਤ ਕਰਦੀ ਹੈ। ਅਖ਼ਬਾਰਾਂ ਵਿਚ ਛਪੀਆਂ ਰਿਪੋਰਟਾਂ, ਵੰਗਾਰ ਵਿਚ ਛਪੀਆਂ ਇੰਟਰਵਿਊ ਆਦਿ, ਜੋ ਵੱਡੇ ਅਹੁਦਿਆਂ ਤੇ ਬੈਠੇ ਪੁਲਿਸ ਮੁਲਾਜ਼ਮਾਂ ਦੇ ਚਿਹਰਿਆਂ ਤੋਂ ਵੀ ਨਕਾਬ ਉਤਾਰਦੀਆਂ ਹਨ ਕਿ ਜਿਹੜੀਆਂ ਔਰਤਾਂ ਪੁਲਿਸ ਥਾਣਿਆਂ ਵਿਚ ਆਉਂਦੀਆਂ ਹਨ ਜਾਂ ਕਿਸੇ ਨਾ ਕਿਸੇ ਕੇਸ 'ਚ ਫੜ੍ਹ ਕੇ ਲਿਆਂਦੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਵੀ ਬਖ਼ਸ਼ਿਆਂ ਨਹੀਂ ਜਾਂਦਾ। 'ਮਾਂ ਦੀ ਇੱਜ਼ਤ' ਨਿਬੰਧ ਰਾਹੀਂ, ਲੇਖਿਕਾ ਸਮਾਜ ਦੇ ਰਾਖਿਆਂ ਤੋਂ ਪਰਦਾ ਚੁੱਕਦੀ ਹੈ:

> ਰਾਖਵਾਂਕਰਨ ਦੇ ਮੁੱਦੇ ਉੱਤੇ ਹਰਿਆਣਾ ਦੇ ਸ਼ਾਹ ਮਾਰਗ ਉੱਤੇ ਮੁਰਥਲ ਨੇੜੇ ਪੁਲਿਸ ਤੇ ਫ਼ੌਜ ਵੱਲ ਗਸ਼ਤ ਕੀਤੇ ਜਾਣ ਦੇ ਦੌਰਾਨ ਅਤੇ ਦਫ਼ਾ 144 ਲੱਗੀ ਹੋਣ ਦੇ ਬਾਵਜੂਦ ਕਾਰਾਂ ਵਿਚੋਂ ਘੜੀਸ ਕੇ ਹਥਿਆਰਬੰਦ ਗੁੰਡਿਆਂ ਨੇ ਸੋਮਵਾਰ ਸਵੇਰੇ ਤਿੰਨ ਵਜੇ ਲਗਭਗ ਦਰਜਨ ਔਰਤਾਂ

ਨੂੰ ਸਮੂਹਕ ਹਵਸ ਦਾ ਸ਼ਿਕਾਰ ਬਣਾ ਕੇ, ਗਹਿਣੇ ਗੱਟੇ ਲੁੱਟ ਕੇ, ਨਿਰਵਸਤਰ ਕਰ ਹੱਥ ਖੜੇ ਕਰਵਾ ਕੇ ਪਰੇਡ ਕਰਵਾਈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''157)

ਅੱਜ ਤੁਸੀਂ ਕਿਸ ਤੋਂ ਇਨਸਾਫ਼ ਦੀ ਮੰਗ ਕਰੋਗੇ ਕਿ ਸਮਾਜ ਸਭਿਅਕ ਅਖਵਾਉਣ ਜੋਗਾ ਹੈ? ਪੀਰਾਂ, ਪੈਗ਼ੰਬਰਾਂ ਦੀ ਧਰਤੀ ਉੱਤੇ ਜਿੱਥੇ ਕਿਹਾ ਜਾਂਦਾ ਹੈ ਕਿ 35 ਕਰੋੜ ਦੇਵੀ ਦੇਵਤੇ ਵੱਸਦੇ ਹਨ, ਉੱਥੇ ਇਹੋ ਜਿਹੀਆਂ ਮੰਦਭਾਗੀਆਂ ਘਟਨਾਵਾਂ ਵਾਪਰ ਰਹੀਆਂ ਹਨ। ਲੇਖਿਕਾ ਲੋਕਾਂ ਨੂੰ ਸੁਚੇਤ ਕਰਨ ਦੇ ਨਾਲ-ਨਾਲ ਹੰਭਲਾ ਮਾਰਨ ਲਈ ਪ੍ਰੇਰਦੀ ਹੈ ਬਈ ਉੱਠੋ:

ਮਾਂ ਦੇ ਦੁੱਖ ਦਾ ਕਰਜ਼ਾ ਲਾਹੁਣ ਦਾ ਸਮਾਂ ਆ ਚੁੱਕਿਆਂ ਹੈ। ਪਾਣੀ ਸਿਰੋਂ ਲੰਘ ਚੁੱਕਿਆ ਹੈ। ਇੱਕ ਜੁੱਟ ਹੋ ਕੇ ਅਜਿਹੇ ਨਿਰਲੱਜ ਸਿਆਸਤਦਾਨਾਂ, ਪੁਲਿਸ ਤੇ ਸਿਵਲ ਅਧਿਕਾਰੀਆਂ ਨੂੰ ਸਬਕ ਸਿਖਾ ਕੇ, ਇਨ੍ਹਾਂ ਦੇ ਮੂੰਹ ਉੱਤੇ ਝੂਠੀ ਇਨਸਾਨੀਅਤ ਦਾ ਮਖੌਟਾ ਲਾਹ ਕੇ ਹੇਠੋਂ ਖ਼ੂੰਖ਼ਾਰ ਜਨੌਰ ਦਾ ਅਸਲੀ ਰੂਪ ਉਘਾੜ ਕੇ ਸਾਹਮਣੇ ਲਿਆਉਣ ਦਾ ਵੇਲਾ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼ ''158)

ਲੇਖਿਕਾ 'ਕੁਤਰੇ ਪਰ੍ਹਾਂ ਨਾਲ ਫੜਫੜਾਉਂਦੇ ਬੋਟ ਦੀਆਂ ਚਾਂਗਰਾਂ' ਨਿਬੰਧ ਵਿਚ ਅਜੋਕੀ ਪੀੜ੍ਹੀ ਦੀ ਮਾਨਸਿਕਤਾ ਪੇਸ਼ ਕਰਦੀ ਹੋਈ ਆਖਦੀ ਹੈ ਕਿ ਅੱਜ ਕੱਲ੍ਹ ਅਮੀਰ ਘਰਾਂ ਦੇ ਬੱਚਿਆਂ ਨੂੰ ਮਿਲੀਆਂ ਖੁੱਲ੍ਹਾਂ ਨੇ ਉਨ੍ਹਾਂ ਦੀਆਂ ਨੈਤਿਕ ਕਦਰਾਂ-ਕੀਮਤਾਂ ਖੋਹ ਲਈਆਂ ਹਨ। ਹਜ਼ਾਰਾਂ ਸਹਾਰਾ ਘਰਾਂ ਵਿਚ ਬੱਚੀਆਂ ਨਾਲ ਹੁੰਦੇ ਜਬਰ ਜਨਾਹ ਇਸ ਗੱਲ ਦੀ ਗਵਾਹੀ ਭਰਦੇ ਹਨ:

ਹਰ ਪੰਜ ਮਿੰਟ ਵਿਚ ਇੱਕ ਔਰਤ ਦਾ ਮਧੋਲ਼ੇ ਜਾਣਾ, ਹਰ ਦਸਾਂ ਮਿੰਟਾਂ ਵਿਚ 7 ਔਰਤਾਂ ਦਾ ਘਰੇਲੂ ਹਿੰਸਾ ਸਹਿਣਾ, ਹਰ ਸਾਲ ਦੀਆਂ 5000 ਤੋਂ ਵੱਧ ਔਰਤਾਂ ਦਾ ਦਾਜ ਖ਼ਾਤਰ ਸਾੜ ਦਿੱਤੇ ਜਾਣਾ, ਮੰਦਬੁੱਧੀ ਨਾਬਾਲਗ ਕੋਮਲ ਫੁੱਲਾਂ ਵਰਗੀਆਂ ਬੱਚਾਂ ਨੂੰ ਗਰਭਵਤੀ ਬਣਾ ਦੇਣਾ,

> ਤੇਜ਼ਾਬ ਨਾਲ ਸਾੜ ਕੇ ਨੌਜਵਾਨ ਬੱਚੀਆਂ ਨੂੰ ਅਪੰਗ ਬਣਾ ਦੇਣ ਵਿਚ ਤਿੰਨ ਗੁਣਾ ਵਾਧਾ ਹੋਣਾ ਕੀ ਕਿਸੇ ਨੂੰ ਝੰਜੋੜ ਰਿਹਾ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''142-143)

ਇਸ ਤੋਂ ਇਹ ਸੌਖਿਆ ਹੀ ਕਿਆਸ ਕੀਤਾ ਜਾ ਸਕਦਾ ਹੈ ਕਿ ਮਨੁੱਖ ਆਪਣੀਆਂ ਨੈਤਿਕ ਕਦਰਾਂ-ਕੀਮਤਾਂ ਭੁੱਲ ਚੁੱਕਾ ਹੈ। ਉਪਰੋਕਤ ਸਮਾਜ ਵਿਚ ਵਾਪਰਦੀਆਂ ਮੰਦ ਭਾਗੀਆਂ ਘਟਨਾਵਾਂ ਇਸ ਗੱਲ ਦਾ ਸਬੂਤ ਹਨ।

**ਸ) ਤਰਕਸ਼ੀਲਤਾ:-** ਲੇਖਿਕਾ ਦੀ ਪੁਸਤਕ 'ਚੁੱਪ ਦੀ ਚੀਖ਼' ਦਾ ਹਰ ਨਿਬੰਧ ਤਰਕ ਤੇ ਦਲੀਲ ਭਰਪੂਰ ਹੈ। 'ਭਰੂਣ ਹੱਤਿਆ:ਇਤਿਹਾਸ ਅੱਜ ਤੇ ਭਵਿੱਖ' ਨਿਬੰਧ ਵਿਚ ਹਰ ਤਰ੍ਹਾਂ ਦੇ ਅੰਕੜੇ ਕੱਢ ਕੇ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਅਜੋਕਾ ਮਨੁੱਖ ਕਿਹੋ ਜਿਹੀ ਜ਼ਿੰਦਗੀ ਨੂੰ ਅਹਿਮੀਅਤ ਦੇ ਰਿਹਾ ਹੈ। ਨਿੱਕੀਆਂ-ਨਿੱਕੀਆਂ ਬੱਚੀਆਂ ਨਾਲ ਵਾਪਰਦੀਆਂ ਮੰਦ ਭਾਗੀ ਘਟਨਾਵਾਂ ਇਸ ਗੱਲ ਵੱਲ ਸੁਚੇਤ ਕਰ ਰਹੀਆਂ ਹਨ ਕਿ ਇਹ ਜੇਕਰ ਸਮਾਜ ਵਿਚ ਜਲਦੀ ਹੀ ਇਹਨਾਂ ਕੁਰੀਤੀਆਂ ਨੂੰ ਖ਼ਤਮ ਕਰਨ ਦੀ ਪੁਰਜ਼ੋਰ ਕੋਸ਼ਿਸ਼ ਨਾ ਕੀਤੀ ਗਈ ਤਾਂ ਆਉਣ ਵਾਲੇ ਸਮਿਆਂ ਵਿਚ ਮਾਵਾਂ ਨੇ ਕੁੱਖੋਂ ਪੁੱਤ ਜੰਮਣੇ ਬੰਦ ਕਰ ਦੇਣੇ ਹਨ:

> ਲਾਸ ਏਂਜਲਸ ਟਾਈਮਜ਼, 28 ਫਰਵਰੀ 1994, ਵਿਚ ਕੁੜੀਆਂ ਮਾਰਨ ਦੀਆਂ ਅਨੇਕਾਂ ਘਟਨਾਵਾਂ ਦਾ ਜ਼ਿਕਰ ਕਰਦੇ ਹੋਏ ਭਾਰਤ ਬਾਰੇ ਲਿਖਿਆ ਗਿਆ ਹੈ ''ਵਿਅਰ ਕਿਲਿੰਗ ਬੇਬੀ ਗਰਲਜ਼ ਇਜ਼ ਨੋ ਬਿਗ ਸਿਨ'' (Where Killing baby girls is no big sin)।ਉਸ ਵਿਚ ਤਾਮਿਲ ਨਾਡੂ ਦੀਆਂ ਦਿਲ ਦਹਿਲਾਊ ਕਹਾਣੀਆਂ ਸਨ।ਦਰਜ ਕੀਤਾ ਗਿਆ ਸੀ, ਮਾਵਾਂ ਆਪ ਮੰਨੀਆਂ ਕਿ ਜਦ ਤੱਕ ਨਵਜੰਮੀ ਬੱਚੀ ਦੇ ਨੱਕ ਵਿਚੋਂ ਲਹੂ ਚੱਲ ਕੇ ਉਹ ਮਰ ਨਹੀਂ ਜਾਂਦੀ, ਦਾਈਆਂ ਅੱਕ ਦਾ ਦੁੱਧ ਅਤੇ ਕੈਸਟਰੋਲ ਉਹਦੇ ਮੂੰਹ ਅੰਦਰ ਧੱਕਦੀਆਂ ਰਹਿੰਦੀਆਂ ਹਨ। ਇਨ੍ਹਾਂ ਕਤਲਾਂ ਦਾ ਕਾਰਨ ਪੁੱਛੇ ਜਾਣ ਉੱਤੇ ਮਾਵਾਂ ਮੰਨੀਆਂ ਕਿ ਉਨ੍ਹਾਂ ਦੀ ਆਪਣੀ ਜ਼ਿੰਦਗੀ

> ਨਰਕ ਵਾਂਗ ਹੈ ਤੇ ਅਜਿਹੀ ਜ਼ਿੰਦਗੀ ਉਹ ਆਪਣੀ ਧੀ ਨੂੰ ਨਹੀਂ ਦੇਣਾ ਚਾਹੁੰਦੀਆਂ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼ '' 31)

ਉਪਰੋਕਤ ਸਤਰਾਂ ਵਿਚ ਔਰਤ ਦਾ ਦਰਦ ਪੇਸ਼ ਕੀਤਾ ਗਿਆ ਹੈ ਕਿ ਇਨ੍ਹਾਂ ਔਰਤਾਂ ਦਾ ਸੰਤਾਪ ਦੇਖੋ ਜਿਹੜੀਆਂ ਆਪਣੇ ਹੀ ਬੀਜ ਨੂੰ ਗਰਭ 'ਚ 9 ਮਹੀਨੇ ਪਾਲ ਕੇ ਆਪਣੇ ਹੱਥੀ ਕਤਲ ਕਰਦੀਆਂ ਹਨ, ਕਿਉਂਕਿ ਉਹ ਆਪਣੀਆਂ ਧੀਆਂ ਨੂੰ ਇਹ ਨਰਕ ਭਰੀ ਜ਼ਿੰਦਗੀ ਨਹੀਂ ਦੇਣਾ ਚਾਹੁੰਦੀਆਂ ਤੇ ਖ਼ੁਦ ਆਪਣੀਆਂ ਅੱਖਾਂ ਸਾਹਮਣੇ ਤਿਲ-ਤਿਲ ਕਰਦਿਆਂ ਮਰਦਾ ਨਹੀਂ ਦੇਖ ਸਕਦੀਆਂ। ਇਸ ਲਈ ਉਹ ਜਨਮ ਸਮੇਂ ਉਨ੍ਹਾਂ ਨੂੰ ਮਾਰਨਾ ਜਨਮ ਦੇ ਕੇ ਨਰਕ ਵਾਲੀ ਬਦਤਰ ਜ਼ਿੰਦਗੀ ਨਾਲੋਂ ਵਧੇਰੇ ਚੰਗਾ ਸਮਝਦੀਆਂ ਹਨ।

'ਇਕ ਹੋਰ ਜਬਰ ਜਨਾਹ ਦਾ ਕੇਸ' ਨਿਬੰਧ ਵਿਚ ਲੇਖਿਕਾ ਅਸਲ ਸੱਚ ਨਾਲ ਜਾਣੂ ਕਰਵਾਉਂਦੀ ਹੈ ਕਿ ਰੋਜ਼ ਛਪਦੀਆਂ ਅਖ਼ਬਾਰਾਂ ਵਿਚ ਜਬਰ-ਜਨਾਹ, ਇਸਤਰੀ ਸ਼ੋਸ਼ਣ ਵਰਗੀਆਂ ਖ਼ਬਰਾਂ ਨਾਲ ਭਰਿਆ ਹੁੰਦਾ ਹੈ। ਇਹ ਖ਼ਬਰਾਂ ਹੈਵਾਨੀਅਤ ਦੇ ਦਰਿੰਦਿਆਂ ਵੱਲੋਂ ਮਜਲੂਮਾਂ ਤੇ ਢਾਹੇ ਜ਼ੁਲਮਾਂ ਦੀ ਦਾਸਤਾਨ ਪੇਸ਼ ਕਰਦੀਆਂ, ਲੋਕਾਂ ਨੂੰ ਮਜਬੂਰ ਕਰਦੀਆਂ ਹਨ ਕਿ ਉਹ ਧੀ ਦੇ ਬਦਲੇ ਪੁੱਤ ਨੂੰ ਪਹਿਲ ਦੇਣ, ਭਾਵੇਂ ਅੱਜ ਨਾਅਰੇ ਲੱਗ ਰਹੇ ਹਨ। 'ਬੇਟੀ ਪੜਾਉ, ਬੇਟੀ ਬਚਾਓ' ਪਰ ਕਿ ਪੜ੍ਹ ਲਿਖ ਕੇ ਇੱਕ ਔਰਤ, ਇੱਕ ਧੀ ਇਸ ਸਮਾਜ ਵਿਚ ਮਹਿਫ਼ੂਜ਼ ਹੈ ਕਿ ਸੜਕਾਂ ਤੇ ਜਲਸੇ ਨਿਕਾਲ ਕੇ, ਉਨ੍ਹਾਂ ਦੀ ਫ਼ੋਟੋ ਅੱਗੇ ਮੋਮਬਤੀਆਂ ਬਾਲ ਕੇ ਉਨ੍ਹਾਂ ਬਾਲੜੀਆਂ ਨਾਲ ਇਨਸਾਫ਼ ਕੀਤਾ ਸਕੇਗਾ? ਲੇਖਿਕਾ ਬਰੇਲੀ ਵਿਚ ਵਾਪਰੀ ਇੱਕ ਸੱਚੀ ਘਟਨਾ ਰਾਹੀਂ ਪਾਠਕਾਂ ਨੂੰ ਹਲੂਣਾ ਦੇਣ ਦਾ ਜਤਨ ਕਰਦੀ ਹੈ:

> ਇੱਕ ਦਿਨ ਮੈਂ ਸਵੇਰੇ ਮੂੰਹ 'ਨੇਰੇ ਖੇਤ ਵਿਚ ਰੋਜ਼ ਵਾਂਗ ਜਾਣ ਦਾ ਗੁਨਾਹ ਕੀਤਾ, ਉਹ ਗੁਨਾਹ ਮੇਰਾ ਆਖ਼ਰੀ ਹੋਵੇਗਾ ਤੇ ਔਰਤ ਵਾਲੀ ਜੂਨ ਤੋਂ ਨਿਜਾਤ ਦਿਵਾ ਦੇਵੇਗਾ। ਉੱਥੇ ਖੇਤ ਵਿਚ ਹੀ ਮੈਨੂੰ ਸੱਤ ਚੰਡਾਲਾਂ ਨੇ ਧਰ ਦਬੋਚਿਆਂ। ਗਲ਼ਾ ਪੂਰੀ ਜ਼ੋਰ ਦੀ ਦੱਬ ਲਿਆ ਕਿ ਆਵਾਜ਼ ਨਾ

ਨਿਕਲੇ। ਮਾਂ ਦੀ ਕਹੀ ਗੱਲ ਯਾਦ ਆਈ-ਮਰਦ ਜਾਤ ਉਚੇਰੀ ਜ਼ਾਤ ਹੁੰਦੀ ਹੈ ਤੇ ਔਰਤ ਸਿਰਫ਼ ਸਜ਼ਾ ਪੂਰੀ ਕਰਨ ਨੂੰ ਪੈਦਾ ਹੁੰਦੀ ਹੈ ਜਾਂ ਮਰਦ ਦੀ ਸੇਵਾ ਕਰਨ ਨੂੰ। ਸੱਤਾਂ ਨੇ ਰੱਜ-ਰੱਜ ਮੈਨੂੰ ਚੂੰਡਿਆ। ਸਾਹ ਸੱਤ ਨਹੀਂ ਰਿਹਾ। ਹਿੱਲਣ ਦੀ ਹਿੰਮਤ ਵੀ ਨਹੀਂ। ਅੱਖ ਝਪਕੀ ਤਾਂ ਇੱਕ ਚੰਡਾਲ ਚੀਕਿਆ-ਸਾਲੀ ਹਾਲੇ ਵੀ ਝਾਕਣ ਦੀ ਹਿੰਮਤ ਰੱਖਦੀ ਹੈ। ਲਿਆ ਭੂਤਨੀ ਦੇ ਸੰਘ ਵਿਚ ਪਾ ਤੇਜ਼ਾਬ। ਇਹਦੀ ਇੰਨੀ ਜੁਰਅਤ ਸਾਡੇ ਮਰਦਊਪੁਣੇ ਨੂੰ ਚੁਨੌਤੀ ਦਿੰਦੀ, ਐ ਅੱਖ ਖੋਲ੍ਹ ਕੇ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼ ''42)

ਕੁਲਵੰਤ ਕੌਰ ਅਨੁਸਾਰ: ਪੜ੍ਹੀ -ਲਿਖੀ, ਕਮਾਊ ਤੇ ਉੱਚ ਅਹੁਦਿਆਂ ਤੇ ਬਿਰਾਜਮਾਨ ਇਸਤਰੀ ਵੀ ਹਰ ਥਾਂ ਨਾ-ਬਰਾਬਰੀ ਦੀ ਸ਼ਿਕਾਰ ਹੈ। ਉਸ ਦੀ ਸੁਰੱਖਿਆ ਕਿਤੇ ਵੀ ਨਿਸ਼ਚਿਤ ਨਹੀਂ। ਨੌਕਰੀ ਉਸ ਦੀ ਮਜਬੂਰੀ ਬਣ ਗਈ ਹੈ, ਪਰੰਤੂ ਇਸ ਦੀ ਆੜ ਵਿਚ ਯੌਨ ਸ਼ੋਸ਼ਣ ਤੋਂ ਉਸ ਨੂੰ ਕਿਤੇ ਵੀ ਰਾਹਤ ਨਹੀਂ। ਕੰਮ ਧੰਦਿਆਂ ਤੇ ਲੱਗੀਆਂ ਔਰਤਾਂ ਸਗੋਂ ਦੂਹਰੀ ਮਾਰ ਹੰਢਾ ਰਹੀਆਂ ਹਨ। ਅਜਿਹੇ ਵਾਤਾਵਰਣ ਵਿਚ ਕੀ ਪੜ੍ਹੀਆਂ-ਲਿਖੀਆਂ ਤੇ ਕੀ ਘਰਾਂ ਵਿਚ, ਮਿਹਨਤ ਮਜ਼ਦੂਰੀ ਕਰਨ ਵਾਲੀਆਂ ਔਰਤਾਂ ਕੋਈ ਨਹੀਂ ਚਾਹੁੰਦੀਆਂ ਕਿ ਉਹ ਧੀਆਂ ਦੀਆਂ ਮਾਵਾਂ ਬਣਨ ਕਿਉਂਕਿ ਇੱਜ਼ਤ ਆਬਰੂ ਦੀ ਲੁੱਟ ਤੇ ਦਾਜ ਦੇ ਦੈਂਤ ਦਾ ਸਹਿਮ ਹਰ ਵੇਲੇ ਉਨ੍ਹਾਂ ਦੇ ਅਮਨ ਚੈਨ ਨੂੰ ਭੰਗ ਕਰਦਾ ਰਹਿੰਦਾ ਹੈ। (ਅੱਛਰੂ ਸਿੰਘ, ਆਰੋਹੀ ਵਾਲੀਆ (ਸੰਪਾ:) ''ਅਜੋਕੀ ਔਰਤ: ਦਸ਼ਾ ਤੇ ਦਿਸ਼ਾ'' 172-173)

ਅਜੇ ਵੀ ਲੋਕੋ ਜਾਗੋ ਆਪਣੀ ਜ਼ਮੀਰ ਨੂੰ ਜਗਾਓ। ਔਰਤਾਂ ਦੀ ਸੁਰੱਖਿਆ ਨਿਸ਼ਚਿਤ ਕਰਨ ਦੀ ਲੋੜ ਹੈ।ਉਸ ਨੂੰ ਇਸ ਸਮਾਜ ਵਿਚ ਘੁੰਮ ਰਹੇ ਦੈਂਤ ਤੋਂ ਬਚਾਉਣ ਦੀ ਲੋੜ ਹੈ।

ਹੁਣ ਇਨ੍ਹਾਂ ਘਟਨਾਵਾਂ ਨੂੰ ਸੁਣਨ ਜਾਂ ਪੜ੍ਹਨ ਤੋਂ ਬਾਅਦ ਲੋਕ ਧੀਆਂ ਨੂੰ ਕੁੱਖ 'ਚ ਮਾਰਨ ਨਾ ਤਾਂ ਹੋਰ ਕੀ ਕਰਨ। ਸਰਕਾਰ ਇਸਤਰੀ ਜਾਤ ਲਈ ਕਲਿਆਣਕਾਰੀ ਕਾਰਜ ਉਲੀਕਦੀ ਹੈ। ਹਰ ਸਾਲ ਵੋਮੈਨ ਡੇ ਮਨਾਇਆ ਜਾਂਦਾ ਹੈ ਕਿ ਉਹ ਇੱਕ ਦਿਨ ਔਰਤ ਲਈ ਰਾਖਵਾਂ ਕਰ ਕੇ, ਬਾਕੀ ਦਿਨ ਮਰਦ ਪ੍ਰਧਾਨ ਸਮਾਜ ਨੂੰ ਇਜਾਜ਼ਤ ਦਿੱਤੀ ਜਾਂਦੀ ਹੈ ਕਿ ਉਹ ਜੋ ਮਰਜ਼ੀ ਕਰੇ।

**ਹ) ਸਮਕਾਲੀ ਸਰੋਕਾਰ:-** ਅੱਜ ਸਮਾਜ ਵਿਚ ਜਿੱਥੇ ਹਜ਼ਾਰਾਂ ਭੈੜੀਆਂ ਖ਼ਬਰਾਂ ਜਿਵੇਂ ਜਬਰ-ਜਨਾਹ, ਮਾਨਸਿਕ ਸ਼ੋਸ਼ਣ ਆਦਿ ਦੀਆਂ ਕੁਰੀਤੀਆਂ ਸਮਾਜ ਵਿਚ ਭਾਰੂ ਹਨ, ਉੱਥੇ ਲੇਖਿਕਾ ਸਮਾਜ ਵਿਚ ਵਿਚਰ ਰਹੀਆਂ ਧੀਆਂ ਨੂੰ ਵੀ ਸੁਚੇਤ ਕਰਦੀ ਹੈ ਕਿ ਜ਼ਿੰਦਗੀ ਵਿਚ ਕਦੀ ਵੀ ਆਪਣੇ ਮਾਤਾ-ਪਿਤਾ ਲਈ ਸ਼ਰਮਿੰਦਗੀ ਦਾ ਕਾਰਨ ਨਾ ਬਣੋ। ਉਨ੍ਹਾਂ ਨੂੰ ਵੀ ਆਪਣੇ ਫ਼ਰਜ਼ਾਂ ਨੂੰ ਪਛਾਣਨ ਬਾਰੇ ਸੁਚੇਤ ਕਰਦੀ ਹੈ ਤਾਂ ਜੋ ਧੀਆਂ ਨੂੰ ਸ਼ਰਮਿੰਦਗੀ ਹੰਢਾਉਣ ਦੇ ਡਰ ਤੋਂ ਕੁੱਖ 'ਚ ਨਾ ਮਾਰਨਾ ਪਵੇ:

> ਮਾਲੀ ਬੂਟੇ ਦੀਆਂ ਫ਼ਾਲਤੂ ਟਾਹਣੀਆਂ ਵੱਢਦਾ ਹੈ। ਮਾਲੀ ਕਦੇ ਵੀ ਬੂਟੇ ਦੀਆਂ ਜੜ੍ਹਾਂ ਨਹੀਂ ਵੱਢਦਾ।ਬਲਕਿ ਬੂਟੇ ਨੂੰ ਸਿੱਧਾ ਉਤਾਂਹ ਲਿਜਾਉਣ ਅਤੇ ਖ਼ੂਬਸੂਰਤੀ ਵਧਾਉਣ ਲਈ ਉਸ ਨੂੰ ਛਾਂਗਦਾ, ਬੰਨ੍ਹਦਾ, ਸਹਾਰਾ ਦਿੰਦਾ ਤੇ ਖਾਦ ਪਾਉਂਦਾ ਰਹਿੰਦਾ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''137)

ਧੀਆਂ ਨੂੰ ਕੁੱਖ ਵਿਚ ਮਾਰਨ ਦੇ ਕਈ ਕਾਰਨ ਹਨ।ਉਨ੍ਹਾਂ ਵਿਚੋਂ ਇੱਕ ਕਾਰਨ ਇਹ ਵੀ ਹੈ ਕਿ ਧੀਆਂ ਵੱਲੋਂ ਕੀਤੀਆਂ ਗ਼ਲਤੀਆਂ ਦਾ ਕਰਜ਼ਾ, ਮਾਂ-ਪਿਉ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਚੁਕਾਉਣਾ ਪੈਂਦਾ ਹੈ। ਲੇਖਿਕਾ ਧੀਆਂ ਨੂੰ ਵੀ ਸਿੱਖਿਆ ਦਿੰਦੀ ਹੈ ਕਿ ਮਾਤਾ-ਪਿਤਾ ਦੇ ਵਿਸ਼ਵਾਸ ਪਾਤਰ ਬਣ ਕੇ ਉਨ੍ਹਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਨੂੰ ਖਿੜੇ ਮੱਥੇ ਸਵੀਕਾਰਨ। ਬਿਲਕੁਲ ਉਸੀ ਪ੍ਰਕਾਰ ਮਾਪੇ ਵੀ, ਆਪਣਾ ਫ਼ਰਜ਼ ਸਮਝਦਿਆਂ ਆਪਣੀਆਂ ਬੱਚੀਆਂ ਨੂੰ ਆਜ਼ਾਦ ਵਿਚਾਰਾਂ ਵਾਲੀ ਉੱਚੀ-ਸੁੱਚੀ ਤੇ ਦਮਦਾਰ ਸ਼ਖ਼ਸੀਅਤ ਬਣਾਉਣ ਦੀ ਰੀਝ ਲੋਚਦੇ ਹਨ:

ਦਰਬਾਰਾ ਸਿੰਘ ਢੀਂਡਸਾ ਅਨੁਸਾਰ: ਔਰਤ ਭਾਵੇਂ ਅੱਜ ਮਨਮਰਜ਼ੀ ਕਰਦੀ ਹੈ, ਘੁੰਮਦੀ ਫਿਰਦੀ ਹੈ, ਆਧੁਨਿਕ ਸਹੂਲਤਾਂ ਦਾ ਸੇਵਨ ਕਰਦੀ ਹੈ, ਪਰੰਤੂ ਮਾਨਸਿਕ ਤਣਾਅ ਤੋਂ ਹਾਲੇ ਵੀ ਮੁਕਤ ਨਹੀਂ ਹੈ। ਸੰਵਿਧਾਨ ਦੁਆਰਾ ਦਿੱਤੇ ਗਏ ਅਧਿਕਾਰ ਕਾਫ਼ੀ ਹੱਦ ਤੱਕ ਕਾਗ਼ਜ਼ਾਂ ਤੱਕ ਹੀ ਸੀਮਤ ਹਨ।ਔਰਤ ਵੱਖ-ਵੱਖ ਤਰੀਕਿਆਂ ਤੇ ਅੱਤਿਆਚਾਰਾਂ ਦਾ ਸ਼ਿਕਾਰ ਹੋ ਰਹੀ ਹੈ। ਕਿਧਰੇ ਕੁੱਖਾਂ ਵਿਚ ਮਾਰਿਆ ਜਾ ਰਿਹਾ ਹੈ, ਕਿਧਰੇ ਔਰਤ ਤੇ ਤੇਜ਼ਾਬੀ ਹਮਲੇ ਹੋ ਰਹੇ ਹਨ, ਕਿਧਰੇ ਗੈਂਗ ਰੇਪ, ਦਾਜ ਆਦਿ ਲਾਹਨਤਾਂ ਦਾ ਸ਼ਿਕਾਰ ਹੋ ਰਹੀ ਹੈ। ਜਦੋਂ ਕਿ ਧਰਤੀ ਉੱਤੇ ਔਰਤ ਦਾ ਵਸੇਬਾ ਮਰਦ ਜਿੰਨਾ ਹੀ ਪੁਰਾਣਾ ਹੈ ਅਤੇ ਮਨੁੱਖੀ ਨਸਲ ਦਾ ਅਟੁੱਟ ਅੰਗ ਵੀ ਹੈ। ਮਨੁੱਖੀ ਸਮਾਜ ਨੂੰ ਮਾਨਵੀ ਤਰਤੀਬ ਦੇਣ ਵਿਚ ਔਰਤ ਦੀ ਅਹਿਮ ਭੂਮਿਕਾ ਹੈ। ਸਾਇੰਸ ਤਕਨਾਲੋਜੀ ਦੇ ਯੁੱਗ ਵਿਚ ਵੀ ਔਰਤ ਉੱਤੇ ਜ਼ੁਲਮ ਜਾਂ ਅੱਤਿਆਚਾਰ ਆਪਣਾ ਨਾਗ ਵਲ ਪਾਈ ਜਾ ਰਹੇ ਹਨ। ਹੁਣ ਤਾਂ ਮਰਦ ਦੀ ਸੋਚ ਇੱਥੋਂ ਤੱਕ ਗਿਰ ਗਈ ਹੈ ਕਿ ਔਰਤ ਨਾਲ ਬਲਾਤਕਾਰ ਜਿਹੇ ਕਾਰੇ ਕਰ ਕੇ, ਆਪਣੇ ਇਸ ਜ਼ੁਲਮ ਨੂੰ ਛੁਪਾਉਣ ਲਈ ਔਰਤ ਨੂੰ ਮੌਤ ਦੇ ਘਾਟ ਉਤਾਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। (''ਜ਼ਿੰਦਗੀ ਦਾ ਮਕਸਦ'' 87)

ਉਪਰੋਕਤ ਸ਼ਬਦਾਂ ਤੋਂ ਭਾਵ ਸਮਾਜ ਵਿਚ ਵਾਪਰ ਰਹੀਆਂ ਇਹ ਘਟਨਾਵਾਂ ਜਿਵੇਂ ਗੈਂਗ ਰੇਪ, ਤੇਜ਼ਾਬੀ ਹਮਲੇ, ਭਰੂਣ ਹੱਤਿਆਵਾਂ। ਇਹ ਸਭ ਘਟਨਾਵਾਂ ਵਿਚ ਸਭ ਤੋਂ ਵੱਧ ਭੂਮਿਕਾ ਮਰਦ ਨਿਭਾਅ ਰਿਹਾ ਹੈ, ਜਿਸ ਦੀ ਇਨਸਾਨੀਅਤ ਗਵਾਚ ਗਈ ਹੈ ਤੇ ਕਿਸ ਹੱਕ ਨਾਲ ਆਉਣ ਵਾਲੇ ਸਮੇਂ ਵਿਚ ਉਹ ਇੱਕ ਸੁਚਾਰੂ ਬਾਪ ਵਾਲੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਕਾਬਿਲ ਬਣੇਗਾ, ਕਿਹੜੀ ਧੀ ਆਪਣੇ ਬਾਪ ਨੂੰ ਆਪਣਾ ਰਖਵਾਲਾ ਸਮਝੇਗੀ, ਇਹ ਮੰਦ ਭਾਗੀਆਂ ਘਟਨਾਵਾਂ ਆਉਣ ਵਾਲੀਆਂ ਪੀੜ੍ਹੀਆਂ ਸਾਹਮਣੇ ਹਜ਼ਾਰਾਂ ਸਵਾਲ ਖੜ੍ਹੇ ਕਰੇਗੀ।

'ਇਨ੍ਹਾਂ ਔਰਤਾਂ ਦੇ ਮਨੁੱਖੀ ਅਧਿਕਾਰ ਕਿਉਂ ਖੋਹ ਲਏ ਗਏ ਹਨ?' ਨਿਬੰਧ ਰਾਹੀਂ ਲੇਖਿਕਾ ਅੱਜ ਦੇ ਭਖਦੇ ਮਸਲੇ ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਖੁਦਕੁਸ਼ੀਆਂ ਦਾ ਉਠਾਇਆ ਹੈ। ਲੇਖਿਕਾ ਦੱਸਦੀ ਹੈ ਕਿ ਜਦੋਂ ਕਰਜ਼ੇ ਦਾ ਸਤਾਇਆ ਕਿਸਾਨ ਖ਼ੁਦ ਖ਼ੁਦਕੁਸ਼ੀ ਕਰ ਲੈਂਦਾ ਹੈ, ਪਰ ਬਾਅਦ ਵਿਚ ਉਨ੍ਹਾਂ ਦੀਆਂ ਇਸਤਰੀਆਂ ਨੂੰ ਕਿੰਨੇ ਦੁੱਖ ਬਰਦਾਸ਼ਤ ਕਰਨੇ ਪੈਂਦੇ ਹਨ। ਇਹ ਉਨ੍ਹਾਂ ਤੋਂ ਬਿਨਾਂ ਹੋਰ ਕੋਈ ਨਹੀਂ ਸਮਝ ਸਕਦਾ, ਰੋਜ਼ੀ ਰੋਟੀ ਖ਼ਾਤਰ, ਉਨ੍ਹਾਂ ਦੀਆਂ ਬੱਚੀਆਂ ਕਿਵੇਂ ਰੁਲ ਰਹੀਆਂ ਹਨ। ਲੇਖਿਕਾ ਇੱਕ ਕਿਸਾਨ ਦੀ ਪਤਨੀ ਦੀ ਹੱਡ ਬੀਤੀ ਸੁਣਾਉਂਦੀ ਹੈ:

> ਕਰਜ਼ੇ ਵਾਪਸ ਲੈਣ ਵਾਲੇ ਸਾਡੀ ਚਮੜੀ ਲਾਹੁਣ ਨੂੰ ਫਿਰਦੇ ਨੇ।ਹਰ ਰੋਜ਼ ਦਾ 50 ਰੁਪਏ 'ਚ ਸਾਨੂੰ ਮਾਂ ਧੀ ਨੂੰ ਦੋ ਵੇਲੇ  ਦੀ ਰੋਟੀ ਨਾਲ ਢਿੱਡ ਭਰਨਾ ਪੈਂਦੇ। ਧੀ ਦੀ ਪੱਤ ਬਚਾਉਣ ਲਈ ਮੈਂ ਵਿਕ ਗਈ ਹਾਂ, ਬੇਵੱਸ। ਸੜਕਾਂ ਤੇ ਧੱਕੇ ਖਾਣ ਲਈ ਮਜਬੂਰ ਤੇ ਧੀ ਨੂੰ ਬਚਾਉਣ ਤੋਂ ਅਸਮਰਥ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 67)

> ਕਿਸਾਨਾਂ ਨੂੰ ਬਹੁਤਾ ਕਰ ਕੇ ਕਰਜ਼ੇ (70 ਪ੍ਰਤੀਸ਼ਤ) ਗ਼ੈਰ-ਸੰਸਥਾਗਤ ਸ਼ਾਹੂਕਾਰਾਂ ਪਾਸੋਂ ਬੜੀਆਂ ਉੱਚੀਆਂ ਵਿਆਜ ਦਰਾਂ ਤੇ ਮਿਲਦੇ ਹਨ। ਸਿਰਫ਼ ਤਕਰੀਬਨ 30 ਪ੍ਰਤੀਸ਼ਤ ਕਰਜ਼ੇ ਹੀ ਸੰਸਥਾਗਤ ਸ਼ਾਹੂਕਾਰ ਏਜੰਸੀਆਂ (ਬੈਂਕ ਅਤੇ ਸਹਿਕਾਰੀ ਸਭਾਵਾਂ) ਤੋਂ ਨਿਯੰਤਰਿਤ ਵਿਆਜ ਦਰ ਤੇ ਮਿਲਦੇ ਹਨ। ਸੰਸਥਾਗਤ ਰਿਣ ਦੇ ਵਿਆਜ ਦੀਆਂ ਦਰਾਂ 16 ਤੋਂ 18 ਪ੍ਰਤੀਸ਼ਤ ਦੇ ਦਰਮਿਆਨ ਰਹੀਆਂ ਹਨ।  ਇਸ ਦੇ ਵਿਪਰੀਤ, ਗ਼ੈਰ-ਸੰਸਥਾਗਤ ਕਰਜ਼ਿਆਂ ਤੇ ਲਗਾਈ ਜਾਣ ਵਾਲੀ ਵਿਆਜ ਦੀ ਦਰ 40 ਤੋਂ 60 ਪ੍ਰਤੀਸ਼ਤ ਤਕ ਹੁੰਦੀ ਹੈ। (ਸਿੱਧੂ ''ਭਾਰਤ ਦੇ ਦਿਹਾਤ ਵਿਚ ਕਰਜ਼ਾ ਅਤੇ ਮੌਤ ਪੰਜਾਬ ਦੀ ਗਾਥਾ" 7)

> ਭਾਰਤ ਵਿਚ 1990 'ਚ ਨਵ-ਉਦਾਰਵਾਦੀ ਨੀਤੀਆਂ ਦੇ ਲਾਗੂ ਹੋਣ ਨਾਲ ਮਿਹਨਤਕਸ਼ ਜਨਤਾ 'ਤੇ ਹਮਲਾ ਤੇਜ਼ ਹੋ ਗਿਆ ਹੈ ਅਤੇ ਇਸ ਦਾ ਖ਼ਮਿਆਜ਼ਾ ਔਰਤਾਂ ਨੂੰ ਵੀ ਭੁਗਤਣਾ ਪੈ ਰਿਹਾ ਹੈ। ਪੂੰਜੀਵਾਦ ਨੇ ਔਰਤ ਦੀ ਸਰੀਰਕ ਕਿਰਤ ਸ਼ਕਤੀ ਅਤੇ ਮਾਨਸਿਕ ਕਿਰਤ ਸ਼ਕਤੀ ਦੀ ਇੱਕ ਜਿਨਸ ਦੇ ਤੌਰ 'ਤੇ ਲੁੱਟ ਤੋਂ ਇਲਾਵਾ, ਉਸ ਨੂੰ ਮਾਲ ਵੇਚਣ ਲਈ ਇੱਕ ਨੁਮਾਇਸ਼ ਦੀ ਵਸਤੂ ਬਣਾ ਦਿੱਤਾ ਹੈ। ਹੁਣ ਉਸ ਨੂੰ ਫ਼ੈਸ਼ਨ ਮੁਕਾਬਲਿਆਂ, ਸੁੰਦਰਤਾ ਮੁਕਾਬਲਿਆਂ, ਗਾਉਣ-ਵਜਾਉਣ, ਚੀਂਅਰਜ਼- ਗਰਲਜ਼, ਕਾਲ-ਗਰਲਜ਼, ਸੇਲਜ਼-ਗਰਲਜ਼, ਬਲਿਊ ਫ਼ਿਲਮਾਂ ਅਤੇ ਔਰਤਾਂ ਦੇ ਅੱਧ ਨੰਗੇ ਜਿਸਮਾਂ ਨੂੰ ਮਾਲ ਵੇਚਣ ਲਈ ਤਿਆਰ ਕੀਤੀਆਂ ਜਾਂਦੀਆਂ ਮਸ਼ਹੂਰੀਆਂ ਲਈ ਵਰਤਿਆ ਜਾ ਰਿਹਾ ਹੈ। (ਮਨਦੀਪ (ਸੰਪਾ:) "ਔਰਤ ਦੀ ਮੁਕਤੀ ਦਾ ਮਾਰਗ" 8)

ਉਪਰੋਕਤ ਅੰਕੜੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇਹਨਾਂ ਗੱਲਾਂ ਨੂੰ ਵਿਚਾਰਨ ਦੀ ਤੇ ਉਨ੍ਹਾਂ ਔਰਤਾਂ ਨਾਲ ਹੋ ਰਹੇ ਤਸ਼ੱਦਦ ਵਿਰੁੱਧ ਆਵਾਜ਼ ਉਠਾਉਣ ਦੀ। ਪਿਛਲੇ 20 ਸਾਲਾਂ ਵਿਚ 3 ਲੱਖ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ। ਲੇਖਿਕਾ ਇਸ ਬਾਰੇ ਸਰਕਾਰ, ਵੋਟਾਂ ਮੰਗਣ ਵਾਲੇ ਸਿਆਸਤਦਾਨਾਂ ਵੱਲ ਵੀ ਇਸ਼ਾਰਾ ਕਰਦੀ ਹੈ ਤੇ ਪ੍ਰਸ਼ਨ ਵੀ ਖੜ੍ਹਾ ਕਰਦੀ ਹੈ, ਉਨ੍ਹਾਂ ਨੇਤਾਵਾਂ, ਐਨ. ਜੀ. ਓ. ਦੇ ਪ੍ਰਤੀ ਕਿ ਕਿਉਂ ਇਹ ਸੰਸਥਾਵਾਂ ਨਹੀਂ ਜਾਗ ਰਹੀਆਂ। ਆਖ਼ਿਰ ਇਹਨਾਂ ਔਰਤਾਂ ਦੇ ਹੱਕਾਂ ਦੀ ਰਾਖੀ ਕੌਣ ਕਰੇਗਾ? ਦੂਜੀ ਗੰਭੀਰ ਸਮੱਸਿਆ ਤਲਾਕ ਹੈ। ਅੱਜ ਸਮਾਜ ਵਿਚ ਤਲਾਕਾਂ ਦੀ ਗਿਣਤੀ ਵੱਧ ਰਹੀ ਹੈ। ਹਿੰਦੁਸਤਾਨ ਜਾਂ ਕਹਿ ਲਓ ਵਿਕਸਿਤ ਦੇਸ਼ਾਂ ਵਿਚ ਕਾਫ਼ੀ ਔਰਤਾਂ ਡਾਇਪਰ ਵਾਂਗ ਪਤੀ ਵੀ ਬਦਲਣ ਲੱਗ ਪਈਆਂ ਹਨ ਤੇ ਵੱਡੇ ਸ਼ਹਿਰਾਂ ਵਿਚ ਤਲਾਕ ਆਮ ਜਿਹੀ ਗੱਲ ਬਣਦੀ ਜਾ ਰਹੀ ਹੈ। ਭਾਰਤ ਵਿਚ ਜੇਕਰ ਦੇਖਿਆ ਜਾਵੇ, ਸ਼ਾਇਦ ਕਿਤੇ ਨਾ ਕਿਤੇ ਰਿਸ਼ਤਿਆਂ ਦੇ ਬਚੇ ਰਹਿਣ ਦਾ ਕਾਰਨ, ਉਨ੍ਹਾਂ ਨੂੰ ਨਿੱਘ ਨਾਲ ਮਾਣਨ ਹੈ ਕਿਉਂਕਿ ਮਰਦ ਪ੍ਰਧਾਨ ਸਮਾਜ ਹੋਣ ਕਰ ਕੇ, ਹਜ਼ਾਰਾਂ ਔਰਤਾਂ ਮਰਦਾਂ ਦੇ ਜ਼ੁਲਮਾਂ ਨੂੰ ਚੁੱਪ ਚੁਪੀਤੇ ਬਰਦਾਸ਼ਤ ਕਰਦੀਆਂ ਹਨ:

> ਭਾਰਤੀ ਸਮਾਜ ਵਿਚ ਅੱਜ ਵੀ ਇਸਤਰੀ ਦੀ ਸਥਿਤੀ ਅਜਿਹੀ ਹੈ ਕਿ ਉਸ ਨੂੰ ਸੁੱਖ ਮਿਲੇ ਜਾਂ ਦੁੱਖ ਬਿਨਾਂ ਸੋਚੇ-ਸਮਝੇ ਮੂਕ ਬਣ ਕੇ ਸਹਿਣਾ ਪੈਂਦਾ ਹੈ। ਉਹ ਆਪਣੇ ਸਹੁਰੇ ਤੇ ਪੇਕੇ ਪਰਿਵਾਰ ਨੂੰ ਜੋੜ ਕੇ ਰੱਖਦਿਆਂ ਨਾ ਕੇਵਲ ਸਵੈ-ਵਿਕਸਿਤ ਤੇ ਸਮਰਿੱਧ ਬਣਦੀ ਹੈ, ਸਗੋਂ ਸਮਾਜ ਨੂੰ ਵੀ ਬਣਾਈ ਰੱਖਦੀ ਹੈ। ਜਿਸ ਛੱਤ ਦੇ ਹੇਠਾਂ ਉਹ ਆਪਣੀ ਸਾਰੀ ਜ਼ਿੰਦਗੀ ਆਪਣੇ ਪਰਿਵਾਰ ਲਈ ਕੁਰਬਾਨ ਕਰ ਦਿੰਦੀ ਹੈ ,ਉਸ ਪਰਿਵਾਰ ਤੋਂ ਉਸ ਨੂੰ ਮਿਲਦਾ ਕੀ ਹੈ? (ਹੈਪੀ ''ਨਾਰੀਵਾਦੀ ਪਰਿਪੇਖ ਵਿਚ ਅੰਮ੍ਰਿਤਾ ਪ੍ਰੀਤਮ ਅਤੇ ਮਹਾਂਦੇਵੀ ਵਰਮਾ ਕਾਵਿ ਦਾ ਤੁਲਨਾਤਮਕ ਅਧਿਐਨ" 203)

ਲੇਖਿਕਾ 'ਇਸ ਹਿੰਦੁਸਤਾਨੀ ਔਰਤਾਂ ਬਾਰੇ ਡੂੰਘੀਆਂ ਗੱਲਾਂ' ਨਿਬੰਧ ਰਾਹੀਂ ਅੱਜ ਇੱਕ ਭਿਆਨਕ ਬਿਮਾਰੀ ਤਲਾਕ ਪ੍ਰਤੀ ਲੋਕਾਂ ਨੂੰ ਜਾਗ੍ਰਿਤ ਕਰਦੀ ਹੈ ਕਿ ਜੇਕਰ ਔਰਤ ਨੂੰ ਬਰਾਬਰ ਦਾ ਦਰਜਾ ਦਿੱਤਾ ਜਾਵੇ ਤੇ ਆਪਸੀ ਸੰਬੰਧਾਂ ਨੂੰ ਵਧੀਆਂ ਬਣਾ ਲਿਆ ਜਾਵੇ। ਇਸ ਨਾਲ ਸਿਰਫ਼ ਨਰੋਆ ਪਰਿਵਾਰ ਹੀ ਨਹੀਂ, ਸਗੋਂ ਇੱਕ ਨਿਰੋਏ ਸਮਾਜ ਦੀ ਸਿਰਜਣਾ ਵੀ ਕੀਤੀ ਜਾ ਸਕਦੀ ਹੈ। ਲੋੜ ਹੈ ਰਿਸ਼ਤਿਆਂ ਨੂੰ ਰੂਹ ਨਾਲ ਮਾਣਨ ਦੀ।

ਲੇਖਿਕਾ ਅੱਜ ਦੇ ਤਿੜਕਦੇ ਰਿਸ਼ਤਿਆਂ ਬਾਰੇ ਆਮ ਮਨੁੱਖ ਨੂੰ ਸੁਚੇਤ ਵੀ ਕਰਦੀ ਹੈ ਕਿ ਬਹੁਤੀ ਦੇਰ ਦੱਬੇ ਕੁਚਲੇ ਜਾਣ ਤੋਂ ਬਾਅਦ, ਜਦੋਂ ਬਗ਼ਾਵਤ ਤੇ ਔਰਤ ਉਤਰਦੀ ਹੈ ਤਾਂ ਭਿਅੰਕਰ ਨਤੀਜੇ ਸਾਹਮਣੇ ਆਉਂਦੇ ਹਨ:

> ਤਿੜਕਦੇ ਰਿਸ਼ਤੇ, ਅਣਵਿਆਹੀਆਂ ਮਾਵਾਂ, ਸਕੂਲੀ ਬੱਚਿਆਂ ਵਿਚ ਵੱਧ ਰਿਹਾ ਜਿਸਮਾਨੀ ਸੰਬੰਧਾਂ ਦਾ ਰੁਝਾਨ, ਸਮਲਿੰਗੀ ਸੰਬੰਧ ਇਸੀ ਬਗ਼ਾਵਤ ਦਾ ਨਤੀਜਾ ਬਣਦੇ ਜਾ ਰਹੇ ਹਨ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''74)

ਅੱਜ ਮੋਹ ਭਿੱਜੇ ਰਿਸ਼ਤਿਆਂ ਨੂੰ ਮਾਣਨ ਦੀ ਬਜਾਏ ਇਹਨਾਂ ਰਿਸ਼ਤਿਆਂ ਦਾ ਤਿਰਸਕਾਰ ਹੋ ਰਿਹਾ ਹੈ। ਭਰਾਂ ਵੱਲੋਂ ਭੈਣ ਦੀ, ਪਿਤਾ ਵੱਲੋਂ ਦੀ ਧੀ ਦੀ ਪੱਤ ਲੁੱਟੇ ਜਾਣ ਦੀ ਇਹ ਬਿਮਾਰੀ, ਅੱਜ ਦੇ ਸਮਾਜ ਵਿਚ ਆਮ ਜਿਹੀ ਗੱਲ ਬਣਦੀ ਜਾ ਰਹੀ ਹੈ। ਨਸ਼ਿਆਂ ਵਿਚ ਗ਼ਲਤਾਨ ਹੋ ਕੇ ਲੋਕ, ਇਹਨਾਂ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਭੰਗ ਕਰਨੋਂ ਵੀ ਬਾਜ਼ ਨਹੀਂ ਆਉਂਦੇ:

> ਅਰਵਿੰਦਰ ਕੌਰ ਅਨੁਸਾਰ: ਅੱਜ ਔਰਤ ਮੰਡੀ ਦੀ ਵਸਤ ਬਣਾ ਕੇ ਵੇਚੀ ਜਾ ਰਹੀ ਹੈ। ਸਮਾਜ ਵਿਚ ਔਰਤਾਂ ਨਾਲ ਕਿੰਨੇ ਬਲਾਤਕਾਰ ਹੋ ਰਹੇ ਹਨ ਅਖ਼ਬਾਰਾਂ ਇਸ ਬਾਰੇ ਬੋਲਦੀਆਂ ਹਨ। ਕਿੰਨੀਆਂ ਔਰਤਾਂ ਦਾਜ ਦੀ ਬਲੀ ਚੜ੍ਹਾਈਆਂ ਜਾ ਰਹੀਆਂ ਹਨ ਕੀ ਇਹ ਔਰਤਾਂ ਦੀ ਆਜ਼ਾਦੀ ਹੈ ਜਾਂ ਔਰਤਾਂ ਦੀ ਦੁਰਦਸ਼ਾ? ਕੰਮਕਾਜੀ ਔਰਤਾਂ ਦੇ ਨਾਲ ਬੱਸਾਂ ਤੇ ਰੇਲ ਗੱਡੀਆਂ ਵਿਚ ਦਫ਼ਤਰਾਂ ਵਿਚ ਮਰਦਾਂ ਦੁਆਰਾ ਛੇੜ-ਛਾੜ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। (ਰਾਣਾ ''ਭਾਰਤੀ ਸਮਾਜ ਵਿਚ ਔਰਤ ਦੀ ਦਸ਼ਾ'' 16)

'ਲੱਚਰ ਗੀਤ ਸੰਗੀਤ' ਨਿਬੰਧ ਵਿਚ ਲੇਖਿਕਾ ਆਖਦੀ ਹੈ ਕਿ ਗੀਤ ਸੰਗੀਤ ਵਿਚ ਵਧਦੀ ਲੱਚਰਤਾ ਨੇ ਮਨੁੱਖੀ ਨੈਤਿਕ ਕਦਰਾਂ-ਕੀਤਮਾਂ ਦਾ ਘਾਣ ਕੀਤਾ ਹੈ। ਅਜੋਕੇ ਸਮਾਜ ਵਿਚ ਵਧਦਾ ਲੱਚਰ ਗੀਤ ਸੰਗੀਤ ਕਿਤੇ ਨਾ ਕਿਤੇ ਰੋਜ਼ ਦੀਆਂ ਮੰਦ ਭਾਗੀਆਂ ਘਟਨਾਵਾਂ ਲਈ ਜ਼ਿੰਮੇਵਾਰੀ ਹੈ:

> ਆਪਣੀ ਸਭਿਅਤਾ ਨੂੰ ਛੱਡ ਕੇ ਕਿਸੇ ਹੋਰ ਸਭਿਅਤਾ ਦੇ ਪਹਿਰਾਵੇ ਜਾਂ ਜ਼ੁਬਾਨ ਨੂੰ ਅਪਣਾਉਣ ਵਾਲ ਕੋਈ ਅਗਾਂਹਵਧੂ ਨਹੀਂ ਬਣ ਜਾਂਦਾ, ਪਰ ਇਸ ਨੂੰ ਅਪਣਾਉਣ ਵਾਲੇ ਇਹ ਭੁੱਲ ਜਾਂਦੇ ਹਨ ਕਿ ਦੂਜੀ ਸਭਿਅਤਾ ਨਾਲ ਜੁੜੇ ਮਾੜੇ ਅੰਸ਼ ਆਪਣੇ ਆਪ ਹੀ ਉਨ੍ਹਾਂ ਵਿਚ ਘਰ ਕਰ ਜਾਂਦੇ ਹਨ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''257)

ਅੱਜ ਗੀਤਾਂ ਵਿਚ ਵਧਦੀ ਲੱਚਰਤਾ ਨੂੰ ਅਸੀਂ ਵੀ ਅੱਗੇ ਤੋਰਨ ਲਈ ਜ਼ਿੰਮੇਵਾਰ ਹਾਂ ਗਾਣਿਆਂ ਵਿਚ ਜਿਵੇਂ:

'ਲੱਕ 28 ਕੁੜੀ ਦਾ, 47 ਵੇਟ ਕੁੜੀ ਦਾ'

'ਲੰਘ ਗਈ ਮਜਾਜਣ ਖਹਿ ਕੇ, ਚੱਕ ਲੈ ਓਏ, ਚੱਕ ਲੈ ਵਾਹਿਗੁਰੂ ਕਹਿ ਕੇ'।

ਇਹ ਵਿਗੜਦੀ ਸੋਚ ਹਰ ਸਦੀ ਵਿਚ ਘਟਣ ਦੀ ਬਜਾਏ, ਬੁਲੰਦ ਹੁੰਦੀ ਜਾਵੇਗੀ ਤੇ ਜਦੋਂ ਸਾਡੇ ਘਰਾਂ ਵਿਚ ਧੀਆਂ ਭੈਣਾਂ ਨਾਲ ਮਾੜੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਅਸੀਂ ਉਸ ਦਾ ਦੋਸ਼ ਸਮੇਂ ਦੀਆਂ ਸਰਕਾਰਾਂ ਦੇ ਹੱਥ ਮੜ੍ਹ ਦਿੰਦੇ ਹਾਂ:

> ਵੱਡੇ ਪੱਧਰ ਉੱਤੇ ਇਹੋ ਜਿਹੀ ਸੋਚ ਪਨਪ ਜਾਣ ਉੱਤੇ, ਜਿੱਥੇ ਸਾਡਾ ਆਪਣਾ ਬੱਚਾ ਕਿਸੇ ਹੋਰ ਘਰ ਦੀ ਬੱਚੀ ਬਾਰੇ ਇਹੋ ਜਿਹੇ ਵਿਚਾਰ ਰੱਖੇਗਾ, ਉੱਥੇ ਹੋਰਨਾਂ ਘਰਾਂ ਵਿਚਲੇ ਬੰਦੇ ਸਾਡੀ ਬੱਚੀ ਦਾ ਚੀਰਫਾੜ ਕਰਨ ਲਈ ਤਿਆਰ ਬੈਠੇ ਮਿਲਣਗੇ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''258)

ਅਜੇ ਵੀ ਸਮਾਂ ਹੈ ਨਹੀਂ ਤਾਂ ਇਸ ਅੱਗ ਨੇ ਸਭ ਕੁੱਝ ਸਵਾਹ ਕਰ ਦੇਣਾ ਹੈ, ਲੋੜ ਹੈ ਆਪਣੇ ਬੱਚਿਆਂ ਨੂੰ ਚੰਗੇ ਗੀਤ ਸੰਗੀਤ ਦੇ ਲੜ ਲਾ ਕੇ ਸੁਹਿਰਦ ਸੋਚ ਦਾ ਧਾਰਨੀ ਬਣਾਉਣ ਦੀ, ਸਹਿਣਸ਼ੀਲਤਾ ਤੇ ਠਰ੍ਹੰਮੇ ਵਾਲਾ ਮਾਹੌਲ ਸਿਰਜਣ ਦੀ, ਜਿਸ ਕਾਰਨ ਬੱਚੇ ਅੰਦਰ ਵੱਡੇ ਹੋ ਕੇ ਜਾਨਵਰ ਪ੍ਰਵਿਰਤੀ ਦੱਬੀ ਜਾ ਸਕੇ। ਉਹ ਸੁਚੱਜੀ ਸੋਚ ਦਾ ਧਾਰਨੀ ਬਣਨ ਤੇ ਨਰੋਏ ਸਮਾਜ ਦੀ ਸਥਾਪਨਾ ਕਰ ਸਕੇ।

ਲੇਖਿਕਾ 'ਆਓ ਪੰਜਾਬੀਓ, ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰੀਏ' ਨਿਬੰਧ ਵਿਚਲਾ ਸੁਨੇਹਾ ਮੁੱਖ ਰੂਪ ਵਿਚ ਇਹ ਹੈ ਕਿ ਵਿਸ਼ਵੀਕਰਨ ਦਾ ਪ੍ਰਭਾਵ ਪੰਜਾਬ ਤੇ ਵੀ ਮੁੱਖ ਰੂਪ ਵਿਚ ਪਿਆ ਹੈ, ਪ੍ਰੰਤੂ ਸਮੱਸਿਆ ਇਹ ਹੈ ਕਿ ਅਸੀਂ ਅੰਗਰੇਜ਼ਾਂ ਦੀਆਂ ਹਰ ਗੱਲਾਂ ਮੰਨਣ ਲਈ ਤਤਪਰ ਰਹਿੰਦੇ ਹਾਂ, ਪ੍ਰੰਤੂ ਦੁੱਖ ਦੀ ਗੱਲ ਇਹ ਹੈ ਕਿ

ਅਸੀਂ ਉਨ੍ਹਾਂ ਦੀ ਹਰ ਮਾੜੀ ਚੀਜ਼ ਨੂੰ ਅਪਣਾਉਣ ਲਈ ਕਾਹਲੇ ਹਾਂ। ਉਨ੍ਹਾਂ ਦੀਆਂ ਸਭ ਤੋਂ ਚੰਗੀਆਂ ਆਦਤਾਂ, ਨਹੀਂ ਅਪਣਾ ਰਹੇ, ਜਿਸ ਕਾਰਨ ਉਹ ਦੁਨੀਆ ਦੇ ਮੋਹਰੀ ਬਣੇ ਹੋਏ ਹਨ:

> ਅੰਗਰੇਜ਼ਾਂ ਵਿਚ ਕੁੜੀਮਾਰ ਨਹੀਂ ਹੁੰਦੇ। ਉਹ ਆਪਣੇ ਬੱਚਿਆਂ ਦਾ ਭਾਰ ਸਾਰੀ ਉਮਰ ਨਹੀਂ ਝੱਲਦੇ।ਭਾਵੇਂ ਕੁੜੀ ਹੋਵੇ ਜਾਂ ਮੁੰਡਾ,ਉਨ੍ਹਾਂ ਨੂੰ ਬਰਾਬਰੀ ਦਾ ਦਰਜਾ ਦਿੰਦੇ ਹੋਏ, ਉਹ ਸ਼ੁਰੂ ਦੇ ਸਾਲਾਂ ਵਿਚ ਪੜ੍ਹਾਉਣ ਤੋਂ ਬਾਅਦ ਆਪੇ ਕਮਾਈ ਕਰ ਕੇ ਪੜ੍ਹਨ ਭੇਜ ਦਿੰਦੇ ਹਨ ਤਾਂ ਜੋ ਉਹ ਜ਼ਿੰਦਗੀ ਦੇ ਥਪੇੜੇ ਝੱਲ ਕੇ ਆਪ ਅਗਾਂਹ ਵਧਣਾ ਸਿੱਖਣ। ਵਕਤ ਦੀ ਪਾਬੰਦੀ ਹੀ ਉਨ੍ਹਾਂ ਨੂੰ ਅਗਾਂਹਵਧੂ ਬਣਾਉਣ ਵਿਚ ਸਹਾਈ ਹੁੰਦੀ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 128)

ਅੱਜ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿਚ ਬਾਹਰ ਕੱਢ ਕੇ ਸਹੀ ਰਸਤੇ ਤੇ ਰੁਝੇਵੇਂ ਭਰਪੂਰ ਜ਼ਿੰਦਗੀ ਦੇਣ ਦੀ ਲੋੜ ਹੈ। ਉਨ੍ਹਾਂ ਅੰਦਰ ਨੈਤਿਕ ਕਦਰਾਂ-ਕੀਮਤਾਂ ਨੂੰ ਭਰਨ ਦੀ ਲੋੜ ਹੈ ਤਾਂ ਜੋ ਉਹ ਅੰਦਰ ਆਪਣੇ ਲਈ ਤੇ ਆਪਣੇ ਵਤਨ ਲਈ ਕੁੱਝ ਕਰਨ ਦੀ ਤਮੰਨਾ ਜਗਾਉਣ ਦੀ ਲੋੜ ਹੈ।

**ਦ੍ਰਿਸ਼ਟੀਕੋਣ**:- ਲੇਖਿਕਾ ਪ੍ਰਗਤੀਵਾਦੀ ਵਿਚਾਰਧਾਰਾ ਦੀ ਧਾਰਨੀ ਹੈ। ਲੇਖਿਕਾ ਦੇ ਨਿਬੰਧਾਂ ਦੀ ਬਣਤਰ ਵਿਧੀ ਪੇਸ਼ਕਾਰੀ ਵਿਆਖਿਆਤਮਕ ਹੈ। ਦਲੀਲਾਂ ਰਾਹੀਂ, ਉਦਾਹਰਨ ਪੇਸ਼ ਕਰ ਕੇ ਅੰਤਰ ਰਾਸ਼ਟਰੀ ਸੂਚਨਾਵਾਂ ਉੱਪਰ ਇਤਿਹਾਸਕ ਪ੍ਰਸੰਗ ਰਾਹੀਂ ਆਪਣੀਆਂ ਵਿਚਾਰਧਾਰਾਈ ਸੋਚਾਂ ਨੂੰ ਇੰਜ ਸੰਚਾਰਿਆਂ ਹੈ ਕਿ ਨਿਬੰਧ ਸ਼ੈਲੀ ਦੀ ਬੌਧਿਕਤਾ ਹੁੰਦਿਆਂ ਹੋਇਆ ਵੀ ਰੋਚਕਤਾ ਬਣੀ ਰਹਿੰਦੀ ਹੈ। ਨਿਰੋਲ ਕਾਲਪਨਿਕ ਪ੍ਰਸੰਗ ਦੇਣ ਦੀ ਥਾਂ ਘਟਿਤ ਘਟਨਾਵਾਂ ਦੇ ਸੱਚੇ ਹਵਾਲੇ ਦੇ ਕੇ ਆਪਣਾ ਪੱਖ ਪੇਸ਼ ਕੀਤਾ ਗਿਆ ਹੈ। ਨਿਬੰਧਾਂ ਦੇ ਗੰਭੀਰ ਵਿਸ਼ਿਆਂ ਨੂੰ ਰੋਚਿਕ, ਸਰਲ ਅਤੇ ਸਹਿਜ ਢੰਗ ਨਾਲ ਅਭਿਵਿਅਕਤ ਕੀਤਾ ਗਿਆ ਹੈ।

ਲੇਖਿਕਾ ਅਨੁਸਾਰ ਸਮਾਜ ਵਿਚ ਧੀਆਂ ਨੂੰ ਜਨਮ ਦੇਣ ਵਾਲੀਆਂ ਔਰਤਾਂ ਪ੍ਰਤੀ ਇੱਜ਼ਤ ਸਤਿਕਾਰ ਅਤੇ ਪਿਆਰ ਨਹੀਂ ਹੈ ਰੁਜ਼ਗਾਰ ਦੇ ਅਵਸਰ ਘੱਟ ਹਨ, ਜੋ ਵੀ ਔਰਤ ਨੌਕਰੀ ਕਰਦੀ ਹੈ, ਉਸ ਦੀ ਤਨਖ਼ਾਹ ਉੱਪਰ

ਉਸ ਦਾ ਹੱਕ ਨਹੀਂ। ਗੱਭਰੂ ਹੋਏ ਪੁੱਤਰ, ਬੁੱਢਿਆਂ ਨੂੰ ਘਰੋਂ ਕੱਢ ਦਿੰਦੇ ਹਨ। ਛੋਟੀਆਂ ਬੱਚੀਆਂ ਨਾਲ ਬਲਾਤਕਾਰ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ ਜਾਂਦਾ। ਜਿੱਥੇ ਧੀਆਂ ਨੂੰ ਪੇਟ ਵਿਚ ਹੀ ਜੰਮਣ ਤੋਂ ਪਹਿਲਾਂ ਮਾਰ ਦਿੱਤਾ ਜਾਂਦਾ ਹੈ। ਔਰਤ ਉੱਪਰ ਹੋ ਰਹੇ ਜ਼ੁਲਮਾਂ ਦੀਆਂ ਕਹਾਣੀਆਂ ਸੁਣਾ ਕੇ ਡਾ, ਹਰਸ਼ਿੰਦਰ ਕੌਰ ਨੇ ਲੋਕ ਸਰਕਾਰਾਂ, ਪਰਿਵਾਰਾਂ, ਕਾਨੂੰਨ ਦੇ ਰਖਵਾਲਿਆਂ ਅਤੇ ਧਰਮ ਦੇ ਠੇਕੇਦਾਰਾਂ ਨੂੰ ਸੁਚੇਤ ਕੀਤਾ ਹੈ ਕਿ ਔਰਤ, ਮਰਦ ਦੇ ਬਰਾਬਰ ਹੱਕਾਂ ਦੀ ਮਾਲਕ ਹੋਣੀ ਸਮੇਂ ਦੀ ਲੋੜ ਹੈ। ਔਰਤਾਂ ਨਾਲ ਮਾਨਸਿਕ, ਸਮਾਜਿਕ, ਆਰਥਿਕ ਸ਼ੋਸ਼ਣ ਕਰਨ ਵਾਲੇ ਮਰਦ ਹਨ, ਜਿਹੜੇ ਇਹ ਨਹੀਂ ਸੋਚਦੇ ਕਿ ਔਰਤ ਮਾਂ ਹੈ, ਦੇਵੀ ਹੈ, ਸ਼ਕਤੀ ਹੈ, ਵਰਦਾਨ ਹੈ, ਪੂਜਣਯੋਗ ਪ੍ਰਤਾਪੀ ਹੈ। ਡਾ. ਹਰਸ਼ਿੰਦਰ ਕੌਰ ਦੀ ਇਸ ਪੁਸਤਕ ਦੇ ਸਾਰੇ ਨਿਬੰਧ ਔਰਤ ਦੀਆਂ ਤਲਖ਼ ਹਕੀਕਤਾਂ ਦਾ ਯਥਾਰਥ ਹੀ ਨਹੀਂ ਪੇਸ਼ ਕਰ ਰਹੇ, ਬਲਕਿ ਔਰਤ ਨੂੰ ਜਾਗ੍ਰਿਤ ਕਰ ਕੇ ਆਪਣੇ ਹੱਕਾਂ ਲਈ ਲੜਨ ਵਾਸਤੇ ਦੈਤੀ ਸ਼ਕਤੀ ਸੰਚਾਰਨ ਦੇ ਸਰੋਤ ਵੀ ਹਨ।

**2) ਵਿਧਾਗਤ ਜੁਗਤਾਂ:-**

**ੳ) ਸ਼ੈਲੀਗਤ ਜੁਗਤਾਂ:-** ਸ਼ੈਲੀ ਅਭਿਵਿਅਕਤੀ ਦਾ ਲਿਖਣ ਅੰਦਾਜ਼ ਹੈ। ਲੇਖਿਕਾ ਦੀ ਸੋਚ ਉਡਾਰੀ ਸ਼ਬਦਾਂ ਰਾਹੀ ਲਿਖਤੀ ਰੂਪ ਵਿਚ ਅਭਿਵਿਅਕਤ ਕਰਨ ਦੀ ਵਿਧੀ ਹੈ। ਸ਼ੈਲੀ ਹੀ ਵਿਅਕਤੀ ਦਾ ਸਰੂਪ ਹੈ।(Style is man) ਦਾ ਅਰਥ ਵੀ ਇਹੋ ਹੈ, ਜਿਸ ਤਰ੍ਹਾਂ ਲੇਖਕ ਦੇ ਵਿਅਕਤਿਤਵ ਦੀ ਯੋਗਤਾ, ਪ੍ਰਕਿਰਤੀ, ਮਾਨਸਿਕ ਬੌਧਿਕ ਸਮਾਜਿਕ ਅਵਸਥਾ ਹੰਢਾਉਂਦਿਆਂ, ਉਸ ਦੀ ਮਾਨਸਿਕ ਬੌਧਿਕ, ਵਿਅਕਤੀਗਤ ਪ੍ਰਕਿਰਤੀ ਸਥਾਪਿਤ ਹੋ ਗਈ ਹੁੰਦੀ ਹੈ, ਉਸ ਦਾ ਬੋਲਣ ਲਿਖਣ ਤੇ ਕਲਾਤਮਕ ਗੁਣ ਸੰਚਾਰਨ ਦਾ ਸੁਭਾਅ ਉਸੇ ਤਰ੍ਹਾਂ ਹੀ ਤਾਂ ਬਣ ਜਾਂਦਾ ਹੈ। ਲਿਖਣ ਸ਼ੈਲੀ ਲੇਖਕ ਦੇ ਨਿੱਜ ਦੇ ਸੁਭਾਅ ਨੂੰ ਉਸਾਰਦੀ ਹੈ। ਕਲਾਕਾਰ ਦੀ ਪ੍ਰਤਿਭਾ, ਲੇਖਕ ਦੀ ਬੌਧਿਕਤਾ, ਅਥਵਾ ਕਰਤਾ ਦੀ ਕਲਾਤਮਕਤਾ ਉਸ ਦੀ ਸ਼ੈਲੀ ਅਨੁਸਾਰ ਅੰਕਿਤ ਹੁੰਦੀ ਹੈ। ਕੋਈ ਲੇਖਕ ਕਲਾਕਾਰ ਚਿੱਤਰਕਾਰ ਆਪਣੇ ਗੁਣ ਵਿਸ਼ੇਸ਼ ਕਾਰਨ ਹੀ ਪ੍ਰਤਿਭਾਸ਼ੀਲ ਬਣ ਕੇ ਆਪਣੀ ਕਿਰਤ ਚਮਕਾਉਂਦਾ ਹੈ। ਲੇਖਕ ਦੀ

ਯੋਗਤਾ ਪ੍ਰਤਿਭਾ ਅਤੇ ਤਜਰਬਿਆਂ ਦੇ ਵੱਧ ਘੱਟ ਹੋਣ ਦਾ ਪ੍ਰਭਾਵ, ਉਸੇ ਰੂਪ ਵਿਚ ਉਸ ਦੀ ਸ਼ੈਲੀ ਦੀ ਸੰਰਚਨਾ ਉੱਪਰ ਪੈਂਦਾ ਹੈ। ਸ਼ੈਲੀ ਰਾਹੀਂ ਲੇਖਕ ਅਨੁਭਵਾਂ ਨੂੰ ਕਲਾਤਮਕ ਬਣਾ ਕੇ ਅਭਿਵਿਅਕਤ ਕਰਨ ਨੂੰ ਸ਼ੈਲੀ ਕਿਹਾ ਜਾਂਦਾ ਹੈ। ਇਹ ਲੇਖਕ ਦੀ ਯੋਗਤਾ, ਬੌਧਿਕਤਾ ਕਲਾਤਮਕਤਾ ਉੱਪਰ ਨਿਰਭਰ ਕਰਦਾ ਹੈ:

ਲੇਖਿਕਾ ਦੇ ਨਿਬੰਧਾਂ ਵਿਚ ਲੇਖਿਕਾ ਨੇ ਵਿਚਾਰਾਤਮਕ ਸ਼ੈਲੀ, ਵਿਅੰਗਾਤਮਕ ਸ਼ੈਲੀ, ਭਾਵਾਤਮਕ ਸ਼ੈਲੀ, ਕਾਵਿਮਈ ਸ਼ੈਲੀ ਅਤੇ ਵਿਆਖਿਆਤਮਕ ਸ਼ੈਲੀ ਆਦਿ ਦੀ ਵਰਤੋਂ ਕੀਤੀ ਹੈ। ਲੇਖਿਕਾ ਦੇ ਨਿਬੰਧਾਂ ਵਿਚ ਵਰਤੀਆਂ ਸ਼ੈਲੀਆਂ ਹੇਠ ਲਿਖੇ ਅਨੁਸਾਰ ਹਨ:

**ੳ)ਵਿਚਾਰਾਤਮਕ ਸ਼ੈਲੀ:-** ਲੇਖਿਕਾ ਦੇ ਨਿਬੰਧਾਂ ਵਿਚ ਵਿਚਾਰਾਤਮਕ ਸ਼ੈਲੀ ਦਾ ਪ੍ਰਯੋਗ ਵਧੇਰੇ ਮਿਲਦਾ ਹੈ। ਇੱਕ ਔਰਤ ਪ੍ਰਤੀ ਪੜ੍ਹੇ ਲਿਖੇ ਸਮਾਜ ਦਾ ਕਿਹੋ ਜਿਹਾ ਵਤੀਰਾ ਹੋਣਾ ਚਾਹੀਦਾ ਹੈ ਆਦਿ ਬਾਰੇ ਆਪਣੇ ਵਿਚਾਰ ਪੇਸ਼ ਕਰਦੀ ਹੈ। ਲੇਖਿਕਾ ਇਸ ਪੜ੍ਹੇ ਲਿਖੇ ਸਮਾਜ ਤੇ ਸਰਕਾਰ ਪ੍ਰਤੀ ਇਹ ਸਵਾਲ ਉਠਾਉਂਦੀ ਨਜ਼ਰੀ ਪੈਂਦੀ ਹੈ ਕਿ ਇੱਕ ਦਿਨ ਔਰਤਾਂ ਲਈ ਰਾਖਵਾਂਕਰਨ ਕਰਨ ਦੇ ਨਾਲ ਔਰਤਾਂ ਤੇ ਹੁੰਦੇ ਜ਼ੁਲਮਾਂ ਪ੍ਰਤੀ ਠੱਲ੍ਹ ਪਾਈ ਜਾ ਸਕੇਗੀ, ਇੰਨੀਆਂ ਸਕੀਮਾਂ ਇੰਨੀਆਂ ਯੋਜਨਾਵਾਂ, ਜੋ ਇਸਤਰੀਆਂ ਲਈ ਬਣਾਈਆਂ ਗਈਆਂ ਹਨ ਕਿ ਉਹ ਸਹੀ ਰੂਪ ਵਿਚ ਲਾਗੂ ਹੋ ਰਹੀਆਂ? ਉਨ੍ਹਾਂ ਤੇ ਅਮਲ ਹੋ ਰਿਹਾ ਹੈ? 'ਕੀ ਕੁੜੀਆਂ ਦਾ ਭਵਿੱਖ ਉੱਜਲ ਹੋਣ ਵਾਲਾ ਹੈ? 'ਨਿਬੰਧ ਵਿਚ ਲੇਖਿਕਾ ਹੇਠ ਲਿਖੀਆਂ ਸਤਰਾਂ ਵਿਚ ਲੇਖਿਕਾ ਆਪਣੇ ਵਿਚਾਰ ਪ੍ਰਗਟਾਉਂਦੀ ਹੈ:

> ਦਾਜ ਦੀ ਲਾਹਨਤ ਤੋਂ ਬਚਣ ਲਈ ਕੱਚੀ ਉਮਰੇ ਹੀ ਆਪਣੀ ਧੀ ਦਾ ਉਸ ਦੀ ਉਮਰ ਤੋਂ ਦੁੱਗਣੀ ਉਮਰ ਦੇ ਇਨਸਾਨ ਨਾਲ ਵਿਆਹ ਤਾਂ ਨਹੀਂ ਕੀਤਾ ਜਾ ਰਿਹਾ? ਕਿ ਗਰਭ ਵਿਚ ਬੱਚਾ ਠਹਿਰਨ ਤੇ ਜੇ ਲਿੰਗ ਪਤਾ ਲੱਗ ਜਾਏ ਤਾਂ ਮਾਂ ਨੂੰ ਕੋਈ ਤਸੀਹੇ ਤਾਂ ਨਹੀਂ ਦਿੱਤੇ ਜਾ ਰਹੇ? ਕੀ ਗਰਭਵਤੀ ਔਰਤਾਂ ਦੀ ਮਰਨ ਦਰ ਵਿਚ ਘਾਟਾ ਹੋ ਰਿਹਾ ਹੈ? ਕੀ ਦਾਜ ਸੰਬੰਧੀ

ਹੋ ਰਹੇ ਸ਼ੋਸ਼ਣ ਜਾ ਸਹੁਰਿਆਂ ਵੱਲੋਂ ਕੀਤੀ ਮਾਰ ਕੁਟਾਈ ਦੇ ਕੇਸ ਘੱਟ ਦਰਜ ਹੋ ਰਹੇ ਹਨ?।
(ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 80)

ਉਪਰੋਕਤ ਸ਼ਬਦਾਂ ਤੋਂ ਭਾਵ ਹਜ਼ਾਰਾ ਕੇਸ ਦਰਜ਼ ਹੋ ਰਹੇ ਹਨ। ਹਰ ਰੋਜ਼ ਅਖ਼ਬਾਰਾਂ ਵਿਚ ਛਪਦੀਆਂ ਖ਼ਬਰਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਕਿ ਲੋੜ ਇਸ ਗੱਲ ਦੀ ਹੈ ਕਿ ਹਰੇਕ ਮਨੁੱਖ ਜੇਕਰ ਖ਼ੁਦ ਆਪਣੇ ਫ਼ਰਜ਼ਾਂ ਨੂੰ ਪਛਾਣੇ ਤੇ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਵੇ, ਤਦ ਹੀ ਇਹਨਾਂ ਭੈੜੀਆਂ ਕੁਰੀਤੀਆਂ ਨੂੰ ਦੂਰ ਕੀਤਾ ਜਾ ਸਕਦਾ ਹੈ।

ਲੇਖਿਕਾ 'ਵੇਖਿਓ ਵਹਿਸ਼ੀਓ ਕੋਈ ਧੀ ਕੋਈ ਭੈਣ ਸਤਵੰਤੀ ਨਾ ਰਹਿ ਜਾਏ' ਨਿਬੰਧ ਵਿਚ ਅੱਜ ਦੇ ਮਨੁੱਖ ਨੂੰ ਸਮਾਜ ਦੇ ਅਸਲੀ ਚਿਹਰੇ ਨਾਲ ਰੂਬਰੂ ਕਰਵਾਉਂਦੀ ਹੈ:

> ਪੱਥਰ ਯੁੱਗ ਸਮੇਂ ਤੋਂ ਹੁਣ ਤੱਕ ਬਹੁਗਿਣਤੀ ਔਰਤਾਂ ਦੇ ਜੀਵਨ ਵਿਚ ਕੋਈ ਤਬਦੀਲੀ ਆਈ। ਕੀ ਪਹਿਲਾਂ ਨਾਲੋਂ ਅੱਜ ਦੇ ਦਿਨ ਔਰਤਾਂ ਪ੍ਰਤੀ ਹੁੰਦੇ ਜੁਰਮਾਂ ਦੀਆਂ ਨਵੀਆਂ ਸਿਖ਼ਰਾਂ ਨਹੀਂ ਛੂਹ ਲਈਆਂ ਗਈਆਂ? ਕੀ ਸਾਇੰਸ ਦੀ ਤਰੱਕੀ ਨਾਲ ਇੱਕੀਵੀਂ ਸਦੀ ਵਿਚ ਬੱਚੀਆਂ ਦੇ ਉਧਾਲੇ ਭਿਆਨਕ ਤਰੀਕੇ ਤੇ ਸਮੂਹਕ ਤੌਰ ਉੱਤੇ ਕਰਨ ਦੀ ਨਵੀਂ ਪਿਰਤ ਨਹੀਂ ਪੈ ਗਈ ਹੈ?
> (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 171)

ਉਪਰੋਕਤ ਸਤਰਾਂ ਅਨੁਸਾਰ ਪਹਿਲਾਂ ਔਰਤ ਚਾਰ ਦੀਵਾਰੀ ਵਿਚ ਰਹਿੰਦੀ ਸੀ, ਉਦੋਂ ਵੀ ਉਸ ਦਾ ਸ਼ੋਸ਼ਣ ਮਾਨਸਿਕ ਤੇ ਸਰੀਰਕ ਤੌਰ ਤੇ ਕੀਤਾ ਜਾਂਦਾ ਸੀ ਤੇ ਅੱਜ 21ਵੀਂ ਸਦੀ ਦੇ ਦੂਜੇ ਦਹਾਕੇ ਦੀ ਜੇਕਰ ਗੱਲ ਕੀਤੀ ਜਾਵੇ, ਲੇਖਿਕਾ ਅਨੁਸਾਰ ਤਰੱਕੀ ਕਿਤੇ ਨਾ ਕਿਤੇ ਨਿਘਾਰਤਾ ਵੱਲ ਵੀ ਹੋਈ ਹੈ।

ਲੇਖਿਕਾ ਦੀ ਵਿਧੀ ਮਨੋਵਿਗਿਆਨਕ ਹੈ। ਚਿਕਿਤਸਕ ਕਿੱਤੇ ਨਾਲ ਸੰਬੰਧਿਤ ਹੁੰਦਿਆਂ ਅਤੇ ਸਾਹਿਤਕ ਪਿਛੋਕੜ ਦੇ ਕਾਰਨ ਉਹ ਉਲਾਰੀ ਪ੍ਰਭਾਵਾਂ ਜਾਂ ਅਤਿ ਕਰਨੀਆਂ ਤੋਂ ਪਰ੍ਹਾਂ ਹੀ ਰਹਿੰਦੀ ਹੈ। 'ਕੀ ਬਲਾਤਕਾਰ ਹੁਣ ਕੋਈ ਜੁਰਮ ਨਹੀਂ ਮੰਨਿਆ ਜਾਂਦਾ?' ਨਿਬੰਧ ਵਿਚ ਲੇਖਿਕਾ ਅਨੁਸਾਰ ਕੋਈ ਜਾਦੂ ਦੀ ਛੜੀ ਘੁਮਾਉਣ ਨਾਲ ਬਦਲਾਵ ਨਹੀਂ ਆਉਣਾ। ਲੋੜ ਹੈ ਆਪਣੇ ਆਲੇ-ਦੁਆਲੇ ਫੈਲੇ ਹੋਏ ਹਨੇਰੇ ਨੂੰ ਕੋਸਣਾ ਬੰਦ ਕਰ ਕੇ ਅਸਲ ਹਨੇਰੇ ਨੂੰ ਦੂਰ ਕਰਨ ਦੇ ਕਾਰਨ ਲੱਭੇ ਜਾਣ:

> ਅਸੀਂ ਆਪਣੇ ਕੰਮਕਾਰਾਂ ਵਿਚ ਏਨਾ ਰੁੱਝ ਚੁੱਕੇ ਹਾਂ ਕਿ ਆਸ ਪਾਸ ਵੱਧ ਰਹੀਂ ਗੰਦਗੀ ਵੱਲੋਂ ਘੋੜੇ ਦੀਆਂ ਅੱਖਾਂ ਉੱਤੇ ਬੰਨ੍ਹੇ ਹੋਏ ਖੋਪੇ ਵਾਂਗ ਉੱਕਾ ਹੀ ਵੇਖਣ ਤੋਂ ਇਨਕਾਰੀ ਹੋ ਚੁੱਕੇ ਹਾਂ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''120)

**ਅ) ਵਿਅੰਗਾਤਮਕ ਸ਼ੈਲੀ:-** ਲੇਖਿਕਾ ਦੇ ਨਿਬੰਧਾਂ ਵਿਚ ਵਿਅੰਗਾਤਮਕ ਸ਼ੈਲੀ ਦੀ ਝਲਕ ਵੀ ਦਿਖਾਈ ਦਿੰਦੀ ਹੈ। ਲੇਖਿਕਾ 'ਕੀ ਔਰਤ ਹੀ ਔਰਤ ਦੀ ਦੁਸ਼ਮਣ ਹੈ' ਨਿਬੰਧ ਵਿਚ ਇਸ ਸ਼ੈਲੀ ਦੀ ਵਰਤੋਂ ਕਰਦੀ ਹੈ:

> ਕਮਾਲ ਹੀ ਹੈ ਕਿ ਜਦੋਂ ਜਾਨਵਰਾਂ ਦੀ ਗੱਲ ਚੱਲੇ ਤਾਂ ਅਸੀਂ ਮਾਦਾ ਨੂੰ ਤਰਜੀਹ ਦਿੰਦੇ ਹਾਂ ਕਿ ਉਹ ਦੁੱਧ ਵੀ ਦਿੰਦੀ ਹੈ ਤੇ ਅੱਗੋਂ ਉਸ ਦੇ ਬੱਚੇ ਦੀ ਵੀ ਲੋੜੀਂਦੇ ਹਨ, ਪਰ ਜਦੋਂ ਇਨਸਾਨੀ ਜੂਨ ਦੀ ਗੱਲ ਚੱਲੇ ਤਾਂ ਅਸੀਂ ਆਪਣੀ ਕੌਮ ਨੂੰ ਅਗਾਂਹ ਤੋਰਨ ਵਾਲੀ ਉੱਤੇ ਤਸ਼ੱਦਦ ਦੀ ਇੰਤਹਾਂ ਕਰ ਛੱਡਦੇ ਹਾਂ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''90)

ਇਸ ਨੂੰ ਤਾਂਤਰਿਕ ਕਟਾਖਸ਼ ਵੀ ਕਹਿ ਸਕਦੇ ਹਾਂ, ਜੋ ਪਾਠਕ ਦੇ ਮਨ ਵਿਚ ਦੋ ਸਮਾਨੰਤਰ ਸਥਿਤੀਆਂ ਨੂੰ ਟਿਕਾਅ ਕੇ ਉਨ੍ਹਾਂ ਪ੍ਰਤੀ ਸਵੈ ਵਿਰੋਧੀ ਸਵਾਰਥੀ ਮਾਨਵੀ ਪਹੁੰਚ ਨੂੰ ਪੇਸ਼ ਕਰ ਦੇਂਦਾ ਹੈ। ਲੇਖਿਕਾ ਇੰਞ ਆਪਣੀ ਗੱਲ ਨੂੰ ਜ਼ੋਰ ਲਾ ਕੇ ਨਹੀਂ, ਸਗੋਂ ਸ਼ੈਲੀ ਦੀ ਕਲਾਤਮਕਤਾ ਦੇ ਸਦਕਾ, ਪਾਠਕ ਮਨਾਂ ਅੰਦਰ ਬਿਠਾਉਣ ਵਿਚ ਸਫਲ ਹੋ ਜਾਂਦੀ ਹੈ ਭਾਵ ਇੱਕ ਇਸਤਰੀ ਦੀ ਤੁਲਨਾ ਜੇਕਰ ਜਾਨਵਰ ਨਾਲ ਕੀਤੀ ਜਾਵੇ ਤਾਂ ਜਾਨਵਰ ਨੂੰ ਵੀ

ਉਸ ਨਾਲੋਂ ਵੱਧ ਤਰਜ਼ੀਹ ਦਿੱਤੀ ਜਾਂਦੀ ਹੈ। ਜਿਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਔਰਤ ਦਾ ਇਸ ਸਮਾਜ ਵਿਚ ਕੀ ਸਥਾਨ ਹੈ।

**ਅ) ਭਾਵਾਤਮਕ ਸ਼ੈਲੀ:-** ਭਾਵਾਂ ਨੂੰ ਨਿਬੰਧਾਂ ਦੀ ਜਿੰਦ ਜਾਨ ਮੰਨਿਆ ਜਾਂਦਾ ਹੈ।ਲੇਖਿਕਾ ਦੇ ਨਿਬੰਧਾਂ ਵਿਚ ਇਹ ਰੰਗ ਦੇਖਿਆ ਜਾ ਸਕਦਾ ਹੈ। ਅਜੋਕੀਆਂ ਜਬਰ ਜਨਾਹ ਵਰਗੀਆਂ ਘਟਨਾਵਾਂ ਨੂੰ ਦੇਖ ਕੇ ਲੇਖਿਕਾ ਦਾ ਹਿਰਦਾ ਵਲੂੰਧਰਿਆ ਜਾਂਦਾ ਹੈ। ਇੱਕ ਡਾਕਟਰੀ ਪੇਸ਼ੇ ਵਿਚ ਹੋਣ ਕਰ ਕੇ ਲੇਖਿਕਾ ਦਾ ਵਾਹ ਅਜਿਹੀਆਂ ਵਾਪਰ ਰਹੀਆਂ ਮੰਦਭਾਗੀ ਘਟਨਾਵਾਂ ਨਾਲ ਪੈਂਦਾ ਰਹਿੰਦਾ ਹੈ। ਲੇਖਿਕਾ 'ਕੀ ਔਰਤ ਹੀ ਔਰਤ ਦੀ ਦੁਸ਼ਮਣ ਹੈ' ਨਿਬੰਧ ਵਿਚ ਆਪਣੀਆਂ ਭਾਵਨਾਵਾਂ ਵਿਅਕਤ ਕਰਦੀ ਲਿਖਦੀ ਹੈ:

> ਨਾਬਾਲਗ ਬੱਚੀਆਂ ਦੇ ਵੱਧ ਰਹੇ ਬਲਾਤਕਾਰ ਤੇ ਉਸ ਪਿੱਛੋਂ ਦਰਿੰਦਗੀ ਨਾਲ, ਉਨ੍ਹਾਂ ਦੇ ਹੋਏ ਕਤਲਾਂ ਦੀਆਂ ਤਸਵੀਰਾਂ ਵੇਖ-ਵੇਖ ਕੇ ਔਰਤ ਹੁੰਦੇ ਹੋਏ, ਮੇਰਾ ਵੀ ਹਿਰਦਾ ਕਹਿ ਉੱਠਦਾ ਹੈ ਕਿ ਇਹ ਜ਼ੁਲਮ ਢਾਹੁਣ ਨਾਲੋਂ ਤਾਂ ਅਜਿਹੀਆਂ ਬੱਚੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਦਿੱਤਾ ਗਿਆ ਹੁੰਦਾ ਤਾਂ ਸ਼ਾਇਦ ਉਨ੍ਹਾਂ ਨੂੰ ਇਹ ਜ਼ੁਲਮ ਨਾ ਸਹਿਣਾ ਪੈਂਦਾ। (ਹਰਸ਼ਿੰਦਰ ਕੋਰ ''ਚੁੱਪ ਦੀ ਚੀਖ਼''91)

ਲੇਖਿਕਾ 1984 ਵਿਚ ਵਾਪਰੀਆਂ ਮੰਦ ਭਾਗੀਆਂ ਘਟਨਾਵਾਂ ਵਿਚ ਪਤਾ ਨਹੀਂ ਕਿੰਨੇ ਕੁ ਪਰਿਵਾਰ ਉੱਜੜ ਗਏ। ਲੇਖਿਕਾ ਨੇ 'ਮੈਂ ਕੋਰ ਹਾਂ' ਨਿਬੰਧ ਵਿਚ ਸਿੰਘ ਪਰਿਵਾਰ ਨਾਲ ਬੀਤੀ ਘਟਨਾ ਰਾਹੀਂ ਹਲੂਣਾ ਦਿੰਦੀ ਆਖਦੀ ਹੈ ਕਿ ਉਸ ਦਿਨ ਜਦੋਂ ਉਸ ਦੀ ਮਾਂ ਦੀਆਂ ਅੱਖਾਂ ਸਾਹਮਣੇ ਉਸ ਦੀ ਲਾਸ਼ ਪਈ ਸੀ:

> ਉਦੋਂ ਸਮਝ ਆਈ ਉਨ੍ਹਾਂ ਮਾਵਾਂ ਦੀ ਪੀੜ, ਜਿਨ੍ਹਾਂ ਦੇ ਬੱਚਿਆਂ ਨੂੰ ਮੁਗ਼ਲਾਂ ਨੇ ਨੇਜ਼ਿਆਂ ਉੱਤੇ ਫੁੰਡ ਕੇ ਉਨ੍ਹਾਂ ਦੇ ਟੋਟਿਆਂ ਨੂੰ ਉਨ੍ਹਾਂ ਦੇ ਗਲੇ ਦੁਆਲੇ ਬੰਨ੍ਹਿਆਂ ਹੋਵੇਗਾ ਤਾਂ ਉਨ੍ਹਾਂ ਨੂੰ ਕਿੰਝ ਮਹਿਸੂਸ ਹੋਇਆ ਹੋਵੇਗਾ। (ਹਰਸ਼ਿੰਦਰ ਕੋਰ ''ਚੁੱਪ ਦੀ ਚੀਖ਼''110)

**ੲ) ਵਿਆਖਿਆਤਮਕ ਸ਼ੈਲੀ:-** ਲੇਖਿਕਾ ਸਾਡੇ ਸਮਾਜ ਵਿਚ ਜਬਰ ਜਨਾਹ ਦੇ ਖ਼ਿਲਾਫ਼ ਲੜਦੀ ਹੋਈ ਭਰੂਣ ਹੱਤਿਆ ਵਿਰੁੱਧ ਆਵਾਜ਼ ਉਠਾਉਂਦੀ, ਅਖ਼ਬਾਰਾਂ ਵਿਚ ਲੇਖ ਲਿਖ ਕੇ ਅਜੋਕੀ ਪੀੜ੍ਹੀ ਨੂੰ ਹਲੂਣਾ ਮਾਰਦੀ ਹੈ ਤੇ ਇਹ ਆਸ ਨਹੀਂ ਛੱਡਦੀ ਕਿ ਸ਼ਾਇਦ ਮੇਰੀ ਕਹੀ ਗੱਲ ਕਿਸੇ ਤੇ ਅਸਰ ਕਰ ਜਾਵੇ, ਸ਼ਾਇਦ ਮੈਂ 1 ਤੋਂ 2 ਹੋ ਕੇ ਇਸ ਸਮਾਜ ਦੀਆਂ ਕੁਰੀਤੀਆਂ ਵਿਰੁੱਧ ਆਵਾਜ਼ ਨੂੰ ਹੋਰ ਬੁਲੰਦ ਕਰ ਸਕਾਂ। 'ਮੈਂ ਕਿੱਥੇ ਜਾਵਾਂ' ਨਿਬੰਧ ਵਿਚ ਲੇਖਿਕਾ ਸਮਾਜ ਦੀ ਦਰਿੰਦਗੀ ਨੂੰ ਬਿਆਨ ਕਰਦੀ ਹੈ:

> ਇੱਕ ਦਿਨ ਮੇਰੇ ਦੋਵੇਂ ਭਰਾ ਬਾਹਰ ਰੂੜੀ ਉੱਤੇ ਖੇਡਦੇ ਪਏ ਸੀ ਤੇ ਮੇਰੀ ਅੱਖ ਲੱਗ ਗਈ। ਅਚਾਨਕ ਉਸ ਨਾਲ ਵਾਲੇ ਅੰਕਲ ਤਰਪਾਲ ਪਾਸੇ ਕਰ ਅੰਦਰ ਆਏ ਤੇ ਉਨ੍ਹਾਂ ਮੇਰਾ ਮੂੰਹ, ਹੱਥ, ਪੈਰ ਬੰਨ੍ਹ ਦਿੱਤੇ। ਮੇਰੇ ਢਿੱਡ ਨੱਪ ਕੇ ਏਨੀ ਪੀੜ ਕੀਤੀ ਕਿ ਪੁੱਛੋ ਨਾ। ਗੰਦੇ ਅੰਕਲ ਨੇ ਮੈਨੂੰ ਕਿਹਾ ਕਿ ਜੇ ਮੈਂ ਇਸ ਬਾਰੇ ਕਿਸੇ ਨੂੰ ਦੱਸਿਆ ਤਾਂ ਉਹ ਮੇਰੀਆਂ ਨਿਰਵਸਤਰ ਤਸਵੀਰਾਂ ਸਭ ਨੂੰ ਵਿਖਾ ਦੇਣਗੇ ਤੇ ਮੇਰੇ ਭਰਾਵਾਂ ਨੂੰ ਵੀ ਮਾਰ ਦੇਣਗੇ। ਮੈਂ ਬਹੁਤ ਡਰ ਗਈ ਤੇ 4 ਮਹੀਨੇ ਇਸੀ ਤਰ੍ਹਾਂ ਮੈਂ ਅਧਮੋਈ ਹੁੰਦੀ ਰਹੀ ਤੇ ਅੰਕਲ ਮੈਨੂੰ ਰੋਜ਼ ਅਧਮੋਇਆ ਕਰ ਕੇ ਜਾਂਦੇ ਰਹੇ, ਪਰ ਭਰਾਵਾਂ ਦੀ ਜ਼ਿੰਦਗੀ ਖ਼ਾਤਰ ਚੁੱਪ ਰਹੀ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''116)

**ਸ) ਕਾਵਿਮਈ ਸ਼ੈਲੀ:-** ਲੇਖਿਕਾ ਦੇ ਨਿਬੰਧਾਂ ਵਿਚ ਕਾਵਿਮਈ ਸ਼ੈਲੀ ਵਾਲੇ ਗੁਣ ਵੀ ਨਜ਼ਰੀ ਪੈਂਦੇ ਹਨ। ਲੇਖਿਕਾ 'ਨਾ ਤੁਰੋ ਮਰਨ ਮਾਰਗ ਉੱਤੇ' ਨਿਬੰਧ ਰਾਹੀਂ ਅੱਜ ਸਮਾਜ ਵਿਚ ਫੈਲੀ ਦਰਿੰਦਗੀ ਦੀ ਤਸਵੀਰ ਪੇਸ਼ ਕਰਦੀ ਹੈ। ਜਿਸ ਔਰਤ ਨੂੰ ਰੱਬ ਵਾਂਗ ਪੂਜਣਾ ਚਾਹੀਦਾ ਹੈ, ਉੱਥੇ ਉਸ ਦਾ ਤ੍ਰਿਸਕਾਰ ਹੋ ਰਿਹਾ ਹੈ। ਲੇਖਿਕਾ ਇਹਨਾਂ ਕਾਵਿਮਈ ਸਤਰਾਂ ਵਿਚ ਇੱਕ ਦਸ ਸਾਲ ਦੀ ਬੱਚੀ ਦੇ ਸਵਾਲਾਂ ਹੇਠ ਲਿਖੀਆਂ ਸਤਰਾਂ ਵਿਚ ਬਿਆਨ ਕਰਦੀ ਹੈ:

> ਰੱਬ ਕਿੱਥੇ ਮਿਲੇਗਾ? ਮੈਂ ਤੱਕਿਆ ਹੈਰਾਨ ਹੋ,
>
> ਉਸ ਦੇ ਮੂੰਹ ਵੱਲ, ਕਲਯੁਗ ਵਿਚ ਰੱਬ?

ਮੈਂ ਕਿਹਾ, ਬੱਚੀਏ, ਵੇਖ ਦੇਸ਼ ਦੇ ਨੇਤਾ,

ਇਹੋ ਰੱਬ ਨੇ ਅੱਜ ਦੇ।ਬੇਸ਼ੱਕ ਪੁੱਛ ਕਿਸੇ ਨੂੰ।

ਨਾ ਆਂਟੀ।ਰੱਬ ਮਾਰਦੇ ਵਾਰੀ ਸਿਰ,

ਇਹ ਤਾਂ ਸਾੜ ਦੇਂਦੇ ਨੇ, ਪੂਰੀਆਂ ਦੀਆਂ ਪੂਰੀਆਂ ਗੱਡੀਆਂ।

ਮੈਨੂੰ ਦੱਸੋ, ਰੱਬ ਕਿੱਥੇ ਮਿਲੇਗਾ? (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''17)

ਲੇਖਿਕਾ 'ਕੀ ਔਰਤ ਹੀ ਔਰਤ ਦੀ ਦੁਸ਼ਮਨ ਹੈ?' ਨਿਬੰਧ ਵਿਚ ਇੱਕ ਬੱਚੀ ਵੱਲੋਂ ਪੁੱਛੇ ਪ੍ਰਸ਼ਨ ਦਾ ਉੱਤਰ ਕਾਵਿਮਈ ਢੰਗ ਨਾਲ ਦੇ ਰਹੀ ਹੈ:

ਕਿਸੇ ਮਜਬੂਰ ਦੇ ਚਿਹਰੇ 'ਤੇ ਖੇੜਾ ਲਿਆਓ ਤਾਂ ਕੋਈ ਗੱਲ ਬਣੇ।

ਹੰਝੂ, ਉਦਾਸੀ ਤੇ ਪੀੜ ਔਰਤ ਦੇ ਹਮਸਫ਼ਰ ਨੇ ਚਿਰਾਂ ਤੋਂ,

ਕਿਸੇ ਉਦਾਸ ਬੁੱਲ੍ਹੀਆਂ 'ਤੇ ਹਾਸਾ ਟੁਣਕਾਓ ਤਾਂ ਕੋਈ ਗੱਲ ਬਣੇ।

ਦਿਲ ਦਾ ਸ਼ੀਸ਼ਾ ਹੈ, ਟੁੱਟ ਜਾਂਦਾ ਹੈ ਪਲਾਂ ਦੇ ਵਿਚ,

ਕਿਸੇ ਬੁਝੇ ਦਿਲ ਵਿਚ ਦੀਵਾ ਜਗਾਓ ਤਾਂ ਕੋਈ ਗੱਲ ਬਣੇ।

ਧੀਆਂ ਦੀ ਕਤਲਗਾਹੀ ਵਿਚ, ਜੱਲਾਦਾਂ ਦੇ ਬਰਛਿਆਂ ਤੋਂ,

ਇੱਕ ਹੋਰ ਅੱਜ ਬਚਾ ਕੇ ਵਿਖਾਓ ਤਾਂ ਕੋਈ ਗੱਲ ਬਣੇ।(ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 92)

ਉਪਰੋਕਤ ਸ਼ਬਦਾਂ ਤੋਂ ਭਾਵ ਸਾਫ਼ ਜ਼ਾਹਿਰ ਹੈ ਕਿ ਜੇ ਧੀਆਂ ਆਪਣੀ ਅੰਦਰਲੀ ਤਾਕਤ ਪਛਾਣ ਕੇ ਇਸ ਕੁਰੀਤੀ ਵਿਰੁੱਧ ਲਾਮਬੰਦ ਹੋ ਜਾਣ ਤੇ ਰਲ ਕੇ ਅਵਾਜ਼ ਚੁੱਕਣ। ਲੋਕ ਆਪਣੀਆਂ ਵੋਟਾਂ ਦੇ ਜ਼ੋਰ ਸਦਕਾ ਪ੍ਰਸ਼ਾਸਨ ਤੇ ਕਾਨੂੰਨ ਵਿਚ ਤਬਦੀਲੀ ਲਿਆ ਕੇ ਸਮਾਜ ਨੂੰ ਧੀਆਂ ਵਾਸਤੇ ਜਿਉਣ ਜੋਗਾ ਬਣਾ ਦੇਣ ਤਾਂ ਧੀਆਂ ਮਾਰਨ ਵਾਲੇ ਮਾਪੇ ਆਪਣੀ ਕਾਤਲਾਨਾ ਸੋਚ ਬਦਲਣ ਉੱਤੇ ਮਜਬੂਰ ਹੋ ਜਾਣਗੇ।

**ਹ) ਨਾਟਕੀ ਸ਼ੈਲੀ:-** ਲੇਖਿਕਾ ਦੇ ਨਿਬੰਧਾਂ ਵਿਚ ਕਿਤੇ-ਕਿਤੇ ਨਾਟਕੀ ਸ਼ੈਲੀ ਦੇ ਅੰਸ਼ ਵੀ ਮਿਲਦੇ ਹਨ। 'ਕੀ ਔਰਤ ਹੀ ਔਰਤ ਦੀ ਦੁਸ਼ਮਣ ਹੈ' ਨਿਬੰਧ ਵਿਚ ਲੇਖਿਕਾ ਨੇ ਜਦੋਂ ਕੁੱਝ ਪਿੰਡ ਦੀਆਂ ਬੀਬੀਆਂ ਨਾਲ ਗੱਲਬਾਤ ਕੀਤੀ ਉਹਨੂੰ ਇਸ ਪ੍ਰਕਾਰ ਨਾਟਕੀ ਅੰਦਾਜ਼ ਵਿਚ ਪੇਸ਼ ਕੀਤਾ ਹੈ:

> "ਪੁੱਤਰ ਵਿਆਹੇ ਨੇ?"
>
> "ਆਹੋ ! ਓ ! ਵੇਖ , ਤਿੰਨ ਨੂੰਹਾਂ ਬੈਠੀਆਂ ਨੇ ਤੇ ਤਿੰਨਾਂ ਦੇ ਘਰ ਅੱਗੋਂ ਦੋ-ਦੋ ਪੁੱਤਰ ਨੇ।ਸੁੱਖ ਨਾਲ ਭਰਿਆ ਪੂਰਾ ਘਰ ਏ।"
>
> "ਬੇਬੇ ਨੂੰਹ ਕਿੱਥੋਂ ਮਿਲੀ?ਕਿਸੇ ਬਾਹਲ਼ੇ ਦੂਰ ਦੇ ਪਿੰਡ ਦੀ ਹੋਣੀ ਐ, ਜਿੱਥੇ ਤੱਕ ਤੁਹਾਡੀ ਪਹੁੰਚ ਨਹੀਂ ਹੋਣੀ," ਮੈ ਰਤਾ ਕੁ ਟਿੱਚਰ ਕਰਨ ਦੇ ਲਹਿਜ਼ੇ ਨਾਲ ਪੁੱਛਿਆ !
>
> "ਕੀ ਮਤਲਬ" ਉਸ ਬੇਬੇ ਨੇ ਹੈਰਾਨ ਹੋ ਕੇ ਮੇਰੇ ਵੱਲ ਤੱਕਿਆ?
>
> ''ਬੇਜੀ, ਤੁਸੀਂ ਨੇੜੇ-ਤੇੜੇ ਦੇ ਪਿੰਡਾਂ ਵਿਚ ਤਾਂ ਕੁੜੀ ਜੰਮਣ ਨਹੀਂ ਦਿੱਤੀ। ਇੱਧਰੋਂ ਤਾਂ ਨੂੰਹ ਮਿਲਣ ਦਾ ਸਵਾਲ ਹੀ ਨਹੀਂ ਉੱਠਦਾ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 87)

**ਅ) ਭਾਸ਼ਾਈ ਪ੍ਰਯੋਗ:-** ਨਿਬੰਧ ਆਧੁਨਿਕ ਕਾਲ ਦੀ ਅਜਿਹੀ ਸਾਹਿਤਕ ਵਿਧਾ ਹੈ, ਜਿੱਥੇ ਉਹੋ ਹੀ ਨਿਬੰਧਕਾਰ ਸਫਲ ਮੰਨਿਆ ਜਾਂਦਾ ਹੈ, ਜਿਸ ਦੀ ਭਾਸ਼ਾ ਵਿਚ ਸ਼ਬਦ ਚੋਣ ਠੁਕਦਾਰ ਦਿਲ ਨੂੰ ਟੁੰਬਣ ਸ਼ੀਲਤਾ

ਪ੍ਰਦਾਨ ਕਰਵਾਵੇ। ਨਿਬੰਧਕਾਰ ਆਪਣੇ ਭਾਵਾਂ ਦੀ ਸੰਵੇਦਨਸ਼ੀਲਤਾ, ਕਲਪਨਾ-ਉਡਾਰੀ ਨੂੰ ਅਲੰਕ੍ਰਿਤ ਵੀ ਕਰਦਾ ਹੈ। ਆਪਣੀ ਨਵੀਂ ਸੋਚ ਦੀ ਅਭਿਵਿਅਕਤੀ ਲਈ ਕਲਾਤਮਕ ਭਾਸ਼ਾ ਦੀ ਸੁ ਵਰਤੋਂ ਵੀ ਕਰਦਾ ਹੋਵੇ। ਸ਼ਬਦ ਉਹ ਵਰਤੇ ਜੋ ਨਿਬੰਧਕਾਰ ਦੇ ਭਾਵਾਂ, ਵਿਚਾਰਾਂ ਅਤੇ ਅਨੁਭੂਤੀ ਨੂੰ ਸੰਚਾਰ ਦਾ ਹੋਵੇ, ਜਿਸ ਨਾਲ ਜੋ ਉਹ ਕਹਿਣਾ ਚਾਹੁੰਦਾ ਹੈ, ਬਿਲਕੁਲ ਠੀਕ ਉਹੀ ਸਾਰਥਕ ਪ੍ਰਭਾਵ ਪਾ ਕੇ, ਪਾਠਕ ਦੇ ਮਨ ਤੱਕ ਪੁੱਜ ਕੇ ਉਸ ਨੂੰ ਸੰਤੁਸ਼ਟ ਕਰੇ। ਲੰਮੇ-ਲੰਮੇ ਵਾਕਾਂ ਦੀ ਥਾਂ ਛੋਟੇ, ਪਰ ਸਹੀ ਵਾਕ ਬਣਾਏ ਜਾਣ। ਵਿਆਕਰਣ-ਨਿਯਮਾਂ ਦਾ ਖ਼ਿਆਲ ਰੱਖਣਾ ਜ਼ਰੂਰੀ ਹੈ। ਡਾਕਟਰ ਦੇ ਅਹੁਦੇ ਤੇ ਹੋਣ ਦੇ ਬਾਵਜੂਦ ਲੇਖਿਕਾ ਸਰਲ ਭਾਸ਼ਾ ਵਰਤਦੀ ਹੈ, ਜਿਹੜੀ ਆਮ ਪਾਠਕ ਦੀ ਸਮਝ ਵਿਚ ਪੈ ਸਕੇ। ਲੇਖਿਕਾ ਪੇਸ਼ੇ ਵਜੋਂ ਡਾਕਟਰ ਹੋਣ ਕਰ ਕੇ ਉਸ ਦੀਆਂ ਰਚਨਾਵਾਂ ਵਿਚ ਜਿੱਥੇ ਸਮੱਸਿਆ ਪੇਸ਼ ਹੁੰਦੀ ਹੈ, ਉੱਥੇ ਉਹ ਉਸ ਦੇ ਹੱਲ ਵੀ ਪੇਸ਼ ਕਰਦੀ ਹੈ।

**ਵਾਕ ਸਿਰਜਣਾ**:- ਲੇਖਿਕਾ ਨਿਬੰਧਾਂ ਵਿਚ ਸਰਲ ਤੇ ਛੋਟੇ-ਛੋਟੇ ਸਧਾਰਨ ਤੇ ਅਰਥ ਪੂਰਨ ਵਾਕਾਂ ਦਾ ਪ੍ਰਯੋਗ ਕਰਦੀ ਹੈ:

> ਜ਼ੋਰ ਜ਼ਬਰਦਸਤੀ ਨਾਲ ਥੋਪੇ ਗਏ ਅਸੂਲ ਬਹੁਤੀ ਦੇਰ ਲਾਗੂ ਨਹੀਂ ਰਹਿੰਦੇ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 79)
>
> ਜ਼ਿੰਦਗੀ ਦੇ ਸਿਖਰਲੇ ਪੜਾਅ ਉੱਤੇ ਪਹੁੰਚਣਾ, ਉਹ ਵੀ ਆਦਰ ਮਾਣ ਨਾਲ ਤੇ ਆਪਣੀ ਮਿਹਨਤ ਨਾਲ ਅਜਿਹਾ ਸੁਖ ਮਾਣਨ ਦਾ ਅਨੰਦ ਹੀ ਵੱਖ ਹੁੰਦਾ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 328)

**ਸੰਯੁਕਤ ਵਾਕ:**

> ਸੱਚ ਕਹਿਣਾ ਅਤੇ ਬੋਲਣਾ ਤਾਂ ਔਖਾ ਹੈ ਹੀ, ਪਰ ਸੁਣਨਾ ਉਸ ਤੋਂ ਵੀ ਕਿਤੇ ਔਖਾ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 15)

> ਪਿਓ ਦੀ ਆਨ ਪਿੱਛੇ ਧੀ ਦਾ ਕਤਲ, ਪਰ ਇਲਜ਼ਾਮ ਇਹ ਹੈ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 31)

> ਫੇਰ ਸੋਚਿਆ ਬਈ ਅਗਲੇ ਦੋ ਵੇਲਿਆ ਦੀ ਰੋਟੀ ਵਿਚ ਭਾਵੇਂ ਨਾਗ਼ਾ ਪਾਉਣਾ ਪਵੇ, ਪਰ ਹੁਣ ਤਾਂ ਖਾਧੇ ਬਗ਼ੈਰ ਇਨ੍ਹਾਂ ਹਿੱਲਣ ਨਹੀਂ ਦੇਣਾ।(ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 150)

ਲੇਖਿਕਾ ਨਿਬੰਧਾਂ ਵਿਚ ਲਮੇਰੇ ਵਾਕਾਂ ਦਾ ਪ੍ਰਯੋਗ ਵੀ ਕਰਦੀ ਹੈ। ਇਹਨਾਂ ਵਾਕਾਂ ਵਿਚ ਵਿਸਥਾਰ ਕਾਫ਼ੀ ਮਾਤਰਾ ਵਿਚ ਹੈ। ਜਿਵੇਂ:

> ਜੇ ਇਨ੍ਹਾਂ ਕਾਤਲਾਂ ਉੱਤੇ ਵੇਲੇ ਸਿਰ ਠੱਲ੍ਹ ਨਾ ਪਾਈ ਗਈ ਅਤੇ ਕਾਤਲਾਨਾ ਖ਼ਿਆਲ ਵਾਲੇ ਮਾਪਿਆਂ ਨੂੰ ਸਜ਼ਾ ਨਾ ਦਿੱਤੀ ਤਾਂ ਅਗਲੇ ਪੰਦਰਾਂ ਸਾਲਾਂ ਤੋਂ ਬਾਅਦ ਦੋ ਤਿਹਾਈ ਪੰਜਾਬੀ ਮੁੰਡੇ ਤਾਂ ਕੁਆਰੇ ਜ਼ਰੂਰ ਰਹਿ ਜਾਣਗੇ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 48)

> ਜੇ ਕਿਸੇ ਘਰ ਵਿਚ ਕੋਈ ਔਰਤ ਅਜਿਹੀ ਸੋਚ ਰੱਖਦੀ ਹੈ ਕਿ ਧੀ ਨਹੀਂ ਪੈਦਾ ਹੋਣ ਦੇਣੀ, ਤਾਂ ਮਰਦ ਕਿਉਂ ਆਪਣੀ ਜ਼ਿੰਮੇਵਾਰੀ ਛਿੱਕੇ ਉੱਤੇ ਟੰਗ ਦਿੰਦਾ ਹੈ, ਸ਼ਰੀਕੇ ਵਿਚ ਟੌਰ੍ਹ ਬਣਾਈ ਰੱਖਣ ਲਈ ਆਪਣੀ ਅਣਜੰਮੀ ਜਾਂ ਨਵਜੰਮੀ ਧੀ ਨੂੰ ਵੱਢ ਟੁੱਕ ਦੇਣ ਨੂੰ ਕੋਈ ਮਰਦ ਜਾਇਜ਼ ਕਿਵੇਂ ਕਰਾਰ ਦੇ ਸਕਦਾ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 89)

**ਪ੍ਰਸ਼ਨ ਵਾਚੀ ਵਾਕ**: ਲੇਖਿਕਾ ਸਾਡੇ ਸਮਾਜ ਦੇ ਠੇਕੇਦਾਰਾਂ ਅੱਗੇ ਹਜ਼ਾਰਾਂ ਸਵਾਲ ਵੀ ਖੜੇ ਕਰਦੀ ਹੈ ਕਿ ਸਾਡੇ ਦੇਸ਼ ਆਜ਼ਾਦ ਹੋਇਆ 70 ਵਰ੍ਹੇ ਹੋ ਚੁੱਕੇ ਹਨ। ਦੇਸ਼ ਦੀ ਰੱਖਿਆ ਲਈ ਸਾਡੇ ਫ਼ੌਜੀ ਜਵਾਨ ਆਪਣੀਆਂ ਜਾਨਾਂ ਵਾਰਦੇ ਹਨ ਕਿਸ ਵਾਸਤੇ, ਅਮੀਰ ਤਬਕਿਆਂ ਨੂੰ ਸੁਰੱਖਿਅਤ ਕਰਨ ਲਈ:

> ਸਿਰਫ਼ ਅਮੀਰ ਤਬਕਿਆਂ ਨੂੰ ਦੇ.ਸੀ. ਕਮਰਿਆਂ ਅੰਦਰ ਬਹਿ ਕੇ, ਗ਼ਰੀਬਾਂ ਦੇ ਲਹੂ ਨੂੰ ਚੂਸਣ ਲਈ ਸ਼ਿਕੰਜੇ ਕੱਸ ਕੇ ਬਣਾਏ ਜਾ ਰਹੇ ਕਾਨੂੰਨ ਘੜਨ ਲਈ?
>
> ਕਿਉਂ ਸਿਰਫ਼ ਸਾਡੇ ਮੁਲਕ ਵਿਚ ਅਫ਼ਸਰਾਂ ਨੂੰ ਅਰਦਲੀਆਂ ਦੀ ਲੋੜ ਪੈ ਰਹੀ ਹੈ? (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 39)
>
> ਕੀ ਦਾਜ ਦੀ ਲਾਹਨਤ ਤੋਂ ਬਚਣ ਲਈ ਕੱਚੇ ਉਮਰੇ ਹੀ ਆਪਣੀ ਧੀ ਦਾ ਉਸ ਦੀ ਉਮਰ ਤੋਂ ਦੁੱਗਣੀ ਉਮਰ ਦੇ ਇਨਸਾਨ ਨਾਲ ਵਿਆਹ ਤਾਂ ਨਹੀਂ ਕੀਤਾ ਜਾ ਰਿਹਾ ?
>
> ਕੀ ਕੁੜੀਆਂ ਉੱਤੇ ਹੋ ਰਹੇ ਸ਼ੋਸ਼ਣ ਘੱਟ ਹੋ ਰਹੇ ਹਨ?
>
> ਕੀ ਜਬਰ-ਜਨਾਹ ਦੇਹ ਵਪਾਰ ਜਾਂ ਅੱਲ੍ਹੜ ਉਮਰ ਦੇ ਜਿਸਮਾਨੀ ਸੰਬੰਧ ਘੱਟ ਰਹੇ ਹਨ? (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 80)

ਅਜਿਹੇ ਹਜ਼ਾਰਾਂ ਸਵਾਲ ਲੇਖਿਕਾ ਸੂਝਵਾਨ ਲੋਕਾਂ ਅੱਗੇ ਰੱਖਦੀ ਹੈ। ਭਾਸ਼ਾ ਮਨੁੱਖ ਦੇ ਅੰਦਰ ਪਨਪਦੇ ਖ਼ਿਆਲਾਂ ਵਿਚਾਰਾਂ ਦੀ ਵਾਹਨ ਹੁੰਦੀ ਹੈ, ਜਿਸ ਰਾਹੀਂ ਉਹੀ ਖ਼ਿਆਲ ਅਤੇ ਵਿਚਾਰ ਪਾਠਕਾਂ ਤੱਕ ਸਹਿਜਤਾ ਨਾਲ ਅੱਪੜ ਸਕਦੇ ਹਨ, ਜੋ ਸਰਲ ਅਤੇ ਸ਼ੁੱਧ ਭਾਸ਼ਾ ਵਿਚ ਹੋਣ।

**ਸੰਜਮਤਾ**: ਲੇਖਿਕਾ ਦਾ ਸ਼ਬਦ ਭੰਡਾਰ ਉਸ ਦੇ ਪਾਠਕਾਂ ਨੂੰ ਸਜੋਂ ਕੇ ਰੱਖਣ ਦੇ ਸਮਰੱਥ ਹੋਵੇਗਾ, ਜਿੰਨੀ ਪਕੜ ਮਜ਼ਬੂਤ ਹੋਵੇਗੀ, ਓਨੀ ਹੀ ਸਮਰੱਥਾਵਾਨ ਲੇਖਕ ਦੀ ਭਾਸ਼ਾ ਹੋਵੇਗੀ। ਸੰਜਮਤਾ ਨਿਬੰਧਾਂ ਦੇ ਬੁਨਿਆਦੀ ਗੁਣਾਂ

ਵਿਚੋਂ ਇੱਕ ਹੈ। ਨਿਬੰਧ ਆਕਾਰ ਵਜੋਂ ਛੋਟਾ ਹੁੰਦਾ ਹੈ ਤੇ ਵਿਸ਼ਾਲ ਅਰਥਾਂ ਦਾ ਧਾਰਨੀ ਹੁੰਦਾ ਹੈ। ਲੇਖਿਕਾ ਵੱਲੋਂ ਰਚਿਤ ਨਿਬੰਧ ਸੰਜਮਤਾ ਦੇ ਧਾਰਨੀ ਹਨ। ਲੇਖਿਕਾ ਦੇ ਨਿਬੰਧ ਕਿਤੇ ਵੀ ਆਪਣੇ ਮਿਥੇ ਉਦੇਸ਼ ਤੋਂ ਥਿੜਕਦੇ ਦਿਖਾਈ ਨਹੀਂ ਦਿੰਦੇ ਕਿਉਂਕਿ ਨਿਬੰਧ ਸੰਖੇਪਤਾ ਦੀ ਮੰਗ ਵੀ ਕਰਦਾ ਹੈ।

**ਸਪਸ਼ਟਤਾ**: ਲੇਖਿਕਾ ਦੇ ਨਿਬੰਧਾਂ ਦਾ ਵਿਸ਼ੇਸ਼ ਗੁਣ ਸਪਸ਼ਟਤਾ ਹੈ। ਲੇਖਿਕਾ ਮਨ ਵਿਚ ਆਏ ਵੱਖ-ਵੱਖ ਵਿਚਾਰਾਂ ਨੂੰ ਇਕੱਠੇ ਕਰ ਕੇ, ਉਨ੍ਹਾਂ ਨੂੰ ਢੁਕਵੀਂ ਤਰਤੀਬ ਦਿੰਦੀ ਹੈ। ਲੇਖਿਕਾ ਵੱਲੋਂ ਵਰਤੀ ਭਾਸ਼ਾ ਕੇਂਦਰੀ ਪੰਜਾਬੀ ਹੈ। ਜਿਹੜੀ ਸਧਾਰਨ ਮਨੁੱਖ ਨੂੰ ਆਸਾਨੀ ਨਾਲ ਸਮਝ ਆਉਂਦੀ ਹੈ। ਡਾਕਟਰੀ ਵਾਲੀ ਭਾਸ਼ਾ ਦਾ ਅਸਰ ਲੇਖਿਕਾ ਆਪਣੀ ਲਿਖਤਾਂ ਤੇ ਭਾਰੀ ਨਹੀਂ ਪੈਣ ਦਿੰਦੀ। ਲੇਖਿਕਾ ਜਿੱਥੇ ਸਰਲ ਤੇ ਸਾਦੀ ਭਾਸ਼ਾ ਵਰਤਦੀ ਹੈ, ਉੱਥੇ ਢੁਕਵੀਂ ਸ਼ਬਦਾਵਲੀ ਦੀ ਵਰਤੋਂ ਵੀ ਕਰਦੀ ਹੈ।

**ਸ਼ਬਦਾਵਲੀ:-** ਲੇਖਿਕਾ ਦੇ ਨਿਬੰਧਾਂ ਵਿਚ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਵੀ ਮਿਲਦੀ ਹੈ ਜਿਵੇਂ: ਅਲਟਰਾਸਾਊਂਡ, ਰਿਕਾਰਡ, ਪ੍ਰੋਗਰਾਮ, ਪ੍ਰੈਜ਼ੀਡੈਂਟ, ਜਸਟਿਸ ਡਿਲੇਅਡ ਇਜ਼ ਜ਼ਸਟਿਸ ਡਿਨਾਈਡ, ਡਾਇਪਰ, ਨਾਰਮਲ, ਡਿਊਟੀ, ਸਿੰਗਲ ਮਦਰ,

ਜਿੱਥੇ ਲੇਖਿਕਾ ਦੇ ਸ਼ਬਦਾਂ ਵਿਚ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਵੀ ਮਿਲਦੀ ਹੈ। ਉੱਥੇ ਲੇਖਿਕਾ ਨਿਬੰਧਾਂ ਨੂੰ ਹੋਰ ਰਸੀਏ ਬਣਾਉਣ ਲਈ ਹਿੰਦੀ ਦੇ ਸ਼ਬਦਾਂ ਦਾ ਪ੍ਰਯੋਗ ਸ਼ਾਇਰਾਨਾ ਅੰਦਾਜ਼ ਦੇ ਜ਼ਰੀਏ ਕਰਦੀ ਹੈ:

- ਮੰਜ਼ਿਲ ਉਨ੍ਹੀਂ ਕੋ ਮਿਲਤੀ ਹੈ, ਜਿਨ ਕੇ ਸਪਨੋਂ ਮੇਂ ਜਾਨ ਹੋਤੀ ਹੈ।,

  ਪੰਖੋਂ ਸੇ ਕੁਛ ਨਹੀਂ ਹੋਤਾ, ਹੌਸਲੋਂ ਸੇ ਓਡਾਨ ਹੋਤੀ ਹੈ।

- ਦੂਸਰੋਂ ਪੇ ਉਠਾਤੇ ਹੈਂ ਓਂਗਲੀਆਂ ਵਹੀ ਅਕਸਰ,

  ਜੋ ਅਪਨੇ ਘਰ ਕੇ ਅੰਦਰ ਕੀ ਖ਼ਬਰ ਨਹੀਂ ਰਖਤੇ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 225)

ਡਾ. ਹਰਸ਼ਿੰਦਰ ਕੌਰ ਦੀ ਭਾਸ਼ਾ ਸਰਲ ਅਤੇ ਰੋਚਕਤਾ ਨਾਲ ਭਰਪੂਰ ਹੈ, ਜੋ ਪਾਠਕਾਂ ਨੂੰ ਕੀਲ ਕੇ ਰੱਖਣ ਦੀ ਯੋਗਤਾ ਰੱਖਦੇ ਹਨ। ਲੇਖਿਕਾ ਡਾਕਟਰੀ ਅਹੁਦੇ ਤੇ ਹੋਣ ਦੇ ਬਾਵਜੂਦ ਸਰਲ ਭਾਸ਼ਾ ਦਾ ਪ੍ਰਯੋਗ ਕਰਦੀ ਹੈ ਅਤੇ ਆਪਣੇ ਨਿਬੰਧਾਂ ਨੂੰ ਅਜਿਹੇ ਤਰਕ ਤੇ ਭਾਵਮਈ ਤਰੀਕੇ ਨਾਲ ਬਿਆਨ ਕਰਦੀ ਕਿ ਪਾਠਕ ਉਸ ਦਰਦ ਨੂੰ ਅੰਦਰੋਂ ਮਹਿਸੂਸ ਕਰਨ ਲੱਗਦਾ ਹੈ।

**ੲ) ਕਲਾ-ਜੁਗਤਾਂ:-** ਲੇਖਿਕਾ ਨਿਬੰਧਾਂ ਨੂੰ ਤਰਕਮਈ ਬਣਾਉਣ ਦੇ  ਨਾਲ-ਨਾਲ ਆਨੰਦ ਭਰਪੂਰ ਬਣਾਉਣ ਲ ਈ ਕਈ ਪ੍ਰਕਾਰ ਦੀਆਂ ਜੁਗਤਾਂ ਦੀ ਵਰਤੋਂ ਵੀ ਕਰਦੀ ਹੈ। ਲੇਖਿਕਾ ਸਮਾਜ ਵਿਚ ਵਾਪਰ ਰਹੀਆਂ ਭੈੜੀਆਂ ਕੁਰੀਤੀਆਂ ਪ੍ਰਤੀ ਔਰਤਾਂ ਨੂੰ ਡਟ ਕੇ ਸਾਹਮਣਾ ਕਰਨ ਲਈ ਪ੍ਰੇਰਦੀ ਹੈ। ਲੇਖਿਕਾ ਆਪਣੇ ਨਿਬੰਧਾਂ ਵਿਚ ਇਤਿਹਾਸਕ ਹਵਾਲਿਆਂ ਨਾਲ, ਕਹਾਣੀਆਂ ਦੇ ਜਰੀਏ, ਕੋਈ ਹੱਡ ਬੀਤੀ ਸੁਣਾ ਕੇ, ਕਾਵਿ ਜੁਗਤਾਂ ਰਾਹੀ ਉਨ੍ਹਾਂ ਦੇ ਅੰਦਰਲੀ ਡਰੀ ਹੋਈ ਜ਼ਮੀਰ ਨੂੰ ਜਗਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਸ਼ਾਇਦ ਇਹਨਾਂ ਨੂੰ ਪੜ੍ਹ ਕੇ ਔਰਤਾਂ ਦੇ ਅੰਦਰਲੀ ਤਾਕਤ ਜਾਗ ਪਵੇ ਤੇ ਮਰਦ ਦਾ ਦਿਲ ਵੀ ਪਸੀਜਿਆ ਜਾਏ। ਲੇਖਿਕਾ ਅਨੁਸਾਰ ਹਰ ਔਰਤ ਨੂੰ ਸਮਾਜਿਕ ਬੁਰਾਈਆਂ ਪ੍ਰਤੀ ਰਲ ਕੇ ਮੁਹਿੰਮ ਚਲਾਉਣੀ ਚਾਹੀਦੀ ਹੈ। ਲੇਖਿਕਾ ਹੇਠ ਲਿਖੀਆਂ ਸਤਰਾਂ ਵਿਚ ਸ਼ਾਇਰਾਨਾ ਅੰਦਾਜ਼ ਵਿਚ ਇਹ ਸੁਨੇਹਾ ਦਿੰਦੀ ਹੈ:

> ਸ਼ਾਖ਼ੋਂ ਸੇ ਟੁੱਟ ਜਾਏਂ ਵੋ ਪੱਤੇ ਨਹੀਂ ਹੈ ਹਮ।
>
> ਹਵਾਂ ਕੋ ਬੋਲੋ ਆਪਣਾ ਰੁਖ਼ ਬਦਲ ਲੇ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''332)

ਲੇਖਿਕਾ 'ਹਨੇਰੀਆਂ ਨਾਲ ਟੁੱਟ ਜਾਣ ਵਾਲੇ ਪੱਤੇ ਨਹੀਂ ਅਸੀਂ' ਨਿਬੰਧ ਵਿਚ ਮਨੁੱਖ ਨੂੰ ਸਮਝਾਉਦੀ ਹੈ ਕਿ ਡਰ ਮਨੁੱਖੀ ਮਨ ਦਾ ਵਹਿਮ ਹੈ, ਜਿਸ ਨੇ ਆਪਣੇ ਦਿਲ ਦੇ ਅੰਦਰਲੇ ਡਰ ਤੇ ਕਾਬੂ ਪਾ ਲਿਆ ਤਾਂ ਉਹ ਕੋਈ

ਵੀ ਜਿੱਤ ਪ੍ਰਾਪਤ ਕਰ ਸਕਦਾ ਹੈ। ਲੇਖਿਕਾ ਛੋਟੀ ਜਿਹੀ ਕਹਾਣੀ ਰਾਹੀ ਸੰਦੇਸ਼ ਦਿੰਦੀ ਹੈ ਕਿ ਡਰ ਮਨੁੱਖੀ ਮਨ ਦਾ ਵਹਿਮ ਹੈ:

> ਇੱਕ ਕੁਰਸੀ ਉੱਤੇ ਸੁੱਤੇ ਆਦਮੀ ਉੱਤੇ ਗ਼ਲਤੀ ਨਾਲ ਸੱਪ ਚੜ੍ਹ ਗਿਆ। ਜਦੋਂ ਆਦਮੀ ਦੇ ਮੂੰਹ ਦੇ ਸਾਹਮਣੇ ਸੱਪ ਨੇ ਆਪਣਾ ਮੂੰਹ ਕੀਤਾ ਤਾਂ ਦੋਨਾਂ ਦੀਆਂ ਅੱਖਾਂ ਟਕਰਾਈਆਂ। ਅੱਖਾਂ ਮਿਲਦੇ ਸਾਰ ਆਦਮੀ ਦਹਿਲ ਗਿਆ ਕਿ ਅੱਜ ਤਾਂ ਮੌਤ ਨਿਸ਼ਚਿਤ ਹੈ।ਦੂਜੇ ਪਾਸੇ ਸੱਪ ਦਾ ਇਹ ਸੋਚ ਕੇ ਬੁਰਾ ਹਾਲ ਕਿ ਹੁਣ ਤਾਂ ਬਚਣਾ ਨਾਮੁਮਕਨ ਹੈ। ਕੋਈ ਚਾਰਾ ਨਾ ਵੇਖ ਦੋਹਾਂ ਨੇ ਆਪਣੀਆਂ ਅੱਖਾਂ ਵਿਚ ਗ਼ੁੱਸਾ ਭਰ ਕੇ ਇੱਕ ਦੂਜੇ ਵੱਲ ਤੱਕਿਆ ,ਪਰ ਕੋਈ ਹਰਕਤ ਨਾ ਕੀਤੀ। ਬਰਾਬਰ ਦਾ ਟਾਕਰਾ ਵੇਖ ਕੇ ਸੱਪ ਹੌਲੀ ਜਿਹੀ ਹੇਠਾਂ ਨੂੰ ਸਰਕ ਗਿਆ ਤੇ ਆਦਮੀ ਦੇ ਵੀ ਸਾਹ ਵਿਚ ਸਾਹ ਆਇਆ ।(ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''334)

ਇਹ ਕਹਾਣੀ ਬੱਚੀਆਂ ਤੇ ਪੂਰੀ ਢੁਕਦੀ ਹੈ ਕਿ ਆਪਣੀਆਂ ਬੱਚੀਆਂ ਨੂੰ ਡਰ ਤੇ ਕਾਬੂ ਪਾਉਣਾ ਸਿਖਾਓ, ਨਾ ਕਿ ਜ਼ਮਾਨੇ ਤੋਂ ਬਚ ਤੇ ਰਹਿਣਾ। ਉਨ੍ਹਾਂ ਵਿਚ ਵਿਚਾਰਗੀ ਦੀ ਭਾਵਨਾ ਨਾ ਆਉਣ ਦਿਓ, ਕਿਉਂਕਿ ਤ੍ਰਹਿ ਦੀ ਨੂੰ ਵੇਖ ਕੇ ਜਦੋਂ ਕੋਈ ਮਰਦ ਦੇ ਅੰਦਰਲਾ ਸ਼ੈਤਾਨ ਜਾਗਦਾ ਹੈ ਤਾਂ ਉਹ ਆਸਾਨੀ ਨਾਲ ਸ਼ਿਕਾਰ ਬਣਨਗੀਆਂ।

ਲੇਖਿਕਾ ਇਸਤਰੀਆਂ ਨੂੰ ਜਾਗ੍ਰਿਤ ਕਰਦੀ ਆਖਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਜੋੜੀ ਗਈ ਤੁਕ ਅੱਜ ਦੇ ਸਮੇਂ ਦੀ ਮੁੱਖ ਲੋੜ ਬਣ ਗਈ ਹੈ:

> ਕੋਊ ਕਿਸੀ ਕੋ ਰਾਜ ਨਾ ਦੇਇ ਹੈਂ,
>
> ਜੋ ਲੈ ਹੈਂ ਨਿਜ ਬਲ ਸੇ ਲੈ ਹੈਂ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''335)

ਹਰ ਔਰਤ ਨੂੰ ਪ੍ਰਚੰਡ ਚੰਡੀ ਦਾ ਰੂਪ ਖ਼ੁਦ ਹੀ ਧਾਰਨਾ ਪਵੇਗਾ ਤਾਂ ਜੋ ਕੋਈ ਖਿਡੌਣਾ ਸਮਝ ਕੇ ਉਸ ਨਾਲ ਖੇਡਣ ਦੀ ਕੋਸ਼ਿਸ਼ ਨਾ ਕਰ। ਆਪਣੇ ਹੱਕ ਆਪਣੇ ਬਲਬੂਤੇ ਤੇ ਆਪ ਹੀ ਲੈਣੇ ਪੈਣਗੇ।ਗੁਰਬਾਣੀ ਅਨੁਸਾਰ:

ਇਤੁ ਮਾਰਗਿ ਪੈਰੁ ਧਰੀਜੈ॥

ਸਿਰ ਦੀਜੈ ਕਾਣਿ ਨ ਕੀਜੈ॥ (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 174)

ਲੇਖਿਕਾ ਆਪਣੇ ਨਿਬੰਧਾਂ ਵਿਚ ਕਾਵਿ ਮਈ ਜੁਗਤਾਂ ਵਰਤਦੀ ਹੈ। ਲੇਖਿਕਾ ਅਨੁਸਾਰ ਇਸ ਧਰਤੀ ਤੇ ਇੰਨੇ ਘਿਣਾਉਣੇ ਅਪਰਾਧ ਵਾਪਰ ਰਹੇ ਹਨ, ਜਿਹੜੇ ਦਿਲਾਂ ਨੂੰ ਦਹਿਲਾ ਜਾਂਦੇ ਹਨ। ਲੇਖਿਕਾ ਹੇਠ ਲਿਖੀਆਂ ਕਾਵਿ ਮਈ ਸਤਰਾਂ ਰਾਹੀਂ ਸਮਾਜ ਦੇ ਲੋਕਾਂ ਅੱਗੇ ਹਜ਼ਾਰਾਂ ਸਵਾਲ ਵੀ ਖੜੇ ਕਰਦੀ ਹੈ:

ਚੁਫੇਰੇ ਫਿਰਦੀਆਂ ਨੇ ਦਾਜ ਦੀਆਂ ਸਤਾਈਆਂ,

ਇੱਜ਼ਤ ਗੁਆਈਆਂ, ਅਣਜੰਮੀਆਂ ਦਫ਼ਨਾਈਆਂ,

ਭੁੱਖ ਨਾਲ ਲੂਸਦੀਆਂ, ਨਾ ਜਿਊਂਦੀਆਂ ਕਹਾਈਆਂ, ਮਰ ਖੱਪ ਗਈਆਂ,

ਕਿਸੇ ਗੋਦ ਨਾ ਖਿਡਾਈਆਂ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 52)

ਅੱਜ ਹਰ ਕਹਾਣੀ, ਅਖ਼ਬਾਰ ਦੀ ਹਰ ਖ਼ਬਰ, ਇਹਨਾਂ ਦਾਜ ਦੀਆਂ ਸਤਾਈਆਂ ਔਰਤਾਂ ਤੇ ਮਾਨਸਿਕ ਸੰਤੁਲਨ ਗਵਾ ਚੁੱਕੀਆਂ ਔਰਤਾਂ ਦੀ ਤ੍ਰਾਸਦੀ ਦੀਆਂ ਬਾਤਾਂ ਪਾਉਂਦੀ ਹੈ ਕਿ ਕਦੇ ਇਹਨਾਂ ਕੁਰੀਤੀਆਂ ਨੂੰ ਠੱਲ੍ਹ ਪਵੇਗੀ ? ਕਿ ਕਦੇ ਕੋਈ ਦਿਨ ਅਜਿਹਾ ਵੀ ਚੜ੍ਹੇਗਾ, ਜਿੱਥੇ ਹਰ ਔਰਤ ਆਜ਼ਾਦ ਘੁੰਮ ਸਕੇਗੀ?

ਲੇਖਿਕਾ ਆਪਣੇ ਦੁਆਰਾ ਲਿਖੀ ਕਵਿਤਾ ਰਾਹੀਂ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸੁਚੇਤ ਕਰਦੀ ਹੈ। ਲੇਖਿਕਾ 'ਨਾ ਤੁਰੋ ਮਰਨ ਮਾਰਗ ਉੱਤੇ' ਸਿਰਲੇਖ ਹੇਠ ਲਿਖੀ ਕਵਿਤਾ ਰਾਹੀਂ ਦੇਸ਼ ਦੇ ਵੀਰਾਂ ਨੂੰ ਸਵਾਲ ਪੁੱਛਦੀ ਹੈ:

ਜਿਵੇਂ ਪੁੱਛੇ ਅੱਲੜ੍ਹ ਜਿਹੀ ਕੁੜੀ ਮੈਥੋਂ,

ਮੈਂ ਵੀ ਪੁੱਛਾਂ ਵੀਰੋਂ ਤੁਹਾਡੇ ਪਾਸੋਂ,

ਕਦੋਂ ਬੰਦ ਕਰੋਗੇ ਇਹ ਹੱਤਿਆ ਕਾਂਡ?

ਪਤਾ ਨਹੀਂ ਮੈਂ ਹੋਵਾਂ ਜਾਂ ਨਾ, ਤੁਸੀਂ ਹੋਵੋ ਕਿ ਨਾ

ਜੇ ਨਾ ਅਕਲ ਆਈ ਵੇਲੇ ਸਿਰ ਤੇ ਰਹਿ ਗਏ ਸੁੱਤੇ।

ਤਾਂ ਸਾਡੇ ਦੇਸ਼ ਦੀ ਮਨੁੱਖ ਜਾਤੀ

ਆਪਣੇ ਹੀ ਸਹੇੜੇ ਭਰਮਾਂ ਕਰ ਕੇ

ਪਈ ਹੋਵੇਗੀ ਮਰਨ ਦੇ ਮਾਰਗ ਉੱਤੇ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 19)

ਲੇਖਿਕਾ ਸਾਹਿਤਕ ਹਵਾਲੇ ਨਾਲ ਹਲੂਣਾ ਦਿੰਦੀ ਆਖਦੀ ਹੈ ਕਿ ਯੋਧਿਆ, ਵੀਰਾਂ ਦੀ ਧਰਤੀ ਕਹਾਉਣ ਵਾਲਾ ਪੰਜਾਬ ਅੱਜ ਕੁੜੀ ਮਾਰਨ ਦੀ ਗਿਣਤੀ ਵਿਚ ਮੋਹਰੀ ਬਣਦਾ ਜਾ ਰਿਹਾ ਹੈ। ਕਿੱਥੇ ਨੇ ਉਹ ਵੀਰ ਜੋ ਪੰਜਾਬ ਤੇ ਅੱਖ ਚੁੱਕਣ ਵਾਲਿਆਂ ਦੀ ਅੱਖ ਹੀ ਕੱਢ ਦਿੰਦੇ ਸੀ। ਪੰਜਾਬ ਦੀ ਮਿੱਟੀ ਵਿਚ ਸ਼ਹੀਦ ਭਗਤ ਸਿੰਘ ਵਰਗੇ ਜੋਧਿਆ ਨੇ ਜਨਮ ਲਿਆ। ਅੱਜ ਦੀ ਪੀੜ੍ਹੀ ਕਿਉਂ ਉਨ੍ਹਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਭੁੱਲ ਕੇ ਮਾਂ ਦੀ

ਕੁੱਖ ਨੂੰ ਕਲੰਕਿਤ ਕਰ ਰਹੀ ਹੈ। ਲੇਖਿਕਾ 'ਆਓ ਪੰਜਾਬੀਓ, ਕੁੜੀਆਂ ਨੂੰ ਜੰਮਣ ਤੋਂ ਪਹਿਲਾਂ  ਹੀ ਮਾਰੀਏ' ਨਿਬੰਧ ਰਾਹੀਂ ਪੰਜਾਬੀ ਵੀਰਾਂ ਨੂੰ ਹਲੂਣਦੀ ਹੈ:

> ਹੁਣ ਸਾਡੇ ਇਸ ਪੰਜਾਬ ਦੀ ਪਵਿੱਤਰ ਧਰਤੀ ਨੂੰ ਕਿਸਦੀ ਨਜ਼ਰ ਲੱਗ ਗਈ? ਅਜਿਹੇ ਹੋਰ ਪੁੱਤਰ ਨਾ ਜੰਮ ਪੈਣ, ਏਸੇ ਲਈ ਅੱਜ ਅਸੀਂ ਹੋਰ ਮਾਵਾਂ ਪੈਦਾ ਕਰਨ ਤੋਂ ਇਨਕਾਰੀ ਹੋ ਚੁੱਕੇ ਹਾਂ ਜੰਮ ਚੁੱਕੀਆਂ ਬੇਟੀਆਂ ਨੂੰ ਅਸੀਂ ਨਰਕ ਤੋਂ ਬਦਤਰ ਜ਼ਿੰਦਗੀ ਜੀਣ 'ਤੇ ਮਜਬੂਰ ਕਰ ਰਹੇ ਹਾਂ। ਅੱਜ ਪੰਜਾਬੀ ਸਿਰਫ਼ ਆਪਣੇ ਵੰਸ਼ ਨੂੰ ਤੋਰਨ ਬਾਰੇ ਫ਼ਿਕਰਮੰਦ ਹੋ ਗਏ ਹਨ। ਉਸ ਲਈ ਭਾਵੇਂ ਸਾਰੀ ਪੰਜਾਬੀਅਤ ਖ਼ਤਮ ਹੋ ਜਾਵੇ ਜਾਂ ਪੰਜਾਬ ਤਬਾਹ ਹੋ ਜਾਵੇ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''127)

ਲੇਖਿਕਾ ਪੰਜਾਬੀ ਸੂਰਬੀਰਾਂ ਜੋਧਿਆਂ ਦੇ ਕਹਾਏ ਜਾਣ ਵਾਲੇ ਪੰਜਾਬ ਨੂੰ ਬਚਾਉਣ ਲਈ ਤਰਲੇ ਪਾ ਰਹੀ ਹੈ ਕਿ ਕਿਧਰ ਨੇ ਉਹ ਹੀਰ ਰਾਂਝੇ ਤੇ ਕਿੱਸੇ ਗਾਉਣ ਵਾਲੇ ਵੀਰ ਜਿਹੜੇ ਹੀਰਾਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਮੁਕਾਉਣ ਲੱਗ ਪਏ ਨੇ। ਲੋੜ ਹੈ ਇਸ ਭੈੜੇ ਕਤਲੇਆਮ ਵਿਰੁੱਧ ਰਲ ਕੇ ਨਾਅਰੇ ਲਾਉਣ ਦੀ ਤਾਂ ਜੋ ਪੰਜਾਬ ਦੀ ਧਰਤੀ ਨੂੰ ਉਸ ਦਾ ਬਣਦਾ ਮਾਣ ਸਤਿਕਾਰ ਦਿੱਤਾ ਜਾਵੇ ਨਾ ਕਿ ਉਸ ਨੂੰ ਕਲੰਕਿਤ ਕੀਤਾ ਜਾਵੇ। ਲੇਖਿਕਾ ਦੀ ਸ਼ੈਲੀ ਜਜ਼ਬੇ ਅਤੇ ਵਿਵੇਗ ਦਾ ਸੁਮੇਲ ਪ੍ਰਗਟ ਕਰਦੀ ਹੈ। ਪੰਜਾਬੀ ਲੋਕ ਜਜ਼ਬੇ ਨਾਲ ਸੰਜੀਦਾ ਹੋ ਜਾਂਦੇ ਹਨ, ਇਹ ਆਭਾਸ ਲੇਖਿਕਾ ਨੂੰ ਹੈ। ਲੇਖਿਕਾ ਅਨੁਸਾਰ ਅੱਜ ਧੀਆਂ ਦੀ ਲੋਹੜੀ ਮਨਾਏ ਜਾਣਾ ਇੱਕ ਸਾਕਾਰਾਤਮਕ ਦਿਸ਼ਾ ਵੱਲ ਇਸ਼ਾਰਾ ਕਰਦਾ ਹੈ ਕਿ ਹੁਣ ਮਨੁੱਖ ਆਪਣੀਆਂ ਧੀਆਂ ਨੂੰ ਇਨਸਾਨ ਕਹਾਉਣ ਦੇ ਹੱਕ ਤੋਂ ਵਾਂਝੇ ਨਹੀਂ ਰੱਖਦੇ:

' ਧੀਆਂ ਜਾਨੋਂ ਮਾਰਕੇ ਅਸੀਂ ਜ਼ੁਲਮ ਕਮਾਉਂਦੇ,

ਬੋਲੀ ਆਪਣੀ ਕੌਮ ਦੀ ਅਸੀਂ ਭੁੱਲ ਹਾਂ ਜਾਂਦੇ

ਵੇਲ ਵਧਾਵੇ ਕੌਮ ਦੀ 'ਬੋਲੀ' ਤੇ 'ਬੇਟੀ'

ਇਹ ਸਰਮਾਇਆ ਕੀਮਤੀ ਕਿਉਂ ਇੰਝ ਗੁਆਉਂਦੇ? ( ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 236)

ਲੇਖਿਕਾ ਅਨੁਸਾਰ ਬੇਟੀਆਂ ਘਰਾਂ ਦੀ ਰੌਸ਼ਨੀ ਹੁੰਦੀਆਂ ਹਨ। ਇਹਨਾਂ ਨੂੰ ਮਾਰ ਕੇ ਇਨਸਾਨ ਜ਼ੁਲਮ ਕਿਉਂ ਕਮਾ ਰਿਹਾ ਹੈ। ਇਹਨਾਂ ਨੂੰ ਬੋਝ ਸਮਝਣ ਦੀ ਜਗ੍ਹਾ ਮਾਣ ਸਮਝੋ। ਲੇਖਿਕਾ ਗੁਰਬਾਣੀ ਦੇ ਹਵਾਲੇ ਨਾਲ ਮਨੁੱਖ ਨੂੰ ਸਮਝਾਉਣਾ ਕਰਦੀ ਹੈ:

ਗਲੀਂ ਅਸੀਂ ਚੰਗੀਆ, ਆਚਾਰੀ ਬੁਰੀਆਹ।।

ਮਨਹੁ ਕੁਸੁਧਾ ਕਾਲੀਆ, ਬਾਹਰਿ ਚਿਟਵੀਆਹ।। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''106)

ਲੇਖਿਕਾ ਆਪਣੇ ਭਾਵਾਂ ਦੀ ਪੁਸ਼ਟੀ ਸ਼ਾਇਰਾਨਾ ਅੰਦਾਜ਼ ਵਿਚ ਆਪਣੇ ਵਿਚਾਰ ਪੇਸ਼ ਕਰਦੀ ਹੈ:

- ਏਨਾ ਵੀ ਜ਼ੁਲਮ ਢਾਹੁਣ, ਠੀਕ ਨਹੀਂ

  ਸ਼ੀਸ਼ਾ ਵੀ ਟੁੱਟਣ ਤੋਂ ਬਾਅਦ,

  ਜਾਨ-ਲੇਵਾ ਹਥਿਆਰ ਬਣ ਜਾਇਆ ਕਰਦਾ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 13)

- ਮੁਸ਼ਕਲ ਇਸ ਦੁਨੀਆ ਮੈਂ ਕੁੱਝ ਭੀ ਨਹੀਂ

  ਫਿਰ ਭੀ ਲੋਕ ਅਪਨੇ ਇਰਾਦੇ ਤੋੜ ਦੇਤੇ ਹੈਂ।

ਗ਼ਰ ਸੱਚੇ ਦਿਲ ਸੇ ਕੀ ਹੈ ਕੋਸ਼ਿਸ਼ ਤੋਂ

ਸਿਤਾਰੇ ਭੀ ਆਪਣੀ ਜਗ੍ਹਾ ਛੋੜ ਦੇਤੇ ਹੈਂ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 65)

ਇਹ ਸਮਾਜ ਦਰਅਸਲ ਚੰਗੇ ਲੋਕਾਂ ਦੀ ਚੁੱਪੀ ਕਾਰਨ ਵੱਧ ਬਿਮਾਰ ਹੋ ਗਿਆ ਹੈ ਕਿਉਂਕਿ ਰਲ-ਮਿਲ ਅਜਿਹਾ ਕਾਰਾ ਕਰਨ ਵਾਲਿਆਂ ਨੂੰ ਫਾਹੇ ਟੰਗ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਅੱਗੇ ਤੋਂ ਮਾੜੀ ਸੋਚ ਵਾਲਿਆਂ ਦੇ ਦਿਲ ਦਹਿਲ ਜਾਣ? ਕਦੇ ਤਾਂ ਉੱਠੀਏ ਮਾਂ ਦੇ ਦੁੱਧ ਦਾ ਕਰਜ਼ ਲਾਹੁਣ ਲਈ! ਸੁਰਜੀਤ ਪਾਤਰ ਜੀ ਮਨੁੱਖ ਨੂੰ ਹਲੂਣਾ ਦਿੰਦੇ ਹਨ:

ਇਹ ਤਾਂ ਏਥੇ ਵਗਦੀਆਂ ਹੀ ਰਹਿਣੀਆਂ ਪੌਣਾਂ ਕੁਪੱਤੀਆਂ

ਨ੍ਹੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ

ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਹੈ

ਬਾਲ ਜੋਤਾਂ ਆਸ ਭਰੀਆਂ ਮਾਣ ਮੱਤੀਆਂ

ਉੱਠ ਜਗਾ ਦੇ ਮੋਮਬੱਤੀਆਂ

ਮੰਨਿਆ ਕਿ ਰਾਜ ਹਨੇਰੇ ਦਾ ਹਠੀਲਾ

ਪਰ ਅਜੇ ਜਿਊਂਦਾ ਹੈ ਕਿਰਨਾਂ ਦਾ ਕਬੀਲਾ

ਕਾਲਿਆਂ ਸਫ਼ਿਆਂ ਤੇ ਸਤਰਾਂ ਲਾਲ ਰੱਤੀਆਂ

ਉੱਠ ਜਗਾ ਕੇ ਮੋਮਬਤੀਆਂ!(ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 287)

ਲੋੜ ਇਹ ਹੈ ਕਿ ਇੱਕ-ਇੱਕ ਮੋਮਬੱਤੀ ਜੋੜ ਵੱਡੀ ਲਾਟ ਬਣਾਉਣ ਦੀ, ਜਿਸ ਵਿਚ ਜੁਰਮ ਕਰਨ ਵਾਲੇ ਭਸਮ ਕਰ ਦਿੱਤੇ ਜਾਣ ਤੇ ਮਾੜੀ ਸੋਚ ਰੱਖਣ ਵਾਲੇ ਨਿਪੁੰਸਕ ਬਣ ਜਾਏ।ਫੇਰ ਹੀ ਸਮਾਜ ਦਾ ਘਿਣਾਉਣਾ ਰੂਪ ਸੁਧਾਰਿਆ ਜਾ ਸਕੇਗਾ।

**ਵਿਅਕਤੀਗਤ ਅਨੁਭਵ:-** ਨਸ਼ਾ ਅੱਜ ਦੇ ਸਮੇਂ ਦੀ ਸਭ ਤੋਂ ਵੱਧ ਭਿਅੰਕਰ ਤੇ ਨਾਮੁਰਾਦ ਬਿਮਾਰੀ ਦਾ ਨਾਂ ਹੈ। ਜਿਸਨੂੰ ਇੱਕ ਵਾਰ ਲੱਗ ਜਾਵੇ ਤਾਂ ਘਰਾਂ ਦੇ ਘਰ ਤਬਾਹ ਕਰ ਦਿੰਦਾ ਹੈ। ਅੱਜ ਸਾਡੇ ਸਮਾਜ ਵਿਚ ਪਸਰੀ ਨਸ਼ੇ ਦੀ ਬਿਮਾਰੀ ਨੇ ਪਤਾ ਨਹੀਂ ਕਿੰਨੇ ਕੁ ਮਾਵਾਂ ਦੇ ਪੁੱਤ, ਭੈਣਾਂ ਦੇ ਵੀਰ, ਤੇ ਪਤਨੀਆਂ ਤੋਂ ਉਨ੍ਹਾਂ ਦੇ ਸੁਹਾਗ ਖੋਹ ਲਏ। ਲੇਖਿਕਾ 'ਕੋਈ ਇਸ ਮਾਂ ਦੀ ਪੀੜ ਸਮਝੇਗਾ?' ਨਿਬੰਧ ਵਿਚ ਨਸ਼ਿਆਂ ਦੀ ਇਸ ਲਾਹਨਤ ਨੂੰ ਲਾਹਨਤ ਪਾਉਂਦੀ ਹੋਈ ਇੱਕ ਮਾਂ ਦੀ ਅਸਹਿ ਪੀੜ ਨੂੰ ਬਿਆਨ ਕਰਦੀ ਹੈ ਕਿ ਕਿਵੇਂ ਝੋਲੀ ਅੱਡ-ਅੱਡ ਕੇ ਮਾਵਾਂ ਰੱਬ ਕੋਲੋਂ ਪੁੱਤਰ ਦੀ ਦਾਤ ਮੰਗਦੀਆਂ ਹਨ, ਤੇ ਇਹੀ ਮੰਗੀਆਂ ਦਾਤਾਂ ਉਨ੍ਹਾਂ ਨੂੰ ਦਰ-ਦਰ ਤੇ ਭਟਕਣ ਲਈ ਮਜਬੂਰ ਕਰਦੀਆਂ ਹਨ ਤਾਂ ਮਾਵਾਂ ਦੇ ਮੂੰਹ ਵਿਚੋਂ ਕਿਹੋ ਜਿਹੀਆਂ ਅਸੀਸਾਂ ਨਿਕਲਦੀਆਂ ਹਨ। ਲੇਖਿਕਾ ਆਪਣੇ ਹਸਪਤਾਲ ਅੰਦਰ ਆਈ ਇੱਕ ਔਰਤ ਦੀ ਚੀਸ ਬਿਆਨ ਕਰਦੀ ਹੈ:

> ਮੈਂ ਪਰਸੋਂ ਜ਼ਮੀਨ ਦਾ ਆਖ਼ਰੀ ਟੋਟਾ ਵੀ ਵੇਚ ਦਿੱਤਾ, ਉਹ ਬੋਲਦੀ ਰਹੀ, ਲੋਕ ਧੀਆਂ ਤੋਰਦੇ ਨੇ ਮੈਂ ਅੱਜ ਮੁੰਡਾ ਤੋਰ ਕੇ ਆਈ ਹਾਂ। ਮੇਰੇ ਪੁੱਤਰ ਦੀ ਬਚਪਨ ਦੀ ਤਮੰਨਾ ਸੀ। ਮੈਂ ਉਸ ਨੂੰ ਮੋਟਰਸਾਈਕਲ ਖ਼ਰੀਦ ਦਿੱਤਾ। ਉਸ ਦੀ ਆਖ਼ਰੀ ਤਮੰਨਾ ਪੂਰੀ ਕਰ ਦਿੱਤੀ ਰੋਜ਼ ਸੜਕ ਕਿਨਾਰੇ ਮੂਧਾ ਪਿਆ ਤਿਲ-ਤਿਲ ਕਰ ਕੇ ਤੜਫ਼ਦਾ ਤੇ ਮਰਦਾ ਸੀ, ਮੇਰੇ ਤੋਂ ਵੇਖ ਨਹੀਂ ਹੁੰਦਾ। ਅੱਜ ਮੈਂ ਨਵੇਂ ਮੋਟਰ ਸਾਈਕਲ ਦੀ ਚਾਬੀ ਉਸ ਨੂੰ ਫੜਾ ਦਿੱਤੀ ਹੈ ਉਹ ਨਸ਼ੇ ਵਿਚ ਗੜੁੱਚ ਸੀ। ਆਪੇ ਸੜਕ ਉੱਤੇ ਚਲਾਉਂਦਿਆਂ ਇੱਕੋ ਵਾਰੀ ਮਰੇਗਾ। ਘੱਟੋ-ਘੱਟ ਰੋਜ਼ ਦੀ ਤੜਫਣ ਤੋਂ ਤਾਂ

> ਮੁਕਤੀ ਮਿਲ ਜਾਏਗੀ। ਮੈਂ ਅੱਜ ਮੁੰਡਾ ਵਾਹਿਗੁਰੂ ਦੇ ਘਰ ਤੋਰ ਦਿੱਤਾ ਹੈ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼''134)

ਅੱਜ ਤੱਕ ਹਮੇਸ਼ਾ ਮਾਵਾਂ ਦੇ ਮੂੰਹੋਂ ਪੁੱਤਰਾਂ ਨੂੰ ਦੁਆਵਾਂ ਹੀ ਦਿੱਤੀਆਂ ਜਾਂਦੀਆਂ ਸੁਣੀਆਂ ਹਨ। 'ਜਿਉਂ ਦਾ ਰਹਿ ਪੁੱਤਰਾਂ, ਲੰਮੀਆਂ ਉਮਰਾਂ ਮਾਣੇ, ਤੇ ਅੱਜ ਇੱਕ ਮਾਂ ਇਸ ਮੋੜ ਤੇ ਖੜੀ ਹੈ ਕਿ ਉਹ ਖ਼ੁਦ ਵਾਹਿਗੁਰੂ ਤੋਂ ਆਪਣੇ ਪੁੱਤਰ ਦੀ ਮੁਕਤੀ ਲਈ ਦੁਆ ਕਰਦੀ ਹੈ ਤਾਂ ਕੀ ਉਸ ਨੂੰ ਇਸ ਬਦਤਰ ਜ਼ਿੰਦਗੀ ਤੋਂ ਨਿਜਾਤ ਪਵਾ ਸਕੇ ਕਿ ਇਹ ਹਰੀ ਕ੍ਰਾਂਤੀ ਦੇ ਬੁਰੇ ਪ੍ਰਭਾਵਾਂ ਦਾ ਅਪ੍ਰਤੱਖ ਰੂਪ ਹੈ, ਜਿਸ ਨੇ ਸਾਨੂੰ ਖ਼ੁਸ਼ਹਾਲੀ ਵਿਚ ਗ਼ਰੀਬੀ ਦਾ ਅਹਿਸਾਸ ਕਰਵਾ ਦਿੱਤਾ ਹੈ।

ਅੱਜ ਸਾਡੇ ਸਮਾਜ ਦੀਆਂ ਇਹਨਾਂ ਕੁਰੀਤੀਆਂ ਨੇ ਹਜ਼ਾਰਾਂ ਘਰ ਉਜਾੜ ਦਿੱਤੇ। 'ਕੁਤਰੇ ਪਰ੍ਹਾਂ ਨਾਲ ਫੜਫੜਾਉਂਦੇ ਬੋਟ ਦੀਆਂ ਚਾਂਗਰਾਂ ਨਿਬੰਧ ਵਿਚ ਲੇਖਿਕਾ ਵਿਚਾਰ ਪੇਸ਼ ਕਰਦੀ ਹੈ ਕਿ ਜਿਵੇਂ-ਜਿਵੇਂ ਸਮਾਜ ਅੱਗੇ ਵਧਦਾ ਜਾ ਰਿਹਾ ਹੈ, ਉਸ ਦੀ ਸੋਚ ਨਿੱਘਰ ਹੋਣ ਦੀ ਬਜਾਏ ਨਿਘਾਰ ਵੱਲ ਕਿਉਂ ਜਾ ਰਹੀ ਹੈ। ਲੇਖਿਕਾ ਹੱਡ ਬੀਤੀ ਸੁਣਾਉਂਦੀ ਹੈ ਕਿ ਉਨ੍ਹਾਂ ਨੂੰ ਇੱਕ ਢਾਬੇ ਤੇ ਰੋਟੀ ਖਾਣ ਲਈ ਰੁਕਣਾ ਪਿਆ, ਜਿੱਥੇ ਨਾਲ ਦੇ ਟੇਬਲ ਤੇ ਬੈਠੇ ਵੱਡੇ ਮਾਲਕਾਂ ਦੇ ਡਰਾਈਵਰਾਂ ਦੀ ਗੱਲਾਂ ਸੁਣ ਕੇ ਲੇਖਿਕਾ ਦੀ ਰੂਹ ਕੰਬ ਗਈ।

> ਕਾਕਾ ਜੀ ਸ਼ਿਮਲੇ ਦੋਸਤਾਂ ਨਾਲ ਘੁੰਮਣ ਗਏ ਸੀ। ਉੱਥੇ ਇੱਕ ਕੁੜੀ ਪਟਾ ਲਈ। ਆਈਸਕ੍ਰੀਮ ਖੁਆ ਕੇ।ਬੱਸ ਫੇਰ ਕਾਰ 'ਚ ਬਿਠਾ ਕੇ ਕੋਕ 'ਚ ਕੁੱਝ ਰਲਾ ਦਿੱਤਾ। ਰਾਹ 'ਚ ਇੱਕ ਪਾਸੇ ਪੰਜਾਂ ਦੋਸਤਾਂ ਨੇ ਉਸ ਨੂੰ ਚੰਗਾ ਰਗੜਾ ਚਾੜ੍ਹਿਆ। ਬੱਸ ਪਟੋਲੇ ਨੂੰ ਬੁਰੀ ਤਰ੍ਹਾਂ ਚੀਰ ਤਾਂ ਮੇਰੇ ਜ਼ਿੰਮੇ ਉਹਨੂੰ ਵਾਪਸ ਛੱਡਣ ਦੀ ਡਿਊਟੀ ਸੀ। ਜਦ ਮੈਂ ਕੋਲ ਗਿਆ ਤਾਂ ਉਹ ਬਿਨਾਂ ਪਰਾਂ ਦੇ ਫੜਫੜਾਉਂਦਾ ਬੋਟ ਸੀ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 143-144)

ਲੋਕ ਧੀਆਂ ਜੰਮਣ ਤੋਂ ਸ਼ਾਇਦ ਓਨਾ ਨਹੀਂ ਡਰਦੇ, ਜਿੰਨਾ ਮਾਪੇ ਸਮਾਜ ਵਿਚ ਵਾਪਰਦੀਆਂ ਘਟਨਾਵਾਂ ਨੂੰ ਦੇਖ ਕੇ ਡਰ ਗਏ ਹਨ। ਅੱਜ ਵੱਡੇ ਤੋਂ ਲੈ ਕੇ ਬੱਚੇ ਤੱਕ ਔਰਤਾਂ ਦਾ ਸ਼ੋਸ਼ਣ ਕਰਦੇ ਹਨ। ਪਿਉ ਧੀ ਦਾ ਬਲਾਤਕਾਰ ਕਰਦਾ ਹੈ। ਅਜਿਹੀਆਂ ਹਾਲਤਾਂ ਵਿਚ ਗ਼ੈਰਤਮੰਦ ਮਾਪਿਆਂ ਕੋਲ ਆਪਣੀਆਂ ਧੀਆਂ ਨੂੰ ਕੁੱਖਾਂ ਵਿਚ ਮਾਰਨ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਬਚਣਾ।

'ਕਾਸ਼, ਇਕ ਧੀ ਵੀ ਹੁੰਦੀ! 'ਨਿਬੰਧ ਵਿਚ ਲੇਖਿਕਾ ਇੱਕ ਬਜ਼ੁਰਗ ਜੋੜੇ ਦੀ ਚੀਸ ਬਿਆਨ ਕਰਦੀ ਦੱਸਦੀ ਹੈ, ਇੱਕ ਬਜ਼ੁਰਗ ਜਿਸ ਨੂੰ ਕੋਈ ਮੋਟਰਸਾਈਕਲ ਸਵਾਰ ਮੁੰਡਿਆਂ ਟੱਕਰ ਮਾਰ ਦਿੱਤੀ ਤੇ ਬਜ਼ੁਰਗ ਦੀ ਮੌਤ ਹੋ ਗਈ। ਉਸ ਦੀ ਘਰਵਾਲੀ ਚੀਖ਼-ਚੀਖ਼ ਆਪਣੇ ਮੁੰਡਿਆਂ ਨੂੰ ਬਦਦੁਆਵਾਂ ਦੇ ਰਹੀ ਸੀ:

> ਤਿੰਨ-ਤਿੰਨ ਮੁੰਡਿਆਂ ਦਾ ਪਿਉ ਹੋਣ ਦੇ ਬਾਵਜੂਦ ਇਹ ਲਾਵਾਰਸਾਂ ਵਾਂਗ ਮਰਿਆ ਪਿਆ ਹੈ। ਸਰੀਰ ਢੱਕਣ ਲਈ ਚਾਦਰ ਵੀ ਨਹੀਂ। ਉਨ੍ਹਾਂ ਤਿੰਨਾਂ ਚੰਦਰਿਆਂ ਦੀ ਥਾਂ ਰੱਬ ਇੱਕ ਕੁੜੀ ਦੇ ਦਿੰਦਾ ਤਾਂ ਅੱਜ ਛਾਤੀ ਨਾਲ ਲੱਗ ਕੇ ਰੋਂਦੀ ਤਾਂ ਸਹੀ। ਦਿਲ ਦਾ ਭਾਰ ਹੌਲਾ ਹੋ ਜਾਂਦਾ। ਘਰ ਧੱਕੇ ਦੇ ਕੇ ਮੁੰਡਿਆਂ ਨੇ ਸਾਨੂੰ ਕੱਢ ਤਾਂ। ਮੇਰੇ ਸਿਰ ਤੇ ਛੱਤ ਵੀ ਨਈ।ਮੈਨੂੰ ਵੀ ਨਾਲ ਈ ਲੈ ਜਾਂਦਾ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 254 )

ਉਪਰੋਕਤ ਸਤਰਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਹਰ ਰੋਜ਼ ਗੁਰਦੁਆਰਿਆਂ ਵਿਚ ਮੁੰਡਿਆ ਲਈ ਲੱਖਾਂ ਦੁਆਵਾਂ ਕੀਤੀਆਂ ਜਾਂਦੀਆਂ ਹਨ ਤੇ ਹਜ਼ਾਰਾਂ ਮੰਨਤਾਂ ਮੰਗੀਆਂ ਜਾਂਦੀਆਂ ਹਨ ਕਿ ਇਸ ਲਈ ਤਾਂ ਜੋ ਵੱਡੇ ਹੋ ਕੇ, ਉਹੀ ਬੱਚੇ ਉਨ੍ਹਾਂ ਨੂੰ ਘਰੋਂ ਕੱਢ ਦੇਣ। ਮੋਹ ਭੰਗ ਹੋਣ ਦਾ ਇਹ ਸਿਲਸਿਲਾ, ਪਦਾਰਥਵਾਦੀ ਮਹਿੰਗੇ ਜੀਵਨ ਮਾਡਲ ਨੂੰ ਅਪਣਾਉਣ ਦੇ ਕਾਰਨ ਤੇਜ਼ ਹੋਈ ਜਾ ਰਿਹਾ ਹੈ। ਲੇਖਿਕਾ ਦੇ ਸ਼ਬਦਾਂ ਵਿਚ:

> ਆਪਣੇ ਅੱਜ ਬਾਰੇ ਚਿੰਤਾ ਅਤੇ ਆਪਣੇ ਖ਼ਾਨਦਾਨ ਦੇ ਨਾਮ ਲੈਣ ਵਾਲੇ ਦੀ ਲੋੜ, ਸਾਡੇ ਮਨਾਂ ਉੱਤੇ ਏਨੀ ਹਾਵੀ ਹੋ ਚੁੱਕੀ ਹੈ ਕਿ ਧੀਆਂ ਦੀ ਕਮੀ ਸਿਰਫ਼ ਪੁੱਤਰਾਂ ਵੱਲੋਂ ਦੁਰਕਾਰੇ ਜਾਣ ਤੋਂ ਹੋਣ ਬਾਅਦ ਹੀ ਮਹਿਸੂਸ ਹੁੰਦੀ ਹੈ। ਵੈਸੇ ਨਹੀਂ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 255)

ਅਸਲ ਵਿਚ ਪੁੱਤਰ ਮੋਹ ਪਾਲਣਾ ਗ਼ਲਤ ਨਹੀਂ, ਪਰ ਨਾਲ-ਨਾਲ ਧੀ ਨੂੰ ਕੁੱਖ ਅੰਦਰ ਨੌਂ ਮਹੀਨਿਆਂ ਦੀ ਥਾਂ ਦੇਵੇ ਤਾਂ ਜੋ ਜਦੋਂ ਪੁੱਤਰ ਕਿਨਾਰਾ ਕਰਨ ਤਾਂ ਮਾਵਾਂ ਕੋਲ ਮੋਢਾ ਤਾਂ ਹੋਵੇ ਸਿਰ ਰੱਖ ਕੇ ਰੋਣ ਲਈ। ਲੇਖਿਕਾ ਨੇ ਧੀਆਂ-ਪੁੱਤਰਾਂ ਦੇ ਜਨਮ ਤੇ ਪਾਲਣਾ ਬਾਰੇ ਇੱਕ ਪਾਸੇ ਹੋਣਾ ਨਹੀਂ ਪ੍ਰਵਾਨ ਕੀਤਾ, ਦੋਨੋਂ ਹੀ ਸਭਿਅਕ ਸਮਾਜ ਦੇ ਲਈ ਅਨਿਵਾਰੀ ਹਨ।

ਲੇਖਿਕਾ ਆਪਣੇ ਹਸਪਤਾਲ ਵਿਚ ਵਾਪਰੀ ਘਟਨਾ ਏਲੀਨਾ ਨਾਮ ਦੀ ਬੱਚੀ ਬਾਰੇ ਦੱਸਦੀ ਹੈ ਕਿ ਉਸ ਬੱਚੀ ਨੂੰ ਕੈਂਸਰ ਸੀ ਤੇ ਜਿਸ ਕਾਰਨ ਉਹ ਬੱਚੀ ਬਹੁਤਾ ਸਮਾਂ ਜਿਉਂ ਨਹੀਂ ਸੀ ਸਕਦੀ, ਪਰ ਉਸ ਦੇ ਮਾਤਾ-ਪਿਤਾ ਜਿਹੜੇ ਹਮੇਸ਼ਾ ਲੜਦੇ ਰਹਿੰਦੇ ਤੇ ਉਹ ਉਨ੍ਹਾਂ ਨੂੰ ਇਕੱਠੇ ਦੇਖਣਾ ਚਾਹੁੰਦੀ ਸੀ। ਜਿਸ ਲਈ ਉਸ ਨੇ ਹਰ ਸੰਭਵ ਕੋਸ਼ਿਸ਼ ਵੀ ਕੀਤੀ ਤੇ ਉਸ ਨੇ ਮਰਨ ਤੋਂ ਪਹਿਲਾਂ 365 ਕਾਰਡ ਘਰ ਵਿਚ ਅਲੱਗ-ਅਲੱਗ ਥਾਵਾਂ ਤੇ ਰੱਖ ਦਿੱਤੇ ਸਨ ਤੇ ਜਿਸ ਵਿਚ ਉਹ ਇੱਕੋ ਸੁਨੇਹਾ ਦੇ ਰਹੀ ਸੀ, ਤੁਸੀਂ ਦੋਵੇਂ ਇਕੱਠੇ ਰਹੋ ਤੇ ਕਦੀ ਅਲੱਗ ਨਾ ਹੋਵੋ। 'ਏਲੀਨਾ' ਨਿਬੰਧ ਵਿਚ ਲੇਖਿਕਾ ਮਾਤਾ-ਪਿਤਾ ਨੂੰ ਸੁਨੇਹਾ ਦਿੰਦੀ ਹੈ ਕਿ ਮਾਤਾ-ਪਿਤਾ ਦੇ ਝਗੜਿਆਂ ਦਾ ਅਸਰ ਉਨ੍ਹਾਂ ਦੇ ਬੱਚਿਆਂ ਤੇ ਪੈਂਦਾ ਹੈ। ਏਲੀਨਾ ਦੇ ਮਾਤਾ ਪਿਤਾ ਨੇ ਏਲੀਨਾ ਦੇ ਸਾਰੇ ਕਾਰਡ ਨੈੱਟ ਉੱਤੇ ਚਾੜ੍ਹ ਦਿੱਤੇ, ਜਿਹੜੇ ਇਹੀ ਸੁਨੇਹਾ ਦਿੰਦੇ ਹਨ:

> ਘਰ ਵਿਚ ਲੜਾਈ ਭਾਵੇਂ ਕਿੰਨੀ ਵੀ ਕਰ ਲਵੋ, ਪਰ ਅਖੀਰ ਰਾਤ ਨੂੰ ਜੱਫੀ ਪਾ ਕੇ ਸਭ ਖ਼ਤਮ ਕਰ ਕੇ ਜ਼ਿੰਦਗੀ ਫਿਰ ਨਵੇਂ ਸਿਰਿਓਂ ਸ਼ੁਰੂ ਕਰ ਲਵੋ ਕਿਉਂਕਿ ਪਤਾ ਨਹੀਂ ਕਿਹੜਾ ਪਲ

> ਆਖ਼ਰੀ ਹੋਵੇ ਤੇ ਫਿਰ ਰਹਿ ਜਾਣੀਆਂ ਨੇ ਯਾਦਾਂ। ਜਿਨ੍ਹਾਂ ਨੂੰ ਭਾਵੇਂ ਕੌੜੀਆਂ ਬਣਾ ਲਵੋ ਤੇ ਭਾਵੇਂ ਮਿੱਠੀਆਂ ਇਹ ਸਾਡੇ ਆਪਣੇ ਹੱਥ ਹਨ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 323)

ਲੜਾਈ ਝਗੜੇ ਮਨੁੱਖੀ ਮਨ ਦੀ ਉਪਜ ਹਨ। ਇਹਨਾਂ ਦਾ ਅਸਰ ਸਾਡੇ ਬੱਚਿਆਂ ਦੇ ਆਉਣ ਵਾਲੇ ਭਵਿੱਖ ਤੇ ਵੀ ਪਵੇਗਾ। ਲੋੜ ਹੈ ਆਪਣੀ ਸੋਚ ਨੂੰ ਸੁਚਾਰੂ ਬਣਾ ਕੇ ਘਰ ਵਿਚ ਪਿਆਰ ਵਾਲਾ ਮਾਹੌਲ ਸਿਰਜਣ ਦੀ ਕਿਉਂਕਿ ਬੱਚੇ ਦਾ ਪਹਿਲਾਂ ਸਕੂਲ ਉਹਦਾ ਪਰਿਵਾਰ ਹੁੰਦਾ ਹੈ, ਜਿਸ ਨੇ ਪਰਿਵਾਰ ਵਿਚੋਂ ਬਹੁਤ ਕੁੱਝ ਗ੍ਰਹਿਣ ਕਰਨਾ ਹੁੰਦਾ ਹੈ। ਲੋੜ ਇਸ ਗੱਲ ਦੀ ਵਧੇਰੇ ਹੋਵੇ ਕਿ ਉਹ ਵਧੀਆਂ ਚੀਜ਼ਾਂ ਗ੍ਰਹਿਣ ਕਰੇ।

ਲੇਖਿਕਾ ਨੂੰ ਇੱਕ ਵਿਸ਼ਵ ਪੱਧਰ ਕਾਨਫ਼ਰੰਸ ਯੂਨਾਈਟਿਡ ਨੇਸ਼ਨਜ, ਜਨੇਵਾ ਵਿਖੇ ਭਾਗ ਲੈਣ ਦਾ ਮੌਕਾ ਮਿਲਿਆ ਤੇ ਜਿਸ ਵਿਚ ਲੇਖਿਕਾ ਨੇ ਦੱਸਿਆ ਕਿ ਹਰ ਸੀਟ ਤੇ ਤਿੰਨ ਪੇਜਾਂ ਦਾ ਇੱਕ ਪਰਚਾ ਰੱਖਿਆ ਹੋਇਆ ਸੀ। 'ਔਰਤਾਂ ਦੇ ਮੌਜੂਦਾ ਹਾਲਤਾਂ ਦਾ ਲੇਖਾ-ਜੋਖਾ ਨਿਬੰਧ' ਰਾਹੀਂ ਆਪਣੇ ਅਨੁਭਵ ਬਾਰੇ ਦੱਸਿਆ:

> ਪਰਚੇ ਦੇ ਸ਼ੁਰੂ ਵਿਚ ਬਰਾਕ ਓਬਾਮਾ ਅਮਰੀਕਾ ਦੇ ਪ੍ਰੈਜ਼ੀਡੈਂਟ ਵੱਲੋਂ ਸੰਨ 2008 ਵਿਚ ਕਹੀ ਇਬਾਰਤ ਮੋਟੇ ਅੱਖਰਾਂ ਵਿਚ ਲਿਖੀ ਹੋਈ ਸੀ ਕਿ ਕਿਸੇ ਦੇਸ਼ ਦੀ ਤਰੱਕੀ ਸਿਰਫ਼ ਇਸ ਉੱਤੇ ਨਿਰਭਰ ਹੁੰਦੀ ਹੈ ਕਿ ਉਸ ਦੇਸ਼ ਦੀਆਂ ਔਰਤਾਂ ਨਾਲ ਜਿਸ ਤਰ੍ਹਾਂ ਦਾ ਵਿਹਾਰ ਕੀਤਾ ਜਾਂਦਾ ਹੈ, ਜੇ ਉਸ ਦੇਸ਼ ਵਿਚ ਕੁੜੀਆਂ ਨੂੰ ਪੜ੍ਹਾਇਆਂ ਜਾ ਰਿਹਾ ਹੈ ਅਤੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਹੱਕ ਦਿੱਤੇ ਜਾ ਰਹੇ ਹਨ ਤਾਂ ਉਹ ਦੇਸ਼ ਤਰੱਕੀ ਕਰੇਗਾ। ਜੇ ਕਿਸੇ ਦੇਸ਼ ਵਿਚ ਔਰਤ ਨੂੰ ਦਬਾਇਆ ਜਾ ਰਿਹਾ ਹੈ, ਉਸ ਨਾਲ ਧੱਕਾ ਕੀਤਾ ਜਾਂਦਾ ਹੈ ਜਾਂ ਉਹ ਜ਼ੁਲਮ ਦਾ ਸ਼ਿਕਾਰ ਹੋ ਰਹੀ ਹੈ ਅਤੇ ਉਹ ਅਨਪੜ੍ਹ ਹੈ ਤਾਂ ਅਜਿਹਾ ਦੇਸ਼ ਕਦੇ ਵੀ ਤਰੱਕੀ ਨਹੀਂ ਕਰ ਸਕਦਾ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 59)

ਉਪਰੋਕਤ ਸ਼ਬਦਾਂ ਵਿਚ ਅਮਰੀਕਾ ਵਿਚ ਹੋਈ ਇਸ ਕਾਨਫ਼ਰੰਸ ਵਿਚ ਵਿਕਸਿਤ ਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਔਰਤਾਂ ਦੇ ਮੌਜੂਦਾ ਹਾਲਤਾਂ ਦੇ ਲੇਖੇ-ਜੋਖੇ ਦਾ ਵਰਣਨ ਕੀਤਾ ਗਿਆ ਕਿ ਗ਼ਰੀਬੀ ਦੀ ਮਾਰ, ਅਨਪੜ੍ਹਤਾ ਦਾ ਸ਼ਿਕਾਰ, ਦਹੇਜ, ਭੱਦੀ ਛੇੜ-ਛਾੜ, ਜਬਰ-ਜਨਾਹ, ਜਿਸਮ-ਫ਼ਰੋਸ਼ੀ, ਬਾਲ-ਵਿਆਹ, ਮਾਨਸਿਕ ਤਣਾਅ ਸਹੇੜਦੀਆਂ ਔਰਤਾਂ ਦੀ ਸਥਿਤੀ, ਘਰੇਲੂ ਹਿੰਸਾ ਦੀ ਸ਼ਿਕਾਰ ਔਰਤਾਂ, ਭਰੂਣ ਹੱਤਿਆ ਆਦਿ ਹਜ਼ਾਰਾਂ ਘਟਨਾਵਾਂ ਦੇਸ਼ਾਂ ਵਿਚ ਵਾਪਰ ਰਹੀਆਂ ਹਨ। ਲੇਖਿਕਾ ਅਨੁਸਾਰ ਹਲਾਤ ਕਦੇ ਵੀ ਸਹੀ ਨਹੀਂ ਹੁੰਦੇ, ਉਨ੍ਹਾਂ ਨੂੰ ਸਹੀ ਬਣਾਉਣਾ ਪੈਂਦਾ ਹੈ:

> ਸਤੀ ਦਾ ਰਿਵਾਜ ਵੀ ਤਾਂ ਖ਼ਤਮ ਹੋਇਆ ਹੀ ਸੀ। ਬਾਲ ਵਿਆਹ ਅਤੇ ਮਾਦਾ ਭਰੂਣ ਹੱਤਿਆ ਵਿਚ ਜਿੰਨੀ ਵੀ ਰੋਕ ਲੱਗ ਸਕੀ ਹੈ, ਉਹ ਕਾਨੂੰਨ ਦੀ ਸਖ਼ਤੀ ਤੇ ਜਾਗਰੂਕਤਾ ਲਹਿਰ ਹੀ ਲਿਆ ਸਕੀ ਹੈ। ਕਾਨੂੰਨ ਭਾਵੇਂ ਇਸ ਸਮੇਂ ਓਨਾ ਕਾਰਗਰ ਸਾਬਤ ਨਾ ਹੋ ਰਿਹਾ ਹੋਵੇ, ਪਰ ਮੀਡੀਆ ਰਾਹੀਂ ਉਜਾਗਰ ਹੋਣ ਦੇ ਡਰ ਕਾਰਨ ਬਹੁਤ ਸਾਰੇ ਲੋਕ ਇਸ ਕੁਰੀਤੀ ਤੋਂ ਪਰ੍ਹਾਂ ਨੂੰ ਹਟ ਰਹੇ ਹਨ।ਹੋਰ ਕਿਸੇ ਥਾਂ ਹੋਵੇ ਨਾ ਹੋਵੇ, ਪਰ ਪੰਜਾਬ ਦੇ ਲੋਕਾਂ ਨੇ ਇਹ ਵਿਖਾ ਦਿੱਤਾ ਹੈ ਤੇ ਪੰਜਾਬ ਵਿਚ ਕੁੜੀਆਂ ਦੀ ਗਿਣਤੀ ਵੱਧ ਗਈ ਹੈ। ਹੁਣ ਤਾਂ ਪੰਜਾਬੀ ਲੋਕ ਕੁੜੀ ਜੰਮਣ ਦੀ ਖ਼ੁਸ਼ੀ ਵੀ ਮਨਾਉਣ ਲੱਗ ਪਏ ਹਨ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 64)

ਲੇਖਿਕਾ ਨੇ ਹਾਂ ਪੱਖੀ ਤਬਦੀਲੀ ਦੀ ਸੰਭਾਵਨਾ ਨੂੰ ਨਾਲ-ਨਾਲ ਰੱਖਿਆ ਹੈ ਕਿਉਂਕਿ ਸਮਾਜ ਨੇ ਅੰਤਿਮ ਰੂਪ ਵਿਚ ਵਿਕਸਿਤ ਹੋਣਾ ਹੀ ਹੈ। ਭਾਵ ਲੋੜ ਆਪਣੀ ਸੋਚ ਵਿਚ ਬਦਲਾਵ ਲਿਆਉਣ ਦੀ ਹੈ। ਸਰਕਾਰ ਹਰ ਘਰ ਵਿਚ ਹੋ ਰਹੇ ਤਸ਼ੱਦਦ ਤੱਕ ਨਹੀਂ ਪਹੁੰਚ ਸਕਦੀ, ਖ਼ੁਦ ਹੀ ਆਪਣੀ ਅੰਦਰਲੀ ਹਿੰਮਤ ਜਗਾ ਕੇ ਹੰਭਲਾ ਮਾਰਨ ਦੀ ਲੋੜ ਹੈ।

**ਭਾਵਾਂ, ਵਿਚਾਰਾਂ ਅਤੇ ਕਲਪਨਾ ਦਾ ਸੁਮੇਲ**:- ਨਿਬੰਧਾਂ ਵਿਚ ਚੇਤਨ ਹੋ ਕੇ ਹੀ ਵਿਚਾਰਧਾਰਾ ਦੀ ਪੇਸ਼ਕਾਰੀ ਇਸ ਦ੍ਰਿਸ਼ਟੀ ਤੋਂ ਕਰਨੀ ਜ਼ਰੂਰੀ ਹੈ ਕਿ ਲੋਕ ਸਮਾਜ ਦੇ ਕਲਿਆਣ ਲਈ ਪਾਠਕਾਂ ਅਤੇ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਨੂੰ ਭਾਵਾਂ ਦਾ ਸਮੁੰਦਰ ਠਾਠਾਂ ਮਾਰਦਾ ਹੋਵੇ, ਉੱਥੇ ਲੇਖਕ ਕਲਪਨਾ ਨੂੰ ਮਨੁੱਖੀ ਭਾਵਾਂ ਵਿਚ ਰੰਗ ਕੇ, ਪਾਠਕਾਂ ਨੂੰ ਰਸਾਤਮਕ ਸੁਨੇਹੇ ਸੰਚਾਰ ਦਾ ਹੋਵੇ। ਉਸ ਦੇ ਨਿਬੰਧ ਵਿਚ ਅੰਤਰਮੁਖੀ ਚਿੰਤਨ ਦੀਆਂ ਲਹਿਰਾਂ ਮਸਤੀ ਘੋਲਦੀਆਂ ਹਨ।ਨਿਬੰਧਾਂ ਵਿਚ ਜਦ ਸਮਾਜਿਕ ਸਭਿਆਚਾਰਕ ਅਥਵਾ ਹੋਰ ਵਿਸ਼ੇ ਵਿਚਾਰਾਂ ਦੀ ਬੌਧਿਕ ਸੰਚਾਰਨ ਵਿਚ ਸਮੱਸਿਆ ਬਣਨ ਲੱਗਦੇ ਹਨ ਤਾਂ ਭਾਵਾਂ ਤੇ ਕਲਪਨਾ ਦੀਆਂ ਫੁਹਾਰਾ ਪਾਠਕ-ਮਨਾਂ ਅੰਦਰ ਰਸਾਤਮਕ ਤਰੰਗਾਂ ਸੰਚਾਰ ਦੇ ਹਨ। ਵਿਚਾਰ, ਭਾਵ ਅਤੇ ਕਲਪਨਾ ਨੂੰ ਕਲਾਤਮਕ ਅਭਿਵਿਅਕਤੀ ਕੇਵਲ ਤਜਰਬੇਕਾਰ ਨਿਬੰਧਕਾਰ ਹੀ ਕਰ ਸਕਦਾ ਹੈ। ਲੇਖਿਕਾ ਦੀ ਨਿਬੰਧ ਰਚਨਾ ਵਿਚ ਇਹਨਾਂ ਤਿੰਨਾਂ ਦਾ ਸੁਮੇਲ ਹੈ, ਜੋ ਲੇਖਿਕਾ ਦੇ ਨਿਬੰਧਾਂ ਵਿਚਲੀ ਚੀਸ ਨੂੰ ਪਾਠਕ ਆਪਣੇ ਹਿਰਦੇ ਤੇ ਹੋਇਆ ਮਹਿਸੂਸ ਕਰਦਾ ਹੈ।

'ਭਰੂਣ ਹੱਤਿਆ ਤੋਂ ਉਤਪੰਨ ਹੋ ਰਹੇ ਭਿਆਨਕ ਖ਼ਤਰੇ' ਨਿਬੰਧ ਵਿਚ, ਲੇਖਿਕਾ ਇੱਕ ਪਿਓ ਦੇ ਮਨ ਵਿਚ ਉਪਜਦੇ ਭਾਵਾਂ ਵਿਚਾਰਾਂ ਨੂੰ ਬਿਆਨ ਕਰਦੀ ਹੈ:

> ਉਹ ਪਿਓ ਨੂੰ ਜਿਸ ਦੀਆਂ ਦੋ ਧੀਆਂ ਵਿਚੋਂ ਇੱਕ ਦਾ ਦਾਜ ਖ਼ਾਤਰ ਕਤਲ ਹੋ ਗਿਆ ਹੋਵੇ ਤੇ ਦੂਜੀ ਧੀ ਨੂੰ ਕੁੱਖੋਂ ਕੁੜੀ ਜੰਮਣ ਉੱਤੇ ਪੇਕੇ ਘੱਲ ਦਿੱਤਾ ਗਿਆ ਹੋਵੇ? ਕੀ ਉਹ ਫੋਕੇ ਭਾਸ਼ਣਾਂ ਜਾਂ ਲੇਖਾਂ ਨਾਲ ਕਿਸੇ ਨੂੰ ਧੀ ਜੰਮਣ ਦੀ ਸਲਾਹ ਦੇਵੇਗਾ? (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 57)

ਅੱਜ ਦਾਜ ਖ਼ਾਤਰ ਧੀਆਂ ਸਾੜੀਆਂ ਜਾਂਦੀਆਂ ਹਨ। 'ਇਸ ਜੁਲਮ ਨੂੰ ਕੀ ਨਾਂ ਦਿੱਤਾ ਜਾਏ?' ਨਿਬੰਧ ਵਿਚ ਲੇਖਿਕਾ ਸਮਝਾਉਂਦੀ ਹੈ ਕਿ ਉਸ ਮਾਂ ਦੇ ਦਰਦ ਨੂੰ ਕੋਈ ਕਿਵੇਂ ਬਿਆਨ ਕਰ ਸਕੇਗਾ, ਜਿਹਦੀ ਧੀ ਕਿਸੇ ਬਲਾਤਕਾਰੀਆਂ ਦਾ ਸ਼ਿਕਾਰ ਹੋ ਗਈ ਹੈ ਤੇ ਇਹੋ ਜਿਹੇ ਸਮਾਜ ਵਿਚ ਲੋਕ ਧੀਆਂ ਜੰਮਣ ਤੋਂ ਡਰਦੇ ਹਨ।

ਕਿਉਂਕਿ ਪਤਾ ਨਹੀਂ ਕਿਹੜੇ ਵੇਲੇ ਕਿਹੜੀ ਮੰਦਭਾਗੀ ਘਟਨਾ ਨੇ ਆਣ ਉਨ੍ਹਾਂ ਦੇ ਦਰਵਾਜ਼ੇ ਤੇ ਦਸਤਕ ਦੇ ਜਾਣੀ ਹੈ:

> ਕੁੱਖ ਵਿਚ ਮਾਤਾ ਭਰੂਣ ਨਾ ਮਾਰ ਕੇ ਉਸ ਨੂੰ ਕਿਹੋ ਜਿਹੀ ਜ਼ਿੰਦਗੀ ਦੇਣਾ ਚਾਹੁੰਦੀ ਹੈ? ਕੀ ਉਸ ਨੂੰ ਪਿਓ ਵੱਲੋਂ ਵੇਚਣ ਲਈ, ਦਾਜ ਦੀ ਬਲੀ ਚਾੜ੍ਹਨ ਲਈ, ਘਰੇਲੂ ਹਿੰਸਾ ਦਾ ਸ਼ਿਕਾਰ ਬਣਨ ਲਈ, ਸਮੂਹਕ ਬਲਾਤਕਾਰ ਰਾਹੀਂ ਲੀਰੋਂ ਲੀਰ ਹੋਣ ਲਈ, ਆਤਮ ਹੱਤਿਆ ਕਰਨ ਲਈ ਜਾਂ ਆਪਣੇ ਅਫ਼ਸਰਾਂ ਹੱਥੋਂ ਜ਼ਲੀਲ ਹੋਣ ਲਈ? (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 56)

ਲੇਖਿਕਾ ਭਵਿੱਖ ਦੀ ਕਲਪਨਾ ਕਰਦੀ ਆਖਦੀ ਹੈ, ਜਿੰਨੀ ਦੇਰ ਤੱਕ ਔਰਤਾਂ ਲਈ ਸੁਰੱਖਿਅਤ ਮਾਹੌਲ ਨਾ ਸਿਰਜਿਆ ਗਿਆ ਤਾਂ ਇਹਨਾਂ ਹਲਾਤਾਂ ਵਿਚ ਕੁੜੀਆਂ ਜੰਮਣ ਤੋਂ ਬਾਅਦ ਵੀ ਮਾਪਿਆ ਨੇ ਮਾਰ ਦੇਣੀਆਂ ਹਨ।

ਲੇਖਿਕਾ 'ਕੀ ਔਰਤ ਹੀ ਔਰਤ ਦੀ ਦੁਸ਼ਮਣ ਹੈ' ਨਿਬੰਧ ਵਿਚ ਔਰਤਾਂ ਨੂੰ ਭਵਿੱਖ ਦਾ ਸ਼ੀਸ਼ਾ ਦਿਖਾਉਂਦੀ ਆਖਦੀ ਹੈ:

> ਬੇਜੀ, ਤੁਸੀਂ ਨੇੜੇ-ਤੇੜੇ ਦੇ ਪਿੰਡਾਂ ਵਿਚ ਤਾਂ ਕੁੜੀ ਜੰਮਣ ਨਹੀਂ ਦਿੱਤੀ। ਇਧਰੋਂ ਤਾਂ ਨੂੰਹ ਮਿਲਣ ਦਾ ਸਵਾਲ ਹੀ ਨਹੀਂ ਉੱਠਦਾ। ਜਿਨ੍ਹਾਂ ਘਰੋਂ ਨੂੰਹ ਵਿਆਹ ਕੇ ਲਿਆਏ ਹੋ ਉਨ੍ਹਾਂ ਦੇ ਘਰ ਬਘਿਆੜ ਨਹੀਂ ਸਨ ਬੈਠੇ? ਜੇ ਤੁਹਾਡੇ ਵਰਗੀਆਂ ਬੀਬੀਆਂ ਹਰ ਪਿੰਡ ਵਿਚ ਲੱਠ ਲੈ ਕੇ ਨਵਜੰਮੀਆਂ ਧੀਆਂ ਮਗਰ ਪੈਂਦੀਆਂ ਰਹੀਆਂ ਤਾਂ ਨੂੰਹਾਂ ਤਾਂ ਸਮਝੋ ਹਮੇਸ਼ਾ ਲਈ ਖ਼ਤਮ ਤੇ ਤੁਹਾਡੇ ਪੋਤਰੇ ਕੁਆਰੇ ਹੀ ਮਰਨਗੇ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 87)

ਲੇਖਿਕਾ 'ਹੁਣ ਤਾਂ ਮੇਰਾ ਕਸੂਰ ਦੱਸ ਦਿਓ' ਨਿਬੰਧ ਵਿਚ ਆਖਦੀ ਹੈ ਕਿ ਸਾਡੇ ਸਮਾਜ ਵਿਚ ਹਮੇਸ਼ਾ ਅੰਤਰ ਜਾਤੀ ਵਿਆਹ ਦਾ ਵਿਰੋਧ ਹੁੰਦਾ ਆਇਆ ਹੈ। ਫੋਕੀ ਆਕੜ ਖ਼ਾਤਰ ਪਰਿਵਾਰਾਂ ਵਿਚ ਕਤਲ ਦੀਆਂ ਘਟਨਾਵਾਂ ਵਾਪਰਦੀਆਂ ਹਨ:

> ਇਸ ਧਰਤੀ ਉੱਤੇ ਪਿਆਰ ਕਰਨਾ ਜ਼ੁਲਮ ਕਿਉਂ ਹੈ? ਰਾਧਾ ਕ੍ਰਿਸ਼ਨ ਦਾ ਪਿਆਰ ਕਿਸੇ ਹੋਰ ਤਰ੍ਹਾਂ ਦਾ ਸੀ।ਜਿਸ ਲਈ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ? ਦਰੋਪਦੀ ਪੰਜ ਪਤੀਆਂ ਨਾਲ ਰਹਿ ਕੇ ਵੀ ਪੂਜਣ ਯੋਗ ਕਹਾਈ ਗਈ, ਜੇ ਪਿਆਰ ਕਰਨਾ ਏਥੇ ਵੱਡਾ ਜੁਰਮ ਹੈ ਤਾਂ ਫੇਰ ਰੱਖੜੀ ਤੇ ਤਿਉਹਾਰ ਦਾ ਪਾਖੰਡ ਵੀ ਬੰਦ ਕਰ ਦਿਓ। (ਹਰਸ਼ਿੰਦਰ ਕੌਰ ''ਚੁੱਪ ਦੀ ਚੀਖ਼'' 150)

ਜਿੰਨੀ ਦੇਰ ਤੱਕ ਇਸ ਸਮਾਜ ਵਿਚ ਧੀਆਂ ਦੀ ਬੇਕਦਰੀ ਹੁੰਦੀ ਰਹੇਗੀ, ਓਨੀ ਦੇਰ ਤੱਕ ਇਸ ਧਰਤੀ ਉੱਪਰ ਧੀਆਂ ਦੀ ਘਾਟ ਹਮੇਸ਼ਾ ਮਹਿਸੂਸ ਹੁੰਦੀ ਰਹੇਗੀ, ਜਿਵੇਂ ਫ਼ੁਲ ਬਾਰੇ ਕਿਹਾ ਜਾਂਦਾ ਹੈ ਤੋੜਿਆ, ਪਰੋਇਆ, ਮਧੋਲਿਆ ਤੇ ਭਾਵੇਂ ਸੁੱਟ ਦਿੱਤਾ ਜਾਵੇ, ਕਿਸੇ ਫ਼ੁਲ ਦਾ ਕਲੇਜਾ ਕਦੇ ਪੱਥਰ ਨਹੀਂ ਹੋਇਆ। ਬਿਲਕੁਲ ਇਸੀ ਪ੍ਰਕਾਰ ਔਰਤ ਨੂੰ ਬੁਰੀ ਤਰ੍ਹਾਂ ਤੋੜਿਆ ਤੇ ਮਧੋਲਿਆ ਜਾਂਦਾ ਹੈ ਤੇ ਘਰ ਤੋਂ ਬੇਘਰ ਕਰ ਕੇ ਬਾਹਰ ਵੀ ਸੁੱਟਿਆ ਜਾਂਦਾ ਹੈ, ਜਿਵੇਂ ਫ਼ੁਲ ਦਾ ਕਲੇਜਾ ਕਦੇ ਪੱਥਰ ਨਹੀਂ ਹੋਇਆ, ਇਸ ਤਰ੍ਹਾਂ ਔਰਤ ਦਾ ਕਲੇਜਾ ਵੀ ਕਦੇ ਪੱਥਰ ਨਹੀਂ ਹੋਇਆ।

ਲੇਖਿਕਾ ਦੀ ਜੁਗਤ ਗਿਆਨ-ਮਨੋਵਿਗਿਆਨ ਦੀ ਦਵਾਈ ਨੂੰ ਜ਼ਰਾ ਦਬਾਅ (Pressure) ਨਾਲ ਟੀਕੇ (Injection) ਵਾਂਗ ਪਾਠਕਾਂ ਦੇ ਹਿਰਦੇ ਤੱਕ ਪਹੁੰਚਾਉਣ ਦੀ ਹੈ ਤਾਂ ਕਿ ਪ੍ਰੇਰਨਾ, ਤਾੜਨਾ ਤੇ ਚੇਤਾਵਨੀ ਤਿੰਨੋ ਪ੍ਰਭਾਵ ਕੰਮ ਕਰਨ। ਜੇਕਰ ਅੱਜ ਵੀ ਸਮਾਜ ਵਿਚੋਂ ਇਸ ਗੰਦਗੀ ਨੂੰ ਸਾਫ਼ ਨਾ ਕੀਤਾ ਗਿਆ ਤਾਂ ਉਹ ਦਿਨ ਦੂਰ

ਨਹੀਂ ਜਦੋਂ ਇਹ ਗੰਦਗੀ ਦੇ ਢੇਰ ਸਾਰੇ ਘਰਾਂ ਦੀਆਂ ਕੰਧਾਂ ਤੋਂ ਉੱਚੇ ਹੋ ਜਾਣਗੇ ਤੇ ਫਿਰ ਸਾਡੇ ਕੋਲ ਇਸ ਵਿਚ ਦਫ਼ਨ ਹੋਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਰਹਿ ਜਾਣਾ।

**ਸਿੱਟਾ:-** 'ਚੁੱਪ ਦੀ ਚੀਖ਼' ਵਿਚ ਨਾਰੀ ਦੇ ਜਨਮ ਸਮੇਂ ਤੋਂ ਲੈ ਕੇ ਮੌਤ-ਕਾਲ ਤੱਕ ਹੁੰਦੇ ਸਰੀਰਕ, ਮਾਨਸਿਕ, ਭੌਤਿਕ ਅਤੇ ਨੈਤਿਕ ਵਧੀਕੀਆਂ ਦੀ ਪਿੱਠ ਭੂਮੀ ਲੇਖਕ ਨੇ ਸੰਸਾਰ ਦੇ ਇਤਿਹਾਸ ਮਿਥਿਹਾਸ ਵਿਚ ਉਦਾਹਰਨਾਂ ਦੇ ਕੇ ਔਰਤ ਨਾਲ ਹੁੰਦਾ ਅਨਿਆਇ ਦੀਆਂ ਉਦਾਹਰਨ ਪੇਸ਼ ਕੀਤੀਆਂ ਹਨ। ਸੰਸਾਰ ਪੱਧਰ ਤੇ ਸਦਾ ਮਰਦ ਪ੍ਰਧਾਨ ਸਮਾਜ, ਔਰਤ ਦੀ ਮਾਨਸਿਕਤਾ ਨੂੰ ਝਰੀਟਦਾ ਰਿਹਾ ਹੈ। ਮਰਦ ਪ੍ਰਧਾਨ ਸਮਾਜ ਦੀ ਸ਼ਕਤੀ ਸਮਰੱਥਾ ਮਰਦ ਦੀ ਸਰੀਰਕ ਸ਼ਕਤੀ ਕਾਰ, ਉਸ ਵਿਚ ਨਾਰੀ ਨੂੰ ਅਬਲਾ ਬਣਾ ਕੇ ਰੱਖਣ ਦੀ ਪ੍ਰਵਿਰਤੀ ਨੇ ਉਸ ਦਾ ਪਰਿਵਾਰਕ, ਸਮਾਜਿਕ ਅਤੇ ਸਭਿਆਚਾਰਕ ਮੁੱਲ ਘਟਾਇਆ ਹੈ। ਔਰਤ ਮਰਦ ਦੇ ਮੁਕਾਬਲੇ ਵਧੇਰੇ ਜੀਵਨ ਲੰਘਾਉਣ ਘਰ ਸਥਾਪਿਤ ਕਰਨ, ਬੱਚੇ ਪਾਲਣ ਅਤੇ ਸਭਿਆਚਾਰਕ ਕਾਰਜ ਕਰਨ ਵਿਚ ਵਧੇਰੇ ਪ੍ਰਤੀਨਿਧਤਾ ਕਰਦੀ ਹੈ। ਲੇਖਿਕਾ ਨੇ ਨਾਰੀ ਦੀ ਇਤਿਹਾਸਕ, ਧਾਰਮਿਕ ਸਭਿਆਚਾਰਕ ਮਹੱਤਤਾ ਦੀ ਪੁਨਰ ਕਹਾਣੀ ਪੇਸ਼ ਕਰ ਕੇ ਉਸ ਨੂੰ ਮਰਦ ਦੇ ਮੁਕਾਬਲੇ ਵਧੇਰੇ ਯੋਗ ਪ੍ਰਬੁੱਧ ਸਾਬਤ ਕੀਤਾ ਹੈ। ਇਹੋ ਇਸ ਦਾ ਨਾਰੀ ਸਾਹਿਤ ਲਈ ਸੁਨੇਹਾ ਹੈ।

ਲੇਖਿਕਾ ਪ੍ਰਗਤੀਵਾਦ ਦ੍ਰਿਸ਼ਟੀਕੋਣ ਦੀ ਧਾਰਨੀ ਹੈ। ਲੇਖਿਕਾ ਦੇ ਨਿਬੰਧ ਸਮੇਂ ਦੇ ਯਥਾਰਥ ਦੀ ਗਾਥਾ ਕਹਿ ਰਹੇ ਹਨ। ਲੇਖਿਕਾ ਦੇ ਸਾਰੇ ਨਿਬੰਧ ਔਰਤਾਂ ਦੀਆਂ ਤਲਖ਼ ਹਕੀਕਤਾਂ ਦਾ ਯਥਾਰਥ ਹੀ ਨਹੀਂ ਪੇਸ਼ ਕਰ ਰਹੇ, ਬਲਕਿ ਔਰਤ ਨੂੰ ਜਾਗ੍ਰਿਤ ਕਰ ਕੇ ਆਪਣੇ ਹੱਕਾਂ ਲਈ ਲੜਨ ਵਾਸਤੇ ਦੇਵੀ ਸ਼ਕਤੀ ਸੰਚਾਰਨ ਦੇ ਸਰੋਤ ਹਨ। ਲੇਖਿਕਾ ਨੇ ਉਦਾਹਰਨਾਂ ਪੇਸ਼ ਕਰ ਕੇ ਅੰਤਰ ਰਾਸ਼ਟਰੀ ਸੂਚਨਾਵਾਂ ਉੱਪਰ ਇਤਿਹਾਸਕ ਪ੍ਰਸੰਗਾਂ ਰਾਹੀਂ ਆਪਣੀਆਂ ਵਿਚਾਰਧਾਰਾ ਤੇ ਸੋਚਾਂ ਨੂੰ ਇੰਝ ਸੰਚਾਰਿਆ ਹੈ ਕਿ ਨਿਬੰਧ ਸ਼ੈਲੀ ਦੀ ਬੌਧਿਕਤਾ ਹੁੰਦਾ ਹੋਇਆ ਵੀ

ਰੋਚਕਤਾ ਬਣੀ ਰਹਿੰਦੀ ਹੈ। ਨਿਰੋਲ ਕਾਲਪਨਿਕ ਪ੍ਰਸੰਗ ਦੀ ਥਾਂ ਘਟਿਤ ਘਟਨਾਵਾਂ ਦੇ ਸੱਚੇ ਹਵਾਲੇ ਦੇ ਕੇ ਆਪਣਾ ਪੱਖ ਪੇਸ਼ ਕਰਦੀ ਹੈ।

ਇਸੀ ਪ੍ਰਕਰਣ ਵਿਚ ਸਮਾਜ ਵਿਚ ਬਾਲਾਂ ਲਈ ਬੁਨਿਆਦੀ ਘਾਟਾਂ ਦਾ ਲੇਖਾ-ਜੋਖਾ ਕਰਦਿਆਂ, ਉਨ੍ਹਾਂ ਦੇ ਬਲਾਤਕਾਰ ਤੋਂ ਲੈ ਕੇ ਯੁਵਕ ਬਣਨ ਤੱਕ ਦੀਆਂ ਵਿੱਦਿਅਕ, ਸਮਾਜਿਕ, ਨੈਤਿਕ, ਸੰਸਕਾਰਕ ਨੀਤੀਆਂ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ, ਜੋ ਸੰਚਾਰ ਕੀਤਾ ਹੈ ਉਹ ਵਿਗਿਆਨਕ ਮਨੋਵਿਗਿਆਨਕ ਅਤੇ ਚਿਕਿਤਸਕ ਦ੍ਰਿਸ਼ਟੀ ਤੋਂ ਦਿੱਤੇ ਸੁਝਾਅ ਗੁਣਕਾਰੀ ਹਨ। ਔਰਤ ਦੀ ਮਾਨਸਿਕ, ਨੈਤਿਕ, ਸਮਾਜਿਕ ਆਰਥਿਕ ਅਵਸਥਾ ਬਦਲਣ ਲਈ ਕ੍ਰਾਂਤੀਕਾਰੀ ਸੋਚ ਦਾ ਪ੍ਰਵੇਸ਼ ਹੋਣਾ ਜ਼ਰੂਰੀ ਹੈ। ਮਰਦ ਦੀ ਸੋਚ ਬਦਲਣ ਦੀ ਮਹੱਤਤਾ ਜ਼ਰੂਰ ਹੈ। ਇਸ ਲਈ ਸਰਕਾਰੀ ਕਾਨੂੰਨ ਬਦਲ ਕੇ ਔਰਤ ਨੂੰ ਹਰ ਖੇਤਰ ਵਿਚ ਬਰਾਬਰ ਦੇ ਅਧਿਕਾਰ ਮਿਲਣੇ ਅਤਿ ਜ਼ਰੂਰੀ ਹਨ। ਡਾ. ਹਰਸ਼ਿੰਦਰ ਕੌਰ ਨੇ ਲਵਾਰਿਸ ਕੁੜੀਆਂ, ਜਵਾਨ ਹੋ ਰਹੀਆਂ ਕੁੜੀਆਂ, ਵਿਆਹੀਆਂ, ਔਰਤਾਂ ਅਤੇ ਬਜ਼ੁਰਗ ਔਰਤ ਦੀ ਸੁਰੱਖਿਆ ਅਤੇ ਮੁਲਾਂਕਣ ਵਿਧੀ ਦੇ ਨਵੀਂ ਦ੍ਰਿਸ਼ਟੀਕੋਣ ਤੋਂ ਕਾਨੂੰਨ ਬਣਾਉਣ ਦੇ ਸੁਝਾਅ ਦਿੱਤੇ ਹਨ, ਜਿਹੜੇ ਔਰਤ ਦੇ ਹੱਕਾਂ ਦੀ ਵਕਾਲਤ ਕਰਦੇ ਹਨ। ਲੇਖਿਕਾ ਨੇ ਕਹਾਣੀ ਸੰਗ੍ਰਹਿ ਜਾਂ ਵਿਚਾਰਧਾਰਕ ਨਿਬੰਧ ਲਿਖਣ ਨਾਲੋਂ ਨਿਬੰਧ ਕਥਾਨਕ ਪੇਸ਼ ਕੀਤੇ ਲੱਗਦੇ ਹਨ, ਜੋ ਪਾਠ ਤੋਂ ਪਹਿਲੇ ਅਤੇ ਬਾਅਦ ਵਾਲੇ ਪਾਠਕ ਵਿਚ ਇੱਕ ਵੱਡਾ ਅੰਤਰ ਪੈਦਾ ਕਰ ਦਿੰਦੀ ਹੈ। ਆਪਣੇ ਜੀਵਨ ਅਨੁਭਵ ਵਿਚੋਂ ਪ੍ਰਾਪਤ ਸੱਚੀਆਂ ਘਟਨਾਵਾਂ ਨੂੰ ਵਾਰਤਕ ਦੇ ਚੌਖਟੇ ਵਿਚ ਸੰਯੋਜਿਤ ਕਰ ਕੇ, ਪਾਠਕ ਦੀ ਮਾਨਸਿਕ-ਬੌਧਿਕ ਖਿੱਚ ਦਾ ਦਰਜਾ ਬਹੁਤ ਵਧਾ ਦਿੱਤਾ ਹੈ। ਲੇਖਿਕਾ ਦੇ ਨਿਬੰਧ ਪੜ੍ਹ ਰਿਹਾ ਪਾਠਕ ਆਪਣੇ ਸਾਹਮਣੇ ਇੱਕ ਵਿਚਾਰਧਾਰਕ ਆਰਟ ਫ਼ਿਲਮ ਨੂੰ ਦੇਖ ਰਿਹਾ ਅਨੁਭਵ ਕਰਦਾ ਹੈ, ਜਿਸ ਵਿਚ ਕਦੇ ਕਰੁਣਾ ਰਸ, ਕਦੇ ਬੀਰ ਰਸ ਤੇ ਕਦੇ ਕੋਈ ਹੋਰ ਭਾਵ ਲੇਖਿਕਾ ਦੇ ਨਿਬੰਧ ਪੜ੍ਹਨ ਤੇ ਇੰਝ ਮਹਿਸੂਸ ਹੁੰਦਾ ਹੈ, ਜਿਵੇਂ ਕੋਈ ਖ਼ਾਨਾਂ ਦਾ ਮਾਹਿਰ, ਡੂੰਘੀ ਖ਼ਾਨ ਅੰਦਰ ਜਾ ਕੇ ਉੱਥੋਂ ਖਣਿਜ ਪਦਾਰਥ ਲੈ ਆਉਂਦਾ ਹੈ, ਉਸੇ ਤਰ੍ਹਾਂ ਲੇਖਿਕਾ ਜੀਵਨ ਦੀ ਇਸ ਤ੍ਰਾਸਦਿਕ ਮੰਚ ਦੇ ਪਾਤਰਾਂ ਦੇ ਮਨਾਂ ਅੰਦਰ ਵੜ ਕੇ, ਯਥਾਰਥ ਨੂੰ ਖੋਜ ਕੱਢਣ ਵਿਚ ਬਹੁਤ ਹੱਦ ਤੱਕ ਸਫਲ ਹੁੰਦੀ ਦਿਸਦੀ ਹੈ।

# ਅਧਿਆਇ ਸੱਤਵਾਂ

## ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਨਿਬੰਧਕਾਰੀ: ਤੁਲਨਾਤਮਕ ਅਧਿਐਨ

ਹਥਲਾ ਅਧਿਆਇ ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਦੇ ਨਿਬੰਧਾਂ ਦੇ ਤੁਲਨਾਤਮਕ ਪਰਿਪੇਖ ਨਾਲ ਸੰਬੰਧਿਤ ਹੈ। ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਦੀਆਂ ਆਪਣੀਆਂ-ਆਪਣੀਆਂ ਵਿਲੱਖਣਤਾਵਾਂ ਤੇ ਵਿਸ਼ੇਸ਼ਤਾਵਾਂ ਹਨ ਅਤੇ ਇਸ ਦੇ ਨਾਲ-ਨਾਲ ਸਾਂਝੇ ਸੂਤਰ ਵੀ ਹਨ। ਹਥਲੇ ਅਧਿਆਇ ਵਿਚ ਤੁਲਨਾਤਮਕ ਅਧਿਐਨ ਦੀ ਵਿਸ਼ਵ ਪੱਧਰੀ ਸਿਧਾਂਤਕ ਪਹੁੰਚ ਵਿਧੀ ਦੁਆਰਾ ਨਿਬੰਧਾਂ ਦਾ ਤੁਲਨਾਤਮਕ ਪਰਿਪੇਖ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਤੁਲਨਾਤਮਕ ਅਧਿਐਨ ਸੋਲ੍ਹਵੀਂ ਸਦੀ ਦੇ ਅਖੀਰਲੇ ਸਾਲਾਂ ਤੋਂ ਲੈ ਕੇ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਤੱਕ ਲਗਾਤਾਰ ਵਿਕਾਸ ਕਰਦਾ ਹੋਇਆ, ਪ੍ਰਤੱਖ ਆਲੋਚਨਾ ਪ੍ਰਣਾਲੀ ਦਾ ਰੂਪ ਧਾਰਨ ਕਰ ਚੁੱਕਿਆ ਹੈ। ਤੁਲਨਾਤਮਕ ਅਧਿਐਨ ਵਿਚ 'ਤੁਲਨਾਤਮਕ' ਦੇ ਸ਼ਾਬਦਿਕ ਅਰਥ ਹਨ: ਤੁਲਨਾ ਤੇ ਤੁਲਨਾ ਸ਼ਬਦ ਦੀ ਵਿਉਤਪਤ 'ਤੁਲਾ' ਧਾਤੂ ਤੋਂ ਹੋਈ ਹੈ। ਤੁਲਾ ਧਾਤੂ ਤੋਂ ਭਾਵ ਹੈ, 'ਤੁਲਨਾ'।

> ਭਾਈ ਕਾਨ ਸਿੰਘ ਨਾਭਾ ਮਹਾਨ ਕੋਸ਼ ਅਨੁਸਾਰ: ਤੁਲਨਾ ਦਾ ਅਰਥ ਹੈ ਬਰਾਬਰੀ। (ਪੰਨਾ, 598)
>
> ਪੰਜਾਬੀ ਕੋਸ਼ ਅਨੁਸਾਰ: 'ਤੁਲ' ਧਾਤੂ ਦੇ ਅਰਥ ਹਨ: ਤੋਲਣਾ ਅਤੇ ਬਰਾਬਰੀ ਕਰਨਾ ਆਦਿ। (ਪੰਨਾ, 268)
>
> ਹਿੰਦੀ ਸਾਹਿਤਯ ਕੋਸ਼ ਮੁਤਾਬਿਕ ਤੁਲਨਾ ਸ਼ਬਦ 'ਤੁਲਾ' ਧਾਤੂ ਦੇ ਭਾਵਵਾਚਕ ਨਾਂਵ ਤੋਂ ਬਣਿਆ। 'ਤੁਲ' ਤੋਂ 'ਤੁਲਾ' ਤਰਾਜ਼ੂ ਬਣਿਆ ਹੈ। (ਜੈਨ, 46)

> ਵਿਸ਼ਵ ਪ੍ਰਸਿੱਧ ਕੋਸ਼ਕਾਰ (Merriam Webster) ਅਨੁਸਾਰ: ਤੁਲਨਾ ਦੇ ਅਰਥ ਦੋ ਜਾ ਦੋ ਤੋਂ ਵੱਧ ਵਸਤੂਆਂ ਦੇ ਸਮਾਨ ਅਤੇ ਅਸਮਾਨ ਤੱਤਾਂ ਦੇ ਗਿਆਨ ਲਈ, ਉਸ ਨੂੰ ਨਾਲ ਰੱਖ ਕੇ ਜਾਚਣ ਵਜੋਂ ਹੈ।(….. the placing together or juxtaposing of two or more item to ascertain or establish their similaeities and dissimilarities. (Page, 462)

> ਪੰਜਾਬੀ ਵਿਦਵਾਨ ਡਾ. ਕੁਲਦੀਪ ਸਿੰਘ ਧੀਰ ਅਨੁਸਾਰ: ਤੁਲਨਾਤਮਕ ਸ਼ਬਦ ਤੁਲਨਾ ਕਰਨ ਦੀ ਪ੍ਰਕਿਰਿਆ ਵੱਲ ਸੰਕੇਤ ਕਰਦਾ ਹੈ।ਤੁਲਨਾ ਸਮੇਂ ਵਸਤਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ ਉੱਭਰ ਕੇ ਆਉਣ। ("ਤੁਲਨਾਤਮਕ ਸਾਹਿਤ, ਸ਼ਾਸਤਰ" 1)

ਉਪਰੋਕਤ ਪਰਿਭਾਸ਼ਾਵਾਂ ਤੋਂ ਭਾਵ ਤੁਲਨਾ ਦੇ ਅਰਥ ਕਿਸੇ ਵੀ ਵਸਤੂ ਦੀਆਂ ਸਮਾਨਤਾਵਾਂ, ਅਸਮਾਨਤਾਵਾਂ, ਜਾਚਣਾ, ਪੜਤਾਲ ਕਰਨਾ ਜਾਂ ਘੋਖਣਾ ਹੈ ਭਾਵ ਜਦੋਂ ਕਿਸੇ ਵੀ ਵਸਤੂ ਦੇ ਰੂਪ ਤੇ ਗੁਣ ਦੇ ਅਧਾਰ ਤੇ ਦੂਜੀ ਵਸਤੂ ਵਿਚ ਸਮਾਨਤਾ ਤੇ ਵੱਖਰਤਾ ਪ੍ਰਗਟ ਹੁੰਦੀ ਹੈ।

ਜੇਕਰ ਤੁਲਨਾਤਮਕ ਅਧਿਐਨ ਦੀ ਗੱਲ ਕੀਤੀ ਜਾਵੇ ਤਾਂ ਇਹ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। ਤੁਲਨਾਤਮਕ+ ਅਧਿਐਨ।

> ਦੀ ਆਕਸਫੋਰਡ ਡਿਕਸ਼ਨਰੀ ਅਨੁਸਾਰ: ਤੁਲਨਾ ਕਿਸੇ ਦੋ ਜਾਂ ਦੋ ਤੋਂ ਵੱਧ ਵਸਤਾਂ ਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਘੋਖਣ ਜਾਂ ਤੋਲਣ ਦੀ ਪ੍ਰਕਿਰਿਆ ਹੁੰਦੀ ਹੈ। (Vol 11, 59)

> ਅਧਿਐਨ ਸ਼ਬਦ ਦਾ ਅਰਥ ਹੈ:-ਪਰਖ ਕਰਨੀ, ਪੜਤਾਲ ਕਰਨੀ, ਵਿਚਾਰ ਕਰਨੀ, ਜਾਣਕਾਰੀ ਪ੍ਰਾਪਤ ਕਰਨੀ, ਘੋਖਣਾ ਆਦਿ। ਇਸ ਪ੍ਰਕਾਰ ਤੁਲਨਾਤਮਕ ਅਧਿਐਨ ਦਾ ਅਰਥ

> ਹੈ ਦੋ ਜਾਂ ਦੋ ਵੱਧ ਵਸਤੂਆਂ/ਵਰਤਾਰਿਆਂ/ਕਿਰਤਾਂ ਦੀਆਂ ਸਮਾਨਤਾਵਾਂ ਅਤੇ ਵਿਰੋਧਤਾਵਾਂ ਦੀ ਤੁਲਨਾ ਦੇ ਅਧਾਰ ਤੇ ਪਰਖ ਪੜਚੋਲ ਕਰਨੀ। (ਕੱਟੂ ''ਵਿਦਰੋਹੀ ਕਾਵਿ ਪਾਸ਼, ਉਦਾਸੀ, ਮੁਕਤੀਬੋਧ ਅਤੇ ਨੇਰੂਦਾ ਦੇ ਸੰਦਰਭ 'ਚ'' 25)

ਭਾਰਤੀ ਸਾਹਿਤ ਦੇ ਮਾਪ ਦੰਡ ਅਨੁਸਾਰ ਅਸੀਂ ਸਾਹਿਤ ਦੀ ਸ਼ਾਸਤਰੀ ਵਿਧਾ ਨੂੰ ਹੀ ਤੁਲਨਾਤਮਕ ਆਲੋਚਨਾ ਦਾ ਉੱਤਮ ਰੂਪ ਸਵੀਕਾਰਦੇ ਹਾਂ ਜਿਵੇਂ ਕਈ ਵਾਰ ਕਿਸੇ ਕਲਾਕਾਰ ਜਾਂ ਲੇਖਕ ਦੀ ਉਸੇ ਭਾਸ਼ਾ ਦੇ ਕਿਸੇ ਹੋਰ ਲੇਖਕ ਨਾਲ ਤੁਲਨਾ ਕੀਤੀ ਜਾਂਦੀ ਹੈ। ਇਹ ਤੁਲਨਾ ਦੋ ਵੱਖਰੀਆਂ-ਵੱਖਰੀਆਂ ਭਾਸ਼ਾਵਾਂ ਵਿਚ ਲਿਖਣ ਵਾਲੇ ਲੇਖਕਾਂ ਵਿਚ ਵੀ ਹੋ ਸਕਦੀ ਹੈ। ਅਜਿਹੀ ਆਲੋਚਨਾ ਨੂੰ ਤੁਲਨਾਤਮਕ ਆਲੋਚਨਾ ਆਖਦੇ ਹਨ। ਅੰਗਰੇਜ਼ੀ ਵਿਚ ਇਸ ਨੂੰ ਤੁਲਨਾਤਮਕ ਆਲੋਚਨਾ ਪ੍ਰਣਾਲੀ (Comparative criticism) ਕਹਿੰਦੇ ਹਨ। ਉਰਦੂ ਵਾਲੇ ਇਸ ਵਿਧੀ ਨੂੰ 'ਤਕਾਬਲੀ' ਕਹਿੰਦੇ ਹਨ:

> ਇੱਕ ਸਾਹਿਤਕਾਰ ਉੱਤੇ, ਕਿਸੇ ਦੂਜੇ ਦੇ ਪ੍ਰਭਾਵਾਂ ਨੂੰ ਜਾਚਣਾ, ਕਿਸੇ ਇੱਕ ਸ਼ੈਲੀ ਦੀ ਦੂਜੀ ਸ਼ੈਲੀ ਨਾਲ ਤੁਲਨਾ ਕਰਨੀ, ਕਿਸੇ ਇੱਕ ਸਾਹਿਤਕ ਕਾਲ ਦਾ ਦੂਜੇ ਨਾਲ ਮੁਕਾਬਲਾ ਕਰਨਾ ਆਦਿ ਸਭ ਤੁਲਨਾਤਮਕ ਆਲੋਚਨਾ ਦੇ ਘੇਰੇ ਵਿਚ ਆ ਜਾਂਦੇ ਹਨ। ਕਈ ਵਾਰ ਇੱਕ ਦੇਸ਼ ਵਿਚ ਚੱਲ ਰਹੀਆਂ ਸਾਹਿਤਿਕ ਧਰਾਵਾਂ ਦਾ ਦੂਜੇ ਦੇਸ਼ ਦੀਆਂ ਧਾਰਾਵਾਂ ਨਾਲ ਟਾਕਰਾ ਕੀਤਾ ਜਾਂਦਾ ਹੈ ਅਤੇ ਕਈ ਵਾਰ ਇੱਕੋ ਦੇਸ਼ ਦੀਆਂ ਵੱਖ-ਵੱਖ ਧਰਾਵਾਂ ਦਾ ਮਾਨਸਿਕ ਤੇ ਸਾਹਿਤਿਕ ਪੱਖ ਤੋਂ ਅਧਿਐਨ ਕੀਤਾ ਜਾਂਦਾ ਹੈ। ਤੁਲਨਾਤਮਕ ਆਲੋਚਨਾ ਲਈ ਆਲੋਚਨਾ ਨੂੰ ਸਰਬ-ਪੱਖੀ ਗਿਆਨ ਦਾ ਸੁਆਮੀ ਹੋਣਾ ਚਾਹੀਦਾ ਹੈ। ਵਰਣਨ ਤੇ ਵਿਸ਼ਲੇਸ਼ਣ ਦੁਆਰਾ ਉਸੇ ਦੋ ਧਿਰਾਂ ਵਿਚ ਮੇਲ ਖਾਂਦੇ ਤੇ ਬੇਮੇਲ ਗੁਣਾਂ ਨੂੰ ਭਾਲਣਾ ਹੁੰਦਾ ਹੈ ਤੇ ਦੋਹਾਂ ਦੀਆਂ ਅਭਿਵਿਅੰਜਨਾ ਪ੍ਰਣਾਲੀਆਂ ਦਾ ਅਧਿਐਨ ਵੀ ਕਰਨਾ ਹੁੰਦਾ ਹੈ। ਅਰਥਾਤ, ਵਿਸ਼ੇ, ਭਾਸ਼ਾ, ਸ਼ੈਲੀ ਆਦਿ ਸਾਰੇ ਪੱਖ ਉਸ ਦੇ

ਧਿਆਨ ਗੋਚਰੇ ਹੋਣੇ ਹੁੰਦੇ ਹਨ। (ਜੱਗੀ (ਸੰਪਾ:) ''ਸਾਹਿਤ ਕੋਸ਼: ਪਰਿਭਾਸ਼ਕ ਸ਼ਬਦਾਵਲੀ'' 471)

ਮੂਲ-ਰੂਪ ਵਿਚ ਤੁਲਨਾਤਮਕ ਵਿਧੀ ਇੱਕ ਸਾਹਿਤਕਾਰ ਦੀ ਇੱਕ (ਜਾਂ ਵਧੇਰੀਆਂ) ਰਚਨਾਵਾਂ ਦਾ ਦੂਜੇ ਲੇਖਕ ਜਾਂ ਲੇਖਕਾਂ ਦੀਆਂ ਰਚਨਾਵਾਂ ਨਾਲ ਮੁਕਾਬਲਾ ਕਰਨ ਦੀ ਵਿਧੀ ਹੀ ਹੈ। ਜਿਸ ਵਿਚ ਇੱਕ ਦੂਜੇ ਲੇਖਕ ਦੀਆਂ ਰਚਨਾਵਾਂ ਦੇ ਵਿਸ਼ੇ-ਵਸਤੂ ਅਤੇ ਅਭਿਵਿਅਕਤੀ ਕਲਾ ਦੇ ਤੱਤਾਂ ਦੀ ਆਪਸੀ ਤੁਲਨਾ ਕੀਤੀ ਜਾਂਦੀ ਹੈ।

ਹਥਲੇ ਖੋਜ ਕਾਰਜ ਦੇ ਹਵਾਲੇ ਨਾਲ ਤੁਲਨਾਤਮਕ ਅਧਿਐਨ ਦਾ ਸਰੂਪ ਇਹ ਹੈ ਕਿ ਖੋਜ ਕਾਰਜ ਇੱਕੋ ਵਿਧਾ ਨਿਬੰਧ ਨਾਲ ਸੰਬੰਧਿਤ ਹੈ, ਪਰ ਨਿਬੰਧਕਾਰ ਚੋਣਵੇਂ ਹਨ ਵਿਧਾ ਭਾਵੇਂ ਇੱਕੋ ਹੈ ਪਰ ਇਹਨਾਂ ਨਿਬੰਧਕਾਰਾਂ ਵਿਚ ਵਿਸ਼ਾਗਤ ਤੇ ਕਲਾਗਤ ਵਿਭਿੰਨਤਾਵਾਂ ਤੇ ਸਮਾਨਤਾਵਾਂ ਵੀ ਹਨ। ਬੇਸ਼ੱਕ ਸਾਰੇ ਨਿਬੰਧਕਾਰਾਂ ਦਾ ਲੇਖਣ ਸਮਾਂ ਇੱਕੋ ਕਾਲ-ਖੰਡ ਹੈ, ਪਰ ਹਰ ਕਾਲ-ਖੰਡ ਦੀਆਂ ਵਿਭਿੰਨ ਪਰਤਾਂ ਹੁੰਦੀਆਂ ਹਨ। ਇੱਥੋਂ ਤਕ ਹਰ ਰਚਨਾਕਾਰ ਦੀਆਂ ਰਚਨਾਵਾਂ ਦੀਆਂ ਵੀ ਵਿਭਿੰਨ ਪਰਤਾਂ ਹੁੰਦੀਆਂ ਹਨ। ਇਨ੍ਹਾਂ ਪਰਤਾਂ ਨੂੰ ਸਮਝਣ ਲਈ ਤੁਲਨਾਤਮਕ ਅਧਿਐਨ ਕਰਨਾ ਬਹੁਤ ਮਹੱਤਵਪੂਰਨ ਹੈ। ਹਥਲੇ ਖੋਜ ਕਾਰਜ ਅਧੀਨ ਖੋਜ-ਪ੍ਰਬੰਧ ਦੇ ਵਿਸ਼ੇ ਤੇ ਕਲਾ ਪੱਖ ਦੇ ਸੰਦਰਭ ਵਿਚ, ਚੋਣਵੇਂ ਨਿਬੰਧਕਾਰਾਂ ਦੇ ਨਿਬੰਧਾਂ ਦੇ ਵਿਸ਼ਿਆਂ ਦਾ ਤੁਲਨਾਤਮਕ ਅਧਿਐਨ ਇਸ ਪ੍ਰਕਾਰ ਹੈ। ਜਦ ਇੱਕ ਤੋਂ ਵਧੇਰੇ ਲੇਖਕਾਂ ਦਾ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਤੁਲਨਾਤਮਕ ਅਧਿਐਨ ਕਰਨਾ ਹੈ ਤਾਂ ਸੁਭਾਵਿਕ ਰੂਪ ਵਿਚ ਉਨ੍ਹਾਂ ਦੀਆਂ ਰਚਨਾਵਾਂ ਦੇ ਵਿਸ਼ੇ ਵਸਤੂ ਅਤੇ ਅਭਿਵਿਅਕਤੀ ਕਲਾ ਦੀਆਂ ਮੂਲ ਇਕਾਈਆਂ ਦਾ ਹੀ ਆਪਸੀ ਤੁਲਨਾਤਮਕ ਕਰਦੇ ਹਾਂ।

ਇਸ ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਡਾ. ਅਮਰ ਕੋਮਲ, ਡਾ. ਕਰਨੈਲ ਸਿੰਘ ਸੋਮਲ, ਪ੍ਰੋ. ਅੱਛਰੂ ਸਿੰਘ, ਡਾ. ਸੁਰਿੰਦਰਪਾਲ ਸਿੰਘ ਮੰਡ, ਡਾ. ਹਰਸ਼ਿੰਦਰ ਕੌਰ ਆਦਿ ਦੇ ਵਿਸ਼ੇ ਹੇਠ ਲਿਖੇ ਅਨੁਸਾਰ ਹਨ।

ਇਸ ਖੋਜ ਪ੍ਰਬੰਧ ਨਾਲ ਸੰਬੰਧਿਤ ਪਹਿਲਾ ਨਿਬੰਧਕਾਰ ਡਾ. ਅਮਰ ਕੋਮਲ ਹੈ। ਲੇਖਕ ਦਾ ਕੇਂਦਰੀ ਨੁਕਤਾ ਸ਼ਖ਼ਸੀਅਤ ਉਸਾਰੀ ਨਾਲ ਸੰਬੰਧਿਤ ਹੈ। ਇਸ ਦੇ ਨਾਲ ਹੀ, ਜੋ ਨਿਬੰਧ ਸਮਕਾਲੀ ਸਰੋਕਾਰਾਂ ਨਾਲ ਸੰਬੰਧਿਤ ਹਨ ਉਹ ਅੰਤਰਮੁਖਤਾ ਦੇ ਨਾਲ, ਉਨ੍ਹਾਂ ਨਿਬੰਧਾਂ ਵਿਚ ਬਾਹਰਮੁਖਤਾ ਵੀ ਹੈ। ਇਹ ਵਧੇਰੇ ਕਰ ਕੇ ਸਮਾਜਿਕ ਬੁਰਾਈਆਂ ਨਾਲ ਸੰਬੰਧਿਤ ਹਨ।

ਡਾ. ਅਮਰ ਕੋਮਲ ਦੇ ਨਿਬੰਧਾਂ ਦੇ ਵਿਸ਼ੇ:- ੳ) ਮਨੋਵਿਗਿਆਨਕ ਪੱਖ, ਅ) ਸ਼ਖ਼ਸੀਅਤ ਉਸਾਰੀ, ੲ) ਨੈਤਿਕ ਕਦਰਾਂ-ਕੀਮਤਾਂ, ਸ) ਰਾਜਨੀਤਕ ਪੱਖ ਹ) ਦਾਰਸ਼ਨਿਕ ਨਿਬੰਧ ਕ) ਜੀਵਨ ਜਾਚ ਖ) ਰਿਸ਼ਤਿਆਂ ਦੀ ਮਹੱਤਤਾ, ਗ) ਨਾਰੀ ਪੱਖ ਘ) ਸਿੱਖਿਆਦਾਇਕ ਨਿਬੰਧ ਙ) ਸਮਕਾਲੀ ਸਰੋਕਾਰ (ਜਿਵੇਂ, ਰਿਸ਼ਵਤ, ਵਾਤਾਵਰਣ, ਭ੍ਰਿਸ਼ਟਾਚਾਰੀ, ਨਾਰੀ ਸਰੋਕਾਰ, ਬਲਾਤਕਾਰ, ਭਰੂਣ ਹੱਤਿਆ, ਅਪਰਾਧ) ਆਦਿ।

ਡਾ. ਕਰਨੈਲ ਸਿੰਘ ਸੋਮਲ ਦੇ ਨਿਬੰਧ ਵਿਚ ਜੋ ਵਿਸ਼ੇ ਉੱਭਰ ਕੇ ਸਾਹਮਣੇ ਆਉਂਦੇ ਹਨ। ਉਨ੍ਹਾਂ ਵਿਚ ੳ) ਜੀਵਨ ਜਾਚ ਅ) ਪਰਿਵਾਰਕ ਸਭਿਅਤਾ ੲ) ਇਸਤਰੀ ਪੱਖ ਸ) ਨੈਤਿਕ ਕਦਰਾਂ-ਕੀਮਤਾਂ ਹ) ਪ੍ਰੇਰਨਾਦਾਇਕ/ਸਿੱਖਿਆਦਾਇਕ ਨਿਬੰਧ ਕ) ਸਮਕਾਲੀ ਸਰੋਕਾਰ ਜਿਵੇਂ ਨਸ਼ੇ, ਵਾਤਾਵਰਣ, ਲਿੰਗ ਵਖਰੇਵੇਂ ਆਦਿ। ਇਸ ਤਰ੍ਹਾਂ ਸਪਸ਼ਟ ਹੁੰਦਾ ਹੈ ਕਿ ਮੁੱਖ ਤੌਰ ਤੇ ਲੇਖਕ ਨੇ ਅੰਤਰਮੁਖੀ ਵਿਸ਼ਿਆਂ ਬਾਰੇ ਨਿਬੰਧ ਰਚਨਾ ਕੀਤੀ ਹੈ। ਇਹ ਵਿਸ਼ੇ ਜ਼ਿਆਦਾਤਰ ਮਾਨਸਿਕਤਾ ਅਤੇ ਸੰਸਕਾਰਾਂ ਨਾਲ ਸੰਬੰਧਿਤ ਹਨ। ਲੇਖਕ ਸਮਕਾਲੀ ਮਨੁੱਖ ਨੂੰ ਮਾਨਸਿਕ ਅਤੇ ਸੰਸਾਰਿਕ ਤੌਰ ਤੇ ਹੋਰ ਵਧੇਰੇ ਮਜ਼ਬੂਤ ਕਰਨਾ ਜਾਂ ਦੇਖਣਾ ਚਾਹੁੰਦਾ ਹੈ।

ਪ੍ਰੋ. ਅੱਛਰੂ ਸਿੰਘ ਦੇ ਨਿਬੰਧਾਂ ਵਿਚ ਪੇਸ਼ ਵਿਸ਼ੇ ੳ) ਜੀਵਨ ਜਾਚ ਅ) ਧਾਰਮਿਕ ਨਿਬੰਧ ੲ) ਸਭਿਆਚਾਰਕ ਪੱਖ ਸ) ਪਰਿਵਾਰਿਕ ਰਿਸ਼ਤਿਆਂ ਦਾ ਸਰੂਪ ਹ) ਇਸਤਰੀ ਪੱਖ ਕ) ਪ੍ਰੇਰਨਾਮਈ/ ਸਿੱਖਿਆਦਾਇਕ ਨਿਬੰਧ ਹ) ਸਮਕਾਲੀ ਸਰੋਕਾਰ ਜਿਵੇਂ ਭ੍ਰਿਸ਼ਟਾਚਾਰੀ, ਸਭਿਆਚਾਰ ਤੋਂ ਵਿਹੂਣਾ ਮਨੁੱਖ, ਘਟਦੀ ਸਹਿਣਸ਼ੀਲਤਾ, ਰਿਸ਼ਤਿਆਂ ਦਾ ਘਾਣ, ਅੰਧ-ਵਿਸ਼ਵਾਸ ਵਿਚ ਘਿਰੀ ਅਜੋਕੀ ਮਨੁੱਖਤਾ, ਵਾਤਾਵਰਣ ਆਦਿ

ਸਮੱਸਿਆਵਾਂ ਨਾਲ ਨਜਿੱਠਣ ਦੇ ਹੱਲ ਪੇਸ਼ ਕੀਤੇ ਹਨ। ਪ੍ਰੋ. ਅੱਛਰੂ ਸਿੰਘ ਦੇ ਨਿਬੰਧਾਂ ਦੇ ਵਿਸ਼ੇ ਵੀ ਅੰਤਰਮੁਖੀ ਹਨ। ਇਨ੍ਹਾਂ ਦਾ ਮੁੱਖ ਨੁਕਤਾ ਵੀ ਸੰਸਕਾਰਾਂ ਨਾਲ ਸੰਬੰਧਿਤ ਹੈ।

ਡਾ. ਸੁਰਿੰਦਰਪਾਲ ਸਿੰਘ ਮੰਡ ਦੇ ਨਿਬੰਧਾਂ ਵਿਚ ਮੁੱਖ ਰੂਪ ਵਿਚ (ੳ) ਸ਼ਖ਼ਸੀਅਤ ਉਸਾਰੀ (ਅ) ਜੀਵਨ ਜਾਚ (ੲ) ਨੈਤਿਕ ਕਦਰਾਂ-ਕੀਮਤਾਂ ਸ) ਸਮਕਾਲੀ ਸਰੋਕਾਰ ਜਿਵੇਂ: ਵਾਤਾਵਰਣ ਪ੍ਰਤੀ ਚਿੰਤਨ, ਤਿੜਕਦੇ ਰਿਸ਼ਤੇ, ਅਜੋਕਾ ਗੀਤ ਸੰਗੀਤ, ਨਸ਼ਿਆਂ ਵਿਚ ਗਵਾਚਦੀ ਅਜੋਕੀ ਪੀੜ੍ਹੀ, ਆਦਿ ਹਨ। ਡਾ. ਮੰਡ ਦੇ ਮੁੱਖ ਵਿਸ਼ੇ ਸਮਕਾਲੀ ਸਰੋਕਾਰਾਂ ਨਾਲ ਸੰਬੰਧਿਤ ਹਨ।

ਲੇਖਕਾ ਡਾ. ਹਰਸ਼ਿੰਦਰ ਕੌਰ ਦੇ ਨਿਬੰਧਾਂ ਦੇ ਮੁੱਖ ਵਿਸ਼ੇ ਹਨ ੳ) ਭਰੂਣ ਹੱਤਿਆ ਅ) ਜਬਰ-ਜਨਾਹ ੲ) ਨੈਤਿਕ ਕਦਰਾਂ-ਕੀਮਤਾਂ ਸ) ਤਰਕਸ਼ੀਲਤਾ ਹ) ਸਮਕਾਲੀ ਸਰੋਕਾਰ ਜਿਵੇਂ ਬਲਾਤਕਾਰ, ਤਿੜਕਦੇ ਰਿਸ਼ਤੇ, ਗਵਾਚ ਦੀ ਮਾਨਵਤਾ, ਗਾਇਕੀ ਵਿਚ ਵਧਦੀ ਲੱਚਰਤਾ ਆਦਿ। ਡਾ. ਹਰਸ਼ਿੰਦਰ ਕੌਰ ਦੇ ਨਿਬੰਧਾਂ ਦਾ ਕੇਂਦਰੀ ਨੁਕਤਾ ਨਾਰੀ ਸਰੋਕਾਰ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੇ ਨਿਬੰਧਾਂ ਦੇ ਵਿਸ਼ਾਗਤ ਪਸਾਰ ਨਾਰੀ ਸਮੱਸਿਆਵਾਂ ਨਾਲ ਸੰਬੰਧਿਤ ਹਨ।

ਇਸ ਖੋਜ-ਪ੍ਰਬੰਧ ਅਧੀਨ ਆਉਂਦੇ ਇਹ ਨਿਬੰਧਕਾਰ ਸਮਕਾਲ ਨਾਲ ਜੁੜੇ ਹੋਏ ਹਨ ਤੇ ਸਮਾਜ ਦੀਆਂ ਪ੍ਰਚਲਿਤ ਸਮੱਸਿਆਵਾਂ ਨੂੰ ਪੇਸ਼ ਕਰਨ ਦੇ ਸਮਰੱਥ ਹਨ। ਇਹਨਾਂ ਨਿਬੰਧਕਾਰਾਂ ਦੀਆਂ ਆਪਣੀਆਂ ਸਮਾਨਤਾਵਾਂ ਤੇ ਵੱਖਰਤਾਵਾਂ ਹਨ। ਲੇਖਕਾਂ ਦੀ ਸਭ ਤੋਂ ਵੱਡੀ ਸਾਂਝ ਇਹ ਹੈ ਕਿ ਇਹ ਸਾਰੇ ਲੇਖਕ ਸਮਕਾਲ ਵਿਚ ਵਿਚਰਦੇ ਹੋਏ ਸਮਕਾਲ ਵਿਚ ਵਾਪਰਦੀਆਂ ਘਟਨਾਵਾਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਆਪਣੇ ਨਿਬੰਧਾਂ ਵਿਚ ਪਾਠਕਾਂ ਅੱਗੇ ਪੇਸ਼ ਕਰਦੇ ਹਨ।ਸਮਕਾਲ ਨਾਲ ਜੁੜੇ ਹੋਣ ਕਰ ਕੇ ਇਹ ਸਮਕਾਲ ਦੀਆਂ ਸਮੱਸਿਆ ਪ੍ਰਤੀ ਪੂਰਨ ਰੂਪ ਵਿਚ ਸੁਚੇਤ ਹਨ ਜਿਵੇਂ ਵਾਤਾਵਰਣ, ਘਟਦੀਆਂ ਨੈਤਿਕ ਕਦਰਾਂ-ਕੀਮਤਾਂ, ਵਧਦੇ ਨਸ਼ੇ, ਭਰੂਣ ਹੱਤਿਆਵਾਂ, ਬਲਾਤਕਾਰ ਆਦਿ ਸੰਬੰਧੀ ਸਮੱਸਿਆਵਾਂ ਬਾਰੇ ਚਰਚਾ ਕਰਦੇ ਹਨ। ਇਹ ਸਮੱਸਿਆਵਾਂ ਕਿਸੇ ਇੱਕ ਵਿਅਕਤੀ

ਦੀਆਂ ਨਹੀਂ, ਬਲਕਿ ਸਮਾਜ ਵਿਚ ਵਿਚਰਦੇ ਹਰ ਮਨੁੱਖ ਦੀਆਂ ਸਾਂਝੀਆਂ ਸਮੱਸਿਆਵਾਂ ਹਨ। ਇਹਨਾਂ ਨਿਬੰਧਕਾਰਾਂ ਦੇ ਵਿਸ਼ਿਆਂ ਵਿਚ, ਜੋ ਸਮਾਨਤਾ ਉੱਭਰ ਕੇ ਸਾਹਮਣੇ ਆਈ ਹੈ ਉਹ ਹੈ ਜੀਵਨ ਜਾਚ। ਜੀਵਨ ਜਾਚ, ਜੋ ਮਨੁੱਖ ਨੂੰ ਪਸ਼ੂਆਂ ਨਾਲੋਂ ਵਖਰਾਉਂਦੀ ਹੈ। ਸਮਕਾਲ ਦਾ ਮਨੁੱਖ ਅਨੇਕਾਂ ਸਮੱਸਿਆਵਾਂ ਨਾਲ ਘਿਰਿਆ ਪਿਆ ਹੈ ਤੇ ਜਿਸ ਕਾਰਨ ਉਹ ਮਾਨਸਿਕ ਤਣਾਅ ਸਹੇੜਦਾ ਹੈ ਤੇ ਮਾਨਸਿਕ ਰੋਗੀ ਬਣਦਾ ਜਾ ਰਿਹਾ ਹੈ। ਉਹ ਅਸਲ ਜੀਵਨ ਜਾਚ ਤੋਂ ਸੱਖਣਾ ਹੁੰਦਾ ਜਾ ਰਿਹਾ ਹੈ। ਜੀਵਨ ਜਾਚ ਸਿੱਖਣ ਦੀ ਜ਼ਰੂਰਤ ਜ਼ਿੰਦਗੀ ਦੇ ਹਰ ਪੜਾਅ ਤੇ ਰਹੀ ਹੈ ਤੇ ਰਹੇਗੀ। ਇਹਨਾਂ ਨਿਬੰਧਕਾਰਾਂ ਦਾ ਸਾਂਝਾ ਵਿਸ਼ਾ ਜੀਵਨ ਜਾਚ ਹੈ।

ਡਾ.ਅਮਰ ਕੋਮਲ ਅਨੁਸਾਰ ਉੱਤਮ ਜੀਵਨ ਨੂੰ ਜਿਊਣ ਦਾ ਸਭ ਤੋਂ ਵਧੀਆ ਤੇ ਸੌਖਾ ਢੰਗ ਚੜ੍ਹਦੀ ਕਲਾ ਵਿਚ ਜੀਵਨ ਗੁਜ਼ਾਰਨਾ ਹੈ। ਚੜ੍ਹਦੀ ਕਲਾ ਵਿਚ ਰਹਿਣ ਵਾਲਾ ਮਨੁੱਖ ਜ਼ਿੰਦਗੀ ਵਿਚ ਹਰ ਮੁਸ਼ਕਲ ਨੂੰ ਖਿੜੇ ਮੱਥੇ ਸਵੀਕਾਰ ਕਰ ਕੇ ਮੁਸ਼ਕਲ ਵਿਚੋਂ ਬਾਹਰ ਨਿਕਲਣ ਦੇ ਸਾਕਾਰਾਤਮਕ ਹੱਲ ਲੱਭਣਾ ਹੈ। ਅਮਰ ਕੋਮਲ ਆਪਣੇ ਨਿਬੰਧ 'ਚੇਤਨਾ ਦੇ ਆਰ-ਪਾਰ ੪' ਵਿਚ ਮਨੁੱਖ ਨੂੰ ਪ੍ਰੇਰਦਾ ਹੈ:

> ਚੰਗੀਆਂ ਯੋਜਨਾਵਾਂ ਨੂੰ ਪੂਰਾ ਕਰਨ ਲਈ ਰੁਝੇਵਾਂ ਬਣਾਈ ਰੱਖੋ। ਮੂਲ ਰੂਪ ਵਿਚ ਆਪਣੀ ਜ਼ਿੰਦਗੀ ਦੀ ਬੈਟਰੀ ਨੂੰ ਚਾਰਜ ਕਰਦੇ ਰਹੋ ਯਾਦ ਰੱਖੋ, ਆਪਣੇ ਆਪ ਨੂੰ Emotional Hyjacking ਨਾ ਕਰਾਵੋ। ਯਾਦ ਰੱਖੋ ਖ਼ੁਸ਼ੀ ਤਲਾਸ਼ਣ ਲਈ ਆਪਣੇ ਢੰਗ ਤਰੀਕੇ ਲੱਭੋ। ਖ਼ਿਆਲੀ ਸੁਪਨਿਆਂ ਦੀ ਥਾਂ ਖੁੱਲ੍ਹੀਆਂ ਅੱਖਾਂ ਦੇ ਸੁਪਨੇ ਲਵੋ ਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਆਪਣੀਆਂ ਯੋਜਨਾਵਾਂ ਬਣਾਵੋ। (''ਚੇਤਨਾ ਦੇ ਆਰ ਪਾਰ ਤੇ ਹੋਰ ਨਿਬੰਧ'' 24)

ਲੇਖਕ ਅਨੁਸਾਰ ਗਿਆਨ-ਵਿਗਿਆਨ ਨਾਲ ਜੁੜ ਕੇ ਸੋਚ ਨੂੰ ਤਰਕ ਤੇ ਅਧਾਰਿਤ ਕਰਨਾ ਚਾਹੀਦਾ ਹੈ ਤੇ ਚੇਤਨ ਮਨ ਮਨੁੱਖ ਨੂੰ ਆਲੇ-ਦੁਆਲੇ ਵਿਚ ਫੈਲੇ ਹਨੇਰੇ ਨੂੰ ਦੂਰ ਕਰਨ ਲਈ ਜਾਗਰੂਕਤਾ ਪੈਦਾ ਕਰਦਾ ਹੈ।

ਡਾ.ਕਰਨੈਲ ਸਿੰਘ ਸੋਮਲ ਅਨੁਸਾਰ ਜ਼ਿੰਦਗੀ ਨੂੰ ਜਿਊਣ ਦਾ ਸਭ ਤੋਂ ਵਧੀਆ ਢੰਗ ਜ਼ਿੰਦਗੀ ਨੂੰ ਉਤਸ਼ਾਹ ਤੇ ਚਾਉ ਮੱਤ ਨਾਲ ਜਿਊਣਾ ਹੈ। ਬਿਲਕੁਲ ਉਸੀ ਪ੍ਰਕਾਰ ਜਦੋਂ ਮਨੁੱਖ ਜ਼ਿੰਦਗੀ ਨੂੰ ਅਸਲੀ ਅਰਥਾਂ ਵਿਚ ਜਿਊਣਾ ਸ਼ੁਰੂ ਕਰ ਦਿੰਦਾ ਹੈ ਤਾਂ ਉਸ ਦੀ ਜ਼ਿੰਦਗੀ ਦਾ ਹਰ ਪਲ ਇੱਕ ਜਸ਼ਨ ਵਾਂਗ ਗੁਜ਼ਾਰਦਾ ਹੈ। ਲੇਖਕ 'ਜਸ਼ਨ' ਨਿਬੰਧ ਵਿਚ ਹੇਠ ਲਿਖੀਆਂ ਸਤਰਾਂ ਰਾਹੀਂ ਮਨੁੱਖ ਦੀ ਅਸਲ ਜ਼ਿੰਦਗੀ ਨਾਲ ਸਾਂਝ ਪਵਾਉਂਦਾ ਹੈ:

> ਕਰਨੈਲ ਸਿੰਘ ਸੋਮਲ ਅਨੁਸਾਰ: ਜ਼ਿੰਦਗੀ ਨੂੰ ਇੱਕ ਜਸ਼ਨ ਵਾਂਗ ਜਿਊਂਦਾ ਮਨੁੱਖ ਆਪਣੇ ਆਲੇ-ਦੁਆਲੇ ਨਾਲ ਸੋਹਣੀ ਸਾਂਝ ਪਾਉਂਦਾ ਹੈ। ਉਹ ਸਹਿਜ ਵਿਚ ਵਿਚਰਦਿਆਂ ਵਿਗਾਸ ਕਰਦਾ ਹੈ। ਉੱਚੀ ਸੋਚ ਤੇ ਉੱਨਤ ਸੋਝੀ ਸਦਕਾ ਉਸ ਦੀ ਜ਼ਿੰਦਗੀ ਵਿਚ ਦਿਲਚਸਪੀ ਬਣੀ ਰਹਿੰਦੀ ਹੈ। ਕੁਦਰਤ ਦੇ ਇੱਕ ਤੋਂ ਵੱਧ ਕੇ ਇੱਕ ਨਜ਼ਾਰੇ ਉਸ ਦੇ ਦਿਲ ਨੂੰ ਪੋਂਹਦੇ ਹਨ।(''ਵਕਤ ਬਦਲ ਗਏ'' 37)

ਲੇਖਕ ਅਨੁਸਾਰ ਜੋ ਮਨੁੱਖ ਸਹਿਜ ਵਿਚ ਵਿਚਰਦਾ ਹੈ, ਉਹੀ ਅਸਲ ਜੀਵਨ ਜੀਅ ਰਿਹਾ ਹੁੰਦਾ ਹੈ। ਜ਼ਿੰਦਗੀ ਵਿਚ ਸਹਿਜਤਾ ਤੇ ਸੰਜਮਤਾ, ਸਹਿਣਸ਼ੀਲਤਾ ਅਸਲੀ ਜੀਵਨ ਜਾਚ ਨੂੰ ਜਿਊਣ ਦੇ ਗੁਣ ਹਨ।

ਪ੍ਰੋ. ਅੱਛਰੂ ਸਿੰਘ ਅਨੁਸਾਰ ਮਨੁੱਖ ਨੂੰ ਸੁਚੱਜਤਾ ਭਰਪੂਰ ਜੀਵਨ ਜਿਊਣ ਲਈ ਸਮੁੱਚੀ ਸ੍ਰਿਸ਼ਟੀ ਨਾਲ ਇਕਸੁਰਤਾ ਬਣਾਉਣੀ ਪਵੇਗੀ। ਜਦੋਂ ਮਨੁੱਖ ਲਾਲਚ ਦੇ ਵੱਸ ਪੈਂਦਾ ਹੈ ਤਾਂ ਇਕਸੁਰਤਾ ਭੰਗ ਹੁੰਦੀ ਹੈ। ਜਿਸ ਕਾਰਨ ਉਹ ਮਾਨਸਿਕ ਅਰੋਗਤਾ ਦਾ ਸ਼ਿਕਾਰ ਹੁੰਦਾ ਹੈ।ਸਮਕਾਲ ਵਿਚ ਮਨੁੱਖ ਦੀ ਇਕਸੁਰਤਾ ਭੰਗ ਹੋ ਰਹੀ ਹੈ, ਉਹ ਲਾਲਚੀ ਹੋ ਕੇ ਕੇਵਲ ਬਾਹਰੀ ਸੰਸਾਰ ਨਾਲ ਹੀ ਨਹੀਂ, ਸਗੋਂ ਆਪਣੇ ਆਪ ਨਾਲ ਵੀ ਬੇਸੁਰ ਹੋ ਕੇ ਇਕਸੁਰਤਾ ਖੋ ਰਿਹਾ ਹੈ। ਲੇਖਕ ਆਪਣੇ ਨਿਬੰਧ 'ਜੀਵਨ ਦੀ ਬੁਨਿਆਦੀ ਲੋੜ-ਸਰਬਾਂਗੀ ਇਕਸੁਰਤਾ' ਬਾਰੇ ਸਮਕਾਲ ਵਿਚ ਵਿਚਰਦੇ ਮਨੁੱਖ ਦੀ ਸਥਿਤੀ ਪੇਸ਼ ਕਰਦਾ ਹੈ:

ਵੱਧ ਤੋਂ ਵੱਧ ਧਨ ਜੋੜਨ ਅਤੇ ਪਦਾਰਥਕ ਸੁਖ ਸਹੂਲਤਾਂ ਮਾਣਨ ਦੀ ਅੰਨ੍ਹੀ ਦੌੜ ਵਿਚ ਉਹ ਨਾ ਆਪਣੇ ਪਰਿਵਾਰ ਦੀ ਪ੍ਰਵਾਹ ਕਰ ਰਿਹਾ ਹੈ, ਨਾ ਸਮਾਜ ਬਾਰੇ ਸੋਚ ਰਿਹਾ ਹੈ ਅਤੇ ਨਾ ਹੀ ਆਪਣੇ ਵਾਤਾਵਰਣ ਦੀ ਚਿੰਤਾ ਕਰ ਰਿਹਾ ਹੈ। (''ਜੀਵਨ- ਬਾਤਾਂ'' 61)

ਇਹਨਾਂ ਸਭ ਦੇ ਕਾਰਨ, ਉਹ ਆਪਣੇ ਜੀਵਨ ਵਿਚ ਬੇਚੈਨੀ, ਮਾਨਸਿਕ ਅਰੋਗਤਾ, ਚਿੰਤਾ ਅਤੇ ਕਾਹਲੀ ਦਾ ਸ਼ਿਕਾਰ ਬਣਦਾ ਜਾ ਰਿਹਾ ਹੈ ਕਿਉਂਕਿ ਅਜੋਕਾ ਮਨੁੱਖ ਪਦਾਰਥਕ ਸਹੂਲਤਾਂ ਪਿੱਛੇ ਸਿਰਫ਼ ਆਪਣੇ ਪਰਿਵਾਰ ਨਾਲੋਂ ਹੀ ਨਹੀਂ, ਬਲਕਿ ਸਮੁੱਚੀ ਕੁਦਰਤ ਨਾਲੋਂ ਟੁੱਟ ਰਿਹਾ ਹੈ। ਅਸਲ ਜੀਵਨ ਦਾ ਸਹੀ ਅਨੰਦ ਪ੍ਰਾਪਤ ਕਰਨ ਲਈ ਜੀਵਨ ਵਿਚ ਸਰਬਾਂਗੀ ਇਕਸੁਰਤਾ ਨਾਲ ਜੁੜਨਾ ਬਹੁਤ ਜ਼ਰੂਰੀ ਹੈ। ਲੇਖਕ ਸਿਹਤ ਸੰਭਾਲ ਪ੍ਰਤੀ ਮਨੁੱਖ ਨੂੰ ਜਾਚ ਸਿਖਾਉਂਦਾ ਹੈ ਕਿਉਂਕਿ ਅਜੋਕੇ ਮਨੁੱਖ ਸਭ ਕੁੱਝ ਹੁੰਦੇ ਹੋਏ ਵੀ ਉਹ ਤਣਾਅ ਗ੍ਰਸਤ ਜੀਵਨ ਜਿਊਂਦਾ ਹੈ, ਵਧਦੀਆਂ ਲੋੜਾਂ ਨੇ ਕਿਤੇ ਨਾ ਕਿਤੇ ਉਸ ਨੂੰ ਆਪਣੇ ਪ੍ਰਤੀ ਬੇਫ਼ਿਕਰ ਜਿਹਾ ਬਣਾ ਦਿੱਤਾ ਹੈ।

ਅੱਛਰੂ ਸਿੰਘ 'ਮਾਨਵੀ ਸਮਾਨਤਾ ਤੇ ਸਾਂਝੀਵਾਲਤਾ' ਨਿਬੰਧ ਵਿਚ ਦੱਸਦਾ ਹੈ ਕਿ ਗੁਰਬਾਣੀ ਮਨੁੱਖ ਨੂੰ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੰਦੀ ਹੈ, ਜਿਸ ਵਿਚ ਸਭ ਧਰਮ ਬਰਾਬਰ ਹਨ ਅਤੇ ਸਭ ਇਨਸਾਨ ਬਰਾਬਰ ਹਨ:

'ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ।।

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।। (''ਸਿੱਖ ਧਰਮ, ਜੀਵਨ ਦਰਸ਼ਨ'' 174)

ਗੁਰਬਾਣੀ ਵਿਚ ਦਰਸਾਈ ਜੀਵਨ ਜਾਚ ਮਨੁੱਖ ਦੇ ਆਪਣੇ ਜੀਵਨ ਨੂੰ ਹੀ ਸੁੱਖਾਂ ਨਾਲ ਨਹੀਂ ਭਰਦੀ, ਬਲਕਿ ਬਾਕੀਆਂ ਨੂੰ ਵੀ ਖ਼ੁਸ਼ੀਆਂ ਤੇ ਅਨੰਦ ਪ੍ਰਦਾਨ ਕਰਦੀ ਹੈ। ਗੁਰਬਾਣੀ ਵਿਚ ਜੀਵਨ ਦੇ ਹਰ ਪੱਖ ਪ੍ਰਤੀ ਯੋਗ

ਅਗਵਾਈ ਕੀਤੀ ਗਈ ਹੈ। ਲੇਖਕ ਅਨੁਸਾਰ ਜੇਕਰ ਮਨੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਸਿੱਖਿਆ ਅਨੁਸਾਰ ਆਪਣਾ ਜੀਵਨ ਜੀਵੇ ਤਾਂ ਹਰ ਪਰੇਸ਼ਾਨੀ ਤੇ ਚਿੰਤਾ ਤੋਂ ਮੁਕਤੀ ਮਿਲ ਸਕਦੀ ਹੈ।

ਡਾ. ਸੁਰਿੰਦਰਪਾਲ ਸਿੰਘ ਮੰਡ ' ਸਹਿਜ ਅਤੇ ਸੰਜਮ ਦੀਆਂ ਬਰਕਤਾਂ ਨਿਬੰਧ ਵਿਚ ਆਖਦਾ ਹੈ ਕਿ ਜ਼ਿੰਦਗੀ ਨੂੰ ਸਹੀ ਤੇ ਸੰਪੂਰਨ ਢੰਗ ਨਾਲ ਜਿਊਣ ਲਈ ਮਨੁੱਖ ਵਿਚ ਸਹਿਜ, ਸੰਜਮ ਅਤੇ ਅਸਲ ਗਿਆਨ ਦਾ ਬੋਧ ਹੋਣਾ ਲਾਜ਼ਮੀ ਗੁਣ ਮੰਨਿਆ ਜਾਂਦਾ ਹੈ।

> ਸੁਰਿੰਦਪਾਲ ਸਿੰਘ ਮੰਡ ਅਨੁਸਾਰ: ਸਹਿਜ ਤਣਾਅ ਤੋਂ ਰਹਿਤ ਪ੍ਰਗਤੀ ਦਾ ਮੂਲ ਹੈ ਤੇ ਉੱਥੇ ਸੰਜਮ ਸਾਡੀਆਂ ਅਸੀਮ ਇੱਛਾਵਾਂ ਉੱਤੇ ਸਹਿਜ ਬੰਧਨ ਹੈ। ਸਵੈ ਅਨੁਸ਼ਾਸਨ ਹੈ। ਸੰਜਮੀ ਬੰਦਾ ਊਣੇ ਪਣ ਦੇ ਅਹਿਸਾਸ ਤੋਂ ਮੁਕਤ ਹੁੰਦਾ ਹੈ। ਜੋ ਵਰਤਮਾਨ ਵਿਚ ਪ੍ਰਾਪਤ ਹੈ, ਉਸ ਦੇ ਵਡੱਪਣ ਦਾ ਅਹਿਸਾਸ ਵੀ ਸੰਜਮੀ ਨੂੰ ਹੀ ਹੁੰਦਾ ਹੈ। ਸੰਜਮ ਰਹਿਤ ਮਨੁੱਖ ਨੂੰ ਹੁੰਦਿਆਂ-ਸੁੰਦਿਆਂ ਲੱਗਦਾ ਹੈ ਕਿ ਮੇਰੇ ਕੋਲ ਕੱਖ ਵੀ ਨਹੀਂ। ਸਿਆਣੇ ਬੰਦੇ ਆਪਣੇ ਹਲਾਤਾਂ ਦੇ ਮੂਜਬ ਆਪਣਾ ਇੱਕ ਸੰਜਮੀ ਸੁਭਾਅ ਬਣਾ ਲੈਂਦੇ ਹਨ ਅਤੇ ਭਰਪੂਰਤਾ ਦਾ ਆਨੰਦ ਮਾਣਦੇ ਹਨ। (''ਜਿਊਣ ਦਾ ਸਲੀਕਾ'' 53)

ਸਹਿਜਤਾ ਤੋਂ ਉਲਟ ਕਾਹਲਾਪਣ ਮਨੁੱਖ ਦੇ ਬਣਦੇ ਕੰਮ ਵਿਚ ਰੁਕਾਵਟ ਖੜੀ ਕਰਦਾ ਹੈ ਕਿਉਂਕਿ ਸਹਿਜ ਤੇ ਸੰਜਮਤਾ ਖ਼ੁਸ਼ਹਾਲ ਜ਼ਿੰਦਗੀ ਦੇ ਅਧਾਰ ਹਨ। ਵਰਤਮਾਨ ਦੀ ਚਿੰਤਾ ਸਾਡੇ ਅੱਜ ਦੇ ਅਨੰਦ ਨੂੰ ਵੀ ਖੋਹ ਲਵੇਗੀ ਤੇ ਜੇਕਰ ਮੰਜ਼ਿਲ ਮਿਲ ਵੀ ਗਈ, ਤਦ ਵੀ ਮਨੁੱਖ ਲਈ ਉਹ ਉਦਾਸੀ ਦਾ ਕਾਰਨ ਹੀ ਬਣੇਗੀ, ਕਿਉਂਕਿ ਸੰਜਮਤਾ ਦੀ ਘਾਟ ਮਨੁੱਖ ਨੂੰ ਸਭ ਕੁੱਝ ਹੁੰਦਿਆਂ ਹੋਇਆਂ ਵੀ ਇਕੱਲਤਾ ਪ੍ਰਦਾਨ ਕਰਦੀ ਹੈ। ਅਸਲ ਵਿਚ ਸੰਜਮੀ ਹੋਣ ਤੋਂ ਭਾਵ ਉੱਚੀ ਤੇ ਸਚਿਆਰੀ ਸੋਚ ਨੂੰ ਅਪਣਾਉਣਾ ਹੈ ਕਿਉਂਕਿ ਇਹ ਮਨੁੱਖ ਨੂੰ ਵੱਖ-ਵੱਖ

ਹਲਾਤਾਂ ਵਿਚ ਵੀ ਹੀਣ ਭਾਵਨਾ ਦਾ ਅਹਿਸਾਸ ਨਹੀਂ ਹੋਣ ਦੇਵੇਗੀ। ਇਹ ਸਰੂਰ ਅੰਦਰੋਂ ਹੀ ਮਹਿਸੂਸ ਕੀਤਾ ਜਾ ਸਕਦਾ ਹੈ।

ਇਹਨਾਂ ਚੋਣਵੇਂ ਨਿਬੰਧਕਾਰਾਂ ਦਾ ਜੀਵਨ ਜਾਚ ਪ੍ਰਤੀ ਜੋ ਸਾਂਝਾਂ ਨੁਕਤਾ ਪ੍ਰਾਪਤ ਹੁੰਦਾ ਹੈ ਉਹ ਇਹ ਹੈ ਕਿ ਮਨੁੱਖ ਨੂੰ ਆਸ, ਸੰਜਮ, ਸਹਿਣਸ਼ੀਲਤਾ ਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਮਨੁੱਖ ਆਪਣੀ ਜ਼ਿੰਦਗੀ ਨੂੰ ਅਨੰਦ ਮਈ ਢੰਗ ਨਾਲ ਜੀਅ ਸਕਦਾ ਹੈ। ਇਸ ਸਾਂਝੇ ਨੁਕਤੇ ਤੋਂ ਸਪਸ਼ਟ ਹੁੰਦਾ ਹੈ ਕਿ ਸਮਾਜ ਵਿਚ ਆਸ, ਸੰਜਮ, ਸਹਿਣਸ਼ੀਲਤਾ ਤੇ ਚੜ੍ਹਦੀ ਕਲਾ ਦੀ ਘਾਟ ਹੈ, ਜਿਸ ਪੱਖੋਂ ਸਮਾਜ ਊਣਾ ਹੁੰਦਾ ਹੈ। ਸਾਰੇ ਲੇਖਕ ਉਸੇ ਪੱਖ ਬਾਰੇ ਸਿਰਜਣਾ ਕਰਦੇ ਹਨ।

ਸਮਕਾਲੀ ਸਰੋਕਾਰਾਂ ਬਾਰੇ ਖੋਜ ਕਾਰਜ ਅਧੀਨ ਆਉਂਦੇ ਸਾਰੇ ਨਿਬੰਧਕਾਰਾਂ ਨੇ ਲਿਖਿਆ ਹੈ।ਸਮਕਾਲੀ ਸਰੋਕਾਰਾਂ ਵਿਚ ਵੀ ਮੁੱਖ ਤੌਰ ਤੇ ਸਮਕਾਲੀ ਸੰਕਟ ਹੀ ਕੇਂਦਰੀ ਨੁਕਤਾ ਹੈ। ਇਸ ਵਿਚ ਬੇਰੁਜ਼ਗਾਰੀ, ਨਸ਼ੇ, ਭਰੂਣ ਹੱਤਿਆ ਆਦਿ ਕੇਂਦਰ ਬਿੰਦੂ ਹਨ। 'ਬਲਾਤਕਾਰ' ਨਿਬੰਧ ਵਿਚ ਲੇਖਕ ਸਮਕਾਲੀ ਸਥਿਤੀ ਨੂੰ ਹੇਠ ਲਿਖੇ ਅਨੁਸਾਰ ਪ੍ਰਗਟਾਉਂਦਾ ਹੈ:

> ਡਾ. ਅਮਰ ਕੋਮਲ ਅਨੁਸਾਰ: ਬਲਾਤਕਾਰ ਜੋ ਅਜੋਕੇ ਸਮਾਜ ਦੀ ਸਭ ਤੋਂ ਭੈੜੀ ਕੁਰੀਤੀ ਮੰਨੀ ਜਾਂਦੀ ਹੈ। ਰੋਜ਼ ਦਾ ਅਖ਼ਬਾਰ ਇਹਨਾਂ ਖ਼ਬਰਾਂ ਨਾਲ ਭਰਿਆ ਮਿਲਦਾ ਹੈ। ਹਰ ਦੇਸ਼ ਸਮਾਜ ਲਈ, ਬੇਰੁਜ਼ਗਾਰੀ, ਗ਼ਰੀਬੀ, ਅਮਨ ਸਥਾਪਤੀ, ਸਮਾਜਿਕ ਵਿਕਾਸ, ਅੰਨ ਸੰਕਟ, ਬਿਜਲੀ ਪਾਣੀ ਸਨਅਤ, ਆਵਾਜਾਈ ਇੱਕ ਸਮੱਸਿਆ ਹੈ, ਉੱਥੇ ਬਲਾਤਕਾਰ ਤੇ ਭਰੂਣ ਹੱਤਿਆ ਅਜੇ ਵੀ ਸਮਾਜ ਲਈ ਇੱਕ ਲਾਹਨਤ ਹੈ। ਇਹ ਅਮਨ ਸਮਾਜ ਲਈ ਸਮੱਸਿਆ ਨਹੀਂ, ਬਲਕਿ ਸਮੁੱਚੀ ਔਰਤ ਜਾਤ ਵਰਗ ਲਈ ਬੇਇਨਸਾਫ਼ੀ ਹੈ। (''ਵੇਦਨਾ ਸੰਵੇਦਨਾ ਤੇ ਹੋਰ ਨਿਬੰਧ'' 118)

ਬਲਾਤਕਾਰਾਂ ਦੀਆਂ ਵਧਦੀਆਂ ਘਟਨਾਵਾਂ ਨੇ ਦੇਸ਼ ਨੂੰ ਇਸ ਕਦਰ ਝੰਜੋੜਿਆ ਹੈ ਕਿ ਇੱਥੇ ਨਿਰਭਇਆ ਵਰਗੇ ਕਾਂਡ ਹੋ ਚੁੱਕੇ ਹਨ।ਬਲਾਤਕਾਰਾਂ ਬਾਰੇ ਸਭ ਤੋਂ ਵੱਡਾ ਖ਼ਦਸ਼ਾ ਇਹ ਹੈ ਕਿ ਜਿਨ੍ਹਾਂ ਔਰਤਾਂ ਨਾਲ ਬਲਾਤਕਾਰ ਹੁੰਦਾ ਹੈ, ਉਹ ਸਾਰੀਆਂ ਇਸ ਬਾਰੇ ਖੁੱਲ੍ਹ ਕੇ ਸਾਹਮਣੇ ਨਹੀਂ ਆਉਂਦੀਆਂ। ਜ਼ਿਆਦਾਤਰ ਕੇਸ ਇੱਜ਼ਤ ਰੁਲ ਜਾਣ ਦੇ ਡਰੋਂ ਅੰਦਰਖਾਤੇ ਹੀ ਦਮ ਤੋੜ ਜਾਂਦੇ ਹਨ। ਅਮਰ ਕੋਮਲ ਅਨੁਸਾਰ ਆਪਣੇ ਨਿਬੰਧ 'ਭ੍ਰਿਸ਼ਟਾਚਾਰ ਦੇ ਅੰਨ੍ਹੇ ਝੋਟੇ' ਵਿਚ ਹੇਠ ਲਿਖੀਆਂ ਸਤਰਾਂ ਵਿਚ ਭ੍ਰਿਸ਼ਟਾਚਾਰੀ ਦੀ ਅਸਲ ਤਸਵੀਰ ਪੇਸ਼ ਕਰਦਾ ਹੈ:

> ਸਿੱਖਿਅਕ, ਪੜ੍ਹੇ ਲਿਖੇ, ਵੱਡੀਆਂ-ਵੱਡੀਆਂ ਡਿਗਰੀਆਂ ਪ੍ਰਾਪਤ ਕਰਨ ਵਾਲੇ, ਉੱਚ ਅਧਿਕਾਰੀ, ਸਿਆਸੀ ਨੇਤਾ, ਵਿਉਪਾਰੀ, ਸਰਕਾਰੀ ਮੁਲਾਜ਼ਮ, ਅਮੀਰ ਵਜ਼ੀਰ, ਬੁੱਧੀਜੀਵੀ ਲੋਕ ਹੁੰਦੇ ਹਨ, ਜਿਨ੍ਹਾਂ ਦੀ ਸਮਾਜ, ਸਰਕਾਰ ਅਤੇ ਲੋਕਾਂ ਵਿਚ ਪੁੱਛ ਪੜਤਾਲ ਹੁੰਦੀ ਹੈ। ਅਜਿਹੇ ਲੋਕਾਂ ਨੂੰ ਜਦ ਵੀ ਅਵਸਰ ਮਿਲਦਾ ਹੈ, ਇਹ ਆਪਣੀ ਸ਼ਕਤੀ ਸੱਤਾ ਦੇ ਨਾਲ-ਨਾਲ ਆਪਣੀ ਬੌਧਿਕ ਚਤੁਰਾਈ ਨਾਲ ਬੇਈਮਾਨ ਮਾਰਗ ਉੱਪਰ ਚੱਲਣ ਲੱਗਦੇ ਹਨ ਤਾਂ ਇਹ ਭ੍ਰਿਸ਼ਟਾਚਾਰ ਲੋਕ ਦੁਸ਼ਮਣ ਹਰਕਤਾਂ ਰਾਹੀਂ ਅਜਿਹੀ ਚਤੁਰਾਈ ਦੇ ਗੁਪਤ ਧੰਦੇ ਕਰਦੇ ਹਨ ਕਿ ਵੱਡੇ-ਵੱਡੇ ਸਕੈਂਡਲ ਬਣ ਜਾਂਦੇ ਹਨ ਤੇ ਇਹ ਬਹੁਤ ਚਤੁਰਾਈ ਨਾਲ ਸਿਉਂਕ ਦੇ ਕੀੜਿਆਂ ਵਾਂਗ, ਲੋਕਾਂ ਦੇ ਸਰਮਾਏ ਅਤੇ ਸਰਕਾਰੀ ਸਰਮਾਏ ਨੂੰ ਆਪਣੇ ਕਬਜ਼ੇ ਵਿਚ ਕਰ ਲੈਂਦੇ ਹਨ। (''ਸਰੋਕਾਰ ਤੇ ਸੰਕਲਪ" 124)

ਭ੍ਰਿਸ਼ਟਾਚਾਰ ਸਮਾਜ ਵਿਚ ਕੋਹੜ ਵਾਂਗ ਫੈਲ ਰਿਹਾ ਹੈ। ਭਾਰਤ ਨੇ ਇਸ ਤਰ੍ਹਾਂ ਦੀ ਬੁਰਾਈ ਨੂੰ ਜੀਵਨ ਜਾਚ ਵਾਂਗ ਅਪਣਾਅ ਲਿਆ ਹੈ। ਅਸੀਂ ਹੁਣ ਖ਼ੁਦ ਮੰਨ ਕੇ ਚੱਲ ਰਹੇ ਹਾਂ ਕਿ ਭ੍ਰਿਸ਼ਟਾਚਾਰ ਬਿਨਾਂ ਕੰਮ ਨਹੀਂ ਹੋਣਾ। ਲੇਖਕਾਂ ਨੇ ਇਸ ਬੁਰਾਈ ਬਾਰੇ ਸਿਧਾਂਤਕ ਤੇ ਵਿਹਾਰਕ ਗਿਆਨ ਦੇ ਕੇ ਪਾਠਕਾਂ ਨੂੰ ਸੁਚੇਤ ਕਰਨ ਦਾ ਯਤਨ ਕੀਤਾ ਹੈ।

ਪੰਜਾਬ ਵਿਚ ਨਸ਼ਿਆਂ ਦਾ ਵਧਦਾ ਸੇਵਨ ਆਉਣ ਵਾਲੀਆਂ ਨਸਲਾਂ ਦੇ ਭਵਿੱਖ ਦਾ ਚਿਹਰਾ ਪੇਸ਼ ਕਰਦਾ ਨਜ਼ਰੀ ਪੈਂਦਾ ਹੈ। ਹਰ ਸ਼ਹਿਰ ਵਿਚ ਨਸ਼ਾ ਛੁਡਾਊ ਕੇਂਦਰ ਖੁੱਲ੍ਹਣੇ ਚਾਹੀਦੇ ਹਨ।ਨਸ਼ਿਆਂ ਨਾਲ ਨਜਿੱਠਣ ਲਈ ਪੁਲਿਸ ਦਾ ਵਿਸ਼ੇਸ਼ ਵਿੰਗ ਬਣਨਾ ਚਾਹੀਦਾ ਹੈ। ਨਸ਼ਿਆਂ ਬਾਰੇ 'ਉੜਤਾ ਪੰਜਾਬ' ਜਿਹੀਆਂ ਫ਼ਿਲਮਾਂ ਦਾ ਬਣਨਾ ਇਸ ਗੱਲ ਦਾ ਪੁਖ਼ਤਾ ਪ੍ਰਮਾਣ ਹੈ ਕਿ ਪੰਜਾਬ ਹੁਣ ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕਾ ਹੈ।

ਲੇਖਕ ਦੇ ਨਿਬੰਧ 'ਵਿਹਲੜਾ ਦੇ ਪੱਲੇ ਨਹੀਂ ਪੈਂਦੇ ਫ਼ੁਰਸਤ ਦੇ ਪਲ' ਵਿਚ ਨਸ਼ਿਆਂ ਬਾਰੇ ਬਹੁਤ ਹੀ ਤਲਖ਼ ਸੱਚ ਪੇਸ਼ ਕਰ ਰਿਹਾ ਹੈ ਤੇ ਬਹੁਤ ਹੀ ਤੀਖਣ ਸਵਾਲ ਕਰ ਰਿਹਾ ਹੈ, ਪਰ ਅਫ਼ਸੋਸ ਹੈ ਕਿ ਅਖ਼ਬਾਰਾਂ ਵਿਚ ਨਸ਼ਿਆਂ ਬਾਰੇ ਤੇ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਦੀਆਂ ਖ਼ਬਰਾਂ ਨੂੰ ਠੱਲ੍ਹ ਨਹੀਂ ਪੈ ਰਹੀ।

> ਕਰਨੈਲ ਸਿੰਘ ਸੋਮਲ ਅਨੁਸਾਰ: ਰਾਤੀਂ ਨੀਂਦ ਨਹੀਂ ਪੈ ਰਹੀ, ਤਾਂ ਨਸ਼ਾ ਲੈ ਲਓ। ਸਵੇਰੇ ਉੱਠ ਨਹੀਂ ਹੋ ਰਿਹਾ ਤਾਂ ਨਸ਼ੇ ਦਾ ਸਹਾਰਾ। ਖ਼ੁਸ਼ੀ ਦੇ ਮੌਕੇ ਲਈ ਵੀ ਨਸ਼ਾ ਕਰਨਾ ਜ਼ਰੂਰੀ, ਔਖ ਵੇਲੇ ਤਾਂ ਜ਼ਰੂਰੀ। ਅਕੇਵਾਂ ਮਹਿਸੂਸ ਹੋਵੇ ਤਾਂ ਵੀ ਨਸ਼ੇ ਦੀ ਲੋੜ ਪ੍ਰਤੀਤ ਹੋਵੇ। ਵੱਡਾ ਸਿਤਮ ਅੱਜ ਨਸ਼ਾ ਲਿਆ ਤਾਂ ਜਾਣੋ ਖਾਈ ਪੁੱਟੀ ਗਈ, ਅਗਲੇ ਦਿਨ ਲਿਆ ਤਾਂ ਖਾਤਾ ਪੁੱਟਿਆ ਗਿਆ ਤੇ ਪਰਸੋਂ ਖੂਹ ਪੁੱਟਿਆ ਗਿਆ। ਨਸ਼ੇ ਦੀ ਮਾਤਰਾ ਨਿੱਤ ਵਧਾਉਣੀ ਪਵੇ, ਫਿਰ ਇੱਕ ਨਸ਼ੇ ਨਾਲ ਨਾ ਸਰਨਾ, ਇੱਕ ਤੋਂ ਵੱਧ ਨਸ਼ੇ ਲੈਣ ਦੀ ਲੋੜ ਬਣੇ। (''ਵਕਤ ਬਦਲ ਗਏ" 59)

ਡਾ. ਹਰਸ਼ਿੰਦਰ ਕੌਰ 'ਭਰੂਣ ਹੱਤਿਆ: ਇਤਿਹਾਸ, ਅੱਜ ਤੇ ਭਵਿੱਖ' ਨਿਬੰਧ ਵਿਚ ਆਖਦੀ ਹੈ ਕਿ ਭਰੂਣ ਹੱਤਿਆ ਸਾਡੇ ਸਮਾਜ ਲਈ ਇੱਕ ਕਲੰਕ ਹੈ ਪਰ ਅਫ਼ਸੋਸ:

> ਭਰੂਣ ਡੇਗਣ ਲਈ ਦੁਨੀਆਂ ਭਰ ਵਿਚ ਕਾਨੂੰਨ ਬਣੇ ਹੋਣ ਦੇ ਬਾਵਜੂਦ ਕਿਤੇ ਕੋਈ ਠੱਲ੍ਹ ਪਈ ਨਹੀਂ ਦਿਸਦੀ ਕਿਉਂਕਿ ਅੰਦਰਖਾਤੇ ਸਭ ਪਹਿਲਾ ਵੀ ਚੱਲਦਾ ਸੀ ਤੇ ਹੁਣ ਵੀ ਚਾਲੂ ਹੈ। (''ਚੁੱਪ ਦੀ ਚੀਖ਼'' 33-34)

ਉਪਰੋਕਤ ਸ਼ਬਦਾਂ ਤੋਂ ਭਾਵ ਇਹਨਾਂ ਨੂੰ ਰੋਕਣ ਦਾ ਸਿਰਫ਼ ਇੱਕੋ ਹੀ ਰਸਤਾ ਹੈ ਕਿ ਔਰਤ ਨੂੰ ਖ਼ੁਦ ਆਪਣਾ ਰਾਖਾ ਬਣ ਕੇ ਆਪਣੇ ਹੱਕਾਂ ਤੇ ਪੈਹਰਾ ਦੇਣਾ ਪਵੇਗਾ।

ਹੇਠ ਲਿਖੀ ਸਾਰਨੀ ਅਨੁਸਾਰ ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਵੱਲੋਂ ਵਰਤੇ ਗਏ ਵਿਸ਼ਿਆਂ ਨੂੰ ਸੂਤਰਕ ਢੰਗ ਨਾਲ ਦੇਖਿਆ ਜਾ ਸਕਦਾ ਹੈ:

| ਲੜੀ ਨੰਬਰ | ਵਿਸ਼ਾ ਪੱਖ | ਡਾ. ਅਮਰ ਕੋਮਲ | ਡਾ. ਕਰਨੈਲ ਸਿੰਘ ਸੋਮਲ | ਪ੍ਰੋ. ਅੱਛਰੂ ਸਿੰਘ | ਡਾ. ਸੁਰਿੰਦਰਪਾਲ ਸਿੰਘ ਮੰਡ | ਡਾ. ਹਰਸ਼ਿੰਦਰ ਕੌਰ |
|---|---|---|---|---|---|---|
| 1 | ਜੀਵਨ ਜਾਚ | √ | √ | √ | √ | √ |
| 2 | ਨੈਤਿਕ ਕਦਰਾਂ-ਕੀਮਤਾਂ | √ | √ | √ | √ | √ |
| 3 | ਦਾਰਸ਼ਨਿਕ ਨਿਬੰਧ | √ | × | √ | × | √ |
| 4 | ਪ੍ਰੇਰਨਾਮਈ ਨਿਬੰਧ | √ | √ | √ | × | √ |
| 5 | ਮਨੋਵਿਗਿਆਨਿਕ ਪੱਖ | √ | × | × | √ | × |
| 6 | ਸਭਿਆਚਾਰਕ ਪੱਖ | × | √ | √ | × | √ |
| 7 | ਭ੍ਰਿਸ਼ਟਾਚਾਰ | √ | √ | √ | √ | √ |
| 8 | ਨਾਰੀ ਸਰੋਕਾਰ | √ | √ | √ | √ | √ |
| 9 | ਨਸ਼ੇ | √ | √ | × | √ | √ |
| 10 | ਬੇਰੁਜ਼ਗਾਰੀ | √ | √ | √ | √ | √ |
| 11 | ਸ਼ਖ਼ਸੀਅਤ ਉਸਾਰੀ | √ | × | √ | √ | × |
| 12 | ਰਾਜਨੀਤਕ ਪੱਖ | √ | × | × | × | × |
| 13 | ਵਾਤਾਵਰਣ | √ | √ | √ | √ | × |

ਉਪਰੋਕਤ ਚਰਚਾ ਰਾਹੀਂ ਦੇਖਿਆ ਜਾ ਸਕਦਾ ਹੈ ਕਿ ਖੋਜ-ਕਾਰਜ ਅਧੀਨ ਆਉਂਦੇ ਲੇਖਕ ਸਮਕਾਲੀ ਸਰੋਕਾਰਾਂ ਬਾਰੇ ਚਿੰਤਤ ਵੀ ਹਨ ਅਤੇ ਚੇਤੰਨ ਵੀ ਹਨ। ਉਹ ਪਾਠਕਾਂ ਅੰਦਰ ਇਨ੍ਹਾਂ ਵਰਤਾਰਿਆਂ ਪ੍ਰਤੀ ਚੇਤਨਤਾ ਪ੍ਰਗਟ ਕਰਨਾ ਚਾਹੁੰਦੇ ਹਨ। ਇਹ ਚੇਤਨਤਾ ਤੱਥਾਂ ਜ਼ਰੀਏ ਵੀ ਹੈ ਤੇ ਤਰਕ ਜ਼ਰੀਏ ਵੀ। ਇਸ ਲਈ ਸਭ ਤੋਂ ਢੁਕਵਾਂ ਸਾਹਿਤ ਰੂਪ ਨਿਬੰਧ ਹੀ ਬਣਦਾ ਹੈ। ਵਾਰਤਕ ਦਾ ਇਹ ਵਿਧਾ-ਸ਼ਾਸਤਰੀ ਗੁਣ ਹੈ ਕਿ ਇਹ ਆਪਣੇ ਸਮਕਾਲ ਨਾਲ ਸੰਵਾਦ ਰਚਾਉਂਦੀ ਹੈ ਅਤੇ ਸਮਕਾਲੀ ਸਰੋਕਾਰਾਂ ਨੂੰ ਪੇਸ਼ ਕਰਦੀ ਹੈ।ਤੱਥ ਤੇ ਤਰਕ ਦੇ ਸੰਬੰਧ ਵਿਚ ਨਿਬੰਧ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਤੁਲਨਾਤਮਕ ਅਧਿਐਨ ਦੇ ਪੱਖ ਦੇ ਵਿਚਾਰੀਏ ਤਾਂ ਸਮਕਾਲੀ ਸਰੋਕਾਰਾਂ ਦੀ ਪੇਸ਼ਕਾਰੀ ਖੋਜ-ਕਾਰਜ ਅਧੀਨ ਆਉਂਦੇ ਸਾਰੇ ਨਿਬੰਧਕਾਰਾਂ ਦਾ ਸਾਂਝਾ ਲੱਛਣ ਹੈ। ਵਿਸ਼ਿਆਂ ਦਾ ਤੁਲਨਾਤਮਕ ਅਧਿਐਨ ਇਹ ਸਪਸ਼ਟ ਕਰਦਾ ਹੈ ਕਿ ਸਾਰੇ ਨਿਬੰਧਕਾਰਾਂ ਨੇ ਇੱਕੋ ਤਰ੍ਹਾਂ ਦੇ ਵਿਸ਼ਿਆਂ ਨੂੰ ਨਿਬੰਧਾਂ ਦਾ ਅਧਾਰ ਬਣਾਇਆ ਹੈ। ਸਿਰਫ਼ ਹਰਸ਼ਿੰਦਰ ਕੌਰ ਦੇ ਨਿਬੰਧਾਂ ਵਿਚ ਨਾਰੀ ਪੱਖ ਵਧੇਰੇ ਹੈ। ਖੋਜ-ਕਾਰਜ ਅਧੀਨ ਆਉਂਦੇ ਸਾਰੇ ਨਿਬੰਧਕਾਰਾਂ ਦਾ ਸਮਕਾਲੀ ਸਰੋਕਾਰਾਂ ਅਧੀਨ ਨਾਰੀ ਪੱਖ ਬਾਰੇ ਵੀ ਰਚਨਾ ਕਰਨਾ ਵੀ ਸਾਂਝਾ ਨੁਕਤਾ ਹੈ, ਪਰ ਨਾਰੀ ਪੱਖ ਬਾਰੇ ਸਭ ਤੋਂ ਵਧੇਰੇ ਹਰਸ਼ਿੰਦਰ ਕੌਰ ਨੇ ਲਿਖਿਆ ਹੈ। ਹਰਸ਼ਿੰਦਰ ਕੌਰ ਇੱਕ ਡਾਕਟਰ ਹੋਣ ਦੇ ਨਾਲ ਖ਼ੁਦ ਇੱਕ ਇਸਤਰੀ ਵੀ ਹੈ, ਜਿਹੜੀ ਬਾਕੀਆਂ ਦੇ ਮੁਕਾਬਲੇ ਇਸਤਰੀ ਦੀ ਪੀੜ੍ਹਾ ਨੂੰ ਵਧੇਰੇ ਚੀਸ ਨਾਲ ਮਹਿਸੂਸ ਕਰ ਸਕਦੀ ਹੈ। ਲੇਖਿਕਾ ਦੇ ਨਿਬੰਧ ਇਸਤਰੀ ਨਾਲ ਸੰਬੰਧਿਤ ਹਨ ਤੇ ਸਮਕਾਲ ਵਿਚ ਵਾਪਰਦੀਆਂ ਘਟਨਾਵਾਂ ਨੂੰ ਉਹ ਆਪਣੀ ਕਲਮ ਰਾਹੀਂ ਪਾਠਕਾਂ ਦੇ ਸਨਮੁੱਖ ਪੇਸ਼ ਕਰਦੀ ਹੈ ਤੇ ਅਜੋਕੀ ਪੀੜ੍ਹੀ ਨੂੰ ਇਹਨਾਂ ਨੂੰ ਠੱਲ੍ਹ ਪਾਉਣ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦੀ ਹੈ।

**ਸ਼ੈਲੀ ਪੱਖ:-** ਹੁਣ ਤਕ ਦੇ ਅਧਿਐਨ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਸ਼ੈਲੀ ਸਾਹਿਤ ਦਾ ਬਹੁਤ ਮਹੱਤਵਪੂਰਨ ਤੱਤ ਹੈ। ਵਾਰਤਕ ਵਿਚ ਇਸ ਦੀ ਮਹੱਤਤਾ ਹੋਰ ਵੀ ਵਧੇਰੇ ਹੈ ਕਿਉਂਕਿ ਵਾਰਤਕ ਦੀ ਰੋਚਿਕਤਾ ਤੇ ਪ੍ਰਭਾਵ ਸ਼ੈਲੀ ਉੱਪਰ ਹੀ ਨਿਰਭਰ ਕਰਦਾ ਹੈ। ਕਵਿਤਾ ਵਿਚ ਛੰਦ, ਬਿੰਬ, ਅਲੰਕਾਰ ਤੇ ਸੰਗੀਤ ਰੋਚਿਕਤਾ ਤੇ ਪ੍ਰਭਾਵ ਸਿਰਜਦੇ ਹਨ, ਜਦ ਕਿ ਗਲਪ ਵਿਚ ਕਥਾ ਰੋਚਿਕਤਾ ਤੇ ਪ੍ਰਭਾਵ ਸਿਰਜਦੀ ਹੈ। ਵਾਰਤਕ ਦੀ ਇੱਕੋ ਰਚਨਾ ਵਿਚ ਲੋੜ

ਅਨੁਸਾਰ ਵਿਭਿੰਨ ਸ਼ੈਲੀਆਂ ਦੀ ਵਰਤੋਂ ਦਾ ਸੁਚੱਜਾ ਸੁਮੇਲ ਹੋਣਾ ਬਹੁਤ ਜ਼ਰੂਰੀ ਹੈ। ਇਹ ਸੁਮੇਲ ਸਬਜ਼ੀ ਵਿਚ ਪਾਈ ਸਮੁੱਚੀ ਸਮਗਰੀ ਦੇ ਸੁਮੇਲ ਵਰਗਾ ਹੁੰਦਾ ਹੈ ਜਾਂ ਕਹਿ ਸਕਦੇ ਹਾਂ ਕਿ ਸਤਰੰਗੀ ਪੀਂਘ ਦੇ ਰੰਗਾਂ ਦੇ ਸੁਮੇਲ ਵਾਂਗ ਹੁੰਦਾ ਹੈ। ਇਸ ਸੁਮੇਲ ਤੇ ਤਾਲਮੇਲ ਦੀ ਘਾਟ ਕਾਰਨ ਪ੍ਰਭਾਵ ਹੀਣਤਾ ਉਤਪੰਨ ਹੁੰਦੀ ਹੈ।

ਵਿਸ਼ਾ ਪੱਖ ਦੇ ਤੁਲਨਾਤਮਕ ਅਧਿਐਨ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਸਾਰੇ ਨਿਬੰਧਕਾਰਾਂ ਦਾ ਵਿਸ਼ਾਗਤ ਪੱਧਰ ਤੇ ਕੇਂਦਰੀ ਨੁਕਤਾ ਇੱਕੋ ਹੀ ਹੈ। ਇਸੇ ਲਈ ਸ਼ੈਲੀਆਂ ਦੀ ਵਰਤੋਂ ਵਿਚ ਵੀ ਬਹੁਤ ਸਾਂਝ ਹੈ। ਮਸਲਨ ਜੀਵਨ-ਜਾਚ ਦੇ ਵਿਸ਼ੇ ਨੂੰ ਪੇਸ਼ ਕਰਨ ਲਈ ਵਿਚਾਰਾਤਮਕ ਸ਼ੈਲੀ ਹੀ ਸਭ ਤੋਂ ਵਧੇਰੇ ਢੁਕਵੀਂ ਸ਼ੈਲੀ ਹੈ ਕਿਉਂਕਿ ਜੀਵਨ-ਜਾਚ ਦਾ ਸੰਬੰਧ ਵਿਚਾਰਾਂ ਰਾਹੀਂ ਪੇਸ਼ ਹੋਣਾ ਹੁੰਦਾ ਹੈ, ਪਰ ਇੱਕੋ ਸ਼ੈਲੀ ਦੀ ਵਰਤੋਂ ਵਿਚ ਵੀ ਕਈ ਤਰ੍ਹਾਂ ਦੀਆਂ ਮੌਲਿਕਤਾਵਾਂ ਮੌਜੂਦ ਰਹਿੰਦੀਆਂ ਹਨ।

ਡਾ.ਅਮਰ ਕੋਮਲ ਆਪਣੇ ਨਿਬੰਧ 'ਕੀ ਜਾਣਾ, ਮੈਂ ਕੋਣ?' ਵਿਚ ਵਿਚਾਰਾਤਮਕ ਸ਼ੈਲੀ ਦੀ ਵਰਤੋਂ ਕਰਦੇ ਹੋਏ ਸਮਕਾਲ ਨਾਲ ਜੁੜੇ ਮਨੁੱਖ ਨੂੰ ਕੰਪਿਊਟਰ ਬਣਨ ਦੀ ਬਜਾਇ ਇਨਸਾਨ ਬਣੇ ਰਹਿ ਕੇ ਗਿਆਨ-ਵਿਗਿਆਨ ਨਾਲ ਜੁੜੇ ਰਹਿ ਕੇ ਸਬਰ ਤੇ ਸੰਤੋਖ ਭਰੀ ਜ਼ਿੰਦਗੀ ਜਿਊਣ ਸੰਬੰਧੀ ਵਿਚਾਰ ਪੇਸ਼ ਕਰਦਾ ਹੈ। ਅੱਜ ਇੱਕੀਵੀਂ ਸਦੀ ਵਿਚ ਜਿਵੇਂ-ਜਿਵੇਂ ਮਨੁੱਖ ਗਿਆਨ-ਵਿਗਿਆਨ ਤੇ ਤਕਨਾਲੋਜੀ ਜੁੜ ਰਿਹਾ ਹੈ। ਉਸ ਦੇ ਜਾਣਕਾਰੀ ਸਾਧਨਾਂ ਵਿਚ ਵਧੇਰੇ ਵਾਧਾ ਹੋਇਆ ਹੈ, ਪ੍ਰੰਤੂ ਕਿਤੇ ਨਾ ਕਿਤੇ ਸੁੱਖ ਅਰਾਮ ਤੋਂ ਵਿਹੂਣਾ, ਕਾਹਲ, ਤੇਜ਼ੀ, ਨੱਠ-ਭੱਜ ਨਾਲ ਵੀ ਓਨਾ ਹੀ ਜੁੜ ਗਿਆ ਹੈ:

> ਮਨੁੱਖ ਦੀ ਜ਼ਿੰਦਗੀ ਵਿਚ ਚੈਨ ਨਹੀਂ, ਸੁੱਖ-ਸ਼ਾਂਤੀ ਦਾ ਅਭਾਵ ਹੈ। ਡਰ ਹੈ,ਖ਼ਤਰਾ ਹੈ, ਦੁਰਘਟਨਾ ਹੈ। ਅਜਿਹੀ ਅਵਸਥਾ ਵਿਚ ਅੱਜ ਦੇ ਵਿਅਕਤੀ ਦਾ 'ਮੈਂ' ਆਪ ਡੋਰ ਭੋਰ ਹੋਇਆ, ਕਦੇ ਵਿਗਿਆਨਕ, ਕਦੀ ਤਕਨਾਲੋਜੀ, ਕਦੇ ਟੈਲੀਫ਼ੋਨ, ਕਦੇ ਆਵਾਜਾਈ ਦੇ ਸਾਧਨਾ ਦਾ ਸਹਾਰਾ ਲੈਂਦਾ ਹੈ 'ਮੈਂ' ਦੌੜਦਾ ਹੈ। ਉੱਡਦਾ ਹੈ, ਕੰਪਿਊਟਰ ਬਣਦਾ ਹੈ, ਉਸ ਦੀ ਭਾਸ਼ਾ ਡਾਟਾ

ਕਾਮ ਬਣ ਕੇ, ਕੰਪਿਊਟਰੀਕਰਨ ਬਣ ਗਈ ਹੈ। (ਕੋਮਲ'' ਪੰਚਵਟੀ ਦੇ ਅੰਦਰ ਬਾਹਰ''107)

ਡਾ. ਕਰਨੈਲ ਸਿੰਘ ਸੋਮਲ ਦੇ ਨਿਬੰਧਾਂ ਵਿਚ ਮੁੱਖ ਤੌਰ ਤੇ ਵਿਆਖਿਆਤਮਕ ਸ਼ੈਲੀ, ਚਿਤ੍ਰਾਤਮਕ ਸ਼ੈਲੀ, ਵਿਚਾਰਾਤਮਕ ਸ਼ੈਲੀ, ਭਾਵਾਤਮਕ ਸ਼ੈਲੀ, ਅਤੇ ਬਿਰਤਾਂਤਕ ਸ਼ੈਲੀ ਆਦਿ ਦੀ ਵਰਤੋਂ ਕੀਤੀ ਹੈ। 'ਜ਼ਿੰਦਗੀ ਉਤਸਵ ਹੈ ਉਤਸ਼ਾਹ ਸਦਕਾ ਨਿਬੰਧ ਰਾਹੀਂ ਹੇਠ ਲਿਖੀਆਂ ਸਤਰਾਂ ਵਿਚ ਲੇਖਕ ਮਨੁੱਖ ਨੂੰ ਉਤਸ਼ਾਹ ਭਰਪੂਰ ਜ਼ਿੰਦਗੀ ਜਿਊਣ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦਾ ਹੈ:

> ਕਰਨੈਲ ਸਿੰਘ ਦੇ ਵਿਚਾਰ ਅਨੁਸਾਰ: ਆਪਣੇ ਉਤਸ਼ਾਹ ਨੂੰ ਲਟ-ਲਟ ਬਲਦਾ ਰੱਖਣ ਲਈ ਹਰ ਮਨੁੱਖ ਨੂੰ ਸਪਸ਼ਟ ਹੋਣ ਦੀ ਲੋੜ ਹੁੰਦੀ ਹੈ ਕਿ ਉਹ ਕਿਹੜੇ ਪਾਸੇ ਜਤਨ ਜੁਟਾ ਰਿਹਾ ਹੈ ਤੇ ਉੱਥੋਂ ਉਸ ਦੀ ਲੱਭਤ ਕੀ ਹੋਵੇਗੀ। ਦਿਸ਼ਾ-ਹੀਣਤਾ ਵਿਚ ਉਤਸ਼ਾਹ ਦੀ ਚੰਗਿਆੜੀ ਬੁਝ ਜਾਂਦੀ ਹੈ।ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਤੇ ਮਨੁੱਖ ਆਪਣੇ ਟੀਚੇ ਮਿਥਦਾ ਹੈ।ਕਿਸੇ ਕੰਮ-ਕਿੱਤੇ ਜੋਗਾ ਹੋਣਾ, ਘਰ ਵਸਾਉਣਾ, ਘਰ ਬਣਾਉਣਾ, ਬੱਚਿਆਂ ਦੀ ਪੜ੍ਹਾਈ, ਤਰੱਕੀ ਆਦਿ। ਇਹ ਟੀਚੇ ਪੂਰੇ ਵੀ ਹੁੰਦੇ ਹਨ, ਅਧੂਰੇ ਵੀ ਰਹਿ ਜਾਂਦੇ ਹਨ। ਜੀਵਨ ਚੱਕਰ ਚਲਦਾ ਰਹਿੰਦਾ ਹੈ। ਤਸੱਲੀ ਤੇ ਭਟਕਣ ਕੁੱਝ ਤਾਂ ਪ੍ਰਾਪਤੀਆਂ ਅਤੇ ਅਪ੍ਰਾਪਤੀਆਂ ਤੇ ਨਿਰਭਰ ਕਰਦੇ ਹਨ, ਕੁੱਝ ਇਨ੍ਹਾਂ ਦੇ ਮਾਅਨੇ ਕੱਢਣ ਉੱਤੇ। (''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ" 11)

ਜ਼ਿੰਦਗੀ ਵਿਚ ਉਤਸ਼ਾਹ ਮਨੁੱਖ ਦਾ ਹਮੇਸ਼ਾ ਰਾਹ ਦਰਸੇਵਾਂ ਬਣਦਾ ਹੈ। ਜਿੱਥੇ ਪ੍ਰਾਪਤੀਆਂ ਹਮੇਸ਼ਾ ਮਨੁੱਖ ਨੂੰ ਤਸੱਲੀ ਬਖ਼ਸ਼ਦੀਆਂ ਹਨ, ਉੱਥੇ ਅਪ੍ਰਾਪਤੀਆਂ ਮਨੁੱਖ ਨੂੰ ਹੋਰ ਚੰਗੇਰਾ ਕਰਨ ਲਈ ਪ੍ਰੇਰਦੀਆਂ ਹਨ।

ਪ੍ਰੋ. ਅੱਛਰੂ ਸਿੰਘ ਦੇ ਨਿਬੰਧਾਂ ਵਿਚ ਵਿਚਾਰਾਤਮਕ ਸ਼ੈਲੀ, ਕਾਵਿਮਈ ਸ਼ੈਲੀ, ਵਿਅੰਗਾਤਮਕ ਸ਼ੈਲੀ ਆਦਿ ਦੀ ਵਰਤੋਂ ਕਰਦਾ ਹੈ। ਪ੍ਰੋ. ਅੱਛਰੂ ਸਿੰਘ ਆਪਣੇ ਨਿਬੰਧ 'ਘਾਲਿ ਖਾਇ ਕਿਛੁ ਹਥਹੁ ਦੇਇ' ਨਿਬੰਧ ਵਿਚ ਦਾਨ ਦੀ

ਮਹੱਤਤਾ ਸੰਬੰਧੀ ਵਿਚਾਰ ਪੇਸ਼ ਕਰਦਾ ਹੋਇਆ ਦੱਸਦਾ ਹੈ ਕਿ ਅਸਲ ਦਾਨ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਦਾਨ ਸਿਰਫ਼ ਉਹ ਨਹੀਂ, ਜੋ ਮੰਦਰਾਂ, ਗੁਰਦੁਆਰਿਆਂ ਵਿਚ ਦਿੱਤਾ ਜਾਂਦਾ ਹੈ:

> ਅੱਛਰੂ ਸਿੰਘ ਦੇ ਵਿਚਾਰ ਅਨੁਸਾਰ: ਅਜੋਕੇ ਵਿਗਿਆਨਕ ਯੁੱਗ ਵਿਚ ਦਾਨ ਦੀਆਂ ਨਵੀਆਂ ਧਾਰਨਾਵਾਂ ਅਤੇ ਸੰਭਾਵਨਾਵਾਂ ਉਜਾਗਰ ਕਰਨ ਦੀ ਲੋੜ ਹੈ। ਅਸਲ ਦਾਨ ਮਰੀਜ਼ਾ ਦੀ ਜਾਨ ਬਚਾਉਣ ਲਈ ਖ਼ੂਨਦਾਨ, ਦ੍ਰਿਸ਼ਟੀਹੀਣ ਨੂੰ ਮੁੜ ਤੋਂ ਦ੍ਰਿਸ਼ਟੀ ਦੇਣ ਲਈ ਨੇਤਰਦਾਨ, ਮੁਰਦਾ ਰੋਗੀਆਂ ਲਈ ਗੁਰਦਾ ਦਾਨ ਅਤੇ ਡਾਕਟਰੀ ਖੋਜ ਕਾਰਜਾਂ ਲਈ ਦੇਹ-ਦਾਨ ਆਦਿ ਕਈ ਪ੍ਰਕਾਰ ਦੇ ਦਾਨ ਕਾਰਜ ਹਨ। ਜਿਨ੍ਹਾਂ ਦੀ ਅਹਿਮੀਅਤ ਕਿਸੇ ਤਰ੍ਹਾਂ ਵੀ ਘੱਟ ਨਹੀਂ। ਲੋੜ ਹੈ ਸਮੇਂ ਅਨੁਸਾਰ ਹਿੰਮਤ, ਹੌਸਲਾ ਅਤੇ ਨੇਕ ਸਲਾਹ ਦੇਣੀ ਜਾਂ ਉਚਿੱਤ ਮਾਰਗ ਦਰਸ਼ਨ ਕਰਨਾ, ਭਾਵੇਂ ਪਰੰਪਰਾਗਤ ਦਾਨ ਦੀ ਸ਼੍ਰੇਣੀ ਵਿਚ ਨਹੀਂ ਆਉਂਦਾ, ਪ੍ਰੰਤੂ ਅੱਜ ਦੇ ਇਸ ਗੁੰਝਲਦਾਰ ਅਤੇ ਤਣਾਅ ਭਰਪੂਰ ਸੰਸਾਰ ਵਿਚ ਕਈ ਵਾਰ ਇਹ ਦਾਨ ਮਾਇਕ ਸਹਾਇਤਾ ਤੋਂ ਵੀ ਵੱਧ ਉਪਯੋਗੀ ਸਿੱਧ ਹੁੰਦੇ ਹਨ। (''ਜੀਵਨ ਦੇ ਰੰਗ" 53)

ਡਾ. ਸੁਰਿੰਦਰਪਾਲ ਸਿੰਘ ਮੰਡ ਦੇ ਨਿਬੰਧਾਂ ਵਿਚ ਵਿਚਾਰਾਤਮਕ ਸ਼ੈਲੀ, ਭਾਵਾਤਮਕ ਸ਼ੈਲੀ, ਕਾਵਿਮਈ ਸ਼ੈਲੀ ਅਤੇ ਕਿਤੇ-ਕਿਤੇ ਵਿਅੰਗ ਮਈ ਸ਼ੈਲੀ ਦੀ ਵਰਤੋਂ ਵੀ ਕਰਦਾ ਹੈ। ਡਾ.ਸੁਰਿੰਦਰ ਸਿੰਘ ਮੰਡ 'ਮਸਤ ਮਲੰਗੀ ਦੇ ਅਜੁਬ ਨਜ਼ਾਰੇ' ਨਿਬੰਧ ਵਿਚ ਸਮਕਾਲ ਦੇ ਮਨੁੱਖ ਦੀ ਸਥਿਤੀ ਨੂੰ ਪੇਸ਼ ਕਰਦਾ ਹੈ ਕਿ ਅੱਜ ਮਨੁੱਖ ਸਭ ਕੁੱਝ ਦੇ ਹੁੰਦੇ ਸੁੰਦੇ ਵੀ ਉਲਝਣਾਂ 'ਚ ਫਸਿਆ ਹੈ, ਇਸ ਦਾ ਮੂਲ ਕਾਰਨ ਹੈ ਕਿ ਉਸ ਨੇ ਆਪਣੀ ਜ਼ਿੰਦਗੀ ਵਿਚੋਂ ਸਬਰ ਖ਼ਤਮ ਕਰ ਲਿਆ ਹੈ ਤੇ ਸਬਰ ਵਿਹੂਣਾ ਮਨੁੱਖ ਨਾ ਤਾਂ ਖ਼ੁਦ ਸੰਤੁਸ਼ਟ ਹੋ ਸਕਦਾ ਹੈ ਤੇ ਨਾਂ ਹੀ ਉਸ ਨਾਲ ਵਿਚਰਦੇ ਲੋਕ।

ਸੁਰਿੰਦਰਪਾਲ ਮੰਡ ਅਨੁਸਾਰ: ਬਹੁਤ ਸਾਰੇ ਲੋਕ ਕਿਸੇ ਮਿਥੇ ਨਿਸ਼ਾਨੇ ਲਈ ਕਰਮ ਘੱਟ, ਫ਼ਿਕਰ ਅਤੇ ਗੱਲਾਂ ਵੱਧ ਕਰਦੇ ਹਨ।ਮਿਸਾਲ ਵਜੋਂ ਸਿਹਤ ਹੀ ਲੈ ਲਓ। ਬਹੁਤ ਲੋਕ ਸਿਹਤ ਦੀ ਤੰਦਰੁਸਤੀ ਦੀ ਚਿੰਤਾ ਕਰਦੇ ਹਨ। ਬਿਮਾਰੀਆਂ ਦੀ ਗੱਲਾਂ ਤਾਂ ਕਰਦੇ ਹਨ, ਪਰ ਸਿਹਤ ਨੂੰ ਅਰੋਗ ਰੱਖਣ ਲਈ ਕੋਈ ਵਿਸ਼ੇਸ਼ ਯਤਨ, ਕੋਈ ਵਿਧੀਵਤ ਕਸਰਤ, ਕੋਈ ਯੋਗਾ, ਕੋਈ ਖੇਡ, ਸੈਰ ਨਹੀਂ ਕਰਦੇ। (''ਜਿਊਣ ਦਾ ਸਲੀਕਾ'' 62)

ਲੇਖਕ ਅਨੁਸਾਰ ਜ਼ਿੰਦਗੀ ਨੂੰ ਮਾਣਨ ਲਈ ਜਤਨ ਕਰਨ ਦੀ ਬਜਾਏ ਫ਼ਿਕਰ ਕਰਦੇ ਹਨ। ਜਦੋਂ ਮਨੁੱਖ ਫ਼ਿਕਰ ਛੱਡ ਕੇ ਉਨ੍ਹਾਂ ਉਦੇਸ਼ਾਂ ਨੂੰ ਪੂਰਾ ਕਰਨ ਦੇ ਯਤਨ ਕਰੇਗਾ, ਜੋ ਉਸ ਨੇ ਮਿਥੇ ਹਨ ਤਾਂ ਯਕੀਨਨ ਉਸ ਦੀ ਜਿੱਤ ਨਿਸ਼ਚਿਤ ਹੈ।

ਡਾ. ਹਰਸ਼ਿੰਦਰ ਕੌਰ ਨੇ ਨਿਬੰਧਾਂ ਵਿਚ ਵਿਅੰਗਾਤਮਕ ਸ਼ੈਲੀ, ਭਾਵਾਤਮਕ ਸ਼ੈਲੀ, ਕਾਵਿਮਈ ਸ਼ੈਲੀ ਅਤੇ ਵਿਚਾਰਾਤਮਕ ਸ਼ੈਲੀ ਦੀ ਵਰਤੋਂ ਕੀਤੀ ਹੈ।

ਲੇਖਿਕਾ 'ਧੀਆਂ' ਨਿਬੰਧ ਵਿਚ ਧੀਆਂ ਬਾਰੇ ਆਪਣੇ ਵਿਚਾਰ ਸਾਂਝੇ ਕਰਦੀ ਆਖਦੀ ਹੈ:

ਕੁੱਖ ਵਿਚ ਇੱਕ ਮਾਸੂਮ ਨੂੰ ਕਤਲ ਕਰ ਦੇਣ ਤੋਂ ਪਹਿਲਾਂ ਇੱਕ ਮੌਕਾ ਉਸ ਦੇ ਮਲੂਕ ਹੱਥਾਂ ਨੂੰ ਦੇਣ ਦੀ ਕ੍ਰਿਪਾਲਤਾ ਕਰਨਾ। ਜਦੋਂ ਉਹ ਤੁਹਾਡੀਆਂ ਅੱਖਾਂ 'ਚੋਂ ਵਗਦੇ ਹੰਝੂਆਂ ਦੀ ਧਾਰ ਨੂੰ ਆਪਣੀਆਂ ਪੋਲੀਆਂ-ਪੋਲੀਆਂ ਉਂਗਲਾਂ ਨਾਲ ਪੂੰਝ ਕੇ ਤੁਹਾਡੇ ਗਲੇ ਦੁਆਲੇ ਆਪਣੀਆਂ ਨਿੱਕੀਆਂ ਬਾਹਵਾਂ ਦੀ ਡੋਰ ਪਾ ਦੇਵੇ। ਫੇਰ ਤੁਹਾਡੀਆਂ ਅੱਖਾਂ ਵਿਚ ਆਪਣੀਆਂ ਅੱਖਾਂ ਗੱਡ ਕੇ, ਪਿਆਰੀ ਜਿਹੀ ਮੁਸਕਾਨ ਵਿਖਾ ਕੇ ਨਿੱਕੇ ਮਲੂਕ ਬੁੱਲ੍ਹ ਹਿਲਾ ਕੇ ਪਾਪਾ ਕਹਿ ਕੇ, ਸਿਰ ਨਾਂਹ ਵਿਚ ਹਿਲਾ ਕੇ, ਹੰਝੂ ਨਾ ਡੇਗਣ ਦੀ ਬੇਨਤੀ ਕਰੇ, ਯਕੀਨਨ ਇੱਕ ਵਾਰ ਇਹ ਮਹਿਸੂਸ ਕਰ

ਲੈਣ ਬਾਅਦ ਉਸ ਦੇ ਕਤਲ ਕਰਨ ਵਾਲੀ ਸੋਚ ਤੁਹਾਡੇ ਮਨ ਵਿਚ ਦੁਬਾਰਾ ਪੁੰਗਰ ਨਹੀਂ ਸਕੇਗੀ। (ਹਰਸ਼ਿੰਦਰ ਕੌਰ "ਚੁੱਪ ਦੀ ਚੀਖ਼" 297)

**ਕਾਵਿਮਈ ਸ਼ੈਲੀ:** ਕਾਵਿਮਈ ਢੰਗ ਲੇਖਕਾਂ ਦੇ ਅੰਦਰ ਲੁਕੇ ਕਵੀ ਨੂੰ ਪੇਸ਼ ਕਰਦਾ ਹੈ। ਇਸ ਖੋਜ ਕਾਰਜ ਪ੍ਰਬੰਧ ਅਧੀਨ ਆਉਂਦੇ ਨਿਬੰਧਕਾਰ ਡਾ. ਅਮਰ ਕੋਮਲ, ਪ੍ਰੋ. ਅੱਛਰੂ ਸਿੰਘ, ਡਾ. ਸੁਰਿੰਦਰ ਸਿੰਘ ਮੰਡ, ਤੇ ਡਾ. ਹਰਸ਼ਿੰਦਰ ਕੌਰ ਦੇ ਨਿਬੰਧਾਂ ਵਿਚ ਇਹ ਸ਼ੈਲੀ ਵੇਖੀ ਜਾ ਸਕਦੀ ਹੈ। ਇਹ ਇੱਕ ਅਜਿਹੀ ਜੁਗਤ ਵੀ ਕਹੀ ਜਾ ਸਕਦੀ, ਜਿਹੜੀ ਲੇਖਕ ਨੂੰ ਬਾਕੀਆਂ ਨਾਲੋਂ ਵੱਖਰੇ ਰੂਪ ਵਿਚ ਪੇਸ਼ ਕਰਦੀ ਹੈ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਲੇਖਕ ਇੱਕ ਨਿਬੰਧਕਾਰ ਹੋਣ ਦੇ ਨਾਲ-ਨਾਲ ਇੱਕ ਕਵੀ ਹੈ ਤੇ ਲੇਖਕ ਆਪਣੀ ਮਨ ਦੀ ਵੇਦਨਾ ਨੂੰ ਕਲਪਨਾ ਦਾ ਰੰਗ ਚਾੜ ਕੇ ਪਾਠਕਾਂ ਦੇ ਸਨਮੁੱਖ ਪੇਸ਼ ਕਰਦਾ ਹੈ।

**ਭਾਵਾਤਮਕ ਸ਼ੈਲੀ:** ਇਸ ਖੋਜ ਕਾਰਜ ਅਧੀਨ ਆਉਂਦੇ ਲੇਖਕਾਂ ਦੇ ਨਿਬੰਧਾਂ ਵਿਚ ਇਹ ਸ਼ੈਲੀ ਦੇਖੀ ਜਾ ਸਕਦੀ ਹੈ। ਇਹ ਸ਼ੈਲੀ ਜਿਹੜੇ ਮਨੁੱਖ ਦੇ ਮਨ ਦੇ ਭਾਵਾਂ ਨੂੰ ਬਿਆਨ ਕਰਨ ਵਾਲੀ ਹੁੰਦੀ ਹੈ। ਜੇਕਰ ਕਿਸੇ ਮਨੁੱਖ ਵਿਚ ਕਿਸੇ ਹੋਰ ਬੰਦੇ ਦੇ ਦਰਦ ਦੀ ਚੀਸ ਨੂੰ ਮਹਿਸੂਸ ਕਰਨ ਦੀ ਸ਼ਕਤੀ ਨਹੀਂ ਹੈ ਤਾਂ ਉਹ ਮਨੁੱਖ, ਮਨੁੱਖ ਨਹੀਂ, ਸਿਰਫ਼ ਇੱਕ ਮੂਰਤ ਕਹਿ ਲਓ, ਜਾਂ ਪੱਥਰ ਹੋਇਆ ਦਿਲ। ਬੱਚੇ ਦੇ ਜਨਮ ਸਮੇਂ ਮਨੁੱਖੀ ਸਰੀਰ ਵਿਚੋਂ ਇੱਕੋ ਸਮੇਂ ਵੀਹ ਹੱਡੀਆਂ ਟੁੱਟਣ ਦਾ ਦਰਦ ਇੱਕ ਮਾਂ ਨੂੰ ਬੱਚੇ ਦੇ ਜਨਮ ਸਮੇਂ ਸਹੇੜਨਾ ਪੈਦਾ ਹੈ। ਅੱਜ ਮਾਂ ਦੇ ਦਰਦ ਨੂੰ ਮਹਿਸੂਸ ਕਰਨ ਦੀ ਬਜਾਏ, ਉਸ ਨੂੰ ਹਵਸ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਡਾ. ਕਰਨੈਲ ਸਿੰਘ ਸੋਮਲ ਦੇ ਨਿਬੰਧਾਂ ਵਿਚ ਚਿਤ੍ਰਾਤਮਕ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਚਿਤ੍ਰਾਤਮਕ ਸ਼ੈਲੀ ਪਾਠਕਾਂ ਨੂੰ ਕੇਵਲ ਗਿਆਨ ਨਾਲ ਨਹੀਂ ਜੋੜਦੀ, ਸਗੋਂ ਇਹ ਪਾਠਕਾਂ ਸਾਹਮਣੇ ਇੱਕ ਚਿੱਤਰ ਪੇਸ਼ ਕਰਦੀ ਹੈ।

ਹੇਠ ਲਿਖੀ ਸਾਰਨੀ ਅਨੁਸਾਰ ਖੋਜ ਕਾਰਜ ਅਧੀਨ ਆਉਂਦੇ ਲੇਖਕਾਂ ਵੱਲੋਂ ਵਰਤੀਆਂ ਗਈਆਂ ਸ਼ੈਲੀਆਂ ਨੂੰ ਸੂਤਰਕ ਢੰਗ ਨਾਲ ਦੇਖਿਆ ਜਾ ਸਕਦਾ ਹੈ:

| ਲੜੀ ਨੰਬਰ | ਸ਼ੈਲੀਆਂ | ਡਾ. ਅਮਰ ਕੋਮਲ | ਡਾ. ਕਰਨੈਲ ਸਿੰਘ ਸੋਮਲ | ਪ੍ਰੋ. ਅੱਛਰੂ ਸਿੰਘ | ਡਾ. ਸੁਰਿੰਦਰਪਾਲ ਸਿੰਘ ਮੰਡ | ਡਾ. ਹਰਸ਼ਿੰਦਰ ਕੌਰ |
|---|---|---|---|---|---|---|
| 1 | ਵਿਚਾਰਾਤਮਕ ਸ਼ੈਲੀ | √ | √ | √ | √ | √ |
| 2 | ਚਿਤ੍ਰਾਤਮਕ ਸ਼ੈਲੀ | × | √ | × | × | × |
| 3 | ਵਿਵੇਚਨਾਤਮਕ ਸ਼ੈਲੀ | × | × | × | × | × |
| 4 | ਵਿਆਖਿਆਤਮਕ ਸ਼ੈਲੀ/ ਵਰਣਨਾਤਮਕ ਸ਼ੈਲੀ | √ | √ | √ | × | √ |
| 5 | ਭਾਸ਼ਣ ਸ਼ੈਲੀ | × | × | × | × | × |
| 6 | ਵਿਅੰਗਾਤਮਕ ਸ਼ੈਲੀ | × | √ | √ | √ | √ |
| 7 | ਭਾਵਾਤਮਕ ਸ਼ੈਲੀ | × | √ | × | √ | √ |
| 8 | ਕਾਵਿਮਈ ਸ਼ੈਲੀ | √ | × | √ | √ | √ |
| 9 | ਬਿਰਤਾਂਤਕ ਸ਼ੈਲੀ | √ | √ | √ | √ | × |
| 10 | ਨਾਟਕੀ ਸ਼ੈਲੀ | × | × | √ | × | √ |

ਉਪਰੋਕਤ ਚਰਚਾ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਵਾਰਤਕ ਦੇ ਵਿਧਾ-ਸ਼ਾਸਤਰ ਨਾਲ ਸੰਬੰਧਿਤ ਵਿਦਵਾਨਾਂ ਦੁਆਰਾ ਦੱਸੀਆਂ 10 ਸ਼ੈਲੀਆਂ ਦੀ ਵਰਤੋਂ ਨਿਬੰਧ ਰਚਨਾ ਲਈ ਕੀਤੀ ਜਾਂਦੀ ਹੈ। ਹਰ ਲੇਖਕ ਦੀ ਆਪਣੀ ਸ਼ਖ਼ਸੀਅਤ ਅਤੇ ਸ਼ੈਲੀ ਹੁੰਦੀ ਹੈ। ਹਥਲੇ ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਨੇ ਅੱਠ ਸ਼ੈਲੀਆਂ ਦੀ ਵਰਤੋਂ ਕੀਤੀ ਹੈ। ਭਾਸ਼ਣ ਸ਼ੈਲੀ ਦੀ ਵਰਤੋਂ ਕਿਸੇ ਵੀ ਨਿਬੰਧਕਾਰ ਨੇ ਨਹੀਂ ਕੀਤੀ, ਕਿਉਂਕਿ ਭਾਸ਼ਣ ਸ਼ੈਲੀ ਦੀ ਵਰਤੋਂ ਭਾਵੇਂ ਵਾਰਤਕ ਵਿਚ ਹੁੰਦੀ ਹੈ, ਪਰ ਸਾਹਿਤਕ ਨਿਬੰਧਾਂ ਵਿਚ ਇਹ ਅਕੇਵਾਂ ਭਰ ਦਿੰਦੀ ਹੈ।

ਜੇਕਰ ਕਿਸੇ ਨੇਤਾ ਆਦਿ ਦੀ ਜੀਵਨੀ ਜਾਂ ਸਵੈ-ਜੀਵਨੀ ਹੋਵੇ ਤਾਂ ਉਸ ਵਿਚ ਅਜਿਹੀ ਸ਼ੈਲੀ ਦੀ ਵਰਤੋਂ ਕੀਤੀ ਜਾਂਦੀ ਹੈ। ਸਾਹਿਤਕ ਨਿਬੰਧਾਂ ਵਿਚ ਇਸ ਸ਼ੈਲੀ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਚਿਤ੍ਰਾਤਮਕ ਸ਼ੈਲੀ ਦੀ ਵਰਤੋਂ ਵੀ ਸਿਰਫ਼ ਕਰਨੈਲ ਸਿੰਘ ਸੋਮਲ ਨੇ ਕੀਤੀ ਹੈ। ਹਥਲੇ ਲੇਖਕਾਂ ਦੇ ਨਿਬੰਧ ਜ਼ਿਆਦਾਤਰ ਵਿਚਾਰਾਂ ਨਾਲ ਸੰਬੰਧਿਤ ਹਨ। ਇਸ ਲਈ ਵਿਚਾਰਾਤਮਕ ਸ਼ੈਲੀ ਦੀ ਵਧੇਰੇ ਵਰਤੋਂ ਕਰਦੇ ਹਨ। ਵਾਰਤਕ ਦੇ ਮਾਮਲੇ ਵਿਚ ਨਾਟਕੀ ਸ਼ੈਲੀ ਦੀ ਵਰਤੋਂ ਅੱਛਰੂ ਸਿੰਘ ਤੇ ਹਰਸ਼ਿੰਦਰ ਕੌਰ ਨੇ ਕੀਤੀ ਹੈ।

**ਕਲਾ-ਜੁਗਤਾਂ:** ਹੁਣ ਤਕ ਦੇ ਕਲਾ ਪੱਖ ਅਧਿਐਨ ਵਿਚ ਇਹ ਸਪਸ਼ਟ ਹੋ ਚੁੱਕਾ ਹੈ ਕਿ ਵਿਧਾ-ਸ਼ਾਸਤਰੀ ਅਧਿਐਨ ਕਰਦੇ ਸਮੇਂ ਵਿਸ਼ੇ ਦੇ ਨਾਲ-ਨਾਲ ਕਲਾ ਪੱਖ ਅਧਿਐਨ ਬਹੁਤ ਮਹੱਤਵਪੂਰਨ ਹੈ। ਵਾਰਤਕ ਦੀ ਰੋਚਿਕਤਾ ਤੇ ਜਿੰਨਾ ਪ੍ਰਭਾਵ ਸ਼ੈਲੀ ਉੱਤੇ ਨਿਰਭਰ ਕਰਦਾ ਹੈ, ਉਸ ਤੋਂ ਵੀ ਵਧੇਰੇ ਲੇਖਕ ਵੱਲੋਂ ਵਰਤੀਆਂ ਗਈਆਂ ਕਲਾਤਮਕ ਜੁਗਤਾਂ ਦੁਆਰਾ ਵੀ ਪੈਂਦਾ ਹੈ। ਨਿਬੰਧਾਂ ਵਿਚ ਵਰਤੀਆਂ ਗਈਆਂ ਇਹ ਜੁਗਤਾਂ, ਪਾਠਕਾਂ ਨੂੰ ਜਿੱਥੇ ਨੀਰਸਤਾ ਤੋਂ ਬਚਾਉਂਦੀਆਂ ਹਨ, ਉੱਥੇ ਨਾਲ ਹੀ ਉਨ੍ਹਾਂ ਦੇ ਗਿਆਨ ਵਿਚ ਚੌਗੁਣਾ ਵਾਧਾ ਵੀ ਕਰਦੀਆਂ ਹਨ। ਲੇਖਕਾਂ ਵੱਲੋਂ ਵਰਤੀਆਂ ਗਈਆਂ ਪ੍ਰਮੁੱਖ ਜੁਗਤਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਡਾ.ਅਮਰ ਕੋਮਲ ਨੇ ਆਪਣੇ ਨਿਬੰਧਾਂ ਵਿਚ ਅਖਾਣ/ਮੁਹਾਵਰੇ, ਧਾਰਮਿਕ ਹਵਾਲੇ, ਇਤਿਹਾਸਕ ਹਵਾਲੇ, ਮਹਾਨ ਵਿਦਵਾਨਾਂ ਦੀਆਂ ਸਾਕਾਰਾਤਮਕ ਦ੍ਰਿਸ਼ਟੀਕੋਣ ਪੇਸ਼ ਕਰਨ ਵਾਲੀਆਂ ਉਦਾਹਰਨਾਂ, ਕਾਵਿਮਈ ਜੁਗਤਾਂ, ਨਾਟਕੀ ਅੰਸ਼, ਲਤੀਫ਼ੇ ਆਦਿ ਦੀ ਵਰਤੋਂ ਕਰਦਾ ਹੈ। ਜ਼ਿਆਦਾਤਰ ਲੇਖਕ ਦੇ ਨਿਬੰਧਾਂ ਵਿਚ ਕਹਾਵਤਾਂ ਅਤੇ ਇਤਿਹਾਸਕ ਹਵਾਲਿਆਂ ਦੀ ਵਰਤੋਂ ਕੀਤੀ ਗਈ ਹੈ। ਲੇਖਕ ਅਨੁਸਾਰ ਮਨੁੱਖ ਦੇ ਚੰਗੇ ਜਾ ਭੈੜੇ ਵਿਅਕਤਿਤਵ ਦਾ ਪਤਾ, ਉਸ ਦੇ ਗੱਲਬਾਤ ਕਰਨ ਦੇ ਢੰਗ ਤਰੀਕੇ ਤੋਂ ਪਹਿਚਾਇਆ ਜਾ ਸਕਦਾ ਹੈ ਕਿ ਸਾਹਮਣੇ ਵਾਲਾ ਕਿਹੋ ਜਿਹੇ ਗੁਣਾਂ ਦਾ ਧਾਰਨੀ ਹੈ। ਅਮਰ ਕੋਮਲ ਆਪਣੇ ਨਿਬੰਧ 'ਤ੍ਰੈ-ਗੁਣ' ਵਿਚ ਕਹਾਵਤ ਦਾ

ਹਵਾਲਾ ਦਿੰਦਾ ਸਮਝਾਉਣਾ ਦਾ ਜਤਨ ਕਰਦਾ ਹੈ, ਆਤਮਾ ਸਰੀਰ ਭਾਵੇਂ ਬਦਲ ਲਵੇ, ਪਰ ਆਦਤਾਂ ਲੱਖਾਂ ਯਤਨ ਕਰਨ ਨਾਲ ਵੀ ਨਹੀਂ ਲੁਕਦੀਆਂ।

'ਇਸ਼ਕ ਮੁਸ਼ਕ ਤੇ ਧੂੰਆਂ, ਹਜ਼ਾਰਾਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਲਕੋਏ ਨਹੀਂ ਜਾ ਸਕਦੇ'

'ਗੁੱਝੀ ਰਹੇ ਨਾ ਹੀਰ ਹਜ਼ਾਰਾ ਵਿਚੋਂ '। (''ਪੰਚਵਟੀ ਦੇ ਅੰਦਰ ਬਾਹਰ'' 63)

**ਇਤਿਹਾਸਕ ਹਵਾਲੇ:-** ਲੇਖਕ ਅਨੁਸਾਰ ਬਚਨ ਬਿਲਾਸ ਵਿਚ ਬਹੁਤ ਤਾਕਤ ਹੁੰਦੀ ਹੈ। ਸਿਆਣੇ ਕਹਿੰਦੇ ਹਨ ਲੜਦੇ ਤਾਂ ਸਿਰਫ਼ ਮੂਰਖ ਤੇ ਕ੍ਰੋਧੀ ਵਿਅਕਤੀ ਹੁੰਦੇ ਹਨ। ਸਮਝਦਾਰ ਵਿਅਕਤੀ ਤਾਂ ਹਮੇਸ਼ਾ ਬਚਨ ਬਿਲਾਸ ਕਰਦੇ ਹਨ। ਲੇਖਕ ਆਪਣੇ ਨਿਬੰਧ 'ਬਚਨ ਬਿਲਾਸ' ਵਿਚ ਬਚਨ ਬਿਲਾਸ ਦੀ ਮਹੱਤਤਾ ਦੱਸਦਾ ਹੈ। ਬਚਨ ਬਿਲਾਸ ਦਾ ਸਲੀਕਾ ਸਤਿਕਾਰ ਵਾਲਾ, ਮਿੱਠਾ, ਅਤੇ ਮਨ ਨੂੰ ਜਿੱਤਣ ਵਾਲਾ ਹੋਣਾ ਚਾਹੀਦਾ ਹੈ:

> ਇਤਿਹਾਸ ਦੱਸਦਾ ਹੈ ਕਿ ਯੁੱਧ ਭਿਆਨਕ ਲੜਾਈਆਂ ਕਬਜ਼ੇ ਕਰਨ ਦੀਆਂ ਨੀਤੀਆਂ ਅਤੇ ਲੁੱਟਾਂ ਮਾਰਾਂ ਦੀਆਂ ਵਾਰਦਾਤਾਂ ਪਿੱਛੋਂ ਕੇਵਲ ਤਬਾਹੀ ਅਤੇ ਲੋਕਤਾ ਦਾ ਖ਼ੂਨ ਵੀਟਣ ਦੇ ਮੰਜਰ ਹੀ ਸਾਹਮਣੇ ਆਉਂਦੇ ਹਨ। ਜਿੱਤਣ ਵਾਲਾ ਕਦੇ ਚੈਨ ਨਹੀਂ ਪ੍ਰਾਪਤ ਕਰਦਾ। ਲੱਖਾਂ ਲੋਕਾਂ ਨੂੰ ਮਰਵਾਉਣ ਵਾਲਾ ਅਸ਼ੋਕ ਆਖ਼ਰ ਨੀਂਦ ਵਿਚ ਚੀਕਾਂ ਮਾਰਦਾ ਹੈ, ਪ੍ਰੰਤੂ ਜਿਨ੍ਹਾਂ ਸਿਕੰਦਰਾਂ ਨੇ ਦੁਨੀਆ ਨੂੰ ਜਿੱਤਣ ਦਾ ਫ਼ੈਸਲਾ ਕੀਤਾ, ਉਹ ਬਚਨ ਬਿਲਾਸ ਨੂੰ ਤਰਸਦੇ ਖ਼ਾਲੀ ਹੱਥ ਚਲੇ ਗਏ, ਪ੍ਰੰਤੂ ਔਰੰਗਜ਼ੇਬ ਵਰਗੇ ਜ਼ਾਲਮ ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ ਜ਼ਫ਼ਰਨਾਮੇ ਵਿਚ ਪੇਸ਼ ਕੀਤਾ, ਬਚਨ ਬਿਲਾਸ ਨੂੰ ਪੜ੍ਹ ਕੇ ਹੀ ਪਛਤਾਵੇ ਦੀ ਅੱਗ ਵਿਚ ਸੜਦੇ ਹਨ। (ਕੋਮਲ ''ਬਚਨ ਬਿਲਾਸ'' 97)

ਲੇਖਕ 'ਚੜ੍ਹਦੀ ਕਲਾ ਦਾ ਸੰਕਲਪ' ਨਿਬੰਧ ਵਿਚ ਕੁਝ ਉਦਾਹਰਨਾਂ ਰਾਹੀ ਮਨੁੱਖ ਨੂੰ ਸਾਕਾਰਾਤਮਕ ਸੋਚ ਦਾ ਧਾਰਨੀ ਬਣਾਉਣ ਦਾ ਸੰਦੇਸ਼ ਦਿੰਦਾ ਹੈ:

> ਅਲਬਰਟ ਆਈਸਟੀਨ ਜਰਮਨ ਵਿਗਿਆਨੀ ਸੀ। ਜਿਸ ਨੂੰ ਗਣਿਤ ਤੋਂ ਬਗੈਰ ਹੋਰ ਕੁੱਝ ਨਹੀਂ ਸੀ ਆਉਂਦਾ। ਇਸ ਲਈ ਉਹ ਡਿਪਲੋਮਾ ਵੀ ਨਾ ਕਰ ਸਕੇ ਤੇ ਮਜਬੂਰਨ ਕਲਰਕ ਦੀ ਨੌਕਰੀ ਕੀਤੀ। ਮੁੱਢਲੇ ਸਮੇਂ ਵਿਚ ਆਪ ਇੱਕ ਅਸਫਲ ਵਿਅਕਤੀ ਸੀ, ਪ੍ਰੰਤੂ ਆਪ ਨੇ ਹਿੰਮਤ ਨਾ ਹਾਰੀ ਤੇ ਖੋਜ ਕਾਰਜ ਕਰਦੇ ਰਹੇ ਤੇ 1929 ਈ. ਨੂੰ ਫ਼ੋਟੋ ਇਲੈਕਟ੍ਰਿਕ ਇਫੇਕਟ ਦੇ ਕਾਰਨ ਆਪ ਨੂੰ ਨੋਬਲ ਪੁਰਸਕਾਰ ਮਿਲਿਆ ਸੀ। ਇਸ ਪ੍ਰਕਾਰ ਥਾਮਸ ਏਡੀਸਨ ਸਿਰਫ਼ 14 ਸਾਲ ਤੱਕ ਪੜ੍ਹਿਆ, ਪਰ ਸਾਕਾਰਾਤਮਕ ਸੋਚ ਸਦਕਾ ਤੇ ਮਿਹਨਤ ਤੇ ਸਦਕਾ ਹਜ਼ਾਰਾ ਅਸਫਲ ਤਜਰਬਿਆਂ ਤੋਂ ਬਾਅਦ ਬਿਜਲੀ ਦਾ ਬਲਬ ਬਣਾਇਆ। (ਕੋਮਲ ''ਸਰੋਕਾਰ ਤੇ ਸੰਕਲਪ'' 121-122)

ਡਾ. ਕਰਨੈਲ ਸਿੰਘ ਸੋਮਲ: ਗੁਰਬਾਣੀ ਦੀਆਂ ਟੂਕਾਂ ਅਤੇ ਵੱਖ-ਵੱਖ ਲੇਖਕਾਂ ਦੇ ਵਿਚਾਰ, ਮੁਹਾਵਰਿਆਂ, ਅਖਾਉਤਾਂ, ਕਹਾਣੀਆਂ, ਕਾਵਿਮਈ ਜੁਗਤਾਂ ਦੀ ਵਰਤੋਂ ਕਰਦਾ ਹੈ।

- ਗੁਰਬਾਣੀ ਦਾ ਹਵਾਲਾ: ਫ਼ਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ। (ਸੋਮਲ ''ਜ਼ਿੰਦਗੀ ਦੀ ਰੌਣਕ" 37)
- ਅਖਾਉਤਾਂ: ਤਾਲੋ ਖੁੰਝੀ ਡੂਮਣੀ ਗਾਵੇ ਆਲ-ਪਤਾਲ। (ਸੋਮਲ ''ਜ਼ਿੰਦਗੀ ਦੀ ਰੌਣਕ" 58)
- ਕਹਾਵਤਾਂ : ਨਵੇਂ-ਨਵੇਂ ਮਿੱਤ ਨੀਂ, ਪੁਰਾਣੇ ਕੀਹਦੇ ਚਿੱਤ ਨੀ। (ਸੋਮਲ ''ਜ਼ਿੰਦਗੀ ਦੀ ਰੌਣਕ" 63)

ਕਰਨੈਲ ਸਿੰਘ ਸੋਮਲ ' ਜ਼ਿੰਦਗੀ ਉਤਸਵ ਹੈ ਉਤਸ਼ਾਹ ਸਦਕਾ' ਨਿਬੰਧ ਵਿਚ ਪ੍ਰੇਰਨਾ ਮਈ ਉਦਾਹਰਨਾਂ ਪੇਸ਼ ਕਰਦਾ ਹੈ:

- ਲਿੰਕਨ ਦੀ ਕਾਇਆ ਕਲਪ ਜਗਤ ਵਾਸ਼ਿੰਗਟਨ ਦੀ ਜੀਵਨੀ ਨੇ ਕੀਤੀ।
- ਰਾਜਾ ਬਰੂਸ ਨੂੰ ਮੱਕੜੀ ਦੇ ਇੱਕ ਕੀੜੇ 'ਤੇ ਪ੍ਰੇਰਨਾ ਮਿਲੀ। (ਸੋਮਲ ''ਫੁੱਲਾਂ ਨੇ ਅਜੇ ਖਿੜਨਾ ਨਹੀਂ ਛੱਡਿਆ" 11)

ਪ੍ਰੋ. ਅੱਛਰੂ ਸਿੰਘ ਆਪਣੇ ਨਿਬੰਧਾਂ ਵਿਚ ਇਤਿਹਾਸ, ਮਿਥਿਹਾਸ ਦੀਆਂ ਉਦਾਹਰਨਾਂ ਰਾਹੀਂ, ਧਾਰਮਿਕ ਹਵਾਲੇ, ਨਿੱਕੀਆਂ-ਨਿੱਕੀਆਂ ਕਹਾਣੀਆਂ ਦੇ ਹਵਾਲੇ ਰਾਹੀਂ, ਵਿਦਵਾਨਾਂ ਦੇ ਵਿਚਾਰਾਂ ਰਾਹੀ, ਅਖਾਣਾਂ, ਮੁਹਾਵਰਿਆਂ ਰਾਹੀਂ ਆਪਣੇ ਨਿਬੰਧਾਂ ਵਿਚ ਰਸ ਭਰਦਾ ਹੋਇਆ ਤਰਕ ਸਿਰਜਦਾ ਹੈ। ਲੇਖਕ ਦੇ ਨਿਬੰਧਾਂ ਵਿਚ ਵਧੇਰੇ ਕਰ ਕੇ ਗੁਰਬਾਣੀ ਦੇ ਹਵਾਲੇ, ਕਹਾਵਤਾਂ ਅਤੇ ਪ੍ਰੇਰਨਾਮਈ ਨਿਬੰਧਾਂ ਵਿਚ ਉਦਾਹਰਨ ਦੀ ਜ਼ਿਆਦਾ ਵਰਤੋਂ ਕੀਤੀ ਗਈ ਹੈ। ਲੇਖਕ 'ਸਾਡਾ ਪੰਜਵਾਂ ਵੇਦ-ਲੋਕ ਵੇਦ' ਨਿਬੰਧ ਵਿਚ ਅਖਾਣਾਂ ਦੇ ਹਵਾਲੇ ਪੇਸ਼ ਕਰਦਾ ਹੈ:

- ਭੋਜਨ, ਭਜਨ, ਖ਼ਜ਼ਾਨਾ ਨਾਰੀ, ਚਾਰੇ ਪਰਦੇ ਦੇ ਅਧਿਕਾਰੀ।
- ਵਾਰਿਸ ਰੰਨ, ਫ਼ਕੀਰ, ਤਲਵਾਰ, ਘੋੜਾ, ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀਂ। (ਅੱਛਰੂ ਸਿੰਘ ''ਜੀਵਨ ਬਾਤਾਂ" 8)

ਲੇਖਕ ਅਨੁਸਾਰ ਮਨ ਉੱਪਰ ਜਿੱਤ ਪ੍ਰਾਪਤ ਕਰਨ ਨਾਲ ਹੀ ਮਨੁੱਖ ਇਸ ਸੰਸਾਰ ਉੱਪਰ ਜਿੱਤ ਪ੍ਰਾਪਤ ਕਰ ਸਕਦਾ ਹੈ।

'ਮਨ ਤੂੰ ਜੋਤਿ ਸਰੂਪੁ ਹੈ

ਆਪਣਾ ਮੂਲ ਪਛਾਣੁ।। (ਅੱਛਰੂ ਸਿੰਘ ''ਜੀਵਨ ਦੇ ਰੰਗ'' 2)

ਗੁਰੂ ਅਮਰਦਾਸ ਜੀ ਵੀ ਮਨੁੱਖ ਦੇ ਮਨ ਨੂੰ ਰੱਬ ਦੀ ਜੋਤ ਦਾ ਹਿੱਸਾ ਸਵੀਕਾਰਦੇ ਹਨ।

ਸਮਕਾਲੀ ਮਨੁੱਖ ਅਸਲ ਜੀਵਨ ਜਾਚ ਭੁੱਲ ਕੇ ਦਿਨ ਰਾਤ ਧਨ ਇਕੱਠਾ ਕਰਨ ਵੱਲ ਜੁੜਿਆ ਹੋਇਆ ਹੈ ਪਰ ਮਨੁੱਖ ਇਹ ਭੁੱਲ ਜਾਂਦਾ ਹੈ ਕਿ ਨਾਮ ਸਿਮਰਨ ਅਤੇ ਮਾਣ-ਮਰਿਆਦਾ ਤੋਂ ਸੱਖਣੇ ਸੋਹਣੇ ਘਰ ਤੇ ਮਹਿਲ ਮੁਨਾਰਿਆਂ ਨਾਲੋਂ, ਉਹ ਝੁੱਗੀ ਵਧੇਰੇ ਚੰਗੀ ਹੈ, ਜਿੱਥੇ ਪਰਮਾਤਮਾ ਦੇ ਨਾਮ ਹੀ ਮਹਿਮਾ ਗਾਈ ਜਾਂਦੀ ਹੈ। ਲੇਖਕ 'ਸੋਹਣਾ ਘਰ' ਨਿਬੰਧ ਵਿਚ ਗੁਰਬਾਣੀ ਦੇ ਹਵਾਲੇ ਰਾਹੀ ਮਨੁੱਖ ਨੂੰ ਪ੍ਰੇਰਦਾ ਹੋਇਆ ਸਵਰਗ ਰੂਪੀ ਘਰ ਦਾ ਚਿੱਤਰ ਪੇਸ਼ ਕਰਦਾ ਹੈ:

- 'ਭਲੀ ਸੁਹਾਵੀ ਛਪਰੀ ਜਾ ਮਹਿ ਗੁਨ ਗਾਏ।।

  ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ'॥ (ਅੱਛਰੂ ਸਿੰਘ ''ਸਿੱਖ ਧਰਮ ਅਤੇ ਜੀਵਨ- ਦਰਸ਼ਨ'' 200)

ਡਾ. ਸੁਰਿੰਦਰਪਾਲ ਸਿੰਘ ਮੰਡ ਆਪਣੇ ਨਿਬੰਧਾਂ ਵਿਚ ਕਾਵਿਮਈ ਜੁਗਤਾਂ, ਇਤਿਹਾਸਕ ਹਵਾਲੇ, ਪਾਠਕਾਂ ਨੂੰ ਨੀਰਸਤਾ ਤੋਂ ਬਚਾਉਣ ਲਈ ਨਿੱਕੀ ਕਹਾਣੀ ਸੁਣਾਉਂਦਾ ਹੈ। ਲੇਖਕ ਪਾਠਕਾਂ ਦਾ ਧਿਆਨ ਕੇਂਦਰਿਤ ਕਰਦਾ ਹੋਇਆ ਲੋਕ ਗੀਤਾਂ ਆਦਿ ਦੀ ਵਰਤੋਂ ਕਰਦਾ ਹੈ। ਸੁਰਿੰਦਰਪਾਲ ਸਿੰਘ ਮੰਡ ਆਪਣੇ ਨਿਬੰਧ 'ਵੱਡੇ ਅਸਰ ਵਾਲੀਆਂ ਨਿੱਕੀਆਂ ਗੱਲਾਂ' ਵਿਚ ਜ਼ਿੰਦਗੀ ਵਿਚ ਨਿੱਕੀ ਜਿਹੀ ਘਟਨਾ ਦੀ ਮਹੱਤਤਾ ਨੂੰ ਬਿਆਨਦਾ ਹੈ:

> ਮਹਾਤਮਾ ਬੁੱਧ, ਜਿਸ ਨੇ ਚੀਨ, ਜਪਾਨ, ਮਲੇਸ਼ੀਆ, ਹਾਂਗਕਾਂਗ, ਥਾਈਲੈਂਡ, ਕੋਰੀਆ ਆਦਿ ਮੁਲਕਾਂ ਵਿਚ ਬਹੁ ਗਿਣਤੀ ਲੋਕ ਪੈਰੋਕਾਰ ਹਨ। ਉਸ ਰਾਜਕੁਮਾਰ ਨੂੰ ਮਹਾਤਮਾ ਬੁੱਧ ਤਕ

ਪਹੁੰਚਾਉਣ ਵਿਚ ਇੱਕ ਨਿੱਕੀ ਜਿਹੀ ਘਟਨਾ ਦਾ ਹੀ ਹੱਥ ਸੀ, ਜਦ ਉਸ ਨੇ ਇੱਕ ਬਜ਼ੁਰਗ ਨੂੰ ਮੁਸ਼ਕਲ ਨਾਲ ਤੁਰਦਿਆਂ ਫਿਰਦਿਆਂ ਅਤੇ ਇੱਕ ਲਾਸ਼ ਨੂੰ ਸ਼ਮਸ਼ਾਨ ਘਾਟ ਵੱਲ ਲਿਜਾਂਦਿਆਂ ਦੇਖਿਆ। ਵੈਸੇ ਤਾਂ ਇਹ ਇੱਕ ਆਮ ਗੱਲ ਹੀ ਸੀ, ਪਰ ਉਸ ਨੇ ਇਸ ਪਿੱਛੋਂ ਜੀਵਨ ਬਾਰੇ ਗਹਿਰਾਈ ਨਾਲ ਸੋਚ ਵਿਚਾਰ ਕਰਨ ਅਤੇ ਲੋਕਾਈ ਨੂੰ ਰਾਹ ਵਿਖਾਉਣ ਦਾ ਰਸਤਾ ਚੁਣ ਲਿਆ। ਉਦੋਂ ਭਾਵੇਂ ਇਹ ਬਿਖੜਾ ਪੈਂਡਾ ਸੀ, ਪਰ ਮਗਰੋਂ ਉਹ ਇੱਕ ਰਿਆਸਤ ਦਾ ਰਾਜਾ ਨਾ ਹੋ ਕੇ ਸਦਾ ਲਈ ਲੋਕਾਂ ਦੇ ਦਿਲਾਂ ਤੇ ਰਾਜ ਕਰਨ ਲੱਗਾ ।(ਮੰਡ ''ਜਿਊਣ ਦਾ ਸਲੀਕਾ'' 87-88)

ਡਾ. ਹਰਸ਼ਿੰਦਰ ਕੋਰ ਆਪਣੇ ਨਿਬੰਧਾਂ ਵਿਚ ਗੁਰਬਾਣੀ ਦੀਆਂ ਟੂਕਾਂ, ਕਹਾਣੀਆਂ ਦੇ ਜਰੀਏ, ਕੋਈ ਹੱਡ ਬੀਤੀ ਸੁਣਾ ਕੇ, ਕਾਵਿ ਜੁਗਤਾਂ, ਇਤਿਹਾਸਕ ਹਵਾਲਿਆਂ ਨਾਲ ਗੱਲ ਕਰਦੀ ਹੈ। ਲੇਖਿਕਾ ਦੇ ਨਿਬੰਧਾਂ ਵਿਚ ਵਧੇਰੇ ਕਰ ਕੇ ਕਾਵਿਮਈ ਜੁਗਤਾਂ ਅਤੇ ਇਤਿਹਾਸਕ ਹਵਾਲੇ ਆਦਿ ਦੀ ਵਰਤੋਂ ਵਧੇਰੇ ਕੀਤੀ ਗਈ ਹੈ।

ਲੇਖਿਕਾ ਅਨੁਸਾਰ ਅੱਜ ਦੀ ਔਰਤ ਤਾਂ ਪੜ੍ਹ ਲਿਖ ਕੇ ਆਪਣੇ ਪੈਰਾਂ ਦੀ ਜੁੱਤੀ ਬਣਨ ਦੀ ਬਜਾਏ, ਮਰਦ ਨਾਲ ਮੋਢੇ ਨਾਲ ਮੋਢਾ ਜੋੜ ਕੇ ਖਲੋਤੀ ਹੈ, ਫਿਰ ਉਹ ਕਮਜ਼ੋਰ ਕਿਵੇਂ ਹੋ ਸਕਦੀ ਹੈ?

- ਮੁਸ਼ਕਲ ਇਸ ਦੁਨੀਆ ਮੈਂ ਕੁੱਝ ਭੀ ਨਹੀਂ,

  ਫਿਰ ਭੀ ਲੋਕ ਅਪਨੇ ਇਰਾਦੇ ਤੋੜ ਦੇਤੇ ਹੈ।

  ਗ਼ਰ ਸੱਚੇ ਦਿਲ ਸੇ ਕੀ ਹੋ ਕੋਸ਼ਿਸ਼ ਤੋਂ,

  ਸਿਤਾਰੇ ਭੀ ਅਪਨੀ ਜਗ੍ਹਾ ਛੋੜ ਦੇਤੇ ਹੈ। (ਹਰਸ਼ਿੰਦਰ ''ਚੁੱਪ ਦੀ ਚੀਖ਼''65)

ਰੱਬੀ ਤਾਕਤ ਨਾਲ ਨਿਵਾਜ ਕੇ ਪਰਮਾਤਮਾ ਨੇ ਅਥਾਹ ਤਾਕਤ ਭਰ ਕੇ ਭੇਜਿਆ। ਔਰਤ ਨੂੰ ਸੰਸਾਰ ਤੇ ਸਰੀਰਕ ਪੱਖ ਮਜ਼ਬੂਤ ਕਰਨ ਲਈ ਸਕੂਲਾਂ ਵਿਚ ਜੂਡੋ ਕਰਾਟੇ ਲਾਜ਼ਮੀ ਕੀਤੇ ਜਾ ਸਕਦੇ ਹਨ। ਲੇਖਿਕਾ ਸਿੱਖ ਇਤਿਹਾਸ ਦੇ ਹਵਾਲੇ ਨਾਲ ਸਮਝਾਉਂਦੀ ਹੈ ਬੱਸ ਲੋੜ ਹੈ ਆਪਣਿਆਂ ਇਰਾਦਿਆਂ ਨੂੰ ਮਜ਼ਬੂਤ ਕਰ ਕੇ ਹਰ ਮੁਸ਼ਕਲ ਦਾ ਡਟ ਕੇ ਸਾਹਮਣਾ ਕਰਨ ਦੀ।

> ਸਾਡੇ ਇਤਿਹਾਸ ਵਿਚ ਰਾਣੀ ਝਾਂਸੀ ਤੇ ਮਾਈ ਭਾਗੋ ਨੇ ਮੈਦਾਨੇ ਜੰਗ ਵਿਚ ਡਟ ਕੇ ਬਹਾਦਰੀ ਵਿਖਾ ਦਿੱਤੀ ਸੀ, ਉਹ ਵੀ ਉਸ ਸਮੇਂ ਔਰਤ ਦਾ ਰੁਤਬਾ ਪੈਰ ਦੀ ਜੁੱਤੀ ਤੋਂ ਵੱਧ ਨਹੀਂ ਸੀ ਹੁੰਦਾ। (ਹਰਸ਼ਿੰਦਰ ''ਚੁੱਪ ਦੀ ਚੀਖ਼''65)

ਹੇਠ ਲਿਖੀ ਸਾਰਨੀ ਅਨੁਸਾਰ ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਵੱਲੋਂ ਵਰਤੀਆਂ ਗਈਆਂ ਕਲਾਤਮਕ ਜੁਗਤਾਂ ਨੂੰ ਸੂਤਰਕ ਢੰਗ ਨਾਲ ਦੇਖਿਆ ਜਾ ਸਕਦਾ ਹੈ:

| ਲੜੀ ਨੰਬਰ | ਕਲਾ ਜੁਗਤਾਂ | ਡਾ. ਅਮਰ ਕੋਮਲ | ਡਾ. ਕਰਨੈਲ ਸਿੰਘ ਸੋਮਲ | ਪ੍ਰੋ. ਅੱਛਰੂ ਸਿੰਘ | ਡਾ. ਸੁਰਿੰਦਰਪਾਲ ਸਿੰਘ ਮੰਡ | ਡਾ. ਹਰਸ਼ਿੰਦਰ ਕੌਰ |
|---|---|---|---|---|---|---|
| 1 | ਇਤਿਹਾਸਕ ਹਵਾਲੇ | √ | √ | √ | √ | √ |
| 2 | ਧਾਰਮਿਕ ਹਵਾਲੇ | √ | √ | √ | × | √ |
| 3 | ਵਿਦਵਾਨਾਂ ਦੇ ਹਵਾਲੇ | √ | √ | √ | √ | √ |
| 4 | ਕਾਵਿਮਈ ਜੁਗਤਾਂ | √ | √ | √ | √ | √ |
| 5 | ਅਖਾਣ ਮੁਹਾਵਰੇ | √ | √ | √ | × | × |
| 6 | ਨਾਟਕੀ ਅੰਸ਼ | × | × | √ | × | √ |
| 7 | ਕਹਾਣੀਆਂ | √ | √ | √ | √ | √ |
| 8 | ਲਤੀਫ਼ੇ | × | × | √ | × | √ |

ਉਪਰੋਕਤ ਚਰਚਾ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਹਥਲੇ ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਨੇ ਅੱਠ ਜੁਗਤਾਂ ਦੀ ਪ੍ਰਮੁੱਖ ਰੂਪ ਵਿਚ ਵਰਤੋਂ ਕੀਤੀ ਹੈ। ਜਿਹੜੀ ਕਲਾ ਜੁਗਤ ਦੀ ਵਰਤੋਂ ਸਾਰੇ ਨਿਬੰਧਕਾਰਾਂ ਨੇ ਕੀਤੀ ਹੈ ਉਹ ਹੈ, ਵਿਦਵਾਨਾਂ ਦੇ ਹਵਾਲੇ ਤੇ ਕਾਵਿਮਈ ਜੁਗਤਾਂ ਨਾਲ ਗੱਲ ਕੀਤੀ ਹੈ ਕਿਉਂਕਿ ਨਿਬੰਧ ਵਿਚ ਗੱਲ ਨੂੰ ਤਰਕ ਰਾਹੀਂ ਪੇਸ਼ ਕਰਨਾ ਹੁੰਦਾ ਹੈ। ਤਰਕ ਨੂੰ ਸਹੀ ਠਹਿਰਾਉਣ ਜਾਂ ਪੁਸ਼ਟੀ ਕਰਨ ਲਈ ਉਸ ਖੇਤਰ ਦੇ ਪ੍ਰਮਾਣਿਕ ਵਿਦਵਾਨਾਂ ਦੇ ਕਥਨ ਪੇਸ਼ ਕਰਨੇ ਜ਼ਰੂਰੀ ਹੁੰਦੇ ਹਨ। ਨਿਬੰਧਾਂ ਨੂੰ ਰੋਚਿਕਤਾ ਪ੍ਰਦਾਨ ਕਰਨ ਲਈ ਕਾਵਿਮਈ ਜੁਗਤਾਂ ਦੀ ਵਰਤੋਂ ਮੁੱਖ ਰੂਪ ਵਿਚ ਕੀਤੀ ਹੈ। ਨਿਬੰਧਾਂ ਵਿਚ ਨਾਟਕੀ ਸ਼ੈਲੀ ਦਾ ਪ੍ਰਯੋਗ ਸਿਰਫ਼ ਅੱਛਰੂ ਸਿੰਘ ਅਤੇ ਹਰਸ਼ਿੰਦਰ ਕੌਰ ਦੁਆਰਾ ਹੀ ਕੀਤਾ ਗਿਆ ਹੈ। ਧਾਰਮਿਕ ਹਵਾਲਿਆਂ ਦੀ ਵਰਤੋਂ ਪ੍ਰਮੁੱਖ ਰੂਪ ਵਿਚ ਚਾਰ ਨਿਬੰਧਕਾਰਾਂ ਵੱਲੋਂ ਕੀਤੀ ਗਈ ਹੈ।

ਹਥਲੇ ਖੋਜ-ਪ੍ਰਬੰਧ ਦੇ ਇਹਨਾਂ ਨਿਬੰਧਕਾਰਾਂ ਦੇ ਸਮੁੱਚੇ ਨਿਬੰਧਾਂ ਦੇ ਵਿਸ਼ਿਆਂ ਦਾ ਤੁਲਨਾਤਮਕ ਅਧਿਐਨ ਤੋਂ ਬਾਅਦ ਇਹ ਸਿੱਟਾ ਨਿਕਲਦਾ ਹੈ:

❖ ਇਹ ਨਿਬੰਧਕਾਰ ਸਮਕਾਲ ਦੇ ਪ੍ਰਮੁੱਖ ਮਸਲਿਆਂ ਬਾਰੇ ਨਿਬੰਧ ਲਿਖਦੇ ਹਨ। ਵਿਸ਼ੇ ਪੱਖੋਂ ਇਹਨਾਂ ਨਿਬੰਧਕਾਰਾਂ ਦੀ ਸਾਂਝ ਇਹ ਹੈ ਕਿ ਜਿਹੜੇ ਵਿਸ਼ੇ ਕੱਢੇ ਹਨ, ਉਨ੍ਹਾਂ ਬਾਰੇ ਨਿਬੰਧਕਾਰਾਂ ਨੇ ਜੋ ਰਚਨਾ ਕੀਤੀ ਹੈ, ਉਸ ਵਿਚ ਇਹ ਉੱਭਰ ਕੇ ਸਾਹਮਣੇ ਆਇਆ ਹੈ ਕਿ ਸਾਰੇ ਨਿਬੰਧਕਾਰਾਂ ਨੂੰ ਇੱਕੋ ਜਿਹੀਆਂ ਸਮੱਸਿਆਵਾਂ ਹੀ ਸਮੱਸਿਆਵਾਂ ਲੱਗਦੀਆਂ ਹਨ। ਵਿਸ਼ੇ ਪੱਖੋਂ ਸਾਂਝ 'ਚ ਘਾਟ ਇਹ ਹੈ ਕਿ ਇਹਨਾਂ ਨੇ ਨੌਜਵਾਨ ਪੀੜ੍ਹੀ, ਉਸ ਦੀਆਂ ਮਾਨਸਿਕ ਸਮੱਸਿਆਵਾਂ ਬਾਰੇ ਨਿਬੰਧ ਨਹੀਂ ਲਿਖੇ, ਉਨ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਤੇ ਲੋੜਾਂ ਨੂੰ ਪੇਸ਼ ਨਹੀਂ ਕੀਤਾ।

❖ ਜੇਕਰ ਦ੍ਰਿਸ਼ਟੀਕੋਣ ਬਾਰੇ ਕੀਤੀ ਜਾਵੇ ਤਾਂ ਉਹ ਇਹ ਹੈ, ਕਿ ਇਹ ਨਿਬੰਧਕਾਰ ਸਾਂਝੀ ਗੱਲ ਕਰਦੇ ਹਨ। ਇਹਨਾਂ ਦਾ ਦ੍ਰਿਸ਼ਟੀਕੋਣ ਪ੍ਰਗਤੀਵਾਦੀ ਨਿਕਲਦਾ ਹੈ ਤੇ ਇਹਨਾਂ ਦੀ ਸੋਚ ਮਾਨਵਵਾਦੀ ਹੈ।

❖ ਪਰਵਾਸ, ਇਸ ਵੇਲੇ ਦੇਸ਼ ਦੀ ਸਭ ਤੋਂ ਵੱਡੀ ਸਮੱਸਿਆ ਬਣਿਆ ਹੋਇਆ ਹੈ, ਪਰ ਇਹਨਾਂ ਵਿਚੋਂ ਕੋਈ ਵੀ ਨਿਬੰਧਕਾਰ ਇਸ ਬਾਰੇ ਨਹੀਂ ਲਿਖ ਰਿਹਾ। ਇਹ ਸਮਕਾਲ ਬਾਰੇ ਲਿਖ ਰਹੇ ਹਨ, ਪਰ ਪੰਜਾਬ ਵਿਚ ਪਰਵਾਸ ਬਾਰੇ ਰਚਨਾਵਾਂ ਨਹੀਂ ਮਿਲਦੀਆਂ ਹਨ।

❖ ਨਿਬੰਧ ਲਿਖਣ ਸਮੇਂ ਪ੍ਰਮੁੱਖ ਰੂਪ ਵਿਚ ਦਸ ਸ਼ੈਲੀਆਂ ਮੰਨੀਆਂ ਜਾਂਦੀਆਂ ਹਨ। ਇਹਨਾਂ ਨਿਬੰਧਕਾਰਾਂ ਵੱਲੋਂ ਇੱਕ ਭਾਸ਼ਣੀ ਸੈਲੀ ਦੀ ਵਰਤੋਂ ਨਾ-ਮਾਤਰ ਬਰਾਬਰ ਹੈ, ਉਸ ਦੇ ਕਾਰਨ ਇਹ ਹਨ ਕਿਉਂਕਿ ਵਾਰਤਕ ਵਿਚ ਭਾਸ਼ਣੀ ਸ਼ੈਲੀ ਉੱਥੇ ਵਰਤੀ ਜਾਂਦੀ ਹੈ, ਜਦੋਂ ਤੁਸੀਂ ਕਿਸੇ ਦੇ ਜੀਵਨ ਬਾਰੇ ਲਿਖ ਰਹੇ ਹੋ ਖ਼ਾਸ ਕਰ ਕੇ ਨੇਤਾ ਬਾਰੇ, ਜਿਹੜਾ ਭਾਸ਼ਣ ਦਿੰਦਾ ਹੈ, ਨਿਬੰਧਾਂ ਵਿਚ ਕੋਈ ਭਾਸ਼ਣ ਨਹੀਂ ਦਿੰਦਾ, ਸਿਰਫ਼ ਵਿਚਾਰ ਪੇਸ਼ ਕੀਤੇ ਜਾਂਦੇ ਹਨ, ਇਸ ਕਰ ਕੇ ਇਹ ਇਸ ਸ਼ੈਲੀ ਦੀ ਵਰਤੋਂ ਨਹੀਂ ਕਰਦੇ। ਜ਼ਿਆਦਾਤਰ ਇਹ ਵਿਚਾਰਾਤਮਕ ਸ਼ੈਲੀ ਦੀ ਵਰਤੋਂ ਕਰਦੇ ਹਨ। ਉਸ ਦਾ ਮੁੱਖ ਕਾਰਨ ਇਹ ਹੈ ਕਿ ਇਹ ਵਿਚਾਰਾਂ ਬਾਰੇ ਗੱਲ ਕਰਦੇ ਹਨ। ਜ਼ਿਆਦਾ ਨਿਬੰਧ ਜੋ ਮਨ ਨਾਲ ਸੰਬੰਧਿਤ ਹਨ, ਕਿ ਮਨ ਵਿਚ ਵਿਚਾਰ ਕਿਵੇਂ ਪੈਦਾ ਹੁੰਦੇ ਹਨ ਆਦਿ ਬਾਰੇ ਹਨ।

❖ ਵਿਚਾਰਾਤਮਕ ਸ਼ੈਲੀ ਉਹ ਹੈ ਜਿਸ ਵਿਚ ਵਿਚਾਰ ਪੇਸ਼ ਕਰਨੇ ਹਨ।ਜਦੋਂ ਇਹ ਸਮਾਜ ਬਾਰੇ ਗੱਲਾਂ ਕਰਦੇ ਹਨ, ਇਸ ਵਿਚ ਇਹ ਇਸ ਸ਼ੈਲੀ ਦੀ ਵਰਤੋਂ ਕਰਦੇ ਹਨ।ਵਿਆਖਿਆ ਤੇ ਵਰਣਨ ਇਹਨਾਂ ਦੀਆਂ ਮੂਲ ਸ਼ੈਲੀਆਂ ਨੇ ਕਿਉਂਕਿ ਵਾਰਤਕ ਦਾ ਅਰਥ ਹੀ ਵਿਆਖਿਆ ਕਰਨਾ ਹੈ। ਵਾਰਤਕ ਦਾ ਜਨਮ ਹੀ ਵਿਆਖਿਆ ਕਰਨ ਚੋਂ ਉਪਜਿਆ ਹੈ। ਜੇਕਰ ਮੱਧਕਾਲ ਦੀ ਗੱਲ ਕਰੀਏ, ਉਹ ਸਾਰੀ

ਵਿਆਖਿਆਮਈ ਹੈ। ਇਸ ਕਰ ਕੇ ਇਹ ਚੀਜ਼ਾਂ ਬਾਰੇ ਵਰਣਨ ਕਰਦੇ ਨੇ, ਵਿਆਖਿਆ ਕਰਦੇ ਹਨ ਤੇ ਇਸ ਸ਼ੈਲੀ ਦੀ ਵਰਤੋਂ ਵਧੇਰੇ ਕਰਦੇ ਹਨ।

- ਸਾਰੇ ਨਿਬੰਧਕਾਰ ਬਿਰਤਾਂਤਕ ਸ਼ੈਲੀ ਦੀ ਵਰਤੋਂ ਵੀ ਕਰਦੇ ਹਨ ਕਿਉਂਕਿ ਆਪਣੇ ਜ਼ਿੰਦਗੀ ਦੇ ਤਜਰਬਿਆਂ ਤੇ ਅਨੁਭਵਾਂ ਨੂੰ ਕਹਾਣੀਆਂ ਨੂੰ ਵਿਚਾਰਾਂ ਦਾ ਜਾਮਾ ਪਹਿਨਾ ਕੇ ਪਾਠਕਾਂ ਦੇ ਸਾਹਮਣੇ ਪੇਸ਼ ਕਰਦੇ ਹਨ, ਜੋ ਕਿ ਨਿਬੰਧ ਦਾ ਲੱਛਣ ਵੀ ਹੈ, ਇਸ ਲਈ ਇਹ ਬਿਰਤਾਂਤਕ ਸ਼ੈਲੀ ਦੀ ਵਰਤੋਂ ਕਰਦੇ ਹਨ ਤੇ ਵਿਅੰਗ ਵੀ ਕਰਦੇ ਹਨ।

- ਇਹਨਾਂ ਸ਼ੈਲੀਆਂ ਵਿਚ ਘਾਟ ਇਹ ਹੈ ਕਿ ਇਸ ਵੇਲੇ ਸੋਸ਼ਲ ਮੀਡੀਆ ਤੇ Content Writing ਦਾ ਢੰਗ ਇਹ ਹੈ, ਕਿ ਬਹੁਤ ਸੰਖੇਪ ਸ਼ਬਦਾਂ ਵਿਚ ਤੇ ਬਹੁਤ ਜਾਣਕਾਰੀ ਭਰਪੂਰ ਗੱਲ ਦੱਸਣੀ। ਉਹ ਸ਼ੈਲੀ ਇਹਨਾਂ ਕੋਲ ਨਹੀਂ ਹੈ, ਭਾਵੇਂ ਇਸ ਸ਼ੈਲੀ ਦਾ ਪੁਸਤਕਾਂ ਵਿਚ ਕੋਈ ਨਾਮਕਰਨ ਨਹੀਂ ਹੋਇਆ ਹੈ, ਪਰ ਕਿਹਾ ਜਾ ਸਕਦਾ ਹੈ ਕਿ ਸੋਸ਼ਲ ਮੀਡੀਆ ਦੀਆਂ ਦੋ ਮਹੱਤਵਪੂਰਨ ਸਾਈਟਸ ਵਟਸਅਪ ਤੇ ਫੇਸ ਬੁੱਕ ਹਨ, ਜਿੱਥੇ ਇਸ ਸ਼ੈਲੀ ਦਾ ਜਨਮ ਹੋ ਚੁੱਕਿਆ ਹੈ। ਉਹ ਸ਼ੈਲੀ ਇਹਨਾਂ ਨਿਬੰਧਕਾਰਾਂ ਦੀਆਂ ਲਿਖਤਾਂ ਵਿਚ ਨਹੀਂ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਇਹ ਲੇਖਕ ਸੋਸ਼ਲ ਮੀਡੀਆ ਨਾਲ ਪੂਰੇ ਤੌਰ ਤੇ ਨਹੀਂ ਜੁੜੇ ਹੋਣਾ ਵੀ ਹੈ।

- ਕਲਾ-ਜੁਗਤਾਂ ਦਾ ਜ਼ਿਆਦਾ ਸੰਬੰਧ ਸ਼ੈਲੀਆਂ ਨਾਲ ਹੁੰਦਾ ਹੈ ਤੇ ਇਨ੍ਹਾਂ ਨਿਬੰਧਕਾਰਾਂ ਦੀਆਂ ਰਚਨਾਵਾਂ ਵਿਚ ਪ੍ਰਮੁੱਖ ਰੂਪ ਵਿਚ ਅੱਠ ਪ੍ਰਕਾਰ ਦੀਆਂ ਕਲਾ-ਜੁਗਤਾਂ ਦੀ ਵਰਤੋਂ ਮਿਲਦੀ ਹੈ। ਨਾਟਕੀ ਸ਼ੈਲੀ ਦੀ ਵਰਤੋਂ ਨਾ ਮਾਤਰ ਹੈ, ਜਿਸ ਕਰ ਕੇ ਨਾਟਕੀ ਜੁਗਤ ਦੀ ਵਰਤੋਂ ਵੀ ਨਾ ਮਾਤਰ ਹੈ। ਲਤੀਫ਼ੇ ਇਸ ਕਰ ਕੇ ਨਾ ਮਾਤਰ ਹਨ ਕਿਉਂਕਿ ਉਹ ਕੋਈ ਹਾਸ ਭਰਪੂਰ ਗੱਲ ਨਹੀਂ ਕਰਦੇ। ਨਿਬੰਧ ਗੰਭੀਰਤਾ ਭਰਪੂਰ ਹਨ।ਉਹ ਬਿਰਤਾਂਤਕ ਸ਼ੈਲੀ ਦੀ ਵਰਤੋਂ ਕਰਦੇ ਹਨ ਕਿਉਂਕਿ ਉਹ ਆਪਣੇ ਜੀਵਨ ਦੇ ਅਨੁਭਵ ਪੇਸ਼

ਕਰਦੇ ਹਨ ਤੇ ਕਹਾਣੀਆਂ ਨੂੰ ਜੁਗਤਾਂ ਵਜੋਂ ਵਰਤਦੇ ਹਨ। ਉਹ ਕਹਾਣੀਆਂ, ਉਨ੍ਹਾਂ ਦੀ ਜ਼ਿੰਦਗੀ ਦੀਆਂ ਵੀ ਹਨ ਤੇ ਉਹ ਲੋਕ ਕਹਾਣੀਆਂ ਵੀ ਹਨ। ਜ਼ਿਆਦਾ ਨਿਬੰਧ ਜੀਵਨ ਜੁਗਤਾਂ ਤੇ ਮਨੋਵਿਗਿਆਨ ਨਾਲ ਸੰਬੰਧਿਤ ਹਨ, ਜਿਸ ਕਾਰਨ ਉਹ ਜ਼ਿਆਦਾਤਰ, ਵਿਦਵਾਨਾਂ ਦੇ ਹਵਾਲਿਆਂ ਦੀ ਵਰਤੋਂ ਦੇ ਨਾਲ-ਨਾਲ ਧਾਰਮਿਕ ਹਵਾਲਿਆਂ ਦੀ ਵਰਤੋਂ ਵੀ ਕਰਦੇ ਹਨ।

- ਇਨ੍ਹਾਂ ਦੇ ਇਹ ਸਾਂਝੇ ਵਿਚਾਰਧਾਰਾਈ ਸੁਨੇਹੇ ਲੋਕ ਕਲਿਆਣ ਲਈ ਸਾਰਥਕ ਤਾਂ ਹੀ ਹਨ, ਜੇਕਰ ਹਰ ਵਰਗ ਆਪਣੀ ਸੋਚ ਬਦਲ ਕੇ ਸੁਝਾਵਾਂ ਉੱਪਰ ਅਮਲ ਕਰੇ।ਹਰ ਨਿਬੰਧਕਾਰ ਦਾ ਮੂਲ ਮੰਤਵ ਲੋਕ ਧਰਤ ਤੇ ਬੇਗਮਪੁਰ ਸਥਾਪਿਤ ਕਰਨਾ ਹੈ।

- ਭਾਸ਼ਾ ਸਾਹਿਤ ਦੀ ਅਭਿਵਿਅਕਤੀ ਕਲਾ ਦਾ ਸੁੰਦਰ ਨਰੋਆ ਅਤੇ ਮੌਲਿਕ ਸਾਧਨ ਹੈ। ਹਰ ਨਿਬੰਧਕਾਰ ਦੀ ਨਿਬੰਧ ਸਿਰਜਣ ਦਾ ਮਾਧਿਅਮ ਭਾਸ਼ਾ ਸਾਹਿਤਕ ਸਮਾਸੀ ਪ੍ਰਤੀਕ, ਅੰਲਕਾਰਕ ਸ਼ਬਦਾਂ ਦੀ ਉਪਯੋਗਤਾ ਅਨੁਸਾਰ ਲਿਖੀ ਗਈ ਹੈ। ਹਰ ਨਿਬੰਧਕਾਰ ਦੇ ਵਿਚਾਰਾਤਮਕ ਸੁਨੇਹੇ ਆਪਣੇ ਹਨ, ਪ੍ਰੰਤੂ ਹਰ ਇੱਕ ਦੀ ਕਥਨ ਲਿਖਣ ਅਥਵਾ ਅਭਿਵਿਅਕਤੀ ਕਲਾ ਦੀ ਸ਼ੈਲੀ ਆਪਣੀ-ਆਪਣੀ ਹੈ।

ਇਨ੍ਹਾਂ ਨਿਬੰਧਾਂ ਦੀ ਵਿਸ਼ੇਸ਼ਤਾ, ਇਨ੍ਹਾਂ ਦੇ ਰਚਨਾਤਮਕ ਮੰਤਵਾਂ, ਮੌਲਿਕ ਉਦੇਸ਼ਾਂ ਅਤੇ ਵਿਗਿਆਨਕ ਦ੍ਰਿਸ਼ਟੀ ਦੇ ਪਸਾਰ ਦਾ ਮੰਤਵ, ਲਕਸ਼ ਦੀ ਪ੍ਰਾਪਤੀ ਹੈ। ਅੰਤਿਮ ਵਿਚਾਰਧਾਰਾ ਕੋਈ ਨਹੀਂ ਹੁੰਦੀ, ਫਿਰ ਵੀ ਸਮੁੱਚੇ ਨਿਬੰਧਕਾਰਾਂ ਨੇ ਆਪਣੇ-ਆਪਣੇ ਵਿਚਾਰਾਤਮਕ ਮੰਤਵਾਂ ਦੀ ਪੂਰਤੀ ਕਰਨ ਦੇ ਜਤਨ ਕੀਤੇ ਹਨ।

## ਨਿਸ਼ਕਰਸ਼

ਮੁੱਢ ਕਦੀਮ ਤੋਂ ਹੀ ਮਨੁੱਖ ਵਿਚ ਆਪਣੇ ਨਿੱਜੀ ਅਨੁਭਵਾਂ, ਆਪਣਿਆਂ ਤਜਰਬਿਆਂ ਅਤੇ ਭਾਵਨਾਵਾਂ ਨੂੰ ਸਾਂਝਾਂ ਕਰਨ ਦੀ ਰੁਚੀ ਰਹੀ ਹੈ। ਇਸ ਅਭਿਵਿਅਕਤ ਕਰਨ ਦੀ ਰੁਚੀ ਨੂੰ ਸੰਤੁਸ਼ਟ ਕਰਨ ਲਈ, ਮਨੁੱਖ ਕਈ ਤਰ੍ਹਾਂ ਦੇ ਢੰਗ, ਤਰੀਕੇ ਅਪਣਾਉਂਦਾ ਹੈ। ਪੰਜਾਬੀ ਸਾਹਿਤ ਵਿਚ ਪਦ ਅਤੇ ਗੱਦ ਅਜਿਹੇ ਦੋ ਪ੍ਰਮੁੱਖ ਸਾਹਿਤ ਰੂਪ ਹਨ, ਜਿਨ੍ਹਾਂ ਰਾਹੀਂ ਉਹ ਆਪਣੇ ਆਪੇ ਦਾ ਪ੍ਰਗਟਾ ਕਰਦਾ ਹੈ।

ਮੁੱਢਲੇ ਦੌਰ ਵਿਚ, ਜਦੋਂ ਮਨੁੱਖੀ ਬੁੱਧੀ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਈ ਸੀ, ਉਦੋਂ ਮਨੁੱਖ ਭਾਵਕੁਤਾ ਤੇ ਕਲਪਨਾ ਦੇ ਅਧੀਨ ਸੀ, ਉਦੋਂ ਕਾਵਿਮਈ ਸਾਹਿਤ ਉਪਜਿਆ। ਜਿਵੇਂ-ਜਿਵੇਂ ਮਨੁੱਖੀ ਜੀਵਨ ਗੁੰਝਲਦਾਰ ਤੇ ਜਟਿਲ ਹੁੰਦਾ ਗਿਆ, ਤਿਵੇਂ-ਤਿਵੇਂ ਮਨੁੱਖੀ ਮਨ ਦੇ ਪ੍ਰਗਟਾ ਲਈ ਨਵੇਂ ਸਾਹਿਤ ਰੂਪਾਂ ਦਾ ਵਿਕਾਸ ਹੋਇਆ। ਮੁੱਢਲੇ ਦੌਰ ਵਿਚ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕਵਿਤਾ ਵਧੇਰੇ ਉਪਜੀ। ਇਸ ਦੌਰਾਨ, ਜੇਕਰ ਵਾਰਤਕ ਦੀ ਥੋੜ੍ਹੀ ਬਹੁਤ ਰਚਨਾ ਹੋਈ ਵੀ ਹੈ ਤਾਂ ਉਸ ਦਾ ਮਹੱਤਵ ਧਾਰਮਿਕ ਪੱਖੋਂ ਹੀ ਵਧੇਰੇ ਮੰਨਿਆ ਜਾਂਦਾ ਹੈ।

ਪੱਛਮੀ ਸਾਹਿਤ ਦੇ ਪ੍ਰਭਾਵ ਸਦਕਾ 19 ਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿਚ ਪੰਜਾਬੀ ਸਾਹਿਤ ਦੇ ਕਈ ਨਿਵੇਕਲੇ ਰੂਪਾਂ ਦਾ ਜਨਮ ਹੋਇਆ, ਜਿਨ੍ਹਾਂ ਵਿਚ ਪ੍ਰਮੁੱਖ ਰੂਪ ਵਿਚ ਨਿਬੰਧ, ਸਵੈ-ਜੀਵਨੀ, ਲੇਖ ਅਤੇ ਸਫ਼ਰਨਾਮਾ ਵਧੇਰੇ ਪ੍ਰਸਿੱਧ ਹੋਏ। ਇਹਨਾਂ ਵਾਰਤਕ ਰੂਪਾਂ ਤੋਂ ਇਲਾਵਾ ਸਮਕਾਲੀ ਦੌਰ ਵਿਚ ਵਾਰਤਕ ਦੇ ਹੋਰ ਰੂਪ ਜਿਵੇਂ ਰੇਖਾ ਚਿੱਤਰ, ਸੰਸਮਰਣ, ਮੁਲਾਕਾਤਾਂ, ਡਾਇਰੀ, ਰਿਪੋਰਤਾਜ ਅਤੇ ਚਿੱਠੀਆਂ ਆਦਿ ਨੇ ਵੀ ਆਪਣੀ ਵੱਖਰੀ ਪਛਾਣ ਸਥਾਪਿਤ ਕੀਤੀ ਹੈ।

ਸਾਹਿਤ ਦੀ ਹਰ ਵਿਧਾ ਦਾ ਸੰਬੰਧ ਮਾਨਸਿਕ ਪ੍ਰਕਿਰਿਆ ਨਾਲ ਹੈ। ਕਵਿਤਾ ਜਿੱਥੇ ਮਨੁੱਖੀ ਮਨ ਦੇ ਵਲਵਲਿਆਂ ਨੂੰ ਪੇਸ਼ ਕਰਦੀ ਹੈ, ਉੱਥੇ ਵਾਰਤਕ ਵਿਚ ਬੁੱਧੀ ਤੱਤ ਵੀ ਸ਼ਾਮਿਲ ਹੁੰਦਾ ਹੈ ਤੇ ਪਾਠਕ ਕਲਾ-ਪੱਖ ਦੇ ਨਾਲ-ਨਾਲ ਬੌਧਿਕਤਾ ਨੂੰ ਵੀ ਮਾਣ ਸਕਦਾ ਹੈ। ਸਾਹਿਤ ਇੱਕ ਕਲਾ ਹੈ। ਇਸ ਕਲਾ ਦਾ ਮੁੱਖ ਉਦੇਸ਼

ਸਿਰਜਣਾਤਮਕ ਤੇ ਸੁਹਜਾਤਮਕ ਦ੍ਰਿਸ਼ਟੀਕੋਣ ਨੂੰ ਪੇਸ਼ ਕਰਨਾ ਹੈ ਅਤੇ ਭਾਸ਼ਾ ਦੇ ਮਾਧਿਅਮ ਰਾਹੀਂ ਇਹ ਲੋਕ ਮਾਨਸ ਦੇ ਅੰਦਰ ਦੀਆਂ ਸੁੱਚੀਆਂ ਤੇ ਉਸਾਰੂ ਕਦਰਾਂ-ਕੀਮਤਾਂ ਦਾ ਨਿਰਮਾਣ ਕਰਵਾਉਂਦਾ ਹੈ।

ਨਿਬੰਧ ਵਾਰਤਕ ਦੀਆਂ ਆਧੁਨਿਕ ਵਿਧਾਵਾਂ ਵਿਚੋਂ ਸਭ ਤੋਂ ਵਧੇਰੇ ਪ੍ਰਚਲਿਤ ਵਿਧਾ ਹੈ।'ਨਿਬੰਧ' ਸ਼ਬਦ ਅੰਗਰੇਜ਼ੀ ਸ਼ਬਦ ਦਾ ਪਰਿਆਇਵਾਚੀ ਹੈ, ਜਿਸ ਦਾ ਅਰਥ ਹੈ ਜਤਨ ਜਾਂ ਪ੍ਰੀਖਿਆ। ਹਿੰਦੀ ਵਿਚ ਇਸ ਦੇ ਲਈ ਨਿਬੰਧ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ,ਹੈ ਜੋ ਸੰਸਕ੍ਰਿਤ ਦੇ ਧਾਤੂ 'ਬੰਧ' ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਬੰਨ੍ਹਣਾ, ਇਕੱਠਾ ਕਰਨਾ ਅਤੇ ਗੁੰਦਣਾ ਆਦਿ। ਪ੍ਰੰਤੂ ਜਿਵੇਂ-ਜਿਵੇਂ ਸਮਾਂ ਬਦਲਿਆ ਇਹਨਾਂ ਬਦਲਦੀਆਂ ਪ੍ਰਸਥਿਤੀਆਂ ਦੇ ਕਾਰਨ ਨਿਬੰਧ ਸ਼ਬਦ ਦੇ ਅਰਥਾਂ ਵਿਚ ਵੀ ਪਰਿਵਰਤਨ ਆਉਂਦਾ ਰਿਹਾ। ਨਿਬੰਧ ਦਾ ਆਰੰਭ ਫਰਾਂਸੀਸੀ ਵਿਦਵਾਨ ਮੋਨਤੇਨ ਦੇ 1580 ਵਿਚ ਲਿਖੇ ਆਤਮ, ਵਿਵੇਚਨਾਤਮਕ, ਦਾਰਸ਼ਨਿਕ ਅਤੇ ਨੀਤੀ ਸੰਬੰਧੀ ਲੇਖਾਂ ਤੋਂ ਮੰਨਿਆ ਜਾਂਦਾ ਹੈ, ਪਰ ਅਜੋਕੇ ਸਮੇਂ ਵਿਚ ਨਿਬੰਧ ਤੋਂ ਭਾਵ ਉਹ ਰਚਨਾ ਨਹੀਂ ਸਮਝੀ ਜਾਂਦੀ, ਜੋ ਉਸ ਦੇ ਜਨਮਦਾਤਾ ਮੋਨਤੇਨ ਸਮੇਂ ਸਮਝੀ ਜਾਂਦੀ ਸੀ। ਸਮੇਂ ਦੀ ਬਦਲਦੀਆਂ ਪ੍ਰਸਥਿਤੀਆਂ ਕਾਰਨ ਨਿਬੰਧ ਸ਼ਬਦ ਦੇ ਅਰਥਾਂ ਵਿਚ ਨਿਰੰਤਰ ਬਦਲਾਅ ਆਇਆ ਹੈ। ਵਸਤੂ ਅਤੇ ਅਭਿਵਿਅਕਤੀ ਦੋਹਾਂ ਖੇਤਰਾਂ ਵਿਚ ਇਸ ਦੀ ਧਾਰਨਾ ਬਦਲਦੀ ਰਹੀ ਹੈ।

ਹੁਣ ਨਿਬੰਧ ਨੂੰ ਅਨਿਸ਼ਚਿਤ ਤੇ ਅਕਾਰ ਪੱਖੋਂ ਅਧੂਰੀ ਰਚਨਾ ਦੀ ਬਜਾਏ, ਲੜੀਬੱਧ ਸੰਗਠਿਤ ਅਤੇ ਆਪਣੇ ਆਪ ਵਿਚ ਪੂਰਨ ਰਚਨਾ ਮੰਨਿਆ ਜਾਂਦਾ ਹੈ। ਵੱਖ-ਵੱਖ ਵਿਦਵਾਨਾਂ ਨੇ ਆਪਣੇ-ਆਪਣੇ ਸਮੇਂ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਇਸ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ, ਪਰ ਨਿਰੰਤਰ ਪਰਿਵਰਤਨ ਦੇ ਸਿੱਟੇ ਵਜੋਂ। ਇਸਦੀ ਕੋਈ ਠੋਸ ਪਰਿਭਾਸ਼ਾ ਨਿਸ਼ਚਿਤ ਨਹੀਂ ਕੀਤੀ ਜਾ ਸਕੀ। ਕਠਨਾਈ ਕਿਤੇ ਨਾ ਕਿਤੇ ਅੱਜ ਵੀ ਦਿਖਾਈ ਦਿੰਦੀ ਹੈ। ਅਜੋਕੇ ਦੌਰ ਵਿਚ ਪ੍ਰਚਲਿਤ ਨਿਬੰਧ ਨੂੰ ਧਿਆਨ ਵਿਚ ਰੱਖਦਿਆਂ ਇਸ ਦੇ ਸਰੂਪ ਬਾਰੇ ਕਿਹਾ ਜਾ ਸਕਦਾ ਹੈ ਕਿ ਨਿਬੰਧ ਆਧੁਨਿਕ ਸਾਹਿਤ ਦੀ ਇੱਕ ਸੁਤੰਤਰ ਤੇ ਉਚੇਰੀ ਸਮਰੱਥਾ ਵਾਲੀ ਅਜਿਹੀ ਸੰਖੇਪ

ਗੱਦ ਵਿਧਾ ਹੈ, ਜਿਸ ਰਾਹੀਂ ਨਿਬੰਧਕਾਰ ਕਿਸੇ ਵੀ ਵਿਸ਼ੇ ਨਾਲ ਸੰਬੰਧਿਤ ਆਪਣੇ ਵਿਚਾਰਾਂ ਅਤੇ ਨਿੱਜੀ ਭਾਵਾਂ ਨੂੰ ਢੁਕਵੀਂ ਸ਼ੈਲੀ ਰਾਹੀਂ ਪ੍ਰਗਟ ਕਰਦਾ ਹੈ ਤੇ ਜਿਸ ਤੇ ਨਿਬੰਧਕਾਰ ਦੇ ਨਿੱਜਤਵ ਦੀ ਛਾਪ ਲੱਗੀ ਹੁੰਦੀ ਹੈ।ਬਾਕੀ ਸਾਹਿਤ ਰੂਪ ਜਿਵੇਂ ਕਵਿਤਾ, ਨਾਵਲ, ਨਾਟਕ, ਸਵੈ ਜੀਵਨੀ, ਕਹਾਣੀ, ਸਫ਼ਰਨਾਮਾ ਆਦਿ ਦਾ ਆਪਣਾ ਸੰਗਠਿਤ ਰੂਪ ਹੈ। ਜਿੱਥੋਂ ਤੱਕ ਨਿਬੰਧ ਵਿਧਾ ਦੇ ਅਧਾਰ ਤੇ ਤੱਤਾਂ ਤੇ ਵਿਚਾਰ ਕਰਦੇ ਹਾਂ ਤਾਂ, ਇਸ ਦੀ ਰਚਨਾ ਸੰਗਠਨ ਵਿਚ ਵਿਅਕਤਿਤਵ ਦੀ ਛਾਪ, ਵਿਚਾਰਾਂ, ਭਾਵਾਂ ਤੇ ਕਲਪਨਾ ਦਾ ਸੁਮੇਲ, ਭਾਸ਼ਾ ਅਤੇ ਸ਼ੈਲੀ-ਤੱਤ ਸ਼ਾਮਿਲ ਹੁੰਦੇ ਹਨ, ਜੋ ਇਸ ਨੂੰ ਇੱਕ ਵਿਲੱਖਣ ਵਿਧਾ ਵਜੋਂ ਸਥਾਪਿਤ ਕਰਦੇ ਹਨ।

ਜਿੱਥੋਂ ਤੱਕ ਨਿਬੰਧਕਾਰੀ ਦੀ ਉਤਪਤੀ ਅਤੇ ਵਿਕਾਸ ਦਾ ਸਵਾਲ ਸਾਹਮਣੇ ਆਉਂਦਾ ਹੈ ਤਾਂ ਇਹ ਉੱਨ੍ਹੀਵੀਂ ਸਦੀ ਦੇ ਅਖੀਰ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਜਨਮਿਆਂ ਹੈ। ਪੰਜਾਬੀ ਸਾਹਿਤ ਵਿਚ ਨਿਬੰਧ ਵਿਧਾ ਦੀ ਉਪਜ ਲਈ ਈਸਾਈ ਮਿਸ਼ਨਰੀਆਂ ਅਤੇ ਸਿੰਘ ਸਭਾ ਲਹਿਰ ਨੇ ਭੂਮੀ ਤਿਆਰ ਕੀਤੀ ਤੇ ਇਹਨਾਂ ਲਹਿਰਾਂ ਨੇ ਆਪਣੇ ਧਰਮ ਪ੍ਰਚਾਰ ਹਿਤ ਕੱਢੇ ਟ੍ਰੈਕਟਾਂ, ਪੱਤਰਾਂ ਅਤੇ ਅੰਗਰੇਜ਼ਾਂ ਵੱਲੋਂ ਵਿੱਦਿਅਕ ਲੋੜਾਂ ਦੀ ਪੂਰਤੀ ਪਾਠ-ਪੁਸਤਕਾਂ ਨੇ ਪੰਜਾਬੀ ਨਿਬੰਧ ਦਾ ਮੁੱਢ ਬੰਨ੍ਹਣ ਵਿਚ ਅਹਿਮ ਭੂਮਿਕਾ ਨਿਭਾਈ। ਸ਼ਰਧਾ ਰਾਮ ਫਿਲੌਰੀ ਅਤੇ ਬਿਹਾਰੀ ਲਾਲਪੁਰੀ ਨੇ ਨਿਬੰਧ ਵਿਧਾ ਆਧੁਨਿਕ ਸਰੂਪ ਨੇ ਨੇੜੇ ਲਿਆਉਣ ਵਿਚ ਮੋਢੀਆਂ ਵਾਲਾ ਸਥਾਨ ਰੱਖਦੇ ਹਨ। ਪ੍ਰੋ. ਪੂਰਨ ਸਿੰਘ ਦੀ ਪੁਸਤਕ 'ਖੁੱਲ੍ਹੇ ਲੇਖ' ਦੇ ਪ੍ਰਕਾਸ਼ਕ ਨਾਲ ਪੰਜਾਬੀ ਵਿਚ ਮੌਲਿਕ ਨਿਬੰਧ ਸਿਰਜਣ ਦੀ ਪਰਤ ਪਈ। ਉਸ ਤੋਂ ਬਾਅਦ ਪ੍ਰਿੰ: ਤੇਜਾ ਸਿੰਘ, ਬਲਬੀਰ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਆਦਿ ਪ੍ਰਸਿੱਧ ਨਿਬੰਧਕਾਰਾਂ ਨੇ ਪੰਜਾਬੀ ਨਿਬੰਧ ਨੂੰ ਵਿਸ਼ੇ ਤੇ ਕਲਾ ਦੇ ਪੱਖ ਤੋਂ ਵਿਸਤਾਰਿਆ। ਉਨ੍ਹਾਂ ਨੇ ਸਮਾਜਿਕ, ਧਰਮ ਦਰਸ਼ਨ ਦੇ ਵਿਸ਼ਿਆਂ ਅਤੇ ਵਿਗਿਆਨਕ ਵਿਸ਼ਿਆਂ ਨੂੰ ਆਪਣੇ ਨਿਬੰਧਾਂ ਦਾ ਅਧਾਰ ਬਣਾ ਕੇ ਨਿਬੰਧ ਰਚਨਾ ਕੀਤੀ।

ਵੱਖ-ਵੱਖ ਸਮੇਂ ਤੇ ਵਿਭਿੰਨ ਵਿਦਵਾਨਾਂ ਨੇ ਨਿਬੰਧ ਨੂੰ ਪਰਿਭਾਸ਼ਿਤ ਕਰਨ ਦੇ ਢੁਕਵੇਂ ਯਤਨ ਕੀਤੇ। ਸਮਕਾਲ ਵਿਚ ਨਿਬੰਧ ਇੱਕ ਅਜਿਹਾ ਸੁਤੰਤਰ ਤੇ ਆਧੁਨਿਕ ਰੂਪ ਬਣ ਗਿਆ ਹੈ, ਜਿਸ ਰਾਹੀਂ ਲੇਖਕ ਕਿਸੇ ਵੀ

ਵਿਸ਼ੇ ਸੰਬੰਧੀ ਆਪਣੇ ਮਨ ਦੇ ਭਾਵਾਂ ਤੇ ਵਿਚਾਰਾਂ ਨੂੰ ਢੁਕਵੀਂ ਸ਼ੈਲੀ ਰਾਹੀਂ ਪ੍ਰਗਟਾ ਸਕਦਾ ਹੈ ਅਤੇ ਲੇਖਕ ਦੇ ਨਿੱਜਤਵ ਦੀ ਛਾਪ ਸਪਸ਼ਟ ਤੌਰ ਤੇ ਲੱਗੀ ਹੁੰਦੀ ਹੈ।

ਸਮਕਾਲ ਨੂੰ ਗਿਆਨ-ਵਿਗਿਆਨ ਦਾ ਦੌਰ ਕਿਹਾ ਜਾ ਸਕਦਾ ਹੈ ਤੇ ਗਿਆਨ ਵਿਗਿਆਨ ਨੂੰ ਢੁਕਵੇਂ ਰੂਪ ਵਿਚ ਪੇਸ਼ ਕਰਨ ਲਈ ਨਿਬੰਧ ਢੁਕਵੀਂ ਵਿਧਾ ਹੈ। ਕਿਸੇ ਵੀ ਵਿਧਾ ਦੀ ਰਚਨਾ ਸੰਗਠਨ ਕਰਨ ਵਿਚ, ਕੁੱਝ ਵਿਸ਼ੇਸ਼ ਤੱਤਾ ਦਾ ਯੋਗਦਾਨ ਹੁੰਦਾ ਹੈ, ਜੋ ਉਸ ਵਿਧਾ ਦੀ ਸੰਪੂਰਨ ਉਸਾਰੀ ਵਿਚ ਅਧਾਰ ਸਮਗਰੀ ਵਜੋਂ ਆਪਣਾ ਯੋਗਦਾਨ ਪਾਉਂਦੇ ਹਨ। ਇਸ ਖੋਜ ਕਾਰਜ ਦਾ ਵਿਸ਼ਾ 'ਪੰਜਾਬੀ ਨਿਬੰਧਕਾਰੀ: ਵਿਧਾ-ਸ਼ਾਸਤਰੀ ਅਧਿਐਨ (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ) ਵਿਚ ਹੈ। ਜਿਸ ਅਨੁਸਾਰ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਪੰਜ ਚੋਣਵੇਂ ਨਿਬੰਧਕਾਰਾਂ ਦੀਆਂ 2011 ਤੋਂ ਲੈ ਕੇ 2019 ਈ: ਤੱਕ ਦੀਆਂ ਨਿਬੰਧ ਰਚਨਾਵਾਂ ਦਾ ਵਿਧਾ-ਸ਼ਾਸਤਰੀ ਅਧਿਐਨ ਕੀਤਾ ਹੈ। ਇਸ ਖੋਜ ਦਾ ਵਿਸ਼ਾ ਪੰਜਾਬੀ ਨਿਬੰਧਕਾਰੀ ਦਾ ਵਿਧਾ-ਸ਼ਾਸਤਰੀ ਅਧਿਐਨ ਆਪਣੇ ਆਪ ਵਿਚ ਡੂੰਘੇ ਅਤੇ ਵਿਸ਼ਾਲ ਅਰਥਾਂ ਦਾ ਲਖਾਇਕ ਹੈ। ਸ਼ਾਸਤਰੀ ਸਾਹਿਤਕ ਕਿਰਤਾਂ ਨੂੰ ਵੇਖਣ ਪਰਖਣ, ਸਮਝਣ-ਸਮਝਾਉਣ ਅਤੇ ਅਧਿਐਨ ਕਰਨ ਦੀ ਅਨੁਸ਼ਾਸਨਾਤਮਕ ਵਿਧੀ ਹੈ। ਇਸ ਵਿਧੀ ਅਨੁਸਾਰ ਸਾਹਿਤ ਕਿਰਤਾਂ ਦਾ ਸ਼ਾਸਤਰੀ ਸਿਧਾਂਤਾਂ ਅਨੁਸਾਰ ਮੁਲਾਂਕਣ ਕੀਤਾ ਜਾਂਦਾ ਹੈ।

ਡਾ. ਅਮਰ ਕੋਮਲ ਪਿਛਲੇ ਪੰਜ ਦਹਾਕਿਆਂ ਤੋਂ ਆਪਣੇ ਅਧਿਐਨ ਅਧਿਆਪਨ ਦੇ ਉਪਯੋਗੀ ਤਜਰਬਿਆਂ ਸਦਕਾ ਗਿਆਨ-ਵਿਗਿਆਨ, ਦਰਸ਼ਨ, ਆਤਮ, ਅਨਾਤਮ ਜਗਤ ਸੰਬੰਧੀ ਰਚਨਾਵਾਂ ਭੇਟ ਕਰ ਚੁੱਕੇ ਹਨ, ਜਿਨ੍ਹਾਂ ਦੀਆਂ ਰਚਨਾਵਾਂ, ਇਸ ਮਾਨਵ ਸੰਸਾਰ, ਸਮਾਜ ਦੇ ਯਥਾਰਥ ਦਾ ਦਾਰਸ਼ਨਿਕ, ਗਿਆਨ ਤੇ ਵਿਗਿਆਨਕ ਦ੍ਰਿਸ਼ਟੀ ਤੋਂ ਗੰਭੀਰ ਚਿੰਤਨ ਕਿਹਾ ਜਾ ਸਕਦਾ ਹੈ। ਲੇਖਕ ਦੀ ਵਿਚਾਰਧਾਰਾ ਮਾਨਵ-ਵਾਦੀ ਦ੍ਰਿਸ਼ਟੀ ਤੋਂ ਆਰੰਭ ਹੁੰਦੀ ਕਹੀ ਜਾ ਸਕਦੀ ਹੈ। ਜਿਸ ਵਿਚ ਹਰ ਵਿਅਕਤੀ ਨੂੰ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਉੱਪਰ ਅਮਲ ਕਰਦਿਆਂ ਆਪਣੇ ਮਨ, ਆਪਣੀ ਬੁੱਧੀ ਨੂੰ ਜਾਗ੍ਰਿਤ ਰੱਖਦਿਆਂ, ਕਾਰਜ ਕਰਨ ਦੀ ਪ੍ਰੇਰਨਾ ਦਿੱਤੀ ਹੈ।

ਆਤਮ ਵਿਧੀ ਰਾਹੀਂ ਆਪਣੀ ਆਤਮਾ ਦੀ ਆਵਾਜ਼ ਸੁਣਦਿਆਂ ਨੈਤਿਕਤਾ ਦੀ ਸਥਾਪਤੀ ਲਈ, ਸਵੈ ਮੁਲਾਂਕਣ ਕਰਨ ਦੀ ਸਲਾਹ ਦਿੱਤੀ ਜਾਂਦੀ ਗਈ ਹੈ। ਲੇਖਕ ਦੇ ਨਿਬੰਧ ਵਿਚ ਖੰਡ ਬ੍ਰਹਿਮੰਡ, ਧਾਰਮਿਕ ਸੰਸਾਰ, ਖ਼ੁਸ਼ਹਾਲ ਜੀਵਨ, ਨੈਤਿਕਤਾ ਆਦਿ ਵਿਸ਼ਿਆਂ ਨੂੰ ਲੈ ਕੇ ਰਚਨਾ ਕੀਤੀ ਹੈ। ਲੇਖਕ ਦਾ ਦ੍ਰਿਸ਼ਟੀਕੋਣ ਵਿਗਿਆਨਕ ਉਸਾਰੂ, ਚੜ੍ਹਦੀ ਕਲਾ, ਸੰਕਲਪ ਵਾਲਾ, ਨਵਾਂ ਨਰੋਆ ਹੈ। ਲੇਖਕ ਧਰਮ ਦੀਆਂ ਸੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਨੂੰ ਸਵੀਕਾਰਦੇ ਹਨ, ਪਰੰਤੂ ਕਰਮ ਕਾਂਡਾਂ, ਧਾਰਮਿਕ ਦਿਖਾਵਿਆਂ, ਅਤੇ ਅਡੰਬਰਾਂ ਦੇ ਵਿਰੁੱਧ ਹਨ। ਲੇਖਕ ਦਾ ਵਿਚਾਰ ਹੈ ਕਿ ਮਨੁੱਖ ਆਪਣੀਆਂ ਸਮੱਸਿਆਵਾਂ, ਮੁਸ਼ਕਲਾਂ, ਮੁਸੀਬਤਾਂ ਆਪ ਹੀ ਪੈਦਾ ਕਰਦਾ ਹੈ, ਫਿਰ ਪੰਜ ਵਿਕਾਰਾਂ ਦੀ ਦੁਰਵਰਤੋਂ ਕਰਦਾ ਹੋਇਆ, ਦੁਖਾਂਤ ਵੀ ਆਪ ਸਿਰਜਦਾ ਹੈ। ਲੇਖਕ ਦੇ ਨਿਬੰਧਾਂ ਦੇ ਵਿਸ਼ੇ ਕਰਤਾਰੂ ਸੋਚ ਸੰਚਾਰਨ ਵਾਲੇ ਅਜਿਹੇ ਕਲਿਆਣਕਾਰੀ ਸੁਨੇਹੇ ਹਨ, ਜਿਨ੍ਹਾਂ ਨੂੰ ਅਸੀਂ ਅਟੱਲ ਬਚਨ ਦੇ ਤੌਰ 'ਤੇ ਵਰਤ ਸਕਦੇ ਹਾਂ।

ਡਾ. ਕਰਨੈਲ ਸਿੰਘ ਸੋਮਲ ਦੇ ਨਿਬੰਧਾਂ ਦੇ ਵਿਸ਼ੇ ਮਾਨਵ, ਸਮਾਜ, ਸੰਸਾਰ, ਅਮਨ, ਸੁੱਖ ਸ਼ਾਂਤੀ ਤੇ ਮਨੁੱਖੀ ਕਲਿਆਣ ਲਈ ਉੱਚੀਆਂ ਸੁੱਚੀਆਂ ਕਦਰਾਂ-ਕੀਮਤਾਂ ਸੰਚਾਰਨ ਤੱਕ ਹੀ ਸੀਮਤ ਨਹੀਂ, ਬਲਕਿ ਧਰਤੀ ਜੰਗਲ, ਬਨਸਪਤੀ, ਜੀਵ-ਜੰਤੂ, ਲਈ ਸ਼ੁੱਭ ਇੱਛਾਵਾਂ ਦੀ ਗੱਲ ਕਰਦੇ ਹਨ, ਕਿਉਂਕਿ ਆਪ ਆਪਣੀ ਉਸਾਰੂ ਦ੍ਰਿਸ਼ਟੀ ਤੋਂ ਆਪਣੇ ਨਿਬੰਧਾਂ ਰਾਹੀਂ ਜੋ ਸੰਚਾਰ ਦੇ ਹਨ ਉਹ ਜੀਵਨ, ਸਮਾਜ, ਸੰਸਾਰ ਅਥਵਾ ਮਨੁੱਖਤਾ ਦੀ ਉਸਾਰੀ ਲਈ ਹੈ। ਲੇਖਕ ਦਾ ਕਥਨ ਹੈ, ਮਨੁੱਖੀ ਜੀਵਨ ਜਾਚ ਦਾ ਅਸਰ ਸਿਰਫ਼ ਉਸ ਦੇ ਪਰਿਵਾਰ ਤੇ ਹੀ ਨਹੀਂ ਸਗੋਂ, ਸਾਰੇ ਜੀਵ-ਜਗਤ 'ਤੇ ਪੈਂਦਾ ਹੈ।ਜੀਵਨ ਜਿਊਣ ਦੀ ਉਸਾਰੂ ਨੀਤੀ ਜੀਵਨ ਨੂੰ ਉਸਾਰੂ ਬਣਾਉਂਦੀ ਹੈ। ਡਾ. ਕਰਨੈਲ ਸਿੰਘ ਸੋਮਲ ਦੀਆਂ ਰਚਨਾਵਾਂ ਆਮ-ਖ਼ਾਸ ਪਾਠਕਾਂ ਨੂੰ ਚੜ੍ਹਦੀ ਕਲਾ ਦਾ ਸੰਕਲਪ ਧਾਰਨ ਕਰਨ ਦੀ ਪ੍ਰੇਰਨਾ ਮਿਲਦੀ ਹੈ ਤੇ ਪ੍ਰਕਿਰਤੀ ਪ੍ਰੇਮ ਵਿਕਸਦਾ ਹੈ। ਮਾਨਵਤਾ ਪ੍ਰਤੀ ਮੋਹ ਜਾਗਦਾ ਹੈ। ਲੇਖਕ ਦੀਆਂ ਨਿਬੰਧ ਰਚਨਾਵਾਂ ਮਨੁੱਖੀ ਜ਼ਿੰਦਗੀ ਉਸਾਰਨ, ਖ਼ੁਸ਼ਹਾਲ ਬਣਾਉਣ, ਸਹੀ ਸੋਚ ਧਾਰਨ ਕਰਨ ਦੀ ਜਾਚ ਸਿਖਾਉਦੀਆਂ ਹਨ।ਲੇਖਕ ਦੇ ਨਿਬੰਧਾਂ ਦਾ ਵਿਸ਼ਾ-ਵਸਤੂ ਪੱਖ ਅਤੇ ਅਭਿਵਿਅਕਤੀ ਪੱਖਾਂ ਉੱਪਰ ਅਧਿਐਨ ਕਰਦਿਆਂ, ਅਸੀਂ

ਇਸ ਸਿੱਟੇ ਉੱਪਰ ਪੁੱਜੇ ਹਾਂ, ਕਿ ਡਾ. ਕਰਨੈਲ ਸਿੰਘ ਸੋਮਲ, ਜ਼ਿੰਦਗੀ ਸਮਾਜ, ਸੰਸਾਰ, ਪ੍ਰਕਿਰਤੀ, ਸੰਸਾਰ ਅਮਨ ਅਤੇ ਮਾਨਵ ਖ਼ੁਸ਼ਹਾਲੀ ਲਈ ਮਨੁੱਖ ਨੂੰ ਉਸਾਰੂ ਖ਼ਿਆਲਾ ਦਾ ਧਾਰਨੀ ਬਣਾਉਂਦਾ ਹੈ।

ਪ੍ਰੋ. ਅੱਛਰੂ ਸਿੰਘ ਦੀ ਨਿਬੰਧਕਾਰੀ ਦਾ ਵਿਧਾ-ਸ਼ਾਸਤਰੀ ਅਧਿਐਨ ਕੀਤਿਆਂ, ਇਹ ਸਪਸ਼ਟ ਨਿਰਨੇ ਦ੍ਰਿਸ਼ਟੀਗੋਚਰ ਹੁੰਦੇ ਹਨ ਕਿ ਲੇਖਕ ਦੀ ਲਿਖਤ ਰਾਹੀਂ ,ਸੰਚਾਰਨ ਹੁੰਦੇ ਮੂਲ ਸੁਨੇਹੇ ਉਸ ਦੀ ਉਸਾਰੂ ਦ੍ਰਿੜ੍ਹ ਸੰਕਲਪੀ ਅਤੇ ਸੋਚ ਦੇ ਲਖਾਇਕ ਤੇ ਪ੍ਰੇਰਨਾ ਜਨਕ ਹਨ। ਲੇਖਕ ਲੋਕ ਮਾਨਸ ਨੂੰ ਦ੍ਰਿੜ੍ਹ ਸੰਕਲਪ ਉਸਾਰਨ ਦੀ ਰੀਝ ਨਾਲ ਸਮੇਂ-ਸਮੇਂ ਪੇਸ਼ ਹੁੰਦੀਆਂ ਸਮੱਸਿਆ ਦੇ ਸਮਾਧਾਨ ਦੀਆਂ ਜੁਗਤਾਂ ਹੀ ਨਹੀਂ ਉਸਾਰਦਾ, ਬਲਕਿ ਗਿਆਨ-ਵਿਗਿਆਨ ਉੱਪਰ ਅਜਿਹੇ ਸੰਕਲਪ ਸਾਧਨਾਂ ਪ੍ਰਤੀ ਜਾਣਕਾਰੀ ਦਿੰਦਾ ਹੈ, ਜੋ ਦਿਲ ਦਿਮਾਗ਼ ਲਈ ਉਸਾਰੂ ਸੋਚ ਦੇ ਪ੍ਰੇਰਨਾ ਸਰੋਤ ਬਣਦੇ ਹਨ, ਜੋ ਜ਼ਿੰਦਗੀ ਦੇ ਹਰ ਪੱਖ ਦਾ ਸਹਿਜ ਗਿਆਨ ਕਰਵਾਉਂਦੇ ਹਨ। ਲੇਖਕ ਦੀ ਰਚਨਾ ਵਿਚ ਉਸਾਰੂ ਦ੍ਰਿਸ਼ਟੀ ਅਤੇ ਮੂਲ ਭਾਵਨਾ ਹਨ, ਉੱਥੇ ਗਿਆਨ-ਵਿਗਿਆਨ ਦੇ ਉਸਾਰੂ ਤੱਤ ਵੀ ਮੌਜੂਦ ਹਨ। ਲੇਖਕ ਦੇ ਨਿਬੰਧਾਂ ਦਾ ਮੰਤਵ ਸੰਚਾਰ ਸੁਨੇਹਿਆਂ ਦੇ ਨਾਲ-ਨਾਲ ਮਨ ਬੁੱਧੀ ਅੰਦਰ ਚੇਤਨਤਾ ਦੀ ਸ਼ਕਤੀ ਪ੍ਰਬਲ ਕਰਨਾ ਵੀ ਹੈ। ਲੇਖਕ ਦਾ ਮੂਲ ਲਕਸ਼, ਆਪਣੇ ਨਿਬੰਧਾਂ ਦੇ ਮਾਧਿਅਮ ਰਾਹੀਂ ਹਨੇਰੇ ਦੇ ਝੱਖੜਾਂ ਵਿਚ ਫਸੇ ਨੌਜਵਾਨਾਂ ਨੂੰ ਚੜ੍ਹਦੀ ਕਲਾ ਦੇ ਚਾਨਣ ਦੀ ਸ਼ਕਤੀ ਸੰਚਾਰਨੀ ਹੈ। ਖ਼ੁਸ਼ੀਆਂ ਦਾ ਖ਼ਜ਼ਾਨਾ ਸੁਪਨੇ ਲੈ ਕੇ ਨਹੀਂ, ਬਲਕਿ ਦ੍ਰਿੜ੍ਹ ਸੰਕਲਪ, ਉਸਾਰੂ ਸੋਚ ਉੱਪਰ ਪ੍ਰਾਪਤ ਗਿਆਨ ਵਿਗਿਆਨ ਨੂੰ ਆਪਣੇ ਕਰਮ ਖੇਤਰ ਦਾ ਭਾਗੀਦਾਰ ਬਣਾ ਕੇ ਹੀ ਹੱਥ ਲੱਗਦੇ ਹਨ। ਲੇਖਕ ਨੇ ਸਿੱਖ ਦਰਸ਼ਨ ਦੇ ਅਧਿਆਤਮਕ ਉਸਾਰੂ ਤੱਤਾਂ ਦੀ ਵਿਆਖਿਆ ਕੀਤੀ ਹੈ ਅਤੇ ਉਸ ਅਨੁਸਾਰ ਉੱਚੀਆਂ ਸੁੱਚੀਆਂ ਕਦਰਾਂ-ਕੀਮਤਾਂ ਵਾਲਾ ਜੀਵਨ ਜਿਊਣ ਦੀ ਜਾਚ ਸਿੱਖਣ ਦਾ ਪ੍ਰੇਰਨਾਦਾਇਕ ਸੁਨੇਹਾ ਵੀ ਦਿੱਤਾ ਹੈ।

ਡਾ. ਸੁਰਿੰਦਰਪਾਲ ਸਿੰਘ ਮੰਡ ਦਾ ਦ੍ਰਿਸ਼ਟੀਕੋਣ ਵਿਗਿਆਨਕ, ਸਪਸ਼ਟ, ਤਰਕਵਾਦੀ ਅਤੇ ਸਮੇਂ ਦੀ ਆਵਾਜ਼ ਉੱਪਰ ਅਧਾਰਿਤ ਹੈ ਅਤੇ ਸਮਾਜਿਕ ਸਭਿਆਚਾਰਕ ਲੋਕ ਸਮੱਸਿਆ ਹੱਲ ਕਰਨ ਲਈ ਲਾਭਕਾਰੀ

ਹੈ।ਲੇਖਕ ਆਮ ਧਾਰਨਾਵਾਂ ਤੋਂ ਹਟਕੇ ਗਿਆਨ, ਪਰਿਵਾਰ ਦੇ ਬਦਲਦੇ ਸਰੂਪ, ਗਿਆਨਮਈ ਰਿਸ਼ਤੇ, ਸਮਾਜਿਕ ਬੁਰਿਆਈਆਂ ਜਿਵੇਂ ਨਸ਼ੇ, ਭਰੂਣ ਹੱਤਿਆ, ਸੰਬੰਧੀ ਨਵੇਂ ਦ੍ਰਿਸ਼ਟੀਕੋਣ ਤੋਂ ਸੁਝਾਅ ਪੇਸ਼ ਕੀਤੇ ਹਨ। ਸਪਸ਼ਟ ਕੀਤਾ ਹੈ ਕਿ ਲੋਕ ਮਾਨਸ ਵਿਚ ਸਿਰਜਣਾਤਮਕ ਰੁਝਾਨ ਘੱਟ ਰਿਹਾ ਹੈ। ਕਲਾਤਮਕ ਰੁਚੀਆਂ ਅਲੋਪ ਹੋ ਰਹੀਆਂ ਹਨ। ਵਾਤਾਵਰਣ ਪ੍ਰਤੀ ਜਾਗਰੂਕਤਾ ਘੱਟ ਰਹੀ ਹੈ। ਜੀਵਨ ਨੂੰ ਉਸਾਰੂ, ਸੁਚਾਰੂ ਬਣਾਉਣ ਦੀਆਂ ਕਿਰਿਆਤਮਕ ਕੋਸ਼ਿਸ਼ਾਂ ਨਾਂ-ਮਾਤਰ ਹਨ। ਮਾਨਵ ਹੈਵਾਨ ਬਣਨ ਵੱਲ ਕਦਮ ਉਠਾ ਰਿਹਾ ਹੈ।ਸੱਤਾ ਦੀ ਤਰੱਕੀ, ਗਿਆਨ-ਵਿਗਿਆਨ ਦਾ ਵਿਕਾਸ, ਟੈਲੀਫ਼ੋਨ, ਕੰਪਿਊਟਰ ਆਦਿ ਬਾਹਰੀ ਵਿਕਾਸ ਨੇ ਬਨਸਪਤੀ ਪ੍ਰਕਿਰਤੀ, ਸ਼ਕਤੀ, ਪਾਣੀ, ਵਾਯੂ, ਅਗਨੀ, ਤੇ ਖ਼ਲਾਅ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ, ਜਿਸ ਦੇ ਸਿੱਟੇ ਵਜੋਂ ਆਤਮਿਕ ਉੱਚੀਆਂ-ਸੁੱਚੀਆਂ ਕੀਮਤਾਂ ਖ਼ਤਮ ਹੋ ਰਹੀਆਂ ਹਨ। ਲੋਕ ਮਾਨਸ ਵਿਚ ਸੰਤਾਪ ਦੁੱਖ, ਵੇਦਨਾ ਸੰਵੇਦਨਾ, ਤਣਾਅ ਹੈ। ਏਸੇ ਲਈ ਨਿਬੰਧਕਾਰ ਜ਼ਿੰਦਗੀ ਜਿਊਣ ਲਈ ਉਸਾਰੂ ਕਦਰਾਂ-ਕੀਮਤਾਂ ਅਤੇ ਆਤਮਕ ਸਲੀਕਾ ਧਾਰਨ ਕਰਨ ਦਾ ਸੁਨੇਹਾ ਦਿੰਦਾ ਹੈ। ਨਿਬੰਧਕਾਰ ਦੇ ਨਿਬੰਧ ਸੰਗ੍ਰਹਿ 'ਜਿਊਣ ਦਾ ਸਲੀਕਾ' ਜਿੱਥੇ ਮਨੁੱਖ ਦੀ ਸੋਚ ਅੰਦਰ ਉਸਾਰੂ ਦ੍ਰਿਸ਼ਟੀਕੋਣ, ਵਿਗਿਆਨਕ, ਤਰਕਸ਼ੀਲਤਾ ਅਤੇ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਸੰਚਾਰਦਾ ਹੈ। ਉੱਥੇ ਉਸ ਦੇ ਨਿਬੰਧਾਂ ਦੀ ਅਭਿਵਿਅਕਤੀ ਕਲਾ, ਭਾਸ਼ਾ ਦੀ ਸ਼ਬਦ ਚੋਣ, ਸ਼ਬਦ, ਪ੍ਰਤੀਕ ਯੋਜਨਾ, ਸ਼ਬਦ ਚੋਣ ਰਾਹੀਂ ਹੋਰ ਕਲਾਤਮਕ ਗੁਣਾਂ ਦਾ ਸੁਮੇਲ, ਅਖਾਣ, ਮੁਹਾਵਰੇ ਪ੍ਰਵਚਨਾਂ ਦੀ ਚੋਣ ਵੀ ਢੁਕਵੀਂ ਹੈ। ਉਸ ਦਾ ਸ਼ੈਲੀ ਗੰਭੀਰ ਹੁੰਦੀ ਹੋਈ ਵੀ ਸਹਿਜ ਸਰਲ ਅਤੇ ਰੋਚਿਕ ਹੈ।

ਡਾ. ਹਰਸ਼ਿੰਦਰ ਕੌਰ ਦੁਆਰਾ ਲਿਖੇ ਗਏ ਜਾਗਰੂਕ ਅਤੇ ਵਿਗਿਆਨਕ ਸੋਚ ਦੇ ਨਿਬੰਧਾਂ ਦੀ ਬਹੁਤ ਲੋੜ ਹੈ। ਇਹ ਨਿਬੰਧ ਸਮੇਂ ਦੇ ਯਥਾਰਥ ਦੀ ਗਾਥਾ ਕਹਿ ਰਹੇ ਹਨ। ਡਾ. ਹਰਸ਼ਿੰਦਰ ਕੌਰ ਨੇ ਵਰਤਮਾਨ ਭਾਰਤੀ ਨਾਰੀ ਦੀ ਸਮਾਜਿਕ ਖੇਤਰ ਵਿਚ, ਤਰਸਯੋਗ ਅਵਸਥਾ ਨੂੰ ਬਿਆਨ ਕੀਤਾ ਹੈ। ਨਾਰੀ ਦੇ ਹਰ ਪਹਿਲੂ ਤੋਂ ਵਿਸਥਾਰ ਸਹਿਤ ਲਿਖਦਿਆਂ ਕੌੜੀਆਂ ਹਕੀਕਤਾਂ, ਮਰਦ ਪ੍ਰਧਾਨ ਸਮਾਜ ਦੀਆਂ ਵਧੀਕੀਆਂ, ਧਾਰਮਿਕ ਅੰਧ-ਵਿਸ਼ਵਾਸ, ਜਾਦੂ-ਦੁਨੀਆ ਅਤੇ ਕਾਨੂੰਨੀ ਘਾਟਾ ਦਾ ਖੁੱਲ੍ਹ ਕੇ ਜ਼ਿਕਰ ਕੀਤਾ ਹੈ। ਡਾ. ਹਰਸ਼ਿੰਦਰ ਕੌਰ ਦੀ

ਲਿਖੀ ਨਿਬੰਧਾਂ ਵਲੀ 'ਚੁੱਪ ਦੀ ਚੀਖ਼', ਜਿਸ ਦੇ ਵਿਚ ਸੰਜੀਵ, ਚਲੰਤ, ਭਖਦੇ ਮਸਲਿਆਂ ਇੰਝ ਅਭਿਵਿਅਕਤ ਕੀਤੇ ਗਏ ਹਨ ਕਿ ਅਸੀਂ ਆਪਣੀਆਂ ਚਲੰਤ ਬਿਮਾਰੀਆਂ ਸਮੱਸਿਆਵਾਂ ਪ੍ਰਤੀ ਜਾਗਰੂਕ ਹੀ ਨਹੀਂ ਹੁੰਦੇ, ਬਲਕਿ ਜਾਗਰੂਕ ਹੋ ਕੇ ਇਨ੍ਹਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਪ੍ਰਤੀ ਸੁਚੇਤ ਹੋ ਕੇ ਇਨ੍ਹਾਂ ਦਾ ਇਲਾਜ ਵੀ ਕਰਵਾਉਂਦੇ ਹਾਂ। ਲੇਖਿਕਾ ਦੀਆਂ ਜਿੰਨੀਆਂ ਵੀ ਲਿਖਤਾਂ ਹਨ, ਉਹ ਹਦਾਇਤ ਨਾਮੇ ਹਨ, ਜਿਨ੍ਹਾਂ ਉੱਪਰ ਜੇਕਰ ਕੋਈ ਵਿਅਕਤੀ ਅਮਲ ਦੀ ਅਕਸੀਰ-ਸ਼ਕਤੀ ਨਾਲ ਸੁ ਵਰਤੋਂ ਕਰਦਾ ਹੈ ਤਾਂ ਆਪਣਾ ਆਪ ਪਰਿਵਾਰ ਅਤੇ ਸਮਾਜ ਸੁਰੱਖਿਅਤ ਰੱਖਣ ਵਿਚ ਸਫਲ ਹੁੰਦਾ ਹੈ।

ਲੇਖਿਕਾ ਦੀ ਲਿਖਤ ਦੀ ਵਿਸ਼ੇਸ਼ ਗੁਣਵੱਤਾ ਔਰਤਾਂ, ਬੱਚਿਆਂ, ਬਜ਼ੁਰਗਾਂ ਦੀ ਦਸ਼ਾ ਤੇ ਦਿਸ਼ਾ ਦੀ, ਯਥਾਰਥਕ ਗਤੀ ਦੀ ਖੋਜ ਕਰ ਕੇ, ਸਮਾਜ ਦਾ ਵਿਗਿਆਨਕ, ਬੌਧਿਕ ਅਤੇ ਨੈਤਿਕ ਦ੍ਰਿਸ਼ਟੀ ਤੋਂ ਸਹੀ ਚਿਤਰਨ ਪ੍ਰਸਤੁਤ ਕੀਤਾ ਹੈ। ਲੇਖਿਕਾ ਦੇ ਨਿਬੰਧ ਅਜਿਹੀ ਲਿਖਤ ਹੈ, ਜਿਸ ਵਿਚ ਗਿਆਨ ਵਿਗਿਆਨ ਦੀ ਤ੍ਰੈ-ਸ਼ਕਤੀ ਦੀ ਸੋਚ ਦੀ ਉਤਪਤੀ ਦੇ ਵਿਕਾਸ ਹੁੰਦਾ ਹੈ। ਲੇਖਿਕਾ ਅੰਦਰ ਸੁਚੇਤ ਨਾਰੀ ਦਾ ਪ੍ਰਤੀਬਿੰਬ, ਹੌਸਲਾ ਦਲੇਰੀ ਰਿਸ਼ੀਆਂ ਵਰਗੀ ਬੌਧਿਕ ਦਾਰਸ਼ਨਿਕਤਾ ਅਤੇ ਅਚਾਰੀਆਂ ਦੀ ਦਿੱਬ ਦ੍ਰਿਸ਼ਟੀ ਦਾ ਚਾਨਣ ਹੈ।

ਵਾਰਤਕ ਗਿਆਨ-ਵਿਗਿਆਨ ਦਾ ਮਾਧਿਅਮ ਹੈ। ਵਾਰਤਕ ਦਾ ਮੁੱਖ ਰੂਪ ਨਿਬੰਧ ਹੈ। ਵਿਗਿਆਨ ਹਮੇਸ਼ਾ ਸਮਕਾਲਿਕ ਹੁੰਦਾ ਹੈ। ਇਸ ਲਈ ਵਾਰਤਕ ਆਪਣੇ ਸਮਕਾਲੀ ਸਰੋਕਾਰਾਂ ਨੂੰ ਪੇਸ਼ ਕਰਦੀ ਹੈ ਤੇ ਇਸ ਵਿਚੋਂ ਸਭ ਤੋਂ ਜ਼ਿਆਦਾ ਨਿਬੰਧ ਰਾਹੀਂ ਸਮਕਾਲ ਦੀ ਪੇਸ਼ਕਾਰੀ ਹੁੰਦੀ ਹੈ। ਖੋਜ ਕਾਰਜ ਅਧੀਨ ਆਏ ਨਿਬੰਧ ਵੀ ਸਮਕਾਲ ਨਾਲ ਸੰਵਾਦ ਰਚਾਉਂਦੇ ਹਨ। ਇਨ੍ਹਾਂ ਨਿਬੰਧਾਂ ਦਾ ਉਦੇਸ਼ ਸਮਕਾਲ ਦੇ ਸਰੋਕਾਰਾਂ ਦੀ ਪੇਸ਼ਕਾਰੀ ਕਰਨਾ ਹੈ।

ਹਰ ਸਮਕਾਲ ਵਿਚ ਆਪਣੀਆਂ ਚੁਨੌਤੀਆਂ ਤੇ ਸੰਭਾਵਨਾਵਾਂ ਹੁੰਦੀਆਂ ਹਨ।ਪੰਜਾਬ ਦਾ ਸਮਕਾਲ ਵੀ ਇਨ੍ਹਾਂ ਚੁਨੌਤੀਆਂ ਤੇ ਸੰਭਾਵਨਾਵਾਂ ਦਾ ਸਮਕਾਲ ਹੈ, ਪਰ ਪੰਜਾਬ ਵਿਚ ਇਸ ਵੇਲੇ ਸੰਭਾਵਨਾਵਾਂ ਨਾਲੋਂ ਚੁਨੌਤੀਆਂ

ਭਾਰੂ ਹਨ। ਇਹਨਾਂ ਚੁਨੌਤੀਆਂ ਦੀਆਂ ਬਹੁਤ ਪਰਤਾਂ ਹਨ। ਇਹ ਪਰਤਾਂ ਰਾਜਸੀ, ਆਰਥਿਕ, ਧਾਰਮਿਕ, ਸਮਾਜਿਕ ਹਰ ਤਰ੍ਹਾਂ ਦੀਆਂ ਹਨ। ਇਨ੍ਹਾਂ ਪਰਤਾਂ ਦਾ ਤਾਣਾਂ-ਬਾਣਾ ਬਹੁਤ ਹੀ ਗੁੰਝਲਦਾਰ ਬਣ ਚੁੱਕਿਆ ਹੈ। ਇਸ ਲਈ ਰਾਜਸੀ ਤਬਦੀਲੀਆਂ ਵੀ ਬਾਕੀ ਪਰਤਾਂ ਦੇ ਉਲਝੇ ਤਾਣੇ-ਬਾਣੇ ਨੂੰ ਸੁਲਝਾਉਣ ਲਈ ਕਾਰਗਰ ਸਾਬਤ ਨਹੀਂ ਹੋ ਰਹੀਆਂ।

ਇੱਕੀਵੀਂ ਸਦੀ ਦੀ ਵਾਰਤਕ ਦੇ ਚੋਣਵੇਂ ਨਿਬੰਧਕਾਰਾਂ ਦੇ ਨਿਬੰਧਾਂ ਦਾ ਅਧਿਐਨ ਕਰਦਿਆਂ ਇੱਕ ਸਿੱਟਾ ਇਹ ਨਿਕਲਦਾ ਹੈ ਕਿ ਇਹ ਨਿਬੰਧਕਾਰ ਸਮਕਾਲ ਦੇ ਉਲਝੇ ਤਾਣੇ-ਬਾਣੇ ਦੀ ਪੇਸ਼ਕਾਰੀ ਕਰਦੇ ਹਨ। ਇਨ੍ਹਾਂ ਦਾ ਉਦੇਸ਼ ਇਸ ਨੂੰ ਸੁਲਝਾਉਣ ਵਿਚ ਆਪਣਾ ਯੋਗਦਾਨ ਪਾਉਣਾ ਹੈ। ਇਨ੍ਹਾਂ ਨਿਬੰਧਕਾਰਾਂ ਦੇ ਮੁੱਖ ਵਿਸ਼ੇ ਸਮਕਾਲ ਨਾਲ ਸੰਬੰਧਿਤ ਹਨ। ਇਹ ਮੁੱਖ ਤੌਰ ਤੇ ਜੀਵਨ-ਜਾਚ ਦੀ ਗੱਲ ਕਰਦੇ ਹਨ। ਜੀਵਨ ਜਾਚ ਵਿਚ ਨਿਘਾਰ ਇਨ੍ਹਾਂ ਦੇ ਨਿਬੰਧਾਂ ਦਾ ਕੇਂਦਰੀ ਸੂਤਰ ਹੈ। ਇਹ ਮਨੁੱਖ ਤੋਂ ਚੰਗੀ ਜੀਵਨ ਜਾਚ ਦੀ ਇੱਛਾ ਰੱਖਦੇ ਹਨ। ਨਿਬੰਧਕਾਰਾਂ ਦਾ ਮੁੱਖ ਵਿਸ਼ਾ ਹੈ ਕਿ ਮਨੁੱਖ ਦੀ ਸ਼ਖ਼ਸੀਅਤ ਉੱਚੀ-ਸੁੱਚੀ ਹੋਵੇ। ਮਨੁੱਖ ਸਹਿਜ, ਸ਼ਾਂਤ, ਸੱਚਾ-ਸੁੱਚਾ, ਸੁਹਿਰਦ ਹੋਵੇ।ਕੁਦਰਤ ਦੇ ਨਿਯਮਾਂ ਦੀ ਪਾਲਣਾ ਕਰਨ ਵਾਲਾ ਹੋਵੇ। ਸਮਾਜ ਦਾ ਭਲਾ ਸੋਚਣ ਤੇ ਕਰਨ ਵਾਲਾ ਹੋਵੇ। ਇਹਨਾਂ ਵਿਸ਼ਿਆਂ ਦੀ ਪੇਸ਼ਕਾਰੀ ਵਿਚ ਨਿਬੰਧਕਾਰ, ਮਨੋਵਿਗਿਆਨ ਪੱਧਰ ਦੀਆਂ ਧਾਰਨਾਵਾਂ ਨਾਲ ਕਰਦੇ ਹਨ। ਇਨ੍ਹਾਂ ਨਿਬੰਧਕਾਰਾਂ ਦਾ ਕੇਂਦਰੀ ਵਿਸ਼ਾ ਨੈਤਿਕ ਕਦਰਾਂ-ਕੀਮਤਾਂ ਬਾਰੇ ਵੀ ਹੈ। ਨਿਬੰਧਕਾਰਾਂ ਨੂੰ ਸਮਾਜਿਕ ਵਿਚ ਨੈਤਿਕ ਗਿਰਾਵਟ ਮਹਿਸੂਸ ਹੁੰਦੀ ਹੈ। ਉਹ ਚੰਗੀਆਂ ਨੈਤਿਕ ਕਦਰਾਂ-ਕੀਮਤਾਂ ਦੀ ਇੱਛਾ ਰੱਖਦੇ ਹਨ।

ਦੂਜਾ ਮੁੱਖ ਵਿਸ਼ਾ ਔਰਤ ਦੀ ਤ੍ਰਾਸਦਿਕ ਹਾਲਤ ਹੈ। ਇਸ ਵਿਚ ਭਾਵੇਂ ਸਭ ਤੋਂ ਵੱਧ ਨਿਬੰਧ ਔਰਤ ਹੋਣ ਕਰ ਕੇ ਡਾ. ਹਰਸ਼ਿੰਦਰ ਕੌਰ ਦੇ ਹਨ, ਪਰ ਬਾਕੀ ਨਿਬੰਧਕਾਰਾਂ ਨੇ ਵੀ ਇਸ ਵਿਸ਼ੇ ਨੂੰ ਪੇਸ਼ ਕੀਤਾ ਹੈ। ਇਸ ਵਿਸ਼ੇ ਤਹਿਤ ਨਿਬੰਧਕਾਰ ਭਰੂਣ ਹੱਤਿਆ ਤੇ ਬਲਾਤਕਾਰ ਨੂੰ ਮੁੱਖ ਰੂਪ ਵਿਚ ਰੱਖ ਕੇ ਪੇਸ਼ ਕਰਦੇ ਹਨ। ਇਨ੍ਹਾਂ ਦੋਵਾਂ ਪੱਖਾਂ ਨੇ ਔਰਤ ਨੂੰ ਸਮਾਜ ਵਿਚ ਬਹੁਤ ਪਿਛਾੜ ਕੇ ਰੱਖਿਆ ਹੋਇਆ ਹੈ।

ਪੰਜਾਬ ਵਿਚ ਵਧ ਰਹੀ ਨਸ਼ਿਆਂ ਦੀ ਵਰਤੋਂ ਨੂੰ ਵੀ ਨਿਬੰਧਕਾਰਾਂ ਨੇ ਪ੍ਰਮੁੱਖ ਵਿਸ਼ੇ ਵਜੋਂ ਪੇਸ਼ ਕੀਤਾ ਹੈ। ਪੰਜਾਬ ਵਿਚ ਹਰ ਤਰ੍ਹਾਂ ਦੇ ਨਸ਼ੇ ਦੀ ਵਰਤੋਂ ਨੇ ਪੰਜਾਬ ਨੂੰ ਕੰਗਾਲ ਕਰ ਕੇ ਰੱਖ ਦਿੱਤਾ ਹੈ। ਇਸ ਵਿਸ਼ੇ ਦੀਆਂ ਤ੍ਰਾਸਦਿਕ ਪਰਤਾਂ ਨੂੰ ਵੀ ਨਿਬੰਧਕਾਰਾਂ ਨੇ ਪੇਸ਼ ਕੀਤਾ ਹੈ। ਇਸ ਦੇ ਨਾਲ ਹੀ ਬੇਰੁਜ਼ਗਾਰੀ ਨੇ ਪੰਜਾਬ ਦੀ ਜਵਾਨੀ ਨੂੰ ਨਿਰਾਸ਼ਾ ਵਿਚ ਧੱਕਿਆ ਹੋਇਆ ਹੈ। ਨਿਬੰਧਕਾਰਾਂ ਨੇ ਨਿਬੰਧਾਂ ਵਿਚ ਪੰਜਾਬ ਦੀ ਦੁੱਖ ਦਾਇਕ ਤਸਵੀਰ ਪੇਸ਼ ਕੀਤੀ ਹੈ। ਸਭਿਆਚਾਰਕ ਸਰੋਕਾਰ ਖ਼ਾਸਕਰ ਸਭਿਆਚਾਰਕ ਪ੍ਰਦੂਸ਼ਣ ਨੂੰ ਪੇਸ਼ ਕਰਨਾ ਵੀ, ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਦਾ ਪ੍ਰਮੁੱਖ ਵਿਸ਼ਾ ਰਿਹਾ ਹੈ। ਸਭਿਆਚਾਰ ਵਿਚ ਹੋ ਰਹੀਆਂ ਤਬਦੀਲੀਆਂ ਸਭਿਆਚਾਰਕ ਪ੍ਰਦੂਸ਼ਣ ਦਾ ਰੂਪ ਗ੍ਰਹਿਣ ਕਰ ਰਹੀਆਂ ਹਨ।

ਸਾਹਿਤ ਜਾਂ ਕਲਾ ਦਾ ਉਦੇਸ਼ ਅਤੇ ਵਿਸ਼ਿਆਂ ਦੀ ਪੇਸ਼ਕਾਰੀ ਕਰਨ ਲਈ ਹਰ ਲੇਖਕ ਦਾ ਆਪਣਾ-ਆਪਣਾ ਦ੍ਰਿਸ਼ਟੀਕੋਣ ਹੁੰਦਾ ਹੈ। ਦ੍ਰਿਸ਼ਟੀਕੋਣ ਰਚਨਾ ਦਾ ਸਹਿਜ ਹਿੱਸਾ ਹੀ ਹੁੰਦਾ ਹੈ, ਇਸ ਲਈ ਲੇਖਕ ਵਿਸ਼ੇਸ਼ ਉਜ਼ਰ ਨਹੀਂ ਕਰਦਾ, ਜੋ ਆਮ ਕਰ ਕੇ ਲੇਖਕ ਦਾ ਜ਼ਿੰਦਗੀ ਤੇ ਸਮਾਜ ਪ੍ਰਤੀ ਦ੍ਰਿਸ਼ਟੀਕੋਣ ਹੁੰਦਾ ਹੈ, ਉਹੀ ਉਸ ਦੀਆਂ ਰਚਨਾਵਾਂ ਵਿਚ ਜ਼ਿੰਦਗੀ ਅਤੇ ਸਮਾਜ ਦੀ ਪੇਸ਼ਕਾਰੀ ਕਰਨ ਲਈ ਵਿਸ਼ਿਆਂ ਵਿਚ ਵੀ ਹੁੰਦਾ ਹੈ।

- ❖ ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਦੇ ਉਦੇਸ਼ ਅਤੇ ਵਿਸ਼ਿਆਂ ਤੋਂ ਬਾਅਦ ਇਹ ਸਿੱਟਾ ਨਿਕਲਦਾ ਹੈ ਕਿ ਇਨ੍ਹਾਂ ਨਿਬੰਧਕਾਰਾਂ ਦਾ ਸਮੁੱਚੇ ਰੂਪ ਵਿਚ ਦ੍ਰਿਸ਼ਟੀਕੋਣ ਮਾਨਵਵਾਦੀ ਤੇ ਪ੍ਰਗਤੀਵਾਦੀ ਹੈ।

- ❖ ਉਦੇਸ਼, ਵਿਸ਼ੇ ਅਤੇ ਦ੍ਰਿਸ਼ਟੀਕੋਣ ਨਾਲ ਹੀ ਜੁੜਿਆ ਹੁੰਦਾ ਹੈ, ਵਿਧਾਗਤ ਪੱਖ। ਮਸਲਨ ਜੇ ਵਿਸ਼ਾ ਭਾਵੁਕ ਹੈ ਤਾਂ ਨਿਸ਼ਚਿਤ ਤੌਰ ਤੇ ਕਾਵਿਮਈ ਸ਼ੈਲੀ ਦੀ ਵਰਤੋਂ ਕੀਤੀ ਜਾਵੇਗੀ ਤੇ ਜੇ ਵਿਸ਼ਾ ਵਿਗਿਆਨਕ ਹੈ ਤਾਂ ਨਿਸ਼ਚਿਤ ਤੌਰ ਤੇ ਤਰਕ ਮਈ ਸ਼ੈਲੀ ਦੀ ਪ੍ਰਮੁੱਖਤਾ ਨਾਲ ਵਰਤੋਂ ਹੋਵੇਗੀ। ਇਸ ਤਰ੍ਹਾਂ ਉਪਰੋਕਤ ਚਰਚਾ ਤੋਂ ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਦੇ

ਉਦੇਸ਼, ਵਿਸ਼ੇ ਤੇ ਦ੍ਰਿਸ਼ਟੀਕੋਣ ਦਾ ਅਧਿਐਨ ਉਪਰੰਤ ਇਸ ਸਿੱਟੇ ਉੱਪਰ ਆਉਂਦਾ ਹੈ ਕਿ ਇਨ੍ਹਾਂ ਨਿਬੰਧਕਾਰਾਂ ਨੇ ਜਿਸ ਪੱਖ ਤੋਂ ਵਿਸ਼ਿਆਂ ਦੀ ਪੇਸ਼ਕਾਰੀ ਕੀਤੀ ਹੈ, ਉਸੇ ਪੱਖ ਤੋਂ ਹੀ ਸ਼ੈਲੀਆਂ ਦੀ ਵਰਤੋਂ ਹੋਈ ਹੈ। ਇਨ੍ਹਾਂ ਨਿਬੰਧਕਾਰਾਂ ਨੇ ਮੁੱਖ ਤੌਰ ਤੇ ਵਿਚਾਰਾਤਮਕ ਸ਼ੈਲੀ, ਵਿਆਖਿਆਤਮਕ ਸ਼ੈਲੀ, ਕਾਵਿਮਈ ਅਤੇ ਬਿਰਤਾਂਤਕ ਆਦਿ ਸ਼ੈਲੀਆਂ ਦੀ ਵਰਤੋਂ ਕੀਤੀ ਹੈ। ਇਹ ਸ਼ੈਲੀਆਂ ਸਪਸ਼ਟ ਕਰਦੀਆਂ ਹਨ ਕਿ ਇਨ੍ਹਾਂ ਨਿਬੰਧਾਂ ਵਿਚ ਸਾਹਿਤਕਤਾ ਭਾਰੂ ਹੈ। ਇਸੇ ਲਈ ਇਹ ਵਿਆਖਿਆਮਈ ਤੇ ਬਿਆਨੀਆ ਸ਼ੈਲੀ ਦੀ ਵਧੇਰੇ ਵਰਤੋਂ ਕਰਦੇ ਹਨ, ਜੋ ਦਾਰਸ਼ਨਿਕ ਰੰਗਤ ਦੇ ਨਿਬੰਧ ਵੀ ਹਨ ਤਾਂ ਇਨ੍ਹਾਂ ਦੀ ਸ਼ੈਲੀ ਵਿਚਾਰਾਤਮਕ ਤਾਂ ਹੈ। ਇਨ੍ਹਾਂ ਸ਼ੈਲੀਆਂ ਵਿਚ ਨਿੱਜੀ ਅਨੁਭਵਾਂ ਦੀ ਬਹੁਤਾਤ ਹੈ। ਇਸ ਲਈ ਨਿਬੰਧਕਾਰ ਸਾਹਿਤਕਾਰ ਵਜੋਂ ਸਾਡੇ ਖੇਤਰ ਵਿਚ ਪ੍ਰਵਾਨ ਹਨ।

❖ ਭਾਸ਼ਾਗਤ ਅਧਿਐਨ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਨ੍ਹਾਂ ਨਿਬੰਧਕਾਰਾਂ ਨੇ ਸਰਲ, ਸਪਸ਼ਟ ਭਾਸ਼ਾ ਦੀ ਵਰਤੋਂ ਕੀਤੀ ਹੈ।

❖ ਮੁੱਖ ਰੂਪ ਵਿਚ ਲੇਖਕ ਵੱਲੋਂ ਵਰਤੀਆਂ ਗਈਆਂ ਜੁਗਤਾਂ ਵਿਚ ਇਤਿਹਾਸਕ ਹਵਾਲੇ, ਗੁਰਬਾਣੀ ਦੀਆਂ ਟੂਕਾਂ, ਅਖਾਣ, ਮੁਹਾਵਰੇ, ਕਹਾਣੀਆਂ, ਲਤੀਫ਼ੇ, ਪ੍ਰਸਿੱਧ ਵਿਦਵਾਨਾਂ ਦੇ ਹਵਾਲੇ ਨਾਲ ਗੱਲ ਕਰਦੇ ਹਨ। ਇਹਨਾਂ ਜੁਗਤਾਂ ਨੂੰ ਨਿਬੰਧਾਂ ਵਿਚ ਵਰਤਣ ਦਾ ਲਾਭ ਇਹ ਹੈ ਰਿਹਾ ਹੈ ਕਿ ਰੋਚਕਤਾ ਵੱਧ ਰਹੀ ਹੈ। ਲੇਖਕ ਦਾ ਵਿਸ਼ਾਲ ਅਨੁਭਵ ਪਾਠਕਾਂ ਸਾਹਮਣੇ ਪੇਸ਼ ਹੁੰਦਾ ਹੈ। ਇਹਦੇ ਨਾਲ ਅਰਥ ਵਿਸ਼ਾਲ ਹੁੰਦਾ ਹੈ, ਉਨ੍ਹਾਂ ਦੀਆਂ ਗੱਲਾਂ ਪੁਖ਼ਤਾ ਸਾਬਤ ਹੁੰਦੀਆਂ ਹਨ, ਪਰ ਨਾਲ-ਨਾਲ ਹੀ ਨਾਲ ਲੇਖਕਾਂ ਦੁਆਰਾ ਵਰਤੀਆਂ ਜੁਗਤਾਂ ਇੱਕ ਕਥਾ ਦੇ ਪੱਧਰ ਤੇ ਚੱਲਦੀਆਂ ਕਹਾਣੀ ਨੂੰ ਵਧੀਆਂ ਬਣਾ ਦਿੰਦੇ ਹਨ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ

ਕਿਤੇ ਨਾ ਕਿਤੇ ਇਹ ਪਿਛੋਕੜ ਵੱਲ ਮੂੰਹ ਕਰ ਕੇ ਲੇਖ ਲਿਖ ਰਹੇ ਹਨ। ਇਹ ਜੁਗਤ ਦੇ ਤੌਰ ਤੇ ਠੀਕ ਹੈ, ਪਰ ਸਾਹਿਤ ਦਾ ਆਪਣਾ ਇੱਕ ਟੀਚਾ ਹੁੰਦਾ ਹੈ ਕਿ ਸਾਹਿਤ ਨੇ ਲੋਕਾਂ ਨੂੰ ਸਿਆਣੇ ਵੀ ਕਰਨਾ ਹੁੰਦਾ ਹੈ। ਨਿਬੰਧਕਾਰ ਆਪਣੇ ਨਿਬੰਧਾਂ ਨੂੰ ਹੋਰ ਰੌਚਕ ਤੇ ਤਰਕਮਈ ਬਣਾਉਣ ਲਈ ਅੰਕੜੇ ਵੀ ਪੇਸ਼ ਕਰ ਸਕਦਾ ਹੈ। ਨਿਬੰਧਾਂ ਨੂੰ ਹੋਰ ਵਧੇਰੇ ਤਰਕਮਈ ਬਣਾਉਣ ਲਈ ਅੰਕੜਿਆਂ ਨੂੰ ਇੱਕ ਜੁਗਤ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ, ਜੋ ਵਿਚਾਰਾਂ ਨਾਲੋਂ ਵਧੇਰੇ ਅਸਰਦਾਇਕ ਸਾਬਿਤ ਹੋ ਸਕਦੇ ਹਨ।

- ਇਸ ਵਿਚ ਕੋਈ ਸ਼ੱਕ ਨਹੀਂ ਕਿ ਨਿਬੰਧਕਾਰਾਂ ਦੀ ਲਿਖਤਾਂ ਸਮਕਾਲ ਨਾਲ ਸੰਬੰਧਿਤ ਹਨ, ਪ੍ਰੰਤੂ ਉਹਦੇ ਵਿਚ ਨਵੀਂ ਪੀੜ੍ਹੀਆਂ ਦੀਆਂ ਸਮੱਸਿਆਵਾਂ ਦਾ ਜ਼ਿਕਰ ਨਹੀਂ ਹੈ। ਰਿਸ਼ਤਿਆਂ ਬਾਰੇ ਕਹਿ ਲਓ ਜਾ Pub ਜੀ ਵਰਗੀਆਂ ਗੇਮਾਂ ਦੀ ਗੱਲ ਕਰੀਏ। ਬਲਿਊ ਗੇਮ ਵਰਗੀਆਂ ਗੇਮਾਂ ਨੇ ਕਿੰਨੇ ਬੱਚਿਆਂ ਦੀਆਂ ਜਾਨ ਲਈਆਂ ਹਨ।

- ਜੇਕਰ ਪ੍ਰਕਾਸ਼ਨ ਦੇ ਪੱਖ ਤੋਂ ਦੇਖੀਏ ਤਾਂ ਨਿਬੰਧ ਬਹੁਗਿਣਤੀ ਲੋਕਾਂ 'ਚ ਜਾ ਰਿਹਾ ਹੈ, ਉਹਦੇ ਕਾਰਨ ਮੁੱਖ ਰੂਪ ਵਿਚ ਅਖ਼ਬਾਰਾਂ ਹਨ। ਜੇਕਰ ਵਿਧਾ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਵਿਧਾ ਦੀ ਮੁੱਖ ਪ੍ਰਾਪਤੀ ਇਹ ਹੈ ਕਿ ਮੱਧਕਾਲੀ ਵਾਰਤਕ ਮੁੱਖ ਰੂਪ ਵਿਚ ਵਿਆਖਿਆ ਕਰ ਰਹੀ ਸੀ ਅਤੇ ਇਸ ਦਾ ਘੇਰਾ ਸਿਰਫ਼ ਧਰਮ ਤੱਕ ਹੀ ਸੀਮਤ ਸੀ, ਪ੍ਰੰਤੂ ਆਧੁਨਿਕ ਵਾਰਤਕ ਪ੍ਰਮੁੱਖ ਰੂਪ ਵਿਚ ਗਿਆਨ-ਵਿਗਿਆਨ ਨੂੰ ਪੇਸ਼ ਕਰਦੀ ਹੈ।

- ਪਰੰਪਰਿਕ ਮਾਰਕਸਵਾਦੀ ਕਹਿੰਦੇ ਹਨ ਕਿ ਵਿਸ਼ਾ ਬਹੁਤ ਮਹੱਤਵਪੂਰਨ ਹੁੰਦਾ ਹੈ ਤੇ ਪਰੰਪਰਿਕ ਰੂਸੀ ਰੂਪਵਾਦ ਤੇ ਸੰਰਚਨਾ ਵਾਦੀ ਕਹਿੰਦੇ ਹਨ ਕਿ ਕਲਾ-ਪੱਖ ਜ਼ਿਆਦਾ ਮਹੱਤਵਪੂਰਨ ਹੈ। ਕਵਿਤਾ ਦੇ ਖੇਤਰ ਵਿਚ ਜਿੰਨਾ ਵੀ ਕੰਮ ਹੋਇਆ ਹੈ, ਉਹ ਦੋਨਾਂ ਨੂੰ ਇਕੱਠਾ

ਕਰ ਕੇ ਹੀ ਕੀਤਾ ਗਿਆ। ਕਿਉਂਕਿ ਉਹ ਮੰਨਦੇ ਹਨ ਕਿ ਵਿਸ਼ਾ ਤੇ ਕਲਾ ਦੋਨੋਂ ਹੀ ਮਹੱਤਵਪੂਰਨ ਹਨ। ਇਸ ਖੋਜ ਕਾਰਜ ਦੀ ਪ੍ਰਾਪਤੀ ਇਹ ਹੈ ਕਿ ਇਸ ਵਿਚ ਦੋਨਾਂ ਨੂੰ ਲਿਆ ਗਿਆ ਹੈ। ਕਿਉਂਕਿ ਵਿਧਾ-ਸ਼ਾਸਤਰੀ ਅਧਿਐਨ ਵਿਚ ਇਹ ਦੋਨੋਂ ਹੀ ਹੋਣੇ ਚਾਹੀਦੇ ਹਨ ਤੇ ਇਹ ਗੱਲ ਪ੍ਰਮੁੱਖ ਵਿਧਾ-ਸ਼ਾਸਤਰੀ ਡਾ. ਸਤਿੰਦਰ ਸਿੰਘ ਦੇ ਹਵਾਲੇ ਨਾਲ ਸਾਬਤ ਹੋਈ ਹੈ ਤੇ ਆਪਣੇ ਆਪ ਵਿਚ ਇਹ ਇੱਕ ਨਵੀਂ ਥਿਊਰੀ ਹੈ।

❖ ਇਸ ਖੋਜ ਕਾਰਜ ਅਧੀਨ ਆਉਂਦੇ ਨਿਬੰਧਕਾਰਾਂ ਦੇ ਵਿਸ਼ਿਆਂ ਦੇ ਪੱਖ ਤੋਂ ਝਾਤ ਪਾਈ ਜਾਵੇ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਵਿਸ਼ੇ ਸਿਰਫ਼ ਭਾਰਤੀ ਸਮਾਜ ਤੱਕ ਹੀ ਸੀਮਤ ਨਹੀਂ ਹਨ, ਇਹ ਵਿਸ਼ਵ ਪੱਧਰ ਦੀ ਗੱਲ ਕਰਦੇ ਹਨ, ਪ੍ਰੰਤੂ ਅਜੇ ਵੀ ਕਈ ਵਿਸ਼ੇ ਅਜਿਹੇ ਹਨ, ਜਿਨ੍ਹਾਂ ਵਿਚ ਲੇਖਕ ਕਾਫ਼ੀ ਪਿੱਛੇ ਹਨ ਜਿਵੇਂ ਨਿਬੰਧਕਾਰਾਂ ਦੀ ਲਿਖਤਾਂ ਵਿਚ ਵਿਸ਼ਵੀਕਰਨ ਕਾਰਨ ਖਪਤ ਸਭਿਆਚਾਰ ਅਤੇ ਪਰਵਾਸ ਬਾਰੇ ਲਿਖਤਾਂ ਸ਼ਾਮਿਲ ਨਹੀਂ ਹਨ, ਜੋ ਅੱਜ ਦੇ ਭਖਦੇ ਮਸਲਿਆ ਵਿਚੋਂ ਇੱਕ ਹੈ।

❖ 21 ਵੀਂ ਸਦੀ ਦੇ ਇਹ ਸਾਹਿਤਕਾਰ ਮੁੱਖ ਤੌਰ ਤੇ ਸਮਕਾਲੀ ਮਸਲਿਆ ਬਾਰੇ ਨਿਬੰਧ ਸਿਰਜਣਾ ਕਰਦੇ ਨੇ ਅਤੇ ਉਹ ਨਿਬੰਧਾਂ ਨੂੰ ਰੋਚਕ ਬਣਾਉਣ ਲਈ ਕਈ ਤਰ੍ਹਾਂ ਦੀਆਂ ਜੁਗਤਾਂ ਦੀ ਵਰਤੋਂ ਵੀ ਕਰਦੇ ਹਨ। ਅਸੀ ਇਹ ਕਹਿ ਸਕਦੇ ਹਾਂ ਕਿ ਗਿਣਾਤਮਕ ਪੱਖੋਂ ਤਾਂ ਨਿਬੰਧਕਾਰੀ ਦੀ ਸਥਿਤੀ ਵਧੇਰੇ ਪ੍ਰਫੁੱਲਿਤ ਹੋਈ ਹੈ ਪਰ ਗੁਣਾਤਮਕ ਪੱਖੋਂ ਹੋਰ ਬਹੁਤ ਸਾਰੀਆਂ ਸੰਭਾਵਨਾਵਾਂ ਦੀ ਲੋੜ ਹੈ, ਅਜੇ ਵੀ ਬਹੁਤ ਕੁੱਝ ਕਰਨਾ ਬਾਕੀ ਹੈ।

❖ ਜੇਕਰ ਪੰਜਾਬੀ ਨਿਬੰਧਕਾਰੀ ਦੀ ਦਸ਼ਾ ਅਤੇ ਦਿਸ਼ਾ ਵਿਚ ਵਿਸ਼ੇ ਅਤੇ ਵਿਧਾ ਤੇ ਵਿਚਾਰ ਕਰੀਏ ਤਾਂ ਇਹ ਸਿੱਟੇ ਦ੍ਰਿਸ਼ਟੀਗੋਚਰ ਹੁੰਦੇ ਹਨ ਕਿ ਵਿਸ਼ੇ ਦੇ ਪੱਖ ਤੋਂ ਨਿਬੰਧਕਾਰੀ ਦੀ ਦਸ਼ਾ ਇਹ ਹੈ

ਕਿ ਇਹ ਪ੍ਰਮੁੱਖ ਸਮਕਾਲੀ ਸਰੋਕਾਰਾਂ ਨੂੰ ਪੇਸ਼ ਕਰ ਰਹੀ ਹੈ। ਜੇਕਰ ਵਿਧਾ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਇਸ ਦੀ ਦਸ਼ਾ ਇਹ ਹੈ ਕਿ ਇਸ ਨੇ ਧਾਰਮਿਕ ਪ੍ਰਭਾਵ ਬਹੁਤ ਹੱਦ ਤੱਕ ਛੱਡ ਦਿੱਤਾ ਹੋਇਆ ਹੈ। ਪਹਿਲਾਂ ਇਹ ਸਿਰਫ਼ ਵਿਆਖਿਆ ਕਰ ਰਹੀ ਸੀ, ਪ੍ਰੰਤੂ ਹੁਣ ਗਿਆਨ-ਵਿਗਿਆਨ ਤੇ ਤਰਕ ਨੂੰ ਪੇਸ਼ ਕਰ ਰਹੀ ਹੈ।

- ਪੰਜਾਬੀ ਨਿਬੰਧਕਾਰੀ ਦਾ ਭਵਿੱਖ ਸੁਨਹਿਰੀ ਹੈ। ਇਸ ਬਾਰੇ ਡਾ. ਸਤਿੰਦਰ ਸਿੰਘ ਦੇ ਸ਼ਬਦਾਂ ਵਿਚ ਅਨੁਸਾਰ ਸਮਕਾਲ ਦੇ ਵਿਚ ਇਸ ਦੀ ਸਥਿਤੀ ਬਹੁਤ ਮਜ਼ਬੂਤ ਹੈ। ਸਮਕਾਲ ਵਿਚ ਗਿਆਨ-ਵਿਗਿਆਨ ਤੇ ਤਰਕ ਦੀ ਪਕੜ ਬਹੁਤ ਮਜ਼ਬੂਤ ਹੋ ਰਹੀ ਹੈ। ਇਸ ਲਈ ਇਸ ਦਾ ਭਵਿੱਖ ਸੁਨਹਿਰੀ ਹੈ।

- ਪੰਜਾਬੀ ਨਿਬੰਧਕਾਰ ਡਾ. ਨਰਿੰਦਰ ਘੁਗਿਆਣਵੀ ਦੇ ਸ਼ਬਦਾਂ ਅਨੁਸਾਰ: ਅੱਜ ਦੀ ਤਾਰੀਖ਼ ਵਿਚ 75% ਕਿਤਾਬਾਂ ਜੋ ਛਪਦੀਆਂ ਹਨ ਓਹ ਕਵਿਤਾ ਨਾਲ ਸੰਬੰਧਿਤ ਨੇ। ਕਵਿਤਾ ਜਿਹੜੀ ਕੁਦਰਤੀ ਦੇਣ ਹੈ। ਜਿਹੜੀ ਆਪ ਮੁਹਾਰੇ ਮਨੁੱਖ ਦੇ ਖ਼ਿਆਲਾਂ ਵਿਚ ਪਨਪਦੀ ਹੈ, ਪ੍ਰੰਤੂ ਨਿਬੰਧ ਦੀ ਸਿਰਜਨਾ ਲਈ ਮਨੁੱਖ ਕੋਲ ਚੁਗਿਰਦੇ ਦਾ ਗਿਆਨ ਹੋਣੀ ਲਾਜ਼ਮੀ ਹੈ। ਸਾਹਿਤ ਦਾ ਮਹੱਤਵਪੂਰਨ ਅੰਗ ਅੱਜ ਦੀ ਤਾਰੀਖ਼ ਵਿਚ ਨਿਬੰਧ ਹੈ। ਗਿਆਨ ਸਾਹਿਤ ਤਾਂ ਨਿਬੰਧ ਵਿਚ ਹੀ ਲਿਖਿਆ ਜਾ ਸਕਦਾ ਹੈ ਕਿਉਂਕਿ ਇਹ ਦੇ ਵਿਚ ਕਲਪਨਾ ਦੀ ਘੱਟ ਤੇ ਗਿਆਨ ਦੀ ਜ਼ਰੂਰਤ ਵਧੇਰੇ ਪੈਂਦੀ ਹੈ। ਪਾਠਕਾਂ ਕੋਲ ਸਮਾਂ ਬਹੁਤ ਘੱਟ ਹੈ, ਪੜ੍ਹਨ ਲਈ ਤੇ ਨਿਬੰਧ ਥੋੜ੍ਹੇ ਸ਼ਬਦਾਂ ਵਿਚ ਹੀ ਬਹੁਤ ਵੱਡੀ ਗੱਲ ਕਹਿਣ ਦੀ ਯੋਗਤਾ ਰੱਖਦਾ ਹੈ।

- ਜੇਕਰ ਨਿਬੰਧਕਾਰੀ ਦੀ ਦਿਸ਼ਾ ਦਾ ਅਧਿਐਨ ਕਰੀਏ ਚੋਣਵੇਂ ਨਿਬੰਧਕਾਰਾਂ ਦੀ ਲਿਖਤਾਂ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹਨਾਂ ਦੇ ਨਿਬੰਧਾਂ ਦਾ ਮੁੱਖ ਮਾਧਿਅਮ ਅਖ਼ਬਾਰਾਂ

ਹਨ। ਉਨ੍ਹਾਂ ਵਿਚ ਮੁੱਖ ਨਿਬੰਧਕਾਰਾਂ ਦੇ ਤੌਰ ਤੇ ਇਹਨਾਂ ਨਿਬੰਧਕਾਰਾਂ ਦੇ ਨਿਬੰਧ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ ਅਤੇ ਆਸ ਵੀ ਇਹੋ ਹੈ ਕਿ ਇਹਨਾਂ ਨਿਬੰਧਕਾਰਾਂ ਦੇ ਨਿਬੰਧ, ਇਸੀ ਪ੍ਰਕਾਰ ਪ੍ਰਕਾਸ਼ਿਤ ਹੁੰਦੇ ਰਹਿਣਗੇ। ਜੇਕਰ ਦੇਖਿਆ ਜਾਵੇ ਤਾਂ ਸਮਕਾਲ ਵਿਚ ਘਾਟ ਹੈ, ਸੋਸ਼ਲ ਮੀਡੀਆ ਤੇ Content writing ਦੀ ਜਿਸ ਵਿਚ ਇਹਨਾਂ ਦਾ ਵੱਡਾ ਸਥਾਨ ਨਹੀਂ ਹੈ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਅਜੇ ਤੱਕ ਪੰਜਾਬੀ ਨਿਬੰਧਕਾਰੀ ਨੇ Content writing ਨੂੰ ਅਪਣਾਇਆ ਹੀ ਨਹੀਂ।

- ਨਿਬੰਧਕਾਰੀ ਦੇ ਅਧਿਐਨ ਉਪਰੰਤ ਅਸੀਂ ਸਮੁੱਚੇ ਰੂਪ ਵਿਚ ਕਹਿ ਸਕਦੇ ਹਾਂ ਕਿ ਪੰਜਾਬੀ ਨਿਬੰਧਕਾਰੀ ਕਿਸ ਦਿਸ਼ਾ ਤੇ ਦਸ਼ਾ ਵੱਲ ਜਾ ਰਹੀ ਹੈ, ਪ੍ਰੰਤੂ ਪੰਜਾਬੀ ਸਾਹਿਤ ਅਕਾਦਮੀ ਅਵਾਰਡ ਜੋ 1955 ਤੋਂ ਸ਼ੁਰੂ ਹੋਇਆ, ਜਿਸ ਵਿਚ ਅੱਜ ਤੱਕ ਇਹ ਅਵਾਰਡ ਕਵਿਤਾ, ਨਾਵਲ, ਨਾਟਕ, ਕਹਾਣੀ ਨੂੰ ਹੀ ਮਿਲਿਆ ਹੈ, ਕਿਸੇ ਵੀ ਨਿਬੰਧ ਸੰਗ੍ਰਹਿ ਨੂੰ ਨਹੀਂ ਮਿਲਿਆ, ਇਹ ਵੀ ਆਪਣੇ ਆਪ ਵਿਚ ਇੱਕ ਸਵਾਲ ਖੜ੍ਹਾ ਕਰਦਾ ਹੈ। ਜਿਸ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਇਸ ਖੋਜ ਪ੍ਰਬੰਧ ਦੇ ਸਮੁੱਚੇ ਅਧਿਐਨ ਤੋਂ ਪਿੱਛੋਂ ਅਸੀਂ ਨਿਰਸੰਦੇਹ ਕਹਿ ਸਕਦੇ ਹਾਂ ਕਿ ਪੰਜਾਬੀ ਨਿਬੰਧ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਉਨ੍ਹਾਂ ਲੇਖਕਾ ਦੀ ਚਹੁੰ-ਮੁਖੀ ਪ੍ਰਤਿਭਾ ਅਧਿਐਨ ਪ੍ਰਣਾਲੀ, ਗਿਆਨ-ਵਿਗਿਆਨ, ਮੁੱਖ ਵਿਚਾਰਧਾਰਾ ਅਤੇ ਆਪਣੀ ਭਾਸ਼ਾਈ ਦਾਨਸ਼ਮੰਦੀ ਸਦਕੇ, ਭਾਰਤੀ ਭਾਸ਼ਾਵਾਂ ਦੇ ਸਾਹਿਤਕ ਨਿਬੰਧਾਂ ਦਾ ਮੁਕਾਬਲਾ ਕਰ ਰਿਹਾ ਹੈ। ਇਸ ਖੋਜ ਪ੍ਰਬੰਧ ਦੇ ਪੰਜ ਨਿਬੰਧਕਾਰ, ਡਾ. ਅਮਰ ਕੋਮਲ, ਡਾ. ਕਰਨੈਲ ਸਿੰਘ ਸੋਮਲ, ਪ੍ਰੋ. ਅੱਛਰੂ ਸਿੰਘ, ਡਾ. ਸੁਰਿੰਦਰਪਾਲ ਸਿੰਘ ਮੰਡ, ਅਤੇ ਡਾ. ਹਰਸ਼ਿੰਦਰ ਕੌਰ, ਦਹਾਕਿਆਂ ਤੋਂ

ਨਿਬੰਧ ਲਿਖਣ ਦੇ ਅਭਿਆਸੀ ਨਿਰੰਤਰ ਚਿੰਤਨ ਤੇ ਅਧਿਐਨ ਅਧਿਆਪਨ ਖੇਤਰ ਦੇ ਵਿਦਵਾਨ, ਭਾਸ਼ਾ ਮਾਹਿਰ ਅਤੇ ਕਲਾਤਮਕ ਰੁਚੀਆਂ ਦੇ ਮਾਲਕ ਹਨ।

# ਪੁਸਤਕ ਸੂਚੀ


- ਉੱਪਲ, ਸਵਿੰਦਰ ਸਿੰਘ (ਡਾ.), *ਪ੍ਰਸਿੱਧ ਪੰਜਾਬੀ ਨਿਬੰਧਕਾਰ,* ਨੈਸ਼ਨਲ ਬੁੱਕ ਸ਼ਾਪ, 2006.
- ਉੱਭਾ, ਧਰਮਿੰਦਰ ਸਿੰਘ (ਡਾ.), *ਜੀਵਨ ਦੇ ਅੰਗ-ਸੰਗ,* ਯੂਨੀਸਟਾਰ ਬੁਕਸ, 2015.
- ਅਹੂਜਾ, ਰੌਸ਼ਨ ਲਾਲ, *ਸਾਹਿਤ ਸ਼ਾਸਤਰ,* ਲਾਹੌਰ ਬੁੱਕ ਸ਼ਾਪ, 1973.
- ਆਗਿਆਜੀਤ ਸਿੰਘ (ਡਾ.), *ਸਧਾਰਨ ਮਨੋਵਿਗਿਆਨ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2014.
- ਅੱਛਰੂ ਸਿੰਘ (ਪ੍ਰੋ), *ਜੀਵਨ ਦੇ ਰੰਗ,* ਜੋਹਰਾ ਪਬਲੀਕੇਸ਼ਨ, 2012.
- ਅੱਛਰੂ ਸਿੰਘ (ਪ੍ਰੋ), *ਜੀਵਨ-ਬਾਤਾਂ,* ਜੋਹਰਾ ਪਬਲੀਕੇਸ਼ਨ, 2012.
- ਅੱਛਰੂ ਸਿੰਘ (ਪ੍ਰੋ.), *ਸ਼ਖ਼ਸੀਅਤ ਵਿਕਾਸ ਕੋਮਲ ਹੁਨਰ ਅਤੇ ਮਾਨਵੀ ਕਦਰਾਂ-ਕੀਮਤਾਂ,* ਜੋਹਰਾ ਪਬਲੀਕੇਸ਼ਨ, 2012.
- ਅੱਛਰੂ ਸਿੰਘ (ਪ੍ਰੋ.), *ਵਿਰਸਾ ਤੇ ਸਭਿਆਚਾਰ: ਦੇਖਿਆ, ਸੁਣਿਆ ਅਤੇ ਹੰਢਾਇਆ,* ਜੋਹਰਾ ਪਬਲੀਕੇਸ਼ਨ, 2013.
- ਅੱਛਰੂ ਸਿੰਘ (ਪ੍ਰੋ.), *ਚਾਨਣ ਭਰੀ ਚੰਗੇਰ,* ਜੋਹਰਾ ਪਬਲੀਕੇਸ਼ਨ, 2017.
- ਅੱਛਰੂ ਸਿੰਘ (ਪ੍ਰੋ.), *ਸਿੱਖ ਧਰਮ ਅਤੇ ਜੀਵਨ-ਦਰਸ਼ਨ,* ਜੋਹਰਾ ਪਬਲੀਕੇਸ਼ਨ, 2014.
- ਅੱਛਰੂ ਸਿੰਘ (ਪ੍ਰੋ.) ਅਤੇ ਵਾਲੀਆ ਆਰੋਹੀ (ਡਾ.), *ਅਜੋਕੀ ਔਰਤ: ਦਸ਼ਾ ਤੇ ਦਿਸ਼ਾ,* ਮਹਾਤਮਾ ਗਾਂਧੀ ਰਾਜ ਲੋਕ ਪ੍ਰਕਾਸ਼ਨ, 2010.

- ਸਿੰਗਲ, ਧਰਮਪਾਲ, *ਵਾਰਤਕ ਸ਼ੈਲੀ*, ਭਾਸ਼ਾ ਵਿਭਾਗ, 1975
- ਸੁਖਿੰਦਰ, *ਕੈਨੇਡੀਅਨ, ਪੰਜਾਬੀ ਸਾਹਿਤ( ਸਮੀਖਿਆ) ਭਾਗ ਤੀਜਾ*, ਵਿਸ਼ਵਭਾਰਤੀ ਪ੍ਰਕਾਸ਼ਨ, 2013.
- ਸੈਣੀ, ਜਸਵਿੰਦਰ ਸਿੰਘ (ਡਾ.), *ਵਾਰਤਕ ਸਿਧਾਂਤ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2017.
- ਸੀਤਲ, ਜੀਤ ਸਿੰਘ (ਡਾ.), *ਵਾਰਤਕ ਤੇ ਵਾਰਤਕ-ਸ਼ੈਲੀ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, 1986.
- ਸਤਿੰਦਰ ਸਿੰਘ (ਡਾ.), *ਵਿਹਾਰਕ ਸਮੀਖਿਆ ਕਵਿਤਾ ਅਤੇ ਵਾਰਤਕ*, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 1994.
- ਸਤਿੰਦਰ ਕੌਰ (ਸੰਪਾ.), *ਡਾ. ਅਮਰ ਕੋਮਲ ਦਾ ਨਿਬੰਧ ਜਗਤ*, ਨਵਰੰਗ ਪਬਲੀਕੇਸ਼ਨ, 2017.
- ਸੀਤਲ ਜੀਤ ਸਿੰਘ (ਡਾ.), *ਵਾਰਤਕ ਤੇ ਵਾਰਤਕ ਸ਼ੈਲੀ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, 1986.
- ਸੋਮਲ, ਕਰਨੈਲ ਸਿੰਘ (ਡਾ.), *ਵਕਤ ਬਦਲ ਗਏ*, ਲੋਕ ਗੀਤ ਪ੍ਰਕਾਸ਼ਨ, 2016.
- ਸੋਮਲ, ਕਰਨੈਲ ਸਿੰਘ (ਡਾ.), *ਸਾਡੇ ਅੰਬਰ ਦਾ ਤਾਰਾ*, ਲੋਕ ਗੀਤ ਪ੍ਰਕਾਸ਼ਨ, 2016.
- ਸੋਮਲ, ਕਰਨੈਲ ਸਿੰਘ (ਡਾ.), *ਫੁੱਲਾ ਨੇ ਅਜੇ ਖਿੜਨਾ ਨਹੀਂ ਛੱਡਿਆ*, ਯੂਨੀਸਟਾਰ ਬੁਕਸ, 2016.
- ਸੋਮਲ, ਕਰਨੈਲ ਸਿੰਘ (ਡਾ.), *ਜ਼ਿੰਦਗੀ ਦੀ ਰੌਣਕ*, ਲੋਕ ਗੀਤ ਪ੍ਰਕਾਸ਼ਨ, 2012.

- ਸਵਿੰਦਰਜੀਤ ਕੌਰ, *ਸਮਾਜ-ਵਿਗਿਆਨ ਨਾਲ ਜਾਣ-ਪਛਾਣ,* ਪੰਜਾਬੀ ਯੂਨੀਵਰਸਿਟੀ, 1994.
- ਸਵਿੰਦਰਜੀਤ ਕੌਰ, *ਸਮਾਜ ਵਿਗਿਆਨ ਦੇ ਮੂਲ ਸੰਕਲਪ,* ਪੰਜਾਬੀ ਯੂਨੀਵਰਸਿਟੀ, 1994.
- ਹੈਪੀ*, ਨਾਰੀਵਾਦੀ ਪਰਿਪੇਖ ਵਿਚ ਅੰਮ੍ਰਿਤਾ ਪ੍ਰੀਤਮ ਅਤੇ ਮਹਾਂਦੇਵੀ ਵਰਮਾ ਕਾਵਿ ਦਾ ਤੁਲਨਾਤਮਕ ਅਧਿਐਨ,* ਪੰਜਾਬੀ ਯੂਨੀਵਰਸਿਟੀ, 2017.
- ਹਰਿਭਜਨ ਸਿੰਘ (ਡਾ.), *ਸਾਹਿਤ-ਸ਼ਾਸਤ੍ਰ,* ਗੁਰੂ ਨਾਨਕ ਦੇਵ ਯੂਨੀਵਰਸਿਟੀ, 2010.
- ਹਰਸ਼ਿੰਦਰ ਕੌਰ, (ਡਾ.), *ਚੁੱਪ ਦੀ ਚੀਖ਼* , ਸਿੰਘ ਬ੍ਰਦਰਜ਼, 2016.
- ਕੋਇੰਨਿੰਗ, ਸੈਮੂਅਲ (ਅਨੁ:), *ਸਮਾਜ-ਵਿਗਿਆਨ,* ਪਬਲੀਕੇਸ਼ਨ ਬਿਊਰੋ ਪੰਜਾਬ ਯੂਨਿਵਰਸਿਟੀ, 1984.
- ਕੇਸਰ, ਮਨਮੋਹਨ (ਡਾ.), *ਗੱਦ, ਪਰਿਭਾਸ਼ਾ ਤੇ ਪ੍ਰਕ੍ਰਿਤੀ,* ਪੈਪਸੂ ਬੁੱਕ ਡੀਪੂ, 1982.
- ਕੋਹਲੀ, ਸੁਰਿੰਦਰ ਸਿੰਘ (ਸੰਪਾ:), *ਪੁਰਾਤਨ ਪੰਜਾਬ ਵਾਰਤਕ,* ਪਬਲੀਕੇਸ਼ਨ ਬਿਊਰੋ ਪੰਜਾਬ ਯੂਨਿਵਰਸਿਟੀ, 1973.
- ਕੋਹਲੀ, ਸੁਰਿੰਦਰ ਸਿੰਘ, *ਪੁਰਾਤਨ ਪੰਜਾਬੀ ਵਾਰਤਕ ਸਰੂਪ ਸਿਧਾਂਤ ਅਤੇ ਵਿਕਾਸ, 1850,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2012.
- ਕਾਂਗ ਅਮਰਜੀਤ ਸਿੰਘ (ਡਾ.) ਅਤੇ ਮਾਨ ਤੇਜਵੰਤ ਸਿੰਘ (ਡਾ.) (ਸੰਪਾ:)*, ਵਾਰਤਕੀ ਮੱਧਕਾਲੀ ਅਤੇ ਆਧੁਨਿਕ ਪੰਜਾਬੀ ਵਾਰਤਕ,* ਪਬਲੀਕੇਸ਼ਨ ਬਿਊਰੋ ਪੰਜਾਬ ਯੂਨੀਵਰਸਿਟੀ, 1996

- ਕੱਟੂ, ਪਰਮਜੀਤ ਸਿੰਘ, *ਵਿਦਰੋਹੀ ਕਾਵਿ (ਪਾਸ਼, ਉਦਾਸੀ, ਮੁਕਤੀਬੋਧ ਅਤੇ ਨੇਰੂਦਾ ਦੇ ਸੰਦਰਭ 'ਚ),* ਲੋਕਗੀਤ ਪ੍ਰਕਾਸ਼ਨ, 2012.
- ਕਪੂਰ, ਨਰਿੰਦਰ ਸਿੰਘ (ਡਾ.), *ਰਾਹ-ਰਸਤੇ,* ਲੋਕਗੀਤ ਪ੍ਰਕਾਸ਼ਨ, 2015.
- ਕਪੂਰ, ਨਰਿੰਦਰ ਸਿੰਘ (ਡਾ.), *ਬੂਹੇ ਬਾਰੀਆਂ,* ਲੋਕਗੀਤ ਪ੍ਰਕਾਸ਼ਨ, 2016.
- ਕਪੂਰ, ਨਰਿੰਦਰ ਸਿੰਘ (ਡਾ.), *ਵਿਆਖਿਆ-ਵਿਸ਼ਲੇਸ਼ਣ,* ਲੋਕਗੀਤ ਪ੍ਰਕਾਸ਼ਨ, 2014.
- ਕੋਮਲ, ਅਮਰ (ਡਾ.), *ਪੰਚਵਟੀ ਦੇ ਅੰਦਰ ਬਾਹਰ,* ਸੰਗਮ ਪਬਲੀਕੇਸ਼ਨਜ਼, 2011.
- ਕੋਮਲ, ਅਮਰ (ਡਾ.), *ਸਰੋਕਾਰ ਅਤੇ ਸੰਕਲਪ,* ਸੰਗਮ ਪਬਲੀਕੇਸ਼ਨਜ਼, 2012.
- ਕੋਮਲ, ਅਮਰ (ਡਾ.), *ਵੇਦਨਾ ਸੰਵੇਦਨਾ ਤੇ ਹੋਰ ਨਿਬੰਧ,* ਸੰਗਮ ਪਬਲੀਕੇਸ਼ਨਜ਼, 2014.
- ਕੋਮਲ, ਅਮਰ (ਡਾ.), *ਚੇਤਨਾ ਤੇ ਹੋਰ ਨਿਬੰਧ,* ਸੰਗਮ ਪਬਲੀਕੇਸ਼ਨਜ਼, 2015.
- ਕੋਮਲ, ਅਮਰ (ਡਾ.), *ਚੇਤਨਾ ਦੇ ਆਰ-ਪਾਰ ਤੇ ਹੋਰ ਨਿਬੰਧ,* ਸੰਗਮ ਪਬਲੀਕੇਸ਼ਨਜ਼, 2016.
- ਕੋਮਲ, ਅਮਰ (ਡਾ.), *ਸੰਕਲਪ ਅਤੇ ਸਮਰਪਣ,* ਸੰਗਮ ਪਬਲੀਕੇਸ਼ਨਜ਼, 2018.
- ਕੋਮਲ, ਅਮਰ (ਡਾ.), *ਚੋਣਵੇਂ ਪੰਜਾਬੀ ਨਿਬੰਧ,* ਨੈਸ਼ਨਲ ਬੁੱਕ ਟਰੱਸਟ, 2013.
- ਕਰਮਜੀਤ ਸਿੰਘ (ਡਾ.), *ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਅਧਾਰ,* ਗੁਰੂ ਨਾਨਕ ਦੇਵ ਯੂਨੀਵਰਸਿਟੀ, 1982.
- ਕਰਨਜੀਤ ਸਿੰਘ (ਡਾ.), *ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸ,* ਪੰਜਾਬੀ ਅਕਾਦਮੀ, 2004.

- ਕੁਲਵੰਤ ਸਿੰਘ, *ਪੰਜਾਬੀ ਵਾਰਤਕ ਸੰਚਾਰ ਅਤੇ ਵਿਉਹਾਰ,* ਰਵੀ ਸਾਹਿਤ ਪ੍ਰਕਾਸ਼ਨ, 1996.
- ਕੁਲਜੀਤ ਕੌਰ, *ਵਾਰਤਕਕਾਰ ਡਾ. ਅਮਰ ਕੋਮਲ,* ਪੰਜਾਬੀ ਯੂਨੀਵਰਸਿਟੀ, 2009.
- ਗੁਰਚਰਨ ਸਿੰਘ, *ਪੰਜਾਬੀ ਲੇਖ ਦਾ ਉਦਭਵ ਤੇ ਵਿਕਾਸ ਆਲੋਚਨਾ ਤੇ ਆਧੁਨਿਕ ਪੰਜਾਬੀ ਸਾਹਿਤ*, ਭਾਸ਼ਾ ਵਿਭਾਗ, 1970.
- ਗੁਰਚਰਨ ਸਿੰਘ, *ਪੰਜਾਬੀ ਵਾਰਤਕ ਤੇ ਵਾਰਤਾਕਾਰ,* ਅਮਰਜੀਤ ਸਾਹਿਤ ਪ੍ਰਕਾਸ਼ਨ, 1980.
- ਚਰਨਜੀਤ ਕੌਰ, *ਨਾਰੀ ਚੇਤਨਾ,* ਲੋਕਗੀਤ ਪ੍ਰਕਾਸ਼ਨ, 1999.
- ਚਰਨਜੀਤ ਕੌਰ (ਡਾ.), *ਔਰਤ ਦਸ਼ਾ ਅਤੇ ਦਿਸ਼ਾ,* ਪੀਪਲਜ਼ ਫ਼ੋਰਮ, 2012.
- ਜਸਬੀਰ ਕੌਰ (ਸੰਪਾ.), *ਦਾ ਸੈਕੰਟ ਸੈਕਸ,* ਤਰਕਭਾਰਤੀ ਪ੍ਰਕਾਸ਼ਨ, 2014.
- ਜੱਗੀ, ਰਤਨ ਸਿੰਘ (ਡਾ.), *ਪੁਰਾਤਨ ਪੰਜਾਬੀ ਵਾਰਤਕ ਸਰੂਪ ਅਤੇ ਸਮੀਖਿਆ,* ਆਰਸੀ ਪਬਲਿਸ਼ਰਜ਼, 2008.
- ਜਤਿੰਦਰਪਾਲ ਸਿੰਘ (ਡਾ.), *ਵਿਗਿਆਨ ਅਤੇ ਮਨੁੱਖ ਦੇ ਸਰੋਕਾਰ,* ਤਰਕਭਾਰਤੀ ਪ੍ਰਕਾਸ਼ਨ, 2016.
- ਜਤਿੰਦਰਪਾਲ ਸਿੰਘ (ਡਾ.), *ਮਨੁੱਖੀ ਹੋਂਦ ਲਈ ਖ਼ਤਰਾ ਵਾਤਾਵਰਣੀ ਪ੍ਰਦੂਸ਼ਣ,* ਤਰਕਭਾਰਤੀ ਪ੍ਰਕਾਸ਼ਨ, 2011.
- ਟਿਵਾਣਾ, ਗੁਰਨਾਮ ਸਿੰਘ (ਪ੍ਰੋ.), *ਸਮਾਜ-ਸ਼ਾਸਤਰ,* ਹਿੰਦ ਪਬਲਿਸ਼ਰਜ਼, 2004.
- ਡੀ.ਪੀ. ਸਿੰਘ (ਡਾ.), *ਵਾਤਾਵਰਣੀ ਪ੍ਰਦੂਸ਼ਣ,* ਸਿੰਘ ਬ੍ਰਦਰਜ਼, 2004.

- ਢੀਂਡਸਾ, ਦਰਬਾਰਾ ਸਿੰਘ, *ਜ਼ਿੰਦਗੀ ਦਾ ਮਕਸਦ,* ਲੋਕ ਗੀਤ ਪ੍ਰਕਾਸ਼ਨ, 2016.
- ਢਿੱਲੋਂ, ਸੁਰਜੀਤ ਸਿੰਘ, *ਹੋਸ਼ ਅਤੇ ਖ਼ੁਮਾਰ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2013.
- ਤ੍ਰਿਲੋਚਣ ਸਿੰਘ (ਡਾ.), *'ਵਾਤਾਵਰਣ: ਦਰਪੇਸ਼ ਸਮੱਸਿਆਵਾਂ',* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2007 .
- ਥਿੰਦ, ਕਰਨੈਲ ਸਿੰਘ (ਸੰਪਾ:), *ਨਿਬੰਧ ਪ੍ਰਕਾਸ.* ਪੰਜਾਬ ਯੂਨਿਵਰਸਿਟੀ ਪਬਲੀਕੇਸ਼ਨ ਬਿਊਰੋ 2005.
- ਦਿਲ, ਬਲਬੀਰ ਸਿੰਘ (ਡਾ.), *ਪੰਜਾਬੀ ਨਿਬੰਧ:ਸਰੂਪ ਸਿਧਾਂਤ ਤੇ ਵਿਕਾਸ,* ਪੰਜਾਬੀ ਯੂਨੀਵਰਸਿਟੀ, 1991.
- ਨਾਹਰ ਸਿੰਘ (ਡਾ.), *ਮਾਰਕਸੀ ਰੂਪ-ਚਿੰਤਨ,* ਲੋਕ ਗੀਤ ਪ੍ਰਕਾਸ਼ਨ, 1989.
- ਨੂਰ, ਸਤਿੰਦਰ ਸਿੰਘ ਅਤੇ ਬਤਰਾ, ਪ੍ਰੀਤਮ ਸਿੰਘ, *ਉਤਰ ਆਧੁਨਿਕਤਾ:ਕਲਾ ਅਤੇ ਸਾਹਿਤ,* ਪੰਜਾਬੀ ਅਕਾਦਮੀ, 1998.
- ਪਿਆਰਾ ਸਿੰਘ (ਪ੍ਰੋ.), *ਪੰਜਾਬੀ ਵਾਰਤਕ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ,* ਨਿਊ ਬੁੱਕ ਕੰਪਨੀ, 2003.
- ਪਿਆਰ ਸਿੰਘ, *ਖੋਜ ਸਿਧਾਂਤ ਤੇ ਵਿਹਾਰ,* ਪੰਜਾਬੀ ਯੂਨੀਵਰਸਿਟੀ, 1995.
- ਪ੍ਰਿਤਪਾਲ ਸਿੰਘ, *ਸਾਹਿਤ ਦੀ ਭੂਮਿਕਾ,* ਪੈਪਸੂ ਬੁੱਕ ਡਿੱਪੂ, 1983.
- ਪ੍ਰੇਮ, ਪ੍ਰਕਾਸ਼ ਸਿੰਘ, *ਕਾਵਿ ਤੱਤ,* ਲਾਹੌਰ ਬੁੱਕ ਸ਼ਾਪ, 1970.

- ਪਲਮਿੰਦਰ ਸਿੰਘ (ਡਾ.), *ਪੰਜਾਬੀ ਸਾਹਿਤ ਦਾ ਇਤਿਹਾਸ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2016.
- ਬ੍ਰਹਮਜਗਦੀਸ਼ (ਪ੍ਰੋ.), *ਆਧੁਨਿਕ ਪੰਜਾਬੀ ਵਾਰਤਕ ਸਿਧਾਂਤ, ਇਤਿਹਾਸ ਅਤੇ ਪ੍ਰਵਿਰਤੀਆਂ,* ਵਾਰਿਸ ਸ਼ਾਹ ਫ਼ਾਊਡੇਸ਼ਨ, 2015.
- ਬਾਂਗਾ, ਕਮਲਜੀਤ ਕੌਰ (ਡਾ.), *ਸੰਤੋਖ ਅਨੁਭਵਾਂ ਦੀ ਪਰਵਾਜ਼,* ਸੰਗਮ ਪਬਲੀਕੇਸ਼ਨਜ਼, 2013।
- ਬਿੰਦਰਾ, ਜਸਵਿੰਦਰ ਕੌਰ (ਡਾ.), *ਵਾਰਤਕਕਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ,* ਨੈਸ਼ਨਲ ਬੁੱਕ ਸ਼ਾਪ, 1994.
- ਬੇਦੀ, ਤਰਲੋਚਨ ਸਿੰਘ (ਡਾ.), *ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ,* ਗੁਰਬਖਸ਼ ਸਿੰਘ ਜੰਜੂਆ, 1972.
- ਬੱਦਨ, ਪ੍ਰਿਤਪਾਲ ਸਿੰਘ (ਡਾ.), *ਦਾਰਸ਼ਨਿਕ ਤੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਡਾ. ਅਮਰ ਕੋਮਲ ਦੀ ਕਾਵਿ ਚੇਤਨਾ ਦੇ ਮਾਨਵੀ ਸਰੋਕਾਰ,* ਲਕਸ਼ਯ ਪਬਲੀਕੇਸ਼ਨਜ਼, 2018.
- ਭੀਮ ਇੰਦਰ ਸਿੰਘ (ਡਾ.), *ਸਮਕਾਲੀ ਮਾਰਕਸੀ-ਚਿੰਤਨ,* ਕੁਕਨਸ ਪ੍ਰਕਾਸ਼ਨ, 2004.
- ਮਾਂਗਟ, ਹਰਜੀਤ ਸਿੰਘ (ਅਨੁ:), *ਮਨੋਵਿਸ਼ਲੇਸ਼ਣ,* ਤਰਕਭਾਰਤੀ ਪ੍ਰਕਾਸ਼ਨ, 2001.
- ਮੰਡ, ਸੁਰਿੰਦਰ ਸਿੰਘ (ਡਾ.), *ਜਿਊਣ ਦਾ ਸਲੀਕਾ,* ਵਾਰਿਸ ਸ਼ਾਹ ਫ਼ਾਊਂਡੇਸ਼ਨ, 2016.
- ਰਾਜਬੀਰ ਕੌਰ (ਪ੍ਰੋ.), *ਪੁਰਾਤਨ ਅਤੇ ਨਵੀਨ ਪੰਜਾਬੀ ਵਾਰਤਕ ਸਿਧਾਂਤ ਤੇ ਵਿਹਾਰ,* ਵਾਰਿਸ ਸ਼ਾਹ ਫ਼ਾਊਂਡੇਸ਼ਨ, 2009.

- ਰਣਜੀਤ ਜੀਵਨ ਕੌਰ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖੀ ਹੱਕਾਂ ਦਾ ਨਿਰੂਪਣ,* ਰੂਪ ਕੰਵਲ ਪ੍ਰਕਾਸ਼ਨ, 2013.
- ਰਾਣਾ ਰੱਖੜਾ, ਰਣਜੀਤ ਸਿੰਘ, *ਭਾਰਤੀ ਸਮਾਜ ਵਿਚ ਔਰਤ ਦੀ ਦਸ਼ਾ,* ਲੋਕਗੀਤ ਪ੍ਰਕਾਸ਼ਨ, 2018.
- ਰੰਧਾਵਾ ਸਤਿੰਦਰ ਕੌਰ (ਡਾ.), *ਆਧੁਨਿਕ ਪੰਜਾਬੀ ਵਾਰਤਕ ਦੇ ਵਿਧਾਗਤ-ਪਸਾਰ,* ਪੰਜਾਬੀ ਯੂਨੀਵਰਸਿਟੀ, 2016 .
- ਰੰਧਾਵਾਂ ਸਤਿੰਦਰ ਕੌਰ (ਡਾ), *ਅਮਰ ਕੋਮਲ ਦੀ ਨਿਬੰਧ ਚੇਤਨਾ,* ਨਵਰੰਗ ਪਬਲੀਕੇਸ਼ਜ਼ਨ, 2018.
- ਰਾਜਿੰਦਰ ਪਾਲ ਸਿੰਘ, *ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ,* ਪੰਜਾਬੀ ਸਾਹਿਤ ਅਕਾਦਮੀ, 2005.
- ਰਾਜਿੰਦਰ ਪਾਲ ਸਿੰਘ, *ਉਤਰ ਆਧੁਨਿਕਤਾ,* ਪੰਜਾਬੀ ਯੂਨੀਵਰਸਿਟੀ ਦੂਜਾ ਸੰਸਕਰਣ, 2013
- ਵੀਰਵੰਤੀ ਕੌਰ (ਪ੍ਰੋ.), *ਆਧੁਨਿਕ ਪੰਜਾਬੀ ਵਾਰਤਕ ਵਿਚ ਪ੍ਰੋ. ਅੱਛਰੂ ਸਿੰਘ ਦਾ ਯੋਗਦਾਨ,* ਜੋਹਰਾ ਪਬਲੀਕੇਸ਼ਨ, 2017.


**ਹਿੰਦੀ ਪੁਸਤਕਾਂ**


- ਸਕਸੈਨਾ, ਲਾਲਤਾ ਪ੍ਰਸ਼ਾਦ, *ਨਿਬੰਧਕਾਰ ਆਚਾਰੀਆ ਰਾਮ ਚੰਦਰ ਸ਼ੁਕਲ,* ਨਿਰਮਲ ਪ੍ਰਕਾਸ਼ਨ, 1973.
- ਹਰੀਮੋਹਨ, *ਹਿੰਦੀ ਨਿਬੰਧ ਕੇ ਅਧਾਰ ਸਤੰਭ,* ਤਰਸ਼ਿਲਾ ਪ੍ਰਕਾਸ਼ਨ, 1988.

- ਨਲਿਨ, ਜਯ ਨਾਥ, *ਹਿੰਦੀ ਨਿਬੰਧ ਕੇ ਆਲੋਕ ਸ਼ਿਖ਼ਰ,* ਮਨੀਸ਼ਾ ਪ੍ਰਕਾਸ਼ਨ, 1987.
- ਰਾਏ, ਗੁਲਾਬ ਬਾਬੂ, *ਕਾਵਯ ਕੇ ਰੂਪ,* ਆਤਮਾ ਰਾਮ ਐਂਡ ਸੰਨਜ਼, 1958.

**English Books**

- Murrey, J. Mideleton., *The problem of style*, Oxford University, 1965.
- Hudson Wiiliam, Henry, An *Introduction of the study of literature*, Kalayani Publishers, 1976.

**ਸੰਦਰਭ ਗ੍ਰੰਥ**

- ਜੱਗੀ, ਰਤਨ ਸਿੰਘ (ਸੰਪਾ:). *ਸਾਹਿਤ ਕੋਸ਼:* ਪਰਿਭਾਸ਼ਕ ਸ਼ਬਦਾਵਲੀ, ਪੰਜਾਬੀ ਯੂਨੀਵਰਸਿਟੀ, 2001.
- ਜੌਨ ਡੋਸਨ, ਰਾਜਿੰਦਰ ਸਿੰਘ ਸ਼ਾਸਤਰੀ (ਅਨੁਵਾਦਕ), *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, 1998.
- ਧਰਮ ਸਿੰਘ(ਡਾ.), *ਪੰਜਾਬੀ ਖੋਜ ਸੰਦਰਭ,* ਰਵੀ ਸਾਹਿਤ ਪ੍ਰਕਾਸ਼ਨ, 2015.
- Encyclopedia, *Britanica*, vol 18
- Encyclopedia, America., vol 10
- *ਪੰਜਾਬੀ ਵਿਸ਼ਵ ਕੋਸ਼,* ਭਾਸ਼ਾ ਵਿਭਾਗ, 2011.
- ਨਾਭਾ, ਭਾਈ ਕਾਨ੍ਹ ਸਿੰਘ, *ਮਹਾਨਕੋਸ਼,* ਭਾਸ਼ਾ ਵਿਭਾਗ, 2006.

## ਪੱਤ੍ਰਿਕਾਵਾਂ

- *ਸਮਾਜਿਕ-ਵਿਗਿਆਨ ਪੱਤਰ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ.
- *ਸਭਿਆਚਾਰ ਪੱਤ੍ਰਿਕਾ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ.
- *ਖੋਜ ਪਤ੍ਰਿਕਾ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ.
- *ਖੋਜ ਦਰਪਣ,* ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ.

## ਅਖਬਾਰਾਂ

- ਪੰਜਾਬੀ ਟ੍ਰਿਬਿਊਨ, ਚੰਡੀਗੜ
- ਰੋਜਾਨਾ ਅਜੀਤ, ਜਲੰਧਰ

## ਵੈਬਸਾਈਟ

- https://punjabipedia.org
- The Universal Declaration of Human Rights@www.hrusa.com)